ਬੇਬੇ ਨਾਨਕੀ,
ਭਾਈ ਮਰਦਾਨਾ,
ਬਾਬਾ ਬੁੱਢਾ ਜੀ,
ਭਾਈ ਲਾਲੋ, ਮਾਤਾ ਖੀਵੀ,
ਬੀਬੀ ਭਾਨੀ,
ਭਾਈ ਮੰਝ, ਮਿਆਂ ਮੀਰ,
ਭਾਈ ਨੰਦ ਲਾਲ
ਬਾਬਾ ਸਾਹਿਬ ਸਿੰਘ ਅਤੇ ਹੋਰ...

ਸਤਿਬੀਰ ਸਿੰਘ

# ਪੁਰਾਤਨ ਇਤਿਹਾਸਕ ਜੀਵਨੀਆਂ


www.sikhbookclub.com

# ਪੁਰਾਤਨ ਇਤਿਹਾਸਕ ਜੀਵਨੀਆਂ

(ਜਿਨ੍ਹਾਂ ਬਾਰੇ ਅਸੀਂ ਕੁਝ ਨਹੀਂ ਜਾਣਦੇ)

**ਸਤਿਬੀਰ ਸਿੰਘ**

SIKHBOOKCLUB.COM

*Mob.: 98117 91111 ◊98114 91111
ਧਾਰਮਿਕ ਪੁਸਤਕਾਂ ਤੇ ਬਾਬਾ ਜੀ ਦੇ ਰੁਮਾਲ ਸਾਹਿਬ ਦਾ ਨਿਵੇਕਲਾ ਸ਼ੋਅਰੂਮ
ਭਾਈ ਚਤਰ ਸਿੰਘ ਐਂਡ ਕੋ.
ਪੁਸਤਕਾਂ ਵਾਲੇ (ਅੰਮ੍ਰਿਤਸਰ ਵਾਲੇ)
* ਡੀ-118, ਫਤਿਹ ਨਗਰ, ਜੇਲ ਰੋਡ, ਨਵੀ ਦਿਲੀ-18
(ਨਜਦੀਕ ਗੁਰਦੁਆਰਾ ਛੋਟੇ ਸਾਹਿਬਜ਼ਾਦੇ ਸਾਹਿਬ ਜੀ)
◊1687 ਕੂਚਾ ਜੱਟ ਮਲ, ਦਰੀਬਾ ਕਲਾਂ, ਦਿੱਲੀ-6

 www.sikhbookclub.com

*Puratan Ithasik Jiwanian (Biographies)*
by Principal Satbir Singh

Published by :
New Book Co., Mai Hiran Gate, Jalandhar. Ph. 0181-2280045, 2284325
E-mail : newbookco@hotmail.com

ISBN 81-87476-25-7

© ਲੇਖਕ

SIKHBOOKCLUB.COM

ਪਹਿਲੀ ਵਾਰ : ੧੯੬੮, ਦੂਜੀ ਵਾਰ : ੧੯੭੫, ਤੀਜੀ ਵਾਰ : ੧੯੮੦, ਚੌਥੀ ਵਾਰ : ੧੯੮੫,
ਪੰਜਵੀਂ ਵਾਰ : ੧੯੯੯, ਛੇਵੀਂ ਵਾਰ : ੧੯੯੪, ਸਤਵੀਂ ਵਾਰ : ੧੯੯੯, ਅਠਵੀਂ ਵਾਰ : ੨੦੦੬,

**ਮੁੱਲ : 125-00 ਰੁਪਏ**

ਪ੍ਰਕਾਸ਼ਕ : ਮਹਿਤਾਬ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ–144008
Ph. : 0181-2280045, 2284325, 3093190, 5534190
Fax : 0181-2234081
E-mail : newbookco@hotmail.com
ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ ਸ਼ਹਿਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।

# ਜਬ ਕੀ ਉਪਜੀ
# ਤਬ ਕੀ ਤੈਸੀ।

ਘੱਟ ਹੀ ਹੁੰਦਾ ਹੈ ਐਸੇ ਕਿ : 'ਜਬ ਕੀ ਉਪਜੀ, ਤਬ ਕੀ ਤੈਸੀ' ਰਵ੍ਹੇ ਪਰ ਸਰਦਾਰ ਸਰੂਪ ਸਿੰਘ ਜੀ ਦੀ ਤੇ ਮੇਰੀ ਪ੍ਰੀਤੀ ਐਸੀ ਹੀ ਰਹੀ। ਆਖ਼ਰੀ ਦਮ ਤਕ ਰਤਾ ਭਰ ਫ਼ਰਕ ਨਾ ਪਿਆ। ਜਿਸ ਨੂੰ ਗੁਰਬਾਣੀ ਵਿਚ "ਮੀਤਾ ਅਵਰੀਤਾ" ਕਿਹਾ ਹੈ, ਉਹ ਸਾਡੀ ਮਿੱਤ੍ਰਤਾ ਤੇ ਢੁੱਕਦਾ ਸੀ। ਕਦੇ ਉਤਾਰ ਜਾਂ ਚੜ੍ਹਾ ਨਹੀਂ ਆਇਆ। ਕਦੇ ਸਾਡੀ ਜ਼ਬਾਨ ਸਾਂਝੀ ਨਾ ਹੋਈ। 40 ਸਾਲ ਕੋਈ ਘੱਟ ਸਮਾਂ ਨਹੀਂ ਹੁੰਦਾ, ਪਰ ਮੈਨੂੰ ਨਹੀਂ ਯਾਦ ਕੋਈ ਛਿਨ ਜਦ ਉਨ੍ਹਾਂ ਮੇਰੀ ਗੱਲ ਟਾਲੀ ਹੋਵੇ ਜਾਂ ਮੈਂ ਉਨ੍ਹਾਂ ਦੀ ਮੋੜੀ ਹੋਵੇ।

ਪਰ ਦੇਖੋ "ਟੂਟੀ ਕਹਾਂ ਕਮੰਦ!" 3 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਪਿੱਛੋਂ ਮੈਨੂੰ ਹਿੰਦ ਸਰਕਾਰ ਨੇ ਨੈਸ਼ਨਲ ਸਿਕਿਉਰਟੀ ਐਕਟ ਤਹਿਤ ਇਕ ਸਾਲ ਅੰਬਾਲਾ ਜੇਲ੍ਹ ਅੰਦਰ ਨਜ਼ਰਬੰਦ ਕੀਤਾ ਹੋਇਆ ਸੀ ਕਿ 23 ਜੂਨ ਦੀ ਅਖ਼ਬਾਰ ਦੇ ਪਹਿਲੇ ਸਫ਼ੇ 'ਤੇ ਸਰਦਾਰ ਸਰੂਪ ਸਿੰਘ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਪੜ੍ਹੀ ਤਾਂ ਇਕ ਵਾਰੀ ਲੱਗਾ ਕਿ ਸਭ ਕੁਝ ਉੱਥੇ ਹੀ ਰੁਕ ਗਿਆ ਹੋਵੇ। "ਜਾਨੀ ਵਿਛੰਨੜੇ ਮੇਰਾ ਮਰਣੁ ਭਇਆ" ਵਾਲੀ ਹਾਲਤ ਹੋਈ। ਰਹਿ ਰਹਿ ਕੇ ਇਕੋ ਖ਼ਿਆਲ ਆਵੇ ਕਿ ਕੈਸੀ ਹੋਣੀ ਵਰਤੀ ਕਿ ਛਿਨ ਵਿਚ ਹੀ ਪਿਆਰਾ ਦੂਰ ਹੋ ਗਿਆ। ਆਖ਼ਰੀ ਦਰਸ਼ਨਾਂ ਲਈ ਵੀ ਨਾ ਪੁੱਜ ਸਕਿਆ।

SIKHBOOKCLUB.COM

ਗ੍ਰਿਫ਼ਤਾਰੀ ਤੋਂ ਪਹਿਲਾਂ ਮੈਂ ਚੰਡੀਗੜ੍ਹ ਉਨ੍ਹਾਂ ਨੂੰ ਟੈਲੀਫੋਨ ਕੀਤਾ ਤਾਂ ਭਰੇ ਗਲੇ ਨਾਲ ਕਹਿਣ ਲੱਗੇ : 'ਸਤਿਬੀਰ ਸਿੰਘ ! ਮੇਰੀ ਫ਼ੈਡਰੇਸ਼ਨ ਸ਼ਹੀਦ ਹੋ ਗਈ ਹੈ। ਭਾਈ ਅਮਰੀਕ ਸਿੰਘ ਸਨਮੁੱਖ ਸ਼ਹੀਦ ਹੋਏ ਹਨ।' ਮੈਂ ਘੱਟ ਹੀ ਭਾਵਕ ਡਿੱਠਾ ਸੀ ਸਰਦਾਰ ਸਰੂਪ ਸਿੰਘ ਜੀ ਨੂੰ, ਪਰ ਉਸ ਦਿਨ ਰੰਗ ਰਤਿਆਂ ਵਾਂਗ ਬੋਲ ਰਹੇ ਸਨ।

ਪਿੱਛੋਂ ਮੈਨੂੰ ਭੈਣ ਦੀਪ ਕੌਰ ਜੀ ਨੇ ਦੱਸਿਆ ਕਿ ਸਾਧੂਆਂ ਵਾਂਗ ਉਨ੍ਹਾਂ ਪ੍ਰਾਣ ਤਿਆਗੇ। 22 ਜੂਨ ਨੂੰ ਦੁਪਹਿਰ ਦਾ ਖਾਣਾ ਖਾਣ ਉਪਰੰਤ ਦਿਵਾਰ-ਘੜੀ ਵੱਲ ਵੇਖ ਕਹਿਣ ਲੱਗੇ ਕਿ ਇਹ ਦਸ ਮਿੰਟ ਅਗਾਂਹ ਚੱਲ ਰਹੀ ਹੈ। ਆਪੂੰ ਮੇਜ਼ 'ਤੇ ਚੜ੍ਹ ਕੇ ਸੂਈ ਦੋ ਵਜੇ 'ਤੇ ਸੁੱਧ ਕੀਤੀ ਤੇ ਜਦ ਕੁਰਸੀ 'ਤੇ ਆ ਬੈਠੇ ਤਾਂ ਪ੍ਰਾਣ ਪੰਖੇਰੂ ਉੱਡ ਚੁੱਕੇ ਸਨ। ਕੀ ਇਹ ਅਤਿ ਅਸਚਰਜਮਈ ਗੱਲ ਨਹੀਂ ਕਿ ਉਨ੍ਹਾਂ ਦੀ ਚੀਲ ਮੰਡੀ ਵਾਲੇ ਘਰ ਦੀ ਘੜੀ ਵੀ ਜਦ ਪਿੱਛੋਂ ਜਾ ਕੇ ਤੱਕੀ ਤਾਂ ਦੋ ਵਜੇ ਤੇ ਹੀ ਰੁਕੀ ਹੋਈ ਸੀ। ਇਹ ਘੜੀਆਂ ਨਹੀਂ ਵਕਤ ਹੀ ਰੁਕ ਗਿਆ ਸੀ।

ਮਾਲੀ ਗਉੜੀ ਮਹਲਾ ਪੰਜਵਾਂ ਦਾ ਹੁਕਮ ਹੈ ਕਿ ਭੀੜ ਵੇਲੇ ਦੋਸਤ ਤੇ ਭਰਾ ਹੀ ਪੁਕਾਰਦੇ ਹਨ :

 www.sikhbookclub.com

*'ਜੈਸੇ ਰਣਿ ਮਹਿ ਸਖਾ ਭ੍ਰਾਤ।'*

ਉਹ ਭਰਾਵਾਂ ਤੋਂ ਵੱਧ ਸਨ। ਉਹ ਮੇਰਾ ਅੰਗ ਹੀ ਸਨ। ਕੋਈ ਉਲਝਣ ਹੋਈ, ਕੋਈ ਨਿਰਣਾ ਲੈਣਾ ਹੋਏ, ਕੋਈ ਪੰਥਕ ਗੁੰਝਲ ਖੋਲ੍ਹਣੀ ਹੋਵੇ ਜਾਂ ਕਦੇ ਕੋਈ ਖ਼ਿਆਲ ਘੇਰ ਲਏ ਤਾਂ ਉਹ ਚਾਰ ਸ਼ਬਦ ਬੋਲ ਹੀ ਹਲ ਕਰ ਦੇਂਦੇ। ਬੜੀ ਨਿਰਣਾ ਸ਼ਕਤੀ ਸੀ ਉਨ੍ਹਾਂ ਵਿਚ। ਬੜੀ ਸ਼ੁੱਧ ਸੋਚਣੀ ਸੀ ਉਨ੍ਹਾਂ ਦੀ। ਬਹੁਤ ਪਹਿਲਾਂ ਸੋਚ ਲੈਂਦੇ ਸਨ ਉਹ।

ਜਦ ਦਸ ਜਿਲਦਾਂ ਵਿਚ ਦਸ ਪਾਤਸ਼ਾਹੀਆਂ ਦੀਆਂ ਜੀਵਨੀਆਂ ਲਿਖ ਮੈਂ ਹਰਿ ਕੀ ਪਉੜੀ ਸੁਨਹਿਰੀ ਜਿਲਦਾਂ ਵਿਚ ਰੱਖੀਆਂ ਤਾਂ ਉਨ੍ਹਾਂ ਇਸਨੂੰ ਇਕ 'ਹਰਿਓ ਗੰਗ ਵਹਾਉਣਾ', ਸੀਅ ਚੇਂਜ (Sea-Change) ਨਾਲ ਤੁਲਨਾ ਦੇ ਪੂਰਾ ਲੇਖ ਲਿਖਿਆ ਸੀ। ਮੇਰਾ ਇਹ ਸਦਾ ਵਿਸ਼ਵਾਸ ਰਿਹਾ ਹੈ ਕਿ ਕੌਮ ਦੀ ਵਿਗੜੀ ਉਹਨਾਂ ਦੀ ਸੋਚਣੀ ਹੀ ਬਣਾ ਸਕਦੀ ਹੈ।

ਉਨ੍ਹਾਂ ਹੀ 1944 ਵਿਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਨੀਂਹ ਰੱਖੀ। ਉਹਨਾਂ ਹੀ 'ਖ਼ਿਆਲਾਂ ਦੀ ਜੰਗ', 'ਅਸਲੀ ਫ਼ਰਕ' ਤੇ 'ਭੁਲਿਆ ਹੋਇਆ ਪੰਥ' (ਫਾਰਗਾਟਨ ਪੰਥ) ਲਿਖ ਕੇ ਪੰਥ ਵਿਚ ਕੌਮ ਹੋਣ ਦਾ ਅਹਿਸਾਸ ਭਰਿਆ।

ਜ਼ਿਆਦਾ ਲਿਖਾਂ ਤਾਂ ਭੂਮਿਕਾ ਹੀ ਪੁਸਤਕ ਬਣ ਜਾਏ, ਪਰ ਇਕ ਘਟਨਾ ਦੱਸਦਾ ਹਾਂ ਤਾਂਕਿ ਇਹ ਪ੍ਰਤੀਤ ਹੋਏ ਕਿ ਉਹਨਾਂ ਦਾ ਇਕ ਬੋਲ ਸਿਆਸਤ ਵਿਚ ਮੋੜ ਕਿਵੇਂ ਪਾ ਦੇਂਦਾ ਸੀ।

ਪੰਜਾਬੀ ਸੂਬੇ ਦਾ ਮੋਰਚਾ ਚੱਲ ਰਿਹਾ ਸੀ। ਪ੍ਰਤਾਪ ਸਿੰਘ ਕੈਰੋਂ ਪੂਰੇ ਰੋਹ ਵਿਚ ਸੀ। ਪੰਡਿਤ ਜਵਾਹਰ ਲਾਲ ਹੋਰ ਕਿਸੇ ਦੀ ਸੁਣਦੇ ਨਹੀਂ ਸਨ। ਸਰਦਾਰ ਸਰੂਪ ਸਿੰਘ ਜੀ ਸਾਡੇ ਕਹਿਣ 'ਤੇ ਪੰਡਿਤ ਜਵਾਹਰ ਲਾਲ ਨੂੰ ਮਿਲੇ। ਸਰਦਾਰ ਸਰੂਪ ਸਿੰਘ ਨੇ ਮਿਲਦੇ ਸਾਰ ਕਿਹਾ : ਪੰਡਤ ਜੀ ! ਹੱਕਸਲੇ ਦਾ ਕਹਿਣਾ ਹੈ ਕਿ ਨਥਿੰਗ ਫ਼ੇਲਜ਼ ਲਾਈਕ ਸੇਕਸੈਸ (Nothing fails like success)। ਯਕਦਮ ਆਪਣੇ ਅੰਗੂਠੇ ਦੇ ਨਾਲ ਦੀ ਉਂਗਲੀ ਪੁੜਪੁੜੀ ਮਾਰ ਕੇ, ਜੋ ਉਨ੍ਹਾਂ ਦਾ ਮੈਨਰਿਜ਼ਮ ਸੀ, ਨਹਿਰੂ ਜੀ ਕਹਿਣ ਲੱਗੇ : 'ਕਿਆ ਮਤਲਬ', ਤਾਂ ਸਰਦਾਰ ਸਰੂਪ ਸਿੰਘ ਜੀ ਨੇ ਮੌਕਾ ਸੰਭਾਲ ਕਿਹਾ ਕਿ ਜਿਤਨੀ ਕੈਰੋਂ ਆਪ ਕੋ ਕਾਮਯਾਬੀ ਦਿਖਲਾ ਰਹਾ ਹੈ, ਉਤਨੀ ਹੀ ਸਿੱਖ ਕੌਮ ਆਪ ਸੇ ਦੂਰ ਜਾ ਰਹੀ ਹੈ। ਕਿਆ ਆਪ ਨੇ ਫ਼ੈਸਲਾ ਕਰ ਲੀਆ ਕੌਮ ਕੋ ਦੂਰ ਕਰਨੇ ਕਾ ?' ਯਕਦਮ ਆਪਣੀ ਆਵਾਜ਼ ਉੱਚੀ ਕਰਕੇ ਪੰਡਤ ਜੀ ਨੇ ਕਿਹਾ : 'ਨਹੀਂ। ਐਸਾ ਤੋ ਨਹੀਂ।' ਇਹ ਵੱਖਰੀ ਗੱਲ ਹੈ ਕਿ ਸਮੇਂ ਨਾਲੋਂ ਪਹਿਲਾਂ ਸੋਚਣੀ ਦਾ ਸ਼ਿਕਾਰ ਸਰਦਾਰ ਸਰੂਪ ਸਿੰਘ ਜੀ ਹੋ ਗਏ। ਅੱਜ ਇਹ ਘੱਲੂਘਾਰੇ ਨਾ ਦੇਖਣੇ ਪੈਂਦੇ ਜੇ ਕੌਮ ਉਸ ਵੇਲੇ ਸਰਦਾਰ ਸਰੂਪ ਸਿੰਘ ਜੀ ਦੀ ਸੁਣ ਲੈਂਦੀ। ਨਾ ਹਰਿਆਣਾ ਹੋਂਦ ਵਿਚ ਆਉਂਦਾ, ਨਾ ਹਿਮਾਚਲ ਆਪਣਾ ਹੱਕ ਜਤਲਾਂਦਾ ਅਤੇ ਨਾ ਹੀ ਦਿੱਲੀ ਨਟ ਕਰੈਕਰ ਵਿਚੋਂ ਨਿਕਲਦੀ।

ਰਹਿ ਰਹਿ ਇਕ ਹੀ ਖ਼ਿਆਲ ਆਵੇ ਕਿ ਭੈਣ ਦੀਪ ਜੀ ਦਾ ਕੀ ਹਾਲ ਹੋਇਆ ਹੋਵੇਗਾ। ਬੜੀ ਨੇਕ ਜੋੜੀ ਵਿਧਾਤਾ ਨੇ ਜੋੜੀ ਸੀ। ਨਿਰੀ ਪਾਕ, ਨਿਰੋਲ ਪਾਵਨ। ਸਰਦਾਰ ਸਰੂਪ ਸਿੰਘ ਜੀ ਦੀ ਖ਼ੁਸ਼ਬੂ ਸਦਾ ਆਉਂਦੀ ਰਵ੍ਹੇਗੀ।

ਇਹ 'ਪੁਰਾਤਨ ਇਤਿਹਾਸਕ ਜੀਵਨੀਆਂ' ਦੀ ਪੁਸਤਕ, ਜਿਸ ਦਾ ਚੌਥਾ ਐਡੀਸ਼ਨ ਪਾਠਕਾਂ ਸਾਹਮਣੇ ਭੇਟ ਕਰ ਰਿਹਾ ਹਾਂ, ਇਹ ਮੈਂ ਉਨ੍ਹਾਂ ਨੂੰ ਹੀ ਭੇਟ ਕੀਤੀ ਸੀ, ਪਰ ਅੱਜ ਹੋਰ ਪੰਜ ਸ਼ਬਦਾਂ "ਜੋ ਪ੍ਰਭੂ ਪਿਆਰੇ ਹੋ ਗਏ" ਦੇ ਵਾਧੇ ਤੇ ਪੀੜਾ ਨਾਲ।


www.sikhbookclub.com

ਇਸ ਐਡੀਸ਼ਨ ਵਿਚ ਜਿਥੇ ਹੋਰ ਕਿਤਨੇ ਹੀ ਵਾਧੇ ਕੀਤੇ ਹਨ, ਉਥੇ ਇਕ ਹੋਰ ਜੀਵਨੀ ਸੁਲਤਾਨ-

ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਵੀ ਰੱਖੀ ਹੈ। ਉਸ ਆਗੂ ਨੇ ਵੱਡੇ ਘੱਲੂਘਾਰੇ ਵਿਚ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੂੰ ਬੜੀ ਡਾਹਢੀ ਡਾਂਟ ਪਾਈ ਸੀ ਜਦ ਉਸ ਨੇ ਵੱਖ-ਵੱਖ ਝੰਡੇ ਹੇਠਾਂ ਅਬਦਾਲੀ ਦਾ ਟਾਕਰਾ ਕਰਨ ਦੀ ਗੱਲ ਸੋਚੀ ਸੀ। ਸਰਦਾਰ ਆਹਲੂਵਾਲੀਆ ਨੇ ਕਿਹਾ ਸੀ :

*ਮਿਸਲ ਵੰਡ ਅਬ ਕਬਹੂ ਨ ਪਾਵਹੁ।*

*ਰਲ ਮਿਲ ਖੜ ਤੁਰ ਪੰਥ ਬਚਾਵਹੁ।*

ਇਹ ਹੀ ਹੈ ਅੱਜ ਘੋਰ ਘੱਲੂਘਾਰੇ ਵਿਚ ਸਭ ਤੋਂ ਵੱਡੀ ਲੋੜ। ਜੋ ਅਖੌਤੀ ਆਗੂ ਅੱਡ-ਅੱਡ ਝੰਡੇ ਚੁੱਕੀ ਬੈਠੇ ਹਨ, ਕੀ ਉਹ ਸੁਲਤਾਨ-ਉਲ-ਕੌਮ ਦੀ ਆਵਾਜ਼ ਸੁਣਨਗੇ ?

੯ ਅਪ੍ਰੈਲ ੧੯੮੫, —ਸਤਿਬੀਰ ਸਿੰਘ

ਯਮੁਨਾ ਨਗਰ।



# ਤੀਜੇ ਐਡੀਸ਼ਨ ਬਾਰੇ

'ਪੁਰਾਤਨ ਇਤਿਹਾਸਕ ਜੀਵਨੀਆਂ' ਦਾ ਤੀਜਾ ਐਡੀਸ਼ਨ ਪਾਠਕਾਂ ਹੱਥ ਦੇ ਕੇ ਸਦਾ ਵਾਂਗ ਹੀ ਪ੍ਰਸੰਨਤਾ ਲੈ ਰਿਹਾ ਹਾਂ। ਜਿਵੇਂ ਦਸ ਗੁਰੂ ਪਾਤਸ਼ਾਹੀਆਂ ਦਾ ਜੀਵਨ ਰਚ ਤੇ ਛਾਪ ਰੂਹਾਨੀ ਤਸਕੀਨ ਹੋਈ ਹੈ, ਇਸ ਤਰ੍ਹਾਂ ਇਹ ਪੱਕ ਪਕਾ ਲਿਆ ਹੈ ਕਿ ਇਕ ਪੁਸਤਕ **'ਕੈਸ ਸਨ ਉਹ ਲੋਗ'** ਸ਼ਹੀਦਾਂ, ਧਰਮੀਆਂ ਅਤੇ ਯੋਧਿਆਂ ਸੰਬੰਧੀ ਵੀ ਪੇਸ਼ ਕੀਤੀ ਜਾਏ। ਗੁਰੂ ਪਾਤਸ਼ਾਹ ਮਿਹਰ ਰੱਖੀ ਤਾਂ ਉਹ ਸਾਲ ਦੇ ਅਖ਼ੀਰ ਭੇਟ ਕਰ ਸਕਾਂਗਾ।

ਇਸ ਐਡੀਸ਼ਨ ਵਿਚ ਮਾਤਾ ਗੁਜਰੀ ਜੀ ਦਾ ਜੀਵਨ ਅਤੇ ਹੋਰ ਮਹਾਨ ਸ਼ਖ਼ਸੀਅਤ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਹੈ। ਜਿਵੇਂ ਮਾਤਾ ਭਾਨੀ ਕੇਵਲ ਇਕ ਐਸੀ ਔਰਤ ਹੈ ਜੋ ਇਕੋ ਵੇਲੇ ਗੁਰੂ-ਪਤਨੀ, ਗੁਰੂ-ਪੁੱਤਰੀ ਤੇ ਗੁਰੂ-ਜਣਨੀ ਹੈ, ਇਸੇ ਤਰ੍ਹਾਂ ਮਾਤਾ ਗੁਜਰੀ ਐਸੀ ਮਾਤਾ ਹੈ ਜੋ ਆਪ ਸ਼ਹੀਦ, ਜਿਨ੍ਹਾਂ ਦਾ ਪਤੀ ਗੁਰੂ ਤੇਗ ਬਹਾਦਰ ਸ਼ਹੀਦ, ਜਿਨ੍ਹਾਂ ਦਾ ਇਕੋ ਇਕ ਪੁੱਤਰ ਸ਼ਹੀਦ, ਜਿਨ੍ਹਾਂ ਦੇ ਚਾਰੇ ਪੋਤਰੇ ਸ਼ਹੀਦ, ਜਿਨ੍ਹਾਂ ਦਾ ਭਰਾ ਸ਼ਹੀਦ ਅਤੇ ਜਿਨ੍ਹਾਂ ਦੇ ਨਨੋਤੇ, ਭਾਈ ਸੰਘੋ ਸ਼ਾਹ, ਭਾਈ ਜੀਤ ਮਲ, ਭਾਈ ਮੁਹਾਰੀ ਚੰਦ, ਭਾਈ ਗੰਗਾ ਰਾਮ, ਭਾਈ ਗੁਲਾਬ ਚੰਦ ਸ਼ਹੀਦ ਹੋਏ।

ਕੈਸੇ ਪੂਰਨੇ ਪਾ ਗਏ ਹਨ ਇਹ ਮਾਤਾ ਜੀ

*ਘਰ ਬੰਧਹੁ ਸਚੁ ਧਰਮ ਕਾ,*  
*ਗਡਿ ਥੰਮੁ ਅਹਲੈ।*  
*ਓਟ ਲੈਹੁ ਨਾਰਾਇਣੈ,*  
*ਦੀਨ ਦੁਨੀਆ ਝਲੈ।*

ਦਾਸ—

੨੯ ਅਪਰੈਲ, ੧੯੯੦ —ਸਤਿਬੀਰ ਸਿੰਘ

ਯਮਨਾ ਨਗਰ (ਅੰਬਾਲਾ)

# ਕੁਝ ਆਪਣੇ ਵੱਲੋਂ

'ਪੁਰਾਤਨ ਇਤਿਹਾਸਕ ਜੀਵਨੀਆਂ' ਦਾ ਛਪਦੇ ਸਾਰ ਜੋ ਭਰਪੂਰ ਸਵਾਗਤ ਹੋਇਆ, ਉਸਨੇ ਮੈਨੂੰ ਸੁਭਾਵਕ ਉਤਸ਼ਾਹਤ ਕੀਤਾ। ਇਕ ਇਤਿਹਾਸਕਾਰ ਨੇ ਪੁਸਤਕ ਨੂੰ ਪੜ੍ਹ ਕੇ ਟਿੱਪਣੀ ਦੇਂਦੇ ਹੋਏ ਲਿਖਿਆ "ਇਹ ਸਭ ਜੀਵਨੀਆਂ ਇਤਿਹਾਸਕਾਰ ਵਾਂਗੂੰ ਇਤਿਹਾਸਕ ਪਾਤ੍ਰਾਂ ਦੇ ਇਤਨੇ ਨੇੜੇ ਹੋ ਕੇ ਚਿਤਰੀਆਂ ਗਈਆਂ ਹਨ ਕਿ ਉਹ ਸਭ ਜੀਅ ਉੱਠੀਆਂ ਹਨ। ਇਕ ਆਲੋਚਕ ਨੇ ਲਿਖਿਆ ਕਿ ਜਨਮ ਸਾਖੀਆਂ ਦੇ ਸਾਗਰ ਨੂੰ ਰਿੜਕ ਕੇ ਭਾਈ ਮਰਦਾਨਾ ਜੀ ਦਾ ਅਧਿਆਤਮਕ ਧਨੰਤਰ ਵੈਦ ਕੱਢਿਆ ਹੈ। ਭਾਸ਼ਾ ਵਿਭਾਗ, ਪੰਜਾਬ ਨੇ ਇਸ ਪੁਸਤਕ ਨੂੰ ੧੯੬੮-੬੯ ਦਾ ਸਰਬ-ਉੱਤਮ ਇਨਾਮ ਦੇ ਕੇ ਸਨਮਾਨਤ ਕੀਤਾ।

ਪਹਿਲਾ ਐਡੀਸ਼ਨ ਛੇਤੀ ਹੀ ਮੁਕ ਗਿਆ, ਪਰ ਉਤਨੀ ਛੇਤੀ ਅਗਲਾ ਐਡੀਸ਼ਨ ਛਾਪ ਨਾ ਸਕਿਆ ਕਿਉਂਕਿ ਨਵੀਆਂ ਪੁਸਤਕਾਂ ਹੱਥ ਲੈ ਚੁੱਕਾ ਸਾਂ ਅਤੇ ਨਾਲ ਹੀ ਮੇਰਾ ਚਿਤ ਸੀ ਕਿ ਕੁਝ ਐਸੀਆਂ ਹੋਰ ਸ਼ਖ਼ਸੀਅਤਾਂ, ਜਿਨ੍ਹਾਂ ਬਾਰੇ ਅਸੀਂ ਕੁਝ ਨਹੀਂ ਜਾਣਦੇ, ਪੁਸਤਕ ਵਿਚ ਪਾ ਕੇ ਹੀ ਛਾਪਾਂ।

ਪਿਛਲੇ ਸਾਲ ਪਹਿਲਗਾਮ ਵਿਖੇ ਹੀ ਸਰਦਾਰ ਇੰਦਰਜੀਤ ਸਿੰਘ ਜੀ ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ ਦੀ ਪ੍ਰੇਰਨਾ ਤੇ ਸਮਾਜ ਨੂੰ ਸਿੱਖ ਬੀਬੀਆਂ ਦੀ ਦੇਣ ਬਾਰੇ ੧੨ ਮਹਾਨ ਇਸਤਰੀਆਂ ਦੇ ਰੇਖਾ-ਚਿਤਰ ਲਿਖੇ ਅਤੇ ਇਹ ਪੱਕ ਪਕਾਇਆ ਕਿ ਉਨ੍ਹਾਂ ਨੂੰ ਨਵੇਂ ਐਡੀਸ਼ਨ ਵਿਚ ਸ਼ਾਮਲ ਕਰ ਲਿਆ ਜਾਏ, ਪਰ ਆਕਾਰ ਦੇ ਵੱਡੇ ਹੋਣ ਡਰੋਂ ਕੇਵਲ ਤਿੰਨ ਹੀ ਉਨ੍ਹਾਂ ਵਿਚੋਂ ਲਈਆਂ ਹਨ। ਹੁਣ ਵਿਚਾਰ ਇਹ ਹੀ ਬਣੀ ਹੈ ਕਿ ਕੁਝ ਹੋਰ ਵਿਸਥਾਰ ਕਰ ਕੇ ਪੂਰਨ ਪੁਸਤਕ ਦੇ ਰੂਪ ਵਿਚ ਹੀ ਛਾਪਿਆ ਜਾਏ। ਦੁੱਖ ਦੀ ਗੱਲ ਤਾਂ ਇਹ ਹੈ ਕਿ ਬਹੁਤਿਆਂ ਦਾ ਨਾਂ ਹੀ ਵਿਸਰ ਰਿਹਾ ਹੈ। ਜਿਵੇਂ ਜੈਤੋ ਦੇ ਮੋਰਚੇ ਦੀ ਸ਼ਹੀਦ ਬੀਬੀ ਬਲਬੀਰ ਕੌਰ, ਜਿਸ ਨੇ ਪੰਥ-ਪਿਆਰ ਤੋਂ ਮਮਤਾ ਵਾਰ ਦਿੱਤੀ, ਦਾ ਨਾਂ ਕਿਸੇ ਨੂੰ ਵੀ ਨਹੀਂ ਪਤਾ। ਰਾਣੀ ਸਦਾ ਕੌਰ, ਜਿਸ ਦੀ ਪ੍ਰੇਰਨਾ ਤੇ ਉਤਸ਼ਾਹ ਕਾਰਨ ਸਰਦਾਰ ਰਣਜੀਤ ਸਿੰਘ 'ਮਹਾਰਾਜਾ' ਬਣ ਸਕਿਆ, ਦੀ ਜੁਰਅਤ ਦਾ ਗਿਆਨ ਬਹੁਤ ਘੱਟ ਲੋਕਾਂ ਨੂੰ ਹੈ।

ਇਸ ਨਵੇਂ ਐਡੀਸ਼ਨ ਵਿਚ ਬੇਬੇ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ ਤੋਂ ਇਲਾਵਾ ਭਾਈ ਲਾਲੋ ਜੀ, ਭਾਈ ਨੰਦ ਲਾਲ, ਪੀਰ ਬੁੱਧੂ ਸ਼ਾਹ ਉਚੇਚੇ ਤੌਰ 'ਤੇ ਲਿਖ ਕੇ ਪਾਏ। ਤਕਰੀਬਨ ਵੀਹ ਕੁ ਮਹਾਨ ਜੀਵਨੀਆਂ ਦੇ ਚਿਤਰ ਲਿਖੇ ਪਏ ਹਨ, ਉਨ੍ਹਾਂ ਨੂੰ ਵੀ ਛੇਤੀ ਛਾਪ ਪਾਠਕਾਂ ਹੱਥ ਪਹੁੰਚਾ ਖੁਸ਼ੀ ਲੈਣ ਦਾ ਚਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਜੀਵਨੀ 'ਇਤਿ ਜਿਨਿ ਕਰੀ' ਵੀ ਪੁਸਤਕ ਰੂਪ ਵਿਚ ਤਿਆਰ ਹੈ ਅਤੇ ਆਸ ਹੈ ਕਿ ਨਾਵੇਂ ਪਾਤਸ਼ਾਹ ਦੇ ਜੀਵਨ-ਸ਼ਹਾਦਤ ਤੇ ਇਹ ਪੁਸਤਕ ਆਖ਼ਰੀ ਤਾਂ ਨਹੀਂ, ਸੰਪੂਰਨ ਜ਼ਰੂਰ ਸਿਧ ਹੋਵੇਗੀ। ਪਾਤਸ਼ਾਹ ਕ੍ਰਿਪਾ ਦ੍ਰਿਸ਼ਟੀ ਰੱਖੇ।

੨੧ ਮਈ, ੧੯੭੫,

ਗੁਰੂ ਨਾਨਕ ਖ਼ਾਲਸਾ ਕਾਲਜ, —ਸਤਿਬੀਰ ਸਿੰਘ

ਕਰਨਾਲ। ਪ੍ਰਿੰਸੀਪਲ

| ਕੀ | ਕਿੱਥੇ ? |
|---|---|
| ੧. ਬੇਬੇ ਨਾਨਕੀ | ੯ |
| ੨. ........ਦੂਜਾ ਰਬਾਬੀ ਮਰਦਾਨਾ | ੧੪ |
| ੩. ਬਾਬਾ ਬੁੱਢਾ ਜੀ | ੨੪ |
| ੪. ਭਾਈ ਲਾਲੋ ਜੀ | ੪੧ |
| ੫. ਨਵਾਬ ਦੌਲਤ ਖ਼ਾਨ ਲੋਧੀ | ੪੭ |
| ੬. ਮਾਤਾ ਖੀਵੀ | ੫੫ |
| ੭. ਮੋਹਰੀ ਪੁਤੁ ਸਨਮੁਖ ਹੋਇਆ | ੬੫ |
| ੮. ਬੀਬੀ ਭਾਨੀ–ਰਜ਼ਾ ਦੀ ਮੂਰਤ | ੭੩ |
| ੯. ਭਾਈ ਮੰਝ (ਗੁਰੂ ਕਾ ਬੋਹਿਥਾ) | ੮੧ |
| ੧੦. ਮੀਰ ਮੁਯੀਨ-ਉਲ-ਅਸਲਾਮ (ਮੀਆਂ ਮੀਰ) | ੯੦ |
| ੧੧. ਵਜ਼ੀਰ ਖ਼ਾਨ | ੧੦੦ |
| ੧੨. ਭਾਈ ਬਿਧੀ ਚੰਦ– 'ਗੁਰੂ ਕਾ ਸੀਨਾ' | ੧੦੭ |
| ੧੩. ਤਿੰਨ ਸੁਭਾਅ–ਤਿੰਨ ਕਰਮ | ੧੧੭ |
| ੧੪. ਹਮੂ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ | ੧੨੭ |
| ੧੫. ਮਾਤਾ ਗੁਜਰੀ | ੧੪੦ |
| ੧੬. ਭਾਈ ਕਨ੍ਹਈਆ | ੧੪੭ |
| ੧੭. ਪੀਰ ਬੁੱਧੂ ਸ਼ਾਹ | ੧੫੮ |
| ੧੮. ਭਾਈ ਨੰਦ ਲਾਲ ਜੀ | ੧੬੮ |
| ੧੯. ਸ਼ਕਤੀਆਂ ਦਾ ਪ੍ਰਤੀਕ ਹੋਲਾ-ਮਹੱਲਾ | ੧੭੬ |
| ੨੦. ਮੁਲਾਕਾਤ ਬਹਾਦਰ ਸ਼ਾਹ–ਗੁਰੂ ਗੋਬਿੰਦ ਸਿੰਘ ਜੀ | ੧੮੧ |
| ੨੧. ਭਾਈ ਤਾਰਾ ਸਿੰਘ ਵਾਂ | ੧੮੯ |
| ੨੨. ਨਵਾਬ ਕਪੂਰ ਸਿੰਘ | ੧੯੫ |
| ੨੩. ਬਾਬਾ ਦੀਪ ਸਿੰਘ ਜੀ | ੨੦੦ |
| ੨੪. ਸੁਲਤਾਨ-ਉਲ-ਕੌਮ–ਸ: ਜੱਸਾ ਸਿੰਘ ਆਹਲੂਵਾਲੀਆ | ੨੦੨ |
| ੨੫. ਬਾਬਾ ਸਾਹਿਬ ਸਿੰਘ ਜੀ | ੨੧੬ |
| ੨੬. ਸੇਵਾ, ਸਿਮਰਨ, ਸਬਰ, ਸਿਦਕ, ਸੰਤੋਖ ਅਤੇ ਸਾਹਸ ਦੇ ਪੁਤਲੇ ਸੇਵਾ-ਪੰਥੀ | ੨੨੪ |

SIKHBOOKCLUB.COM

# ੧

# ਬੇਬੇ ਨਾਨਕੀ

ਮਹਾਨ ਕੋਸ਼ ਵਿਚ ਭਾਈ ਕਾਹਨ ਸਿੰਘ ਜੀ, ਬੇਬੇ ਨਾਨਕੀ ਦੇ ਸਿਰਲੇਖ ਹੇਠਾਂ ਲਿਖਦੇ ਹਨ : *'ਉਹ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਧਾਰਨ ਵਾਲੀ ਸਭ ਤੋਂ ਪਹਿਲੀ ਸੀ'*।ਗੱਲ ਬਿਲਕੁਲ ਠੀਕ ਹੈ। ਬੇਬੇ ਨਾਨਕੀ ਨੇ ਗੁਰੂ ਨਾਨਕ ਜੀ ਨੂੰ ਵੀਰ ਕਰ ਕੇ ਨਹੀਂ ਪੀਰ ਕਰ ਕੇ ਜਾਣਿਆ। ਇਤਿਹਾਸਕ ਗਵਾਹੀ ਹੈ ਕਿ ਜਦ ਗੁਰੂ ਨਾਨਕ ਜੀ ਮੋਦੀ ਦਾ ਕੰਮ ਸੰਭਾਲਣ ਲਈ ਸੁਲਤਾਨਪੁਰ ਗਏ ਤਾਂ ਬੇਬੇ ਜੀ ਪੈਰਾਂ ਤੇ ਢਹਿ ਪਏ।ਗੁਰੂ ਨਾਨਕ ਜੀ ਨੇ ਫ਼ਰਮਾਇਆ : "ਬੇਬੇ ਜੀ, ਤੂੰ ਵੱਡੀ ਹੈਂ, ਮੈਂ ਤੇਰੇ ਪੈਰਾਂ ਤੇ ਪਵਾਂ ਕਿ ਤੂੰ ਪਵੇਂ", ਤਾਂ ਸ਼ਰਧਾ ਵਿਚ ਭਿੱਜੀ ਭੈਣ ਨੇ ਕਿਹਾ ਸੀ :

"ਭਾਈ ਜੀ, ਤੂੰ ਸੱਚ ਆਖਦਾ ਹੈਂ, *ਪਰ ਜੇ ਤੂੰ ਆਦਮੀ ਹੋਵੇਂ ਤਾਂ ? ਤੂੰ ਤਾਂ ਮੈਨੂੰ ਪਰਮੇਸ਼ਰ ਨਜ਼ਰ ਆਉਂਦਾ ਹੈਂ।"*

ਬੇਬੇ ਨਾਨਕੀ ਪਹਿਲੀ ਸੀ ਜਿਸ ਮਾਤਾ ਤ੍ਰਿਪਤਾ ਨੂੰ ਕਿਹਾ ਕਿ ਨਾਨਕ ਨੂੰ ਪੁੱਤਰ ਕਰਕੇ ਨਾ ਜਾਣੀਂ ਅਤੇ ਪਿਤਾ ਕਾਲੂ ਜੀ ਨੂੰ ਤਾਂ ਪੂਰੇ ਧੀਆਂ ਦੇ ਮਾਣ ਨਾਲ ਕਹਿੰਦੀ ਸੀ ਕਿ *'ਨਾਨਕ ਕੋਈ ਇਸ ਜਗਤ ਦਾ ਜੀਵਨ ਨਹੀਂ, ਫ਼ਕੀਰ ਦੋਸਤ ਹੈ।'* ਰਾਇ ਬੁਲਾਰ ਨੇ ਤਾਂ ਬਹੁਤ ਪਿੱਛੋਂ ਜਦ ਬ੍ਰਿਛ ਦੀ ਛਾਂ ਢਲਦੀ ਨਾ ਦੇਖੀ ਤਾਂ ਕਿਹਾ ਸੀ : *"ਕਾਲੂ। ਮਤ ਇਸ ਪੁੱਤਰ ਨੂੰ ਫਿੱਟੇ ਮੂੰਹ ਦੇਂਦਾ ਹੋਵੇਂ। ਇਸ ਦਾ ਸਦਕਾ ਤਾਂ ਮੇਰਾ ਸ਼ਹਿਰ ਵੱਸਦਾ ਹੈ।"*

ਗੁਰੂ ਨਾਨਕ ਜੀ ਵੀ ਭੈਣ ਦੇ ਹਰ ਹੁੰਗਾਰੇ ਤੇ ਹਾਂ ਕਰ ਦੇਂਦੇ ਸਨ। ਉਹ ਕਿਹਾ ਕਰਦੇ : "ਬੇਬੇ ਜੀ, ਜੋ ਤੂੰ ਆਖੇਂਗੀ ਸੋ ਮੈਂ ਮੰਨਾਂਗਾ। ਤੂੰ ਮੇਰੀ ਵੱਡੀ ਭੈਣ ਹੈਂ ਅਤੇ ਤੇਰਾ ਮੇਰਾ ਪਿਛਲੇ ਜਨਮ ਦਾ ਸਾਕ ਆਹ, ਭੈਣ ਭਿਰਾਉ ਦਾ। ਬੇਬੇ ਜੀ, ਤੁਸਾਂ ਮੇਰੀ ਤਦ ਵੀ ਸੇਵਾ ਕੀਤੀ ਆਹੀ, ਤੇਰਾ ਭਾਰ ਮੇਰੇ ਸਿਰ ਉੱਪਰ ਹੈ। ਜੋ ਕੁਛ ਤੂੰ ਇਸ ਮੂੰਹੋਂ ਆਖੇਂਗੀ ਮੰਨਾਂਗਾ।" ਜਦ ਗੁਰੂ ਨਾਨਕ ਦੇਵ ਜੀ ਧਰਤੀ ਦੇ ਲੋਕਾਂ ਨੂੰ ਸੋਧਣ ਲਈ ਚੜ੍ਹੇ ਤਾਂ ਉਸ ਸਮੇਂ ਵੀ ਭੈਣ ਕੋਲੋਂ ਵਿਦਾਇਗੀ ਲੈਣ ਸਮੇਂ ਐਸੇ ਹੀ ਬਚਨ ਆਖੇ। ਆਪ ਜੀ ਨੇ ਫ਼ਰਮਾਇਆ : "ਬੇਬੇ ਜੀ, ਤੁਸੀਂ ਖ਼ਾਤਰ ਜਮਾਂ ਕਰੋ। ਜਿਤ ਵੇਲੇ ਤੁਸੀਂ ਯਾਦ ਕਰੋਗੇ, ਤਿਤ ਵੇਲੇ ਤੁਸਾਂ ਪਾਸ ਆਇ ਹਾਜ਼ਰ ਹੋਵਾਂਗੇ" :

**ਯਾਦ ਕਰੇ ਗੁਰੂ ਸੀ, ਨਾਨਕੀ,**
**ਪਹੁੰਚੇ ਬਾਰ ਨਾ ਲਾਈ।** (ਪੰਥ ਪ੍ਰਕਾਸ਼)

ਬੇਬੇ ਨਾਨਕੀ ਜੀ ਨੂੰ ਗੁਰੂ ਨਾਨਕ ਜੀ ਦੀ ਅਮਰਤਾ ਤੇ ਵਿਸ਼ਵਾਸ ਸੀ, ਉਹ ਵੇਈਂ ਪ੍ਰਵੇਸ਼ ਵਾਲੀ ਸਾਖੀ ਤੋਂ ਹੀ ਪ੍ਰਗਟ ਹੋ ਜਾਂਦਾ ਹੈ। ਜਦ ਸਾਰੇ ਹਾਰ ਥੱਕ ਬੈਠੇ ਤੇ ਨਿਰਣਾ ਲੈ ਲਿਆ ਕਿ ਵੇਈਂ ਗੁਰੂ ਨਾਨਕ ਨੂੰ ਰੋੜ੍ਹ ਲੈ ਗਈ ਹੈ ਤਾਂ ਆਪ ਜੀ ਨੇ ਉਸੇ ਵਿਸ਼ਵਾਸ ਨਾਲ ਕਿਹਾ ਸੀ : "ਮੇਰੇ ਵੀਰ ਨੂੰ ਕੋਈ ਰੋੜ੍ਹ ਨਹੀਂ ਸਕਦਾ। ਉਹ ਤਾਂ ਤਾਰਨ ਆਏ ਹਨ।" ਜਨਮ ਸਾਖੀ ਦੀ ਗਵਾਹੀ ਹੈ : 'ਇਕ ਨਾਨਕੀ ਤੋਂ ਬਿਨਾਂ ਔਰੈ ਲੋਕ ਸੋਕ ਸਮਾਇ।' ਤੀਜੇ ਦਿਨ ਜਦ ਗੁਰੂ ਨਾਨਕ ਜੀ ਨਾ ਕੋ ਹਿੰਦੂ ਨਾ ਮੁਸਲਮਾਨ ਕਹਿੰਦੇ ਸ਼ਹਿਰ ਦਾਖਲ ਹੋਏ ਸਨ ਤਾਂ ਬਹੁਤੀਆਂ ਵਧਾਈਆਂ ਭੈਣ ਨੇ ਹੀ ਝੱਲੀਆਂ ਸਨ।

ਨਿਰੀਆਂ ਵਧਾਈਆਂ ਹੀ ਨਹੀਂ, ਭੈਣ ਨੂੰ ਵੀਰ ਲਈ ਕਈ ਮੇਹਣੇ ਤਾਹਨੇ ਵੀ ਸਹਾਰਨੇ ਪੈਂਦੇ ਸਨ। ਪਰ ਮਜ਼ਾਲ ਕੀ ਉਨ੍ਹਾਂ ਸਾਹਮਣੇ ਕੋਈ ਗੁਰ ਨਿੰਦਿਆ ਕਰ ਸਕੇ। ਸੁਲਤਾਨਪੁਰ ਮੋਦੀ ਦਾ ਕੰਮ ਕਰਦੇ ਜਦ ਵੀਰ ਨੂੰ ਕੁਝ ਸਾਲ ਹੋ ਗਏ ਤਾਂ ਇਕ ਵਾਰੀ ਗੁਰੂ ਮਹਾਰਾਜ ਦੀ ਸੱਸ ਬੀਬੀ ਚੰਦੋ ਨੇ ਆ ਕੇ ਖ਼ੂਬ ਜਲੀਆਂ ਕਟੀਆਂ ਸੁਣਾਈਆਂ ਤੇ ਉਹ ਇਥੋਂ ਤੱਕ ਆਖ ਗਈ ਕਿ ਉਸ ਦੀ ਧੀ 'ਸੁਲੱਖਣੀ' ਦਾ ਰਤਾ ਵੀ ਕੱਪੜੇ ਲੱਤੇ ਦਾ ਖ਼ਿਆਲ ਨਹੀਂ ਰੱਖਿਆ ਜਾਂਦਾ, ਉਹ ਹੀ ਆਪਣੇ ਵੀਰ ਨੂੰ ਸਮਝਾਏ। ਜੋ ਉੱਤਰ ਬੇਬੇ ਨਾਨਕੀ ਨੇ ਚੰਦੋ ਜੀ ਨੂੰ ਦਿੱਤਾ, ਉਸ ਤੋਂ ਉਨ੍ਹਾਂ ਦਾ ਵੀਰ ਪਿਆਰ ਤਾਂ ਡਲ੍ਹਕਾਂ ਮਾਰਦਾ ਹੀ ਹੈ ਪਰ ਨਾਲ ਗੁਰੂ ਨਾਨਕ ਜੀ ਦੀ ਸ਼ਖ਼ਸੀਅਤ ਦੀ ਇਕ ਹੋਰ ਨਿਰਾਲੀ ਤਸਵੀਰ ਉਭਰ ਕੇ ਸਾਹਮਣੇ ਆਂਦੀ ਹੈ। ਬੇਬੇ ਨਾਨਕੀ ਜੀ ਨੇ ਕਿਹਾ :

SIKHBOOKCLUB.COM

"ਸੁਣਿ ਮਾਸੀ ਜੀ! ਮੈਂ ਭਿਰਾਉ ਤਾਂਈਂ ਕੀ ਸਮਝਾਵਾਂ। ਭਿਰਾਉ ਮੇਰਾ ਚੋਰ ਨਹੀਂ, ਯਾਰ ਨਹੀਂ, ਜੁਆਰੀ ਨਹੀਂ, ਕੋਈ ਬੁਰਾ ਕੰਮ ਨਹੀਂ ਕਰਦਾ। ਮੈਂ ਉਸ ਨੂੰ ਕਿਆ ਸਮਝਾਵਾਂ। ਉਹ ਦਾਨ ਪੁੰਨ ਕਰਦਾ ਹੈ, ਨੰਗੇ ਭੁੱਖੇ ਨੂੰ ਦੇਂਦਾ ਹੈ ਤਾਂ ਆਪਣੀ ਖੱਟੀ ਕਮਾਈ ਵਿਚੋਂ ਕਰਦਾ ਹੈ। ਮੈਂ ਕੀ ਸਮਝਾਵਾਂ ? ਆਪਣੀ ਕਮਾਈ ਵਿਚੋਂ ਭਾਵੇ ਸੋ ਕਰੇ।"

'ਮਾਸੀ! ਤੁਸੀਂ ਉਲ੍ਹਾਮੇ ਤਾਂ ਦੇਵੋ ਜੇ ਤੇਰੀ ਧੀ ਨੰਗੀ ਭੁੱਖੀ ਰਹਿੰਦੀ ਹੋਵੇ ਤਾਂ ਤੁਸੀਂ ਉਲ੍ਹਾਮੇ ਦੇਂਦੇ ਬਣੋ ਅਤੇ ਮਾਸੀ ਚੰਗੇ ਭਲੇ ਖਾਂਦੇ ਕਮਾਂਵਦੇ ਤਾਂਈਂ ਖ਼ੁਆਰ ਕਰੋ ਤਾਂ ਤੁਸੀਂ ਜਾਣੋ, ਤੁਸਾਡੀ ਖ਼ੁਸ਼ੀ। ਅਸਾਡੇ ਮੂੰਹੋਂ ਸੁਆਦ ਨਹੀਂ ਦੇਂਦਾ। ਅਸੀਂ ਇਸ ਮੂੰਹੋਂ ਕੁਝ ਆਖੀਅਹਿ। ਤੂੰ ਸੁਣਿ ਮਾਸੀ, ਗਹਿਣੇ ਦੀ ਜਾਇ ਗਹਿਣਾ ਹੈ, ਕੱਪੜੇ ਦੀ ਜਾਇ ਕੱਪੜਾ ਹੈ। ਅੰਨ ਦੀ ਜਾਇ ਅੰਨ ਹੈ ਅਤੇ ਮੈਂ ਅਸਤ-ਅਸਤ ਕਰਦੀ ਰਹਿੰਦੀ ਹਾਂ ਅਤੇ ਭਾਬੀ ਬਿਨਾਂ ਮੈਂ ਇਸ ਮੂੰਹੋਂ ਨਾਉਂ ਕਦੇ ਸੱਦਿਆ ਨਹੀਂ।'

ਇਹ ਸਭ ਸੁਣ ਕੇ ਚੰਦੋ ਰਾਣੀ ਚੁੱਪ ਕਰ ਰਹੀ। ਜਵਾਬ ਦੇ ਸਕੇ ਨਾਹੀ। ਸ਼ਰਮਿੰਦੀ ਹੋਇ ਕਰ ਉਠਿ ਆਈ।

ਇਹ ਵੀ ਸੱਚ ਹੈ ਕਿ ਬੇਬੇ ਨਾਨਕੀ ਦੇ ਜੇ ਵੱਸ ਹੁੰਦਾ ਤਾਂ ਉਹ ਵੀਰ ਨੂੰ ਨੌਕਰੀ ਕਰਨ ਹੀ ਨਾ ਦਿੰਦੀ। ਸੁਲਤਾਨਪੁਰ ਪੁੱਜਦੇ ਹੀ ਜਦ ਗੁਰੂ ਨਾਨਕ ਜੀ ਨੇ ਭਾਈ ਜੈ ਰਾਮ ਨੂੰ ਕਿਹਾ : 'ਜੀਜਾ ਜੀ! ਕੁਝ ਕਿਰਤ ਹੋਵੇ ਤਾਂ ਭਲਾ ਹੋਇ।' ਇਹ ਸੁਣਦੇ ਸਾਰ ਪਿਆਰ ਰੱਤੀ ਭੈਣ ਨੇ ਕਿਹਾ :

"ਵੀਰ ਤੂੰ ਪ੍ਰਮੇਸ਼ਰ ਦਾ ਰੂਪ ਹੈਂ, ਜੇਹਾ ਰੁੱਖਾ ਅਲੂਣਾ ਟੁੱਕਰ ਹੈ, ਤੇਹਾ ਬੈਠ ਖਾਹਿ। ਤੂੰ

 www.sikhbookclub.com

ਇਨ੍ਹਾਂ ਜੰਜਾਲਾਂ ਵਿਚ ਨਾ ਪਉ, ਤੂੰ ਇਨ੍ਹਾਂ ਜੰਜਾਲਾਂ ਲਾਇਕ ਨਹੀਂ।" ਗੁਰੂ ਨਾਨਕ ਜੀ ਨੇ ਮੋੜਵੀਂ ਗੱਲ ਕਰਦੇ ਕਿਹਾ : "ਬੇਬੇ ਜੀ! ਕਿਰਤ ਕਰ ਖਾਈਐ ਤਾਂ ਦੇਹੀ ਪਵਿੱਤ੍ਰ ਹੋਇ"। ਗੁਰੂ ਨਾਨਕ ਦੇਵ ਜੀ ਇਹ ਵੀ ਮਹਿਸੂਸ ਕਰਦੇ ਸਨ ਕਿ ਭੈਣ ਤੇ ਭਾਰਾ ਠੀਕ ਨਹੀਂ। ਜਦ ਆਪ ਤਲਵੰਡੀ ਤੋਂ ਭਾਈ ਜੈਰਾਮ ਜੀ ਦੇ ਸੱਦੇ ਸੁਲਤਾਨਪੁਰ ਆਏ ਸਨ ਤਾਂ (ਮਾਤਾ) ਸੁਲੱਖਣੀ ਜੀ ਨੇ ਬਹੁਤ ਹੀ ਜ਼ੋਰ ਲਗਾਇਆ ਸੀ ਕਿ ਗੁਰੂ ਨਾਨਕ ਜੀ, ਉਨ੍ਹਾਂ ਨੂੰ ਨਾਲ ਲੈ ਜਾਣ ਤਾਂ ਉਸ ਸਮੇਂ ਵੀ ਗੁਰੂ ਨਾਨਕ ਜੀ ਨੇ ਇਹ ਹੀ ਫ਼ਰਮਾਇਆ ਸੀ : *"ਪਰਮੇਸ਼ਰ ਕੀਏ, ਰੁਜ਼ਗਾਰ ਦੀ ਕਾਈ ਬਣਸੀ ਤਾਂ ਸਦਾਇ ਲੈਸਾਂ। ਭੈਣ ਤੇ ਭਾਰਾ ਠੀਕ ਨਹੀਂ।"* ਗ੍ਰਿਹਸਤੀ ਮਹਿ ਬਡਾ ਗ੍ਰਿਹਸਤੀ। ਉਹ ਜਾਣਦੇ ਸਨ ਕਿ ਜਿੱਥੇ ਉਹ ਹੋਣਗੇ ਪਹਿਲਾਂ ਸੰਗਤ ਤੇ ਫਿਰ ਪੰਗਤਾਂ ਲੱਗ ਜਾਣਗੀਆਂ।

ਪਰ ਇਹ ਵੀ ਹੈਰਾਨੀ ਨਾਲ ਪੜ੍ਹਿਆ ਜਾਏਗਾ ਕਿ ਜਦ ਧਰਤ ਦੇ ਲੋਕਾਂ ਨੂੰ ਸੋਧਣ ਲਈ ਗੁਰੂ ਨਾਨਕ ਜੀ ਚੜ੍ਹੇ ਤਾਂ ਮਰਦਾਨਾ ਜੀ ਨੂੰ ਨਵੀਂ ਰਬਾਬ ਫ਼ਿਰੰਦੇ ਕੋਲੋਂ ਬਣਵਾ ਕੇ ਦਿੱਤੀ ਤਾਂ ਰੁਪਏ ਬੇਬੇ ਨਾਨਕੀ ਜੀ ਕੋਲੋਂ ਹੀ ਲਏ ਭਾਵੇਂ ਉਸ ਸਮੇਂ ਮੋਦੀ ਖ਼ਾਨੇ ਦਾ ਹਿਸਾਬ ਕਰਨ ਉਪਰੰਤ ਗੁਰੂ ਦੇ ਖਾਤੇ ਜਮ੍ਹਾਂ ੭੬੦ ਰੁਪਏ ਨਿਕਲੇ ਸਨ। ਨਵਾਬ ਦੌਲਤ ਖ਼ਾਨ ਨੇ ਬਹੁਤੇਰਾ ਚਾਹਿਆ ਕਿ ਉਹ ਭਾਰੀ ਰਕਮ ਜਿੱਥੇ ਚਾਹੁਣ ਵਰਤ ਲੈਣ ਅਤੇ ਜੇ ਉਹ ਆਖਣ ਤਾਂ ਉਨ੍ਹਾਂ ਦੇ ਪੁੱਤਰਾਂ ਦੇ ਨਾਮ ਲਗਾ ਦਿੱਤੀ ਜਾਏ। ਪਰ ਆਪ ਜੀ ਦਾ ਇਕ ਹੀ ਉੱਤਰ ਸੀ : "ਖ਼ਾਨ ਜੀ, ਪੈਸੇ ਮੇਰੇ ਕੰਮ ਨਾਹੀਂ। ਏ ਪੈਸੇ ਖ਼ੁਦਾਇ ਕੈ ਹੈਂ, ਫ਼ਕੀਰਾਂ ਕੋ ਖਲਾਵੋ, ਨਾਨਕ ਫਾਰਕ ਹੋਇਆ।" ਭੈਣ ਕੋਲੋਂ ਰੁਪਿਆ ਲੈ ਕੇ ਰਬਾਬ ਬਣਾਉਣ ਦਾ ਇਹ ਹੀ ਕਾਰਨ ਸੀ ਕਿ ਉਦਾਸੀ ਸਮੇਂ ਸੁਰ ਉਠਾਣ ਵੇਲੇ ਭੈਣ ਦਾ ਪਿਆਰ ਨਾਲ ਰਹੇ।

ਬੇਬੇ ਨਾਨਕੀ ਦਾ ਜਨਮ ਆਪਣੇ ਨਾਨਕੇ ਪਿੰਡ ਚਾਹਲ, ਥਾਣਾ ਬਰਕੀ, ਜ਼ਿਲ੍ਹਾ ਲਾਹੌਰ ਸੰਨ ੧੪੬੪ ਨੂੰ ਹੋਇਆ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

**ਹਿਮ ਗਿਰਿ ਮੈਨਾ ਕੇ ਘਰਿ ਮਾਹੀ।**
**ਪਾਰਬਤੀ ਜਨਮੀ ਜਿਮ ਆਹੀ।**
**ਭਈ ਨਾਨਕੀ ਸਭ ਗੁਣ ਖਾਨੀ।**
**ਮਾਨੋ ਭਗਤ ਧਰ ਦੇਹ ਸੁਹਾਨੀ।**

ਨਾਨਾ ਰਾਮ ਜੀ, ਮਾਮਾ ਕ੍ਰਿਸ਼ਨਾ ਜੀ ਤੇ ਨਾਨੀ ਭਿਰਾਈ ਜੀ ਨੇ ਇਤਨੇ ਲਾਡ ਲਡਾਏ ਕਿ ਨਵ-ਜਨਮੀ ਬੱਚੀ ਦਾ ਨਾਂ ਹੀ ਨਾਨਕਿਆਂ ਦੀ ਪੈ ਗਿਆ। ਫਿਰ ਇਹ ਹੀ ਨਾਨਕੀ ਹੋਇਆ। ਜਦ ਪੰਜ ਸਾਲਾਂ ਪਿੱਛੋਂ ਤਲਵੰਡੀ ਵਿਖੇ ਵੀਰ ਦਾ ਪ੍ਰਕਾਸ਼ ਹੋਇਆ ਤਾਂ ਸਾਰੇ ਨਾਨਕੀ ਦਾ ਨਾਨਕ ਆਖਣ ਲੱਗ ਪਏ। ਬੇਬੇ ਨਾਨਕੀ ਦਾ ਵਿਆਹ ੧੧ ਸਾਲਾਂ ਦੀ ਉਮਰ ਵਿਚ ਹੋ ਗਿਆ। ਭਾਈ ਜੈ ਰਾਮ ਜੀ ਸੁਲਤਾਨਪੁਰ ਆਮਿਲ ਸਨ ਤੇ ਪੈਮਾਇਸ਼ ਆਦਿ ਤੇ ਕਰ ਲੈਣ ਲਈ ਤਲਵੰਡੀ ਆਇਆ ਜਾਇਆ ਕਰਦੇ ਸਨ। ਰਾਇ ਬੁਲਾਰ ਨੇ ਇਹ ਰਿਸ਼ਤਾ ਪੱਕਾ ਕਰ ਦਿੱਤਾ। ਭਾਵੇਂ ਨਾਨਕੀ ਜੀ ਸੁਲਤਾਨਪੁਰ ਚਲੇ ਗਏ, ਪਰ ਸਾਲ ਵਿਚ ਕਈ ਵਾਰੀ ਸਫ਼ਰ ਦੀਆਂ ਤਕਲੀਫ਼ਾਂ ਝਾਗ ਕੇ ਵੀ ਵੀਰ ਨੂੰ ਮਿਲਣ ਆਉਂਦੇ। ਮਹਿਤਾ ਕਾਲੂ ਵੀ ਜਾਣਦੇ ਸਨ ਕਿ ਗੁਰੂ ਨਾਨਕ ਜੀ ਨੂੰ ਕੋਈ ਜੇ ਗੱਲ ਮੰਨਵਾ ਸਕਦਾ ਹੈ ਤਾਂ ਨਾਨਕੀ ਅਤੇ ਜੈ ਰਾਮ

ਜੀ ਹੀ ਹਨ। ਮਹਿਤਾ ਕਾਲੂ ਜੀ ਵੀ ਦਿਲ ਦੀ ਗੱਲ ਦੋਵਾਂ ਨਾਲ ਕਰ ਲੈਂਦੇ ਸਨ। ਇਕ ਵਾਰੀ ਬੜੇ ਪਿਆਰ ਨਾਲ ਮਹਿਤਾ ਜੀ ਨੇ ਕਿਹਾ : "ਪੁੱਤ ਜੈ ਰਾਮ! *ਸ਼ਰਮ ਇਕੋ ਜਿਹੀ ਹੈ ਪੁੱਤ ਅਤੇ ਜਵਾਈ ਦੀ।* ਨਾਨਕੀ ਦਾ ਸੁੱਖ ਡਿੱਠਾ ਤਾਂ ਹਿਰਦਾ ਠੰਢਾ ਹੋਇਆ। ਹੁਣ ਨਾਨਕ ਦਾ ਸੁੱਖ ਜੀਂਦੇ ਜੀ ਵੇਖਾਂ ਤਾਂ ਮੇਰਾ ਮਨ ਠੰਢਾ ਹੋਵੇ।" ਜਦ ਜੰਞ ਬਟਾਲੇ ਗਈ ਤਾਂ ਇਕ ਪਾਸੇ ਪੈਸਿਆਂ ਦੀ ਸੁੱਟ ਚਾਚਾ ਲਾਲੂ ਜੀ ਕਰ ਰਹੇ ਹਨ ਤੇ ਦੂਜੇ ਪਾਸੇ ਜੈ ਰਾਮ ਜੀ। ਨਾਨਕੀ ਜੀ ਤਾਂ ਖੀਵੇ ਹੀ ਨਹੀਂ ਸਨ ਸਮਾਉਂਦੇ।

ਬੇਬੇ ਨਾਨਕੀ ਤੋਂ ਪੁੱਛੇ ਬਗ਼ੈਰ ਜੈ ਰਾਮ ਜੀ ਕੋਈ ਗੱਲ ਨਹੀਂ ਸਨ ਕਰਦੇ। ਉਹ ਸਦਾ ਨੇਕ ਤੇ ਠੀਕ ਸਲਾਹ ਦਿੰਦੇ ਸਨ। ਬੇਬੇ ਨਾਨਕੀ ਜੀ ਨੇ ਜਦ ਕੋਈ ਕਿਰਤ ਵੀਰ ਲਈ ਢੂੰਡਣ ਲਈ ਕਹੀ ਤਾਂ ਉਨ੍ਹਾਂ ਆਪ ਹੀ ਇਹ ਠੀਕ ਕਿਹਾ ਸੀ ਕਿ ਗੁਰੂ ਨਾਨਕ ਲਈ ਕੋਈ ਐਸਾ ਕੰਮ ਹੋਣਾ ਚਾਹੀਦਾ ਹੈ, ਜੋ ਰੁਜ਼ਗਾਰ ਵੀ ਹੋਵੇ ਤੇ ਸਿਰਕਾਰਿ (ਆਦਰ-ਸਤਿਕਾਰ) ਵੀ ਹੋਵੇ। ਮੌਕਾ ਮਿਲਦੇ ਹੀ, ਨਵਾਬ ਦੌਲਤ ਖ਼ਾਨ ਨੂੰ ਜਿਸ ਦੇ ਉਹ ਚੰਗੇ ਇਤਬਾਰੀ ਹੋ ਗਏ ਸਨ, ਕਿਹਾ ਸੀ : "ਮੇਰਾ ਇਕ ਸਾਕ ਹੈ, ਮਰਦਾਨਾ ਆਦਮੀ ਹੈ, ਖ਼ੂਬ ਲਾਇਕ ਹੈ। ਮੁਹਿੰਮ ਸਰ ਕਰਨਹਾਰ ਹੈ।" ਦੌਲਤ ਖ਼ਾਨ ਨੇ ਵੀ ਪਹਿਲੀ ਤੱਕਣੀ ਤੇ ਹੀ ਆਖ ਦਿੱਤਾ ਸੀ ਕਿ ਜਿਤਨੀ ਸਿਰਕਾਰ ਹੈ, ਉਸ ਦੇ ਹਵਾਲੇ ਕਰੋ।

ਭਾਈ ਜੈ ਰਾਮ ਜੀ ਬੇਬੇ ਨਾਨਕੀ ਦਾ ਕਿਤਨਾ ਆਦਰ ਕਰਦੇ ਸਨ ਅਤੇ ਸੁਪਤਨੀ ਹੁੰਦਿਆਂ ਕਿਤਨੀ ਉੱਚੀ ਥਾਂ ਆਪਣੇ ਹਿਰਦੇ ਵਿਚ ਦੇਂਦੇ ਸਨ, ਉਹ ਉਨ੍ਹਾਂ ਦੇ ਬਚਨਾਂ ਤੋਂ ਪ੍ਰਗਟ ਹੈ ਜੋ ਉਨ੍ਹਾਂ ਨੇ ਇਕ ਵਾਰੀ ਕਹੇ ਸਨ। ਇਹ ਯਾਦ ਰਹੇ ਕਿ ਇਹ ਸ਼ਬਦ ਇਕ ਪਤੀ ਆਪਣੀ ਪਤਨੀ ਨੂੰ ਕਹਿ ਰਿਹਾ ਸੀ। ਜੈ ਰਾਮ ਜੀ ਦੇ ਸ਼ਬਦ ਸਨ :—

*"ਬਹੂ ਜੀ, ਤੂੰ ਨਾਨਕ ਦੀ ਭੈਣ ਹੈਂ। ਤੈਨੂੰ ਵੀ ਇਸ ਦਾ ਕੋਈ ਅਸਰ ਹੈ ਅਤੇ ਅਸੀਂ ਈਵੇਂ ਭਰਮ ਵਿਚ ਭਟਕਦੇ ਹਾਂ। ਧੰਨ ਪਰਮੇਸ਼ਰ ਜੀ ਹੈ ਅਤੇ ਧੰਨ ਨਾਨਕ ਜੀ ਹੈ ਅਤੇ ਤੂੰ ਵੀ ਧੰਨ ਹੈਂ ਜੋ ਇਸ ਦੀ ਭੈਣ ਹੈਂ ਅਤੇ ਥੋੜ੍ਹੇ-ਥੋੜ੍ਹੇ ਅਸੀਂ ਧੰਨ ਹਾਂ ਜੋ ਤੇਰੇ ਨਾਲ ਸਾਡਾ ਸੰਜੋਗ ਹੈ।"*

ਸੁਲਤਾਨਪੁਰ ਹੀ ਉਹ ਪਾਵਨ ਘਰ ਹੈ ਜਿੱਥੇ ਬੇਬੇ ਨਾਨਕੀ ਜੀ ਨੇ ਤਕਰੀਬਨ ੪੩ ਸਾਲ ਵਸੇਬਾ ਰੱਖਿਆ। ਉੱਥੇ ਹੀ ਖੂਹ ਹੈ ਜਿਸ ਨੇ ਕਈਆਂ ਦੀ ਤ੍ਰਿਖਾ ਬੁਝਾਈ ਅਤੇ ਬੇਬੇ ਨਾਨਕੀ ਦਾ ਆਪਣੀ ਹੱਥੀਂ ਲਗਾਇਆ ਬੋੜ੍ਹ ਦਾ ਬ੍ਰਿਛ ਹੈ ਜਿੱਥੇ ਸਾਰੇ ਸੰਸਾਰੀ ਥੱਕਿਆਂ ਹਾਰਿਆਂ ਨੂੰ ਛਾਂ ਮਿਲਦੀ ਸੀ ਅਤੇ ਅੱਜ ਵੀ ਮਿਲਦੀ ਹੈ। ਵੀਰ ਦਾ ਘਰ ਵੱਡਾ ਹੋਵੇ, ਇਸੇ ਖ਼ਿਆਲ ਨਾਲ ਗੁਰੂ ਕੇ ਬਾਗ਼ ਦਾ ਮਕਾਨ ਉਨ੍ਹਾਂ ਗੁਰੂ ਨਾਨਕ ਜੀ ਨੂੰ ਮੋਦੀ ਬਣਨ ਤੇ ਦੇ ਦਿੱਤਾ ਸੀ। ਆਪ ਛੋਟੇ ਮਕਾਨ ਵਿਚ ਚਲੇ ਗਏ ਸਨ। ਗੁਰੂ ਕੇ ਬਾਗ਼ ਵਾਲੇ ਮਕਾਨ ਦਾ ਵਿਹੜਾ ਇਤਨਾ ਖੁੱਲ੍ਹਾ ਸੀ ਕਿ ਅਜੇ ਤਕ ਨਨਕਾਣਾ ਸਾਹਿਬ ਵਾਂਗ ਸੁਲਤਾਨਪੁਰ ਵਿਚ ਵੀ ਬੱਚੇ ਖੇਡ ਪਾਉਣ ਵੇਲੇ ਕਹਿੰਦੇ ਹਨ : *"ਬਾਬੇ ਨਾਨਕ ਦਾ ਘਰ ਕਿਹੜਾ। ਜਿਸ ਦਾ ਖੁੱਲ੍ਹਾ ਵਿਹੜਾ।"* ਸੱਚਮੁੱਚ ਗੁਰੂ ਨਾਨਕ ਦਾ ਘਰ ਤੇ ਵਿਹੜਾ ਇਤਨਾ ਖੁੱਲ੍ਹਾ ਹੈ ਕਿ ਜਿੱਥੇ ਹਰ ਜਾਤ, ਹਰ ਦੇਸ਼, ਹਰ ਧਰਮ, ਹਰ ਫ਼ਿਰਕੇ ਦੇ ਲੋਕਾਂ ਦੀ ਸਮਾਈ ਹੋ ਸਕਦੀ ਹੈ। ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ "ਨਾਨਕ ਕੈ ਘਰ ਕੇਵਲ ਨਾਮੁ। ਕੋਈ ਹਿੰਦੂ, ਮੁਸਲਮਾਨ,

ਜੋਗੀ, ਸੰਨਿਆਸੀ, ਬ੍ਰਹਮਚਾਰੀ, ਤਪੀਆ, ਤਪੀਸਰ, ਦਿਗੰਬਰ, ਬੈਸਨੋ, ਉਦਾਸੀ, ਗ੍ਰਹਿਸਤੀ, ਵੈਰਾਗੀ, ਖ਼ਾਨ, ਉਮਰਾ, ਉਮਰਾਉ, ਕਰੋੜੀਏ, ਜ਼ਿਮੀਂਦਾਰ, ਭੂਮੀਏ, ਜੋ ਕੋ ਆਵੈ। ਸੋ ਧਰਮ ਪਾਏ।"

ਗੁਰੂ ਨਾਨਕ ਜੀ ਆਪਣੀ ਪਹਿਲੀ ਉਦਾਸੀ ਬਾਅਦ ਸਿੱਧੇ ਸੁਲਤਾਨਪੁਰ ਗਏ ਅਤੇ ਭੈਣ ਜੀ ਨੂੰ ਮਿਲੇ। ਜਦ ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਦੀਆਂ ਕੌਤਕਾਂ ਭਰੀਆਂ ਸਾਖੀਆਂ ਬੇਬੇ ਨੂੰ ਸੁਣਾਈਆਂ ਤਾਂ ਉੱਚ ਆਤਮਿਕ ਅਵਸਥਾ ਨੂੰ ਪਹੁੰਚੀ ਬੇਬੇ ਨਾਨਕੀ ਨੇ ਕਿਹਾ : *'ਫਿਰ ਇਹ ਗੱਲਾਂ ਹੋਰ ਕਿਸੇ ਨੂੰ ਨਾ ਕਹੀਂ। ਪਰਮੇਸ਼ਰ ਲੋਕਾਂ ਦੀ ਗੱਲ ਸੰਸਾਰ ਦੇ ਲੋਕਾਂ ਨੂੰ ਨਹੀਂ ਦੱਸੀਦੀ।'* ਫਿਰ ਦੂਜੀ ਉਦਾਸੀ ਉਪਰੰਤ ਜਦ ੧੫੧੮ ਈ: ਦੇ ਅਖ਼ੀਰ ਉਹ ਸੁਲਤਾਨਪੁਰ ਪੁੱਜੇ ਤਾਂ ਨਾਨਕੀ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਦੱਸ ਕੇ ਵੀਰ ਨੂੰ ਰੋਕ ਲਿਆ।

ਬੇਬੇ ਨਾਨਕੀ ਜੀ ਦਾ ਸਸਕਾਰ ਵੀ ਗੁਰੂ ਨਾਨਕ ਨੇ ਆਪਣੇ ਹੱਥੀਂ ਕੀਤਾ। ਬੇਬੇ ਨਾਨਕੀ ਦੇ ਅਕਾਲ ਚਲਾਣੇ *ਦੇ ਤੀਜੇ ਦਿਨ ਭਾਈ ਜੈ ਰਾਮ ਜੀ ਵੀ ਚੜ੍ਹਾਈ ਕਰ ਗਏ।* ਉਨ੍ਹਾਂ ਦਾ ਸਸਕਾਰ ਵੀ ਗੁਰੂ ਪਾਤਸ਼ਾਹ ਨੇ ਆਪੂੰ ਕੀਤਾ। ਫੁੱਲ ਦੋਵਾਂ ਦੇ ਇਕੱਠੇ ਵੇਈਂ ਨਦੀ ਵਿਚ ਪਰਵਾਹ ਕੀਤੇ। ਜਿੱਥੇ ਵੇਈਂ ਦਾ ਉਪਦੇਸ਼, ਨਾ ਕੋ ਹਿੰਦੂ, ਨਾ ਮੁਸਲਮਾਨ ਚਾਰ ਚੱਕ ਪ੍ਰਸਿੱਧ ਹੈ, ਉਥੇ ਵੇਈਂ ਵੀਰ-ਭੈਣ ਦੇ ਪਿਆਰ ਅਤੇ ਪਤੀ-ਪਤਨੀ ਦਾ ਸਨੇਹ ਵੀ ਲਗਾਤਾਰ ਵਹਿ ਕੇ ਸੁਣਾਈ ਚਲੀ ਜਾ ਰਹੀ ਹੈ।

SIKHBOOKCLUB.COM

# ੨

## ......ਦੂਜਾ ਰਬਾਬੀ ਮਰਦਾਨਾ

ਸਿੱਖ ਇਤਿਹਾਸ ਵਿਚ ਭਾਈ ਮਰਦਾਨਾ ਜੀ ਵਰਗਾ ਭਾਗਾਂ ਵਾਲਾ ਕੋਈ ਵਿਰਲਾ ਹੀ ਵਿਅਕਤੀ ਹੋਵੇਗਾ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਜਿਤਨਾ ਸਮਾਂ ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਨਿਕਟ ਰਹਿ ਕੇ ਗੁਜ਼ਾਰਿਆ, ਉਤਨਾ ਕਿਸੇ ਹੋਰ ਵਿਅਕਤੀ ਨੂੰ ਪ੍ਰਾਪਤ ਨਹੀਂ ਹੋਇਆ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਜਿਤਨਾ ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਛੁਹ ਦਾ ਸੁਆਦ ਮਾਣਿਆ, ਉਤਨਾ ਕਿਸੇ ਹੋਰ ਨੂੰ ਨਸੀਬ ਨਾ ਹੋ ਸਕਿਆ। ਪਰ ਇਹ ਵੀ ਇਕ ਨਾ ਝੁਠਲਾਉਣ ਵਾਲੀ ਸੱਚਾਈ ਹੈ ਕਿ ਜਿਤਨਾ ਭਾਈ ਮਰਦਾਨਾ ਜੀ ਨੂੰ ਗ਼ਲਤ ਸਮਝ ਕੇ ਉਲੀਕਿਆ ਗਿਆ ਹੈ, ਉਤਨਾ ਹੋਰ ਕਿਸੇ ਨੂੰ ਵੀ ਨਹੀਂ। ਸਾਡੇ ਸਾਹਮਣੇ ਜੋ ਸਰੂਪ ਸਦੀਆਂ ਤੋਂ ਭਾਈ ਮਰਦਾਨਾ ਜੀ ਦਾ ਲਿਆਂਦਾ ਜਾ ਰਿਹਾ ਹੈ, ਉਹ ਇਕ ਭੁੱਖੇ, ਤਿਹਾਏ, ਲਾਲਚੀ, ਮਾਂਗਤ, ਡਰਪੋਕ ਤੇ ਆਮ ਮਿਰਾਸੀ ਦਾ ਹੈ। ਪਰ ਉਸ ਮਹਾਂਪੁਰਸ਼ ਦਾ ਸਮੁੱਚਾ ਜੀਵਨ ਗਹੁ ਨਾਲ ਦੇਖਿਆਂ ਇਹ ਪਤਾ ਲੱਗਦਾ ਹੈ ਕਿ ਉਹ ਨਿਰਛਲ, ਨਿਰਕਪਟ, ਸੂਰਮਾ, ਵਖਤੇ ਉੱਪਰ ਲੜਨ ਮਰਨ ਵਾਲਾ, ਦੁੱਖਾਂ ਨੂੰ ਹੱਸ ਕੇ ਝੱਲਣ ਵਾਲਾ, ਰਾਗ ਵਿੱਦਿਆ ਵਿਚ ਪ੍ਰਬੀਨ, ਨਿਰਭੈ ਅਤੇ ਗੁਰੂ ਨਾਨਕ ਜੀ ਦਾ ਐਸਾ ਸਾਥੀ ਸੀ, ਜਿਸ ਨੇ ਹਰ ਦੁੱਖ ਤੇ ਆਈ ਔਕੜ ਦਾ ਡੱਟ ਕੇ ਮੁਕਾਬਲਾ ਕੀਤਾ। *ਇਹ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸੰਸਾਰ ਪ੍ਰਸਿੱਧ ਗਾਇਕ ਤਾਨਸੇਨ ਦੇ ਗੁਰੂ ਹਰਿਦਾਸ ਮਰਦਾਨਾ ਜੀ ਦੇ ਹੀ ਸ਼ਾਗਿਰਦ ਸਨ।*[1] ਇਸੇ ਲਈ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਉਦਾਸੀਆਂ ਦਾ ਹਾਲ ਲਿਖਣ ਵੇਲੇ ਕੇਵਲ ਇਕ ਸਾਥੀ ਦਾ ਨਾਂ ਲਿਖਿਆ ਤੇ ਉਹ ਸੀ, ਮਰਦਾਨਾ। ਭਾਈ ਜੀ ਦੇ ਸ਼ਬਦ ਹਨ :

**"ਇਕੁ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ।"**

ਫਿਰ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਸਿੱਖਾਂ ਦੀ ਸੂਚੀ ਵਿਚ ਉਸ ਦਾ ਵਰਣਨ ਇਕ ਸੁਚੱਜੇ ਰਬਾਬ ਵਜਾਉਣ ਵਾਲੇ ਕਰਕੇ ਕੀਤਾ।

**'ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ॥ ੧੩॥ ੧੧॥**

---

1. ਇਸ ਭਾਵ ਦੀ ਲਿਖਤ ਕਰਨਾਟਕ ਯੂਨੀਵਰਸਿਟੀ ਵਿਚ ਪਈ ਹੈ। ਫ਼ਾਈਲ ਨੰਬਰ W.N. 17-9/B, ਨਾਰਥ ਇੰਡੀਆ ਸੇਟਸ।
ਹਰੀਦਾਸ ਅਨੰਤਪੁਰਮ ਦੇ ਸਨ।

ਗੁਰੂ ਨਾਨਕ ਜੀ ਜਦ ਵੀ ਬੋਲਦੇ ਇਹ ਹੀ ਕਹਿੰਦੇ : *'ਮਰਦਾਨਿਆਂ ਰਬਾਬ ਵਜਾਇ। ਕਾਈ ਸਿਫ਼ਤ ਖ਼ੁਦਾਇ ਦੇ ਦੀਦਾਰ ਦੀ ਕਰੀਏ।'*

ਭਾਈ ਮਨੀ ਸਿੰਘ ਜੀ ਨੇ ਮਰਦਾਨਾ ਜੀ ਦਾ ਗੁਰੂ ਨਾਨਕ ਦੇਵ ਜੀ ਨਾਲ ਪਹਿਲਾ ਮੇਲ ਤਲਵੰਡੀ ਵਿਖੇ ਹੀ ਹੋਇਆ ਦੱਸਿਆ, ਜਿੱਥੋਂ ਦੇ ਉਹ ਜਮਪਲ ਸਨ। ਭਾਈ ਮਨੋਹਰ ਦਾਸ, (ਮੇਹਰਬਾਨ ਜੀ) ਨੇ ਉਸ ਨੂੰ ਗੁਰੂ ਨਾਨਕ ਦੇਵ ਜੀ ਦੇ 'ਬਾਲਪਣ ਦਾ ਸਾਥੀ, ਤਲਵੰਡੀ ਰਾਇ ਭੋਐ ਕੀ ਰਹਿੰਦਾ, ਰਬਾਬ ਵਜਾਇੰਦਾ' ਲਿਖਿਆ ਹੈ।

ਪਹਿਲਾ ਮੇਲ ਲਗਪਗ ਸੰਨ ੧੪੮੦ ਈ: ਵਿਚ ਹੋਇਆ ਤੇ ਇਹ ਸੰਬੰਧ ਮਰਦਾਨਾ ਜੀ ਦੇ ਅੰਤਮ ਸਮੇਂ, ਸੰਨ ੧੫੩੪ ਈ: ਤੱਕ ਬਣਿਆ ਰਿਹਾ। ਇਸ ਹਿਸਾਬ ਨਾਲ ਉਹ ੫੪ ਸਾਲ ਗੁਰੂ ਨਾਨਕ ਜੀ ਨਾਲ ਰਹੇ। ਤਲਵੰਡੀ ਵਿਚ ਸਾਥੀ, ਸੁਲਤਾਨਪੁਰ ਇਕੱਠੇ, ਉਦਾਸੀਆਂ ਵਿਚ ਸਦਾ ਨਾਲ ਅਤੇ ਕਰਤਾਰਪੁਰ ਦੇ ਘੁੱਗ ਵੱਸ ਜਾਣ ਉਪਰੰਤ ਹੀ ਚੜ੍ਹਾਈ ਕੀਤੀ ਲੱਗਦੀ ਹੈ। ਇਸੇ ਲਈ ਗੁਰੂ ਨਾਨਕ ਜੀ ਨੇ ਇਕ ਵਾਰੀ ਕਿਹਾ ਸੀ, 'ਮਰਦਾਨਿਆ, ਜਿੱਥੇ ਤੇਰਾ ਵਾਸਾ, ਉਥੇ ਮੇਰਾ।' ਇਹ ਹੀ ਕਾਰਨ ਲੱਗਦਾ ਹੈ ਕਿ ਭਾਈ ਮਰਦਾਨਾ ਜੀ ਨੂੰ ਉਹ ਹੱਕ ਵੀ ਮਿਲ ਗਿਆ, ਜੋ ਪਿੱਛੋਂ ਕੇਵਲ ਗੁਰੂ ਸਾਹਿਬਾਨ ਨੂੰ ਪ੍ਰਾਪਤ ਹੋਇਆ। ਬਿਹਾਗੜਾ ਕੀ ਵਾਰ ਦੇ ਸਲੋਕਾਂ ਵਿਚ 'ਨਾਨਕ' ਸ਼ਬਦ ਦੀ ਉਨ੍ਹਾਂ ਵਲੋਂ ਵਰਤੋਂ ਕਰ ਲੈਣੀ, ਗੁਰੂ ਨਾਨਕ ਦੇਵ ਜੀ ਉੱਤੇ ਹੱਕ ਹੀ ਜਤਲਾਉਣਾ ਸੀ। ਇਹ ਸੱਚਮੁੱਚ ਇਕ ਐਸੀ ਵੱਡੀ ਵਡਿਆਈ ਸੀ ਜੋ ਕਿਸੇ ਸਿੱਖ, ਸੰਬੰਧੀ, ਸਾਕ, ਭਾਈ, ਭਗਤ ਨੂੰ ਪ੍ਰਾਪਤ ਨਾ ਹੋ ਸਕੀ। ਸਲੋਕਾਂ ਉੱਤੇ ਦਿੱਤੇ ਸਿਰਲੇਖ 'ਸਲੋਕ ਮਰਦਾਨਾ ੧', ਇਹ ਸਭ ਪ੍ਰਗਟਾਉਣ ਲਈ ਹੀ ਹੈ।

*'ਮਰਦਾਨਾ' ਉਨ੍ਹਾਂ ਨੂੰ ਗੁਰੂ ਨਾਨਕ ਜੀ ਵਲੋਂ ਮਿਲਿਆ ਖ਼ਿਤਾਬ ਸੀ।* ਉਨ੍ਹਾਂ ਦਾ ਪਾਵਨ ਨਾਂ 'ਦਾਨਾ' ਸੀ। ਭਾਈ ਦਾਨਾ ਜੀ ਦੇ ਪੂਜ ਪਿਤਾ ਜੀ ਦਾ ਨਾਮ ਭਾਈ ਬਦਰੇ ਸੀ ਤੇ ਮਾਤਾ ਜੀ ਦਾ ਨਾਂ ਮਾਈ ਲੱਖੋ ਸੀ। ਮਹਾਂ ਕੋਸ਼ ਦੇ ਲਿਖਾਰੀ ਭਾਈ ਕਾਹਨ ਸਿੰਘ ਜੀ ਦੇ ਲਿਖੇ ਅਨੁਸਾਰ ਉਨ੍ਹਾਂ ਦਾ ਜਨਮ ਤਲਵੰਡੀ ਵਿਖੇ ਸੰਨ ੧੪੫੯ ਈ: ਨੂੰ ਹੋਇਆ। ਉਨ੍ਹਾਂ ਦਾ ਦਿਹਾਂਤ ਨਵੰਬਰ ੧੮, ਸੰਨ ੧੫੩੪ ਈ: ਮੁਤਾਬਕ ੧੩ ਮਘਰ, ੧੫੯੧ ਨੂੰ ਹੋਇਆ। ਪਰ ਇਕ ਗੱਲ ਮਹਾਂਕੋਸ਼ ਵਿਚ ਅਜਿਹੀ ਲਿਖੀ ਹੈ, ਜੋ ਇਤਿਹਾਸ ਦੀ ਕਸੌਟੀ ਉੱਤੇ ਪੂਰੀ ਨਹੀਂ ਉਤਰਦੀ। ਮਹਾਂ ਕੋਸ਼ ਵਿਚ ਵਰਣਨ ਹੈ ਕਿ ਮਰਦਾਨਾ ਜੀ ਦਾ ਦਿਹਾਂਤ ਦਰਿਆ ਕੁਰਮ ਦੇ ਕਿਨਾਰੇ ਕੁਰਮ ਸ਼ਹਿਰ ਵਿਖੇ ਹੋਇਆ ਤੇ ਗੁਰੂ ਨਾਨਕ ਦੇਵ ਜੀ ਨੇ ਹੱਥੀਂ ਸਸਕਾਰ ਕੀਤਾ। ਸੰਨ ੧੫੩੪ ਈ: ਵਿਚ ਗੁਰੂ ਨਾਨਕ ਦੇਵ ਜੀ ਕਿਸੇ ਵੀ ਹਿਸਾਬ ਨਾਲ ਕੁਰਮ ਨਹੀਂ ਸਨ ਹੋ ਸਕਦੇ। ਫਿਰ ਆਪੂੰ ਜੇ ਮਰਦਾਨਾ ਜੀ ਉੱਥੇ ਗਏ ਹੋਣ ਤੇ ਉਨ੍ਹਾਂ ਦੀ ਅਚਾਨਕ ਮ੍ਰਿਤੂ ਹੋ ਗਈ ਹੋਵੇ ਤਾਂ ਹੱਥੀਂ ਸਸਕਾਰ ਨਹੀਂ ਹੋ ਸਕਦਾ। ਸੋ ਇਹ ਠੀਕ ਤੇ ਜੱਚਦਾ ਹੈ ਕਿ ਭਾਈ ਮਰਦਾਨਾ ਜੀ ਨੇ ਕਰਤਾਰਪੁਰ ਹੀ ਪ੍ਰਾਣ ਤਿਆਗੇ ਤੇ ਗੁਰੂ ਨਾਨਕ ਜੀ ਨੇ ਹੱਥੀਂ ਰਾਵੀ ਕਿਨਾਰੇ ਸਸਕਾਰ ਕੀਤਾ। ਭਾਈ ਮਰਦਾਨਾ ਜੀ ਦੇ ਦੋ ਪੁੱਤਰ ਰਜਾਦਾ ਤੇ ਸਜਾਦਾ ਸਨ। ਸਜਾਦਾ ਜੀ ਤਲਵੰਡੀ ਹੀ ਰਹੇ ਤੇ ਰਜਾਦਾ ਜੀ ਕਰਤਾਰਪੁਰ ਆ ਟਿਕੇ।

ਗੁਰੂ ਨਾਨਕ ਦੇਵ ਜੀ ਤਲਵੰਡੀ ਵਿਖੇ ਹੀ ਕੀਰਤਨ ਦੀ ਮਹੱਤਤਾ ਦ੍ਰਿੜ੍ਹਾਉਣ ਲੱਗ ਪਏ ਸਨ। ਉਹ ਕਿਰਤ ਤੇ ਕੀਰਤੀ ਜੋੜ ਰਹੇ ਸਨ। ਜਦ ਉਹ ਇਕ ਵਾਰੀ ਸੱਚਾ ਸੌਦਾ ਕਰ


www.sikhbookclub.com

'ਅਬਦਾਲਾਂ' ਨੂੰ ਖਾਣਾ ਖਵਾ ਆਏ ਸਨ ਤਾਂ ਪਿਤਾ ਜੀ ਦੇ ਗੁੱਸੇ ਹੋਣ ਉੱਤੇ ਉਨ੍ਹਾਂ ਇਹ ਹੀ ਕਿਹਾ ਸੀ ਕਿ ਉਹ ਪਿਤਾ ਲਈ ਆਖ਼ਿਰ ਸਵਾਰ ਆਏ ਹਨ। 'ਅਬਦਾਲ' ਅਲਾਹ ਦੇ ਕੀਰਤਨ ਵਿਚ ਜੁੜਨ ਵਾਲਾ ਇਕ ਸੂਫ਼ੀ ਤੱਬਕਾ ਸੀ। ਅਬਦਾਲ ਕਿਹਾ ਕਰਦੇ ਸਨ ਕਿ 'ਰਾਗ ਸਦ ਹੈ ਅੱਲ੍ਹਾ ਵਲੋਂ ਰੂਹ ਨੂੰ, ਰੂਹ ਦਾ ਜਵਾਬ ਹੈ, ਵਜਦ ਵਿਚ ਆ ਜਾਣਾ, ਗੱਸ਼ ਹੋ ਡਿੱਗ ਪੈਣਾ ਤੇ ਰੂਹ ਦਾ ਅੱਲ੍ਹਾ ਵਿਚ ਸਮਾ ਜਾਣਾ।' ਬਾਬਾ ਨਾਨਕ ਜੀ ਆਪਣੇ ਆਪ ਨੂੰ ਢਾਡੀ ਤੇ ਤਬਲਬਾਜ਼ ਕਹਿ ਕੇ ਜ਼ਿਆਦਾ ਖੁਸ਼ ਹੁੰਦੇ ਸਨ। ਇਸੇ ਲਈ ਉਹ ਇਕ ਐਸੇ ਸਾਥੀ ਦੀ ਭਾਲ ਵਿਚ ਸਨ ਜਿਸ ਪਾਸ ਰਾਗ ਹੋਵੇ। 'ਸ਼ਬਦ ਮਿਲਾਵਾ' ਉਹ ਆਪ ਕਰ ਦੇਣਗੇ।

ਫਿਰ ਗੁਰੂ ਜੀ ਦਾ ਨੀਵੀਂ ਜਾਤ ਦੇ ਇਕ ਡੂਮ ਨੂੰ ਆਪਣਾ ਸਾਥੀ ਬਣਾਉਣਾ ਉੱਚੀਆਂ ਜਾਤਾਂ ਦੇ ਅਭਿਮਾਨੀਆਂ ਉੱਤੇ ਇਕ ਤਗੜੀ ਚੋਟ ਸੀ। ' ਜਾ ਕੀ ਛੋਤ ਜਗਤ' ਨੂੰ ਲੱਗਦੀ ਸੀ, ਬਾਬਾ ਤਾਂ ਉਸੇ ਉੱਤੇ ਰੀਝਦਾ ਸੀ। *ਬਾਬਾ ਨੀਵਿਆਂ ਨੂੰ ਉੱਚਾ ਤੇ 'ਮਰਦਾਨਾ' ਬਣਾਉਣ ਆਇਆ ਸੀ, ਗੁਰੂ ਗੋਬਿੰਦ ਸਿੰਘ ਜੀ 'ਬੰਦਾ'।* ਸਿੱਖੀ ਰਬਾਬ ਤੋਂ ਸ਼ੁਰੂ ਹੋਈ ਤੇ *ਨਗਾਰਾ* ਤੇ ਜਾ ਸੰਪੂਰਨ।

ਤਲਵੰਡੀ ਦੀ ਹੀ ਸਾਖੀ ਹੈ ਕਿ ਇਕ ਵਾਰੀ ਗੁਰੂ ਨਾਨਕ ਜੀ ਇਕ ਬ੍ਰਿਛ ਹੇਠਾਂ ਆਰਾਮ ਪਏ ਕਰਦੇ ਸਨ ਕਿ ਉਧਰੋਂ ਕਿਸੇ ਪਾਸਿਉਂ ਰਬਾਬ ਵਜਾਉਣ ਦੀ ਆਵਾਜ਼ ਉਨ੍ਹਾਂ ਦੇ ਕੰਨ ਵਿਚ ਪਈ। ਉਹ, ਉੱਠ ਕੇ ਰਬਾਬ ਵਜਾਉਣ ਵਾਲੇ ਕੋਲ ਗਏ ਤੇ ਪੁੱਛਿਆ, 'ਭਾਈ, ਤੇਰਾ ਨਾਉਂ ਕਿਆ ਹੈ ?' ਤਾਂ ਉਸ ਨੇ ਕਿਹਾ, 'ਜੀ ਮੇਰਾ ਨਾਉਂ 'ਦਾਨਾ', ਮੀਰਾਸੀ ਲੋਕੀਂ ਕਹਿੰਦੇ ਹਨ।' ਗੁਰੂ ਨਾਨਕ ਦੇਵ ਜੀ ਨੇ ਇਹ ਸੁਣ ਕੇ ਕਿਹਾ : 'ਤੂੰ ਰਬਾਬ ਭਲਾ ਵਜਾਇੰਦਾ ਹੈਂ, ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਡੀ ਸੰਗਤ ਕਰੈਂ ਤੇ ਇਹ ਰਾਗ ਸ਼ਬਦ ਪਾਇਕੈ ਗਾਵੈਂ ਤਾਂ ਤੇਰਾ ਦੀਨ ਦੁਨੀ ਵਿਚ ਉਧਾਰ ਕਰੀਏ', ਤਾਂ ਦਾਨਾ ਜੀ ਨੇ ਕਿਹਾ, 'ਅਸੀਂ ਤਾਂ ਧਨੀ ਲੋਕਾਂ ਨੂੰ ਰਾਗ ਸੁਣਾਇਕੈ ਚਾਰ ਪੈਸੇ ਲਿਆਂਦੇ ਹਾਂ, ਆਪਣੇ ਧੀਆਂ ਪੁੱਤਰਾਂ ਦਾ ਦੁਨੀਆਂ ਵਿਚ ਗੁਜ਼ਰਾਨ ਕਰਦੇ ਹਾਂ। ਅਸੀਂ ਜੇ ਤੇਰੇ ਨਾਲ ਲੱਗਾਂਗੇ, ਤਾਂ ਜੋ ਕੁਟੰਬੀ ਹੈਨਿ ਸੋ ਸਭ ਭੁੱਖ ਨਾਲ ਮਰ ਜਾਣਗੇ ਤੇ ਭੁੱਖਿਆਂ ਨਿਵਾਜ ਰੋਜ਼ਾ ਵੀ ਨਹੀਂ ਹੋਵੇਗਾ। ਦੀਨ ਭੀ ਤੇ ਦੁਨੀ ਭੀ ਅਸਾਡੇ ਐਵੇਂ ਜਾਣਗੇ। ਤੁਸੀਂ ਉਦਾਰ ਕਿਸੇ ਤਰ੍ਹਾਂ ਕਰੋਗੇ ?' ਇਹ ਸੁਣ ਸਾਹਿਬ ਬਚਨ ਕੀਤਾ, 'ਦਾਨਿਆ, ਤੂੰ ਦਿਵਾਨਾ ਹੋਇਆ ਹੈਂ, ਸਭ ਦੀ ਪ੍ਰਤਿਪਾਲਣਾ ਈਸ਼ਵਰ ਕਰਦਾ ਹੈ। ਨਮਾਜ਼ ਤੇ ਰੋਜ਼ਾ ਖ਼ੁਦਾ ਦੇ ਘਰੋਂ ਬਖ਼ਸ਼ਿਸ਼ ਹੈ। ਖ਼ੁਦਾ ਦਾ ਘਰ ਮਹਾਂਪੁਰਸ਼ਾਂ ਦਾ ਰਿਦਾ ਹੈ, ਜਦ ਲੇਖਾ ਹੋਵੇਗਾ ਤਾਂ ਕਿਸੇ ਹਾਮੀ ਨਹੀਂ ਭਰਨੀ।' ਫਿਰ ਗੁਰੂ ਨਾਨਕ ਜੀ ਨੇ ਸਮਝਾਉਂਦੇ ਹੋਏ ਕਿਹਾ : *ਦਾਨਿਆਂ, ਜੇ ਹੁਣ ਤੂੰ ਮਰਦਾਨਾ (ਸੂਰਮਾ) ਹੋਵੈਂ, ਸ਼ਬਦ ਪਾਇਕੈ ਰਾਗ ਨੂੰ ਗਾਵੇਂ ਤਾਂ ਤੇਰਾ ਦੋਹਾਂ ਲੋਕਾਂ ਦਾ ਕਾਰਜ ਹੋਵੇਗਾ।'* ਦਾਨਾ, ਮਰਦਾਨਾ ਬਣ ਧਰਤੀ ਦੇ ਲੋਕਾਂ ਨੂੰ ਸੋਧਣ ਲਈ ਗੁਰੂ ਨਾਨਕ ਜੀ ਨਾਲ ਹੋ ਉੱਠਿਆ। ਕੀਰਤਨ ਨੇ ਜਨਮ ਲੈ ਲਿਆ। ਬਾਬੇ ਦੇ ਸ਼ਬਦ ਤੇ ਮਰਦਾਨੇ ਦੀ ਰਬਾਬ ਨੇ ਉਹ ਕਰਾਮਾਤ ਕੀਤੀ ਜਿਸ ਦਾ ਬਦਲ ਅਜੇ ਤੱਕ ਸੰਸਾਰ ਨੂੰ ਨਹੀਂ ਲੱਭਾ ਤੇ ਸ਼ਾਇਦ ਕਦੇ ਵੀ ਨਾ ਲੱਭੇ। ਭਾਈ ਮਰਦਾਨਾ ਜੀ ਨੇ ਪੁੱਛਿਆ ਵੀ, 'ਬਾਬਾ, ਇਹ ਜੋ ਕੀਰਤਨ ਹਮ ਗਾਵਤੇ ਹੈਂ, ਇਹ ਕੀ ਸ਼ਬਦ ਹੈ, ਕਿਸੀ ਮਹਿ

Page 17 www.sikhbookclub.com

ਮੁਕਤ ਹੈ ਕਿ ਨਾ, ਉਹ ਸ਼ਬਦ ਕਿਛ ਅਵਰ ਤਾਂ ਨਹੀਂ।' ਗੁਰੂ ਨਾਨਕ ਜੀ ਨੇ ਕਿਹਾ: "ਇਹੀ ਕੀਰਤ ਸ਼ਬਦ ਹੈ, ਕਿ ਗੁਰੂ ਕਹਤਾ ਹੈ ਮਣੁ। ਜੋ ਸੁਰਤਿ ਕਰਿ ਕਰਿ ਸਮਝੈ ਤਿਸ ਕੀ ਮੁਕਤ ਹੋਇ। *ਸਾਈ ਕੀਰਤ, ਸਾਈ ਮੁਕਤ ਹੈ। ਇਹ ਕੀਰਤ ਅਰ ਮੁਕਤ ਇਕੋ ਹੈ।"*

ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਜੀ ਨੇ ਮਰਦਾਨੇ ਨੂੰ ਤਿੰਨ ਉਪਦੇਸ਼ ਦਿੱਤੇ :—*ਪਹਿਲਾ :* ਕੇਸ ਨਹੀਂ ਕਟਾਉਣੇ।

*ਦੂਜੇ : ਪਿਛਲੀ ਰਾਤ ਜਾਗ ਕੇ ਸਤਿਨਾਮ ਦਾ ਜਾਪ ਕਰੀਂ, ਅਤੇ*

*ਤੀਜੇ : ਆਇ ਗਏ ਸਾਧ-ਸੰਤ ਲੋੜਵੰਦ ਦੀ ਸੇਵਾ ਕਰਨੀ।* ਫਿਰ ਮਰਦਾਨਾ ਜੀ ਇਹ ਹੀ ਉਪਦੇਸ਼ ਸੰਗਤਾਂ ਨੂੰ ਦ੍ਰਿੜ੍ਹ ਕਰਾਂਦੇ ਰਹੇ। ਤਾਰੀਖਿ-ਪੰਜਾਬ ਵਿਚ ਲਿਖਿਆ ਮਿਲਦਾ ਹੈ ਕਿ ਮਰਦਾਨੇ ਦੀ ਰਬਾਬ ਦੀ ਹਰ ਤਾਰ ਵਿਚੋਂ 'ਨਿਰੰਕਾਰ ਨਾਨਕ ਬੰਦਾ ਤੇਰਾ ਹੈ' ਦੀ ਧੁਨੀ ਨਿਕਲਦੀ ਰਹਿੰਦੀ ਸੀ ਅਤੇ ਬਾਬਾ ਜੀ 'ਕਰਤਾਰ ਕਰਤਾਰ' ਬੋਲਦੇ ਰਹਿੰਦੇ ਸਨ। ਜਿਸ ਦਾਨਾਂ ਨੂੰ ਪਹਿਲਾਂ ਆਪਣੇ ਬੱਚਿਆਂ ਦੇ ਦਾਣੇ-ਫੱਕੇ ਦਾ ਫ਼ਿਕਰ ਸੀ, ਉਹ ਹੀ ਹੁਣ ਮਰਦਾਨਾ ਬਣ ਸਿਰਫ਼ ਸ਼ਬਦ, ਕੀਰਤੀ ਤੇ ਨਾਮ ਦਾ ਹੀ ਢੂੰਡਾਊ ਹੋ ਗਿਆ। ਜੋ ਆਗਿਆ ਗੁਰੂ ਨਾਨਕ ਜੀ ਨੇ ਕੀਤੀ, ਮਰਦਾਨਾ ਜੀ ਨੇ ਮੰਨੀ ਅਤੇ ਉਸ ਉੱਤੇ ਫੁੱਲ ਚੜ੍ਹਾਏ।

ਸਾਖੀ ਆਉਂਦੀ ਹੈ ਕਿ ਇਕ ਨਗਰ ਵਿਚ ਲੋਕਾਂ ਨੇ ਬਹੁਤ ਸਾਰਾ ਧਨ, ਬਸਤਰ ਤੇ ਅੰਨ ਗੁਰੂ ਨਾਨਕ ਜੀ ਨੂੰ ਭੇਟ ਕੀਤਾ। ਮਰਦਾਨਾ ਜੀ ਨੇ ਇਕੱਠੇ ਕੀਤੇ ਤੇ ਕਿਹਾ : 'ਲੋਕਾਂ ਜੋ ਚੜ੍ਹਾਏ, ਸੋ ਆਣੈ ਹੈਨਿ। ਜਿਵੇਂ ਰਜਾਇ ਹੋਵੈ ਤਿਵੈ ਮੈ ਕਰੀ।' ਗੁਰੂ ਨਾਨਕ ਜੀ ਨੇ ਕਿਹਾ : 'ਮਰਦਾਨਿਆਂ ਤੈਂ ਇਹ ਆਂਦੇ ਸੋ ਭਲਾ ਕੀਤਾ। ਪਰ ਇਹ ਸਾਡੇ ਕੰਮ ਨਾਹੀ, ਪਏ ਭਠਿ। ਇਹ ਸੁਟ ਘਤੁ ਏਥਾਊ।' ਮਰਦਾਨਾ ਜੀ ਨੇ ਸਭ ਪਦਾਰਥ ਉੱਥੇ ਹੀ ਸੁੱਟ ਦਿੱਤੇ। ਮਰਦਾਨਾ ਜੀ ਤਾਂ ਸਾਡੇ ਨਿਤਾਣਿਆਂ ਲਈ ਪੂਰਨੇ ਪਾ ਰਹੇ ਸਨ। 'ਧਰਮਸਾਲ ਦੀ ਝਾਕ, ਨੇ ਹੀ ਧਰਮ ਨੂੰ ਹੇਠਾਂ ਲੈ ਆਂਦਾ ਹੈ, ਧਰਮਸਾਲੀਆ ਕੀ ਅਤੇ ਝਾਕ ਕੀ? ਕੌਤਕ ਮਰਦਾਨਾ ਜੀ ਰਚਾਂਦੇ ਤੇ ਰਾਹ ਸਾਡੇ ਲਈ ਸੁਖਾਲਾ ਕਰੀ ਜਾਂਦੇ।

ਮਰਦਾਨਾ ਜੀ ਨੂੰ ਪੈਂਡੇ ਦੇ ਕਿਤਨੇ ਕੁ ਦੁਖ ਸਹਾਰਣੇ ਪਏ, ਇਸ ਦਾ ਅੰਦਾਜ਼ਾ ਇਸ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਕਈ-ਕਈ ਦਿਨ ਭੁੱਖਾ ਰਹਿਣਾ ਪਿਆ। ਉਜਾੜਾਂ, ਥੱਲਾਂ ਤੇ ਨੋਕੀਲੇ ਪੱਥਰਾਂ ਉੱਤੇ ਟੁਰਦੇ ਵੀ ਉਹ ਕਰਤਾਰ ਕਰਤਾਰ ਗਜਾਂਦੇ ਰਹੇ। ਮਰਦਾਨਾ ਜੀ ਦੇ ਆਪਣੇ ਸ਼ਬਦਾਂ ਵਿਚ : 'ਘੱਟ (ਗਲਾ) ਮਿਲ ਗਿਆ ਹੈ। ਤਬਕ (ਜ਼ਬਾਨ) ਜੁੜਿ ਗਏ ਹੈਨਿ, ਹਉ ਮਰਦਾ ਹਾਂ।' ਇਸ ਦਸ਼ਾ ਵਿਚ ਜਦ ਗੁਰੂ ਨਾਨਕ ਜੀ ਨੇ 'ਅਕ' ਖਾ ਕੇ ਸਮਾਂ ਟਪਾਉਣ ਲਈ ਕਿਹਾ ਤਾਂ ਜਿਵੇਂ ਹੱਸ-ਹੱਸ ਮਰਦਾਨਾ ਜੀ ਨੇ ਤਸੀਹੇ ਝੱਲੇ, ਅਸਾਂ ਨਾ-ਸਮਝੀ ਵਿਚ ਉਸ ਨੂੰ ਡਰਪੋਕਪੁਣਾ ਹੀ ਕਹਿ ਦਿੱਤਾ। ਸਾਰਾ ਵਾਰਤਾਲਾਪ ਪੜ੍ਹਨ ਨਾਲ ਸਬੰਧ ਰੱਖਦਾ ਹੈ। ਗੁਰੂ ਨਾਨਕ ਜੀ ਨੇ ਅਕ ਵੱਲ ਇਸ਼ਾਰਾ ਕਰ ਕੇ ਕਿਹਾ, 'ਇਸ ਦੇ ਫਲ ਖਾਹ।' ਮਰਦਾਨੇ ਆਖਿਆ : "ਵਾਹ! ਜੇ ਜ਼ਹਿਰ ਖਵਾ ਕੇ ਮਾਰਨਾ ਸੀ ਤਾਂ ਲਿਆਏ ਕਿਉਂ ਸਾਉ। ਅਜੇ ਤਾਂ ਮੈਂ ਆਪਣੀ ਮੀਰਾਸਣ ਨੂੰ ਰੱਜ ਕੇ ਡਿੱਠਾ ਵੀ ਨਹੀਂ, ਨਕਾਹ ਕਰਦਾ ਹੀ ਤੁਹਾਡੇ ਨਾਲ ਉਤਰਿਆ ਹਾਂ, ਅਜੇ ਮੈਂ ਤਲਵੰਡੀ ਜਾ ਕੇ, ਅੰਮਾ, ਬੇਬੇ, ਮਹਤਾ ਕਾਲੂ ਚੰਦ, ਰਾਇਬੁਲਾਰ ਸਾਰੇ ਲੋਕਾਂ ਨੂੰ ਤੁਹਾਡੀ ਅਨੋਖੀ ਯਾਤਰਾ ਦੀਆਂ ਗੱਲਾਂ ਕਥਾਕਰ ਹਸਾ-

ਹਸਾ ਕੇ ਰਿਝਾ ਕੇ ਮੈਂ ਲਾਚੇ ਲੁੰਡੀਆਂ ਲੈਣ ਦੀ ਆਸ ਰੱਖਦਾ ਹਾਂ ਤੇ ਤੁਸੀਂ ਹੁਣੇ ਜ਼ਹਿਰ ਖੁਵਾ ਕੇ ਅਲਖ ਮੁਕਾਵਣ ਲੱਗੇ ਹੋ।" ਗੁਰੂ ਨਾਨਕ ਜੀ ਮੁਸਕਰਾ ਦਿੱਤੇ। ਪਰ ਸਾਰੀ ਗੱਲ ਦਾ ਸਿੱਟਾ ਇਹ ਸੀ ਕਿ ਮਰਦਾਨਾ ਜੀ ਨੇ ਅੱਕ ਖਾਧੇ, ਰੋੜਾਂ ਦੀ ਵਿਛਾਈ ਕੀਤੀ ਅਤੇ ਹਰ ਉਹ ਤਸੀਹਾ ਝੱਲਿਆ ਜੋ ਉਸ ਦੇ ਬਾਬੇ ਮੁਰਸ਼ਦ ਨਾਨਕ ਨੇ ਸਹਾਰਿਆ। ਜੋ ਘਾਲ ਮਰਦਾਨੇ (ਸੂਰਮੇ) ਨੇ ਇਕੱਲਿਆਂ ਘਾਲੀ, ਉਹ ਹੀ ਸਾਰੀ ਕੌਮ ਨੇ ਪਿੱਛੋਂ ਅਠਾਰ੍ਹਵੀਂ ਸਦੀ ਵਿਚ ਘਾਲ ਕੇ ਦੱਸੀ। ਸਿੱਖ ਵੀ ਹੱਸ-ਹੱਸ ਤਸੀਹੇ ਝਲਦੇ। ਅੱਕਾਂ ਨੂੰ ਅੰਬ, ਛੋਲਿਆਂ ਨੂੰ ਬਦਾਮ, ਚੱਕੀ ਪੀਹਣ ਦੀ ਮੁਸ਼ੱਕਤ ਨੂੰ ਵਿਰਣੀ ਦੀ ਸਵਾਰੀ ਤੇ ਰੁਪਿਆਂ ਨੂੰ ਛਿਲੜਾਂ ਕਹਿ ਕੇ ਸ਼ੁਕਰ ਮਨਾਂਦੇ ਤੇ ਦੁੱਖਾਂ ਦਾ ਮਜ਼ਾਕ ਉਡਾਂਦੇ।

ਇਸੇ ਤਰ੍ਹਾਂ ਇਕ ਵਾਰੀ ਮਰਦਾਨਾ ਜੀ ਰਾਹੀਂ ਹੀ ਕਲਿਜੁਗ ਦੀ ਕਮਜ਼ੋਰੀ ਨੂੰ ਨੰਗਾ ਕੀਤਾ। ਕਲਿਜੁਗ ਬੜਾ ਬਲਵਾਨ ਹੋਵੇਗਾ ਪਰ ਉਸ ਦੀ 'ਕੀਰਤ' ਅੱਗੇ ਇਕ ਨਹੀਂ ਚਲਦੀ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਕਲਿਜੁਗ ਗੁਰੂ ਨਾਨਕ ਨੂੰ ਮਿਲਣ ਆਇਆ। 'ਤਬਿ ਬਾਬਾ ਦੇਖੈ ਤਾਂ ਅੰਧੇਰੀ ਬਹੁਤ ਆਈ, ਦਰਖਿਤ ਲੱਗੇ ਉੱਡਣ। ਤਬਿ ਮਰਦਾਨਾ ਬਹੁਤ ਭੈਮਾਨ ਹੋਇਆ, ਆਖਿਉਸ : 'ਜੀਉ, ਪਾਤਸ਼ਾਹ, ਆਣਿ ਉਜਾੜ ਵਿਚ ਪਾਇ ਮਾਰਿਓ, ਗੋਰ ਖਫਣਹੁ ਭੀ ਗਏ।' ਤਬ ਗੁਰੂ ਬਾਬੇ ਕਿਹਾ : 'ਮਰਦਾਨਿਆਂ ਕਾਹਲਾ ਹੋਹੁ ਨਾਹੀ।' ਤਬ ਮਰਦਾਨੇ ਆਖਿਆ : 'ਅੱਜ ਤੋੜੀ ਏਡਾ ਹੋਇਆ ਹਾਂ, ਇਹ ਬਲਾ ਤਾਂ ਨਾਹੀ ਡਿੱਠੀ, ਜੁ ਏਹੁ ਕੀ ਆਇਆ ਹੈ ਅਸਾਡੇ ਜੀਅੜੇ ਤਾਈਂ। ਤਬ ਅਗਨਿ ਕਾ ਰੂਪ ਦਿਖਾਲਿਆ। ਜੋ ਧੂੰਆਂ ਚਉਹਾਂ ਧਿਰਾਂ ਤੋਂ ਉਠਿਆ, ਚਾਰੇ ਕੂੰਡਾਂ ਅਗਨਿ ਹੋਈਆਂ। ਤਬਿ ਮਰਦਾਨਾ ਮੂੰਹ ਢੱਕ ਕੇ ਪੈ ਰਿਹਾ। ਆਖਿਉਸ : 'ਜੀਵਨਾ ਰਿਹਾ।' ਬਾਬੇ ਕਿਹਾ : 'ਰਬਾਬ ਸੰਭਾਲ।' ਮਰਦਾਨੇ ਰਬਾਬ ਸੰਭਾਲੀ ਤੇ ਗੁਬਾਰ ਉੱਡ ਗਏ। ਬਾਬੇ ਨੇ ਮਰਦਾਨੇ ਰਾਹੀਂ ਸਾਰੇ ਭੇਦ ਖੋਲ੍ਹ ਦਿੱਤੇ। ਕਲਿਜੁਗ ਜਿੱਤਿਆ ਗਿਆ। *ਬਾਬਾ ਸ਼ਬਦ ਹੈ, ਮਰਦਾਨਾ ਸੁਰਤਿ ਹੈ। ਸੁਰਤਿ ਭੁੱਲ ਜਾਂਦੀ ਹੈ ਤੇ ਕਲਿਜੁਗ ਆ ਜਾਂਦਾ ਹੈ। ਸ਼ਬਦ ਟੁੱਟਾ ਨਹੀਂ ਕਿ ਸੁਰਤਿ ਡਿੱਗੀ ਨਹੀਂ।*

ਇਸ ਵਿਚ ਕੋਈ ਸ਼ੱਕ ਨਹੀਂ ਕਿ ਘਾਲ ਬਹੁਤ ਕਰੜੀ ਸੀ ਪਰ ਮਰਦਾਨਾ ਜੀ ਵੀ ਇਸ ਤੋਂ ਅਨਜਾਣ ਜਾਂ ਅਵੇਸਲੇ ਨਹੀਂ ਸਨ। ਸੋ ਉਹ ਸਦਾ ਬਖ਼ਸ਼ਿਸ਼ਾਂ, ਸ਼ਕਤੀਆਂ ਤੇ ਰੱਖਿਆ ਮੰਗਦੇ ਰਹਿੰਦੇ ਸਨ। ਮਰਦਾਨਾ ਜੀ ਨੇ ਇਕ ਵਾਰੀ ਕਿਹਾ : 'ਬਾਬਾ, ਤੇਰੀ ਘਾਲ ਕਰੜੀ, ਮੇਰੇ ਵਰਗੇ ਤੋਂ ਨਹੀਂ ਹੁੰਦੀ।' ਗੁਰੂ ਨਾਨਕ ਜੀ ਨੇ ਆਖਿਆ : 'ਮਰਦਾਨਿਆ, ਤੂੰ ਕਿਵੇਂ ਰਹਿ ਭੀ ਅਸਾਂ ਨਾਲਿ,' ਤਾਂ ਮਰਦਾਨਾ ਜੀ ਨੇ ਕਿਹਾ : ਮੈਂ ਤਾਂ ਹੀ ਤੇਰੇ ਨਾਲ ਰਵ੍ਹਾਂ, *ਜੇ ਮੈਨੂੰ ਤੂੰ ਆਪਣਾ ਜੇਹਾ ਧੀਰਜ ਦੇਹ। ਜਿਵੇਂ ਤੁਹਾਨੂੰ ਭੁੱਖ, ਤਰੇਹ ਨਹੀਂ ਸਤਾਂਦੀ ਤਿਵੇਂ ਮੈਨੂੰ ਵੀ ਨਾਹ ਸਤਾਵੇ। ਜਿਸ ਅਵਸਥਾ ਵਿਚ ਤੁਸੀਂ ਰਹਿੰਦੇ ਹੋ ਉਸ ਅਵਸਥਾ ਵਿਚ ਮੈਨੂੰ ਵੀ ਲੈ ਚਲੋਂ।* ਜੇ ਇਹ ਮੇਹਰ ਕਰੋ ਤਾਂ ਰਵ੍ਹਾਂ। ਨਹੀਂ ਤਾਂ ਮੈਨੂੰ ਆਗਿਆ ਦਿਉ।" ਗੁਰੂ ਨਾਨਕ ਜੀ ਇਹ ਸੁਣ ਕੇ ਬਹੁਤ ਹੀ ਖ਼ੁਸ਼ ਹੋਏ ਤੇ ਫ਼ਰਮਾਇਆ : "ਸ਼ਾਬਾਸ਼ ਮਰਦਾਨਿਆ। ਤੈਂ ਭਲੀ ਵਸਤੂ ਮੰਗੀ।" ਜਦ ਬਾਬਾ ਨਾਨਕ ਜੀ ਨੇ ਮੇਹਰ ਦੀ ਦ੍ਰਿਸ਼ਟੀ ਕੀਤੀ ਤਾਂ ਮਰਦਾਨਾ ਜੀ ਨੇ ਰਬਾਬ ਦੀ ਤਾਰ ਨਾਲ ਸਿਫ਼ਤ ਗਾਈ :

 www.sikhbookclub.com

**'ਇਕੋ ਨਾਂਉ ਤਕੜਾ ਕੀਉਨ, ਹੋਰ ਨਾਂਵ ਸਭ ਕੀਅਨ ਖਰਾਬਾ।**
**ਨੇੜੈ ਨਜੀਕ ਖੁਦਾਇ ਦੇ ਬਾਬਾ।'**

ਪਰ ਨਿਮਰਤਾ ਦੇ ਪੁੰਜ ਗੁਰੂ ਨਾਨਕ ਜੀ ਨੇ ਉਸੇ ਸਮੇਂ ਮਰਦਾਨੇ ਨੂੰ ਟੋਕ ਦਿੱਤਾ ਤੇ ਕਿਹਾ, "ਪੂਰਾ ਜੀ, ਪੂਰਾ ਪਰਮੇਸ਼ਰ ਸਲਾਹੁਣਾ। ਮਰਦਾਨਿਆ, ਅਸੀਂ ਕਵਣ ਕੀਟ ਜੇ ਉਸ ਦੇ ਨਜ਼ੀਕ ਪਹੁੰਚਹੁ।" ਪਰ ਮਰਦਾਨਾ ਜੀ ਜੋ ਗੁਰੂ ਨਾਨਕ ਜੀ ਦੀ ਰਹਿਣੀ, ਬਹਿਣੀ, ਕਥਨੀ, ਕਰਣੀ ਦੇਖ ਚੁਕੇ ਸਨ, ਨਾ ਰੁਕੇ ਤੇ ਫਿਰ ਕਿਹਾ :

**'ਸਹੀ ਤਾਂ ਨਾਨਕ ਕਾਲੂਆਣ, ਜਿਨਿ ਸਿਰੀ, ਫੁਨਿ ਤਿਸਹੀ ਗੋਈ।**
**ਜੇ ਤੁਧੁ ਜੇਵਡ ਪਰਮੇਸਰ ਹੋਇ ਤਾ ਹੋਈ।'**

ਭਾਈ ਮਰਦਾਨਾ ਜੀ ਜਦ ਵੀ ਮੰਗਦੇ, *'ਦੂਜੇ ਭਾਵ ਦਾ ਝਗੜਾ ਮੇਰੇ ਮੰਨ ਤੇ ਤੁਟੇ,* ਹੀ ਮੰਗਦੇ ਜਾਂ ਧੀਰਜ ਦੀ ਰਹਿਮਤ ਲਈ ਝੋਲੀ ਪਸਾਰਦੇ। ਮਰਦਾਨਾ ਜੀ ਨੇ ਹੱਥ ਜੋੜ ਇਕ ਵਾਰ ਕਿਹਾ : 'ਬਾਬਾ ਤੇਰਾ ਮੇਰਾ ਅੰਤਰ ਨਾਹੀ, ਤੂੰ ਖੁਦਾਇ ਦਾ ਡੂਮ, ਹਉ ਤੇਰਾ ਡੂਮ। ਤੈਂ ਖੁਦਾਇ ਪਾਇਆ ਹੈ, ਤੈਂ ਖੁਦਾਇ ਦੇਖਿਆ ਹੈ, ਤੇਰਾ ਕਿਹਾ ਖੁਦਾਇ ਕਰਦਾ ਹੈ, ਮੇਰੀ ਬੇਨਤੀ ਹੈ, ਇਕ ਮੈਨੂੰ ਵਿਛੋੜਨਾ ਨਾਹੀ, ਆਪ ਨਾਲਹੁ, ਨਾ ਐਥੇ, ਨਾ ਓਥੈ।" ਗੁਰੂ ਨਾਨਕ ਜੀ ਨੇ ਉਸੇ ਸਮੇਂ ਬਖ਼ਸ਼ਿਸ਼ ਕਰਦੇ ਫ਼ਰਮਾਇਆ : 'ਮਰਦਾਨਿਆ, ਤੁਧੁ ਉਪਰ ਮੇਰੀ ਖੁਸ਼ੀ ਹੈ, ਜਿੱਥੇ ਤੇਰਾ ਵਾਸਾ, ਉੱਥੇ ਮੇਰਾ ਵਾਸਾ।'

ਭਾਈ ਮਰਦਾਨਾ ਨਾਲ ਹੋਈਆਂ ਗੁਰੂ ਨਾਨਕ ਜੀ ਦੀਆਂ ਸਾਰੀਆਂ ਹੀ ਗੋਸ਼ਟਾਂ ਪੜ੍ਹਨ ਨਾਲ ਸੰਬੰਧ ਰੱਖਦੀਆਂ ਹਨ। ਹਰ ਗੋਸ਼ਟੀ ਨੇ ਕਈ ਗੁਹਜ ਭਾਵ ਖੋਲ੍ਹੇ ਹਨ। 'ਰਾਗਾਂ ਦੀ ਮਹੱਤਤਾ, ਧਨ ਪਿਰ ਦਾ ਵਿਛੁੜਣਾ, ਸਮਾਂ ਕਿਹੜਾ ਚੰਗਾ, ਦਰਿਆ ਤੇ ਤਾਂ ਬੇੜਾ ਹੁੰਦਾ ਹੈ, ਮਲਾਹ ਪਾਰ ਲੰਘਾਂਦਾ ਹੈ, ਤਿਵੇਂ ਸੰਸਾਰ ਦਰਿਆ ਹੈ, ਇਸ ਦਰਿਆ ਦਾ ਬੇੜਾ ਕਉਨ ਹੈ, ਲੰਘਾਉਣ ਵਾਲਾ ਕਉਨ ਹੈ। ਮਨੁੱਖ ਖ਼ੁਦਾ ਨਾਲ ਮਿਲਦਾ ਕਿਵੇਂ ਹੈ, ਤੇ ਵਿਛੜਦਾ ਕਿਵੇਂ ਹੈ, ਜਿਸ ਨੇ ਉਸ ਨੂੰ ਪਾ ਲਿਆ, ਉਸ ਨੂੰ ਕਿਵੇਂ ਕਰ ਜਾਣੀਏ, ਆਦਿਕ ਕਿਤਨੇ ਹੀ ਸੁਆਲ ਪੁੱਛੇ। ਇਨ੍ਹਾਂ ਪ੍ਰਸ਼ਨਾਂ ਤੋਂ ਮਰਦਾਨਾ ਜੀ ਦੀ ਲਗਨ ਤੇ ਤੀਖਣ ਬੁੱਧੀ ਦਾ ਪਤਾ ਲੱਗਦਾ ਹੈ।

ਸੰਸਾਰ ਭਲੇ ਲਈ ਗੁਰੂ ਨਾਨਕ ਜੀ ਨੇ ਹਰ ਉਠਾਏ ਗਏ ਪ੍ਰਸ਼ਨ ਦਾ ਉੱਤਰ ਦਿੱਤਾ। *'ਰਾਗ ਤਾਂ ਸਭ ਭਲੇ ਹੈਨਿ, ਪਰ ਸੱਭ ਤੋਂ ਭਲਾ ਉਹ ਹੀ ਹੈ ਜਿਸ ਦੁਆਰਾ ਉਹ ਚਿੱਤ ਆਵੇ।* ਸਭੇ ਰੁਤੀ ਅਰੁ ਸਭੇ ਮਾਹ ਉਸੇ ਨੂੰ ਭਲੇ ਹੈਨਿ ਜਿਨ੍ਹਾਂ ਨੂੰ ਪਰਮੇਸ਼ਰ ਚਿੱਤ ਆਂਵਦਾ ਹੈ। ਬਾਣੀ ਬੋਹਥ ਹੈ, ਗੁਰੂ ਲੰਘਾਵਣਹਾਰ ਮਲਾਹ ਹੈ। ਜੋ ਅੰਤਰ ਦੀ ਹਉਮੈ, ਜੋ ਗਰਬ ਹੈ, ਸੋ ਦਿਲ ਤੇ ਨਿਵਾਰ ਦੂਰ ਕਰੇ ਤਾਂ ਹੀ ਇਹ ਸਾਹਿਬ ਨੂੰ ਪਾਏ ਆਦਿ।'

ਜੁਰਅੱਤ, ਨਿਰਭੈਤਾ ਤੇ ਬੇਬਾਕੀ ਉਨ੍ਹਾਂ ਗੁਰੂ ਨਾਨਕ ਜੀ ਕੋਲੋਂ ਹੀ ਪਾਈ ਸੀ। 'ਸਚ ਸੁਣਾਇਸੀ ਸਚੁ ਕੀ ਬੇਲਾ' ਵਾਲਾ ਸੁਭਾਉ ਉਨ੍ਹਾਂ ਦਾ ਪਰਪੱਕ ਹੋ ਗਿਆ ਸੀ। ਮੱਥਰਾ, ਜੋ ਉਂਞ ਤਾਂ ਤੀਨ ਲੋਕ ਤੋਂ ਨਿਆਰੀ ਕਰਕੇ ਪ੍ਰਸਿੱਧ ਸੀ ਪਰ ਉੱਥੇ ਧਰਮ ਦੇ ਨਾਂ ਹੇਠਾਂ ਪਾਪ ਹੁੰਦੇ ਦੇਖ ਮਰਦਾਨਾ ਜੀ ਨੇ ਆਖ ਹੀ ਦਿੱਤਾ : "ਬਾਬਾ! ਇਥੋਂ ਦੇ ਲੋਕ ਲੁੱਚੇ, ਲਵਾਰ, ਚੋਰ, ਯਾਰ ਬਹੁਤੇ ਹਨ। ਤੀਰਥ ਪਰ ਏਹੋ ਜਹੇ ਤਾਂ ਨਹੀਂ ਹੋਣੇ ਚਾਹੀਦੇ', ਜ਼ਰਾ ਨਾ ਝਿਜਕੇ। ਮੱਕਾ, ਮਦੀਨਾ, ਬਗ਼ਦਾਦ ਤੇ ਇਸਲਾਮੀ ਦੇਸ਼ਾਂ ਵਿਚ ਰਬਾਬ ਨਾਲ ਸ਼ਬਦ ਕੀਰਤਨ ਕਰ, ਨਾ

ਸਿਰਫ਼ ਸਭ ਨੂੰ ਹੈਰਾਨ ਕੀਤਾ ਸਗੋਂ ਜੁਰਅੱਤ ਦੀ ਹੱਦ ਦੱਸੀ। ਇਸਲਾਮੀ ਮੁਲਕਾਂ ਵਿਚ ਮਰਦਾਨਾ ਜੀ ਨੇ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਗਾਏ। ਪੀਰ ਜਲਾਲ ਦੇ ਪੁੱਤਰ ਜਲ ਜਲਾਲੀ ਨੇ ਕਿਹਾ : "ਜਾਂ ਇਹ ਕਾਫ਼ਰ ਹੈ ਜਾਂ ਬਾਉਲਾ।" ਮਰਦਾਨੇ ਨੇ ਉਸ ਸਮੇਂ ਹੀ ਕਿਹਾ : "ਮੈਂ ਬਾਵਲਾ ਨਹੀਂ, ਮੁਰਸ਼ਦ ਦੀ ਆਵਾਜ਼ ਸੁਣਾ ਰਿਹਾ ਹਾਂ।" ਜਦ ਉਨ੍ਹਾਂ ਮੁਰਸ਼ਦ ਨਾਨਕ ਨੂੰ ਪਾਸ ਬੁਲਾਉਣ ਲਈ ਕਿਹਾ ਤਾਂ ਮਰਦਾਨਾ ਜੀ ਨੇ ਕਿਹਾ : "ਪੀਰ, ਉਹ ਕਦੇ ਕਿਸੇ ਦਾ ਸਦਿਆ ਨਹੀਂ ਆਂਵਦਾ, ਬੇਪ੍ਰਵਾਹ ਹੈ, ਆਪ ਭਾਵੇਂ ਕਿਸੇ ਥਾਂ ਚਲਿਆ ਜਾਏ।" ਸਮੇਂ ਦੇ ਹਾਕਮ ਸਾਹਮਣੇ ਠੀਕ ਗੱਲ ਆਖ ਦੇਣੀ ਮਰਦਾਨਾ ਜੀ ਦੀ ਹੀ ਜੁਰਅੱਤ ਸੀ।

ਨਾਥ ਦੁਆਰੇ ਦੇ ਮਹੰਤ ਗੁਸਾਈ ਨੇ ਰਤਨਾਂ, ਹੀਰਿਆਂ, ਗਹਿਣਿਆਂ ਤੇ ਸੁੰਦਰ ਕੱਪੜਿਆਂ ਤੇ ਅਤਰ ਲਗਾਏ, ਆਕੜ-ਆਕੜ ਕੇ ਬਾਬਾ ਨਾਨਕ ਜੀ ਪਾਸੋਂ ਲੰਘਦਿਆਂ ਦੇਖ ਕੇ ਉਸ ਸਮੇਂ ਮਰਦਾਨਾ ਜੀ ਨੇ ਆਖ ਦਿੱਤਾ : 'ਇਹ ਕੋਡੇ ਅਹਿੰਕਾਰ ਵਿਚ ਹੈ।' ਇਸ ਤਰ੍ਹਾਂ ਜਦ ਅਜਮੇਰ ਪੁੱਜੇ ਤਾਂ ਅਡੰਬਰ ਦੇਖ ਫੱਟ ਆਖ ਦਿੱਤਾ : "ਇਤਨਾ ਅਡੰਬਰ ਰਚ ਕੇ ਢਾਈ ਦਿਨਾਂ ਦਾ ਝੂਠਾ ਨਾਂ ਕਿਉਂ ਧਰਾਇਆ।" ਇਹ ਸੁਣ ਸਾਰੇ ਜਦ ਮਰਦਾਨਾ ਜੀ ਨੂੰ ਮਾਰਨ ਲਈ ਦੌੜੇ ਤਾਂ ਗੁਰੂ ਨਾਨਕ ਜੀ ਨੇ ਅਸਲ ਫ਼ਕੀਰੀ ਦੇ ਲੱਛਣ ਦੱਸ ਸਾਰਿਆਂ ਨੂੰ ਸ਼ਾਂਤ ਕੀਤਾ। ਬਾਬੇ ਫ਼ਰਮਾਇਆ : *'ਨਫ਼ਸ ਸ਼ੈਤਾਨ, ਗੁੱਸਾ ਹਰਾਮ, ਕੱਚ ਦੁਨੀਆਂ, ਸੱਚ ਦਰਵੇਸ਼, ਅਦਲ ਬਾਦਸ਼ਾਹ, ਫ਼ਜ਼ਲ ਫ਼ਕੀਰਾਂ, ਮੰਜ਼ਲ ਮੁਸਾਫ਼ਰਾਂ, ਕਬਜ਼ ਕਾਫ਼ਰਾਂ, ਮਿਹਰ ਪੀਰਾਂ, ਮਿਹਰ ਕੀਰਾਂ, ਫ਼ਕੀਰੀ ਸਬੂਰੀ, ਨ ਸਬੂਰੀ ਤਾਂ ਮੱਕਰ।"*

ਥਾਂ-ਥਾਂ ਇਹ ਹੀ ਜ਼ਿਕਰ ਆਉਂਦਾ ਹੈ ਕਿ ਰਬਾਬ ਤੇ ਸ਼ਬਦਾਂ ਦੀ ਅਵਾਜ਼ ਸੁਣ ਕੇ ਲੋਕੀਂ ਬਾਬੇ ਪਾਸ ਇਉਂ ਖਿੱਚੇ ਚਲੇ ਆਉਂਦੇ ਜਿਵੇਂ ਘੰਡਾਹੇੜਾ ਦਾ ਰਾਗ ਸੁਣ ਕੇ ਮ੍ਰਿਗ ਭੱਜੇ ਆਉਂਦੇ ਹਨ। ਬਗ਼ਦਾਦ ਦੀ ਸਾਖੀ ਤਾਂ ਖ਼ਾਸ ਵਰਣਨਯੋਗ ਹੈ। ਬਗ਼ਦਾਦ ਤੋਂ ਬਾਹਰ ਹੀ ਅਕਾਲ ਰੂਪ ਬਾਬਾ ਅਤੇ ਰਬਾਬੀ ਮਰਦਾਨਾ ਨੇ ਟਿਕਾਣਾ ਕਰ ਕੇ ਕੀਰਤਨ ਆਰੰਭ ਕਰ ਦਿੱਤਾ। ਸਾਰੀ ਨਗਰੀ ਸੁੰਨ ਮੁੰਨ ਹੋਈ ਤੇ ਪੀਰ ਹੈਰਾਨ ਹੋਏ। ਬਗਦਾਦ ਦੇ ਖ਼ਲੀਫ਼ੇ ਦੇ ਮੁਰਸ਼ਦ ਅਬਦੁਲ ਰਹਿਮਾਨ ਨੇ ਆਪਣੇ ਚੇਲੇ ਅਬਦੁਲ ਵਜੀਦ ਤੇ ਦਸਤਗੀਰ ਨੂੰ ਗੁਰੂ ਜੀ ਪਾਸ ਭੇਜਿਆ ਕਿ ਉਹ ਜਾ ਕੇ ਸ਼ਬਦ ਕੀਰਤਨ ਬੰਦ ਕਰਾਉਣ। ਪਰ ਉਹ ਕੀਰਤਨ ਸੁਣ ਉਥੇ ਹੀ ਟਿਕ ਗਏ। ਲਿਖਿਆ ਹੈ ਕਿ ਜੋ ਵੀ ਉਥੇ ਆਏ, ਕੀਰਤਨ ਵਿਚ ਜੁੜੀ ਜਾਏ। ਆਖ਼ਰ ਪੀਰ ਨੇ ਆਪ ਆ ਕੇ ਕਿਹਾ ਕਿ ਸ਼ਰ੍ਹਾ ਮੁਹੰਮਦੀ ਵਿਚ ਸਰੋਦੀ ਕਰਨਾ ਬੁਰਾ ਫ਼ਰਮਾਇਆ ਹੈ, ਸੋ ਬੰਦ ਕਰੋ। ਬਾਬੇ ਨੇ ਕਿਹਾ : *'ਜੇ ਸਰੋਦ ਮੁਹੰਮਦ ਸਾਹਿਬ ਬੁਰਾ ਸਮਝਦੇ ਤਾਂ ਬੀਬੀ ਆਇਸ਼ਾਂ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਬਲੋਚਾਂ ਦੇ ਰਾਗ ਸੁਨਵਾਣ ਲਈ ਰਾਤ ਸਮੇਂ ਕਿਉਂ ਲੈ ਜਾਂਦੇ।'* ਸਾਰਿਆਂ ਸਿਰ ਝੁਕਾਇਆ। ਕੀਰਤਨ ਸਨ ਜਿਨ੍ਹਾਂ ਰਬਾਬ ਫੜ ਗਾੜ੍ਹ ਬਗ਼ਦਾਦ ਨਿਵਾਇਕੇ ਮੱਕਾ ਮਦੀਨਾ ਸਭ ਨਿਵਾਇਆ। ਉਥੇ ਬਗ਼ਦਾਦ ਵਿਚ ਇਕ ਫ਼ਾਰਾਬੀ ਨਾਂ ਦਾ ਹਕੀਮ ਆਇਆ ਸੀ ਜੋ ਮਹਿਫ਼ਲ ਨੂੰ 'ਹੱਸਾ ਰੂਲਾ ਔਰ ਸੁਲਾ' ਕਰ ਚਲਾ ਗਿਆ ਪਰ ਇਥੇ ਬਾਬੇ ਤੇ ਮਰਦਾਨੇ ਨੇ ਐਸੀ ਸੱਦ ਕੱਢੀ ਕਿ *ਸਭ ਜਾਗ ਪਏ, ਹੋਸ਼ਾਂ ਪਰਤ ਆਈਆਂ ਤੇ ਸਹਿਜ ਦੇ ਘਰ ਤੁਰ ਗਏ।*


www.sikhbookclub.com

ਇਤਿਹਾਸ ਵਿਚ ਇਹ ਵੀ ਆਉਂਦਾ ਹੈ ਕਿ ਮੱਕਾ ਦੇ ਸਲਾਰ (ਮੁੱਖੀ) ਨੇ ਗੁਰੂ ਜੀ ਨੂੰ ਜਾਦੂਗਰ ਸਮਝ ਕੇ ਸੰਗਸਾਰ (ਪੱਥਰਾਂ ਨਾਲ ਮਾਰਨ) ਦਾ ਹੁਕਮ ਦਿੱਤਾ। ਨੌਂ ਹਜ਼ਾਰ ਮੁਸਲਮਾਨਾਂ ਨੇ ਗੁਰੂ ਸਾਹਿਬ ਨੂੰ ਮਾਰਨ ਲਈ ਪੱਥਰ ਚੁੱਕੇ। ਗੁਰੂ ਜੀ ਨੇ ਉੱਚੀ 'ਅਕਾਲ ਅਕਾਲ' ਦੀ ਧੁੰਨੀ ਲਗਾਈ। ਤਦ ਉਹ ਪੱਥਰ ਲੋਕਾਂ ਦੇ ਹੱਥਾਂ ਵਿਚ ਪਕੜੇ ਹੀ ਰਹਿ ਗਏ। ਸਭ ਨੇ ਮੁਆਫ਼ੀ ਮੰਗੀ। ਕਾਜ਼ੀ ਰੁਕਨ ਦੀਨ ਅਤੇ ਹੋਰ ਆਰਫ਼ ਸੂਫ਼ੀਆਂ ਦੀ ਬੇਨਤੀ ਕਰਨ ਤੇ ਮੁਆਫ਼ੀ ਦਿੱਤੀ ਗਈ। ਮਹਾਰਾਜ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ *'ਜਦ ਕੋਈ ਬੰਦਾ ਆਪਣੇ ਅਮਲ ਰੱਬ ਨੂੰ ਸੌਂਪ ਦੇਂਦਾ ਹੈ ਤਾਂ ਰੱਬ ਉਸ ਨੂੰ ਆਪਣੇ ਚੁਣੇ ਹੋਏ ਬੰਦਿਆਂ ਵਿਚ ਥਾਂ ਦੇਂਦਾ ਹੈ। ਉਸ ਨੂੰ ਅੱਲ੍ਹਾ ਤਾਅਲਾ ਵਿਚੋਂ ਉੱਜਲ ਬੁੱਧੀ, ਪਿਆਰ ਦਾ ਖ਼ਜ਼ਾਨਾ, ਇਲਮ ਦਾ ਭੰਡਾਰ ਅਤੇ ਮੇਅਰ ਮੁਹੱਬਤ ਦੀ ਥਾਂ ਮਿਲਦੀ ਹੈ।'* ਰੁਕਨ ਦੀਨ ਕੋਲੋਂ ਜਦ ਕਿਸੇ ਵੀ ਬਾਬੇ ਦੀ ਸ਼ਖਸੀਅਤ ਬਾਰੇ ਪੁੱਛਿਆ ਤਾਂ ਉਸ ਕਿਹਾ ਕਿ ਉਨ੍ਹਾਂ ਦਾ ਆਚਰਨ ਇਤਨਾ ਉੱਤਮ ਸੀ ਕਿ ਉਨ੍ਹਾਂ ਦੀ ਪਵਿੱਤਰ ਆਤਮਾ ਹੀਰੇ ਵਾਂਗ ਚਮਕਦੀ ਸੀ। ਦਿਲ ਇਤਨਾ ਅਛਹੁ, ਸਵੱਛ ਸ਼ੀਸ਼ੇ ਵਾਂਗ ਸੀ ਕਿ ਦੁਨੀਆਂ ਦੀਆਂ ਫ਼ਿਕੀਆਂ ਸ਼ੈਆਂ ਪਹੁੰਚਦੀਆਂ ਤੱਕ ਨਹੀਂ ਸਨ। ਇਹ ਕੌਤਕ ਵੇਖ ਕੇ 'ਅਬਦੁਲ ਰਹਿਮਾਨ ਬਗ਼ਦਾਦੀ, ਅਮਾਮ ਸ਼ਰਫ਼, ਅਮਾਮ ਸਾਫ਼ੀ, ਅਮਾਮ ਆਜ਼ਮ ਆਦਿ ਵਰਗੇ ਇਸਲਾਮੀ ਸੰਪਰਦਾ ਦੇ ਰੁਕਨ ਗੁਰੂ ਜੀ ਦੀ ਸ਼ਰਨ ਆਏ, ਡਾਕਟਰ ਗੰਡਾ ਸਿੰਘ ਜੀ ਦਾ ਮੱਤ ਹੈ ਕਿ ਅਰਬ ਦੇਸ਼ਾਂ ਵਿਚ ਸਬੀਆ ਕਬੀਲਾ ਤੇ ਆਬਿਦ ਫ਼ਕੀਰ ਹਨ ਜੋ ਆਪਣੇ ਆਪ ਨੂੰ ਬਾਬਾ ਨਾਨਕ ਸ਼ਾਹ ਦੇ ਮੁਰੀਦ ਕਹਿੰਦੇ ਹਨ, ਇਹ ਕੇਸ ਰੱਖਦੇ ਹਨ ਅਤੇ ਰਹਿਤ ਖ਼ਾਲਸੇ ਵਾਲੀ ਦੇ ਧਾਰਨੀ ਹਨ।

ਕਿਸੇ ਗੱਲ ਨੂੰ ਦ੍ਰਿੜ੍ਹ ਕਰਾਉਣਾ ਹੋਵੇ ਤਾਂ ਮਰਦਾਨਾ ਜੀ ਅਰਸਤੂ ਵਾਂਗ ਤਜਰਬਾ ਕਰਕੇ ਸਮਝਾਂਦੇ ਹਨ। ਕਹਿੰਦੇ ਹਨ ਕਿ ਇਕ ਵਾਰੀ ਸਿਕੰਦਰ ਇਕ ਸੁੰਦਰ ਵੇਸਵਾ ਦੇ ਜਾਲ ਵਿਚ ਫਸ ਗਿਆ। ਅਰਸਤੂ ਨੇ ਬਹੁਤ ਸਮਝਾਇਆ, ਪਰ ਸਿਕੰਦਰ ਨੇ ਇਕ ਨਾ ਸੁਣੀ। ਆਖ਼ਰ ਅਰਸਤੂ ਨੇ ਉਸ ਵੇਸਵਾ ਨਾਲ ਮੇਲ-ਜੋਲ ਵਧਾਇਆ ਤੇ ਇੰਝ ਬਣ ਗਏ ਜਿਵੇਂ ਉਹ ਵੇਸਵਾ ਦੇ ਅਧੀਨ ਹੋ ਗਏ ਹੋਣ। ਇਕ ਦਿਨ ਜਾਣ-ਬੁਝ ਕੇ ਆਪ ਘੋੜਾ ਬਣ ਗਏ ਤੇ ਵੇਸਵਾ ਨੂੰ ਆਪਣੀ ਪਿੱਠ ਉੱਤੇ ਸਵਾਰ ਕਰ ਲਿਆ ਤੇ ਸਿਕੰਦਰ ਦੀ ਉਡੀਕ ਕਰਨ ਲੱਗੇ। ਜਦ ਸਿਕੰਦਰ ਨੇ ਆ ਕੇ ਆਪਣੇ ਉਸਤਾਦ ਦੀ ਇਹ ਦਸ਼ਾ ਦੇਖੀ ਤਾਂ ਕਹਿਣ ਲੱਗਾ : 'ਗੁਰਦੇਵ, ਇਹ ਕੀਹ' ਤਾਂ ਘੋੜਾ ਬਣੇ ਅਰਸਤੂ ਨੇ ਕਿਹਾ : 'ਯੁਵਰਾਜ, ਜੇ ਮੇਰੇ ਵਰਗੇ ਬੁੱਢੇ ਵਿਦਵਾਨ ਨੂੰ ਘੋੜਾ ਬਣਾ ਸਕਦੀ ਹੈ ਤਾਂ ਤੂੰ ਆਪਣੀ ਦੁਰਦਸ਼ਾ ਦਾ ਅੰਦਾਜ਼ਾ ਲਗਾ ਲੈ, ਜੋ ਇਹ ਤੇਰੇ ਨਾਲ ਕਰੇਗੀ ਜਦ ਤੂੰ ਇਸ ਦੇ ਵੱਸ ਹੋ ਜਾਏਂਗਾ।' ਇਹ ਕਹਿ ਕੇ ਅਰਸਤੂ ਨੇ ਵੇਸਵਾ ਨੂੰ ਥੱਲੇ ਜ਼ਮੀਨ ਉੱਤੇ ਪਟਕਾ ਮਾਰਿਆ। ਭਾਈ ਮਰਦਾਨਾ ਜੀ, ਅਰਸਤੂ ਵਾਂਗ ਹੀ ਉਦਾਹਰਨਾਂ ਦੇ ਕੇ ਸਾਨੂੰ ਮੱਤਾਂ ਦੇਂਦੇ ਸਨ ਤਾਂਕਿ ਅਸੀਂ ਨਿਮਾਣੇ ਜੀਵ ਕਿਸੇ ਦੇ ਜਾਲ ਜਾਂ ਚੁੰਗਲ ਵਿਚ ਨਾ ਫਸ ਜਾਈਏ।

ਇਸੇ ਤਰ੍ਹਾਂ ਇਕ ਵਾਰ ਭਾਈ ਮਰਦਾਨਾ ਜੀ ਇਕ ਹੱਥ ਰਬਾਬ ਤੇ ਦੂਜੇ ਹੱਥ ਘੋੜੇ ਦੀ ਲਗਾਮ ਪਕੜੀ ਖੜ੍ਹੇ ਸਨ। ਗੁਰੂ ਮਹਾਰਾਜ ਨੇ ਕਿਹਾ : ਮਰਦਾਨਿਆ ਰਬਾਬ ਵਜਾਇ ਤਾਂ ਮਰਦਾਨਾ ਜੀ ਨੇ ਕਿਹਾ : ਪਾਤਸ਼ਾਹ ਇਹ ਹੋਵੈ ਨਾਹੀ ਕਿਉਂਕਿ ਦੋਵੇਂ ਹੱਥ ਰੁੱਝੇ ਹਨ।

ਮਹਾਰਾਜ ਨੇ ਫ਼ਰਮਾਇਆ : 'ਘੋੜਾਂ ਜਾਣ ਦੇ, ਰਬਾਬ ਵਜਾਇ।' ਇਹ ਘੋੜੀ ਦਾ ਹਰ ਵੇਲੇ ਖ਼ਿਆਲ ਹੀ ਸੁਰਤਿ ਵਿਚ ਸ਼ਬਦ ਨਹੀਂ ਬੈਠਣ ਦੇਂਦਾ। ਕਿਸ ਤਰ੍ਹਾਂ ਗੁਰੂ ਨਾਨਕ ਜੀ ਸਾਨੂੰ ਸਮਝਾਂਦੇ ਸਨ, ਮਰਦਾਨਾ ਰਾਹੀਂ।

ਕਰਤਾਰਪੁਰ ਦਾ ਇਕ ਦ੍ਰਿਸ਼ਟਾਂਤ ਹੈ ਕਿ ਸਜਧਜ ਗਹਿਣੇ ਕੱਪੜਿਆਂ ਨਾਲ ਲੱਦੀ ਇਸਤਰੀ ਦੂਰ ਮੱਥਾ ਟੇਕ ਕੇ ਬੈਠ ਗਈ। ਗੁਰੂ ਨਾਨਕ ਜੀ ਨੇ ਉਸ ਵੱਲ ਦੇਖਿਆ ਹੀ ਨਾ! ਭਾਈ ਮਰਦਾਨਾ ਜੀ ਨੇ ਉਸ ਵੱਲ ਦੇਖ ਮਹਾਰਾਜ ਕੋਲੋਂ ਪੁੱਛਿਆ : 'ਇਹ ਕਉਣ ਹੈ ਜੋ ਅੱਗੇ ਆਉਣਾ ਚਾਹੁੰਦੀ ਹੈ ਪਰ ਆਪ ਤੋਂ ਡਰਦਿਆਂ ਨਹੀਂ ਆਉਂਦੀ।' ਗੁਰੂ ਨਾਨਕ ਜੀ ਨੇ ਫ਼ਰਮਾਇਆ, 'ਇਹ ਦੁਨੀਆਂ ਹੈ, ਜਿਸ ਨੂੰ ਮਾਇਆ ਆਖਦੇ ਹਨ। ਇਸ ਨੇ ਵੱਡੇ-ਵੱਡੇ ਦੇਵਤੇ, ਰਿਖੀ, ਅਵਤਾਰ, ਪੀਰ, ਪੈਗੰਬਰ ਆਪਣੇ ਵੱਸ ਕਰਕੇ ਕਲੰਦਰ ਦੇ ਬੰਦਰ ਵਾਂਙ ਨਚਾਏ ਹਨ। ਇਹ ਪਹਿਲਾਂ ਆਪ ਤਪੀ, ਜਪੀ, ਸਤੀ ਪੁਰਖਾਂ ਦੇ ਪੈਰ ਲੱਗਦੀ ਹੈ, ਫੇਰ ਉਹਨਾਂ ਨੂੰ ਆਪਣੇ ਪੈਰੀਂ ਲਾ ਲੈਂਦੀ ਹੈ। ਇਹ ਡਰਦੀ ਇਧਰ ਨਹੀਂ ਆਉਂਦੀ। ਅਸਾਂ ਦੂਰ ਹੀ ਰੱਖੀ ਹੈ। ਸਾਡੇ ਪਿੱਛੇ ਇਹ ਬੂਹੇ ਤੱਕ ਆ ਜਾਏਗੀ, ਤੀਜੀ ਪੀੜ੍ਹੀ ਵੇਲੇ ਚਰਨੀ ਲੱਗੇਗੀ, ਚੌਥੀ ਪੀੜ੍ਹੀ ਵੇਲੇ ਘਰ ਨਿਵਾਸ ਕਰੇਗੀ, ਪਰ ਉਹ ਨਿਰਲੇਪ ਰਹਿਣ ਦੀ ਜਾਚ ਸਿਖਾ ਦੇਣਗੇ।' ਸਾਡੇ ਵਰਗੇ ਅਲਪਮੱਤੀ ਜੀਵਾਂ ਨੂੰ ਮੱਤ ਦੇਣ ਲਈ ਭਾਈ ਮਰਦਾਨਾ ਜੀ ਨੇ ਕਿਹਾ, 'ਬਾਬਾ ਉਤਨੀ ਦੇਰ ਮੈਨੂੰ ਹੀ ਬਖਸ਼ ਛੱਡੋ।' ਮਰਦਾਨਾ ਜੀ ਨੇ ਆਪਣੇ ਉੱਤੇ ਮਾਇਆ ਸਵਾਰ ਕਰ ਲਈ। ਮਾਇਆ ਮਰਦਾਨਾ ਜੀ ਨੂੰ ਨਚਾਉਣ ਕੁਦਾਉਣ ਲੱਗੀ, ਜਿਧਰ ਉਹ ਫੇਰੇ, ਉਧਰ ਮਰਦਾਨਾ ਜੀ ਫਿਰਨ। ਜੋ ਉਹ ਕਰਾਏ, ਸੋਈ ਉਹ ਕਰੇ। ਜਦ ਸਾਰੇ ਮਰਦਾਨਾ ਜੀ ਦੀ ਬੇਵਸੀ ਦੇਖ ਖਿੜ-ਖਿੜ ਹੱਸੇ ਤਾਂ ਮਰਦਾਨਾ ਜੀ ਨੇ ਮਾਇਆ ਰੂਪੀ ਇਸਤਰੀ ਨੂੰ ਥੱਲੇ ਸੁੱਟ ਮਾਰਿਆ ਤੇ ਕਿਹਾ : *'ਬਾਬਾ, ਇਹ ਕਾਬੂ ਕਰਨੀ ਬੜੀ ਕਠਿਨ ਹੈ, ਤੁਹਾਡੀ ਰਹਿਮਤ ਹੋਵੇ ਤਾਂ ਬਚੀਏ।'* ਗੁਰੂ ਨਾਨਕ ਜੀ ਨੇ ਸਾਰੀ ਸੰਗਤ ਨੂੰ ਸੰਬੋਧਨ ਕਰ ਕੇ ਕਿਹਾ ਕਿ ਕੋਈ ਮਰਦਾਨਾ (ਸੂਰਮਾ) ਹੀ ਇਸ ਨੂੰ ਮਾਰ ਸੁੱਟ ਸਕਦਾ ਹੈ, ਬਾਕੀ ਤਾਂ ਸਾਰੇ ਇਸ ਦੇ ਵਸ ਹੀ ਹੋ ਜਾਂਦੇ ਹਨ। ਮਰਦਾਨਾ ਬਣਨ ਲਈ ਮਰਦਾਂ ਵਾਲੀ ਘਾਲ ਦੀ ਲੋੜ ਹੈ।

ਮਰਦਾਨਾ ਜੀ ਨੇ ਜੋ ਗੱਲਾਂ ਆਪਣੇ ਅੰਤ ਸਮੇਂ ਬਾਬੇ ਨਾਲ ਕੀਤੀਆਂ ਉਹ ਵੀ ਸੁਣਨ ਨਾਲ ਸੰਬੰਧ ਰੱਖਦੀਆਂ ਹਨ। ਮਰਦਾਨਾ ਹੁਣ ਕਿਥੋਂ ਬੋਲਣ ਲੱਗ ਪਿਆ ਸੀ, ਇਸ ਦੀ ਉਦਾਹਰਨ ਗੁਰੂ ਨਾਨਕ ਤੇ ਮਰਦਾਨਾ ਜੀ ਦਾ ਵਾਰਤਾਲਾਪ ਹੈ। ਗੁਰੂ ਨਾਨਕ ਜੀ ਨੇ ਮਰਦਾਨੇ ਦਾ ਅੰਤਮ ਸਮਾਂ ਨੇੜੇ ਜਾਣ ਕਿਹਾ : "ਮਰਦਾਨਿਆ! ਜੇ ਚਾਹੇਂ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗੂੰ ਦਰਿਆ ਵਿਚ ਸੁੱਟ ਦੇਈਏ। ਮਰਦਾਨਿਆਂ ਜੇ ਤੇਰੀ ਖ਼ਾਹਿਸ਼ ਹੋਵੇ ਤਾਂ ਖ਼ਤਰੀ ਵਾਂਗ ਸਾੜ ਦੇਈਏ, ਜੇ ਤੇਰੀ ਇੱਛਾ ਹੋਵੇ ਤਾਂ ਵੈਸ਼ ਵਾਂਗੂੰ 'ਹਵਾ' ਵਿਚ ਸੁਟਵਾ ਦੇਈਏ, ਜੇ ਤੇਰਾ ਚਿੱਤ ਹੋਵੇ ਤਾਂ ਸ਼ੂਦਰ ਵਾਂਗ ਦਬਵਾ ਦੇਈਏ।" ਮਰਦਾਨਾ ਜੀ ਨੇ ਉੱਤਰ ਦਿੰਦੇ ਹੋਏ ਕਿਹਾ : "ਵਾਹ, ਬਾਬਾ ਵਾਹ। ਅਜੇ ਵੀ ਸਰੀਰਾਂ ਦੇ ਚੱਕਰ ਵਿਚ। ਤੁਹਾਡੇ ਉਪਦੇਸ਼ ਕਰ ਤਾਂ ਦੇਹੀ ਦਾ ਖ਼ਿਆਲ ਹੀ ਮੁੱਕ ਗਿਆ ਹੈ। ਮੈਂ ਤਾਂ ਆਪਣੀ ਆਤਮਾ ਨੂੰ ਕੇਵਲ ਆਪਣੇ ਸਰੀਰ ਦਾ ਸਾਥੀ ਸਮਝਦਾ ਹਾਂ।" ਫਿਰ ਬਾਬਾ ਨਾਨਕ ਜੀ ਨੇ ਕਿਹਾ : "ਮਰਦਾਨਿਆ! ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ ਵਿਚ ਪ੍ਰਸਿੱਧ ਕਰੀਏ।" ਮਰਦਾਨਾ

 www.sikhbookclub.com

ਜ਼ੀ ਨੇ ਕੁਝ ਗੰਭੀਰ ਹੋ ਕੇ ਕਿਹਾ : "ਬਾਬਾ ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗੇ ਹਾਂ ਇਸ ਨੂੰ ਫਿਰ ਪੱਥਰ ਦੀ ਸਮਾਧ ਵਿਚ ਕਿਉਂ ਪਾਂਵਦੇ ਹੋ।" ਬਾਬੇ ਨੇ ਅਗਾਂਹ ਵਧ ਮਰਦਾਨੇ ਨੂੰ ਛਾਤੀ ਨਾਲ ਲਗਾਇਆ ਤੇ ਕਿਹਾ : *"ਤੂੰ ਬ੍ਰਹਮ ਨੂੰ ਪਛਾਣ ਲਿਆ ਹੈ, ਮਰਦਾਨਿਆ।"*

ਬਿਹਾਗੜੇ ਕੀ ਵਾਰ ਮਹੱਲਾ ੪ ਦੀ ੧੨ਵੀਂ ਪਉੜੀ ਵਾਲੇ ਸਲੋਕਾਂ ਵਿਚ ਮਰਦਾਨਾ ਜੀ, ਕਲਜੁਗੀ ਸੁਭਾਉ ਨੂੰ ਸ਼ਰਾਬ ਕੱਢਣ ਵਾਲੀ ਮੱਟੀ ਕਹਿੰਦੇ ਹਨ। ਕਾਮ ਹੀ ਅਸਲ ਸ਼ਰਾਬ ਹੈ ਤੇ ਇਸ ਨੂੰ ਮਨ ਪੀ ਰਹਿਆ ਹੈ। ਮੋਹ ਨਾਲ ਭਰੀ ਹੋਈ ਕਰੋਧ ਦੀ ਕਟੋਰੀ ਹੈ, ਹੰਕਾਰ ਪਿਵਾਉਣ ਵਾਲਾ ਹੈ। ਕੂੜ ਦੀ ਮਜਲਸ ਲੱਗੀ ਹੋਈ ਹੈ ਤੇ ਮਨ ਐਸੀ ਸ਼ਰਾਬ ਨੂੰ ਪੀ-ਪੀ ਕੇ ਖੁਆਰ ਹੋ ਰਿਹਾ ਹੈ :

**'ਕਲਿ ਕਲਵਾਲੀ, ਕਾਮੁ ਮਦੁ, ਮਨੂਆ ਪੀਵਣਹਾਰੁ।**
**ਕ੍ਰੋਧ ਕਟੋਰੀ, ਮੋਹਿ ਭਰੀ, ਪੀਲਾਵਾ ਅਹੰਕਾਰੁ।**
**ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ।'** (ਸਲੋਕੁ ਮਰਦਾਨਾ ੧, ਪੰਨਾ ੫੫੩)

ਦੂਜਾ ਸਲੋਕ ਜੋ *ਮਰਦਾਨਾ* ੧ ਹੇਠ ਲਿਖਿਆ ਹੈ ਵਿਚ ਮਰਦਾਨਾ ਜੀ ਝੂਠੀ ਸ਼ਰਾਬ ਪੀਣ ਨੂੰ ਬਹੁਤੇ ਵਿਕਾਰ ਖੱਟਣਾ 'ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ' ਆਖਦੇ ਹਨ ਤੇ ਤੀਜੇ ਵਿਚ ਵਿਕਾਰ ਦੂਰ ਕਰਨ ਦਾ ਵੱਲ ਦੱਸਦੇ ਹੋਏ ਕਹਿੰਦੇ ਹਨ ਕਿ ਜੇ ਸਰੀਰ ਸ਼ਰਾਬ ਦੀ ਮੱਟੀ, ਆਪੇ ਦੀ ਪਛਾਣ ਸ਼ਰਾਬ ਤੇ ਉਸ ਦੀ ਧਾਰ ਅਮਰ ਕਰਨ ਵਾਲੀ ਹੋਵੇ, ਸਤ ਸੰਗਤ ਨਾਲ ਮੇਲ ਹੋਵੇ, ਅੰਮ੍ਰਿਤ ਨਾਮ ਦੀ ਭਰੀ ਹੋਈ ਲਿਵ ਰੂਪੀ ਕਟੋਰੀ ਹੋਵੇ ਤਾਂ ਮਨੁੱਖ ਐਸੀ ਸ਼ਰਾਬ ਨੂੰ ਪੀ-ਪੀ ਕੇ ਸਾਰੇ ਵਿਕਾਰ ਪਾਪ ਦੂਰ ਕਰ ਸਕਦਾ ਹੈ :

**'ਕਾਂਇਆ ਲਾਹਣਿ, ਆਪੁ ਮਦੁ, ਅੰਮ੍ਰਿਤ ਤਿਸ ਕੀ ਧਾਰ।**
**ਸਤ ਸੰਗਤਿ ਸਿਉ ਮੇਲਾਪ ਹੋਇ,**
**ਲਿਵ ਕਟੋਰੀ, ਅੰਮ੍ਰਿਤ ਭਰੀ ਪੀ-ਪੀ ਕਟਹਿ ਬਿਕਾਰ"॥ ੩॥**

ਗੱਲ ਕੀ, ਭਾਈ ਦਾਨਾ ਜੀ ਇਕ ਐਸੇ ਵਿਅਕਤੀ ਸਨ, ਜਿਨ੍ਹਾਂ ਗੁਰੂ ਨਾਨਕ ਪਾਤਸ਼ਾਹ ਦੀ ਛੁਹ ਪ੍ਰਾਪਤ ਕਰ ਐਸੇ ਸੂਰਮਗਤੀ ਦੇ ਸਾਕੇ ਕੀਤੇ ਕਿ ਉਹ ਮਰਦਾਨਾ ਹੋ ਨਿਬੜੇ ਤੇ ਜਦ ਵੀ ਅਕਾਲ ਰੂਪ ਬਾਬਾ ਨਾਨਕ ਦਾ ਨਾਂ ਆਵੇਗਾ, ਰਬਾਬੀ ਮਰਦਾਨਾ ਦਾ ਨਾਮ ਆਪ-ਮੁਹਾਰੇ ਹੀ ਸ਼ਰਧਾ ਨਾਲ ਮੂੰਹੋਂ ਨਿਕਲ ਜਾਏਗਾ :

**"ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।"**

## ੩

# ਬਾਬਾ ਬੁੱਢਾ ਜੀ

ਸਿੱਖ ਇਤਿਹਾਸ ਵਿਚੋਂ ਬਾਬਾ ਬੁੱਢਾ ਜੀ ਵਰਗਾ ਵਿਅਕਤੀ ਲੱਭਣਾ ਵੀ ਮੁਸ਼ਕਲ ਹੈ। ਬਾਬਾ ਬੁੱਢਾ ਜੀ ਹੀ ਨਿਰੋਲ ਇਕ ਐਸੇ ਵਿਅਕਤੀ ਸਨ ਜਿਨ੍ਹਾਂ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, (ਗੁਰੂ) ਤੇਗ ਬਹਾਦਰ ਜੀ ਅਤੇ (ਗੁਰੂ) ਹਰਿ ਰਾਇ ਜੀ, ਅੱਠਾਂ ਪਾਤਸ਼ਾਹੀਆਂ ਦੇ ਨਾ ਸਿਰਫ਼ ਦਰਸ਼ਨ ਕੀਤੇ, ਸਗੋਂ ਪੰਜਾਂ ਨੂੰ ਆਪਣੇ ਹੱਥੀਂ ਤਖ਼ਤ ਉੱਤੇ ਬਿਠਾ ਤਿਲਕ ਦਿੱਤਾ। ਫਿਰ ਬਾਬਾ ਜੀ ਨੂੰ ਹਰ ਗੁਰੂ ਪਾਤਸ਼ਾਹ ਨੇ ਬਖ਼ਸ਼ਿਸ਼ਾਂ ਨਾਲ ਨਿਵਾਜਿਆ। ਗੁਰੂ ਨਾਨਕ ਜੀ ਨੇ *'ਤੈਥੋਂ ਓਹਲੇ ਨਾਹ ਹੋਸਾਂ'* ਦਾ ਵਰ ਬਖ਼ਸ਼ਿਆ। ਗੁਰੂ ਅੰਗਦ ਦੇਵ ਜੀ ਨੇ 'ਤਿਨ ਕਉ ਕਿਆ ਉਪਦੇਸੀਐ ਜਿਨ ਗੁਰੂ ਨਾਨਕ ਦੇਉ' ਆਖ ਕੇ ਮਾਣ ਦਿੱਤਾ। ਗੁਰੂ ਅਮਰ ਦਾਸ ਜੀ ਨੇ ਸਿੱਖੀ ਦੀ ਅਵਿਧ (ਸੀਮਾ, ਹੱਦ) ਕਹਿ ਕੇ ਸਤਿਕਾਰਿਆ। ਗੁਰੂ ਰਾਮਦਾਸ ਜੀ ਨੇ ਤਾਂ ਗੁਰੂ ਗੱਦੀ ਦੇਣ ਸਮੇਂ ਪਹਿਲੀ ਸਲਾਹ ਉਨ੍ਹਾਂ ਕੋਲੋਂ ਲਈ ਤੇ ਉਨ੍ਹਾਂ ਗੁਰੂ ਗੱਦੀ ਦੇਣ ਦੀ ਮਰਯਾਦਾ ਦੱਸੀ। ਗੁਰੂ ਅਰਜਨ ਦੇਵ ਜੀ ਨੇ (ਗੁਰੂ) ਹਰਿਗੋਬਿੰਦ ਜੀ ਦੀ ਵਿੱਦਿਆ ਦਾ ਸਾਰਾ ਪ੍ਰਬੰਧ ਉਨ੍ਹਾਂ ਉੱਤੇ ਹੀ ਸੁੱਟਿਆ ਤੇ ਦਰਬਾਰ ਸਾਹਿਬ ਦਾ ਪਹਿਲਾ ਪ੍ਰਬੰਧਕ ਉਨ੍ਹਾਂ ਨੂੰ ਹੀ ਥਾਪਿਆ ਤੇ ਉਨ੍ਹਾਂ ਹੀ ਪਹਿਲਾ ਵਾਕ ਆਦਿ (ਗੁਰੂ) ਗ੍ਰੰਥ ਸਾਹਿਬ ਤੋਂ ਲਿਆ ਤੇ ਅੰਤ ਵਿਚ ਆਪਣੀ ਇੱਛਾ ਅਨੁਸਾਰ ਸਰੀਰ ਹਰਿਗੋਬਿੰਦ ਜੀ ਦੇ ਪਾਵਨ ਹੱਥਾਂ ਵਿਚ ਇਕ ਸੌ ਪੰਝੀ (੧੨੫) ਸਾਲ ਦੀ ਆਯੂ ਵਿਚ ਛੱਡਿਆ। ਗੁਰੂ ਹਰਿਗੋਬਿੰਦ ਜੀ ਨੇ *'ਬਡਾ ਪੁਰਾਤਨ ਸਿਖ ਪ੍ਰਮਾਨ'* ਕਹਿ ਸਨਮਾਨਿਆ। ਬਾਬਾ ਜੀ ਸਿੱਖੀ ਦੇ ਇਕ ਕੁਤਬੀ ਸਿਤਾਰੇ ਸਨ, ਜਿਨ੍ਹਾਂ ਵੱਲ ਦੇਖ ਸਿੱਖੀ ਦਾ ਜਹਾਜ਼ ਕਈ ਘੁੰਮਣ-ਘੇਰੀਆਂ ਵਿਚ ਫਸਣ ਤੋਂ ਬਚਿਆ ਤੇ ਕਿਨਾਰੇ ਲੱਗਿਆ। ਬਾਬਾ ਬੁੱਢਾ ਜੀ ਗੁਰਬਾਣੀ ਯੁੱਗ ਦਾ ਇਕ ਪੂਰਾ ਇਤਿਹਾਸ ਸਨ ਤੇ ਉਨ੍ਹਾਂ ਸਾਹਮਣੇ ਹੀ ਕੁਰਬਾਨੀ ਯੁੱਗ ਨੇ ਕਰਵਟ ਲਈ ਤੇ ਤਲਵਾਰਾਂ ਨੇ ਚਮਕ ਦਿਖਾਈ। ਭਾਈ ਗੁਰਦਾਸ ਜੀ ਨੇ ਇਸੇ ਲਈ ਭਾਈ ਬੁੱਢਾ ਜੀ ਨੂੰ ਇਕ ਮਨ ਚਿੱਤ ਧਿਆਉਣ ਵਾਲਾ ਲਿਖਿਆ ਹੈ :

**'ਬੂੜਾ ਬੁੱਢਾ ਇਕ ਮਨ ਧਿਆਵੈ॥'**

ਮਹਾਨ ਕੋਸ਼ ਅਨੁਸਾਰ ਆਪ ਜੀ ਦਾ ਜਨਮ ਭਾਈ ਸੁੰਘੇ ਰੰਧਾਵੇ ਦੇ ਘਰ, ਮਾਤਾ ਗੌਰਾਂ ਦੇ ਉਦਰ ਤੋਂ ੭ ਕੱਤਕ, ਸੰਮਤ ੧੫੬੩ ਮੁਤਾਬਿਕ, ਅਕਤੂਬਰ ੨੨, ੧੫੦੬ ਈ: ਨੂੰ ਕੱਥੂ ਨੰਗਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਇਤਿਹਾਸ ਵਿਚ ਆਉਂਦਾ ਹੈ ਕਿ ਸੰਨ ੧੫੧੮

ਨੂੰ ਗੁਰੂ ਨਾਨਕ ਦੇਵ ਜੀ ਤੇ ਮਰਦਾਨਾ ਜੀ ਉਸ ਦੇ ਲਾਗਲੇ ਪਿੰਡ ਆਏ ਤੇ ਕੀਰਤਨ ਵਿਚ ਜੁੜੇ ਬੈਠੇ ਸਨ ਕਿ ਇਕ ਬਾਲਕ ਨੇ ਨਮਸਕਾਰ ਕਰ ਕੇ ਦੁੱਧ ਲਿਆ ਅੱਗੇ ਰੱਖਿਆ ਤੇ ਨਾਲ ਹੀ ਅਰਦਾਸ ਕੀਤੀ : 'ਗ਼ਰੀਬ ਨਿਵਾਜ ਤੇਰਾ ਦਰਸ਼ਨ ਕੀਤਾ ਹੈ, ਮੇਰਾ ਜਨਮ-ਮਰਨ ਕਟੀਐ ਜੀ।' ਭਾਈ ਮਨੀ ਸਿੰਘ ਜੀ ਦੇ ਲਿਖੇ ਅਨੁਸਾਰ, ਗੁਰੂ ਨਾਨਕ ਜੀ ਨੇ ਕਿਹਾ : 'ਤੂੰ ਤਾਂ ਅਜੇ ਬਾਲਕ ਹੈਂ, ਤੈਨੂੰ ਇਹ ਬੁੱਧ ਕਿਥੋਂ ਪ੍ਰਾਪਤ ਹੋਈ, ਤਾਂ ਉਸ ਆਖਿਆ : ' ਜੀ ਸਾਡੇ ਪਿੰਡ ਮੁਗ਼ਲ ਆਨਿ ਉਤਰੇ ਸਨ, ਨਾਲੇ ਉਨ੍ਹਾਂ ਕੱਚੀਆਂ ਖੇਤੀਆਂ ਵੱਢ ਲਈਆਂ, ਨਾਲੇ ਪੱਕੀਆਂ, ਨਾਲੇ ਡਡਰੀਆਂ ਤਾਂ ਮੇਰੇ ਮਨ ਵਿਚ ਆਈ ਜੋ ਇਨ੍ਹਾਂ ਡਾਢਿਆਂ ਦਾ ਹੱਥ ਕਿਸੇ ਨਹੀਂ ਫੜਿਆ ਤਾਂ ਜਮਾਂ ਦਾ ਹੱਥ ਕਿਸ ਫੜਨਾ ਹੈ। ਕ੍ਰਿਪਾ ਕਰੋ, ਮੌਤ ਦਾ ਡਰ ਦੂਰ ਹੋਵੇ ਤੇ ਜਨਮ-ਮਰਨ ਕੱਟਿਆ ਜਾਵੇ।' ਗੁਰੂ ਨਾਨਕ ਜੀ ਨੇ ਬਚਨ ਕੀਤਾ : 'ਤੂੰ ਤਾਂ ਬਾਲਕ ਨਹੀਂ, ਤੇਰੀ ਤਾਂ ਬੁੱਢਿਆਂ ਜੈਸੀ ਮਤਿ ਹੈ, ਤੂੰ ਤਾਂ ਬੁੱਢਾ ਹੈਂ। ਤੂੰ ਤਾਂ ਇਕ ਮਨ ਹੋਇਕੈ ਨਾਮ ਧਿਆਵੈਂਗਾ ਤਾਂ ਤੇਰੀ ਕਲਯਾਨ ਹੋਵੇਗੀ, ਆਰਜਾ ਵਧੇਗੀ।' ਉਸ ਸਮੇਂ ਤੋਂ ਉਨ੍ਹਾਂ ਦਾ ਨਾਮ ਬੁੱਢਾ ਪੱਕ ਗਿਆ।

ਅਹਿਮਦ ਸ਼ਾਹ ਬਟਾਲਵੀ ਲਿਖਦਾ ਹੈ ਕਿ ਅੰਮ੍ਰਿਤਸਰ ਲਾਗੇ ਗੁਰੂ ਨਾਨਕ ਵਿਚਰ ਰਹੇ ਸਨ ਕਿ ਇਕ ਬਾਲਕ ਦਾ ਮੇਲ ਹੋਇਆ। ਉਸ ਸਮੇਂ ਉਹ ਬਾਲਕ ਮੱਝੀਆਂ ਚਾਰ ਰਿਹਾ ਸੀ। ਆਪ ਜੀ ਨੇ ਪਾਣੀ ਲਿਆਉਣ ਲਈ ਕਿਹਾ ਤਾਂ ਉਸ ਬਾਲਕ ਨੇ ਕਿਹਾ ਕਿ ਕਿਸੇ ਤਾਲਾਬ ਵਿਚ ਜਲ ਨਹੀਂ ਹੈ। ਗੁਰੂ ਜੀ ਨੇ ਕਿਹਾ ਕਿ ਤੁਸੀਂ ਆਪ ਜਾ ਕੇ ਦੇਖੋ। ਜਦ ਉਹ ਬਾਲਕ (ਬੁੱਢਾ ਜੀ) ਉਸ ਤਾਲਾਬ ਕੋਲ ਪੁੱਜੇ ਤਾਂ ਉਹ ਨਿਰਮਲ ਜਲ ਨਾਲ ਭਰਿਆ ਹੋਇਆ ਸੀ। ਉਸ ਬਾਲਕ ਉੱਤੇ ਬਾਬਾ ਜੀ ਦੇ ਬਚਨਾਂ ਨੇ ਐਸਾ ਪ੍ਰਭਾਵ ਪਾਇਆ ਕਿ ਉਹ ਘਰ-ਘਾਟ ਛੱਡ ਕੇ ਉਨ੍ਹਾਂ ਪਾਸ ਟੁਰ ਗਿਆ। ਬਾਬਾ ਨਾਨਕ ਦੇ ਉਪਰੰਤ ਇਸ ਨੇ ਬੜੀ ਨਾਮਵਰੀ ਖੱਟੀ। ਲੋਕ ਇਨ੍ਹਾਂ ਪ੍ਰਤੀ ਬੜੀ ਸ਼ਰਧਾ ਰੱਖਦੇ ਸਨ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੱਕ ਆਪ ਜਿਊਂਦੇ ਰਹੇ। ਤਰਨਤਾਰਨ ਦੀ ਨੀਂਹ ਗੁਰੂ ਅਰਜਨ ਜੀ ਨੇ ਇਨ੍ਹਾਂ ਦੇ ਕਹਿਣ ਉੱਤੇ ਹੀ ਰੱਖੀ। ਇਸ ਤੋਂ ਪਹਿਲਾਂ ਬਾਬਾ ਬੁੱਢਾ ਜੀ ਵਲੋਂ ਸੰਕੇਤ ਕੀਤੀ ਥਾਂ ਉੱਤੇ ਹੀ ਅੰਮ੍ਰਿਤਸਰ ਦੀ ਉਸਾਰੀ ਹੋਈ ਸੀ।

ਬੁੱਢਾ ਜੀ ਕਰਤਾਰਪੁਰ ਹੀ ਆ ਟਿਕੇ ਤੇ ਸੇਵਾ ਵਿਚ ਜੁੱਟ ਗਏ। ਗੁਰੂ ਨਾਨਕ ਜੀ ਨੇ ਜਦ ਧਾਣਕ ਰੂਪ ਧਾਰ ਗੁਰ-ਗੱਦੀ ਦੀ ਅੰਤਮ ਪ੍ਰੀਖਿਆ ਲਈ ਤਾਂ ਆਖ਼ਿਰ ਵਿਚ ਜੋ ਤਿੰਨ ਰਹਿ ਗਏ ਸਨ, ਉਨ੍ਹਾਂ ਵਿਚ ਇਕ ਬਾਬਾ ਬੁੱਢਾ ਜੀ ਵੀ ਸਨ। ਉਹ ਉਸ ਸਮੇਂ ਹੀ ਪਿੱਛੇ ਹਟੇ ਜਦ ਗੁਰੂ ਨਾਨਕ ਜੀ ਨੇ ਕੁੱਤਕ ਸਿਰ ਉੱਤੇ ਮਾਰਿਆ। ਪਰ ਉਨ੍ਹਾਂ ਦੀ ਲਗਨ ਦੇਖ ਕੇ ਹੀ ਗੁਰੂ ਨਾਨਕ ਜੀ ਨੇ ਇਹ ਵਰ ਬਖ਼ਸ਼ਿਆ ਸੀ ਕਿ 'ਤੈਥੋਂ ਕਦੇ ਓਹਲੇ ਨਾ ਹੋਸਾਂ।' ਗੁਰੂ ਨਾਨਕ ਜੀ ਨੇ ਪਰਦੱਖਣਾ ਕਰਕੇ ਜਦ ਗੁਰੂ ਅੰਗਦ ਦੇਵ ਜੀ ਨੂੰ ਤਖ਼ਤ ਉੱਤੇ ਬਿਠਾਇਆ ਤਾਂ ਤਿਲਕ ਦੇਣ ਲਈ ਭਾਈ ਬੁੱਢਾ ਜੀ ਨੂੰ ਹੀ ਆਖਿਆ। ਗੁਰੂ ਨਾਨਕ ਜੀ ਪਾਸੋਂ ਜਦ ਬਾਬਾ ਬੁੱਢਾ ਜੀ ਨੇ ਗੁਰ ਦੀਖਿਆ ਦੀ ਦਾਤ ਮੰਗੀ ਤਾਂ ਉਨ੍ਹਾਂ ਫ਼ਰਮਾਇਆ : "ਚਾਰ ਬਾਣੀਆਂ ਹਨ : *ਪਹਿਲਾ*, ਜਿਸ ਦੁਆਰਾ ਨਾਭਿ ਵਿਚ ਧਿਆਨ ਧਰਦੇ ਹਨ ; *ਦੂਜੇ*, ਪਸੰਤੀ ਜਿਸ ਦੁਆਰਾ ਰਿਦੇ ਵਿਚ ਧਿਆਨ ਧਰਦੇ ਹਨ; *ਤੀਜੇ*, ਮੱਧਮਾ ਜਿਸ ਰਾਹੀਂ ਸੁਆਸਾਂ

ਨਾਲ ਜਪਦੇ ਹਨ; ਚੌਥੇ, ਬੈਖਰੀ ਦੁਆਰਾ ਪ੍ਰਗਟ ਪੜ੍ਹਦੇ ਹਨ। ਪਰ ਪਰਯੋਜਨ ਮਨ ਨੂੰ ਇਕਾਗਰ ਕਰਨਾ ਹੈ। ਜੈਸੇ ਘਿਉ ਸਭ ਬਿੰਜਨ ਮੈਂ ਮਿਲਿਆ ਸਨਿਗਧ ਕਰਤਾ ਹੈ, ਤੈਸਾ ਨਾਮ ਇਕਾਗਰ ਮਨ ਜਪਿਆ ਕਲਿਆਣ ਕਰਦਾ ਹੈ। ਪਰਾ ਦੁਆਰਾ ਨਾਮ ਜਪੋ, ਸੰਤਾਂ ਦੀ ਸੇਵਾ ਕਰਨੀ। ਇਸ ਦੁਆਰਾ ਤੇਰੀ ਆਰਜਾ ਵੀ ਵਧੇਗੀ, ਅਰ ਤੇਰਾ ਕਲਿਯਾਨ ਵੀ ਹੋਵੇਗਾ।"

ਗੁਰੂ ਨਾਨਕ ਦੇਵ ਜੀ ਉਪਰੰਤ ਬਾਬਾ ਜੀ ਉਸੇ ਤਰ੍ਹਾਂ ਕਰੜੀ ਘਾਲ ਘਾਲਦੇ ਰਹੇ। ਗੁਰੂ ਅੰਗਦ ਦੇਵ ਜੀ ਤਾਂ ਕਰਤਾਰਪੁਰ ਤੋਂ ਖਡੂਰ ਵੱਲ ਚੱਲ ਪਏ ਪਰ ਭਾਈ ਸਾਹਿਬ ਉਥੇ ਹੀ ਟਿਕੇ ਰਹੇ। ਗੁਰੂ ਅੰਗਦ ਦੇਵ ਜੀ ਨਾ ਹੀ ਖਡੂਰ ਪੁੱਜੇ ਤੇ ਨਾ ਹੀ ਉਨ੍ਹਾਂ ਦਾ ਕਿਸੇ ਨੂੰ ਪਤਾ ਸੀ ਕਿ ਕਿੱਥੇ ਹਨ। ਸੂਰਜ ਪ੍ਰਕਾਸ਼ ਦੇ ਲਿਖਾਰੀ ਅਨੁਸਾਰ : ਛੇ ਮਹੀਨੇ ਹੋ ਗਏ ਗੁਰੂ ਅੰਗਦ ਜੀ ਦੇ ਸੰਗਤਾਂ ਨੂੰ ਦਰਸ਼ਨ ਨਾ ਹੋਏ ਤਾਂ ਸਭ ਬਾਬਾ ਬੁੱਢਾ ਜੀ ਪਾਸ ਆਏ। ਬਾਬੇ ਨੂੰ ਵਰ ਸੀ ਕਿ 'ਤੈਥੋਂ ਕਦੇ ਓਹਲੇ ਨਾ ਹੋਸਾਂ।' ਬਾਬਾ ਜੀ ਸਿੱਧੇ ਖਡੂਰ ਨੇੜੇ ਸੰਘਰ ਆਏ। ਉਥੇ ਮਾਤਾ ਵਿਰਾਈ ਨੂੰ ਮਿਲੇ। ਮਹਿਮਾ ਪ੍ਰਕਾਸ਼ ਵਾਰਤਕ ਵਾਲਾ ਕਹਿੰਦਾ ਹੈ ਕਿ ਮਾਈ ਵਿਰਾਈ ਨੂੰ ਆਗਿਆ ਕੀਤੀ ਹੋਈ ਸੀ ਕਿ ਕੋਠੜੀ ਦਾ ਦਰਵਾਜ਼ਾ ਮੂੰਦ ਕੈ ਕੋਠਰੀ ਕਉ ਲੇਪ ਛੱਡਣਾ। ਜੋ ਸਾਡੀ ਖ਼ਬਰ ਪੁੱਛੇ ਤਾਂ ਦੱਸਣਾ ਨਹੀਂ। ਸੂਰਜ ਪ੍ਰਕਾਸ਼ ਵਿਚ ਆਉਂਦਾ ਹੈ ਕਿ 'ਉਸ ਮਾਈ ਨੇ ਦਰ ਚਿਣ ਦਿੱਤਾ।' ਬਾਬਾ ਬੁੱਢਾ ਜੀ ਨੇ ਸੰਗਤਾਂ ਨੂੰ ਕਿਹਾ : 'ਰਬਾਬ ਵਜਾਇ ਸ਼ਬਦ ਗਾਓ।ਆਪੇ ਗੁਰੂ ਨਾਨਕ ਦੇਵ ਜੀ ਦੀ ਆਵਾਜ਼ ਸੁਣ ਬਾਹਰ ਆ ਜਾਣਗੇ।' ਸ਼ਬਦ ਦੀ ਧੁੰਨੀ ਉਠਦੇ ਹੀ ਦਰਵਾਜ਼ਾ ਖੁਲ੍ਹਿਆ ਤੇ ਸਿੱਖ ਵਾੜੀ ਦੀ ਦੇਖ-ਭਾਲ ਤੇ ਸੰਭਾਲ ਕਰਨ ਲਈ ਬੁੱਢਾ ਜੀ ਨੇ ਬੇਨਤੀ ਕੀਤੀ। ਉਨ੍ਹਾਂ ਨੇ ਦੱਸਿਆ ਕਿ 'ਕਿਸ ਭਰਪੂਰ ਸੱਟ ਮਾਰੀ, ਮਹਿਮਾ ਪ੍ਰਕਾਸ਼ ਵਾਰਤਕ ਵਾਲਾ ਕਹਿੰਦਾ ਹੈ ਕਿ *'ਅਰ ਬਰਤਨ ਮਿੱਟੀ ਕਾ ਹੋਤਾ, ਚਾਰ ਬਰਨ ਏਕਠੇ ਪ੍ਰਸ਼ਾਦ ਪਾਵਤੇ।'* ਇਸ ਦੇ ਨਾਲ ਹੀ ਗ੍ਰਿਹਸਤ ਜੀਵਨ ਉੱਤੇ ਵੀ ਬਹੁਤ ਜ਼ੋਰ ਦਿੱਤਾ ਅਤੇ ਗ੍ਰਹਿਸਤੀ ਰਹਿੰਦੇ ਧਰਮ ਦੀਆਂ ਉਚਾਈਆਂ ਛੂਹ ਕੇ ਦੱਸੀਆਂ। ਤਵਾਰੀਖ਼ ਗੁਰੂ ਖਾਲਸਾ ਦੇ ਸ਼ਬਦਾਂ ਵਿਚ, 'ਜੋ ਕੁਝ ਸੰਗਤ ਵਲੋਂ ਆਉਂਦਾ, ਲੰਗਰ ਜਾਂ ਧਰਮ ਦੇ ਕੰਮਾਂ ਵਿਚ ਖ਼ਰਚ ਕਰ ਦਿੰਦੇ।' ਗੁਰੂ ਅੰਗਦ ਕੀ ਸ੍ਵਾਨਹ ਉਮਰੀ ਵਾਲਾ ਲਿਖਦਾ ਹੈ : 'ਗੁਰੂ ਜੀ ਨੇ ਆਪਨੇ ਬੇਟੋਂ ਕੋ ਹੁਕਮ ਦੇ ਰੱਖਾ ਥਾ ਕਿ ਤੁਮ ਅਪਨੀ ਮੁਆਸ਼ ਦੁਕਾਨਦਾਰੀ ਯਾ ਕਾਸ਼ਤਕਾਰੀ ਸੇ ਹਾਸਲ ਕਰੋ। ਯਹ ਪੂਜਾ ਕਾ ਮਾਲ ਤੁਮਾਰੇ ਲਈ ਜ਼ਹਰਾ-ਇ-ਕਾਤਲ ਹੈ। ਚਨਾਂਚਿ ਵੋਹ ਉਨ ਕੇ ਇਰਸ਼ਾਦ ਕੇ ਮੁਆਫਕ ਅਮਲ ਕਰਤੇ ਥੇ।' ਗਿਆਨੀ ਗਿਆਨ ਸਿੰਘ ਜੀ ਨੇ ਹੋਰ ਵਿਸਥਾਰ ਦਿੰਦੇ ਹੋਏ ਲਿਖਿਆ ਹੈ : 'ਗੁਰੂ ਅੰਗਦ ਦੇਵ ਜੀ, ਦਾਤੂ ਦਾਸ ਜੀ ਦੀ ਹੱਟੀ ਤੋਂ ਜੋ ਪੈਦਾ ਹੋਵੇ ਉਸ ਵਿਚ ਗੁਜ਼ਾਰਾ ਕਰਦੇ। ਜੇ ਕਦੇ ਉਹ (ਪੁੱਤਰ) ਕੁਝ ਚਾਹੁਣ ਤਾਂ ਗੁਰੂ ਜੀ ਆਖਣ, ਇਹ ਪੂਜਾ ਦਾ ਧਾਨ ਗ੍ਰਹਿਸਤੀ ਨੂੰ ਕੱਚਾ ਪਾਰਾ ਹੈ। ਜੋ ਭੁੱਖਾ, ਪਿਆਸਾ, ਬਿਹੰਗਮ, ਸਾਧੂ, ਸਿੱਖ ਲੰਗੜਾ, ਲੂਲ੍ਹਾ, ਰੋਗੀ ਬਿਰਧ ਇਨ੍ਹਾਂ ਪਾਸ ਆਵੇ, ਉਸ ਦੀ ਸੇਵਾ ਵਿਸ਼ੇਸ਼ ਕਰਾਉਣ। ਅੰਨ, ਵਸਤ੍ਰ, ਕਥਾ ਕੀਰਤਨ ਤੇ ਨਾਮ ਦਾ ਭੰਡਾਰਾ ਹਰ ਵੇਲੇ ਖੁੱਲ੍ਹਾ ਰਹੇ।ਕਦੇ ਕੋਈ ਨਿਰਾਸ ਨਾ ਜਾਵੇ।' ਤਾਰੀਖ਼-ਇ-ਪੰਜਾਬ ਵਿਚ ਕਨ੍ਹਈਆ ਲਾਲ ਲਿਖਦਾ ਹੈ ਕਿ 'ਗੁਰੂ ਜੀ ਦਾ ਲੰਗਰ ਸਵੇਰ ਸ਼ਾਮ ਜਾਰੀ ਰਹਿੰਦਾ ਸੀ। ਫ਼ਕੀਰਾਂ ਤੇ ਗ਼ਰੀਬਾਂ ਨੂੰ ਮੁਫ਼ਤ ਭੋਜਨ ਦਿੱਤਾ ਜਾਂਦਾ ਸੀ। ਗੁਰੂ ਜੀ ਆਪ ਆਪਣੇ ਹੱਥਾਂ ਨਾਲ ਮਿਹਨਤ ਕਰਦੇ ਤੇ ਉਸ

 www.sikhbookclub.com

ਦੀ ਆਮਦਨੀ ਨਾਲ ਦੂਜੇ ਦਿਨ ਭੋਜਨ ਖਾਂਦੇ।' ਬਹੁਤੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਉੱਤੇ ਹੀ ਸੀ। ਸਤਿਗੁਰ ਤਾਂ 'ਬੇਪ੍ਰਵਾਹ ਸਦਾ ਅਲਿਪਤ ਜਗ ਮੋ ਰਹੇ'। ਇਹ ਵੀ ਲਿਖਿਆ ਮਿਲਦਾ ਹੈ ਕਿ ਕਈ ਵਾਰ ਗੁਰੂ ਜੀ ਦੀ ਸਮਾਧੀ ਲੱਗ ਜਾਂਦੀ ਅਤੇ ਇਕ ਤੇ ਕਈ ਵਾਰੀ ਕਈ ਦਿਨਾਂ ਪਿੱਛੋਂ ਹੀ ਖੁੱਲ੍ਹਦੀ। ਬਾਬਾ ਬੁੱਢਾ ਜੀ, ਮਾਤਾ ਖੀਵੀ ਨਾਲ ਲੰਗਰ ਤੇ ਸੰਗਤਾਂ ਦੀ ਸੰਭਾਲ ਕਰਦੇ। ਗੁਰੂ ਅੰਗਦ ਦੇਵ ਜੀ ਬਹੁਤਾ ਸਮਾਂ ਗੁਰਬਾਣੀ, ਇਤਿਹਾਸ ਤੇ ਪੰਥਕ ਜਥੇਬੰਦੀ ਦੀ ਸੰਭਾਲ ਵਿਚ ਲਗਾਉਂਦੇ। ਇਸ ਦਾ ਸਿੱਟਾ ਇਹ ਨਿਕਲਿਆ ਕਿ ਸਿੱਖੀ ਸਖ਼ਤ ਤੂਫ਼ਾਨਾਂ ਦੇ ਬਾਵਜੂਦ ਮੌਲ ਉੱਠੀ। ਬਾਬਾ ਸ੍ਰੀਚੰਦ ਜੀ ਵੀ ਆਪਣੇ ਪਰਚਾਰ ਖੇਤਰ ਨੂੰ ਹੋਰ ਪਾਸੇ ਲੈ ਗਏ।

ਗੁਰੂ ਅੰਗਦ ਦੇਵ ਜੀ ਬਾਬਾ ਬੁੱਢਾ ਜੀ ਦਾ ਨਿਰਾਦਰ ਕਿਸੇ ਵਲੋਂ ਵੀ ਹੁੰਦਾ ਦੇਖ ਸਹਾਰ ਨਹੀਂ ਸਨ ਸਕਦੇ। ਇਕ ਵਾਰ ਰਾਇ ਬਲਵੰਡ ਨੂੰ ਬੁੱਢਾ ਜੀ ਨੇ ਸ਼ਬਦ ਸੁਣਾਉਣ ਲਈ ਕਿਹਾ ਤਾਂ ਉਸ ਨਿਰਾਦਰੀ ਦੇ ਸ਼ਬਦ ਬੋਲੇ ਤਾਂ ਗੁਰੂ ਜੀ ਨੇ ਬਲਵੰਡ ਕੋਲੋਂ ਸ਼ਬਦ ਸੁਣਨੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਜਦ ਬੁੱਢਾ ਵਿਚ ਅਸੀਂ ਸੁਣਦੇ, ਤਦ ਤੂੰ ਨਾ ਸੁਣਾਇਆ। ਇਹ ਬਚਨ ਵੀ ਗੁਰੂ ਜੀ ਨੇ ਕੀਤੇ ਸਨ : 'ਜਦ ਪ੍ਰੇਮ ਵਸ ਹੋ ਸਿੱਖ ਕੁਝ ਕਹਿੰਦਾ ਹੈ ਤਾਂ ਉਸ ਵਿਚ ਅਤੇ ਗੁਰੂ ਵਿਚ ਕੋਈ ਅੰਤਰ ਨਹੀਂ ਰਹਿੰਦਾ।'

ਗੁਰੂ ਅੰਗਦ ਦੇਵ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ ਗੁਰਗੱਦੀ ਦੀ ਜ਼ਿੰਮੇਵਾਰੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤੀ ਤੇ ਦੂਜੇ ਪਾਤਸ਼ਾਹ ੨੯ ਮਾਰਚ, ਸੰਨ ੧੫੫੨ ਵਿਚ ਜੋਤੀ ਜੋਤ ਸਮਾ ਗਏ। ਪੁੱਤਰਾਂ ਨੇ ਆਪਣੇ-ਆਪਣੇ ਹੱਕ ਜਤਾਏ ਪਰ ਗੁਰੂ ਅੰਗਦ ਦੇਵ ਜੀ ਨੇ ਇਹ ਆਖ ਕੇ 'ਪੰਡ ਉਠਾਉਣ ਜੋਗ ਮੈਂ ਇਹ (ਗੁਰੂ ਅਮਰਦਾਸ ਜੀ) ਹੀ ਡਿੱਠਾ', ਗੱਲ ਮੁਕਾ ਦਿੱਤੀ ਸੀ। ਆਪਣੇ ਹੱਥੀਂ ਗੁਰੂ ਅਮਰਦਾਸ ਜੀ ਨੂੰ ਤਖ਼ਤ ਉੱਤੇ ਬਿਠਾ ਕੇ, ਮੱਥਾ ਟੇਕਿਆ ਤੇ ਸ਼ਬਦ ਖ਼ਜ਼ਾਨਾ ਬਖ਼ਸ਼ ਦਿੱਤਾ। ਬਾਬਾ ਬੁੱਢਾ ਜੀ ਨੂੰ ਤਿਲਕ ਲਗਾਉਣ ਦੀ ਆਗਿਆ ਕੀਤੀ। ਦਾਤੂ ਜੀ ਤੇ ਦਾਸੂ ਜੀ ਨੇ ਤਗੜਾ ਵਿਰੋਧ ਕੀਤਾ ਪਰ ਕੇਂਦਰ ਹੁਣ ਗੋਇੰਦਵਾਲ ਬਣ ਚੁੱਕਾ ਸੀ।

ਗੁਰੂ ਅਮਰਦਾਸ ਜੀ ਦੇ ਤੇਜ, ਤਪ ਨਾਲ ਸਿੱਖੀ ਦੀ ਸੋਅ ਦੂਰ-ਦੂਰ ਤੱਕ ਫ਼ੈਲ ਗਈ। ਉਨ੍ਹਾਂ ਲੰਗਰ ਦੀ ਮਰਯਾਦਾ ਹੋਰ ਪੱਕੀ ਕੀਤੀ ਤੇ ਬਗ਼ੈਰ ਲੰਗਰ ਛਕੇ ਕਿਸੇ ਨੂੰ ਦਰਸ਼ਨ ਨਾ ਦੇਣ ਦਾ ਹੁਕਮ ਦਿੱਤਾ। 'ਪਹਿਲੇ ਪੰਗਤਿ, ਪਾਛੈ ਸੰਗਤਿ' ਦੀ ਫੱਟੀ ਲਟਕਾ ਦਿੱਤੀ। ਦਾਸੂ ਜੀ ਨੇ ਟਾਕਰੇ ਉੱਤੇ ਖਡੂਰ ਸਾਹਿਬ ਮੰਜੀ ਲਗਾ ਲਈ ਪਰ ਛੇਤੀ ਹੀ ਸਿਰ ਫਿਰ ਗਿਆ। ਉਧਰ, ਗੁਰੂ ਅਮਰਦਾਸ ਜੀ ਦਾ ਜਸ ਚਾਰੇ ਪਾਸੇ ਫੈਲ ਰਿਹਾ ਸੀ। ਪਿੰਡਾਂ ਤੇ ਸ਼ਹਿਰਾਂ ਤੋਂ ਅਨੇਕ ਲੋਕੀਂ ਦਰਸ਼ਨਾਂ ਨੂੰ ਆਉਂਦੇ ਸਨ ਤੇ ਦਰਸ਼ਨ ਕਰ ਕੇ ਆਪਣੇ ਆਪ ਨੂੰ ਵੱਡੇ ਭਾਗਾਂ ਵਾਲਾ ਗਿਣਦੇ ਸਨ। ਮਹਾਂਕਵੀ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ :

**'ਇਸ ਪ੍ਰਕਾਰ ਗੁਰ ਕੋ ਜਸ ਫੈਲਾ।**
**ਸੁਨਿ ਸੁਨਿ ਆਇ ਦਰਸ ਹਿਤ ਗੈਲਾ।**
**ਲੋਕ ਅਨੇਕ ਕਾਮਨਾ ਧਾਰੈਂ।**
**ਸਭਿ ਪਾਵਤਿ ਜਬ ਰੂਪ ਨਿਹਾਰੈਂ।**


www.sikhbookclub.com

**ਗ੍ਰਾਮ ਪੂਰਨ ਕੇ ਲੋਕ ਘਨੇਰੇ।**
**ਆਵਤ ਦਰਸਹਿ ਭਾਗ ਬਡੇਰੇ।'**

ਇਕ ਦਿਨ ਦਾਤੂ ਜੀ ਨੇ ਭਰੇ ਦਰਬਾਰ ਵਿਚ ਹੀ ਗੁਰੂ ਅਮਰਦਾਸ ਜੀ ਨੂੰ ਲੱਤ ਮਾਰ ਦਿੱਤੀ ਪਰ ਨਿਮਰਤਾ ਤੇ ਸ਼ਾਂਤੀ ਦੇ ਪੁੰਜ ਨੇ ਚਰਨ ਫੜ ਲਏ ਤੇ ਘੁੱਟਣ ਲੱਗੇ ਤੇ ਮੁੱਖੋਂ ਫ਼ਰਮਾਇਆ : 'ਆਪ ਦੇ ਚਰਨ ਕੋਮਲ, ਮੇਰੇ ਹੱਡ ਕਰੜੇ।' ਦੂਜੇ ਦਿਨ ਗੋਇੰਦਵਾਲ ਛੱਡ ਬਾਸਰਕੇ ਟੁਰ ਗਏ। ਸੰਗਤਾਂ ਨੂੰ ਜਦ ਗੁਰੂ ਪਾਤਸ਼ਾਹ ਦੇ ਦਰਸ਼ਨ ਨਾ ਹੋਏ ਤਾਂ ਵਿਆਕੁਲ ਹੋ ਗਈਆਂ। ਡਾਵਾਂ ਡੋਲਦਿਆਂ ਦਾ ਧਿਆਨ ਉਸੇ ਕੁਤਬੀ ਸਿਤਾਰੇ ਵੱਲ ਗਿਆ। ਬਾਬਾ ਬੁੱਢਾ ਜੀ ਨੇ ਹੀ ਵਿਉਂਤ ਬਣਾਈ ਤੇ ਘੋੜੀ ਅੱਗੇ ਲਗਾ ਪਿੱਛੇ ਤੁਰ ਪਏ। ਘੋੜੀ ਬਾਸਰਕੇ ਜਾ ਕੇ ਇਕ ਕੋਠੇ ਅੱਗੇ ਰੁਕੀ। ਉਸ ਦੇ ਦਰਵਾਜ਼ੇ ਉੱਤੇ ਪਾਤਸ਼ਾਹ ਦੇ ਹੱਥਾਂ ਦਾ ਲਿਖਿਆ ਸੀ, 'ਜੇ ਕੋਈ ਇਹ ਦਰ ਖੋਲ੍ਹੇਗਾ, ਉਹ ਸਾਡਾ ਸਿੱਖ ਨਹੀਂ ਹੋਵੇਗਾ ਤੇ ਅਸੀਂ ਉਸ ਦੇ ਗੁਰੂ ਨਹੀਂ ਰਹਾਂਗੇ।' ਸੰਗਤ ਤਾਂ ਇਹ ਪੜ੍ਹ ਹੋਰ ਵਿਆਕੁਲ ਹੋਈ ਪਰ ਬਾਬਾ ਜੀ ਮੁਸਕਰਾ ਪਏ ਤੇ ਰਮਜ਼ ਸਮਝ ਲਈ। ਉਨ੍ਹਾਂ ਪਿਛਲੇ ਪਾਸਿਓਂ ਪੱਛਮ ਵਿਚ ਸੰਨ੍ਹ ਮਾਰੀ ਤੇ ਉਸੇ ਮਘੋਰੇ ਵਿਚੋਂ ਜਦ ਸਭ ਤੋਂ ਪਹਿਲਾਂ ਕੋਠੇ ਦੇ ਅੰਦਰ ਗਏ ਤਾਂ ਗੁਰੂ ਜੀ ਅੱਗੋਂ ਮੁਸਕਰਾ ਰਹੇ ਸਨ। ਬਾਬਾ ਜੀ ਨੇ ਚਰਨ ਛੋਹੇ ਤੇ ਗੁਰੂ ਜੀ ਨੇ ਘੁੱਟ ਕੇ ਜੱਫੀ ਪਾਈ। ਫਿਰ ਸਾਰੀਆਂ ਸੰਗਤਾਂ ਉਸੇ ਮਘੋਰੇ ਵਿਚੋਂ ਅੰਦਰ ਗਈਆਂ। ਬਾਬਾ ਜੀ ਨੇ ਰਮਜ਼ ਖੋਲ੍ਹ ਦਿੱਤੀ ਸੀ ਕਿ ਗੁਰੂ ਦਾ ਦਰ ਤਾਂ ਹਰ ਇਕ ਲਈ ਖੁਲ੍ਹਾ ਹੈ ਪਰ ਜੋ ਪਰਗਟ ਦਰਵਾਜ਼ਿਆਂ ਰਾਹੀਂ ਉਸ ਨੂੰ ਮਿਲਣਾ ਚਾਹੇਗਾ, ਉਸ ਨੂੰ ਗੁਰੂ ਦਾ ਦਰ ਬੰਦ ਹੀ ਮਿਲੇਗਾ। ਗੁਪਤ ਦਰਵਾਜ਼ਾ ਖੋਲ੍ਹਣ ਨਾਲ ਹੀ ਗੁਰੂ ਪਰਗਟ ਮਿਲੇਗਾ ਤੇ ਘੁੱਟ ਜੱਫੀ ਪਾਏਗਾ। ਸੰਗਤਾਂ ਨੇ ਉਸੇ ਸਮੇਂ ਉੱਚੀ-ਉੱਚੀ ਆਖਿਆ :

**'ਧੰਨ ਭਾਈ ਬੁੱਢਾ॥**
**ਜਿਨ ਗੁਰੂ ਲੱਧਾ॥'**

ਗੁਰੂ ਅਮਰਦਾਸ ਜੀ ਨੇ ਵੀ, ਬਾਬਾ ਬੁੱਢਾ ਜੀ ਉੱਤੇ ਬਖ਼ਸ਼ਿਸ਼ਾਂ ਕਰਦੇ ਹੋਏ ਫ਼ਰਮਾਇਆ, 'ਤੂੰ ਸੰਗਤ ਦਾ ਖੇਵਟ ਭਉਜਲ ਤੋਂ ਪਾਰ ਕਰਨ ਵਾਲਾ, ਸਿੱਖੀ ਦੀ ਹੱਦ-ਸੀਮਾਂ, ਤੇਰਾ ਨਾਮ ਸਿੱਖੀ ਦਾ ਸਿਤਾਰਾ ਹੈ' :

**'ਇਹ ਸੰਗਤ ਕੋ ਬੋਹਿਥ ਭਾਰਾ।**
**ਭਉਜਲ ਤੇ ਕਰਿ ਹੈ ਨਿਸਤਾਰਾ।**
**ਸਿੱਖੀ ਅਵਧਿ ਨ ਇਸ ਤੇ ਪਰ੍ਹੇ।**
**ਨਾਮ ਲਏ ਗਨ ਬਿਘਨ ਸੁ ਹਰੇ।'**

ਗੋਇੰਦਵਾਲ ਆ ਕੇ ਗੁਰੂ ਅਮਰਦਾਸ ਜੀ ਨੇ ਉਸ ਮਰਯਾਦਾ ਨੂੰ ਫਿਰ ਚਲਾਇਆ। ਬਾਬਾ ਜੀ ਨੇ ਪੁੱਛਿਆ : 'ਪਾਤਸ਼ਾਹ! ਜੇ ਕੋਈ ਕਰੇ ਬੁਰਾਈ ਤਾਂ ਉਸ ਨਾਲ ਕੀ ਕਰੀਏ?' ਉੱਤਰ ਸੀ, 'ਭਲਿਆਈ।' 'ਉਹ ਫਿਰ ਕਰੇ ਬੁਰਾਈ ਤਾਂ ਫਿਰ ਕੀ ਕਰੀਏ?' 'ਭਲਿਆਈ'। ਫਿਰ ਵੀ ਉਹੀ ਉੱਤਰ ਸੀ। ਇਸ ਤਰ੍ਹਾਂ ਕਈ ਵਾਰ ਪੁੱਛਿਆ ਤਾਂ ਉੱਤਰ 'ਭਲਿਆਈ' ਹੀ ਦਿੱਤਾ। ਵਿਸਥਾਰ ਕਰਦੇ ਫ਼ਰਮਾਇਆ : 'ਜੇ ਉਹ ਬੁਰਾਈ ਦ੍ਰਿੜ੍ਹ ਕਰਦਾ ਹੈ ਤਾਂ ਅਸੀਂ ਕਿਉਂ ਛੱਡੀਏ ਭਲਿਆਈ। ਏਕ ਮਨੁੱਖ ਕਰੇ ਤਾਦੀ ਅਰ ਦੂਸਰਾ ਸਹਿ ਜਾਵੇ ਤਬ ਇਸ ਕੀ ਵਿਟਹੁ। ਉਸ ਕੇ ਸਾਥ ਪ੍ਰਮੇਸ਼ਰ ਤਾਦੀ ਕਰਦਾ ਹੈ। ਸੋ ਪ੍ਰਮੇਸ਼ਰ ਦਾ ਇਹ ਸੁਭਾਉ ਹੈ। ਨਾ ਫੜੇ ਨਾ

ਫੜੇ। ਫੜੇ ਤਉ ਛੱਡੇ ਹੀ ਨਹੀਂ। ਚੋਟ ਉੱਪਰ ਚੋਟ ਚਲਾਵੈ।' ਗੁਰੂ ਅਮਰਦਾਸ ਜੀ ਦੇਖ ਰਹੇ ਸਨ ਕਿ ਇਤਨੇ ਯਤਨ ਕਰਨ ਦੇ ਬਾਵਜੂਦ ਭਿੱਟ ਸੁੱਚ ਦਾ ਖਿਆਲ ਲੋਕਾਂ ਵਿਚੋਂ ਨਹੀਂ ਗਿਆ ਤੇ ਪਿੰਡ ਵਾਸੀ ਸਿੱਖ ਜਾਣ ਕਈਆਂ ਨੂੰ ਹੋਰ ਥਾਵਾਂ ਤੋਂ ਪਾਣੀ ਵੀ ਨਹੀਂ ਸਨ ਭਰਨ ਦੇਂਦੇ। ਸੋ ਗੁਰੂ ਪਾਤਸ਼ਾਹ ਨੇ ਸਭ ਤੋਂ ਵੱਡੀ ਭਿੱਟ ਪਾਣੀ ਦੀ ਮੁਕਾਉਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਤਜਵੀਜ਼ ਬਣਾਈ ਕਿ ਐਸਾ ਇਕ ਪਉੜੀਆਂ ਵਾਲਾ ਖੂਹ ਬਣਾਇਆ ਜਾਏ ਜਿਸ ਦਾ ਜਲ ਗ੍ਰਹਿਣ ਕਰਨ ਲਈ ਹਰ ਜੀਵ ਨੂੰ ਇਕੋ ਪਉੜੀਆਂ ਤੋਂ ਹੇਠਾਂ ਉਤਰਨਾ ਪਵੇ। ਉਨ੍ਹਾਂ ਦੀ ਗਿਣਤੀ ੮੪ ਰੱਖੀ ਤਾਂਕਿ ਮਨੁੱਖ ਜਾਤੀ ਦੀ ਚੌਰਾਸੀ ਕੱਟੀ ਜਾਏ, ਮਨੁੱਖਤਾ ਦੀ ਅਸਲ ਚੌਰਾਸੀ ਵਿਖਰੇਵੇਂ ਤੇ ਵਿਤਕਰਾ ਹੀ ਹੈ। ਉਸ ਬਾਉਲੀ ਦਾ ਟੱਕ ਬਾਬਾ ਬੁੱਢਾ ਜੀ ਨੇ ਸੰਨ ੧੫੫੨ ਵਿਚ ਲਗਾਇਆ ਤੇ ਉਸ ਨੂੰ ਸੰਪੂਰਨ ਹੋਣ ਵਿਚ ਛੇ ਸਾਲ ਲੱਗੇ।

ਫਿਰ ਜਦ ਈਰਖਾਲੂਆਂ ਨੇ ਅਕਬਰ ਪਾਸ ਸ਼ਿਕਾਇਤਾਂ ਘੱਲੀਆਂ ਤਾਂ ਭਾਈ ਜੇਠਾ ਜੀ ਨਾਲ ਬਾਬਾ ਬੁੱਢਾ ਜੀ ਆਗਰੇ ਵੀ ਗਏ। ਉਥੇ ਭਾਈ ਜੇਠਾ ਜੀ ਨੇ ਦੋਖੀਆਂ ਦੀ ਹਰ ਤਰਕ ਦਾ ਉੱਤਰ ਦਿੱਤਾ। ਸਿੱਖੀ ਦਾ ਫੈਲਾਅ ਵੱਧਦਾ ਵੇਖ ਕੇ ਗੁਰੂ ਅਮਰਦਾਸ ਜੀ ਨੇ ੨੨ ਮੰਜੀਆਂ ਅਸਥਾਪਣ ਕੀਤੀਆਂ ਅਤੇ ਸਭ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਦੇ ਸਿਰ ਉੱਤੇ ਹੀ ਰੱਖੀ। ਤਾਰੀਖ-ਇ-ਪੰਜਾਬ ਵਾਲਾ ਲਿਖਦਾ ਹੈ ਕਿ ਇਹ ਮੰਜੀਦਾਰ ਕਾਮਲ ਫ਼ਕੀਰ ਸਨ। ਫਿਰ ਸ੍ਰੀ ਅੰਮ੍ਰਿਤਸਰ ਦੀ ਭਾਲ ਲਈ ਬਾਬਾ ਜੀ ਨੂੰ ਭੇਜਿਆ ਕਿਉਂਕਿ ਉਹ ਥਾਂ ਜਾਣਦੇ ਸਨ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਮਿਹਰ ਦੀ ਨਜ਼ਰ ਪਾਈ ਸੀ ਤੇ ਭਾਈ ਜੇਠਾ ਜੀ ਨੂੰ ਸੁੰਦਰ ਤਾਲ ਬਣਾਉਣ ਦੀ ਆਗਿਆ ਕੀਤੀ। ਇਹ ਆਗਿਆ ੧੫੭੨ ਈ: ਵਿਚ ਦਿੱਤੀ ਸੀ। ਗੁਰੂ ਗੱਦੀ ਦੀ ਜ਼ਿੰਮੇਵਾਰੀ ਗੁਰੂ ਰਾਮਦਾਸ ਜੀ ਨੂੰ ਦੇਣ ਦਾ ਉਹ ਫ਼ੈਸਲਾ ਕਰ ਚੁੱਕੇ ਸਨ। ਬਾਬਾ ਬੁੱਢਾ ਜੀ ਹੱਥੀਂ ਤਿਲਕ ਦਿਲਵਾ ਕੇ ਆਪ ਜੀ ਸਤੰਬਰ, ਸੰਨ ੧੫੭੪ ਵਿਚ ਗੋਇੰਦਵਾਲ ਵਿਖੇ ਜੋਤੀ ਜੋਤ ਸਮਾ ਗਏ। 'ਮੋਹਰੀ ਪੁੱਤਰ ਸਨਮੁੱਖ ਹੋਇਆ' ਪਰ ਬਾਬਾ ਮੋਹਨ ਜੀ ਨੇ ਬਹੁਤ ਰੋਸ ਮਨਾਇਆ।

ਇਹ ਸਭ ਕੁਝ ਦੇਖ ਗੁਰੂ ਰਾਮਦਾਸ ਜੀ ਵੈਰਾਗ ਅਵਸਥਾ ਵਿਚ ਚਲੇ ਗਏ ਤੇ ਕਈ ਦਿਨ ਅੰਦਰ ਹੀ ਟਿਕੇ ਰਹੇ। ਬਾਬਾ ਬੁੱਢਾ ਜੀ ਨੇ ਭਾਈ ਪਾਰੋ ਨੂੰ ਨਾਲ ਲੈ ਕੇ ਗੁਰੂ ਰਾਮ ਦਾਸ ਜੀ ਨੂੰ ਖੁੱਲ੍ਹੇ ਦਰਸ਼ਨ ਦੇਣ ਅਤੇ ਪਹਿਲਾਂ ਵਾਂਗ ਨਾਮ-ਜਲ ਛਿੜਕਣ ਦੀ ਬੇਨਤੀ ਕੀਤੀ। ਅੰਮ੍ਰਿਤਸਰ ਸ਼ਹਿਰ ਵੱਧ ਰਿਹਾ ਸੀ ਤੇ ਤਾਲ ਦੀ ਖੁਦਾਈ ਆਰੰਭ ਸੀ। ਬਾਬਾ ਬੁੱਢਾ ਜੀ ਨੇ ਉਸ ਸਮੇਂ ਐਸੀ ਦ੍ਰਿੜ੍ਹਤਾ ਨਾਲ ਕੰਮ ਕੀਤਾ ਕਿ ਸੰਗਤਾਂ ਵਿਚ ਉਤਸ਼ਾਹ ਦੀ ਲਹਿਰ ਦੌੜ ਪਈ। ਜਿਸ ਥਾਂ ਬੈਠ ਕੇ ਆਪ ਜੀ ਕੰਮ ਦੀ ਨਿਗਰਾਨੀ ਕਰਦੇ, ਉਹ ਪਵਿੱਤਰ ਥਾਂ ਦਰਬਾਰ ਸਾਹਿਬ ਵਿਚ 'ਬੁੱਢੇ ਦੀ ਬੇਰ' ਕਰ ਕੇ ਪ੍ਰਸਿੱਧ ਤੇ ਸੁਰੱਖਿਅਤ ਹੈ।

ਗੁਰੂ ਰਾਮਦਾਸ ਜੀ ਆਪਣੇ ਤਿੰਨਾਂ ਪੁੱਤਰਾਂ, ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਤੇ (ਗੁਰੂ) ਅਰਜਨ ਦੇਵ ਜੀ ਦੇ ਸੁਭਾਅ ਕਰਮਾਂ ਵੱਲ ਨੀਝ ਲਗਾ ਦੇਖ ਰਹੇ ਸਨ। ਬਾਬਾ ਬੁੱਢਾ ਜੀ ਦੀ ਪਾਰਖੂ ਅੱਖ ਤੋਂ ਵੀ ਤਿੰਨੇ ਦੂਰ ਨਹੀਂ ਸਨ। ਪ੍ਰਿਥੀ ਚੰਦ ਜੀ ਦਾ ਬਹੁਤਾ ਧਿਆਨ ਧਨ-ਦੌਲਤ ਇਕੱਠਾ ਕਰਨ ਜਾਂ ਹਿਸਾਬ-ਕਿਤਾਬ ਵਿਚ ਹੀ ਸੀ। ਮਹਾਂਦੇਵ ਜੀ ਮਸਤ ਹੀ ਫਿਰਦੇ ਸਨ ਤੇ (ਗੁਰੂ) ਅਰਜਨ ਦੇਵ ਜੀ ਦਿਨ-ਰਾਤ ਸੇਵਾ, ਸਿਮਰਨ ਤੇ ਘਾਲ ਵਿਚ ਲੱਗੇ

ਰਹਿੰਦੇ ਸਨ। ਲਾਹੌਰ ਜਾਣ ਦੀ ਪ੍ਰੀਖਿਆ ਵਿਚ ਜਦ ਪ੍ਰਿਥੀ ਚੰਦ ਜੀ ਤੇ ਮਹਾਂਦੇਵ ਜੀ ਰਹਿ ਗਏ ਤਾਂ ਗੁਰੂ ਰਾਮਦਾਸ ਜੀ ਨੇ ਗੁਰ-ਗੱਦੀ ਦੇਣ ਲਈ ਬਾਬਾ ਬੁੱਢਾ ਜੀ ਕੋਲੋਂ ਸਲਾਹ ਪੁੱਛੀ। ਉਸ ਸਮੇਂ ਜੋ ਸ਼ਬਦ ਗੁਰ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਸਤਿਕਾਰ ਵਜੋਂ ਆਖੇ ਉਹ ਉਨ੍ਹਾਂ ਦੀ ਪ੍ਰਤਿਭਾ ਉਜਾਗਰ ਕਰਨ ਵਿਚ ਬਹੁਤ ਸਹਾਇਤਾ ਕਰਦੇ ਹਨ। ਗੁਰੂ ਰਾਮਦਾਸ ਜੀ ਨੇ ਫ਼ਰਮਾਇਆ : *'ਗੁਰੂ ਨਾਨਕ ਦੇ ਤੁਸੀਂ ਪਿਆਰੇ ਹੋ, ਗੁਰੂ ਅੰਗਦ ਤੇ ਅਮਰਦਾਸ ਜੀ ਦੇ ਦਰਸ਼ਨਾਂ ਨਾਲ ਤ੍ਰਿਪਤ ਹੋਏ ਹੋ।* ਇਹ ਹੁਣ ਦੱਸੋ ਕਿ (ਗੁਰੂ) ਅਰਜਨ ਜੀ ਅਜਰ ਨੂੰ ਜਰਨ ਜੋਗ ਹੋਏ ਹਨ ਜਾਂ ਜੋ ਤੁਹਾਨੂੰ ਠੀਕ ਲੱਗਦਾ ਹੈ ਦੱਸੋ ਤਾਂਕਿ ਗੁਰੂ-ਗੱਦੀ ਦਿੱਤੀ ਜਾਏ' :

**'ਸ੍ਰੀ ਨਾਨਕ ਕੇ ਤੁਮ ਬਹੁ ਪਯਾਰੇ।**
**ਗੁਰੂ ਅੰਗਦ ਸ੍ਰੀ ਅਮਰ ਨਿਹਾਰੇ।**
**ਗੁਰਤਾ ਅਜਰ ਜਰਨ ਉਰ ਮਾਹੀ।**
**ਸ੍ਰੀ ਅਰਜਨ ਅਬਿ ਭਯੋ ਕਿ ਨਾਹੀ।**
**ਜੇ ਕਰਿ ਤੁਮਹ ਸੁਹਾਵਤਿ ਆਛੇ।**
**ਇਸਹਿ ਬਿਠਾਵਹਿ ਹਮ ਨਿਜ ਪਾਛੇ।'**

ਬਾਬਾ ਜੀ ਨੇ ਨਿਮਰਤਾ ਸਹਿਤ ਕਿਹਾ : 'ਪ੍ਰਿਥੀ ਚੰਦ ਛਲ ਤੇ ਬਲ ਕਰ ਕੇ ਗੱਦੀ ਲੋਚਦਾ ਹੈ। ਉਸ ਦੀਆਂ ਹੱਡੀਆਂ ਵਿਚ ਸੇਵਾ ਨਹੀਂ ਹੈ, ਹੰਕਾਰ ਹੈ ਤੇ ਧਨ ਇਕੱਠਾ ਕਰਨ ਵਿਚ ਹੀ ਲੱਗਾ ਰਹਿੰਦਾ ਹੈ :

SIKHBOOKCLUB.COM

**'ਛਲ ਬਲ ਕਰ ਚਾਹਤਿ ਗੁਰਿਆਈ।**
**ਪੁੰਨ ਪਿਤ ਕੀ ਨਹਿ ਸੇਵ ਕਮਾਈ।**
**ਕਰਿ ਹੰਕਾਰ, ਨ ਕਬ ਬਚ ਮਾਨਾ।**
**ਧਨ ਕੋ ਸਾਂਭਤ ਰਹਯੋ ਮਹਾਨਾ।**
**ਜਗ ਬਿਵਹਾਰਨ ਮਹਿ ਚਤੁਰਾਈ।**
**ਇਕ ਭੀ ਗੁਨ ਨਹਿ ਲੇ ਗੁਰਿਆਈ।'**

ਅਤੇ ਗੁਰੂ ਅਰਜਨ ਵਿਚ ਸ਼ੀਲਤਾ ਓੜਕਾਂ ਦੀ ਹੈ ਤੇ ਅਹੰਕਾਰ ਲੇਸ਼ ਮਾਤ੍ਰ ਨਹੀਂ :

**'ਲਗਯੋ ਸਰਾਹਨ 'ਸ਼ੀਲ ਬਿਸਾਲਾ'।**
**ਲੇਸ਼ ਹੰਕਾਰ ਨਹੀਂ ਕਿਸ ਕਾਲਾ।'**

ਸਾਰੇ ਗੁਣ ਗੁਰੂ ਅਰਜਨ ਵਿਚ ਹਨ ਤੇ ਉਨ੍ਹਾਂ ਦੇ ਟਾਕਰੇ ਦਾ ਹੋਰ ਕੋਈ ਨਹੀਂ। 'ਸ੍ਰੀ ਅਰਜਨ ਮਹਿ ਪਰਖੇ ਸਾਰੇ।' ਅਤੇ

**ਇਨ ਸਮ ਸੇਵਕ ਅਪਰ ਨ ਬੀਯੋ।**
**ਜਿਸ ਆਇਸ ਮਹਿ ਵਾਸਾ ਕੀਯੋ।** (ਸੂਰਜ ਪ੍ਰਕਾਸ਼, ਪੰਨਾ ੧੭੨੯)

ਜਦ ਪ੍ਰਿਥੀ ਚੰਦ ਜੀ ਨੂੰ ਗੱਦੀ ਪ੍ਰਾਪਤ ਨਾ ਹੋਈ ਤਾਂ ਉਨ੍ਹਾਂ ਝਗੜੇ ਖੜ੍ਹੇ ਕਰ ਦਿੱਤੇ। ਸੂਰਜ ਪ੍ਰਕਾਸ਼ ਦੇ ਕਥਨ ਮੁਤਾਬਿਕ 'ਜਰ ਬਰ ਗਯੋ' (ਸੜ ਬਲ ਗਿਆ)। ਬਾਬਾ ਬੁੱਢਾ ਜੀ ਪਾਸ ਆ ਕੇ ਕਹਿਣ ਲੱਗਾ : 'ਤੁਹਾਡੇ ਉੱਤੇ ਬਹੁਤ ਵਿਸ਼ਵਾਸ ਸੀ, ਪਰ ਤੁਸਾਂ ਬਹੁਤ ਅਨਿਆਂ ਕੀਤਾ ਹੈ। ਤੁਸੀਂ ਸਤਰਹ ਬਹਤਰੇ ਹੋ ਗਏ ਹੋ ਜਾਂ ਹੋਰ ਭਾਣਾ ਵਰਤਿਆ ਹੈ। ਝੱਟ ਉਠ ਕੇ ਤਿਲਕ ਕਰ ਦਿੱਤਾ। ਸਾਰਾ ਤੁਸਾਂ ਨੇ ਹੀ ਚੌੜ ਕੀਤਾ ਹੈ। ਤੁਹਾਡਾ ਕਿਹਾ ਪਿਤਾ ਜੀ ਨਾ

 www.sikhbookclub.com

ਮੋੜਦੇ। ਹੁਣੇ ਮੈਂ ਜਾ ਕੇ ਪਾਤਸ਼ਾਹ ਕੋਲੋਂ ਫ਼ਰਮਾਨ ਲੈ ਆਵਾਂ ਤਾਂ ਤੁਹਾਡਾ ਤੇ ਪਿਤਾ ਜੀ ਦਾ ਕੀ ਰਵ੍ਹੇ ?' ਬਾਬਾ ਬੁੱਢਾ ਜੀ ਨੇ ਜਦ ਅਹੰਕਾਰ ਸਿਖਰ ਉੱਤੇ ਡਿੱਠਾ ਤਾਂ ਫ਼ਰਮਾਇਆ :

'ਗੁਰ-ਗੱਦੀ ਕਿਸੇ ਦੀ ਵਿਰਾਸਤ ਨਹੀਂ, ਵਸਤ ਕਰਤਾਰ ਅਧੀਨ ਹੈ, ਜੋ ਧੁਰੋਂ ਲੈ ਕੇ ਆਉਂਦਾ ਹੈ, ਚਾਹੇ ਦਾਸ ਹੋਵੇ ਚਾਹੇ ਪੁੱਤਰ। ਪ੍ਰਿਥੀ ਚੰਦ! ਤੂੰ ਸਾਰੀ ਉਮਰ ਅਹੰਕਾਰ ਵਿਚ ਰਿਹਾ। ਬਿਨਾਂ ਨਿਮਰਤਾ ਦੇ ਸੇਵਾ ਸੋਭਦੀ ਨਹੀਂ, ਸੇਵਾ ਕਿੱਥੇ, ਤੂੰ ਤਾਂ ਹੰਕਾਰੀ ਹੋ ਰਿਹਾ ਹੈਂ :

**'ਬਿਨਾਂ ਨਿੰਮ੍ਰਤਾ ਹੋਇ ਨ ਸੇਵਾ।**
**ਸੇਵਾ ਕਹਾਂ, ਮਹਾਂ ਅਹੰਮੇਵਾ।'**

ਬਾਬਾ ਜੀ ਨੇ ਫਿਰ ਕਿਹਾ : 'ਸ਼ਰਧਾ ਸਾਰੇ ਪ੍ਰਮਾਰਥਾਂ ਦਾ ਮੂਲ ਹੈ। ਸ਼ਰਧਾ ਤੋਂ ਹੀ ਪ੍ਰੇਮ ਦੀ ਕੌਂਪਲ ਫੁੱਟਦੀ ਹੈ। ਪ੍ਰੇਮ ਹੀ ਸੁਖ ਦਿੰਦਾ ਹੈ। ਸੇਵਾ ਤਾਂ ਛਾਲ ਹੈ ਜੋ ਸ਼ਰਧਾ ਤੇ ਪ੍ਰੇਮ ਨੂੰ ਪੱਕਿਆਂ ਕਰਦੀ ਹੈ ਨਾ ਕਿ ਪ੍ਰੇਮ ਤੇ ਸ਼ਰਧਾ ਤੋੜਨ ਲਈ ਹੈ। ਸ਼ਰਧਾ, ਪ੍ਰੇਮ ਤੇ ਸੇਵਾ ਤੋਂ ਹੀ ਵੈਰਾਗ ਉਪਜਦਾ ਹੈ ਤੇ ਵੈਰਾਗ ਨੂੰ ਹੀ ਹਰੀ ਨਾਮ ਦਾ ਫਲ ਲੱਗਦਾ ਹੈ।

**'ਸ਼ਰਧਾ ਸਭ ਕੀ ਮੂਲ ਮਹਾਨੀ।**
**ਅੰਕਰ ਪ੍ਰੇਮ ਹੋਤ ਸੁਖਦਾਨੀ।**
**ਤੁਚ ਸੇਵਾ ਜਿਸ ਕੋ ਦਿਢ ਕਰਤਾ।**
**ਕਾਂਡ ਬਡੇ ਵੈਰਾਗ ਪ੍ਰਵਿਰਤਾ।'**
**ਹਰਿ ਕਾ ਨਾਮ ਸੁ ਮਨ ਤਹਿ ਫੂਲਾ।**
**ਸਤਿ ਸੰਗਤ ਮਹਿ ਸੋਭਤ ਝੂਲਾ।'**

ਫਿਰ ਇਹ ਹੀ ਫਲ ਸਾਧ ਸੰਗਤ ਵਿਚ ਜਾ ਕੇ ਬ੍ਰਿਛ ਬਣ ਕੇ ਝੂਲਦਾ ਹੈ ਤੇ ਸਾਰੇ ਸੰਸਾਰ ਵਿਚ ਸ਼ੋਭਾ ਪਾਉਂਦਾ ਹੈ। ਇਸ ਬ੍ਰਿਛ ਨੂੰ ਦੈਵੀ, ਸੰਸਾਰੀ, ਬਿਬੇਕ ਤੇ ਗਿਆਨ ਦੇ ਅਨੇਕਾਂ ਗੁਣ ਲਗ ਕੇ ਹੋਰ ਘਣ-ਛਾਵਾਂ ਬਣਾਂਦੇ ਹਨ।

**'ਦੈਵ ਸੰਪਦਾ ਗੁਣ ਜੋ ਅਨੇਕਾ।**
**ਗੁਣ ਦਲ ਕਲਤ ਸੁ ਬਲਤ ਬਿਬੇਕਾ।'**

ਫਿਰ ਉੱਚੀ ਆਵਾਜ਼ ਕਰਕੇ ਸਮਝਾਇਆ : 'ਪ੍ਰਿਥੀ ਚੰਦ! ਅੰਦਰ ਦੀ ਜਾਗ੍ਰਤਾ, ਮਾਲਕ ਵਿਚ ਲੀਨਤਾ, ਹਉਮੈ ਤਿਆਗ, ਉਹ ਪਰ-ਸੁਆਰਥ ਗੁਰੂ ਤੋਂ ਨਾ ਲਿਆ ਅਤੇ ਤੂੰ ਤਾਂ ਗੁਰਿਆਈ ਨੂੰ ਐਸ਼ ਦਾ ਸਾਮਾਨ ਹੀ ਸਮਝਿਆ।'

ਗੁਰੂ ਰਾਮਦਾਸ ਜੀ ਸਤੰਬਰ, ੧੫੮੧ ਈ: ਵਿਚ ਜੋਤੀ ਜੋਤ ਸਮਾ ਗਏ। ਬਾਬਾ ਬੁੱਢਾ ਜੀ ਦੇ ਕੰਨਾਂ ਵਿਚ ਆਵਾਜ਼ਾਂ ਪੈ ਰਹੀਆਂ ਸਨ ਕਿ 'ਦਸਤਾਰ ਬੰਦੀ' ਸਮੇਂ ਪ੍ਰਿਥੀ ਚੰਦ ਜੀ ਸ਼ੋਰ ਮਚਾਉਣਗੇ। ਸੋ ਉਨ੍ਹਾਂ ਇਕ ਦੀ ਥਾਂ ਦੋ ਪੱਗਾਂ ਦੇਣ ਦੀ ਵਿਉਂਤ ਬਣਾਈ। ਇਕ ਪੱਗ ਮਰਨੇ ਦੀ, ਵੱਡਾ ਪੁੱਤਰ ਜਾਣ ਕੇ ਪ੍ਰਿਥੀ ਚੰਦ ਜੀ ਨੂੰ ਦਿੱਤੀ ਤੇ ਦੂਜੀ ਗੁਰਿਆਈ ਦੀ ਗੁਰੂ ਅਰਜਨ ਜੀ ਨੂੰ। ਪਰ ਜਦ 'ਮਰਨੇ ਦੀ ਪੱਗ' ਪ੍ਰਿਥੀ ਚੰਦ ਨੂੰ ਮਿਲ ਗਈ ਤੇ ਦੂਜੀ ਗੁਰੂ ਅਰਜਨ ਦੇਵ ਜੀ ਦੇ ਸਿਰ ਰੱਖਣ ਲੱਗੇ ਤਾਂ ਉਸ ਨੇ ਅੱਗੋਂ ਵੱਧ ਖੋਹ ਲਈ। ਗੁਰੂ ਅਰਜਨ ਜੀ ਉਸੇ ਤਰ੍ਹਾਂ ਸ਼ਾਂਤ ਚਿੱਤ ਬੈਠੇ ਰਹੇ। ਇਕੱਠੀਆਂ ਸੰਗਤਾਂ ਉੱਤੇ ਗੁਰੂ ਜੀ ਦੀ ਸ਼ਖ਼ਸੀਅਤ ਦਾ ਬਹੁਤ ਹੀ ਪ੍ਰਭਾਵ ਪਿਆ। ਪ੍ਰਿਥੀ ਚੰਦ ਨੇ ਭੈੜੇ ਮਨਸੂਬੇ ਜਾਰੀ ਰੱਖੇ ਤੇ ਅੰਮ੍ਰਿਤਸਰ ਦੀ ਇਕ ਕਿਸਮ

 www.sikhbookclub.com

ਦੀ ਨਾਕਾਬੰਦੀ ਹੀ ਕਰ ਦਿੱਤੀ। ਬਾਬਾ ਜੀ ਪੂਰੇ ਜਤਨ ਕਰਦੇ ਪਰ ਇੰਝ ਪ੍ਰਤੀਤ ਹੁੰਦਾ ਸੀ ਕਿ ਪ੍ਰਿਥੀ ਚੰਦ ਨੇ ਜਾਲ ਸੰਘਣਾ ਉਣਿਆ ਹੋਇਆ ਹੈ। ਭਾਈ ਗੁਰਦਾਸ ਜੀ ਦੇ ਆਗਰੇ ਤੋਂ ਪੁੱਜਣ ਨਾਲ ਬਾਬਾ ਬੁੱਢਾ ਜੀ ਨੂੰ ਇਕ ਹੋਰ ਸਾਥੀ ਮਿਲਿਆ ਤੇ ਦੋਵੇਂ ਨੁਕਰਾਂ ਦੋਵਾਂ ਮਹਾਂਪੁਰਸ਼ਾਂ ਨੇ ਮੱਲ ਲਈਆਂ। ਪ੍ਰਿਥੀ ਚੰਦ ਦਾ ਭੱੜ ਮੂਲੋਂ ਹੀ ਮੁੱਕ ਗਿਆ।

ਗੁਰੂ ਅਰਜਨ ਜੀ ਨੇ ਮਾਝੇ ਅਤੇ ਦੁਆਬੇ ਦੇ ਪ੍ਰਚਾਰ ਦੌਰੇ ਆਰੰਭ ਦਿੱਤੇ ਤੇ ਅੰਮ੍ਰਿਤਸਰ ਦਾ ਸਾਰਾ ਪ੍ਰਬੰਧ ਭਾਈ ਬੁੱਢਾ ਜੀ ਉੱਤੇ ਸੁੱਟ ਦਿੱਤਾ। ਅੰਮ੍ਰਿਤਸਰ ਸਰੋਵਰ ਵਿਚਕਾਰ ਹਰਿਮੰਦਰ ਉਸਾਰਨ ਦੀ ਤਜਵੀਜ਼ ਵੀ ਬਣ ਗਈ ਸੀ। ਸੋ ਬਾਬਾ ਜੀ ਦਾ ਬਹੁਤਾ ਧਿਆਨ ਉੱਧਰ ਹੀ ਰਹਿੰਦਾ। ਮੰਜੀਆਂ ਦੀ ਥਾਂ ਗੁਰੂ ਅਰਜਨ ਜੀ ਨੇ ਮਸੰਦ ਪ੍ਰਥਾ ਨੂੰ ਪੱਕਿਆਂ ਹੀ ਕਰ ਦਿੱਤਾ। ਸੋ ਭੇਟਾ ਆਪਣੇ ਆਪ ਗੁਰ ਖਜ਼ਾਨੇ ਪੁੱਜ ਜਾਂਦੀ ਸੀ ਤੇ ਕਿਸੇ ਕੰਮ ਵਿਚ ਰੁਕਾਵਟ ਨਹੀਂ ਪੈਂਦੀ ਸੀ।

ਪ੍ਰਿਥੀ ਚੰਦ ਜੀ ਤੇ ਉਨ੍ਹਾਂ ਦੇ ਘਰੋਂ ਬੀਬੀ ਕਰਮੋਂ ਉਸੇ ਤਰ੍ਹਾਂ ਈਰਖਾ ਦੀ ਅੱਗ ਵਿਚ ਸੜ ਰਹੇ ਸਨ। ਸਿਰਫ਼ ਇਕੋ ਹੀ ਧਰਵਾਸ ਉਨ੍ਹਾਂ ਦੋਵਾਂ ਨੂੰ ਸੀ ਕਿ ਗੁਰੂ ਅਰਜਨ ਘਰ ਸੰਤਾਨ ਨਹੀਂ ਤੇ ਸਾਰੀ ਮਾਲਕੀ ਉਨ੍ਹਾਂ ਦੇ ਪੁੱਤਰ 'ਮਿਹਰਬਾਨ' ਨੂੰ ਹੀ ਮਿਲੇਗੀ। ਇਕ ਦਿਨ ਬੀਬੀ ਕਰਮੋਂ ਨੇ ਮਾਤਾ ਗੰਗਾ ਜੀ ਨੂੰ ਬਹੁਤ ਜਲੀਆਂ ਕਟੀਆਂ ਸੁਣਾਈਆਂ। ਮਾਤਾ ਜੀ ਨੇ ਪੁੱਤਰ ਲਈ ਅਰਦਾਸ ਕਰਨ ਲਈ ਕਿਹਾ ਤਾਂ ਉਨ੍ਹਾਂ ਇਸ਼ਾਰਾ ਬਾਬਾ ਬੁੱਢਾ ਜੀ ਵੱਲ ਕੀਤਾ। ਉਨ੍ਹਾਂ ਦਿਨਾਂ ਵਿਚ ਚੌਧਰੀ ਲੰਘਾਹ ਵਲੋਂ ਬੀੜ ਦੀ ਇਕ ਅੱਡ ਕੀਤੀ ਟੁਕੜੀ ਵਿਚ ਟਿਕੇ ਹੋਏ ਸਨ। ਉਹ ਬੀੜ ਚੌਧਰੀ ਲੰਘਾਹ ਨੇ ਗੁਰੂ ਘਰ ਦੇ ਪਸ਼ੂਆਂ ਲਈ ਰਾਖਵੀਂ ਰੱਖ ਦਿੱਤੀ ਸੀ। ਬਾਬਾ ਜੀ ਉਥੇ ਹੀ ਮਾਲ ਦੀ ਰਾਖੀ ਕਰਦੇ ਸਨ। ਅਹਿਮਦ ਸ਼ਾਹ ਬਟਾਲਵੀ ਦਾ ਕਹਿਣਾ ਹੈ ਕਿ ਗੁਰੂ ਅਰਜਨ ਦੇਵ ਜੀ ਸਮੇਤ ਮਾਤਾ ਗੰਗਾ ਤੇ ਸਿੱਖਾਂ ਨਾਲ ਬੀੜ ਵੱਲ ਚੱਲ ਪਏ। ਬਾਬਾ ਬੁੱਢਾ ਜੀ ਨੇ ਦੂਰੋਂ ਭੀੜ ਆਉਂਦੀ ਦੇਖ ਕੇ ਨਿਕਟਵਰਤੀ ਕੋਲੋਂ ਪੁੱਛਿਆ ਕਿ ਇਹ ਕੌਣ ਹਨ? ਉਸ ਦੱਸਿਆ 'ਇਹ ਗੁਰੂ ਹਨ।' ਸੁਭਾਵਕ ਹੀ ਬਾਬਾ ਬੁੱਢਾ ਜੀ ਨੇ ਕਿਹਾ: 'ਗੁਰੂਆਂ ਨੂੰ ਕੀ ਭਾਜੜ ਪੈ ਗਈ ਹੈ ਕਿ ਇਕ ਥਾਂ ਤੋਂ ਦੂਜੀ ਥਾਂ ਜਾ ਰਹੇ ਹਨ।' ਸੰਗਤਾਂ ਨੇ ਕਿਹਾ: 'ਬਾਬਾ ਜੀ, ਗੱਲ ਹੋਰ ਹੈ। ਗੁਰੂ ਸਾਹਿਬ ਸਮੇਤ ਮਾਤਾ ਗੰਗਾ ਜੀ ਤੁਹਾਡੇ ਦਰਸ਼ਨਾਂ ਨੂੰ ਆ ਰਹੇ ਹਨ ਤੇ ਪੁੱਤਰ ਦਾ ਵਰ ਮੰਗਦੇ ਹਨ।' ਇਤਨਾ ਸੁਣਨਾ ਹੀ ਸੀ ਕਿ ਬਾਬਾ ਜੀ ਬਿਰਧ ਹੋਣ ਦੇ ਬਾਵਜੂਦ ਉਠ ਖਲੋਤੇ ਤੇ ਖ਼ੁਸ਼ੀ ਨਾਲ ਨੱਚਣ ਲੱਗ ਪਏ। ਹੱਥ ਉੱਤੇ ਜ਼ੋਰ ਦਾ ਹੱਥ ਮਾਰ ਕੇ ਆਖਿਆ, 'ਇਕ ਅਜਿਹਾ ਪੁੱਤਰ ਪੈਦਾ ਹੋਵੇਗਾ, ਜੋ ਬਹੁਤ ਸੂਰਮਾ ਤੇ ਬਲਵਾਨ ਹੋਵੇਗਾ। ਜਦ ਮਾਤਾ ਜੀ ਨੇੜੇ ਆਏ ਤਾਂ ਆਪ ਜੀ ਨੇ ਕਿਹਾ:

**"ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ,**
**ਜਾਕੋ ਬਲ ਗੁਨ ਕਿਨਹੂੰ ਨਾ ਸੋਧਾ।"** (ਪੰਨਾ ੧੨, ਗੁਰੂ ਬਿਲਾਸ ਪਾ: ਛੇਵੀਂ)

ਇਹ ਵੀ ਲਿਖਿਆ ਮਿਲਦਾ ਹੈ ਕਿ ਉਸ ਵੇਲੇ ਬੱਦਲ ਗਰਜੇ ਤੇ ਬਿਜਲੀ ਕੜਕੀ ਸੀ:

**'ਜਲਧਰ ਗਰਜਯੋ, ਗਗਨ ਮਹਾਨ।'**
**ਤੜਿਤਾ ਲਸ਼ਕਤਿ ਤੇਜ ਅਧਿਕਧਰ।**
**ਦਸਹੂ ਦਿਸ਼ਨ ਕੀਨ ਪ੍ਰਕਾਸ਼॥**

ਭਾਵ: ਬਿਜਲੀ ਰੂਪ ਤਲਵਾਰ ਲਿਸ਼ਕੇਗੀ ਅਤੇ ਸ਼ਬਦ ਹਰ ਹਿਰਦੇ ਗੂੰਜੇਗਾ।


www.sikhbookclub.com

ਗੁਰੂ ਜੀ ਇਸ ਨੇਕ ਸ਼ਗਨ ਉੱਤੇ ਬਹੁਤ ਹੀ ਪ੍ਰਸੰਨ ਹੋਏ ਤੇ ਸੰਗਤਾਂ ਨੇ ਖ਼ੁਸ਼ੀ ਮਨਾਈ। ਗੁਰੂ ਹਰਿਗੋਬਿੰਦ ਜੀ ਦਾ ਜਨਮ ੯ ਜੂਨ, ੧੫੯੫ ਨੂੰ ਵਡਾਲੀ ਵਿਚ ਹੋਇਆ। ਬਾਬਾ ਜੀ ਵਡਾਲੀ ਪੁੱਜੇ ਤੇ ਅਸ਼ੀਰਵਾਦ ਦਿੱਤੀ। ਗੁਰੂ ਅਰਜਨ ਜੀ ਉਸ ਵੇਲੇ ਪ੍ਰਚਾਰ ਦੌਰਿਆਂ ਉੱਤੇ ਸਨ।

ਪ੍ਰਿਥੀ ਚੰਦ ਜੀ ਨੇ ਜਦ ਡਿੱਠਾ ਕਿ ਮੇਹਰਬਾਨ ਦੀ ਗੱਲ ਹੁਣ ਨਹੀਂ ਚਲਣੀ ਤਾਂ ਉਸ ਨੇ ਬਾਲਕ ਗੁਰੂ ਹਰਿਗੋਬਿੰਦ ਉੱਤੇ ਮਾਰੂ ਵਾਰ ਕਰਨੇ ਸ਼ੁਰੂ ਕੀਤੇ। ਵਾਹਿਗੁਰੂ ਦੀ ਮਿਹਰ ਸਦਕਾ, ਉਸ ਦੇ ਸਾਰੇ ਵਾਰ ਖ਼ਾਲੀ ਗਏ। ਗੁਰੂ ਅਰਜਨ ਦੇਵ ਜੀ ਬਾਲਕ (ਗੁਰੂ) ਨੂੰ ਅੰਮ੍ਰਿਤਸਰ ਲੈ ਆਏ। ਜਦ ਉਹ ਪੰਜ ਸਾਲ ਦੇ ਹੋਏ ਤਾਂ ਅੱਖਰੀ ਵਿੱਦਿਆ ਦਾ ਕਾਰਜ ਬਾਬਾ ਜੀ ਦੇ ਸਪੁਰਦ ਕੀਤਾ ਗਿਆ। ਭਾਈ ਗੁਰਦਾਸ ਜੀ ਵੀ ਨਿਤਾ-ਪ੍ਰਤੀ ਵਿੱਦਿਆ ਪੜ੍ਹਾਉਂਦੇ। ਅੱਖਰੀ ਵਿੱਦਿਆ ਦੇ ਨਾਲ-ਨਾਲ ਹਿਕਮਤ, ਜੋਤਸ਼, ਸ਼ਾਸਤਰ, ਖੇਤੀ-ਬਾੜੀ, ਨੀਤੀ ਵੀ ਬਾਬਾ ਜੀ ਨੇ ਸਿਖਲਾਈ। ਯੁੱਧ-ਵਿੱਦਿਆ ਦੀ ਸਿਖਲਾਈ ਭਾਈ ਜੇਠਾ ਜੀ ਨੇ ਕੀਤੀ। ਆਪ ਘੋੜ-ਸਵਾਰੀ ਵਿਚ ਅਜਿਹੇ ਤਾਕ ਹੋ ਗਏ ਕਿ ਕੋਈ ਉਨ੍ਹਾਂ ਨਾਲ ਘੋੜ-ਦੌੜ ਵਿਚ ਬਰਾਬਰੀ ਨਾ ਕਰ ਸਕਦਾ। ਪ੍ਰਿਥੀ ਚੰਦ ਜੀ ਆਪਣੇ ਮੰਤਵ ਵਿਚ ਕਾਮਯਾਬੀ ਹੁੰਦੀ ਨਾਂਹ ਦੇਖ 'ਹੇਹਰੀਂ' ਟੁਰ ਗਏ ਤੇ ਉਥੇ ਆਪਣਾ ਵੱਖ 'ਹਰਿਮੰਦਰ' ਉਸਾਰ ਲਿਆ ਤੇ ਛੋਟੀਆਂ ਸਾਜ਼ਿਸ਼ਾਂ ਦੀ ਥਾਵੇਂ ਵੱਡੀਆਂ ਸਾਜ਼ਿਸ਼ਾਂ ਕਰਨ ਲੱਗੇ। ਪਹਿਲਾਂ ਬੀਰਬਲ ਹੱਥੋਂ, ਫਿਰ ਸੁਲਹੀ ਖ਼ਾਨ ਤੇ ਸੁਲੱਭੀ ਖ਼ਾਨ ਨਾਲ ਮਿਲ ਕੇ ਹੱਲੇ ਕਰਾਉਣੇ ਚਾਹੇ ਪਰ ਕਿਸੇ ਥਾਵੇਂ ਵੀ ਉਨ੍ਹਾਂ ਨੂੰ ਕਾਮਯਾਬੀ ਨਾ ਮਿਲੀ। ਆਖ਼ਿਰ ਅਕਬਰ ਪਾਸ ਸ਼ਿਕਾਇਤ ਕੀਤੀ ਗਈ ਕਿ ਗੁਰੂ ਅਰਜਨ ਜੀ ਇਕ ਐਸਾ ਧਰਮ-ਗ੍ਰੰਥ ਰਚ ਰਹੇ ਹਨ ਜਿਸ ਵਿਚ ਹਿੰਦੂਆਂ, ਮੁਸਲਮਾਨਾਂ ਵਿਰੁੱਧ ਲਿਖਿਆ ਹੋਇਆ ਹੈ। ਅਕਬਰ ਨੇ ਗੁਰੂ ਅਰਜਨ ਜੀ ਨੂੰ ਬਟਾਲਾ ਵਿਖੇ ਸੱਦ ਘੱਲਿਆ। ਅਕਬਰ ਨਵੰਬਰ, ੧੫੯੮ ਵਿਚ ਗੁਰੂ ਅਰਜਨ ਜੀ ਨੂੰ ਗੋਇੰਦਵਾਲ ਮਿਲ ਕੇ ਭਾਵੇਂ ਸ਼ਲਾਘਾ ਕਰ ਚੁੱਕਾ ਸੀ, ਪਰ ਸ਼ਿਕਾਇਤਾਂ ਦੀ ਨਿਵਰਤੀ ਜ਼ਰੂਰੀ ਸੀ। ਗੁਰੂ ਜੀ ਨੇ ਭਾਈ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਭੇਜਿਆ। ਅਕਬਰ ਨੇ ਦੋਵੇਂ ਪੱਖ ਸੁਣਨ ਉਪਰੰਤ (ਗੁਰੂ) ਗ੍ਰੰਥ ਸਾਹਿਬ ਨੂੰ ਤਾਜ਼ੀਮ ਦੇ ਲਾਇਕ ਪੁਸਤਕ ਆਖ ਕੇ ਸਿਰ ਨਿਵਾਇਆ ਤੇ ਮੋਹਰਾਂ ਭੇਟ ਕੀਤੀਆਂ ਅਤੇ ਸਤਿਕਾਰ ਨਾਲ ਵਿਦਾ ਕੀਤਾ।

ਆਦਿ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣ ਵਿਚ ਤਕਰੀਬਨ ਚਾਰ ਸਾਲ ਲੱਗ ਗਏ। ਜਦ ਬੀੜ ਹਰਿਮੰਦਰ ਸਾਹਿਬ ਵਿਖੇ ਅਸਥਾਪਣ ਕੀਤੀ ਗਈ ਤਾਂ ਗੁਰੂ ਅਰਜਨ ਜੀ ਨੇ ਪਹਿਲਾ ਪ੍ਰਬੰਧਕ (ਗ੍ਰੰਥੀ) ਬਾਬਾ ਜੀ ਨੂੰ ਥਾਪਿਆ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ ਕਿ ਜਦ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਜਿਲਦ ਤਿਆਰ ਹੋ ਕੇ ਰਾਮਸਰ ਆਈ ਤਾਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਕੋਲੋਂ ਹੀ ਪੁੱਛਿਆ ਕਿ ਕਿੱਥੇ ਪ੍ਰਕਾਸ਼ ਕਰੀਏ ਤਾਂ ਬਾਬਾ ਜੀ ਨੇ ਕਿਹਾ :

ਆਪ ਜੀ ਤੋਂ ਕੌਣ ਸਿਆਣਾ ਹੈ ਪਰ ਸਾਡੀ ਨਾਚੀਜ਼ ਰਾਇ ਹੈ ਕਿ ਸ੍ਰੀ ਦਰਬਾਰ ਸਾਹਿਬ ਤੋਂ ਚੰਗਾ ਤੇ ਉੱਚਾ ਹੋਰ ਕੋਈ ਅਸਥਾਨ ਨਹੀਂ ਹੈ :

**ਸ੍ਰੀ ਗ੍ਰੰਥ ਲਾਇਕ ਦਰਬਾਰਾ।**
**ਔਰ ਅਸਥਾਨ ਨ ਕੋਇ ਮੁਰਾਰਾ।**

**ਇਹ ਸੁਣ ਸ੍ਰੀ ਗੁਰੂ ਭਯੋ ਅਨੰਦਾ।**
**ਮਾਨੋ ਦਿਖਯੋ ਦੂਜ ਕੋ ਚੰਦਾ।**

ਇਹ ਵੀ ਪੰਜਵੇਂ ਪਾਤਸ਼ਾਹ ਨੇ ਫ਼ਰਮਾਇਆ ਕਿ ਦਰਬਾਰ ਸਾਹਿਬ ਜਹਾਜ਼ ਨਿਆਈਂ ਹੈ। ਇਸ ਮੁਕਾਬਲੇ ਤਰਲੋਕੀ ਤੇ ਕੋਈ ਨਹੀਂ ਹੈ। ਦਰਸ਼ਨ ਕਰਦੇ ਹੀ ਦੁੱਖ ਕੱਟੇ ਜਾਣਗੇ।

**"ਸ੍ਰੀ ਦਰਬਾਰ ਕੀ ਉਪਮਾ ਉਚਾਰੀ।**
**ਇਹ ਸਮ ਨਹੀ ਤਿਰਲੋਕੀ ਸਾਰੀ।**
**ਸਮ ਜਹਾਜ਼ ਬਨ ਹੈ ਦਰਬਾਰ।**
**ਤਰੈਂ ਜੀਵ ਭਵ ਸਿੰਧ ਅਪਾਰ।**
**ਨਿਤ ਨੂਤਨ ਮੰਗਲ ਇਹਾ ਹੋਵੈ।**
**ਇਹ ਦਰਸ਼ਨ ਅਘ ਲਗਏ ਖੋਵੈ। ੩।"**

ਰਾਮਸਰ ਸਭ ਉਸ ਦਿਨ ਭੁੰਜੇ ਹੀ ਸੁੱਤੇ।

**ਭੂਮ ਸੈਨ ਸਭ ਤਹਾਂ ਬਿਰਾਜੇ।**
**ਗੁਰੂ ਗ੍ਰੰਥ ਮੰਜੀ ਪਰ ਰਾਜੇ।**

ਰਾਤ ਨੂੰ ਸਭ ਤਾਂ ਸੌਂ ਗਏ ਪਰ ਗੁਰੂ ਜੀ ਜਾਗ ਰਹੇ ਸਨ। ਉਹ ਇਸ ਸੋਚ ਵਿਚ ਸਨ ਕਿ ਗੁਰੂ ਗ੍ਰੰਥ ਸਾਹਿਬ ਲਈ ਗ੍ਰੰਥੀ, ਸੇਵਾਦਾਰ ਕਿਸ ਨੂੰ ਥਾਪਿਆ ਜਾਏ :

**ਨਿਜ ਨਿਜ ਆਸਨ ਸਭ ਹੀ ਬੈਠੇ।**
**ਦਯਾ ਸਿੰਧ ਮਨ ਐਸੀ ਪੈਂਠੇ।**
**ਨਿਜ ਮਨ ਇਹ ਵਿਚਾਰਤ ਭਏ।**
**ਗੁਰੂ ਗ੍ਰੰਥ ਸੇਵਕ ਕਿੰਹ ਕਏ।**

ਆਪ ਜੀ ਨੇ ਇਹ ਨਿਰਣਾ ਲਿਆ ਕਿ ਜਿਸ ਨੇ ਬਾਣੀ ਜੀਵੀ ਹੈ, ਉਹ ਬਾਬਾ ਬੁੱਢਾ ਜੀ ਹੀ ਹਨ। ਨਿਰਮਾਣ ਰਹਿ ਕੇ ਗੁਰੂ ਪਾਤਸ਼ਾਹਾਂ ਦੀ ਸੇਵਾ ਕੀਤੀ ਹੈ :

**"ਚਾਰ ਗੁਰੂ ਸੇਵਾ ਕਰੀ,**
**ਪਾਯੋ ਪਰਮ ਨਿਧਾਨ।**
**ਸੇਵਕ ਕੀ ਇਹ ਬਸਤ ਹੈ,**
**ਸ੍ਰੀ ਮੁਖ ਕੀਓ ਬਖਾਨ।"**

ਚੌਪਈ : **ਕਰਤ ਵਿਚਾਰ ਏਹ ਠਹਰਾਈ।**
**ਬੁਢਾ ਜੀ ਸੇਵਾ ਨਿਪੁਨਾਈ।**
**ਗੁਰੂ ਨਾਨਕ ਦਿਨ ਦਰਸ਼ਨ ਕਰੇ।**
**ਸੇਵਾ ਮੈਂ ਅਤਿ ਹਿਤ ਇਹ ਧਰੇ।**

ਸਵੇਰੇ ਰਾਮਸਰ ਦੇ ਸਰੋਵਰ ਇਸ਼ਨਾਨ ਕਰਕੇ ਗੁਰੂ ਅਰਜਨ ਜੀ ਨੇ :

**'ਬੁਢੇ ਕੋ ਸ੍ਰੀ ਗੁਰੂ ਕਹਾ,**
**ਸੀਸ ਆਪਨੇ ਧਾਰ।**
**ਗੁਰੂ ਗ੍ਰੰਥ ਜੀ ਪ੍ਰੇਮ ਸੌ,**
**ਮਨ ਮੇਂ ਸਭ ਵਿਚਾਰ।'**

ਆਪੂੰ ਗੁਰੂ ਅਰਜਨ ਜੀ ਨੇ ਚੌਰ ਸੰਭਾਲੀ ਅਤੇ :

**'ਸਾਹਿਬ ਬੁੱਢਾ ਆਗੇ ਕੀਨਾ।**
**ਤਹਿ ਪਾਛੇ ਸਤਿਗੁਰ ਸੁਖ ਲੀਨਾ।'**

ਕਿਤਨਾ ਆਦਰ ਦੇ ਰਹੇ ਸਨ ਗੁਰੂ ਅਰਜਨ ਦੇਵ ਜੀ ਬਾਬਾ ਬੁੱਢਾ ਜੀ ਨੂੰ!

ਹਰਿਮੰਦਰ ਸਾਹਿਬ ਵਿਖੇ ਪਹਿਲਾ ਵਾਕ ਉਨ੍ਹਾਂ ਨੇ ਹੀ ਲਿਆ ਤੇ ਜਦ ਵਾਕ ਦੇ ਸ਼ਬਦ ਉਨ੍ਹਾਂ ਦੇ ਮੁੱਖ ਤੋਂ ਨਿਕਲੇ ਤਾਂ ਸਾਰਿਆਂ ਦੇ ਨੇਤ੍ਰਾਂ ਵਿਚ ਸ਼ੁਕਰਾਨੇ ਦਾ ਜਲ ਭਰ ਆਇਆ। ਪਹਿਲਾ ਵਾਕ ਸੀ :

**ਸੋਰਠਿ ਮ: ੫।**
**ਵਿਚਿ ਕਰਤਾ ਪੁਰਖੁ ਖਲੋਆ॥**
**ਵਾਲੁ ਨ ਵਿੰਗਾ ਹੋਆ॥......**
**ਬਾਬਾ ਨਾਨਕ ਪ੍ਰਭ ਸਰਣਾਈ॥**
**ਸਭ ਚਿੰਤਾ ਗਣਤ ਮਿਟਾਈ॥ ੪।੨।੫੨।**

ਸੱਚ-ਮੁੱਚ ਕੌਮ ਦੀਆਂ ਚਿੰਤਾਵਾਂ ਗੁਰੂ ਅਰਜਨ ਦੇਵ ਜੀ ਨੇ ਮਿਟਾ ਦਿੱਤੀਆਂ ਸਨ। ਜਿਸ ਕੌਮ ਕੋਲ ਕੇਂਦਰ, ਗ੍ਰੰਥ ਤੇ ਨਾਮ-ਸ਼ਕਤੀ ਸੀ, ਉਸ ਨੂੰ ਹੁਣ ਕੋਈ ਤਾਕਤ ਉਖਾੜ ਨਹੀਂ ਸਕਦੀ ਸੀ।

ਜਹਾਂਗੀਰ ਦੇ ਤਖ਼ਤ ਉੱਤੇ ਬੈਠਣ ਨਾਲ ਗੁਰੂ ਅਰਜਨ ਜੀ ਨੇ ਦੇਖ ਲਿਆ ਕਿ ਹੁਣ ਸਮੇਂ ਹੋਰ ਆ ਗਏ ਹਨ ਤੇ ਉਸ ਦੇ ਬਦਲੇ ਹੋਏ ਵਾਤਾਵਰਨ ਵਿਚ ਉਨ੍ਹਾਂ ਪਹਿਲਾਂ ਹੀ ਆਖ ਦਿੱਤਾ ਕਿ ਹਰਿਗੋਬਿੰਦ ਦਾ ਰੂਪ ਧਾਰ ਕੇ ਉਹ ਦੋ ਕ੍ਰਿਪਾਨਾਂ ਪਹਿਨਣਗੇ ਤੇ ਮੀਰ ਦੀ ਮੀਰੀ ਤੇ ਪੀਰ ਦੀ ਪੀਰੀ ਖਿੱਚ ਲੈਣਗੇ। ਇਸੇ ਦੀ ਪਰਖ ਲਈ ਲਾਹੌਰ ਜਾਣ ਤੋਂ ਪਹਿਲਾਂ ਉਨ੍ਹਾਂ ਬਾਬਾ ਬੁੱਢਾ ਜੀ ਨੂੰ ਇਕ ਕ੍ਰਿਪਾਨ ਲਿਆਉਣ ਲਈ ਕਿਹਾ ਤੇ ਕ੍ਰਿਪਾਨ (ਗੁਰੂ) ਹਰਿਗੋਬਿੰਦ ਦੇ ਹੱਥ ਦੇਣ ਦੀ ਆਗਿਆ ਕੀਤੀ। ਜਦ ਕ੍ਰਿਪਾਨ (ਗੁਰੂ) ਹਰਿਗੋਬਿੰਦ ਜੀ ਦੇ ਹੱਥ ਦੇ ਦਿੱਤੀ ਗਈ ਤਾਂ ਗੁਰੂ ਅਰਜਨ ਦੇਵ ਜੀ ਨੇ ਬੇਟੇ ਨੂੰ ਆਪਣੀ ਉਂਗਲੀ ਉੱਤੇ ਵਾਰ ਕਰਨ ਲਈ ਫ਼ਰਮਾਇਆ। (ਗੁਰੂ) ਹਰਿਗੋਬਿੰਦ ਜੀ ਨੇ ਨਿਰਸੰਕੋਚ ਕ੍ਰਿਪਾਨ ਉਠਾਈ ਤੇ ਵਾਰ ਕਰਨ ਲੱਗੇ ਤਾਂ ਗੁਰੂ ਜੀ ਨੇ ਹੱਥ ਫੜ ਲਿਆ ਤੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਹੁਣ ਕੁਰਬਾਨੀ ਯੁੱਗ ਦਾ ਆਰੰਭ ਹੈ ਤੇ ਹਰਿਗੋਬਿੰਦ ਜੀ ਪੂਰੇ ਉਤਰੇ ਹਨ। ਆਪਣੇ ਸਾਹਮਣੇ ਹੀ ਗੁਰ-ਗੱਦੀ ਦੀ ਰੀਤੀ ਪੂਰੀ ਕਰਵਾ ਕੇ ਆਗਿਆ ਕੀਤੀ ਕਿ 'ਸਾਡਾ ਲੱਗਣਾ ਹੈ ਸੀਸ, ਇਸ ਵਿਚ ਸ਼ੰਕਾ ਨਹੀਂ ਕੋਈ। ਰਜ਼ਾਇ ਖੁਦਾਵੰਦ ਦੀ ਇਸ ਤਰ੍ਹਾਂ ਹੋਈ' ਤੇ 'ਤੁਸਾਂ ਦੁਆਬੇ ਵਿਚ ਟਿਕਾਣਾ ਕਰਨਾ।' ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਹੋਰ ਸਿੱਖ ਗੁਰੂ ਹਰਿਗੋਬਿੰਦ ਜੀ ਨਾਲ ਭਾਈ ਜੀ ਡਰੋਲੀ ਚਲੇ ਗਏ।

੩੦ ਮਈ, ੧੬੦੬ ਨੂੰ ਗੁਰੂ ਅਰਜਨ ਜੀ ਤਸੀਹੇ ਦੇ ਦੇ ਕੇ ਲਾਹੌਰ ਵਿਖੇ ਸ਼ਹੀਦ ਕਰ ਦਿੱਤੇ ਗਏ। ਜਹਾਂਗੀਰ ਸ਼ਹੀਦੀ ਦਾ ਹੁਕਮ ਦੇ ਕੇ ਕਾਬਲ ਵੱਲ ਚਲਾ ਗਿਆ ਤੇ ਫਿਰ ਪੰਜਾਬ ਤੋਂ ਹੀ ਦੂਰ ਚਲਾ ਗਿਆ। ਉਹ ਸੰਨ ੧੬੦੭ ਦਾ ਗਿਆ ਫਿਰ ੧੬੧੭ ਵਿਚ ਲਾਹੌਰ ਆਇਆ। ਗੁਰੂ ਹਰਿਗੋਬਿੰਦ ਜੀ ਨੇ ਅੰਮ੍ਰਿਤਸਰ ਆ ਕੇ ਡਿੱਗਦੇ ਮਨਾਂ ਨੂੰ ਉਠਾਇਆ ਅਤੇ ਦੋ ਤਲਵਾਰਾਂ ਪਹਿਣ ਜੁਰਅੱਤ ਦੀ ਲਹਿਰ ਦੌੜਾ ਦਿੱਤੀ। ਅਕਾਲ ਤਖ਼ਤ ਰਚ ਦਿੱਤਾ। ਅਕਾਲ ਤਖ਼ਤ ਰਚਨ ਵੇਲੇ ਹੀ ਗੁਰੂ ਹਰਿਗੋਬਿੰਦ ਜੀ ਨੇ ਇਤਨੀ ਇਹਤਿਆਤ ਵਰਤੀ

 www.sikhbookclub.com

ਕਿ ਕਿਸੇ ਮਿਸਤਰੀ ਦਾ ਹੱਥ ਨਾ ਲੱਗੇ। ਤਖ਼ਤ ਅਕਾਲ ਦਾ ਹੈ, ਇਸ ਲਈ ਉਸਾਰੀ ਕਰਨ ਵਾਲੇ ਵੀ ਅਕਾਲ ਦੇ ਸਹੀ ਪੁਰਖ ਹੋਣੇ ਚਾਹੀਦੇ ਹਨ। ਗੁਰੂ ਹਰਿਗੋਬਿੰਦ ਜੀ ਗਾਰਾ ਲਿਆਉਂਦੇ, ਬਾਬਾ ਬੁੱਢਾ ਜੀ ਇੱਟਾਂ ਫੜਾਉਂਦੇ ਤੇ ਭਾਈ ਗੁਰਦਾਸ ਜੀ ਉਸਾਰੀ ਕਰੀ ਜਾਂਦੇ। ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ :

**"ਕਿਸੀ ਰਾਜ ਨਹਿ ਹਾਥ ਲਗਾਯੋ,**
**ਬੁੱਢਾ ਔ ਗੁਰਦਾਸ ਬਨਾਯੋ।"**

ਜਦ ਅਕਾਲ ਤਖ਼ਤ ਦੀ ਰਚਨਾ ਹੋ ਗਈ ਤਾਂ ਉਥੇ ਹੀ ਦੀਵਾਨ ਸਜਾਇਆ ਗਿਆ। ਦੋ ਤਲਵਾਰਾਂ ਬਾਬਾ ਬੁੱਢਾ ਜੀ ਨੇ ਆਪੂੰ ਗੁਰੂ ਹਰਿਗੋਬਿੰਦ ਜੀ ਦੀ ਆਗਿਆ ਪਾ ਕੇ ਹੀ ਪੇਸ਼ ਕੀਤੀਆਂ। *ਗੁਰੂ ਹਰਿਗੋਬਿੰਦ ਜੀ ਨੇ ਪੰਜਾਂ ਗੁਰੂ ਸਾਹਿਬਾਨ ਦਾ ਨਾਮ ਲੈ ਕੇ, ਇਕ ਖੱਬੇ ਤੇ ਦੂਜੀ ਸੱਜੇ ਪਾਸੇ ਪਹਿਨ ਲਈਆਂ।* ਉੱਪਰ ਕਮਰਕੱਸਾ ਕਰ ਲਿਆ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

**ਪੰਚਹੁੰ ਸਤਿਗੁਰ ਕੋ ਲੈ ਨਾਮ।**
**ਗਹੇ ਖੜਗ ਦ੍ਵੈ ਬਹੁ ਅਭਿਰਾਮ।**
**ਸੋ ਗਰ ਬਿਖੇ ਪਾਇ ਗੁਰ ਲੀਨੇ।**
**ਪੁਨ ਨਿਖੰਗ ਕਰ ਧਾਰਨਿ ਕੀਨੇ।** (ਰਾਸ ੪, ਅੰਸ ੪੩)

ਬਾਬਾ ਬੁੱਢਾ ਜੀ ਨੇ ਹੀ ਪੁੱਛਿਆ ਕਿ ਲੋਕੀਂ ਤਾਂ ਇਕ ਪਹਿਣਦੇ ਹਨ, ਤੁਸੀਂ ਸੰਗਤਾਂ ਨੂੰ ਕ੍ਰਿਪਾ ਕਰਕੇ ਦੋ ਪਹਿਣਨ ਦਾ ਭਾਵ ਦੱਸ ਦਿਓ।

**'ਦੋਇ ਆਪ ਲੈ ਨਿਜ ਗੁਰ ਪਾਏ।**
**ਇਹ ਕਯਾ ਕਾਰਨ ਦੇਹੁ ਸੁਨਾਏ।'**

ਛੇਵੀਂ ਪਾਤਸ਼ਾਹੀ ਨੇ ਕਿਹਾ :

ਪੰਜ ਗੁਰੂ ਸਾਹਿਬਾਨ ਨੇ ਬੜੀ ਦ੍ਰਿੜ੍ਹਤਾ ਨਾਲ ਸ਼ਬਦ ਰਾਹੀਂ ਪਾਖੰਡੀਆਂ ਦਾ ਟਾਕਰਾ ਕੀਤਾ ਹੈ, ਹੁਣ ਸ਼ਾਂਤੀ ਦੀ ਹੱਦ ਕੁਚਲ ਸੁੱਟੀ ਨੇ। ਭਗਤੀ ਨਾਲ ਸ਼ਕਤੀ ਪ੍ਰਚੱਲਤ ਹੋਵੇ ਇਸ ਲਈ ਦੋ ਪਹਿਣੀਆਂ ਹਨ :

**'ਇਕ ਤੇ ਲੌਂ ਮੀਰਨਿ ਕੀ ਮੀਰੀ।**
**ਦੂਸਰ ਤੇ ਪੀਰਨਿ ਕੀ ਪੀਰੀ।**
**ਮੀਰੀ ਪੀਰੀ ਦੋਨੌਂ ਧਰੈਂ।**
**ਬਚਹਿ ਸ਼ਰਨ ਨਭੁ ਜੁਗ ਪਰ ਹਰੈਂ।'** (ਰਾਸ ੪, ਅੰਸ ੪੩)

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਨੇ ਵੀ ਇਹ ਲਿਖਿਆ ਹੈ ਕਿ ਅਕਾਲ ਪੁਰਖ ਦੀ ਆਗਿਆ ਨਾਲ ਹੀ ਅਕਾਲ ਤਖ਼ਤ ਸਾਜਿਆ ਸੀ ਤੇ ਅਕਾਲ ਦੇ ਹੁਕਮ ਦੇ ਨਾਲ ਹੀ ਦੋ ਕ੍ਰਿਪਾਨਾਂ ਪਹਿਣੀਆਂ :

**ਜਹ ਭਗਵੰਤ ਥੀ ਆਗਿਆ ਦਈ**
**ਤਹਾਂ ਅਰੰਭ ਗੁਰ ਜੀ ਕਈ।**
**ਦੇ ਅਸਿ ਲੈ ਭਗਵੰਤ ਤਬੈ।**
**ਗੁਰ ਕੇ ਗਰ ਡਾਰ ਦੀਏ ਹਰਖਾਏ।**

 www.sikhbookclub.com

**ਮੀਰੀ ਕੀ ਮੀਰ, ਔਰ ਪੀਰੀ ਕੀ ਪੀਰ।**
**ਸੋ ਦੋਊ ਧਰੀ, ਭਗਵੰਤ ਅਲਾਏ। ੩੪।**

ਉਸ ਦਿਨ ਕੇਸਰੀ ਬਾਣਾ ਗੁਰੂ ਜੀ ਨੇ ਸਜਾਇਆ ਸੀ। ਇਹ ਹੁਕਮ ਵੀ ਅਕਾਲ ਪੁਰਖ ਨੇ ਹੀ ਕੀਤਾ ਸੀ ਕਿ ਕਾਲ ਰੂਪ ਸੰਸਾਰ ਪਸਾਰੇ ਨੂੰ ਸਮਾਪਤ ਕਰਨ ਵਾਲੇ ਪ੍ਰਤੀਕ ਸ਼ਸਤਰ ਏਥੇ ਸਥਾਪਤ ਕਰਨੇ :

**'ਕਹਿ ਭਗਵੰਤ ਨਿਜ ਮੋਹਿ, ਭੇਦ ਕਛ ਨ ਚੀਨ।**
**ਅਕਾਲ ਤਖ਼ਤ ਇਸ ਨਾਮ ਕਰ ਤੋਹਿ ਨਾਮ ਨਹਿ ਕੀਨ।**
**ਜਬ ਲਗ ਤੁਮ ਦੇਹ ਧਾਰ ਸੁਹਾਵੋ।**
**ਤਬ ਲਗ ਯਾਂ ਪਰ ਛਬਿ ਪਾਵੋ।**
**ਪਾਛੇ ਸ਼ਸਤ੍ਰ ਰੂਪ ਮੁਹਿ ਜਾਨੋ।**
**ਮਮ ਪੂਜਾ ਕੀ ਇਹ ਠਾਂ ਮਾਨੋ।'**

ਬਾਬਾ ਬੁੱਢਾ ਜੀ ਨੇ ਜਦ ਗੁਰੂ ਹਰਿਗੋਬਿੰਦ ਜੀ ਨੂੰ ਅਕਾਲ ਤਖ਼ਤ ਤੇ ਬੈਠਣ ਵੇਲੇ ਫਿਰ ਤਿਲਕ ਲਗਾਇਆ ਤਾਂ ਲੋਕਾਂ ਇੰਝ ਮਹਿਸੂਸ ਕੀਤਾ ਕਿ ਵਾਹਿਗੁਰੂ ਆਪ ਹੀ ਇਹ ਕਾਰਜ ਕਰ ਰਿਹਾ ਹੈ। ਬੜੀ ਰੂਹਾਨੀ ਸ਼ਕਤੀ ਸੀ, ਬਾਬਾ ਬੁੱਢਾ ਜੀ ਦੀ।

**"ਬੀਰਾਸਨ ਬੈਠੇ ਗੁਰੂ ਪ੍ਰਭੂ ਤਿਲਕ ਤਬ ਕੀਨ।**
**ਸਿਖ ਸੰਗਤ ਐਸੇ ਲਖਯੋ ਸਾਹਿਬ ਬੁਢੇ ਦੀਨ। ੧੪੧।**

(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

SIKHBOOKCLUB.COM

ਗੁਰੂ ਘਰ ਵਿਚ ਧਨ, ਦੌਲਤ ਤੇ ਕਰਾਮਾਤ, ਬਖ਼ਸ਼ਿਸ਼ ਦੋਵੇਂ ਇਕ ਥਾਂ ਹੋਣਗੀਆਂ।

ਅਕਾਲ ਤਖ਼ਤ ਦੀ ਉਚਾਈ ਜਾਣ ਬੁੱਝ ਕੇ ਇਕ ਨੇਜ਼ਾ ਉੱਚੀ ੧੨ ਫੁੱਟ ਰੱਖੀ। ਇਕ ਵਾਰੀ ਪਿੱਛੋਂ ਔਰੰਗਜ਼ੇਬ ਨੇ ਆਪਣੇ ਲੜਕੇ ਸ਼ਹਿਜ਼ਾਦਾ ਮੁਅਜ਼ਮ ਨੂੰ ਇਸ ਲਈ ਤਾੜਨਾ ਕੀਤੀ ਸੀ ਕਿ ਉਸ ਨੇ ਨਗਾਰੇ ਕਿਉਂ ਵਜਾਏ ਹਨ ਤੇ ਦੋ ਫੁੱਟ ਉੱਚਾ ਥੜ੍ਹਾ ਬਣਾ ਕੇ ਦਰਬਾਰ ਲਗਾਇਆ ਹੈ। ਅਕਾਲ ਤਖ਼ਤ ਸਾਹਮਣੇ ਨਿਸ਼ਾਨ ਸਾਹਿਬ ਝੁਲਾਉਣ ਦਾ ਹੁਕਮ ਵੀ ਕੀਤਾ। ਢਾਡੀ ਉਚੇਚੇ ਤੌਰ 'ਤੇ ਬੁਲਾਏ। ਢਾਡੀ 'ਐਸੇ ਰੰਗ ਢੰਗ ਸੇ ਉਚਰੈ ਕਿ ਸੁਣ ਕੇ ਕਾਇਰ ਰਣ ਪਾਠੇਂ।'

ਅੰਮ੍ਰਿਤਸਰ ਨੂੰ ਪਨਾਹ ਬਣਾ ਦਿੱਤਾ ਤੇ ਚਾਰੇ ਪਾਸੇ ਇਹ ਫ਼ੁਰਮਾਨ ਘੱਲ ਦਿੱਤੇ ਕਿ 'ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ, ਅੱਛਾ ਘੋੜਾ ਤੇ ਉੱਠਦੀ ਜਵਾਨੀ ਹੈ'। ਕੁਝ ਲੋਕਾਂ ਕਿੰਤੂ ਕੀਤੇ ਪਰ ਬਾਬਾ ਬੁੱਢਾ ਜੀ ਨੇ ਭਾਈ ਗੁਰਦਾਸ ਜੀ ਨਾਲ ਰਲ ਕੇ ਮੂੰਹ ਤੋੜ ਉੱਤਰ ਦਿੱਤੇ। ਇਸ ਸਭ ਦਾ ਸਿੱਟਾ ਗੁਰੂ ਹਰਿਗੋਬਿੰਦ ਦੀ ਗ੍ਰਿਫ਼ਤਾਰੀ ਵਿਚ ਨਿਕਲਿਆ। ਗੁਰੂ ਜੀ ਨੂੰ ਗਵਾਲੀਅਰ ਭੇਜ ਦਿੱਤਾ ਗਿਆ। ਇਕ ਸੌ ਤਿੰਨ ਸਾਲਾਂ ਦੇ ਹੋਣ ਦੇ ਬਾਵਜੂਦ ਬਾਬਾ ਬੁੱਢਾ ਜੀ ਟਿਕ ਕੇ ਨਹੀਂ ਬੈਠੇ। ਮਤੇ ਗੁਰੂ ਨ ਦੇਖ ਕੇ ਸੰਗਤਾਂ ਕੁਰਾਹੇ ਨਾ ਪੈ ਜਾਣ, ਇਸ ਲਈ ਉਨ੍ਹਾਂ ਚੌਕੀਆਂ ਦੀ ਰੀਤੀ ਚਲਾਈ। ਚੌਕੀਆਂ ਇਕ ਥਾਂ ਤੋਂ ਉੱਠ ਕੇ ਦੂਜੀ ਥਾਂ ਜਾਂਦੀਆਂ ਤੇ ਨਗਰਾਂ-ਨਗਰਾਂ ਵਿਚ ਗੁਰੂ ਜਸ ਪੁਜਾਂਦੀਆਂ। ਇਹ ਇਕ ਐਸੀ ਵਿਉਂਤ ਸੀ ਜਿਸ ਨੇ ਉਤਸ਼ਾਹ ਨੂੰ ਮਰਨ ਨਾ ਦਿੱਤਾ। ਰਾਤ ਨੂੰ ਮਸ਼ਾਲਾਂ ਜਗਾ ਕੇ ਜਦ ਸੰਗਤਾਂ ਸ਼ਬਦ ਕੀਰਤਨ ਕਰਦੀਆਂ ਪਿੰਡਾਂ ਵਿਚ ਪੁੱਜਦੀਆਂ ਤਾਂ ਗੁਰੂ ਨੂੰ ਨਿਕਟ ਸਮਝਦੀਆਂ। ਮੁਹਸਨ ਫ਼ਾਨੀ ਦੇ

 www.sikhbookclub.com

ਕਹਿਣ ਅਨੁਸਾਰ ਸੰਗਤਾਂ ਇਤਨੀਆਂ ਬਿਹਬਲ ਹੋਈਆਂ ਕਿ ਉਨ੍ਹਾਂ ਦੇ ਜਥੇ ਗਵਾਲੀਅਰ ਪੁੱਜਦੇ। ਸਿੱਖ ਇਤਿਹਾਸ ਮੁਤਾਬਿਕ ਬਾਬਾ ਜੀ ਇਕ ਬਹੁਤ ਵੱਡੀ ਚੌਕੀ ਨਾਲ ਪੈਂਡੇ ਝਾਗਦੇ ਗਵਾਲੀਅਰ ਪੁੱਜੇ। ਬਾਬਾ ਬੁੱਢਾ ਜੀ ਨੇ ਜਿੱਥੇ ਸਿੱਖਾਂ ਨੂੰ ਗੁਰੂ-ਭਾਲਣ ਦਾ ਵੱਲ ਸਿਖਾਇਆ ਸੀ ਉਥੇ ਚੌਕੀਆਂ ਕੱਢ ਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਕਰਨ ਦਾ ਢੰਗ ਵੀ ਸਿਖਲਾ ਦਿੱਤਾ। ਇਹ ਹੀ ਕਾਰਨ ਲੱਗਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ 'ਚੌਕੀਆਂ ਜੁਗ ਜੁਗ ਅਟੱਲ ਹੋਣ ਦਾ ਵਰ ਦਿੱਤਾ ਸੀ। ਇਤਨਾ ਮਾਣ ਦਿੱਤਾ ਜਾਂਦਾ ਹੈ ਚੌਕੀ ਨੂੰ ਕਿ ਜਦ ਚੌਕੀ ਸਾਹਿਬ ਦਰਬਾਰ ਸਾਹਿਬ ਦੀ ਅੰਦਰਲੀ ਦਲ੍ਹੀਜ਼ ਤੇ ਪੁੱਜਦੀ ਹੈ ਤਾਂ ਅੰਦਰ ਕੀਰਤਨ ਬੰਦ ਕਰ ਦਿੱਤਾ ਜਾਂਦਾ ਹੈ। ਇਧਰ ਬਾਬਾ ਬੁੱਢਾ ਜੀ ਨੇ ਉਤਸ਼ਾਹ ਕਾਇਮ ਰੱਖਿਆ, ਉਧਰ ਭਾਈ ਜੇਠੇ ਵਰਗੇ ਸਿੱਖਾਂ ਨੇ ਸ਼ੇਰ ਦਾ ਰੂਪ ਬਣਾ ਜਹਾਂਗੀਰ ਦੇ ਕੈਂਪਾਂ ਵਿਚ ਜਾ ਕੇ ਡਰਾਉਣਾ ਆਰੰਭ ਕਰ ਦਿੱਤਾ। ਆਖਿਰ ਮੀਆਂ ਮੀਰ ਜੀ, ਵਜ਼ੀਰ ਖ਼ਾਨ ਤੇ ਨੂਰ ਜਹਾਨ ਦੇ ਜ਼ੋਰ ਦੇਣ ਨਾਲ ਗੁਰੂ ਹਰਿਗੋਬਿੰਦ ਜੀ ੧੬੧੨ ਈ: ਵਿਚ ਰਿਹਾ ਕਰ ਦਿੱਤੇ ਗਏ।

ਗੁਰੂ ਹਰਿਗੋਬਿੰਦ ਜੀ ਦੇ ਵਾਪਸ ਅੰਮ੍ਰਿਤਸਰ ਪੁੱਜਣ ਉੱਤੇ ਜੋ ਸਵਾਗਤ ਸੰਗਤਾਂ ਨੇ ਕੀਤਾ ਉਸ ਦੀ ਯਾਦ ਅੱਜ ਤਕ ਮਨਾਈ ਜਾਂਦੀ ਹੈ। ਬਾਬਾ ਜੀ ਨੇ ਗੁਰੂ ਹਰਿਗੋਬਿੰਦ ਜੀ ਕੋਲੋਂ 'ਬੀੜ' ਜਾਣ ਦੀ ਆਗਿਆ ਲਈ ਤੇ ਆਪਣੇ ਪੁੱਤਰ ਭਾਈ ਭਾਨਾ ਜੀ ਨੂੰ ਗੁਰੂ ਦੀ ਸੇਵਾ ਵਿਚ ਰੱਖਿਆ। ਹੁਣ ਗੁਰੂ ਹਰਿਗੋਬਿੰਦ ਜੀ ਆਪ ਹੀ ਬੀੜ ਪੁੱਜਦੇ ਤੇ ਦਰਸ਼ਨ ਦਿੰਦੇ ਪਰ ਉਨ੍ਹਾਂ ਕਾਰ ਉਥੇ ਵੀ ਨਾ ਛੱਡੀ।

SIKHBOOKCLUB.COM

ਬਾਬਾ ਬੁੱਢਾ ਜੀ ਨੇ ਅੰਤਮ ਸਮਾਂ ਨੇੜੇ ਜਾਣ ਕੇ ਪਿੰਡ ਦੇ ਸ਼ਾਹੂਕਾਰ ਨੂੰ ਰਾਮਦਾਸ ਤੋਂ ਗੁਰੂ ਹਰਿਗੋਬਿੰਦ ਜੀ ਵੱਲ ਭੇਜਿਆ ਕਿ ਉਹ ਦਰਸ਼ਨ ਦੇਣ ਲਈ ਪੁੱਜਣ। ਗੁਰੂ ਹਰਿਗੋਬਿੰਦ ਜੀ ਇਹ ਪ੍ਰੇਮ-ਸੁਨੇਹਾ ਪੁੱਜਦੇ ਹੀ ਬਾਬਾ ਬੁੱਢਾ ਜੀ ਪਾਸ ਪੁੱਜੇ ਤੇ ਫ਼ਰਮਾਇਆ, 'ਤੁਸਾਂ ਪੰਜਾਂ ਪਾਤਸ਼ਾਹੀਆਂ ਦੇ ਦਰਸ਼ਨ ਕੀਤੇ ਹਨ, ਉਪਦੇਸ਼ ਦਿਓ।' ਬਾਬਾ ਜੀ ਦੇ ਨੈਣੀਂ ਜਲ ਆਇਆ ਤੇ ਉਹਨਾਂ ਕਿਹਾ, "ਤੁਸੀਂ ਸੂਰਜ ਹੋ, ਮੈਂ ਇਕ ਕਿਰਨ ਹਾਂ। ਇਹ ਮੇਰੇ ਭਾਗ ਹਨ ਕਿ ਅੰਤਮ ਸਮੇਂ ਮੇਰੇ ਪਾਸ ਹੋ। ਗੁਰੂ ਨਾਨਕ ਜੀ ਨੇ ਮਾਇਆ ਤਿਆਗ ਦਿੱਤੀ ਸੀ। ਸੱਚੇ ਨਾਮ ਦਾ ਉਨ੍ਹਾਂ ਚੱਕਰ ਚਲਾਇਆ ਸੀ। ਗੁਰੂ ਅੰਗਦ ਦੇਵ ਜੀ ਨੇ ਵੀ ਨਿਮਰਤਾ ਤੇ ਸੇਵਾ ਨਾਲ ਗੱਦੀ ਪਾਈ। ਗੁਰੂ ਅੰਗਦ ਦੇਵ ਜੀ ਦੀ ਰਤਾ ਭਰ ਵੀ ਪਕੜ ਨਹੀਂ ਸੀ। ਫਿਰ ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਪਾਸ ਆਈ। 'ਤਿਹ ਹਰ ਧਨ ਦੁਹ ਹਾਥ ਲੁਟਾਇਆ। ਜੋ ਆਇਆ ਤਿਨ ਹੀ ਵਰਸਾਇਆ।' ਅਤੇ ਫਿਰ ਗੁਰੂ ਰਾਮਦਾਸ ਜੀ ਹੱਥ ਆਈ। ਗੁਰੂ ਅਰਜਨ ਜੀ ਨੇ ਖੁੱਲ੍ਹੇ ਹੱਥੀਂ ਸੰਸਾਰ ਨੂੰ ਖ਼ੁਸ਼ੀਆਂ ਵੰਡੀਆਂ। ਉਨ੍ਹਾਂ ਪਾਸ ਇਕ ਐਸਾ ਨਾਮ ਦਾ ਖ਼ਜ਼ਾਨਾ ਸੀ ਜੋ ਲੁਟਾਂਦੇ ਵੀ ਨਾ ਮੁਕਿਆ। ਸਾਰੇ ਸੰਸਾਰ ਵਿਚ ਸ਼ੋਭਾ ਫੈਲੀ। ਤੁਸੀਂ ਉਨ੍ਹਾਂ ਦੇ ਪੁੱਤਰ ਹੋ ਤੇ ਤੁਸਾਂ ਦੀਨ-ਦੁਨੀ ਦੇ ਪਾਤਸ਼ਾਹ ਦੇ ਰਾਖੇ ਹੋ। ਮੈਨੂੰ ਚਰਨੀਂ ਲਗਾਓ ਤੇ ਜਨਮ-ਮਰਨ ਕੱਟੋ।" ਗੁਰੂ ਹਰਿਗੋਬਿੰਦ ਜੀ ਨੇ ਪਿਆਰ ਵਿਚ ਆ ਕੇ ਕਿਹਾ, 'ਬਾਬਾ ਜੀ, ਤੁਸਾਂ ਇਸੇ ਨਿਮਰਤਾ ਸਦਕਾ ਉਹ ਪਰਮ ਪਦ ਤੇ ਸਦਾ ਆਨੰਦ ਪ੍ਰਾਪਤ ਕਰ ਲਿਆ ਹੈ, ਜਿਸ ਤੋਂ ਬਹੁਤ ਜਗਤ ਵਾਂਝਿਆ ਹੈ। ਤੁਹਾਡੇ ਹਿਰਦੇ ਵਿਚ ਗੁਰ-ਸ਼ਬਦ ਹੈ। ਗੁਰੂ ਅਰਜਨ ਜੀ ਨੇ ਕਿਹਾ ਹੈ ਜਿਨ੍ਹਾਂ ਗੁਰੂ ਨਾਨਕ ਸੁਣਿਆ ਪੇਖਿਆ ਹੈ, ਉਹ ਜਨਮ-ਮਰਨ ਦੇ ਗੇੜ ਵਿਚ ਨਹੀਂ ਪੈਂਦੇ। ਤੁਸੀਂ ਸੁਭਾਗੇ ਹੋ ਜਿਨ੍ਹਾਂ

ਗੁਰੂ ਨਾਨਕ ਦੇਵ ਜੀ ਦੀ ਸੰਗਤ ਮਾਣੀ ਹੈ।' ਅਗਲੇ ਦਿਨ ਨਵੰਬਰ ਦੀ ੧੬, ਸੰਨ ੧੬੩੧ ਨੂੰ ਬਾਬਾ ਬੁੱਢਾ ਜੀ ਨੇ ਤੜਕਸਾਰ ਜਪੁਜੀ ਦਾ ਪਾਠ ਕੀਤਾ ਤੇ ਗੁਰੂ ਹਰਿਗੋਬਿੰਦ ਜੀ ਦੇ ਸਾਹਮਣੇ ਹੀ ਚੜ੍ਹਾਈ ਕਰ ਗਏ। ਜਿਸ ਪ੍ਰਕਾਰ ਬਾਬਾ ਜੀ ਨੇ ਸੁਆਸ ਛੱਡੇ, ਸਾਰਿਆਂ ਨੇ ਵਧਾਈਆਂ ਦਿੱਤੀਆਂ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਹੱਥੀਂ ਸਸਕਾਰ ਕੀਤਾ। ਜਦ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਜੀ ਦੇ ਮਿਰਤਕ ਸਰੀਰ ਨੂੰ ਆਪਣੀ ਹੱਥੀਂ ਚਿਤਾ ਉੱਤੇ ਰੱਖਿਆ ਤਾਂ ਆਪ ਜੀ ਦੇ ਨੈਣਾਂ ਵਿਚੋਂ ਨੀਰ ਦੇ ਮੋਤੀ ਡਲ੍ਹਕ ਆਏ :

**"ਚਿਖਾ ਉਪਰ ਜਬ ਹੀ ਧਰੀ ਸਾਹਿਬ ਬੁੱਢੇ ਦੇਹਿ।**
**ਹਰਿਗੋਬਿੰਦ ਦੇ ਨੈਣ ਤੇ ਚਲਯੋ ਨੀਰ ਸਨੇਹ।"**

ਬਾਬਾ ਜੀ ਦੇ ਚਾਰ ਸਪੁੱਤਰਾਂ—ਭਾਈ ਸੁਧਾਰੀ, ਭਾਈ ਭਿਖਾਰੀ, ਮਹਿਮੂ ਤੇ ਭਾਈ ਭਾਨਾ ਜੀ ਨੂੰ ਧੀਰਜ ਦਿੱਤਾ ਤੇ ਭਾਈ ਭਾਨਾ ਜੀ ਨੂੰ ਅੰਮ੍ਰਿਤਸਰ ਦਾ ਅਗਲਾ ਪ੍ਰਬੰਧਕ ਥਾਪਿਆ।

ਬਾਬਾ ਬੁੱਢਾ ਜੀ ਦੇ ਨਿਤ ਦਿਨ ਜੀਵਨ ਕਰਤਵ ਬਾਰੇ ਲਿਖਿਆ ਮਿਲਦਾ ਹੈ ਕਿ ਉਹ ਡੇਢ ਪਹਿਰ ਰਾਤ ਰਹਿੰਦੀ ਉੱਠਦੇ, ਠੰਢੇ ਜਲ ਨਾਲ ਇਸ਼ਨਾਨ ਕਰਦੇ ਤੇ ਨਿਤਨੇਮ ਕਰਕੇ ਸੰਗਤ ਵਿਚ ਪੁੱਜਦੇ ਤੇ ਆਪ ਕੀਰਤਨ ਕਰਦੇ। ਸੂਰਜ ਚੜ੍ਹੇ ਤਕ ਲੰਗਰ ਦਾ ਸਾਰਾ ਸਾਮਾਨ ਥਾਂ ਸਿਰ ਕਰ ਦਿੰਦੇ ਤੇ ਫਿਰ ਉਸਾਰੀ ਦੇ ਕੰਮਾਂ ਵਿਚ ਜੁਟ ਜਾਂਦੇ। ਗੁਰ-ਘਰ ਦੀ ਸਾਰੀ ਸੰਭਾਲ ਉਨ੍ਹਾਂ ਪਾਸ ਹੀ ਰਹੀ। ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ, ਬਾਉਲੀ ਸਾਹਿਬ, ਅੰਮ੍ਰਿਤਸਰ ਤੇ ਹਰਿਮੰਦਰ ਸਾਹਿਬ ਉਨ੍ਹਾਂ ਦੀ ਨਿਗਰਾਨੀ ਹੇਠ ਹੀ ਬਣੇ ਸਨ। ਹਰਿਗੋਬਿੰਦਪੁਰ ਬਣਨ ਉੱਤੇ, ਗੁਰੂ ਹਰਿਗੋਬਿੰਦ ਜੀ ਆਪ ਇਨ੍ਹਾਂ ਨੂੰ ਨਾਲ ਲੈ ਗਏ ਸਨ ਤਾਂ ਕਿ ਉਸਾਰੀ ਅੱਖੀਂ ਦੇਖ ਸਕਣ।

ਖਾਣਾ ਆਪ ਜੀ ਦਾ ਬਹੁਤ ਹੀ ਸਾਦਾ ਸੀ। ਮੀਆਂ ਮੀਰ ਵਾਂਗ ਸਿਰਫ਼ ਜੀਣ ਲਈ ਹੀ ਖਾਂਦੇ ਸਨ, ਖਾਣ ਲਈ ਨਹੀਂ। ਉਨ੍ਹਾਂ ਦੇ ਸੰਜਮੀ ਜੀਵਨ ਦੀ ਸਾਰੇ ਲੋਕੀਂ ਇਕ ਉਦਾਹਰਨ ਦਿੰਦੇ ਸਨ। ਆਪਣੇ ਅੰਤਮ ਸਮੇਂ ਤਕ ਚੇਤੰਨ ਰਹਿਣਾ ਇਕ ਚਮਤਕਾਰ ਤੋਂ ਘੱਟ ਨਹੀਂ ਸੀ। ਜਿਸ ਤਰ੍ਹਾਂ ਉਨ੍ਹਾਂ ਪ੍ਰਾਣ ਤਿਆਗੇ ਉਸ ਨੇ 'ਜੀਵਤ ਸਾਹਿਬ ਸੇਵਿਓ ਆਪਣਾ, ਚਲਤੇ ਰਾਖਿਉ ਚੀਤ' ਦੀ ਯਾਦ ਦਿਵਾ ਦਿੱਤੀ।

ਕਈ ਧਾਰਮਿਕ ਗੁੰਝਲਾਂ ਉਹ ਬੜੇ ਸਹਿਜ ਢੰਗ ਨਾਲ ਖੋਲ੍ਹ ਦਿੰਦੇ। ਹੁਕਮ, ਕਰਮ, ਰਜ਼ਾ, ਮੌਤ, ਭਗਤੀ ਬਾਰੇ ਉਨ੍ਹਾਂ ਬੜੇ ਸੁਲਝੇ ਹੋਏ ਵਿਚਾਰ ਦਿੱਤੇ। ਉਹ ਕਹਿੰਦੇ ਸਨ, *'ਕਰੋ ਕਾਰ, ਸਭ ਕਰੋ ਹੀਲਾ, ਭਜਨ, ਪਾਠ, ਅਰਦਾਸ ਬੰਦਗੀ ਦਾ, ਪਰ ਨਾਲ ਹੀ ਟੇਕ ਰੱਖੋ ਮਿਹਰਾਂ ਤੇ।'* ਇਕ ਵਾਰੀ ਸਿੱਧ ਮੰਡਲੀ ਨੂੰ ਸਮਝਾਇਆ ਕਿ ਸਭ ਤੋਂ ਖ਼ਤਰਨਾਕ 'ਮੈਂ' ਦੀ ਪੂਜਾ ਹੈ। ਜੋਗੀ 'ਮੈਂ' ਦੀ ਪੂਜਾ ਵੱਲ ਲੱਗ ਜਾਂਦਾ ਹੈ ਤੇ ਗ੍ਰਹਿਸਤੀ ਸੱਚਾ 'ਮੈਂ' ਤੋਂ ਉੱਚਾ ਹੁੰਦਾ ਹੈ। ਉਸ ਵਿਚ ਸੁਭਾਵਕ ਹੀ 'ਤੂੰ ਤੂੰ' ਆ ਜਾਂਦਾ ਹੈ ਅਤੇ ਮੌਤ ਬਾਰੇ ਉਹਨਾਂ ਕਿਹਾ ਕਿ ਮੌਤ ਤੋਂ ਹਰ ਕੋਈ ਡਰਦਾ ਹੈ ਪਰ ਜੋ ਸਹਿਜ ਦੀ ਸੰਥਿਆ ਪਾ ਕੇ ਮਰੇ ਤਾਂ ਅਮਰ ਹੋ ਜਾਏ। ਸਹਿਜ ਨਿਰੋਲ ਗੁਰ-ਸ਼ਬਦ ਤੋਂ ਹੀ ਪ੍ਰਾਪਤ ਹੁੰਦਾ ਹੈ। ਜੀਵ ਹਉਮੈਂ ਕਰ ਮਰ ਰਿਹਾ ਹੈ, ਮਮਤਾ ਉਸ ਨੂੰ ਮਾਰ ਰਹੀ ਹੈ। ਇਨ੍ਹਾਂ ਦੋਹਾਂ *'ਮਮਤਾ' ਤੇ 'ਹਉ' ਦੇ ਕਾਰਣ 'ਵਾਸ਼ਨਾ ਤ੍ਰਿਸ਼ਨਾ' ਰੂਪੀ ਪਉਣ ਤੁਰੀ ਰਹਿੰਦੀ ਹੈ ਤੇ ਵਹਿੰਦਾ ਰਹਿੰਦਾ ਹੈ 'ਦਰਿਆਉ ਜਨਮ ਮਰਨ ਦਾ।'* ਸੋ ਮੂਲ

ਹੈ ਹਉਮੈ, ਉਸ ਤੋਂ ਮਮਤਾ, ਮਮਤਾ ਤੋਂ ਵਾਸ਼ਨਾ ਤੇ ਵਾਸ਼ਨਾ ਤੋਂ ਤ੍ਰਿਸ਼ਨਾ ਤੇ ਤ੍ਰਿਸ਼ਨਾ ਤੋਂ ਜਨਮ ਮਰਨ। *ਹਉਂ ਨੇ ਮੌਤ ਗਲੇ ਪਾਈ ਤੇ ਨਾਮ ਨੇ ਗਲੋਂ ਲਾਹ ਦੇਣੀ ਹੈ।'*

ਇਸੇ ਤਰ੍ਹਾਂ ਇਕ ਵਾਰੀ ਜਦ ਕਿਸੇ ਨੇ ਉਹਨਾਂ ਕੋਲੋਂ ਪੁੱਛਿਆ ਕਿ ਗੁਰੂ ਅੰਗਦ ਨੇ ਕਿਵੇਂ ਗੁਰੂ ਨਾਨਕ ਨੂੰ ਰਿਝਾ ਲਿਆ ਤਾਂ ਆਪ ਜੀ ਨੇ ਦੱਸਿਆ ਕਿ 'ਉਨ੍ਹਾਂ ਨੇ ਨਿਰੋਲ ਕ੍ਰਿਪਾ ਦੀ ਘਾਲ ਘਾਲੀ ਹੈ।' ਨਿੱਜੀ ਤਜਰਬੇ ਦੱਸਦੇ ਹੋਏ ਕਿਹਾ ਕਿ ਇਕ ਵਾਰੀ ਜਦ ਗੁਰੂ ਨਾਨਕ ਜੀ ਨੇ ਪੁੱਛਿਆ ਕਿ ਕਿਤਨੀ ਰਾਤ ਰਹਿੰਦੀ ਹੈ ਤਾਂ ਮੈਂ ਕਿਹਾ ਕਿ ਅਢਾਈ ਪਹਿਰ ਗਈ ਤੇ ਡੂਢ ਪਹਿਰ ਰਹਿੰਦੀ ਹੈ ਤੇ ਜਦ ਗੁਰੂ ਅੰਗਦ ਜੀ ਕੋਲੋਂ ਪੁੱਛਿਆ ਤਾਂ ਉਨ੍ਹਾਂ ਫ਼ਰਮਾਇਆ, "ਜੇਤੀ ਰਾਤਿ ਤੈ ਬੀਤਾਈ ਹੈ ਤੇਤੀ ਗਈ ਹੈ।" ਇਸੇ ਤਰ੍ਹਾਂ ਇਕ ਦਿਨ ਗੁਰੂ ਨਾਨਕ ਜੀ ਨੇ ਅੱਧੀ ਰਾਤ ਵੇਲੇ ਪੁੱਛਿਆ, "ਅੰਗਦਾ, ਦਿਨ ਹੋ ਗਿਆ ਹੈ।" ਗੁਰੂ ਅੰਗਦ ਜੀ ਨੇ ਕਿਹਾ, 'ਸੱਚੇ ਪਾਤਸ਼ਾਹ ਦਿਨ ਹੋ ਗਿਆ ਹੈ।" ਜਦ ਇਸੇ ਤਰ੍ਹਾਂ ਇਕ ਦਿਨ ਕੱਪੜੇ ਸੁਕਾ ਲਿਆਂਦੇ ਤਾਂ ਗੁਰੂ ਜੀ ਨੇ ਪੁੱਛਿਆ ਕਿ ਰਾਤ ਸੀ ਕਿ ਦਿਨ! ਗੁਰੂ ਅੰਗਦ ਜੀ ਬੋਲੇ, "ਜੇ ਤੂੰ ਦਿਹੁ ਚਾਹੁੰਦਾ ਹੈਂ ਤਾਂ ਦਿਨ ਹੋਇ ਜਾਂਦਾ ਹੈ, ਜੇ ਤੂੰ ਰਾਤ ਚਾਹੁੰਦਾ ਹੈ ਤਾਂ ਰਾਤ ਹੋਇ ਜਾਂਦੀ ਹੈ।"

ਗੱਲ ਕੀ, ਬਾਬਾ ਬੁੱਢਾ ਜੀ ਸਿੱਖੀ ਦੇ ਐਸੇ ਕੁਤਬੀ ਸਿਤਾਰੇ ਸਨ ਜਿਸ ਵੱਲ ਦੇਖ ਪਹਿਲਾਂ ਵੀ ਸੇਧ ਮਿਲਦੀ ਰਹੀ ਤੇ ਅੱਜ ਵੀ ਮਿਲ ਰਹੀ ਹੈ। ਸਿੱਖੀ ਦਾ ਜਹਾਜ਼ ਜਦ ਵੀ ਕਿਸੇ ਘੁੰਮਣ-ਘੇਰੀ ਵਿਚ ਫਸਿਆ, ਉਨ੍ਹਾਂ ਵੱਲ ਦੇਖ ਹੀ ਕਿਨਾਰੇ ਲੱਗਾ ਤੇ ਅੱਜ ਵੀ ਉਨ੍ਹਾਂ ਦਾ ਜੀਵਨ ਪੜ੍ਹ ਕੇ ਹੀ ਗੁਮਰਾਹ ਨੂੰ ਰਾਹ ਮਿਲ ਸਕਦਾ ਹੈ।

SIKHBOOKCLUB.COM

# ੪

# *ਭਾਈ ਲਾਲੋ ਜੀ*

ਸ੍ਰੀ ਰਾਗ ਦੇ ਇਕ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ "ਨਾਨਕ ਉਨ੍ਹਾਂ ਬੰਦਿਆਂ ਨਾਲ ਸਾਥ ਬਣਾਉਣ ਦਾ ਚਾਹਵਾਨ ਹੈ ਜੋ ਨੀਵੀਂ ਤੋਂ ਨੀਵੀਂ ਜਾਤ ਦੇ ਹਨ, ਜੋ ਨੀਵਿਆਂ ਤੋਂ ਵੀ ਅਤਿ ਨੀਵੇਂ ਅਖਵਾਉਂਦੇ ਹਨ। ਮੈਨੂੰ ਮਾਇਆਧਾਰੀਆਂ ਦੇ ਰਾਹ ਤੁਰਨ ਦੀ ਕੋਈ ਤਾਂਘ ਨਹੀਂ ਕਿਉਂਕਿ ਮੈਂ ਜਾਣਦਾ ਹਾਂ ਕਿ ਤੇਰੀ ਮਿਹਰ ਦੀ ਨਜ਼ਰ ਉਥੇ ਹੈ ਜਿਥੇ ਗ਼ਰੀਬਾਂ ਦੀ ਸਾਰ ਲਈ ਜਾਂਦੀ ਹੈ।"

**ਨੀਚਾਂ ਅੰਦਰਿ ਨੀਚੁ ਜਾਤਿ, ਨੀਚੀ ਹੂ ਅਤਿ ਨੀਚੁ॥**
**ਨਾਨਕ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ॥**

ਨਾ ਸਿਰਫ਼ ਗੁਰੂ ਨਾਨਕ ਦੇਵ ਜੀ ਨੇ ਇਹ ਉਚਾਰਿਆ ਹੀ, ਸਗੋਂ ਆਪਣੇ ਜੀਵਨ ਤੇ ਕਰਤੱਵ ਰਾਹੀਂ ਕਰ ਕੇ ਵੀ ਦੱਸਿਆ। ਪਹਿਲਾਂ, ਤਲਵੰਡੀ ਵਿਚ ਰਹਿੰਦੇ ਹੋਏ ਗੁਰੂ ਨਾਨਕ ਦੇਵ ਜੀ ਜਦ ਆਪਣਾ ਸਾਥੀ ਚੁਣਨ ਲੱਗੇ ਤਾਂ ਉਹਨਾਂ ਦੀ ਨਿਗਾਹ ਭਾਈ ਮਰਦਾਨਾ ਜੀ ਤੇ ਪਈ ਜੋ ਲੋਕਾਂ ਵਿਚ ਨੀਵੀਂ ਜਾਤੀ ਦੇ ਡੂਮ ਕਰ ਕੇ ਬੁਲਾਏ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਤੇ ਮਰਦਾਨਾ ਜੀ ਦਾ ਸਾਥ ਤਕਰੀਬਨ ੫੪ ਵਰ੍ਹੇ ਤੱਕ ਬਣਿਆ ਰਿਹਾ। ਇਤਨੇ ਨੇੜੇ ਹੋ ਗਿਆ ਭਾਈ ਮਰਦਾਨਾ ਕਿ ਇਕ ਵਾਰੀ ਪਿਆਰ ਵਿਚ ਉਸ ਆਖ ਵੀ ਦਿੱਤਾ :—

**"ਬਾਬਾ ਤੇਰਾ ਮੇਰਾ ਬਹੁਤਾ ਅੰਤਰ ਨਾਹੀ,**
**ਤੂੰ ਰੱਬ ਦਾ ਡੂਮ ਤੇ ਮੈਂ ਤੇਰਾ ਡੂਮ।"**

ਗੁਰੂ ਨਾਨਕ ਦੇਵ ਜੀ ਨੇ ਪ੍ਰਸੰਨ ਹੋ ਕੇ ਆਖਿਆ, "ਮਰਦਾਨਿਆ, ਜਿਥੇ ਤੇਰਾ ਵਾਸਾ ਉਥੇ ਮੇਰਾ ਵਾਸਾ।" ਗੁਰਬਾਣੀ ਵਿਚ ਵੀ ਗੁਰੂ ਨਾਨਕ ਜੀ ਮਰਦਾਨਾ ਜੀ ਨੂੰ ਅਮਰ ਕਰ ਗਏ। ਬਿਹਾਗੜੇ ਦੀ ਵਾਰ ਦੀ ਪਉੜੀ ਦੇ ਨਾਲ ਦਰਜ ਸਲੋਕਾਂ ਵਿਚ ਸਲੋਕ ਮਰਦਾਨਾ ੧ ਦਾ ਸਿਰਲੇਖ ਉਨ੍ਹਾਂ ਦਾ ਨੇੜ ਸਾਬਤ ਕਰਨ ਲਈ ਕਾਫ਼ੀ ਹੈ। ਇਸ ਤਰ੍ਹਾਂ ਇਕ ਹੋਰ ਐਸਾ ਲੋਕਾਂ ਵਲੋਂ ਪਰ੍ਹੇ ਕੀਤਾ ਵਿਅਕਤੀ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਤਿਲੰਗ ਰਾਗ ਵਿਚ ਸੰਬੋਧਨ ਕਰ ਕੇ ਅਮਰ ਕਰ ਦਿੱਤਾ ਹੈ। ਉਸ ਸ਼ਖ਼ਸੀਅਤ ਦਾ ਪਾਵਨ ਨਾਂ ਭਾਈ ਲਾਲੋ ਹੈ ਤੇ ਸੰਬੋਧਨ ਕੀਤਾ ਉਹ ਮਹਾਨ ਸ਼ਬਦ *"ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ"* ਹੈ, ਜਿਸ ਦੇ ਪੜ੍ਹਿਆਂ ਹੁਣ ਵੀ ਹੂਕ ਨਿਕਲ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਤੋਂ ਗੁਰਮੁਖ ਖੋਜਣ ਲਈ ਪਹਿਲੀ ਉਦਾਸੀ ਤੇ ਨਿਕਲੇ ਤਾਂ ਉਹਨਾਂ ਨੇ ਲਾਹੌਰ ਤੇ ਤਲਵੰਡੀ ਪਿੱਛੋਂ ਆਪਣਾ ਪਹਿਲਾ ਪੜਾਅ ਐਮਨਾਬਾਦ ਕੀਤਾ ਅਤੇ ਆਵਾਜ਼ ਭਾਈ ਲਾਲੋ ਨੂੰ ਦਿੱਤੀ। ਭਾਈ ਲਾਲੋ ਦੀ ਗੁਰੂ ਨਾਨਕ ਦੇਵ ਜੀ ਨਾਲ ਹੋਈ ਪਹਿਲੀ ਮਿਲਣੀ ਨੂੰ ਜਨਮ ਸਾਖੀ ਵਾਲੇ ਨੇ ਬੜੇ ਨਾਟਕੀ ਢੰਗ ਨਾਲ ਲਿਖਿਆ ਹੈ। ਵਾਰਤਾਲਾਪ ਦੇ ਸ਼ਬਦ ਹਨ :

"ਭਾਈ ਲਾਲੋ!"

"ਜੀ ਮਹਾਰਾਜ।"

"ਭਾਈ ਲਾਲੋ! ਕੀ ਪਿਆ ਕਰਨਾ ਹੈਂ?"

"ਜੀ ਕਿੱਲੇ ਪਿਆ ਘੜਦਾ ਹਾਂ।"

"ਭਾਈ ਲਾਲੋ, ਕੀ ਸਾਰੀ ਉਮਰ ਕਿੱਲੇ ਹੀ ਘੜਦਾ ਰਵ੍ਹੇਂਗਾ," ਅਤੇ ਐਸਾ ਸੁਣ ਭਾਈ ਲਾਲੋ ਨੂੰ ਸੁਝ ਆਈ। ਉਸ ਨਿਰੰਕਾਰੀ ਬਾਬੇ ਦੇ ਚਰਨ ਪਕੜੇ ਤੇ ਜੀਵਨ ਸੰਗਰਾਮ ਵਿਚ ਜੁਝਣ ਲਈ ਤਿਆਰ ਹੋ ਗਿਆ। ਉਹ ਹੀ ਲਾਲੋ ਜੋ ਆਪਣੀ ਝੁੱਗੀ ਤੋਂ ਬਾਹਰ ਨਹੀਂ ਸੀ ਝਾਕਦਾ, ਹੁਣ ਉਸ ਦਾ ਘਰ ਧਰਮਸਾਲ ਬਣ ਗਈ। ਲੋਕ ਭਲਾਈ ਲਈ ਉਹ ਤੱਤਪਰ ਹੋ ਗਿਆ। ਉਸ ਵਿਚ ਸਵੈਮਾਨ ਜਾਗ ਉਠਿਆ ਤੇ ਉਸ ਨੇ ਬਾਬੇ ਨੂੰ ਆਪਣੇ ਘਰ ਟਿਕਣ ਲਈ ਬੇਨਤੀ ਕੀਤੀ। ਗੁਰੂ ਬਾਬਾ ਜਾਣਦਾ ਸੀ ਕਿ ਐਸਾ ਕਰ ਕੇ ਉਹ ਉੱਚ ਜਾਤੀਆਂ ਦੇ ਅਤਾਬ ਦਾ ਸ਼ਿਕਾਰ ਬਣੇਗਾ। ਪਰ ਲਾਲੋ ਨੂੰ ਕਿੱਲੇ ਘੜਨ ਤੋਂ ਇਲਾਵਾ ਹੋਰ ਕੰਮ ਕਰਨ ਦੀ ਸੋਝੀ ਹੁਣ ਆ ਚੁੱਕੀ ਸੀ। ਲੋਕਾਂ ਨੂੰ ਇਕ ਵਾਰੀ ਫੇਰ ਭਾਈ ਲਾਲੋ ਰਾਹੀਂ "ਰਾਜਨ ਕਉਣ ਤੁਮਾਰੇ ਆਵੈ। ਐਸੋ ਭਾਉ ਬਿਦਰ ਕੋ ਦੇਖਿਓ, ਉਹਿ ਗਰੀਬ ਮੋਹਿ ਭਾਵੈ', ਦਾ ਪ੍ਰਤੱਖ ਪ੍ਰਮਾਣ ਸੈਦਪੁਰ ਵਿਖੇ ਮਿਲਿਆ ਜਿਸ ਨੂੰ ਅੱਜਕਲ੍ਹ ਐਮਨਾਬਾਦ ਕਹਿੰਦੇ ਹਨ।

ਇਹ ਵੀ ਲਿਖਿਆ ਮਿਲਦਾ ਹੈ ਕਿ ਜਦ ਭਾਈ ਲਾਲੋ ਨੇ ਗੁਰੂ ਨਾਨਕ ਜੀ ਲਈ ਪ੍ਰਸ਼ਾਦ ਤਿਆਰ ਕੀਤਾ ਤਾਂ ਗੁਰੂ ਪਾਤਸ਼ਾਹ ਨੂੰ ਜਾ ਕੇ ਕਿਹਾ ਕਿ ਉਹਨਾਂ ਦੇ ਭੋਜਨ ਕਰਨ ਲਈ ਵੱਖਰਾ ਚੌਕਾ ਤਿਆਰ ਕਰ ਦਿੱਤਾ ਗਿਆ ਹੈ, ਉਥੇ ਆ ਕੇ ਪ੍ਰਸ਼ਾਦ ਪਾਉਣ, ਤਾਂ ਗੁਰੂ ਜੀ ਨੇ ਕਿਹਾ: *"ਲਾਲੋ! ਸਾਰੀ ਧਰਤੀ ਹੀ ਮੇਰਾ ਚੌਕਾ ਹੈ ਤੇ ਜਿਹੜਾ ਸੱਚ ਨਾਲ ਪਿਆਰ ਕਰਦਾ ਹੈ ਉਹ ਸੁੱਚਾ ਹੈ। ਇਸ ਲਈ ਆਪਣੇ ਮਨ ਵਿਚੋਂ ਇਹ ਭਰਮ ਵੀ ਦੂਰ ਕਰ ਦੇ।"*

**"ਸ੍ਰੀ ਮੁਖ ਕਹਿਤ, ਧਰਤ ਹੈ ਜਿਤਨੀ ਤਿਤਨੋ ਚੌਕਾ ਜਾਨੋ।**
**ਸਚ ਰਤੇ ਸੇ ਸੂਚੇ ਹੂਏ, ਮਨ ਕੇ ਭਰਮ ਮਿਟਾਨੋ।"** (ਸੂਰਜ ਪ੍ਰਕਾਸ਼)

ਫਿਰ ਫ਼ਰਮਾਇਆ : "ਮੈਂ ਤਾਂ ਉਨ੍ਹਾਂ ਬ੍ਰਾਹਮਣਾਂ ਪਾਸ ਜਾਣ ਤੱਕ ਨੂੰ ਤਿਆਰ ਨਹੀਂ, ਜੋ ਨਾ ਧਰਮ ਦੀ ਕਿਰਤ ਕਰਦੇ ਹਨ, ਨਾ ਲੋੜਵੰਦਾਂ ਨੂੰ ਕੁਝ ਦੇਂਦੇ ਹਨ। ਉਨ੍ਹਾਂ ਬ੍ਰਾਹਮਣਾਂ ਹੱਥੋਂ ਮੈਂ ਖਾਣ ਲਈ ਤਿਆਰ ਨਹੀਂ ਜੋ ਕੁਝ ਨਾ ਕਰਕੇ, ਵੇਦਾਂ ਦਾ ਵਾਸਤਾ ਪਾ ਕੇ, ਪਾਖੰਡ ਦਾ ਜਾਲ ਵਿਛਾ ਕੇ, ਮਿਹਨਤੀ, ਕਿਰਤੀਆਂ ਨੂੰ ਲੁੱਟਦੇ ਹਨ। ਇਹ ਲੋਕ ਤਾਂ ਜਗਤ ਕਸਾਈ ਹਨ। ਸੱਚਾ ਬ੍ਰਾਹਮਣ ਤੂੰ ਹੈਂ ਜਿਸ ਬ੍ਰਹਮ ਨੂੰ ਪਛਾਣ ਲਿਆ ਹੈ। ਜੋ ਕੁਝ ਘਰ ਹੈ, ਸੋ ਤਿਆਰ ਕਰੋ, ਅਸੀਂ ਸਭ ਇਕੱਠੇ ਛਕ ਖ਼ੁਸ਼ ਹੋਵਾਂਗੇ।"

ਇਹ ਸੁਣ ਕੇ ਲਾਲੋ ਬਹੁਤ ਹੀ ਪ੍ਰਸੰਨ ਹੋਇਆ ਤੇ ਬਾਜਰੇ ਦੀ ਰੋਟੀ ਤੇ ਸਾਗ ਬਣਾ

 www.sikhbookclub.com

ਕੇ ਗੁਰੂ ਜੀ ਅੱਗੇ ਰਖਿਆ ਅਤੇ ਸਾਰਿਆਂ ਨੇ ਇਕ ਥਾਵੇਂ ਬੈਠ ਛਕਿਆ :

**ਸੁਨਿ ਕਰਿ ਲਾਲੋ ਬਿਕਸਯੋ ਤਬ ਹੀ ਅਨਯੋ ਭੋਜਨ ਧਾਈ।**
**ਬਨੀ ਬਾਜਰੇ ਕੀ ਸੁੱਭ ਰੋਟੀ ਸਰਖਮ ਸਾਕ ਬਨਾਈ।** (ਸੂਰਜ ਪ੍ਰਕਾਸ਼)

ਫਿਰ ਜਦ ਬਖਸ਼ਿਸ਼ ਦੇ ਦਰ ਆ ਕੇ ਗੁਰੂ ਨਾਨਕ ਜੀ ਨੇ ਆਪਣਾ ਪਾਵਨ ਹੱਥ ਉਸ ਦੇ ਸਿਰ ਤੇ ਰੱਖਿਆ ਤਾਂ ਉਸ ਦਾ ਅਨੁਭਵ ਖੁਲ੍ਹ ਗਿਆ ਅਤੇ ਲਿਵ ਲੱਗ ਗਈ :

**"ਊਪਰ ਸੀਸ ਉਠਾਵਹਿ ਨਾ, ਜਬ ਸ੍ਰੀ ਗੁਰੂ ਹਾਥ ਧਰਾ ਸਿਰ ਤਾਂਹੀ।**
**ਛੁਵਤਿ ਹਾਥ ਕਪਾਟ ਖੁਲੇ ਤਿਹ, ਲੋਕਨ ਕੀ ਸੁਧ ਭੀ ਮਨ ਮਾਂਹੀ।"**

... ... ... ... ...

**ਲਿਵ ਲਾਗ ਅਨਾਹਦ ਕੀ ਧੁਨਿ ਸੋ ਬਿਨਸੇ ਭਵਬੰਧਨ ਔਜ ਮਜਾਲਾ।**

ਸੰਗਤ ਭਾਈ ਲਾਲੋ ਦੇ ਘਰ ਹੀ ਜੁੜ ਬੈਠਣ ਲੱਗੀ। ਗੁਰੂ ਜੀ ਦਾ ਭਾਈ ਲਾਲੋ ਦੇ ਘਰ ਆਉਣਾ, ਬੈਠਣਾ ਤੇ ਫਿਰ ਪ੍ਰਸ਼ਾਦਿ ਪਾਉਣਾ ਸੁਣ ਕੇ ਤਾਂ ਉੱਚ ਜਾਤੀਆਂ ਨੇ ਉਹਨਾਂ ਨੂੰ ਕੁਰਾਹੀਆ ਕਹਿਣਾ ਆਰੰਭ ਕਰ ਦਿੱਤਾ। ਇਕ ਵਾਰੀ ਤਾਂ ਭਾਈ ਲਾਲੋ ਜੀ ਨੇ ਵੀ ਟੁਰ ਜਾਣ ਲਈ ਕਹਿ ਦਿੱਤਾ ਮਤੇ ਗੁਰੂ ਜੀ ਦੀ ਬਦਨਾਮੀ ਹੋਵੇ ਪਰ ਗੁਰੂ ਜੀ ਨੇ ਇਹ ਕਹਿ ਸਭ ਨੂੰ ਸ਼ਾਂਤ ਕਰ ਦਿੱਤਾ :

**"ਜਾਤੀ ਦੈ ਕਿਆ ਹਥਿ ਸਚੁ ਪਰਖੀਐ।**
**ਮਹੁਰਾ ਹੋਵੈ ਹਥਿ, ਮਰੀਐ ਚਖੀਐ।"** (ਮਾਝ ਕੀ ਵਾਰ, ਮਹਲਾ ੧)

ਐਮਨਾਬਾਦ ਦੇ ਹਾਕਮ ਜ਼ਾਲਮ ਖ਼ਾਨ ਦਾ ਇਕ ਕਰਮਚਾਰੀ ਹੈਰੜ ਜਾਤ ਦਾ ਖੱਤਰੀ ਮਲਕ ਭਾਗੋ ਸੀ। ਉਸ ਨੂੰ ਆਪਣੀ ਉੱਚ ਜਾਤ ਦਾ ਰੱਜ ਕੇ ਅਹੰਕਾਰ ਸੀ। ਉਸ ਬਾਰੇ ਇਹ ਵੀ ਪ੍ਰਸਿੱਧ ਸੀ ਕਿ ਉਹ ਇਨਸਾਫ਼ ਨਹੀਂ ਕਰਦਾ, ਸਿਰਫ਼ ਤੋਲਦਾ ਹੈ। ਜਿਸ ਦੀ ਵੱਢੀ ਬਹੁਤੀ ਹੁੰਦੀ ਸੀ ਉਸ ਦਾ ਪਲੜਾ ਭਾਰੀ ਹੋ ਜਾਂਦਾ ਸੀ। ਇਕ ਪਾਸੇ ਪਰਜਾ ਜ਼ਾਲਮ ਖ਼ਾਨ ਹੱਥੋਂ ਔਖੀ ਸੀ ਦੂਜੇ ਜਾਤ ਭਰਾ ਭਾਗੋ ਦੇ ਹੱਥੋਂ ਤੰਗ ਸਨ। ਗੁਰੂ ਨਾਨਕ ਦੇਵ ਜੀ ਨੂੰ ਗ਼ਰੀਬਾਂ ਨਾਲ ਪਿਆਰ ਕਰਨ ਵਾਲੇ ਰਾਹ ਤੋਂ ਹਟਾਉਣ ਲਈ ਕੋਈ ਹੀਲਾ ਨਾ ਹੋਵੇਗਾ ਜੋ ਮਲਕ ਭਾਗੋ ਨੇ ਨਾ ਵਰਤਿਆ ਹੋਵੇ ਪਰ ਗੁਰੂ ਜੀ ਉਸੇ ਰਾਹ ਟੁਰਦੇ ਰਹੇ। ਭਾਗੋ ਨੇ ਬ੍ਰਹਮ ਭੋਜ ਕੀਤਾ ਤੇ ਸ਼ਾਸਤਰਾਂ ਦੀ ਰਹੁ ਰੀਤੀ ਮੁਤਾਬਿਕ ਚਹੁੰ ਵਰਣਾਂ ਦੇ ਬੰਦਿਆਂ ਨੂੰ ਸਦਿਆ ਤੇ ਚਹੁੰ ਥਾਈਂ ਵੱਖ-ਵੱਖ ਖਾਣੇ ਦਾ ਪ੍ਰਬੰਧ ਕੀਤਾ। ਉਸ ਆਪਣਾ ਅਹਿਲਕਾਰ ਗੁਰੂ ਨਾਨਕ ਜੀ ਪਾਸ ਭੇਜਿਆ ਤੇ ਕਹਿਲਾਇਆ ਕਿ ਮਲਕ ਭਾਗੋ ਨੇ ਚਹੁੰ ਵਰਣਾਂ ਦਾ ਖਾਣਾ ਪੋਸਿਆ ਹੈ,ਉਹ ਵੀ ਉਥੇ ਹੀ ਖਾਣ। ਗੁਰੂ ਜੀ ਨੇ ਫ਼ਰਮਾਇਆ : *"ਮੈਂ ਤਾਂ ਚਹੁੰ ਵਰਣਾਂ ਵਿਚੋਂ ਕਿਸੇ ਦਾ ਨਹੀਂ, ਮੈਨੂੰ ਕਿਉਂ ਬੁਲਾਇਆ ਗਿਆ ਹੈ?"* ਅਹਿਲਕਾਰ ਨੇ ਕਿਹਾ : "ਇਸੇ ਕਾਰਨ ਤਾਂ ਤੁਹਾਨੂੰ 'ਕੁਰਾਹੀਆ' ਆਖਿਆ ਜਾ ਰਿਹਾ ਹੈ ਤੇ ਤੁਹਾਡੇ ਨਾ ਜਾਣ ਤੇ ਮਲਕ ਭਾਗੋ ਕ੍ਰੋਧਵਾਨ ਹੋਵੇਗਾ।" ਮਹਾਰਾਜ ਨੇ ਕੇਵਲ ਮੁਸਕਰਾ ਦਿੱਤਾ। ਕ੍ਰੋਧੀ ਹੋਏ ਮਲਕ ਭਾਗੋ ਨੇ ਜਦ ਗੁਰੂ ਨਾਨਕ ਦੇਵ ਜੀ ਨੂੰ ਪਕੜ ਮੰਗਵਾਇਆ ਤਾਂ ਚਾਰੇ ਪਾਸੇ ਹਾਹਾਕਾਰ ਮਚ ਗਈ। ਗੁਰੂ ਜੀ ਉਵੇਂ ਹੀ ਅਡੋਲ ਸਨ। ਮਲਕ ਭਾਗੋ ਦੇ ਸਾਹਮਣੇ ਜਦ ਗੁਰੂ ਜੀ ਹੋਏ ਤਾਂ ਉਸ ਨੇ ਕਿਹਾ, "ਤੁਸੀਂ ਮੇਰੀ ਰੋਟੀ ਕਿਉਂ ਨਹੀਂ ਮੰਨੀ? ਉੱਤਮ ਜਾਤ ਦੇ ਖ਼ਤਰੀ ਹੋ ਕੇ ਲਾਲੋ ਸ਼ੂਦਰ ਦੇ ਘਰ ਕਿਉਂ ਖਾਂਦੇ ਹੋ? ਮਿਰਾਸੀ ਮਰਦਾਨੇ ਨੂੰ ਪਾਸ ਕਿਉਂ ਰੱਖਿਆ ਹੋਇਆ ਹੈ?

ਬ੍ਰਹਮ-ਭੋਜ ਤੇ ਬੁਲਾਇਆਂ ਵੀ ਨਹੀਂ ਆਏ, ਇਹ ਕਿਹਾ ਕੁਰਾਹਾ ਤੁਸਾਂ ਪਕੜਿਆ ਹੈ ?" ਗੁਰੂ ਜੀ ਨੇ ਫ਼ਰਮਾਇਆ : "ਲਾਲੋ ਦੀ ਕੋਧਰੇ ਦੀ ਰੋਟੀ ਅਸਲ ਬ੍ਰਹਮ-ਭੋਜ ਹੈ। ਤੇਰੇ ਅੰਨ ਵਿਚ ਲਹੂ ਹੈ, ਧਰਮੀਆਂ ਦੇ ਭੋਜਨ ਯੋਗ ਨਹੀਂ। ਮਰਦਾਨਾ ਮਿਰਾਸੀ ਨਹੀਂ ਹੈ, ਰਬਾਬੀ ਹੈ ਜੋ ਭੁੱਲਿਆਂ ਨੂੰ ਸ਼ਬਦ ਸੁਣਾ ਰਾਹੇ ਪਾ ਰਿਹਾ ਹੈ। ਕਿਸੇ ਦੇ ਜਬਰ ਤੇ ਜ਼ੋਰ ਨਾਲ ਮੈਂ ਅੰਨ ਪਾਉਣ ਨੂੰ ਕਦੇ ਤਿਆਰ ਨਹੀਂ ਤੇ ਜਿਸ ਰਾਹ ਤੇ ਮੈਂ ਟੁਰ ਰਿਹਾ ਹਾਂ ਇਹ ਹੀ ਅਸਲ ਵਿਚ ਠੀਕ ਰਾਹ ਹੈ। ਜੇ ਤੈਨੂੰ ਕੋਈ ਸ਼ੰਕਾ ਹੈ ਤਾਂ ਆਪਣਾ ਤਿਆਰ ਕੀਤਾ ਭੋਜਨ ਲੈ ਆਓ ਤੇ ਉਧਰੋਂ ਭਾਈ ਲਾਲੋ ਜੀ ਵੀ ਕੋਧਰੇ ਦੀ ਰੋਟੀ ਲੈ ਆਉਂਦੇ ਹਨ।" ਦੋਹਾਂ ਦੀਆਂ ਰੋਟੀਆਂ ਜਦ ਗੁਰੂ ਨਾਨਕ ਜੀ ਨੇ ਆਪਣੇ ਪਾਵਨ ਹੱਥਾਂ ਵਿਚ ਰੱਖ ਨਪੀੜੀਆਂ ਤਾਂ ਪ੍ਰਤੱਖ ਦਰਸਾ ਦਿੱਤਾ ਕਿ ਕੋਧਰੇ ਵਿਚ ਦੁੱਧ ਹੈ ਤੇ ਪਕਵਾਨਾਂ ਵਿਚ ਲਹੂ ਹੈ, ਉਹ ਵੀ ਬੇਦੋਸ਼ਿਆਂ ਦਾ। ਜਨਮ ਸਾਖੀ ਬਾਲਾ ਵਾਲਾ ਕਹਿੰਦਾ ਹੈ ਜਦ ਦੋਹਾਂ ਹੱਥਾਂ ਨੂੰ ਘੁਟਿਆ ਤਾਂ ਕੋਧਰੇ ਦੀ ਰੋਟੀ ਵਿਚੋਂ ਦੁੱਧ ਸਿੰਮਿਆ ਅਤੇ ਲੁਚੀਆਂ ਕਚੋਰੀਆਂ ਵਿਚੋਂ ਲਹੂ। ਜਿਤਨੀ ਮਜਲਿਸ ਸੀ ਸਭ ਦੇਖ ਕਰ ਬਿਸਮਾਦ ਹੋਈ ਅਤੇ ਗੁਰੂ ਨਾਨਕ ਜੀ ਨੇ ਕਿਹਾ, "ਸੁਨ ਮਲਿਕ! ਇਹ ਬ੍ਰਹਮ ਭੋਜ ਆਦਮੀਆਂ ਦੇ ਲਹੂ ਦਾ ਕੀਤਾ ਹੈ।" ਮਹਿਮਾ ਪ੍ਰਕਾਸ਼ ਨੇ ਇਸ ਘਟਨਾ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ :

**"ਲੈ ਪਿੰਡੀ ਸਾਗ ਕਰ (ਹੱਥ) ਮਹਿ ਦਬਾਈ।**
**ਸ੍ਰਵਤ ਦੂਧ ਤਾਂ ਮੈਂ ਅਧਕਾਈ।**
**ਭੋਜਨ-ਜਗ ਕਰ ਸੋ ਲੇ ਮਲਾ।**
**ਰਕਤ ਕੀ ਧਾਰਾ ਤਾ ਮੋ ਚਲਾ।"**

SIKHBOOKCLUB.COM

ਇਹ ਦੇਖਦੇ ਸਾਰ ਭਾਗੋ ਚਰਨੀਂ ਡਿੱਗਾ।

ਭਾਗੋ ਦੀ ਵੀ ਜਾਗ ਖੁਲ੍ਹੀ ਅਤੇ ਉਸ ਦੇ ਸੁੱਤੇ ਹੋਏ ਭਾਗ ਜਾਗ ਉਠੇ। ਮਹਾਰਾਜ ਦੇ ਕਹਿਣ ਤੇ ਉਸ ਨੇ ਸਭ ਲੁੱਟ ਦਾ ਮਾਲ ਜਿਨ੍ਹਾਂ ਕੋਲੋਂ ਖੋਹਿਆ ਸੀ, ਵਾਪਸ ਕਰ ਦਿੱਤਾ।

ਮਹਿਮਾ ਪ੍ਰਕਾਸ਼ ਵਾਰਤਕ ਦੇ ਸ਼ਬਦਾਂ ਵਿਚ, ਬਾਬਾ ਜੀ ਦਇਆ ਘਰ ਆਏ ਤੇ ਕਿਹਾ : ਜਿਨ ਜਿਨ ਕਾ ਮਾਲ ਲੀਆ ਹੈ ਸਬ ਕਾ ਦਾਮ ਦਿਓ, ਉਨ ਕੀ ਪ੍ਰਸੰਨਤਾ ਲਓ। ਤਬ ਐਸਾ ਹੀ ਭਾਗੋ ਨੇ ਕੀਆ।

ਮੱਕਾ ਮਦੀਨਾ ਦੀ ਉਦਾਸੀ ਉਪਰੰਤ ਵੀ ਜਦ ਗੁਰੂ ਨਾਨਕ ਜੀ ਫਿਰ ਐਮਨਾਬਾਦ ਆਏ ਤਾਂ ਭਾਈ ਲਾਲੋ ਪਾਸ ਹੀ ਟਿਕੇ। ਪਹਿਲੀ ਉਦਾਸੀ ਵਿਚ ਉੱਚ-ਜਾਤੀਆਂ ਦਾ ਭਰਮ ਤੋੜਿਆ ਸੀ, ਹੁਣ ਉਹਨਾਂ ਸ਼ਾਹਾਂ ਨੂੰ ਚਿਤਾਵਨੀ ਦਿੱਤੀ ਜੋ ਐਸ਼ਾਂ ਵਿਚ ਪੈ ਕੇ ਪ੍ਰਜਾ ਪ੍ਰਤੀ ਆਪਣੇ ਫ਼ਰਜ਼ ਹੀ ਭੁਲ ਚੁੱਕੇ ਸਨ। ਆਪਣੀ ਅੱਖੀਂ ਹਾਕਮਾਂ ਨੂੰ ਰੰਗ-ਰਲੀਆਂ ਮਨਾਂਦੇ ਦੇਖ ਆਪ ਜੀ ਨੇ ਉਥੇ ਹੀ ਭਵਿਖ-ਬਾਣੀ ਕਰ ਦਿੱਤੀ ਕਿ ਐਸਾ ਰਾਜ ਢੱਠਾ ਕਿ ਢੱਠਾ ਜਿਸ ਵਿਚ "ਸਾਹਾ ਸੁਰਤਿ ਗਵਾਇਐ ਰੰਗ ਤਮਾਸੇ ਚਾਇ" ਹੈ। ਗੁਰੂ ਜੀ ਕਾਬਲ ਕੰਧਾਰ ਦੇਖ ਆਏ ਸਨ ਕਿ ਖੁਰਾਸਾਨ ਤੋਂ ਬਾਬਰ ਕਿਵੇਂ ਹਿੰਦੁਸਤਾਨ ਤੇ ਧਾਈ ਕਰਨ ਆ ਰਿਹਾ ਹੈ। ਉਹਨਾਂ ਅਨੁਭਵ ਕੀਤਾ ਕਿ ਹੁਣ ਲਾਲੋ ਰੂਪੀ ਜਨਤਾ ਨੂੰ ਹੀ ਉਠਾਉਣ ਦੀ ਲੋੜ ਹੈ। ਉਹਨਾਂ ਫ਼ਰਮਾਇਆ, "ਹੇ ਭਾਈ ਲਾਲੋ! ਮੈਨੂੰ ਜਿਹੋ ਜਿਹੀ ਖ਼ਸਮ ਪ੍ਰਭੂ ਵਲੋਂ ਪ੍ਰੇਰਨਾ ਹੋਈ ਹੈ, ਉਸ

ਅਨੁਸਾਰ ਮੈਂ ਤੈਨੂੰ ਦੱਸਦਾ ਹਾਂ। ਕਾਬਲ ਤੋਂ ਬਾਬਰ ਪਾਪ-ਜ਼ੁਲਮ ਦੀ ਜੰਞ ਇਕੱਠੀ ਕਰਕੇ ਚੜ੍ਹਿਆ ਹੈ ਤੇ ਜ਼ੋਰ-ਧੱਕੇ ਨਾਲ ਹਿੰਦੀ ਹਕੂਮਤ ਰੂਪ ਕੰਨਿਆ ਦਾ ਦਾਨ ਮੰਗ ਰਿਹਾ ਹੈ :

**"ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ।**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ।**
**ਸਰਮੁ ਧਰਮੁ ਦੋਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ।"** (ਪੰਨਾ ੭੨੨)

ਫਿਰ ਮਹਾਰਾਜ ਨੇ ਫ਼ਰਮਾਇਆ ਕਿ ਭਾਈ ਲਾਲੋ ਮਨੁੱਖਾਂ ਦੇ ਸਰੀਰ ਦੇ ਟੋਟੇ ਗਲੀਆਂ ਵਿਚ ਰੁਲਣਗੇ ਅਤੇ ਇਕ ਐਸਾ ਭਿਆਨਕ ਸਾਕਾ ਹੋਵੇਗਾ, ਜਿਸ ਨੂੰ ਹਿੰਦੁਸਤਾਨ ਕਦੇ ਭੁਲਾ ਨਹੀਂ ਸਕੇਗਾ। ਮੁਗ਼ਲ ਅੱਜ ਸੰਮਤ ਅਠੱਤਰ ਵਿਚ ਆਏ ਹਨ, ਕਲ੍ਹ ਸਤਾਨਵੇਂ ਵਿਚ ਚਲੇ ਜਾਣਗੇ। ਭਾਵ ਰਾਜ ਕਿਸੇ ਦਾ ਹੋਵੇ, ਥੋੜ੍ਹ-ਚਿਰਾ ਹੀ ਹੁੰਦਾ ਹੈ। ਹਰ ਸਮੇਂ ਜ਼ੁਲਮ ਹੁੰਦਾ ਦੇਖ ਕੋਈ ਨਾ ਕੋਈ ਸੂਰਮਾ ਉੱਠ ਵੀ ਖਲੋਂਦਾ ਹੈ ਪਰ ਹਰ ਸਮੇਂ ਵਾਹਿਗੁਰੂ ਨੂੰ ਚੇਤੇ ਰੱਖਣ ਵਾਲਿਆਂ ਨੂੰ ਇਹ ਦੁੱਖ ਨਹੀਂ ਵਾਪਰਦੇ :

**ਕਾਇਆ ਕਪੜੁ ਟੁਕ ਟੁਕ ਹੋਸੀ, ਹਿੰਦੁਸਤਾਨੁ ਸਮਾਲਸੀ ਬੋਲਾ।**
**ਆਵਨਿ ਅਠਤਰੈ ਜਾਨਿ ਸਤਾਨਵੈ, ਹੋਰ ਭੀ ਉਠਸੀ ਮਰਦ ਕਾ ਚੇਲਾ।**
**ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ।**

(ਤਿਲੰਗ ਮਹਲਾ ੧)

ਇਹ ਸਚੁ ਇਸੇ ਤਰ੍ਹਾਂ ਵਰਤਿਆ। ਸ਼ਹਿਜ਼ਾਦਿਆਂ ਦੀਆਂ ਲਾਸ਼ਾਂ ਰੁਲੀਆਂ ਤੇ ਹਿੰਦੁਸਤਾਨ ਦੀ ਅਣਖ ਮਿੱਟੀ ਵਿਚ ਮਿਲਾਈ ਗਈ। ਬਾਬਰ ਨੇ ਐਮਨਾਬਾਦ ਦੇ ਸਾਰੇ ਵਸਨੀਕਾਂ ਨੂੰ ਬੰਦੀ ਵਿਚ ਪਾਇਆ। ਬਾਕੀ ਸਾਰੇ ਤਾਂ ਭੁੱਬਾਂ ਮਾਰ ਰੋ ਰਹੇ ਸਨ, ਪਰ ਬਾਬਾ ਜੀ, ਮਰਦਾਨਾ ਜੀ ਤੇ ਭਾਈ ਲਾਲੋ ਜੀ ਸ਼ੁਕਰ ਦੇ ਗੀਤ ਗਾ ਰਹੇ ਸਨ ਅਤੇ ਬਾਕੀਆਂ ਨੂੰ ਧੀਰਜ ਦੇ ਰਹੇ ਸਨ ਕਿ ਇਹ ਸਭ ਸਜ਼ਾ ਦੇਸ਼ ਨੂੰ ਆਪਣੀ ਅਣਗਹਿਲੀ ਕਰ ਕੇ ਮਿਲੀ ਹੈ ਕਿਸੇ ਦਾ ਦੋਸ਼ ਨਹੀਂ। ਪੁਰਾਤਨ ਜਨਮ ਸਾਖੀ ਵਾਲਾ ਲਿਖਦਾ ਹੈ ਕਿ ਸ਼ੁਕਰ ਦੇ ਗੀਤ ਗਾਂਦਾ ਸੁਣ ਬਾਬਰ ਆਪੂੰ ਟੁਰ ਕੇ ਆਇਆ। ਗੁਰੂ ਨਾਨਕ ਜੀ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ। ਪਰ ਬਾਬਾ ਜੀ ਨੇ ਉਸ ਵੇਲੇ ਤੱਕ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ ਜਦ ਤਕ ਸਾਰੇ ਬੰਦੀਆਂ ਦੀ ਬੰਦ-ਖਲਾਸੀ ਨਹੀਂ ਕੀਤੀ ਜਾਂਦੀ। ਬਾਬਰ ਨੇ ਸਭ ਨੂੰ ਰਿਹਾਈ ਦਿੱਤੀ ਤੇ ਕਿਹਾ : *"ਨਾਨਕ ਵਿਚੋਂ ਖ਼ੁਦਾ ਦਾ ਦੀਦਾਰ ਹੁੰਦਾ ਹੈ।"*

ਗੁਰੂ ਜੀ ਨੇ ਇਹ ਵੀ ਕਿਹਾ ਕਿ ਜਦ ਹਾਕਮ ਇਨਸਾਫ਼ ਨਹੀਂ ਕਰਦਾ ਤੇ ਅਦਾਲਤਾਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਹਨ ਤਾਂ ਰਾਜ ਬਦਲ ਜਾਂਦੇ ਹਨ :

**ਜਬ ਛੂਟੈ ਅਦਾਲਤ, ਹੋਇ ਬਿਅਦਲ।**
**ਜਬ ਛੂਟੈ ਨਿਆਓ, ਰਾਜ ਹੋਇ ਬਦਲ।**

ਜਦ ਭਾਈ ਲਾਲੋ ਨੇ ਪੰਥ ਦੇ ਭਵਿਖ ਬਾਰੇ ਪੁੱਛਿਆ ਤਾਂ ਗੁਰੂ ਨਾਨਕ ਜੀ ਨੇ ਫ਼ਰਮਾਇਆ, *"ਜੇ ਆਪਸ ਵਿਚ ਇਤਫ਼ਾਕ ਕਰਨਗੇ, ਤਾਂ ਹੋਰਨਾਂ ਵਲਾਇਤਾਂ ਦਾ ਵੀ ਰਾਜ ਮਾਲ ਲਵਨਗੇ, ਜੇ ਆਪਸ ਮੇਂ ਵਿਰੋਧ ਕਰਨਗੇ ਤਾਂ ਹਿੰਦੁਸਤਾਨ ਵਿਚ ਹੀ ਪਏ ਦੁੱਖ ਪਾਵਨਗੇ।"*

ਭਾਈ ਲਾਲੋ ਜੀ ਨੂੰ ਮੰਜੀ ਦੇ ਕੇ ਗੁਰੂ ਨਾਨਕ ਜੀ ਕਰਤਾਰਪੁਰ ਚਲੇ ਗਏ। ਪਿੱਛੋਂ ਭਾਈ


www.sikhbookclub.com

ਲਾਲੋ ਜੀ ਦੇ ਪ੍ਰਚਾਰ ਸਦਕਾ ਲੋਕਾਂ ਵਿਚ ਜਾਗ੍ਰਿਤੀ ਆਈ ਤੇ ਉਹ ਥਾਂ ਧਰਮਸਾਲ ਬਣੀ ਜਿਥੇ ਗੁਰੂ ਨਾਨਕ ਜੀ ਨੇ ਮਨੁੱਖਤਾ ਦੀ ਬਰਾਬਰੀ ਦੇ ਲੇਖ ਲਿਖੇ ਸਨ।

ਭਾਈ ਲਾਲੋ ਜੀ ਸੱਚੇ, ਸੁੱਚੇ, ਸੰਤੋਖੀ, ਮਿਹਨਤੀ ਤੇ ਵੰਡ ਛਕਣ ਦੇ ਸੁਭਾਅ ਵਾਲੇ ਸਨ। ਉਨ੍ਹਾਂ ਦੀ ਘਰ ਵਾਲੀ ਵੀ ਆਏ ਗਏ ਦੀ ਸੇਵਾ ਕਰ ਕੇ ਖ਼ੁਸ਼ੀ ਲੈਂਦੀ ਸੀ ਅਤੇ ਪਤੀ ਸੇਵਾ ਵਿਚ ਪ੍ਰਸੰਨ ਰਹਿੰਦੀ ਸੀ। ਮਹਿਮਾ ਪ੍ਰਕਾਸ਼ ਦੇ ਲਿਖਾਰੀ ਅਨੁਸਾਰ :

**"ਲਾਲੋ ਸਾਧ ਬੜਾ ਸੰਤੋਖੀ।**
**ਕਰ ਧਰਮ ਮਜੂਰੀ ਕਾਇਆ ਪੋਖੀ।**
**ਤ੍ਰਿਆ ਤਾਕੀ ਬੜੀ ਸੁਜਾਨ।**
**ਭਰਤਾ ਕੋ ਜਾਨੇ ਭਗਵਾਨ।"**

ਭਾਈ ਲਾਲੋ ਜੀ ਦੀ ਇਕੋ ਇਕ ਪੁੱਤਰੀ ਸੀ ਜਿਸ ਦੀ ਔਲਾਦ ਪਿੰਡ ਤਤਲਾ ਵਿਚ ਹੁਣ ਵੀ ਰਹਿੰਦੀ ਹੈ।

SIKHBOOKCLUB.COM

## ੫

# ਨਵਾਬ ਦੌਲਤ ਖ਼ਾਨ ਲੋਧੀ

ਭਾਈ ਗੁਰਦਾਸ ਜੀ ਦੇ ਸਾਡੇ ਉੱਤੇ ਕਿਤਨੇ ਹੀ ਪਰਉਪਕਾਰ ਹਨ। ਸਭ ਤੋਂ ਵੱਡਾ ਪਰਉਪਕਾਰ ਹੈ, ਸਾਹਿਬ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਆਦਿ (ਗੁਰੂ) ਗ੍ਰੰਥ ਸਾਹਿਬ ਦੀ ਬੀੜ ਨੂੰ ਲਿਖਣਾ ਤੇ ਬੰਨ੍ਹਣਾ। ਫਿਰ, ਉਨ੍ਹਾਂ ਨੇ ਵਾਰਾਂ ਰੂਪ ਚਾਬੀ ਲਿਖ ਕੇ ਸਾਨੂੰ ਬਖ਼ਸ਼ੀ ਤਾਂਕਿ ਅਸੀਂ ਜੰਦਰਾ ਰੂਪ ਬਾਣੀ ਨੂੰ ਸਹਿਜੇ ਖੋਲ੍ਹ ਸਕੀਏ। ਭਾਈ ਗੁਰਦਾਸ ਜੀ ਦਾ ਇਕ ਹੋਰ ਪਰਉਪਕਾਰ ਹੈ ਕਿ ਉਨ੍ਹਾਂ ਗੁਰ-ਇਤਿਹਾਸ ਨੂੰ ਜਿਵੇਂ ਪੜ੍ਹਿਆ, ਸੁਣਿਆ, ਵੀਚਾਰਿਆ ਤੇ ਘੋਖਿਆ ਉਸ ਨੂੰ ਰਬਾਬੀ ਬਣ ਵਾਰਾਂ ਰਾਹੀਂ ਸੁਣਾਇਆ। ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਸਬੰਧੀ ਸਭ ਤੋਂ ਮੂਲਕ ਰਚਨਾ ਜੇ ਕੋਈ ਜਨਮ ਸਾਖੀ ਤੋਂ ਪਹਿਲਾਂ ਆਖੀ ਜਾ ਸਕਦੀ ਹੈ ਤਾਂ ਉਹ ਉਨ੍ਹਾਂ ਦੀ ਪਹਿਲੀ 'ਵਾਰ' ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਛੇ ਗੁਰੂ ਸਾਹਿਬਾਨ ਦੀਆਂ ਸ਼ਖ਼ਸੀਅਤਾਂ ਦੇ ਪ੍ਰਤਿਭਾਵਾਂ ਨੂੰ ਵੀ ਵਾਰਾਂ ਰਾਹੀਂ ਦਰਸਾ ਕੇ ਸਾਡੇ ਉੱਤੇ ਇਕ ਹੋਰ ਪਰਉਪਕਾਰ ਕੀਤਾ। ਅਸੀਂ ਸਾਰੇ ਉਨ੍ਹਾਂ ਦੇ ਸਦਾ ਰਿਣੀ ਹਾਂ ਕਿ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਜੀ ਤੱਕ ਹੋਏ ੩੧੯ ਸਿੱਖਾਂ ਦੇ ਗੁਣ, ਕਰਮਾਂ, ਸੁਭਾਵਾਂ ਨੂੰ ਗਿਆਰਵੀਂ ਵਾਰ ਵਿਚ ਲਿਖ ਕੇ ਸਾਡੇ ਲਈ ਇਕ ਉਹ ਖ਼ਜ਼ਾਨਾ ਛੱਡਿਆ, ਜਿਸ ਨੂੰ ਦੇਖ ਕੇ ਹੀ ਅਸੀਂ ਨੌਂ ਨਿਧਾਂ ਵਾਲੇ ਹੋ ਜਾਂਦੇ ਹਾਂ।

ਉਂਜ ਬਾਬੇ ਨੇ ਭਾਈ ਗੁਰਦਾਸ ਜੀ ਦੇ ਆਪਣੇ ਹੀ ਕਥਨ ਅਨੁਸਾਰ 'ਤਾਰੇ ਚਾਰ ਚੱਕ' ਅਤੇ 'ਨੌਂ ਖੰਡ ਪ੍ਰਿਥਮੀ' ਵਿਚ ਸੱਚ ਨੂੰ ਦ੍ਰਿੜ੍ਹਾਇਆ ਪਰ ਗਿਆਰ੍ਹਵੀਂ ਵਾਰ ਵਿਚ ਉਨ੍ਹਾਂ ਗੁਰੂ ਨਾਨਕ ਜੀ ਦੇ ਸਿੱਖਾਂ ਵਿਚ ਕੇਵਲ ੨੦ ਸਿੱਖਾਂ ਦਾ ਉਲੇਖ ਕੀਤਾ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਭਾਈ ਸਾਹਿਬ ਚੋਣਵੇਂ ਸਿੱਖਾਂ ਵਿਚ ਕੁਝ ਕੁ ਦੇ ਵੱਖ-ਵੱਖ ਗੁਣਾਂ ਦਾ ਗੁਲਦਸਤਾ ਬਣਾ ਕੇ ਪੇਸ਼ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਦੇ ਖਿੜੇ ਗੁਲਜ਼ਾਰ ਵਿਚੋਂ ਉਨ੍ਹਾਂ ਉਹ ਹੀ ਫੁੱਲ ਚੁਣੇ ਜਿਨ੍ਹਾਂ ਦੀ ਮਹਿਕ ਨਿਵੇਕਲੀ ਤੇ ਦਿੱਖ ਨਿਰਾਲੀ ਸੀ। ਜੇ ਇਕ ਪਾਸੇ ਭਾਈ ਮਰਦਾਨਾ ਜੀ ਦਾ ਸੁੰਦਰ ਰਬਾਬ ਵਜਾਉਣ ਕਰ ਕੇ ਜ਼ਿਕਰ ਹੈ ਤਾਂ ਦੂਜੇ ਪਾਸੇ ਸੁਲਤਾਨਪੁਰ ਦੇ ਨਵਾਬ ਦਾ ਵਰਣਨ ਹੈ, ਜਿਸ ਨੇ ਹਲੀਮੀ ਤੇ ਮਿਠਾਸ ਨੂੰ ਆਪਣੇ ਹਿਰਦੇ ਵਿਚ ਥਾਂ ਦਿੱਤੀ :

**ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।**
**ਦਉਲਤ ਖਾਂ ਲੋਧੀ, ਭਲਾ ਹੋਆ ਜਿੰਦ ਪੀਰ ਅਬਿਨਾਸੀ। ੧੩॥ ੧੧॥**

ਦੌਲਤ ਖਾਂ ਲੋਧੀ ਪੰਜਾਬ ਤੇ ਹਿੰਦੁਸਤਾਨ ਦੇ ਇਤਿਹਾਸ ਵਿਚ ਇਕ ਪ੍ਰਸਿੱਧ


www.sikhbookclub.com

ਇਤਿਹਾਸਕ ਵਿਅਕਤੀ ਹੈ ਜਿਸ ਦੀ ਸੁਲਤਾਨਪੁਰ ਆਪਣੀ ਜਗੀਰ ਸੀ, ਲਾਹੌਰ ਦਾ ਨਵਾਬ ਸੀ, ਸਿਕੰਦਰ ਲੋਧੀ ਦਾ ਚਾਚੇ ਦਾ ਪੁੱਤ ਭਰਾ ਸੀ ਤੇ ਇਬਰਾਹੀਮ ਲੋਧੀ ਦਾ ਚਾਚਾ। ਪਹਿਲਾਂ ਉਹ ਖਵਾਜਾ ਖਿਜ਼ਰ ਦਾ ਮੁਰੀਦ ਸੀ ਪਰ ਗੁਰੂ ਨਾਨਕ ਦੇਵ ਜੀ ਦੀ ਛੁਹ ਪ੍ਰਾਪਤ ਕਰ ਕੇ 'ਏਕ ਅਲਾਹ' ਦਾ ਉਪਾਸ਼ਕ ਬਣਿਆ। ਇਸੇ ਦੌਲਤ ਖ਼ਾਂ ਨੇ ਇਬਰਾਹੀਮ ਲੋਧੀ ਨਾਲ ਇਸ ਲਈ ਮੱਥਾ ਲਾਇਆ ਕਿ ਉਹ ਨਿੱਤ ਨਵੇਂ ਚੜ੍ਹਦੇ ਸੂਰਜ ਦਿੱਲੀ ਵਿਚ ਜਮਨਾ ਕਿਨਾਰੇ ਲਾਸ਼ਾਂ ਦਾ ਢੇਰ ਲਾਂਦਾ ਸੀ। ਅਤਿ ਉਸ ਸਮੇਂ ਹੋਈ ਜਦ ਉਸ ਮੀਆਂ ਬੂਆ ਵਰਗੇ ਵਿਦਵਾਨ ਨੂੰ ਸਿਰਫ਼ ਇਸ ਕਰਕੇ ਕਤਲ ਕਰ ਦਿੱਤਾ ਕਿ ਉਹ ਸੰਸਕ੍ਰਿਤ ਦਾ ਮਹਾਨ ਵਿਦਵਾਨ ਕਿਉਂ ਸੀ? ਮੀਆਂ ਬੂਆ ਨੇ ਹੀ ਮਹਾਂਵੈਦਕ ਗ੍ਰੰਥ ਨੂੰ ਫ਼ਾਰਸੀ ਅੱਖਰਾਂ ਵਿਚ ਕਰ ਕੇ ਤਿੱਬੇ-ਏ-ਸਕੰਦਰੀ ਦਾ ਨਾਮ ਦਿੱਤਾ ਸੀ। ਕਈ ਸਰਦਾਰ ਉਸ ਨੇ ਬੇਦੋਸ਼ੇ ਹੀ ਕਤਲ ਕਰ ਦਿੱਤੇ ਸਨ ਤੇ ਆਪਣੇ ਆਪ ਨੂੰ ਅੱਲਾਹ ਦਾ ਭੇਜਿਆ ਪੈਗੰਬਰ ਕਹਿੰਦਾ ਸੀ। ਆਪਣੇ ਪੁੱਤਰ ਗ਼ਾਜ਼ੀ ਖ਼ਾਨ ਕੋਲੋਂ ਅੱਖੀਂ ਡਿੱਠੇ ਹਾਲ ਸੁਣ ਕੇ ਹੀ ਦੌਲਤ ਖ਼ਾਨ ਨੇ ਬਾਬਰ ਨੂੰ ਹਿੰਦੁਸਤਾਨ ਉੱਤੇ ਹਮਲਾ ਕਰਨ ਲਈ ਲਿਖਿਆ ਸੀ। ਜਦ ਬਾਬਰ ਨੇ ਵੀ ਕਤਲੇਆਮ ਦਾ ਹੀ ਰਾਹ ਅਪਣਾਇਆ ਤਾਂ ਦੌਲਤ ਖ਼ਾਨ ੪੦ ਹਜ਼ਾਰ ਫ਼ੌਜ ਲੈ ਕੇ ਉਸ ਦੇ ਟਾਕਰੇ ਤੇ ਗਿਆ ਪਰ ਹੁਣ ਇਤਨੀ ਦੇਰ ਹੋ ਚੁੱਕੀ ਸੀ ਕਿ ਅੰਤ ਵਿਚ ੧੫੨੬ ਈ: ਨੂੰ ਦੌਲਤ ਖ਼ਾਨ ਆਪਣੀ ਜਾਨ ਵੀ ਗਵਾ ਬੈਠਾ। ਲੇਨਪੂਲ ਨੇ ਲਿਖਿਆ ਹੈ ਕਿ ਦੌਲਤ ਖ਼ਾਨ ਨੂੰ ਬਾਬਰ ਸਾਮ੍ਹਣੇ ਪਕੜ ਕੇ ਪੇਸ਼ ਕੀਤਾ ਗਿਆ। ਬਾਬਰ ਨੇ ਮੁਆਫ਼ੀ ਦਿੱਤੀ ਅਤੇ ਖਵਾਜਾ ਮੀਰ-ਇ-ਮੀਰਾਂ ਦੀ ਹਿਰਾਸਤ ਵਿਚ ਰੱਖਿਆ ਗਿਆ। ਉਹ ਸੁਲਤਾਨਪੁਰ ਮੁੜ ਰਿਹਾ ਸੀ ਕਿ ਉਸ ਦਾ ਦਿਹਾਂਤ ਹੋ ਗਿਆ। ਬਾਬਰ-ਨਾਮਾ ਵਿਚ ਬਾਬਰ ਸਾਮ੍ਹਣੇ ਪੇਸ਼ ਕੀਤੇ ਜਾਣ ਦੀ ਵਾਰਤਾ ਵਿਸਥਾਰ ਨਾਲ ਲਿਖੀ ਹੈ। ਬਾਬਰ ਲਿਖਦਾ ਹੈ, ਮੈਂ ਉਸ ਨੂੰ ਆਪਣੇ ਸਾਹਮਣੇ ਬਿਠਾਇਆ ਤੇ ਇਕ ਅਹਿਲਕਾਰ ਜਿਸ ਨੂੰ ਹਿੰਦੁਸਤਾਨੀ ਚੰਗੀ ਆਉਂਦੀ ਸੀ, ਆਪਣੀ ਗੱਲ ਸਿੱਧੀ ਪੁਚਾਣ ਲਈ ਨਿਯਤ ਕੀਤਾ। ਮੈਂ ਕਿਹਾ, "ਇਹ ਮੈਨੂੰ ਦੱਸ, ਮੈਂ ਤੈਨੂੰ ਅੱਬਾ ਕਹਿੰਦਾ ਸਾਂ। ਤੇਰੇ ਆਖਣ ਤੋਂ ਵੱਧ ਇੱਜ਼ਤ ਤੇ ਸਨਮਾਨ ਦੇਂਦਾ ਰਿਹਾ। ਬਲੋਚਾਂ ਹੱਥੋਂ ਘਰ-ਘਰ ਜਾ ਕੇ ਤੇਰੇ ਬੱਚੇ ਬਚਾਏ। ਇਬਰਾਹੀਮ ਲੋਧੀ ਦੇ ਕੈਦਖ਼ਾਨੇ ਤੋਂ ਤੇਰਾ ਟੱਬਰ ਤੇ ਬੇਗ਼ਮਾਂ ਬਚਾ ਕੇ ਲਿਆਂਦੀਆਂ। ਤਿੰਨ ਕਰੋੜ ਰੁਪਿਆ ਹੋਰ ਤਾਤਾਰ ਖ਼ਾਨ ਦੀ ਜ਼ਮੀਨ ਵੱਟੇ ਦਿੱਤਾ। ਮੈਂ ਤੈਨੂੰ ਐਸਾ ਕੀ ਕਿਹਾ ਸੀ ਕਿ ਤੂੰ ਐਸਾ ਕੀਤਾ? ਤਲਵਾਰਾਂ ਘੁਮਾਣੀਆਂ ਆਰੰਭ ਕੀਤੀਆਂ, ਹਮਲਾ ਕੀਤਾ ਅਤੇ ਝਗੜਾ ਛੇੜ ਦਿੱਤਾ।" ਇਸ ਦਾ ਜੁਆਬ ਦੌਲਤ ਖ਼ਾਨ ਪਾਸ ਹੈ ਸੀ ਪਰ ਉਸ ਦੇਣਾ ਮੁਨਾਸਬ ਨਾ ਸਮਝਿਆ। ਜਦ ਦੌਲਤ ਖ਼ਾਨ ਨੇ ਦੇਖ ਲਿਆ ਕਿ ਬਾਬਰ (ਮੁਗ਼ਲ) ਹਿੰਦ ਤੇ ਪੱਕਾ ਕਬਜ਼ਾ ਕਰਨ ਲਈ ਆ ਰਿਹਾ ਹੈ ਤਾਂ ਉਸ ਪਾਸਾ ਮੋੜ ਲਿਆ। ਪਰ ਕੁਝ ਵੀ ਹੋਵੇ ਗੁਰੂ ਨਾਨਕ ਦੇਵ ਜੀ ਪਾਸ ਉਸ ਦਾ ਗੁਜ਼ਰਿਆ ਸਮਾਂ ਉਸ ਦੀ ਜ਼ਿੰਦਗੀ ਦੀ ਨਾ ਭੁੱਲਣ ਵਾਲੀ ਵਾਰਤਾ ਹੈ।

ਸੁਲਤਾਨਪੁਰ ਦਾ ਪਹਿਲਾ ਨਾਮ ਸਰਬਮਾਨਪੁਰ ਕਿਹਾ ਜਾਂਦਾ ਹੈ। ਰਿਗਵੇਦ ਵਿਚ ਇਸ ਦਾ ਜ਼ਿਕਰ ਆਉਂਦਾ ਹੈ। ਸੁਲਤਾਨਪੁਰ ਬੋਧੀਆਂ ਦਾ ਵੀ ਕੇਂਦਰ ਰਿਹਾ ਹੈ। ਪ੍ਰਸਿੱਧ ਚੀਨੀ ਯਾਤਰੀ ਯੂਆਂਗ-ਚੁਆਂਗ ਵੀ ਇਥੇ ਆਇਆ ਲੱਗਦਾ ਹੈ। ਉਸ ਸਮੇਂ ਸੁਲਤਾਨਪੁਰ ਦਾ ਨਾਂ ਤਮਸਾਵਨ ਸੀ। ਮਹਿਮੂਦ ਗ਼ਜ਼ਨਵੀ ਨੇ ਇਸ ਨੂੰ ਉਜਾੜ ਕੇ ਰੱਖ ਦਿੱਤਾ ਪਰ ਉਸੇ ਦੇ ਇਕ ਜਰਨੈਲ ਸੁਲਤਾਨ ਲੋਧੀ ਨੇ ਇਸ ਨੂੰ ਮੁੜ ਵਸਾਇਆ। ਦੌਲਤ ਖ਼ਾਨ ਲੋਧੀ ਦੇ ਇਥੇ ਟਿਕਣ ਨਾਲ ਇਸ ਨੂੰ ਵਪਾਰਕ, ਧਾਰਮਕ, ਸਿਆਸੀ ਅਤੇ ਵਿੱਦਿਅਕ ਮਹੱਤਤਾ ਮਿਲੀ।

ਆਇਨ-ਇ-ਅਕਬਰੀ ਨੇ ਇਸ ਨੂੰ ਉੱਘਾ ਕਰ ਕੇ ਲਿਖਿਆ ਹੈ, ਨਾਦਰ ਸ਼ਾਹ ਨੇ ਇਸ ਨੂੰ ਖ਼ੂਬ ਲੁੱਟਿਆ ਹੈ, ਅਬਦਾਲੀ ਦੇ ਹੱਲੇ ਵੀ ਇਸ ਤੇ ਹੋਏ ਹਨ ਪਰ ਇਸ ਦੀ ਇਤਿਹਾਸਕ ਮਹੱਤਤਾ ਉਸੇ ਤਰ੍ਹਾਂ ਹੀ ਰਹੀ। ਇਕ ਵਾਰ ਗੁਰੂ ਨਾਨਕ ਦੀ ਛੁਹ ਜੁ ਪ੍ਰਾਪਤ ਕਰ ਚੁੱਕਾ ਸੀ। ਸੁਲਤਾਨਪੁਰ ਨੂੰ 'ਪੀਰਾਂ ਪੁਰੀ' ਅਤੇ 'ਛੀਟਾਂ ਵਾਲੀ' ਕਰ ਕੇ ਵੀ ਜਾਣਿਆ ਜਾਂਦਾ ਹੈ। ਵੇਈਂ ਤੋਂ ਪਾਰ ਖਜੂਰਾਂ ਦੇ ਦਰੱਖਤਾਂ ਦੇ ਝੁੰਡਾਂ ਦੀ ਹੋਂਦ ਇਹ ਸਿੱਧ ਕਰਦੀ ਹੈ ਕਿ ਤੁਰਕਾਣੀ ਫ਼ੌਜਾਂ ਉਥੇ ਛਾਉਣੀ ਪਾ ਟਿਕਦੀਆਂ ਸਨ।ਮਹਿਮੂਦ ਗ਼ਜ਼ਨਵੀ ਦੇ ਇਕ ਫ਼ੌਜਦਾਰ ਸੁਲਤਾਨ ਖ਼ਾਨ ਲੋਧੀ ਨੇ ਇਸ ਸ਼ਹਿਰ ਨੂੰ ਵਸਾਇਆ ਸੀ ਤੇ ਉਸੇ ਦੀ ਸੰਤਾਨ ਦੇ ਇਕ ਜੀਅ ਦੌਲਤ ਖ਼ਾਨ ਲੋਧੀ ਨੇ ਪੰਦਰ੍ਹਵੀਂ ਸਦੀ ਦੇ ਆਰੰਭ ਵਿਚ ਦਿੱਲੀ ਉੱਤੇ ਕੁਝ ਚਿਰ ਲਈ ਰਾਜ ਕੀਤਾ ਸੀ ਪਰ ਖ਼ਿਜ਼ਰ ਖ਼ਾਨ ਨੇ ੧੪੧੪ ਈ: ਵਿਚ ਦਿੱਲੀ ਉੱਤੇ ਕਬਜ਼ਾ ਕਰ ਲਿਆ ਤੇ ਦੌਲਤ ਖ਼ਾਨ ਨੂੰ ਹਿਸਾਰ ਫਿਰੋਜ਼ਾ ਭੇਜ ਦਿੱਤਾ ਗਿਆ। ਖ਼ਿਜ਼ਰ ਖ਼ਾਨ ਬਾਰੇ ਇਹ ਪ੍ਰਸਿੱਧ ਹੈ ਕਿ ਉਹ ਹਜ਼ਰਤ ਮੁਹੰਮਦ ਸਾਹਿਬ ਦੀ ਸੰਤਾਨ ਵਿਚੋਂ ਸੀ। ਖਿਜ਼ਰ ਖ਼ਾਨ ਨੇ ਉਮਰਬੇਗ ਨੂੰ ਸੁਲਤਾਨਪੁਰ ਜਾਗੀਰ ਵਿਚ ਦਿੱਤਾ। ਉਮਰਬੇਗ ਦੇ ਮਰਨ ਪਿੱਛੋਂ ਖ਼ਾਨ-ਇ-ਆਜ਼ਮ ਸੈਦ ਖ਼ਾਨ ਸ਼ੇਰਵਾਨੀ ਲਾਹੌਰ ਦੀ ਸਰਕਾਰ ਦਾ ਨਵਾਬ ਬਣਿਆ ਪਰ ਸਿਕੰਦਰ ਲੋਧੀ ਨੂੰ ਸ਼ੱਕ ਪਿਆ ਕਿ ਉਹ ਸਾਜ਼ਿਸ਼ਾਂ ਕਰ ਰਿਹਾ ਹੈ, ਇਸ ਲਈ ਹਟਾ ਦਿੱਤਾ ਗਿਆ। ਉਸ ਸਮੇਂ ਤਾਤਾਰ ਖ਼ਾਨ ਯੂਸਫ਼ ਖੈਲ ਲੋਧੀ ਦੇ ਪੁੱਤਰ ਦੌਲਤ ਖ਼ਾਨ ਲੋਧੀ ਨੂੰ ਲਾਹੌਰ ਦਾ ਗਵਰਨਰ ਥਾਪਿਆ ਗਿਆ। ਇਹ ਵਾਰਤਾ ੧੪੯੯ ਈ: ਦੀ ਹੈ। ਦੌਲਤ ਖ਼ਾਨ ਉਸ ਵੇਲੇ ੪੪ ਸਾਲਾਂ ਦਾ ਸੀ। ਦੌਲਤ ਖ਼ਾਨ ਆਪਣੀ ਜਾਗੀਰ ਵਿਚ ਹੀ ਵਧਿਆ ਫੁਲਿਆ। ਇਕ ਦਿੱਲੀ ਦਾ ਬਾਦਸ਼ਾਹ ਹੋਣ ਕਾਰਨ, ਦੂਜੇ ਹਜ਼ਰਤ ਮੁਹੰਮਦ ਦੀ ਸੰਤਾਨ ਵਿਚੋਂ ਹੋਣ ਕਰ ਕੇ ਤੇ ਤੀਜੇ ਉਸ ਨੇ ਜਾਗੀਰ ਬਖ਼ਸ਼ੀ ਸੀ, ਦੌਲਤ ਖ਼ਾਨ ਖਿਜ਼ਰ ਖ਼ਾਨ ਦਾ ਹੀ ਉਪਾਸ਼ਕ ਤੇ ਮੁਰੀਦ ਬਣ ਗਿਆ ਖਿਜ਼ਰ ਤੋਂ ਸਭ ਸੂਫੀ ਫ਼ਕੀਰ ਪ੍ਰੇਰਨਾ ਲੈਂਦੇ ਹਨ। ਹਾਫ਼ਿਜ਼ ਤੇ ਰੂਮੀ ਵਰਗੇ ਸੂਫੀ ਵੀ ਖਿਜ਼ਰ ਨੂੰ 'ਜ਼ਿੰਦਾ ਪੀਰ' ਮੰਨਦੇ ਹਨ ਅਤੇ ਇਹ ਖ਼ਿਆਲ ਕਰਦੇ ਹਨ ਕਿ 'ਉਹ ਦੁੱਖਾਂ ਵਿਚ ਬੰਦਗੀ ਕਰਨ ਵਾਲਿਆਂ ਦੀ ਰੱਖਿਆ ਕਰਦਾ ਹੈ। ਖਿਜ਼ਰ ਆਪੂੰ ਅਮਰ ਹੋ ਗਿਆ ਹੈ ਅਤੇ ਧਰਤੀ ਤੇ ਸਮੁੰਦਰ ਵਿਚ ਰੱਖਿਆ ਕਰਦਾ ਹੈ। ਖਿਜ਼ਰ ਦਾ ਭਾਵ 'ਸਦਾ ਖਿੜੇ ਰਹਿਣਾ' ਹੈ।

ਜੁਆਨੀ ਵਿਚ ਹੀ ਦੌਲਤ ਖ਼ਾਨ ਨੇ ਧਰਮ ਦੇ ਰਾਹ ਨੂੰ ਅਪਣਾ ਲਿਆ। ਉਹ ਇਤਨਾ ਪਰਹੇਜ਼ਗਾਰ ਸੀ ਕਿ ਸ਼ਰਾਬ ਤੱਕ ਨੂੰ ਛੂੰਹਦਾ ਨਹੀਂ ਸੀ ਅਤੇ ਪੰਜ ਵਕਤ ਨਿਮਾਜ਼ ਗੁਜ਼ਾਰਦਾ ਸੀ। ਲੋਕ ਭਲਾਈ ਦੇ ਕੰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਸੀ। ਉਸ ਵਿਚ ਖ਼ਿਲਜੀਆਂ ਤੇ ਤੁਗ਼ਲਕਾਂ ਵਾਲੀ ਕੱਟੜਤਾ ਨਹੀਂ ਸੀ। ਰਿਜ਼ਕ-ਉਲਾ-ਮੁਸ਼ਤ਼ਕੀ ਨੇ ਵਾਕਆਤਿ ਮੁਸ਼ਤਿਕੀ ਵਿਚ ਵੀ ਲਿਖਿਆ ਹੈ ਕਿ ਦੌਲਤ ਖ਼ਾਨ ਆਪਣੇ ਉਦਾਰ-ਚਿਤ ਕਾਰਨ ਲੋਕਾਂ ਵਿਚ ਹਰਮਨ-ਪਿਆਰਾ ਸੀ। ਉਹ ਪ੍ਰਹੇਜ਼ਗਾਰ ਅਤੇ ਸ਼ਰ੍ਹਾ ਦਾ ਪਾਬੰਦ ਸੀ।ਆਪਣੇ ਮਹੱਲਾਂ ਵਿਚ ਉਸ ਇਕ ਸਿਲਾਖ ਕੁਰਸੀ ਤੇ ਲਗਾਈ ਹੋਈ ਸੀ, ਜਿਸ ਦੇ ਪਰਛਾਵੇਂ ਤੋਂ ਉਹ ਠੀਕ ਸਮਾਂ ਦੇਖਦਾ ਰਹਿੰਦਾ ਸੀ। ਚਾਕਰ ਸੂਰਜ ਦੇ ਵੱਧਦੇ ਢਲਦੇ ਪਰਛਾਵੇਂ ਤੋਂ ਹਿਸਾਬ ਲਗਾ ਕੇ ਦੌਲਤ ਖ਼ਾਨ ਨੂੰ ਦੱਸਦੇ ਸਨ ਤੇ ਉਹ ਨਮਾਜ਼ ਅਦਾ ਕਰਦਾ ਸੀ।ਆਪਣੀ ਸਾਰੀ ਵਲਾਇਤ ਵਿਚ ਉਸ ਨੇ ਸ਼ਰਾਬ, ਸੂਰ ਦੇ ਮਾਸ, ਜੂਆ ਤੇ ਬਦਕਾਰੀ ਦੀ ਸਖ਼ਤ ਮਨਾਹੀ ਕੀਤੀ ਹੋਈ ਸੀ। ਉਸ ਕਦੇ ਝੂਠ ਨਾ ਬੋਲਿਆ ਤੇ ਕਦੇ ਘਟੀਆ ਗੱਲ ਨਾ ਕੀਤੀ। *ਕੁਰਾਨ ਦਾ ਰੋਜ਼ ਪਾਠ ਕਰਦਾ ਸੀ ਅਤੇ ਸਫ਼ਾ ਪਰਤਾਉਣ ਵੇਲੇ ਗੁਲਾਬ ਦੇ ਪਾਣੀ ਨਾਲ ਉਂਗਲੀ ਭਗੋ ਲੈਂਦਾ ਸੀ।*

 www.sikhbookclub.com

ਜ਼ਕਾਤ ਬਾਕਾਇਦਾ ਦੇਂਦਾ ਸੀ। ਓਰੈਂਟਲ ਬਾਇਗ੍ਰਾਫ਼ੀਕਲ ਡਿਕਸ਼ਨਰੀ ਵਿਚ ਥਾਮਸ ਵਿਲਯਮ ਬੀਏਲ ਨੇ ਲਿਖਿਆ ਹੈ ਕਿ ਦੌਲਤ ਖ਼ਾਨ 'ਸ਼ਾਇਰ ਤੇ ਆਲਿਮ ਸੀ' (was a poet and man of learning)। ਜਦ ਸੰਨ ੧੫੦੪ ਵਿਚ ਲਾਹੌਰ ਦਾ ਨਵਾਬ ਤੇ ਫਿਰ ੧੫੧੭ ਵਿਚ ਮਾਲਕ ਬਣਿਆ ਤਾਂ ਲਾਹੌਰ ਵਿਚ ਕਈ ਲੋਕ ਭਲਾਈ ਦੇ ਕੰਮ ਉਸ ਕੀਤੇ। ਆਪਣੇ ਨਾਂ ਉੱਤੇ ਹੀ ਉਸ ਨੇ ਇਕ ਬਹੁਤ ਵੱਡੀ ਸਰਾਂ ਬਣਵਾਈ ਜਿਸ ਵਿਚ ਸੈਂਕੜੇ ਯਾਤਰੂਆਂ ਦੀ ਰਿਹਾਇਸ਼ ਦਾ ਪ੍ਰਬੰਧ ਸੀ। ਸਰਾਂ ਦੇ ਨੇੜੇ ਹੀ ਇਕ ਬਹੁਤ ਵੱਡਾ ਬਾਗ਼ ਵੀ ਲਗਵਾਇਆ। ਇਕ ਬਾਉਲੀ ਵੀ ਬਣਵਾਈ ਜਿੱਥੇ ਮਹਾਂਪੁਰਸ਼ ਖ਼ੁਦਾ ਦੀ ਇਬਾਦਤ ਕਰਦੇ ਸਨ। ਮੀਆਂ ਮੀਰ ਜੀ ਬਾਰੇ ਜ਼ਿਕਰ ਕਰਦੇ ਹੋਏ ਦਾਰਾ ਸ਼ਿਕੋਹ ਨੇ ਸਫ਼ੀਨਤਾ-ਏ-ਔਲਿਆ ਵਿਚ ਲਿਖਿਆ ਹੈ ਕਿ *ਦੌਲਤ ਖ਼ਾਨ ਨੇ ਲਾਹੌਰ ਵਿਚ ਇਕ ਨਵਾਂ ਮੁਹੱਲਾ ਆਪਣੇ ਨਾਂ ਦਾ ਉਸਾਰਿਆ ਜੋ ਅਸਲ ਵਿਚ ਪੂਰਾ ਸ਼ਹਿਰ ਹੀ ਸੀ।*

ਭਾਈ ਜੈ ਰਾਮ ਜੀ (ਗੁਰੂ ਨਾਨਕ ਜੀ ਦੇ ਭੈਣੂਜੇ) ਸੁਲਤਾਨਪੁਰ ਵਿਚ ਦੌਲਤ ਖ਼ਾਨ ਦੇ ਦੀਵਾਨ ਸਨ। ਦੌਲਤ ਖ਼ਾਨ ਪਾਸ ਨਿੱਤ ਸ਼ਿਕਾਇਤਾਂ ਪੁੱਜਦੀਆਂ ਸਨ ਕਿ 'ਮੋਦੀ ਖ਼ਾਨਾ' ਠੀਕ ਨਹੀਂ ਚਲ ਰਿਹਾ। ਰਸਦਾਂ ਠੀਕ ਨਹੀਂ ਪੁੱਜਦੀਆਂ, ਲੋੜਵੰਦਾਂ ਨੂੰ ਧ੍ਰਿਕਾਰਿਆ ਜਾਂਦਾ ਹੈ। ਉਹ ਕਿਸੇ ਚੰਗੇ ਮੋਦੀ ਦੀ ਭਾਲ ਵਿਚ ਸੀ। 'ਮੋਦੀ-ਖ਼ਾਨੇ' ਬਾਰੇ ਮਹਾਂਕੋਸ਼ ਵਿਚ ਲਿਖਿਆ ਹੈ ਕਿ 'ਉਸ ਸਮੇਂ ਪਰਜਾ ਤੋਂ ਜਿਣਸ ਦੀ ਵੰਡਿਆਈ ਲਈ ਜਾਂਦੀ ਸੀ। ਸਰਕਾਰੀ ਹਿੱਸੇ ਆਇਆ ਅੰਨ, ਗੁੜ ਆਦਿ ਹੋਰ ਸਾਮਾਨ ਮੋਦੀ ਖ਼ਾਨਾ ਵਿਚ ਦਾਖ਼ਲ ਹੁੰਦਾ ਸੀ। ਉਥੋਂ ਛੱਟ-ਸਾਫ਼ ਹੋ ਸ਼ਾਹੀ ਲੰਗਰ ਤੇ ਫ਼ੌਜ ਲਈ ਜਾਂਦਾ ਸੀ। ਜਿਸ ਸਾਮਾਨ ਦੀ ਲੋੜ ਪੈਂਦੀ ਸੀ ਪਰਚੇ ਨਾਲ ਮੰਗਵਾਇਆ ਜਾਂਦਾ ਸੀ। ਜੋ ਜਿਣਸ ਬਚ ਜਾਂਦੀ ਸੀ, ਮੋਦੀ ਵੇਚ ਕੇ ਨਕਦ ਸਰਕਾਰੀ ਖ਼ਜ਼ਾਨੇ ਦਾਖ਼ਲ ਕਰਦਾ ਸੀ।' ਸੋ ਇਸ ਵਿਆਖਿਆ ਤੋਂ ਸਪੱਸ਼ਟ ਹੈ ਕਿ ਮੋਦੀ ਦਾ ਕੰਮ ਬਹੁਤ ਜ਼ਿੰਮੇਵਾਰੀ ਦਾ ਸੀ ਤੇ ਲੈਣ-ਦੇਣ ਰੋਜ਼ ਹੋਣ ਕਾਰਨ ਹੇਰਾਫੇਰੀ ਦੀ ਬਹੁਤ ਸੰਭਾਵਨਾ ਸੀ। ਜਿਣਸ ਲੈਣ ਵੇਲੇ ਮੋਦੀ ਵੱਧ ਤੋਲ ਲੈਂਦਾ ਸੀ ਤੇ ਦੇਣ ਵੇਲੇ ਘੱਟ। ਭਾਵੇਂ ਮੋਦੀ ਨੂੰ ਅਲੂਫਾ ਨਾਂ ਦੀ ਛੋਟ ਮਿਲਦੀ ਸੀ ਪਰ ਉਹ ਅਲੂਫ਼ਾ ਤੋਂ ਇਲਾਵਾ ਕਈ ਹਥਿਆਰ ਵਰਤ ਕੇ ਮਾਇਆ ਇਕੱਠੀ ਕਰਦਾ ਸੀ। ਸੋ ਦੌਲਤ ਖ਼ਾਨ ਕਿਸੇ ਬਹੁਤ ਦਿਆਨਤਦਾਰ ਮੋਦੀ ਦੀ ਭਾਲ ਵਿਚ ਸੀ। ਜਦ ਜੈ ਰਾਮ ਜੀ ਨੇ ਦੌਲਤ ਖ਼ਾਨ ਨੂੰ ਮੋਦੀ ਦੀ ਭਾਲ ਕਰਦੇ ਦੇਖਿਆ ਤਾਂ ਮੌਕਾ ਸੰਭਾਲ ਕੇ ਆਖਿਆ : 'ਮੇਰਾ ਇਕ ਸਾਕ ਹੈ, ਘਰ ਮਰਦਾਨਾ ਆਦਮੀ ਹੈ। *ਖ਼ੂਬ ਲਾਇਕ ਹੈ, ਮੁਹਿੰਮ ਸਰ ਕਰਣਹਾਰ ਹੈ। ਅਰਬੀ, ਫ਼ਾਰਸੀ, ਗਣਿਤ ਤੇ ਹਰ ਵਿੱਦਿਆ ਤੋਂ ਜਾਣੂੰ ਹੈ।*' ਦੌਲਤ ਖ਼ਾਨ ਨੇ ਹਾਮੀ ਭਰੀ ਤੇ ਜੈ ਰਾਮ ਜੀ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਲੈ ਆਏ। ਦੌਲਤ ਖ਼ਾਨ ਨੇ ਨਿਰਛਲ ਤੇ ਨਿਰਕਪਟ ਚਿਹਰਾ ਦੇਖ ਕਿਹਾ : ਇਹ ਤਾਂ ਕੋਈ ਔਲੀਆ ਹੈ, ਈਂ ਮਰਦ ਖ਼ੁਦਾਈ ਸੂਰਤ ਨਜ਼ਿਰ ਆਵਤਾ ਹੈ, ਮੋਦੀ ਦਾ ਕੰਮ ਕਿਸ ਤਰ੍ਹਾਂ ਨਿਭਾਹੇਗਾ। ਗੁਰੂ ਨਾਨਕ ਜੀ ਨੇ ਫ਼ਰਮਾਇਆ : *"ਸਭ ਕੰਮ ਕਰਤਾਰ ਦੇ ਹੱਥ ਹਨ, ਆਦਮੀ ਦਾ ਉੱਦਮ ਉਹ ਹੀ ਸਫ਼ਲ ਕਰਨ ਵਾਲਾ ਹੈ।"*

ਗੁਰੂ ਨਾਨਕ ਦੇਵ ਜੀ ਨੇ ਸਾਰੇ ਕੰਮਾਂ ਨੂੰ ਛੇਤੀ ਹੀ ਸਮਝ ਲਿਆ ਤੇ ਸਭ ਤੋਂ ਪਹਿਲੀ ਇਹਤਿਆਤ ਮੋਦੀ ਬਾਬੇ ਨੇ ਇਹ ਵਰਤੀ ਕਿ *"ਜੈਸੀ ਰਸਦ ਨਵਾਬ ਦੇ ਘਰ ਜਾਏ ਤੈਸੀ ਹੋਰ ਲੋਕਾਂ ਨੂੰ ਮਿਲੇ।"* ਮਿਹਰਬਾਨ ਜੀ, ਜਨਮ ਸਾਖੀ ਵਿਚ ਲਿਖਦੇ ਹਨ : 'ਨਾਨਕ ਜੀ

 www.sikhbookclub.com

ਆਪ ਦਿਆਨਤਦਾਰ, ਹਿੱਸਾ ਕਿਛ ਲੇ ਨਾਹੀ, ਹੋਰਸ ਕਾ ਹੱਕ ਗਵਾਏ ਨਹੀਂ। ਧਰਮੋਂ ਧਰਮੀ ਚਲਾਏ। ਆਗੈ ਜਿ ਲੋਕ ਪੀਛੈ ਲਾਗੈ ਫਿਰਤੇ, ਹਕੁ ਨਾ ਪਾਵਤੇ ਤੇ ਅਬ ਸਭਿ ਹਕ ਪਹੁੰਚੇ। ਸਭ ਲੱਗੇ ਦੁਆਇ ਦੇਣੇ 'ਯਾ ਖ਼ੁਦਾਇ ਤੂੰ ਨਾਨਕ ਜੀ ਕਾ ਭਲਾ ਕਰਿ, ਜੋ ਸਭਨਾਂ ਦਾ ਹੱਕ ਪਹੁੰਚਾਇਦਾ ਹੈ, ਕਿਸੀ ਨੂੰ ਰੰਜ ਨਾਹੀ ਕਰਦਾ।'

'ਆਗੈ ਜੋ ਮੋਦੀ ਥੇ ਸੇ ਦਹਨੀਮੀ (ਦਸਵਾਂ ਹਿੱਸਾ) ਕਾਟਿ ਲੈਂਦੇ, ਗੁਰੂ ਨਾਨਕ ਜੀ ਕਿਸੀ ਕੀ ਦਮੜੀ ਨਾ ਰਾਖੇ। *ਆਪਣਾ ਹੱਕ ਨਾ ਜਾਣ ਦਈ, ਪਰਾਇਆ ਹੱਕ ਲਏ ਨਾਹੀ।* ਸਭ ਕਹੇ : ਵਾਹ! ਵਾਹ!! ਨਾਨਕ ਦਿਆਨਤਦਾਰ।'

ਪੁਰਾਤਨ ਜਨਮ ਸਾਖੀ ਵਾਲਾ ਵੀ ਲਿਖਦਾ ਹੈ ਕਿ 'ਨਾਨਕ ਜੀ, ਕਿਸੀ ਕੀ ਦਮੜੀ ਨਾਹ ਰਾਖੇ। ਬੜੀ ਸੋਭਾ ਹੋਈ। ਸਭ ਰਈਅਤ ਲੱਗੀ ਦੁਆਈਂ ਦੇਣ।'

ਸੁਲਤਾਨਪੁਰ ਹੀ ਨਾਨਕ ਜੀ ਨੇ ਭਾਈ ਮਰਦਾਨਾ ਨੂੰ ਬੁਲਾਇਆ। ਉਨ੍ਹਾਂ ਦੀ ਸੰਗਤ ਆਮ ਤੌਰ ਤੇ ਫ਼ਕੀਰਾਂ, ਦਰਵੇਸ਼ਾਂ ਤੇ ਸੰਤਾਂ ਭਗਤਾਂ ਨਾਲ ਰਹਿੰਦੀ। ਦੌਲਤ ਖ਼ਾਨ ਨੇ ਗੁਰੂ ਨਾਨਕ ਦੇਵ ਜੀ ਦੇ ਕਹਿਣ ਤੇ ਸੁਲਤਾਨਪੁਰ ਤੋਂ ਫ਼ੌਜ ਪਹਿਲਾਂ ਘਟਾਉਣੀ ਤੇ ਫਿਰ ਹਟਾਉਣੀ ਸ਼ੁਰੂ ਕਰ ਦਿੱਤੀ। ਖ਼ਚਾਏ ਖ਼ਰਚ ਨਾਲ ਲੋੜਵੰਦਾਂ ਲਈ ਲੰਗਰ ਲੱਗ ਗਏ। 'ਸਵਾਲੀ, ਫ਼ਕੀਰ ਖਾਲੀ ਨਾ ਜਾਵੇ।' ਮਹਿਮਾ ਪ੍ਰਕਾਸ਼ ਵਾਰਤਕ ਦੇ ਸ਼ਬਦਾਂ ਵਿਚ : ਕੋਈ ਅਰਥੀ ਜਾਚਨਾ ਕਰੇ ਸੋ ਬਾਬਾ ਜੀ ਸਭਨਾਂ ਦਾ ਮਨੋਰਥ ਪੂਰਾ ਕਰੇ।' ਦੌਲਤ ਖ਼ਾਨ ਨੇ ਉਥੇ ਹੀ ਪਹਿਲਾਂ ਮਦਰੱਸਾ ਤੇ ਫਿਰ ਯੂਨੀਵਰਸਿਟੀ ਵੀ ਬਣਾ ਦਿੱਤੀ। ਇਤਨਾ ਪ੍ਰਸਿੱਧ ਮਦਰੱਸਾ ਬਣਿਆ ਕਿ ਸ਼ਾਹ ਜਹਾਨ ਨੇ ਮੁੱਢਲੀ ਵਿੱਦਿਆ ਉਥੇ ਹੀ ਲਈ ਅਤੇ ਦਾਰਾ ਤੇ ਔਰੰਗਜ਼ੇਬ ਨੂੰ ਉਥੇ ਹੀ ਪੜ੍ਹਨ ਲਈ ਭੇਜਿਆ। ਦੌਲਤ ਖ਼ਾਨ ਪਾਸ ਕਰਮਚਾਰੀਆਂ ਨੇ ਇਸ ਪ੍ਰਕਾਰ ਦੀ ਸ਼ਿਕਾਇਤ ਵੀ ਕੀਤੀ ਕਿ ਖ਼ੈਰਾਇਤ ਅਤੇ ਲੰਗਰ ਉੱਤੇ ਬਹੁਤ ਖ਼ਰਚ ਹੋ ਰਿਹਾ ਹੈ। ਸਿਪਾਹੀ ਦਾ ਖ਼ਰਚ ਸੌ ਰੁਪਿਆ ਰੋਜ਼ ਉੱਠਦਾ ਹੈ ਤੇ ਖ਼ੈਰਾਇਤ ਰੋਜ਼ ਪੰਜ ਸੌ ਰੁਪਏ ਉੱਠਦੀ ਹੈ। (ਸਿੱਖਾਂ ਦੀ ਭਗਤ ਮਾਲਾ, ਭਾਈ ਮਨੀ ਸਿੰਘ ਜੀ)। ਉੱਤਰ ਵਜੋਂ ਦੌਲਤ ਖ਼ਾਨ ਨੇ ਇਹ ਹੀ ਕਿਹਾ ਕਿ ਸੁਲਤਾਨਪੁਰ ਦੇ ਭਾਗ ਹਨ ਕਿ ਐਸਾ ਮੋਦੀ ਮਿਲਿਆ ਹੈ। ਮੇਰਾ ਮੋਦੀ ਬੜਾ ਦਿਆਨਤਦਾਰ ਹੈ।

ਸਭ ਪਾਸੇ ਸ਼ੋਭਾ ਫੈਲਦੀ ਸੁਣ ਕੇ ਮਹਿਤਾ ਕਾਲੂ ਜੀ ਵੀ ਉਨ੍ਹਾਂ ਪਾਸ ਆਏ। ਉਨ੍ਹਾਂ ਆਉਂਦਿਆਂ ਹੀ ਪੁੱਛਿਆ 'ਕੁਝ ਜੋੜਿਆ ਵੀ ਹੈ ਜਾਂ ਨਹੀਂ ?' ਮਹਾਰਾਜ ਨੇ ਫ਼ਰਮਾਇਆ : ਪਿਤਾ ਜੀ, ਹੱਥ ਵਿਚ ਮਾਇਆ ਨਹੀਂ ਟਿਕਦੀ, ਇਧਰੋਂ ਆਉਂਦੀ ਹੈ, ਉੱਧਰ ਚਲੀ ਜਾਂਦੀ ਹੈ :

**ਨਹੀਂ ਹਾਥਿ ਕੋ ਆਥਿ, ਕਰੇ ਥਿਰਤਾ,**
**ਇਤ੍ਹ ਆਵਤੁ ਹੈ, ਉਤਹੂ ਚਲ ਜਾਈ।**

ਸੁਲਤਾਨਪੁਰ ਵੀ ਸੰਗਤ ਬਣ ਗਈ। ਭਾਈ ਭਾਗੀਰਥ ਤੇ ਹੋਰ ਸਿੱਖ ਉਥੇ ਹੀ ਆਣ ਟਿਕੇ। ਦੌਲਤ ਖ਼ਾਨ ਵੀ ਸੰਗਤ ਕਰਨ ਲੱਗ ਪਿਆ। ਚਾਰ ਸਾਲ ਲੰਘ ਗਏ। ਇਧਰ ਕਈ ਵਾਰ ਗੁਰੂ ਨਾਨਕ ਜੀ ਮਨ ਨਾਲ ਗੋਸ਼ਟੀ ਕਰਨ : 'ਏ ਪਰਮੇਸ਼ਵਰ! ਮੇਰਾ ਮਨ ਐਸਾ ਗਲਿ ਵਿਚ ਨਾਹੀ। ਮੇਰਾ ਧਿਆਨ ਕਿਥਾਊਂ ਹੋਰ ਥਾ, ਇਹ ਗੱਲ ਕੁਛ ਹੋਰ।' ਲਤੀਫ਼ ਲਿਖਦਾ ਹੈ ਕਿ ਆਪ ਜੀ ਦੇ ਮੁੱਖ ਵਿਚ ਸਦਾ 'ਤੂੰ ਨਿਰੰਕਾਰ ਕਰਤਾਰ ਨਾਨਕ ਬੰਦਾ ਤੇਰਾ' ਦੇ ਸ਼ਬਦ

 www.sikhbookclub.com

ਰਹਿੰਦੇ ਸਨ। ਇਕ ਸਮੇਂ ਤੋਲ ਤੋਲਦੇ ਆਪ ਜੀ ਨੇ 'ਤੇਰਾ, ਤੇਰਾ' ਦੀ ਧੁੰਨੀ ਲਗਾ ਦਿੱਤੀ। ਸਾਰੇ ਸ਼ਹਿਰ ਵਿਚ ਇਹ ਗੱਲ ਫੈਲ ਗਈ ਕਿ 'ਨਾਨਕ ਨੇ ਮੋਦੀਖ਼ਾਨਾ ਲੁਟਾ ਦਿੱਤਾ ਹੈ।' ਆਪ ਜੀ ਨੂੰ ਬੰਦੀ ਵਿਚ ਪਾ ਦਿੱਤਾ ਗਿਆ। ਹਿਸਾਬ ਹੋਣ ਲੱਗੇ। ਹਿਸਾਬ ਪੂਰਾ ਸੀ, ਸਗੋਂ ਵੱਧ। ਦੌਲਤ ਖ਼ਾਂ ਨੇ ਜਦ ਹੈਰਾਨੀ ਨਾਲ ਜੈ ਰਾਮ ਨੂੰ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ : 'ਖ਼ਾਨ ਸਲਾਮਤ, ਨਾਨਕ ਰੋਜ਼ ਕਾਗਦੁ ਪਹੁੰਚਾਵਦਾ ਥਾ। ਈਵ ਨਹੀਂ ਜਿ ਇਕ ਫਲੂਸ (ਤਾਂਬੇ ਦਾ ਪੈਸਾ, ਦਿਨਾਰ ਦਾ ਹਜ਼ਾਰਵਾਂ ਹਿੱਸਾ) ਤਾਈਂ ਕਿਛੁ ਤਮਾਂ ਹੋਇ। ਉਹ ਵੱਡਾ ਬੇ ਤਮਾਊ ਥਾ, ਉਸ ਕੋ ਕਿਛੁ ਤਮਾ ਕੀ ਪਰਵਾਹ ਨਾ ਥੀ, ਉਹ ਗਉਸ ਕੋਈ ਉਸ ਖ਼ੁਦਾਇ ਦਾ ਹੈ, ਉਹ ਇਸ ਜਹਾਨ ਕੀ ਬਾਤ ਕਾਈ ਨ ਥਾ ਕਰਤਾ।'

ਗੁਰੂ ਨਾਨਕ ਜੀ ਨੂੰ ਆਦਰ ਨਾਲ ਦਰਬਾਰ ਵਿਚ ਲਿਆਂਦਾ ਗਿਆ। ਦੌਲਤ ਖ਼ਾਨ ਨੇ ਪਹਿਲੀ ਗੱਲ ਹੀ ਇਹ ਆਖੀ, 'ਨਾਨਕ ਤੇਰੀਆਂ ਸਭ ਸਮਝ ਆਈਆਂ, ਪਰ ਇਹ ਨਾ ਆਈ ਕਿ ਤੂੰ, ਤੇਰਾ, ਤੇਰਾ ਕੀ ਲਾਈ।' ਬਾਬੇ ਨੇ ਫ਼ਰਮਾਇਆ : 'ਦੌਲਤ ਖ਼ਾਨ! ਜੋ ਇਥੇ ਤੇਰਾ, ਤੇਰਾ, ਕਰਨਗੇ, ਉਨ੍ਹਾਂ ਦਾ ਮੂੰਹ ਦਰਗਾਹ ਵਿਚ ਲਾਲ ਹੋਵੇਗਾ ਤੇ ਜੋ ਇਥੇ ਮੇਰਾ, ਮੇਰਾ ਕੂਕਣਗੇ ਉਨ੍ਹਾਂ ਦਾ ਮੂੰਹ ਪੀਲਾ ਭੂਕ।' ਆਪ ਜੀ ਆਪਣਾ ਅਗਲਾ ਪ੍ਰੋਗਰਾਮ ਬਣਾਉਣ ਲਈ ਸ਼ਹਿਰ ਤੋਂ ਦੂਰ ਚਲੇ ਗਏ। ਜਦ ਉਨ੍ਹਾਂ ਸਾਰੀ ਸ੍ਰਿਸ਼ਟੀ ਉੱਤੇ ਨਜ਼ਰ ਮਾਰੀ ਤਾਂ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ :

**ਬਾਬਾ ਦੇਖੈ ਧਿਆਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ।**
**ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।**

SIKHBOOKCLUB.COM

ਅਤੇ ਉਨ੍ਹਾਂ ਫ਼ੈਸਲਾ ਕਰ ਲਿਆ ਅਤੇ ਧਰਤੀ ਦੇ ਲੋਕਾਂ ਨੂੰ ਸੋਧਣ ਲਈ ਨਿਕਲ ਪਏ। ਉਧਰ 'ਸਿੰਘ ਬੁਕਨ' ਦੀ ਤਿਆਰੀ ਕਰ ਰਿਹਾ ਸੀ, ਇਧਰ ਸੁਲਤਾਨਪੁਰ ਵਿਚ ਗੁਰੂ ਨਾਨਕ ਜੀ ਨਾ ਮਿਲਣ ਕਰ ਕੇ ਘਬਰਾਹਟ ਫੈਲੀ ਹੋਈ ਸੀ। ਦੌਲਤ ਖ਼ਾਨ ਨੇ ਮਾਤਮੀ ਖਿਲਅਤ ਤੱਕ ਭੇਜ ਦਿੱਤੀ। ਕੋਈ ਆਖੇ ਵੇਈਂ ਖਾ ਗਈ, ਕੋਈ ਆਖੇ ਜੰਗਲੀ ਜਾਨਵਰ ਚੁੱਕ ਕੇ ਲੈ ਗਿਆ ਪਰ ਬੇਬੇ ਨਾਨਕੀ ਜੀ ਇਹ ਹੀ ਕਹਿਣ : 'ਵੇਈਂ ਵਿਚ ਸ਼ਕਤੀ ਨਹੀਂ, ਨਾਨਕ ਨੂੰ ਕੋਈ ਚੁੱਕਣ ਵਾਲਾ ਨਹੀਂ, ਉਸ ਸੰਸਾਰ ਦਾ ਭਾਰ ਚੁੱਕਿਆ ਹੋਇਆ ਹੈ।' ਚੌਥੇ ਦਿਨ ਗੁਰੂ ਨਾਨਕ ਜੀ ਸ਼ਹਿਰ ਵਿਚ ਦਾਖ਼ਲ ਹੋਏ ਤੇ ਪੁਕਾਰ ਰਹੇ ਸਨ 'ਨਾ ਕੋ ਹਿੰਦੂ ਨਾ ਮੁਸਲਮਾਨ।' ਜਿਸ ਇਸਲਾਮੀ ਰਾਜ ਵਿਚ ਸਿਰਫ਼ ਇਤਨਾ ਕਹਿਣ ਉੱਤੇ ਭਰੇ ਦਰਬਾਰ ਵਿਚ ਇਕ ਪੰਡਤ ਬੋਧਨ ਦਾ ਸਿਰ ਉਤਾਰ ਦਿੱਤਾ ਗਿਆ ਕਿਉਂਕਿ ਉਹ ਇਹ ਕਹਿੰਦਾ ਸੀ ਕਿ 'ਹਿੰਦੂ ਵੀ ਚੰਗੇ ਹਨ, ਮੁਸਲਮਾਨ ਵੀ ਅੱਛੇ ਹਨ', ਉਥੇ ਨਾ ਕੋਈ ਹਿੰਦੂ, ਨਾ ਮੁਸਲਮਾਨ ਕਹਿਣ ਵਾਲੇ ਲਈ ਕਰੜੀ ਤੋਂ ਕਰੜੀ ਸਜ਼ਾ ਦੇਣ ਦਾ ਫਤਵਾ ਲੈਣਾ ਕੋਈ ਮੁਸ਼ਕਿਲ ਨਹੀਂ ਸੀ।

ਗੁਰੂ ਨਾਨਕ ਜੀ ਫਿਰ ਦਰਬਾਰ ਵਿਚ ਪੇਸ਼ ਕੀਤੇ ਗਏ। ਸ਼ਾਹੀ ਆਦਾਬ ਮੁਤਾਬਿਕ ਜਦ ਆਪ ਜੀ ਨੇ ਸਿਰ ਨਾਹ ਝੁਕਾਇਆ ਤਾਂ ਸਾਰਿਆਂ ਨੇ ਗੁਸਤਾਖ਼ੀ ਦੀ ਸਜ਼ਾ ਦੇਣ ਲਈ ਕਿਹਾ। ਦੌਲਤ ਖ਼ਾਨ ਨੇ ਪੁੱਛਿਆ, 'ਸਿਰ ਕਿਉਂ ਨਹੀਂ ਝੁਕਾਇਆ।' ਤਾਂ ਆਪ ਜੀ ਨੇ ਫ਼ਰਮਾਇਆ, "ਲਾਲਚ ਵਾਲਾ ਸਿਰ ਝੁਕਾਂਦਾ ਹੈ, ਬਗ਼ੈਰ ਲਾਲਚ ਵਾਲੇ ਦਾ ਸਿਰ ਹਮੇਸ਼ਾਂ ਉੱਚਾ ਹੀ ਰਹਿੰਦਾ ਹੈ" :


www.sikhbookclub.com

**ਆਤਮਾ ਬੂਦ ਸਲਾਮ ਮੀ ਕਰਦ।**
**ਗਰਦਨ ਬੇਤਮਾਂ ਬੁਲੰਦ ਬਵਦ।**

ਫਿਰ ਕਾਜ਼ੀਆਂ ਪੁੱਛਿਆ : 'ਤੂੰ ਕਉਣ ਹੈਂ ? ਹਿੰਦੂ ਹਸਤੀ ਕਿ ਮੁਸਲਮਾਂ।' ਬਾਬੇ ਦਾ ਉੱਤਰ ਸੀ : *'ਹਰ ਦੋ ਨੇਸਤਮ, ਬੰਦਹ ਖ਼ੁਦਾ ਹਸਤੰਦ ਕਿ ਹਮਾ ਮਜ਼ਹਬ ਅਜ਼ਮਨ ਹਸਤੰਦ।'* (ਦੋਵਾਂ ਵਿਚੋਂ ਕੋਈ ਨਹੀਂ, ਖ਼ੁਦਾ ਦਾ ਬੰਦਾ ਹਾਂ ਅਤੇ ਸਾਰੇ ਧਰਮ ਮੈਨੂੰ ਪਿਆਰੇ ਹਨ)। ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਗੁਰੂ ਨਾਨਕ ਜੀ ਨੂੰ 'ਨਾਹ ਕੋ ਹਿੰਦੂ ਨਾਹ ਮੁਸਲਮਾਨ' ਕਹਿੰਦਾ ਸੁਣ ਜਦ ਸਾਰਿਆਂ ਨੇ ਦੌਲਤ ਖ਼ਾਨ ਪਾਸ ਕੋਈ ਕਾਰਵਾਈ ਕਰਨ ਲਈ ਕਿਹਾ ਤਾਂ ਉਸ ਸਾਫ਼ ਇਨਕਾਰ ਕਰ ਦਿੱਤਾ। ਸਾਰਿਆਂ ਫਿਰ ਕਿਹਾ : 'ਖ਼ਾਨ ਤੂੰ ਗ਼ਲਤੀ ਕਰ ਰਿਹਾ ਹੈਂ, ਤੂੰ ਭੁੱਲਾ ਹੈਂ।' ਸੋ ਜਦ ਬਾਬੇ ਕੋਲੋਂ ਦਰਬਾਰ ਵਿਚ ਪੁੱਛਿਆ ਗਿਆ ਕਿ ਤੂੰ ਕੌਣ ਹੈਂ ਤਾਂ ਗੁਰੂ ਨਾਨਕ ਜੀ ਨੇ ਫ਼ਰਮਾਇਆ : *ਮੈਂ ਵਾਹਿਗੁਰੂ ਬਿਨਾਂ, ਦੂਜਾ ਕੁਝ ਨਹੀਂ ਜਾਣਦਾ। ਦੇਹ ਹੀ ਹਿੰਦੂ ਹੈ। ਦੇਹ ਹੀ ਮੁਸਲਮਾਨ ਹੈ, ਮੈਂ ਦੇਹ ਦਾ ਸਾਖੀ ਨਿਆਰਾ ਹਾਂ।'* ਖ਼ਾਨ ਨੇ ਭਰੇ ਦਰਬਾਰ ਮੱਥਾ ਟੇਕਿਆ ਤੇ ਕਿਹਾ : 'ਜੋ ਮੈਂ ਤੈਨੂੰ ਖ਼ੁਦਾਇ ਦਾ ਵਲੀ ਜਾਣਦਾ ਹਾਂ।' ਉਸ ਤਰਲੇ ਕੀਤੇ ਕਿ ਬਾਬਾ ਸੁਲਤਾਨਪੁਰ ਟਿਕ ਜਾਏ ਪਰ ਗੁਰੂ ਨਾਨਕ ਜੀ ਨੇ ਇਹ ਕਿਹਾ ਕਿ ਉਸ ਹੁਣ ਸੱਚੇ ਸਾਹਿਬ ਦੀ ਚਾਕਰੀ ਕਰ ਲਈ ਹੈ। ਪੁਰਾਤਨ ਜਨਮ ਸਾਖੀ ਵਾਲਾ ਕਹਿੰਦਾ ਹੈ ਕਿ ਦੌਲਤ ਖ਼ਾਨ ਨੇ ਮੱਥੇ ਹੱਥ ਮਾਰ ਕਿਹਾ : "ਇਹ ਮੇਰੀ ਕੰਮ-ਬਖਤੀ ਹੈ, ਜੋ ਤੁਸ ਜੇਹਾ ਵਜ਼ੀਰ ਫ਼ਕੀਰ ਹੋਇਆ।" ਦੌਲਤ ਖ਼ਾਨ ਨੇ ਖਵਾਜਾ ਖਿਜ਼ਰ ਦੇ ਦਰਸ਼ਨ ਕਰਾਉਣ ਲਈ ਬੇਨਤੀ ਕੀਤੀ ਤਾਂ ਮਹਾਰਾਜ ਨੇ ਕਿਹਾ : ਜੋ ਤੇਰਾ ਚਿੱਤ ਹੈ ਤਾਂ ਤੈਨੂੰ ਹੀ ਖਿਜ਼ਰ ਬਣਾ ਦੇਈਏ। ਉਸ ਕਿਹਾ ਕਿ ਦਰਸ਼ਨ ਜ਼ਰੂਰ ਕਰਾ ਦਿਉ। ਮਹਾਰਾਜ ਨੇ ਫ਼ਰਮਾਇਆ : 'ਧਿਆਨ ਕਰ ਬੈਠ। ਜਿਤਨੇ ਪ੍ਰਿਥਵੀ ਆਕਾਸ਼ ਵਿਚ ਪਦਾਰਥ ਹਨ ਸਭ ਜਲ ਮੱਧ ਹਨ ਤੇ ਜਲ ਵਿਚ ਜੋ ਵਿਸਮਾਦੀ ਸ਼ਕਤੀ ਹੈ ਸੋ ਹੀ ਆਤਮਾ ਹੈ। ਇਹ ਚਿੰਨ੍ਹ ਕਰ ਕਿ ਆਤਮਾ ਤੂੰ ਹੀ ਹੈ।' ਦੌਲਤ ਖ਼ਾਨ ਨੇ ਕਿਹਾ ਕਿ ਮਨ ਟਿਕਦਾ ਨਹੀਂ ਹੈ ਤਾਂ ਗੁਰੂ ਨਾਨਕ ਜੀ ਨੇ ਕਿਹਾ : *ਜਿਉਂ ਜਿਉਂ ਤੇਰਾ ਧਿਆਨ ਨਿਕਲ ਜਾਏ, ਤਿਉਂ ਤਿਉਂ ਦ੍ਰਿੜ੍ਹ ਕਰ।'* ਉਸ ਨੂੰ ਰੌਸ਼ਨੀ ਮਿਲੀ ਤੇ ਹੁਣ ਉਹ ਖ਼ਵਾਜ਼ਾ ਖਿਜ਼ਰ ਦੀ ਥਾਂ ਇਕ ਅਲਾਹ ਵਿਚ ਯਕੀਨ ਰੱਖਣ ਲੱਗਾ। ਉਸ ਦੀ ਅਵਸਥਾ ਇਤਨੀ ਉੱਚੀ ਹੋ ਗਈ ਕਿ ਖਿਜ਼ਰ ਉਸ ਦੀ ਪੈਰੀਂ ਆਉਣ ਲੱਗਾ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ 'ਭਲਾ ਪੁਰਸ਼ ਤੇ ਜਿੰਦ ਪੀਰ ਅਬਿਨਾਸ਼ੀ' ਕਹਿ ਸਨਮਾਨਿਆ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

**ਨਿਭੀ ਖਾਨ ਯਹ ਖੇਪ ਤੁਮਾਰੀ। ਮੌਲਾ ਸੋ ਭਈ ਤੁਮਰੀ ਯਾਰੀ।**
**ਤੂੰ ਤੋ ਜਿੰਦ ਪੀਰ ਅਬ ਭਇਆ। ਮਰਨ ਜੀਵਨ ਕਾ ਦੁਖ ਮਿਟ ਗਇਆ।**

ਪਰ ਧਰਮ ਦੇ ਠੇਕੇਦਾਰ ਕਾਜ਼ੀ ਚੁੱਪ ਕਰਨ ਵਾਲੇ ਕਿੱਥੋਂ ਸਨ। ਉਨ੍ਹਾਂ ਕਿਹਾ ਜੇ ਸਭ ਇਕ ਹਨ ਤੇ ਸਾਡੇ ਨਾਲ ਨਿਮਾਜ਼ ਪੜ੍ਹ। ਗੁਰੂ ਨਾਨਕ ਜੀ ਸਭ ਨਾਲ ਮਸੀਤ ਗਏ। ਉਥੇ ਜਦ ਸਾਰੇ ਨਮਾਜ਼ ਪੜ੍ਹਨ ਲੱਗੇ, ਬਾਬੇ ਨੇ ਹੱਸ ਦਿੱਤਾ। ਕਾਜ਼ੀ ਨੇ ਕਿਹਾ : 'ਦੇਖਿਆ ਖ਼ਾਨ! ਇਹ ਕਾਫ਼ਰ ਅਸਾਡੀ ਨਮਾਜ਼ ਨੂੰ ਹੱਸਿਆ ਹੈ।' ਤਾਂ ਖ਼ਾਨ ਪੁੱਛਿਆ : 'ਬਾਬਾ ਜੀ! ਤੁਸੀਂ ਅਸਾਡੀ ਨਮਾਜ਼ ਤੇ ਕਿਉਂ ਹੱਸੇ ਹੋ ?' ਬਾਬੇ ਨੇ ਕਿਹਾ : 'ਜਿਸ ਵੇਲੇ ਤੁਸੀਂ ਉਜ਼ੂ ਕਰਦੇ ਸੀ, ਉਸ ਸਮੇਂ ਤੁਹਾਡਾ ਮਨ ਨਿਮਾਜ਼ ਵੱਲ ਹੈ ਸੀ ਤੇ ਤੁਹਾਡੇ ਉੱਪਰ ਖ਼ੁਦਾਇ ਪ੍ਰਸੰਨ ਸੀ। ਜਦ

ਨਿਮਾਜ਼ ਪੜ੍ਹਨ ਲੱਗੇ ਤਾਂ ਮਨ ਨਾ ਖਲੋਤਾ।' ਇਮਾਮ ਨੂੰ ਕਿਹਾ : 'ਇਮਾਮ ਤੂੰ ਹੈਂ! ਸੋ ਤੇਰੇ ਘਰ ਘੋੜੀ ਸੂਈ ਸੀ, ਤੇਰੇ ਘਰ ਵਿਚ ਖੂਹ ਹੈਸੀ, ਤੇਰਾ ਧਿਆਨ ਉਧਰ ਗਿਆ। ਮਤ ਮੇਰੀ ਵਿਛੇਰੀ ਖੂਹ ਵਿਚ ਪੈ ਜਾਂਦੀ ਹੋਵੇ। *ਜੇ ਇਮਾਮ ਦਾ ਮਨ ਰਿਹਾ ਨਹੀਂ ਤਾਂ ਹੋਰਨਾਂ ਦੀ ਨਿਮਾਜ਼ ਕਿਥੋਂ ਕਬੂਲ ਪਵੇ ?'* ਫਿਰ ਖ਼ਾਨ ਨੇ ਸਭ ਨੂੰ ਸੰਬੋਧਨ ਕਰਦੇ ਹੋਏ ਕਿਹਾ : ਇਹ ਕੋਈ ਵਲੀ ਪੈਦਾ ਹੋਇਆ ਹੈ, ਇਸ ਦੀ ਸੇਵਾ ਕਰਨੀ ਪਰਵਾਨ ਹੈ।

ਮਹਿਮਾ ਪ੍ਰਕਾਸ਼ ਵਾਰਤਕ ਦੇ ਸ਼ਬਦਾਂ ਵਿਚ :

ਤਬ ਨਵਾਬ ਕਾਜ਼ੀ ਨੂੰ ਕਿਹਾ : 'ਕਾਜ਼ੀ! ਨਾਨਕ ਨੂੰ ਬੁਲਾਵਣਾ ਗੁਨਾਹ ਹੈ। ਇਹ ਖ਼ੁਦਾਇ ਦਾ ਬੜਾ ਦੋਸਤ ਹੈ।

ਕਨ੍ਹਈਆ ਲਾਲ, ਤਾਰੀਖ-ਇ-ਪੰਜਾਬ ਵਿਚ ਇਸੇ ਘਟਨਾ ਬਾਰੇ ਲਿਖਦਾ ਹੈ ਕਿ 'ਗੁਰੂ ਜੀ ਨਵਾਬ ਨਾਲ ਨਮਾਜ਼ ਪੜ੍ਹਨ ਟੁਰ ਪਏ। ਸ਼ਹਿਰ ਵਿਚ ਰੌਲਾ ਪੈ ਗਿਆ ਕਿ ਅੱਜ ਨਾਨਕ ਜੀ ਮੁਸਲਮਾਨ ਬਣ ਜਾਣਗੇ। ਨਵਾਬ ਤੇ ਅਮਾਮ ਜਦੋਂ ਨਿਮਾਜ਼ ਪੜ੍ਹਨ ਲਈ ਖਲੋਤੇ ਤਾਂ ਗੁਰੂ ਜੀ ਸ਼ਾਮਲ ਨਾ ਹੋਏ। ਨਿਮਾਜ਼ ਮੁੱਕਣ ਪਿੱਛੋਂ ਨਵਾਬ ਨੇ ਇਸ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ ਕਿ ਤੁਸੀਂ ਤਾਂ ਨਿਮਾਜ਼ ਵਿਚ ਖਲੋਤੇ ਕਾਬਲ ਦੇ ਘੋੜੇ ਖਰੀਦ ਰਹੇ ਸਾਓ ਤੇ ਅਮਾਮ ਨੂੰ ਇਸ ਗੱਲ ਦੀ ਚਿੰਤਾ ਖਾ ਰਹੀ ਸੀ ਕਿ ਕਿਧਰੇ ਉਸ ਦੀ ਘੋੜੀ ਦਾ ਵਛੇਰਾ ਟੋਏ ਵਿਚ ਹੀ ਨਾ ਡਿੱਗ ਪਵੇ। ਅਜਿਹੀ ਨਿਮਾਜ਼ ਪੜ੍ਹਨ ਨਾਲੋਂ ਤਾਂ ਨਾ ਪੜ੍ਹਣੀ ਹੀ ਚੰਗੀ ਹੈ।' ਨਵਾਬ ਦੌਲਤ ਖ਼ਾਨ ਇਸ ਭੇਦ-ਭਰੀ ਗੱਲ ਤੇ ਹੈਰਾਨ ਰਹਿ ਗਿਆ ਤੇ ਸਿਰ ਝੁਕਾਇਆ।

SIKHBOOKCLUB.COM

ਮਹਿਮਾ ਪ੍ਰਕਾਸ਼ ਦੇ ਸ਼ਬਦ :

**ਸ਼ਬਦ ਸੁਨਾ ਜਬ ਖਾਨ, ਸੋਇਆ ਮਨ ਜਾਗਾ ਤਬੀ।**
**ਹੋਇ ਰਹਾ ਹੈਰਾਨ, ਭਈ ਮੁਹੱਬਤ ਰੱਬ ਕੀ।**

ਗੁਰੂ ਨਾਨਕ ਜੀ ਨੂੰ ਦੌਲਤ ਖ਼ਾਨ ਕਿਤਨਾ ਕੁ ਜਾਣ ਗਿਆ ਸੀ, ਇਸ ਦੀ ਉਦਾਹਰਨ ਉਹ ਵਾਰਤਾ ਹੈ ਜਦ ਆਪ ਜੀ ਤਿੰਨ ਦਿਨਾਂ ਬਾਅਦ ਵਾਪਸ ਸ਼ਹਿਰ ਆਏ। ਪਿਆਦੇ ਗੁਰੂ ਨਾਨਕ ਜੀ ਪਾਸ ਗਏ ਤੇ ਕਿਹਾ : 'ਖ਼ਾਨ ਬੁਲਾਂਦਾ ਹੈ।' ਗੁਰੂ ਨਾਨਕ ਜੀ ਨੇ ਫ਼ਰਮਾਇਆ, 'ਕਉਨ ਖ਼ਾਨ ਬੁਲਾਵਤਾ ਹੈ, ਮੈਂ ਦੌਲਤ ਖ਼ਾਨ ਨਾਲ ਕਿਆ ਹੈ। ਜਦ ਮੇਰਾ ਖ਼ਾਨ ਬੁਲਾਵੇਗਾ ਤਦ ਆਵਾਂਗੇ।' ਦੌਲਤ ਖ਼ਾਨ ਨੇ ਉਸ ਸਮੇਂ ਰਮਜ਼ ਸਮਝ ਲਈ ਤੇ ਆਦਮੀ ਹੱਥ ਅਖਵਾ ਭੇਜਿਆ : 'ਨਾਨਕ ਜੀ! ਖ਼ਾਨ ਕਹਿੰਦਾ ਹੈ ਜਿ ਰਜ਼ਾਇ ਖੁਦਾਇ ਏਕ ਈਹਾ ਆਓ। ਆਪਣਾ ਦੀਦਾਰ ਦੇਹ।' ਗੁਰੂ ਨਾਨਕ ਜੀ ਇਤਨਾ ਸੁਣ ਦੌਲਤ ਖ਼ਾਨ ਨੂੰ ਮਿਲਣ ਗਏ ਤੇ ਗੁਰੂ ਨਾਨਕ ਜੀ ਨੇ ਦੌਲਤ ਖ਼ਾਨ ਨੂੰ ਕਿਹਾ : 'ਤੇਰਾ ਨਾ ਕੋਈ ਏਥੇ ਹਿਸਾਬ ਲਏਗਾ, ਨਾ ਆਗੈ ਕੋਈ ਲਏਗਾ, ਤੂੰ ਖੁਦਾਇ ਖ਼ਲਾਸ ਕੀਤਾ ਹੈ' ਤਾਂ ਬਾਬੇ ਦੇ ਚਰਨਾਂ ਉੱਤੇ ਦੌਲਤ ਖ਼ਾਨ ਨੇ ਸਿਰ ਰੱਖਿਆ ਤੇ ਖ਼ਾਕ ਲੈ-ਲੈ ਮੱਥੇ ਲਗਾਈ।

# ੬

# *ਮਾਤਾ ਖੀਵੀ*
# ਜਿਸ ਬਹੁਤੀ ਛਾਉ ਪਤ੍ਰਾਲੀ

ਕਿਸੇ ਵੀ ਸਮਾਜ ਦੀ ਉਚਾਈ ਮਾਪਣ ਦਾ ਸਭ ਤੋਂ ਸਹੀ ਪੈਮਾਨਾ ਸਿਆਣਿਆਂ ਨੇ ਸਮਾਜ ਵਿਚ ਔਰਤ ਨੂੰ ਦਿੱਤਾ ਦਰਜਾ ਗਿਣਿਆ ਹੈ। ਜਿਸ ਸਮਾਜ ਵਿਚ ਨਾਰੀ ਨੂੰ ਢੋਰ, ਪਸ਼ੂ ਤੇ ਗਵਾਰ ਨਾਲ ਤੁਲਨਾ ਦੇ ਕੇ ਤਾੜਨ ਦਾ ਅਧਿਕਾਰੀ ਕਿਹਾ ਜਾਂਦਾ ਹੋਵੇ, ਉਹ ਸਮਾਜ ਕਿਸੇ ਵੀ ਪੱਖੋਂ ਉੱਚਾ ਨਹੀਂ ਕਿਹਾ ਜਾ ਸਕਦਾ ਹੈ। ਜਿੱਥੇ ਔਰਤ ਨੂੰ 'ਗੁਨਾਹਾਂ ਦੀ ਪੰਡ' ਤੇ 'ਕੁਦਰਤ ਦੀ ਮਜ਼ੇਦਾਰ ਗਲਤੀ' ਆਖ ਕੇ ਖਿਲੀ ਉਡਾਈ ਜਾਂਦੀ ਹੋਵੇ, ਉਹ ਸਮਾਜ ਨਿੰਦਾ ਦਾ ਹੀ ਪਾਤਰ ਹੈ। ਗੁਰੂ ਨਾਨਕ ਦੇਵ ਜੀ ਜਿੱਥੇ ਧਰਮਾਂ, ਵਰਨਾਂ, ਨਸਲਾਂ, ਕੌਮਾਂ, ਬੋਲੀਆਂ ਤੇ ਵਿਤਕਰੇ ਮੇਟਣ ਆਏ ਸਨ, ਉਥੇ ਉਹ ਜਿਨਸਾਂ ਦੇ ਵਿਖੇਵੇਂ ਵੀ ਮਿਟਾ ਕੇ ਗਏ। ਉਨ੍ਹਾਂ ਨੇ, ਜਿਸ ਬਰਤਨ ('ਭਾਂਡੇ, ਭੰਡਿ') ਵਿਚੋਂ ਖਾਂਦੇ ਹੋ, ਉਸੇ ਵਿਚ ਛੇਕ ਕਰਨ ਦੀ ਨੀਤੀ ਨੂੰ ਅਤਿ ਮਾੜਾ ਆਖਿਆ। ਜਿਸ ਭਾਂਡੇ ਕਾਰਨ ਉਹ ਹੋਂਦ ਵਿਚ ਆਇਆ, ਉਸ ਦੇ ਵਿਰੁੱਧ ਕੁਬੋਲ ਬੋਲਣ ਤੋਂ ਆਪ ਜੀ ਨੇ ਧਰਮ ਦੇ ਰਾਖੇ ਆਗੂਆਂ ਨੂੰ ਵਰਜਿਆ। ਉਹਨਾਂ ਉੱਚੀ ਆਵਾਜ਼ ਨਾਲ ਉਸ ਧਿਙਾਣੇ ਦਾ ਜ਼ਿਕਰ ਕੀਤਾ, ਜੋ ਪੁਰਸ਼ ਨਾਰੀ ਉੱਤੇ ਕਰ ਰਿਹਾ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਰਾਖਵੇਂ ਢੰਗ ਨਾਲ ਬ੍ਰਾਹਮਣ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਕ ਪਾਸੇ ਤੁਸੀਂ ਲੋਕ ਰਾਜਿਆਂ ਨੂੰ ਨਹਿਕਲੰਕੀ ਆਖਦੇ ਨਹੀਂ ਥੱਕਦੇ ਤੇ ਦੂਜੇ ਪਾਸੇ ਰਾਜੇ ਨੂੰ ਜਨਮ ਦੇਣ ਵਾਲੀ ਨੂੰ ਕਲੰਕਣੀ ਕਹਿੰਦੇ ਹੋ, ਇਹ ਕਿਵੇਂ ਫੱਬਦਾ ਹੈ? ਗੁਰੂ ਨਾਨਕ ਦੇਵ ਜੀ ਜਿਸ ਸਮਾਜ ਦੀ ਉਸਾਰੀ ਕਰ ਰਹੇ ਸਨ, ਉਸ ਵਿਚ ਇਸਤਰੀ ਨਿੰਦੀ ਨਹੀਂ, ਸਗੋਂ ਸਤਿਕਾਰੀ ਜਾਏਗੀ ਤੇ ਯੋਗ ਥਾਂ ਪਾਏਗੀ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਇਸੇ ਪਾਸੇ ਦਾ ਇਕ ਭਾਵਪੂਰਤ ਫ਼ਰਮਾਨ ਸੀ। ਉਸ ਹੁਕਮ ਦਾ ਪ੍ਰਤੱਖ ਰੂਪ ਸਤੈ ਤੇ ਬਲਵੰਡ ਜੀ ਦੀ ਆਖੀ ਰਾਮਕਲੀ ਦੀ ਵਾਰ ਵਿਚ ਦੇਖਿਆ ਜਾ ਸਕਦਾ ਹੈ।

ਜੇ ਮੈਂ ਭੁੱਲਦਾ ਨਹੀਂ ਤਾਂ ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਤੇ ਭਗਤ ਤੋਂ ਇਲਾਵਾ ਕਿਸੇ ਦੀ ਉਪਮਾ ਨਹੀਂ ਹੈ। ਸਿਰਫ਼ ਦੋ ਥਾਵੇਂ, ਇਕ ਰਾਮਕਲੀ ਦੀ ਵਾਰ ਜੋ ਡੂਮ ਸਤੇ ਤੇ ਰਾਇ ਬਲਵੰਡ ਜੀ ਨੇ ਆਖੀ ਹੈ ਤੇ ਦੂਜੇ 'ਰਾਮਕਲੀ ਸਦ' ਵਿਚ 'ਗੁਰੂ-ਪਤਨੀ ਤੇ ਗੁਰੂ-ਸੰਤਾਨ ਦੀ ਉਪਮਾ ਹੈ। ਰਾਮਕਲੀ ਸਦ ਵਿਚ 'ਮੋਹਰੀ ਪੁਤ ਸਨਮੁਖ ਹੋਇਆ' ਕਹਿ

ਕੇ ਸਤਿਕਾਰਿਆ ਹੈ ਤੇ ਬਲਵੰਡ ਜੀ ਨੇ ਪੂਰੀ ਇਕ ਪਉੜੀ ਗੁਰੂ ਅੰਗਦ ਸਾਹਿਬ ਦੀ ਸੁਪਤਨੀ ਦੀ ਉਪਮਾ ਵਿਚ ਲਿਖੀ ਹੈ। ਬਲਵੰਡ ਜੀ ਨੇ ਪਹਿਲੀਆਂ ਦੋ ਪਉੜੀਆਂ ਵਿਚ ਗੁਰੂ ਨਾਨਕ ਜੀ ਦੀ ਉਸ ਵਡਿਆਈ ਦਾ ਵਰਣਨ ਕੀਤਾ ਹੈ, ਜਿਸ ਅਨੁਸਾਰ ਉਹਨਾਂ ਆਪਣੇ ਸੇਵਕ ਬਾਬਾ ਲਹਿਣਾ ਜੀ ਅੱਗੇ ਮੱਥਾ ਟੇਕਿਆ ਤੇ ਆਪਣੇ ਜਿਉਂਦਿਆਂ ਹੀ ਗੁਰ-ਗੱਦੀ ਬਖ਼ਸ਼ੀ। ਦੂਜੀ ਪਉੜੀ ਵਿਚ ਬਲਵੰਡ ਜੀ, ਬਾਬਾ ਲਹਿਣਾ ਜੀ ਨੇ ਜਿਵੇਂ ਗੁਰੂ ਨਾਨਕ ਸਾਹਿਬ ਦੇ ਫ਼ਰਮਾਏ ਹੋਏ ਹੁਕਮਾਂ ਨੂੰ ਕਮਾਇਆ ਦੱਸਦੇ ਹਨ : ਉਹ ਸਿਲ ਅਲੂਣੀ ਚੱਟਾਣ ਵਾਂਗ ਬੜੀ ਕਰੜੀ ਕਾਰ ਹੈ, ਪਰ ਗੁਰੂ ਜੀ ਉਸ ਨੂੰ ਬੜੀ ਆਸਾਨੀ ਨਾਲ ਨਿਭਾ ਰਹੇ ਹਨ। ਬਾਬਾ ਲਹਿਣਾ ਜੀ ਅਕਾਲ ਪੁਰਖ ਵਲੋਂ ਮਿਲੀ ਨਾਮ-ਦਾਤਿ ਵੰਡ ਰਹੇ ਹਨ, ਆਪ ਵੀ ਵਰਤਦੇ ਹਨ ਤੇ ਹੋਰਨਾਂ ਨੂੰ ਵੀ ਖੁੱਲ੍ਹੇ ਹੱਥੀਂ ਵੰਡ ਰਹੇ ਹਨ। ਗੁਰੂ-ਸ਼ਬਦ ਦਾ ਲੰਗਰ ਚੱਲ ਰਿਹਾ ਹੈ ਪਰ ਗੁਰੂ ਅੰਗਦ ਜੀ ਦੀ ਨਾਮ ਕਮਾਈ ਵਿਚ ਕੋਈ ਘਾਟਾ ਨਹੀਂ ਪੈਂਦਾ। ਤੀਜੀ ਪਉੜੀ ਵਿਚ ਬਲਵੰਡ ਜੀ ਹੁਣ ਦੂਜੇ ਲੰਗਰ ਦਾ ਜ਼ਿਕਰ ਕਰਦੇ ਹਨ। ਜੇ ਉਧਰ ਸ਼ਬਦ ਦੀ ਦੌਲਤ ਗੁਰੂ ਅੰਗਦ ਜੀ ਖੁਲ੍ਹੇ ਹੱਥੀਂ ਵੰਡ ਰਹੇ ਸਨ ਤਾਂ ਇਧਰ ਉਨ੍ਹਾਂ ਦੀ ਧਰਮ ਪਤਨੀ 'ਮਾਤਾ ਖੀਵੀ' ਜੀ ਦੀ ਸੇਵਾ ਸਦਕਾ ਲੰਗਰ ਵਿਚ ਸਭ ਨੂੰ ਘਿਉ ਵਾਲੀ ਖੀਰ ਵੰਡੀ ਜਾ ਰਹੀ ਹੈ। ਕੈਸੀ ਸਮ-ਦ੍ਰਿਸ਼ਟੀ ਹੈ, ਮਾਤਾ ਖੀਵੀ ਜੀ ਦੀ। ਕਿਤਨਾ ਉਦਾਰ-ਚਿਤ ਹੈ, ਉਹਨਾਂ ਦਾ ਸੁਭਾਉ। ਕਿਤਨੇ ਮਿੱਠੇ ਹਨ ਉਨ੍ਹਾਂ ਦੇ ਬਚਨ। ਕਿਤਨੀ ਕਰੜੀ ਹੈ ਉਹਨਾਂ ਦੀ ਘਾਲ।" 'ਖਸਮ (ਗੁਰੂ ਅੰਗਦ) ਦੇ ਦਰ ਓਹ ਤਾਂ ਹੀ ਕਬੂਲ ਹੋਏ ਜਦ ਉਹਨਾਂ ਇਸਤਰੀ ਹੋ ਕੇ ਮਰਦਾਂ ਵਾਲੀ ਘਾਲ ਘਾਲੀ। ਅਸਲ ਗੱਲ ਇਹ ਹੈ ਕਿ ਉਹਨਾਂ ਦਾ ਪਤੀ ਗੁਰੂ ਅੰਗਦ ਦੇਵ ਜੀ ਹੀ ਐਸਾ ਸੀ, ਜਿਸ ਨੇ ਸਾਰੀ ਧਰਤੀ ਦਾ ਭਾਰ ਚੁੱਕ ਲਿਆ ਹੋਇਆ ਸੀ' :

**"ਪਵੈ ਕਬੂਲੁ ਖਸੰਮ ਨਾਲਿ, ਜਾਂ ਘਾਲ ਮਰਦੀ ਘਾਲੀ।**
**ਮਾਤਾ ਖੀਵੀ ਸਹੁ ਸੋਇ, ਜਿਨਿ ਗੋਇ ਉਠਾਲੀ"॥ ੩॥**

ਬਲਵੰਡ ਜੀ ਦੇ ਆਪਣੇ ਸ਼ਬਦਾਂ ਵਿਚ, 'ਮਾਤਾ ਖੀਵੀ ਜੀ ਆਪਣੇ ਪਤੀ ਵਾਂਗ ਬਹੁਤ ਭਲੇ ਹਨ, ਮਾਤਾ ਜੀ ਦੀ ਛਾਂ ਬਹੁਤ ਪੱਤ੍ਰਾਂ ਵਾਲੀ ਹੈ, ਸੰਘਣੀ ਹੈ। ਜਿਵੇਂ ਮਾਂ ਦੀ ਠੰਢੀ ਛਾਂ ਹੈ, ਇਸੇ ਤਰ੍ਹਾਂ ਉਨ੍ਹਾਂ ਪਾਸ ਬੈਠਿਆਂ ਵੀ ਹਿਰਦੇ ਵਿਚ ਸ਼ਾਂਤੀ ਤੇ ਠੰਢ ਪੈਂਦੀ ਹੈ, ਜਿਵੇਂ ਗੁਰੂ ਅੰਗਦ ਦੇਵ ਜੀ ਸਤਿਸੰਗ ਰੂਪੀ ਲੰਗਰ ਵਿਚ ਨਾਮ ਦੀ ਦੌਲਤ ਵੰਡੀ ਜਾ ਰਹੇ ਸਨ, ਆਤਮਕ ਜੀਵਨ ਦੇਣ ਵਾਲਾ ਨਾਮ ਰਸ ਵੰਡ ਰਹੇ ਹਨ। ਤਿਵੇਂ ਮਾਤਾ ਜੀ ਦੀ ਸੇਵਾ ਸਦਕਾ ਸਾਰਿਆਂ ਨੂੰ ਘਿਓ ਵਾਲੀ ਖੀਰ ਮਿਲ ਰਹੀ ਹੈ। ਜੋ ਮਾਤਾ ਜੀ ਦੇ ਨੇੜੇ ਆਉਂਦੇ ਹਨ, ਉਨ੍ਹਾਂ 'ਗੁਰ ਸਿੱਖਾਂ ਦੇ ਮੱਥੇ ਖਿੜ ਜਾਂਦੇ ਹਨ ਤੇ ਈਰਖਾਲੂਆਂ-ਬੇਮੁੱਖਾਂ ਦੇ ਮੂੰਹ ਪੀਲੇ ਪੈ ਰਹੇ ਹਨ' :

**'ਬਲਵੰਡ ਖੀਵੀ ਨੇਕ ਜਨ, ਜਿਸ ਬਹੁਤੀ ਛਾਉ ਪਤ੍ਰਾਲੀ॥**
**ਲੰਗਰ ਦਉਲਤਿ ਵੰਡੀਐ, ਰਸੁ ਅੰਮ੍ਰਿਤ ਖੀਰਿ ਘਿਆਲੀ॥**
**ਗੁਰ ਸਿਖਾਂ ਕੇ ਮੁਖ ਉਜਲੇ, ਮਨਮੁਖ ਥੀਏ ਪਰਾਲੀ॥'**

(ਪੰਨਾ ੯੬੭, ਗੁਰੂ ਗ੍ਰੰਥ ਸਾਹਿਬ)

ਸੋ ਇਹ ਯੋਗ ਹੋਵੇਗਾ ਕਿ ਉਸ 'ਨੇਕ-ਜਨ' 'ਸੰਘਣੀ ਛਾਂ ਵਾਲੀ', ਮਰਦਾਂ ਵਾਲੀ

ਘਾਲ ਘਾਲਣ ਵਾਲੀ, ਗੁਰੂ ਪਤਨੀ, ਮਾਤਾ ਖੀਵੀ ਜੀ ਦੇ ਜੀਵਨ, ਕਰਮ, ਸੁਭਾਉ ਤੇ ਦ੍ਰਿੜ੍ਹਤਾ ਉੱਤੇ ਇਕ ਨਜ਼ਰ ਮਾਰੀ ਜਾਏ।

ਮਾਤਾ ਖੀਵੀ ਦਾ ਜਨਮ ਖਡੂਰ ਦੇ ਲਾਗੇ *ਸੰਘਰ ਵਿਖੇ ਭਾਈ ਦੇਵੀ ਚੰਦ ਖੱਤਰੀ* ਦੇ ਘਰ ਹੋਇਆ। ਦੇਵੀ ਚੰਦ ਜੀ ਇਕ ਵੱਡੇ ਹਟਵਾਣੀਏ ਤੇ ਸ਼ਾਹੂਕਾਰ ਸਨ। ਵੀਰਾਈ ਸੀ, ਜੋ ਚੌਧਰੀ ਤੱਖ਼ਤ ਮੱਲ, ਮੱਤੇ ਦੀ ਸਰਾਂ ਵਾਲਿਆਂ ਦੀ ਪੁੱਤਰੀ ਸੀ, ਨੇ ਖੀਵੀ ਜੀ ਦਾ ਰਿਸ਼ਤਾ ਭਾਈ ਲਹਿਣਾ ਜੀ ਨਾਲ ਪੱਕਾ ਕਰਾ ਦਿੱਤਾ। ਮਹਾਨਕੋਸ਼ ਦੇ ਵਿਦਵਾਨ ਲਿਖਾਰੀ ਅਨੁਸਾਰ ਮਾਤਾ ਖੀਵੀ ਜੀ ਦੀ ਸ਼ਾਦੀ ਸੰਨ ੧੫੧੯ ਈ: ਵਿਚ ਹੋਈ। ਜਦ ਕੁਝ ਕਾਰਨਾਂ ਕਰਕੇ ਚੌਧਰੀ ਤੱਖ਼ਤ ਮਲ ਨੇ ਭਾਈ ਲਹਿਣਾ ਜੀ ਦੇ ਪਿਤਾ ਬਾਬਾ ਫੇਰੂ ਜੀ ਨੂੰ ਨੌਕਰੀ ਤੋਂ ਅੱਡ ਕਰ ਦਿੱਤਾ ਤਾਂ ਭਾਈ ਦੇਵੀ ਚੰਦ ਜੀ ਨੇ ਬਾਬਾ ਫੇਰੂ ਜੀ ਤੇ ਭਾਈ ਲਹਿਣਾ ਜੀ ਨੂੰ ਸੰਘਰ ਹੀ ਲੈ ਆਂਦਾ। ਬਾਬਾ ਫੇਰੂ ਜੀ ਨੇ ਹਰੀਕੇ ਪੱਤਣ ਦੁਕਾਨ ਪਾ ਲਈ ਪਰ ਛੇਤੀ ਹੀ ਖਡੂਰ ਮੁੜ ਆਏ ਤੇ ਸ਼ਾਹੂਕਾਰਾ ਕਰਨ ਲੱਗੇ ਅਤੇ ਨਾਲ ਦੁਕਾਨ ਵੀ ਰੱਖੀ। ੧੫੨੬ ਈ: ਨੂੰ ਬਾਬਾ ਫੇਰੂ ਜੀ ਚੜ੍ਹਾਈ ਕਰ ਗਏ ਤੇ ਸਾਰਾ ਕੰਮ-ਕਾਜ ਭਾਈ ਲਹਿਣਾ ਜੀ ਨੇ ਸੰਭਾਲ ਲਿਆ। ਬਾਬਾ ਫੇਰੂ ਜੀ ਨਾ ਸਿਰਫ਼ ਦੇਵੀ ਭਗਤ ਸਨ, ਸਗੋਂ ਹਰ ਸਾਲ ਪਹਾੜਾਂ ਵਾਲੀ ਦੇਵੀ ਦੇ ਦਰਸ਼ਨ ਨੂੰ ਜੱਥਾ ਵੀ ਲੈ ਜਾਂਦੇ ਸਨ ਅਤੇ ਉਸ ਸੰਗ ਦੇ ਜਥੇਦਾਰ ਵੀ ਸਨ। ਪਿਤਾ ਦੀ ਮੌਤ ਉਪਰੰਤ ਜਿੱਥੇ ਘਰ ਦੀ ਜ਼ਿੰਮੇਵਾਰੀ ਉਹਨਾਂ ਉੱਤੇ ਪਈ, ਉਥੇ ਸੰਗ ਨੂੰ ਲੈ ਜਾਣ ਦੀ ਜਥੇਦਾਰੀ ਵੀ ਉਨ੍ਹਾਂ ਸਿਰ ਆਈ। ਉਹ ਕਈ ਸਾਲ ਉਸ ਜ਼ਿੰਮੇਵਾਰੀ ਨੂੰ ਨਿਭਾਉਂਦੇ ਰਹੇ। ਇਕ ਵਾਰੀ ਖਡੂਰ ਸਾਹਿਬ ਵਿਖੇ ਹੀ ਭਾਈ ਜੋਧ ਜੀ ਦੇ ਮੁੱਖੋਂ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਕਰਤਾਰਪੁਰ ਜਾਣ ਦੀ ਵਿਚਾਰ ਬਣਾਈ। ਸੰਗ ਦੇ ਸਾਥੀਆਂ ਨੂੰ ਰਾਹ ਵਿਚ ਛੱਡ ਕੇ ਕਰਤਾਰਪੁਰ ਆਏ ਤੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਕੇ ਉਥੇ ਹੀ ਟਿਕਣ ਦਾ ਮਨ ਬਣਾ ਲਿਆ। ਇਹ ਸੰਕਲਪ ਉਨ੍ਹਾਂ ੧੫੩੨ ਈ: ਵਿਚ ਕੀਤਾ। ਭਾਈ ਦਾਸੂ ਜੀ ਤੇ ਬੀਬੀ ਅਮਰੋ ਜੀ ਦਾ ਜਨਮ ਹੋ ਚੁੱਕਾ ਸੀ। ਜੱਥਾ ਜੰਮੂ ਤੋਂ ਪਹਾੜ ਵਾਲੀ ਦੇਵੀ ਦੇ ਦਰਸ਼ਨ ਕਰ ਖਡੂਰ ਮੁੜ ਆਇਆ। ਪਰ ਜਥੇਦਾਰ ਨਾਲ ਨਾ ਦੇਖ ਜੋ ਕਿਸੇ ਦੇ ਮੂੰਹ ਵਿਚ ਆਇਆ, ਬਾਬਾ ਲਹਿਣਾ ਜੀ ਲਈ ਕਿਹਾ ਕਿ 'ਤੇਰਾ ਪਤੀ, ਤੇਰਾ ਸਾਥ ਛੱਡ ਕਰਤਾਰਪੁਰ ਦਾ ਹੋ ਗਿਆ।' ਉਸ ਸਮੇਂ ਮਾਤਾ ਖੀਵੀ ਜੀ ਦਾ ਸਿਦਕ ਦੇਖਣ ਵਾਲਾ ਸੀ। ਠੰਢੇ ਸੁਭਾਓ ਦੀ ਮੂਰਤ ਖੀਵੀ ਅਡੋਲ ਰਹੀ। ਜਦ ਫਿਰ ਸਾਰਿਆਂ ਲਾ-ਲਾ ਕੇ ਕਿਹਾ, 'ਲਹਿਣਾ' (ਜੀ) ਕਰਤਾਰਪੁਰ ਹੀ ਨਾਨਕ ਦੇ ਪਾਸ ਰਹਿ ਪਿਆ ਈ, ਸੰਗ ਨੂੰ ਜਵਾਬ ਦੇ ਦਿੱਤਾ ਸੂ। ਆਪ ਸਾਧ ਹੋ ਕੇ ਬਹਿ ਗਿਆ ਈ ਅਤੇ ਤਪੇ ਦੇ ਦੁਆਰੇ ਹੀ ਧੂਣੀ ਰਮਾ ਲਈ ਸੂ ਤਾਂ ਖੀਵੀ ਜੀ ਨੇ ਸਿਰਫ਼ ਇਹ ਹੀ ਆਖਿਆ : *'ਜੇ ਉਹ ਗੋਦੜੀ ਪਾਏਗਾ ਤਾਂ ਲੀਰਾਂ ਹੰਢਾਸਾਂ, ਜਿਸ ਹਾਲ ਰੱਖੇਗਾ, ਉਸ ਹਾਲ ਹੀ ਰਵ੍ਹਾਂਗੀ।'* ਜਦ ਗੁਰੂ ਨਾਨਕ ਜੀ ਨੇ ਕਰਤਾਰਪੁਰ ਤੋਂ ਘਰ ਖਡੂਰ ਦੀ ਸਾਰ ਲੈਣ ਲਈ ਭੇਜਿਆ ਤਾਂ ਮਾਤਾ ਖੀਵੀ ਜੀ, ਜੋ ਸਿੱਖ ਇਤਿਹਾਸ ਵਿਚ 'ਪਤੀ ਪਰੇਮਣ' ਕਰ ਕੇ ਪ੍ਰਸਿੱਧ ਸਨ, ਨੇ ਸਾਫ਼ ਦੇਖ ਲਿਆ ਕਿ ਉਹਨਾਂ ਦਾ ਦਿਲ ਘਰ ਦੇ ਕੰਮਾਂ ਵਿਚ ਨਹੀਂ ਲੱਗਦਾ ਤੇ ਦੁਕਾਨ ਦਾ ਸਾਰਾ ਕੰਮ ਵੀ ਆਪਣੇ ਭਣੇਵੇਂ ਨੂੰ ਸੌਂਪ ਰਹੇ ਹਨ ਤਾਂ ਆਪ ਜੀ ਨੇ ਸਿਰਫ਼ ਇਤਨਾ ਹੀ ਕਿਹਾ : ਬਾਹਰ ਨਾ ਜਾਓ, ਘਰ ਰਹਿ ਜੋਗ ਕਮਾਓ,

ਜਿਵੇਂ ਤੁਸੀਂ ਆਖੋਗੇ ਮੈਂ ਉਸੇ ਤਰ੍ਹਾਂ ਟੁਰਾਂਗੀ, ਤੁਹਾਡੇ ਤਪ ਵਿਚਕਾਰ ਰੋੜਾ ਨਾ ਅਟਕਾਸਾਂ।" ਉਸ ਸਮੇਂ ਭਾਈ ਲਹਿਣਾ ਜੀ ਨੇ ਕਿਹਾ : 'ਜਿਸ ਪਾਸ ਮੈਂ ਚਲਿਆ ਹਾਂ, ਉਹ ਜੋਗੀ, ਜੰਗਮ, ਸੰਨਿਆਸੀ ਸਰੇਵੜਾ ਨਹੀਂ, ਉਸ ਨੇ ਗ੍ਰਿਹਿਸਤ ਵਿਚ ਉਦਾਸੀ ਦਾ ਰਾਹ ਦਿਖਾਇਆ ਹੈ, ਪ੍ਰੇਮ ਹੱਥ ਵਿਕਿਆ ਹਾਂ।' ਮਾਤਾ ਜੀ ਨੇ ਉਥੇ ਕਿਸੇ ਪ੍ਰਕਾਰ ਦੀ ਰੋਕ ਨਾ ਪਾਈ। ਬੱਚੇ ਭਾਵੇਂ ਬਹੁਤ ਛੋਟੇ ਸਨ ਪਰ ਸਾਰਾ ਭਾਰ ਮਾਤਾ ਜੀ ਨੇ ਆਪਣੇ ਸਿਰ ਉੱਤੇ ਚੁੱਕ ਲਿਆ। ਉਸ ਸਮੇਂ ਮਾਤਾ ਖੀਵੀ ਜੀ ਦੀ ਕੁਰਬਾਨੀ ਕੋਈ ਘੱਟ ਨਹੀਂ ਸੀ। ਖੀਵੀ ਜੀ ਨੂੰ ਉਸ ਸਮੇਂ ਇਹ ਨਹੀਂ ਸੀ ਪਤਾ ਕਿ 'ਦੀਨ-ਦੁਨੀ' ਦਾ ਛਤਰ ਉਸੇ ਦੇ ਪਤੀ ਉੱਤੇ ਝੁਲਣਾ ਹੈ। ਖ਼ੁਸ਼ੀ ਨਾਲ ਉਨ੍ਹਾਂ ਨੂੰ ਭੇਜਣ ਤੇ ਉਹਨਾਂ ਦੀਆਂ ਖੜਾਵਾਂ ਪੂਜਾ ਲਈ ਮੰਗ ਲੈਣੀਆਂ ਉਨ੍ਹਾਂ ਦੀ ਦ੍ਰਿੜ੍ਹਤਾ ਦਰਸਾਉਂਦਾ ਹੈ।

ਅਗਲੇ ਸੱਤ ਸਾਲ ੧੫੩੨ ਤੋਂ ੧੫੩੯, ਉੱਧਰ ਕਰਤਾਰਪੁਰ ਵੱਲ ਬਾਬਾ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਵਲੋਂ ਪਾਏ ਹਰ ਪਰਚੇ ਨੂੰ ਸਫ਼ਲਤਾ ਨਾਲ ਹੱਲ ਕਰ ਕੇ ਉਨ੍ਹਾਂ ਦਾ ਅੰਗ ਬਣ ਰਹੇ ਸਨ ਤਾਂ ਇਧਰ ਮਾਤਾ ਖੀਵੀ ਜੀ ਹੁਣ ਸਥੂਲ ਪੂਜਾ ਦੀ ਥਾਂ ਸੇਵਾ, ਸ਼ਬਦ ਤੇ ਸੰਗਤ ਵਿਚ ਲੀਨ ਹੋ ਰਹੇ ਸਨ।

ਬਾਬਾ ਲਹਿਣਾ ਜੀ ਦੀ ੧੫੩੯ ਈ: ਨੂੰ ਘਾਲ ਥਾਂ ਪਈ ਤੇ ਗੁਰੂ ਨੇ ਚੇਲੇ ਦੀ ਰਹਿਰਾਸ ਕੀਤੀ ਤੇ 'ਅੰਗਦ' ਬਣਾ ਕੇ ਟੋਰਿਆ ਤੇ ਖਡੂਰ ਜਾਣ ਦੀ ਆਗਿਆ ਦਿੱਤੀ। ਸ਼ਬਦ ਦਾਤ ਲੈ ਕੇ ਗੁਰੂ ਅੰਗਦ ਦੇਵ ਜੀ ਖਡੂਰ ਮੁੜ ਆਏ।

ਗੁਰੂ ਪਦਵੀ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਉੱਤੇ ਸਭ ਤੋਂ ਵੱਡੀ ਜ਼ਿੰਮੇਵਾਰੀ 'ਨਵ-ਜਨਮੇ' ਸਿੱਖੀ ਦੇ ਬੂਟੇ ਨੂੰ, ਜਿਸ ਦਾ ਬੀਜ ਗੁਰੂ ਨਾਨਕ ਜੀ ਦੂਰ-ਦੂਰ ਤੱਕ ਪਾ ਆਏ ਸਨ, ਸੰਭਾਲਣਾ ਸੀ। ਗੁਰੂ-ਸੰਤਾਨ, ਸੰਨਿਆਸੀਆਂ, ਸਿੱਧਾਂ, ਪਰੋਹਿਤਾਂ ਤੇ ਇਲਾਕੇ ਦੇ ਹੁਕਮਰਾਨਾਂ ਅਤੇ ਸਮੇਂ ਦੇ ਬਾਦਸ਼ਾਹ ਤੋਂ ਬਚਾਉਣਾ ਸੀ। ਤਖ਼ਤ ਉੱਤੇ ਬੈਠਦੇ ਸਾਰ ਹੀ ਹਮਾਯੂੰ ਬਾਦਸ਼ਾਹ ਸ਼ੇਰ ਸ਼ਾਹ ਕੋਲੋਂ ਭਾਂਜ ਖਾ ਕੇ ਆਇਆ। ਗੁਰੂ ਜੀ ਲੜਕਿਆਂ ਵਿਚ ਪਰਚੇ ਹੋਏ ਸਨ ਸੋ ਉਸ ਵੱਲ ਧਿਆਨ ਨਾ ਗਿਆ। ਉਸ ਨੇ ਤਲਵਾਰ ਦੇ ਕਬਜ਼ੇ ਤੇ ਹੱਥ ਰੱਖ ਕੇ ਚਾਹਿਆ ਕਿ ਗੁਰੂ ਜੀ ਨੂੰ ਸ਼ਹੀਦ ਕਰ ਦੇਵੇ। ਅਚਾਨਕ ਕਬਜ਼ਾ ਉਸ ਦੇ ਹੱਥ ਨਾਲ ਚਿਮਟ ਗਿਆ ਤੇ ਗੁਰੂ ਜੀ ਨੇ ਫ਼ਰਮਾਇਆ "ਜਿਸ ਵੇਲੇ ਤਲਵਾਰ ਚਲਾਉਣ ਦਾ ਸਮਾਂ ਸੀ, ਤੈਥੋਂ ਕੁਝ ਨਾ ਬਣਿਆ, ਹੁਣ ਫ਼ਕੀਰਾਂ ਤੇ ਤਲਵਾਰ ਕੱਢਣ ਜਾਂ ਹੱਥ ਉਠਾਉਣ ਦਾ ਕੀ ਭਾਵ ?" ਹਮਾਯੂੰ ਨੇ ਬਚਨ ਸੁਣ ਕੇ ਗੁਰੂ ਜੀ ਦੇ ਚਰਨ ਫੜ ਲਏ ਤੇ ਮਿੰਨਤ ਤਰਲਾ ਕੀਤਾ। ਗੁਰੂ ਜੀ ਨੇ ਸਬਰ ਤੇ ਜੇਰੇ ਦਾ ਉਪਦੇਸ਼ ਦਿੱਤਾ।[1]

ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ ਕਿਹਾ :

**'ਸ਼ੇਰ ਸ਼ਾਹ ਸੌਂ ਕਛੁ ਨ ਬਸਾਯੋ।**
**ਖੜਗ ਹਤਨ ਹਮ ਪਰ ਚਲਿ ਆਯੋ। ੫੭।**
**ਕਾਦਿਰ ਭਯੋ ਭਾਜ ਕਰ ਆਵਾ।**
**ਹਮਹਿ ਸੂਰਤਾ ਚਹੈਂ ਦਿਖਾਵਾ।'** (ਰਾਸ ੧, ਅੰਸ ੧੦)

1. ਤਾਰੀਖ਼-ਇ-ਪੰਜਾਬ ਕ੍ਰਿਤ ਕਨ੍ਹਈਆ ਲਾਲ।

 www.sikhbookclub.com

ਉਸ ਜਦ ਹੱਥ ਜੋੜ ਪੁੱਛਿਆ ਕਿ ਉਸ ਨਾਲ ਐਸਾ ਕਿਉਂ ਹੋਇਆ ਹੈ। ਦਰ-ਬ-ਦਰ ਕਿਉਂ ਹੋਇਆ ਹਾਂ ਤਾਂ ਜੁਰਅਤ ਦੀ ਮੂਰਤ ਗੁਰੂ ਅੰਗਦ ਦੇਵ ਜੀ ਨੇ ਫ਼ਰਮਾਇਆ :

**'ਕਛੁ ਬਿਅਦਲੀ ਕੀਨ ਮਹਾਨੀ।**
**ਯਾਂ ਤੇ ਭਯੋ ਤੋਹਿ ਤ੍ਰਿਸਕਾਰਾ।'**

ਗੁਰੂ ਅੰਗਦ ਦੇਵ ਜੀ ਇਹ ਜਾਣਦੇ ਸਨ ਕਿ ਜੇ ਸਿੱਖੀ ਦੀ ਜੜ੍ਹ ਪੱਕੀ ਹੋ ਗਈ ਤਾਂ ਫਿਰ ਕੋਈ ਵੱਡੇ ਤੋਂ ਵੱਡਾ ਹੱਲਾ ਇਸ ਨੂੰ ਹਿਲਾ ਨਹੀਂ ਸਕੇਗਾ। ਸ਼ਾਇਦ ਇਹ ਹੀ ਕਾਰਨ ਲੱਗਦਾ ਹੈ ਕਿ ਆਪ ਜੀ ਨੇ ਪੱਕੀ ਮਜਬੂਤ ਵਾੜੀ ਲੱਗਣ ਤੱਕ ਕੋਈ ਉਦਾਸੀ ਜਾਂ ਪ੍ਰਚਾਰ ਦਾ ਦੌਰਾ ਨਾ ਕੀਤਾ। ਇਹ ਇਤਿਹਾਸਕ ਸੱਚਾਈ ਹੈ ਕਿ ਆਪ ਜੀ ਗੁਰੂ ਪਦਵੀ ਸੰਭਾਲਣ ਉਪਰੰਤ ਹਰੀਕੇ ਪੱਤਣ ਤੋਂ ਅੱਗੇ ਵੀ ਨਹੀਂ ਗਏ। ਜਿੱਥੇ ਗੁਰੂ ਨਾਨਕ ਜੀ ਨੇ ਇਕ ਅੰਦਾਜ਼ੇ ਮੁਤਾਬਿਕ ਤੀਹ ਹਜ਼ਾਰ ਮੀਲ ਦਾ ਪੈਦਲ ਸਫ਼ਰ ਕੀਤਾ ਸੀ, ਉਥੇ ਗੁਰੂ ਅੰਗਦ ਜੀ ਦਾ ਇਕ ਥਾਵੇਂ ਟਿਕ ਬੈਠਣਾ ਬੂਟੇ ਦੀ ਰਾਖੀ ਕਰਨ ਦਾ ਢੰਗ ਹੀ ਦੱਸਦਾ ਹੈ। ਇਹ ਵੀ ਆਪਣੇ ਆਪ ਵਿਚ ਇਕ ਬਹੁਤ ਵੱਡੀ ਕੁਰਬਾਨੀ ਸੀ। ਸ਼ਬਦ ਤੇ ਸਾਖੀ ਦੀ ਸੰਭਾਲ ਉਨ੍ਹਾਂ ਦੇ ਹੋਰ ਵੱਡੇ ਕਾਰਨਾਮੇ ਸਨ। ਉਸ ਸਮੇਂ ਧਰਮ-ਵਾੜੀ ਦੀ ਸੰਭਾਲ ਜੇ ਉਹ ਆਪ ਕਰ ਰਹੇ ਸਨ ਤਾਂ ਗੁਰੂ ਸੰਗਤ ਵਾੜੀ ਦੀ ਦੇਖ-ਭਾਲ ਮਾਤਾ ਖੀਵੀ ਜੀ ਨੇ ਆਪਣੇ ਜ਼ਿੰਮੇ ਲੈ ਲਈ। ਬਾਹਰੋਂ ਆਈ ਭੇਟਾ ਤੇ ਲੰਗਰ ਦੀ ਸੰਭਾਲ ਕੋਈ ਛੋਟਾ ਜਿਹਾ ਕੰਮ ਨਹੀਂ ਸੀ। ਬਾਬਾ ਬੁੱਢਾ ਜੀ, ਭਾਈ ਜੋਧ ਰਸੋਈਆ ਤੇ ਭਾਈ ਕਿਦਾਰਾ ਜੀ ਦੇ ਸਹਿਯੋਗ ਨਾਲ ਜਿਵੇਂ ਮਾਤਾ ਖੀਵੀ ਜੀ ਨੇ ਲੰਗਰ ਚਲਾਇਆ ਅਤੇ ਭੇਟਾ ਦੀ ਖੁੱਲ੍ਹੀ ਵਰਤੋਂ ਕੀਤੀ, ਉਹ ਅਖਾਣ ਹੀ ਬਣ ਗਿਆ ਹੈ।

ਸਿੱਖ ਇਤਿਹਾਸ ਵਿਚ ਸਾਖੀ ਆਉਂਦੀ ਹੈ ਕਿ ਜਦ ਗੁਰੂ ਅੰਗਦ ਦੇਵ ਜੀ ਖਡੂਰ ਆਏ ਸਨ ਤਾਂ ਮਾਤਾ ਖੀਵੀ ਜੀ ਨੇ ਉਸ ਸਮੇਂ ਆਪਣੇ ਲਈ ਆਗਿਆ ਮੰਗੀ ਤੇ ਗੁਰੂ ਜੀ ਨੇ ਬਖ਼ਸ਼ਿਸ਼ ਕਰਦੇ ਫ਼ਰਮਾਇਆ ਸੀ, 'ਜਦੋਂ ਮੇਰੇ ਦਾਤਾ ਦਾਤਾਰ ਨੇ ਸ਼ਬਦ-ਦਉਲਤ ਵੰਡਣ ਦੀ ਆਗਿਆ ਕੀਤੀ ਸੀ ਤੇ ਤੇਰੇ ਹਿੱਸੇ ਅੰਨ-ਦੇਗ ਦਾ ਕੜਛਾ ਆਇਆ ਸੀ, ਵਰਤਾ।' ਗਿਆਨੀ ਗਿਆਨ ਸਿੰਘ ਜੀ ਤਾਰੀਖ਼-ਏ-ਖ਼ਾਲਸਾ ਦੇ ਹਿੱਸਾ ਪਹਿਲਾ, ਜਿਲਦ ਦੂਜੀ ਦੇ ਪੰਨਾ ੫੬੦ ਤੇ ੫੬੧ ਉੱਤੇ ਲਿਖਦੇ ਹਨ ਕਿ *'ਹਰ ਵੇਲੇ ਗੁਰੂ ਅੰਗਦ ਜੀ ਦੇ ਪਾਸ ਸਤਿਸੰਗ ਦਾ ਪਰਚਾ, ਲੰਗਰ ਦਾ ਖ਼ਰਚਾ ਤੇ ਹਰੀ ਦਾ ਚਰਚਾ ਬਣੇ ਰਹਿੰਦੇ।'* ਸਤਿਸੰਗ ਦਾ ਚਰਚਾ ਗੁਰੂ ਅੰਗਦ ਪਾਤਸ਼ਾਹ ਕਰਦੇ ਤੇ ਲੰਗਰ ਦੀ ਸੰਭਾਲ ਮਾਤਾ ਖੀਵੀ ਜੀ। 'ਸ੍ਰੀ ਮਾਤਾ ਖੀਵੀ ਜੀ ਲੰਗਰ ਵਿਚ ਬੈਠ ਕੇ ਕੜਾਹ ਪ੍ਰਸ਼ਾਦ ਵਰਤਾਯਾ ਕਰਦੀ ਤੇ ਰੀਝ ਨਾਲ ਲੰਗਰ ਦੀ ਸੇਵਾ ਬਹੁਤ ਕਰਦੇ। ਉਨ੍ਹਾਂ ਪਾਸ ਦੋ ਲਾਂਗਰੀ ਹੋਰ ਸਨ, ਭਾਈ ਕਿਦਾਰਾ ਅਤੇ ਜੋਧ ਰਸੋਈਆ। ਉਹਨਾਂ ਵੀ ਮਾਤਾ ਜੀ ਤੋਂ ਐਸੀ ਸਿੱਖਿਆ ਪਾਈ ਕਿ ਸਾਫ਼ ਨੀਤੀ ਤੇ ਉਦਾਰਤਾ ਨਾਲ ਪ੍ਰਸ਼ਾਦ ਵਰਤਾਉਂਦੇ ਕਿ ਕਦੇ ਕੋਈ ਚੀਜ਼ ਨਹੀਂ ਘਟਦੀ ਸੀ।' ਉਂਜ ਗੁਰੂ ਅੰਗਦ ਦੇਵ ਜੀ ਨੇ ਹੁਕਮ ਦੇ ਰੱਖਿਆ ਸੀ ਕਿ ਉਨ੍ਹਾਂ ਸਾਹਮਣੇ ਮਾਇਆ ਦਾ ਜ਼ਿਕਰ ਕਦੇ ਨਾ ਕੀਤਾ ਜਾਏ :

**"ਆਪੁਨ ਢਿਗ ਮਾਯਾ ਵਿਵਹਾਰਾ।**
**ਜ਼ਿਕਰ ਨਹਨ ਦੇਹਿ ਕਿਸਿ ਵਾਰਾ।" ੨੦।** (ਰਾਸ ੧, ਅੰਸ ੧੦)


www.sikhbookclub.com

ਖਡੂਰ ਵੱਸਦੇ ਸੰਗਤ-ਟੱਬਰ ਵਿਚ ਜਦ ਵੀ ਕੋਈ ਝਗੜਾ ਉੱਠਦਾ ਜਾਂ ਰੌਲਾ ਪੈਂਦਾ, ਮਾਤਾ ਜੀ ਦਾ ਮਿੱਠਾ ਸੁਭਾਉ ਹੀ ਕੰਮ ਆਉਂਦਾ। ਆਪ ਹੀ ਅਤਿ ਜੀ ਠਹਿਰੇ ਹੋਏ ਸੁਭਾਉ ਦੇ ਸਨ ਤੇ ਅਕਲ ਦੇ ਕੋਟ ਸਨ। ਸੰਗਤਾਂ ਨੂੰ ਪੁੱਤਰਾਂ ਤੋਂ ਵੱਧ ਪਿਆਰਦੇ। ਜੋ ਵੀ ਤਪਿਆ, ਖਪਿਆ ਆਉਂਦਾ, ਆਪ ਜੀ ਪਾਸ ਆ ਕੇ ਧੀਰਜ ਪਕੜਦਾ। ਬਲਵੰਡ ਜੀ ਨੇ ਇਸੇ ਲਈ ਖੀਵੀ ਜੀ ਦੇ ਠੰਢੇ ਤੇ ਮਿੱਠੇ ਸੁਭਾਉ ਦਾ ਖ਼ਾਸ ਵਰਣਨ ਕੀਤਾ ਹੈ। ਇਥੇ ਇਹ ਲਿਖ ਦੇਣਾ ਯੋਗ ਹੋਵੇਗਾ ਕਿ ਮਾਤਾ ਖੀਵੀ ਜੀ ਦੀ ਦੋਹਰੀ ਜ਼ਿੰਮੇਵਾਰੀ ਸੀ—ਇਕ ਘਰ ਨੂੰ ਸੰਭਾਲਣਾ ਤੇ ਦੂਜਾ ਲੰਗਰ ਨੂੰ। ਗੁਰੂ ਅੰਗਦ ਦੇਵ ਜੀ ਦਾ ਖਾਣਾ ਰੋਜ਼ ਆਪ ਜੀ ਘਰ ਤੋਂ ਹੱਥੀਂ ਪਕਾ ਲਿਆਉਂਦੇ। ਭੇਟਾ ਨੂੰ ਨਿੱਜ ਲਈ ਵਰਤਣਾ ਗੁਰੂ ਅੰਗਦ ਦੇਵ ਜੀ ਠੀਕ ਨਹੀਂ ਸਮਝਦੇ ਸਨ। *'ਉਨ੍ਹਾਂ ਨੇ ਆਪਣੇ ਬੇਟੋਂ ਕੋ ਹੁਕਮ ਦੇ ਰੱਖਾ ਥਾ ਕਿ ਤੁਮ ਆਪਣੀ ਮੁਆਸ਼ ਦੁਕਾਨਦਾਰੀ ਯਾ ਕਾਸ਼ਤਕਾਰੀ ਸੇ ਹਾਸਲ ਕਰੋ, ਯੇਹ ਪੂਜਾ ਕਾ ਮਾਲ ਤੁਮ੍ਹਾਰੇ ਲਈ ਜ਼ਹਿਰੇ ਕਾਤਲ ਹੈ। ਚੁਨਾਚਿ ਉਹ ਉਨ੍ਹੀਂ ਕੇ ਅਰਸ਼ਾਦ ਕੇ ਮੁਆਫ਼ਕ ਅਮਲ ਕਰਤੇ ਥੇ।'* ਇਹ ਵੀ ਲਿਖਿਆ ਮਿਲਦਾ ਹੈ ਕਿ 'ਗੁਰੂ ਅੰਗਦ ਦੇਵ ਜੀ ਅੱਠੀਂ ਪਹਿਰੀ ਜੌਂ ਦੀ ਰੋਟੀ ਖਾਂਦੇ। ਜੋ ਅਨਚੋਪੜੀ ਮੋਟੀ, ਕੱਚੇ ਪਾਉ ਦੀ, ਹੁੰਦੀ ਸੀ। ਜੋ ਕੁਝ ਲੰਗਰ ਲਈ ਆਉਂਦਾ, ਲੰਗਰ ਜਾਂ ਧਰਮ ਦੇ ਕੰਮਾਂ ਵਿਚ ਖ਼ਰਚ ਕਰ ਦਿੰਦੇ। ਦੂਜੇ ਪਾਸੇ ਲੰਗਰ ਦੋ ਵਕਤ ਹੋਵੇ। ਜੋ ਕੁਝ ਆਵੇ ਸਭ ਲੰਗਰ ਵਿਚ ਪਾ ਦੇਣਾ, ਖੀਰ, ਕੜਾਹ, ਪ੍ਰਸ਼ਾਦ ਦਾ ਲੰਗਰ ਲੱਗਾ ਰਹਿੰਦਾ।"[1] "ਉਨ੍ਹਾਂ ਦਾ ਲੰਗਰ ਸਵੇਰ ਸ਼ਾਮ ਜਾਰੀ ਰਹਿੰਦਾ ਸੀ, ਫ਼ਕੀਰਾਂ ਤੇ ਗ਼ਰੀਬਾਂ ਨੂੰ ਮੁਫ਼ਤ ਭੋਜਨ ਦਿੱਤਾ ਜਾਂਦਾ ਸੀ। ਗੁਰੂ ਜੀ ਆਪ ਆਪਣੇ ਹੱਥਾਂ ਨਾਲ ਮਿਹਨਤ ਕਰਦੇ ਤੇ ਉਸ ਦੀ ਆਮਦਨੀ ਨਾਲ ਭੋਜਨ ਖਾਂਦੇ।"[2]

ਪਹਿਰ ਰਾਤ ਰਹਿੰਦੀ ਮਾਤਾ ਖੀਵੀ ਜੀ ਉੱਠਦੇ ਤੇ ਘਰ ਦੇ ਕੰਮ ਕਾਜ ਤੋਂ ਵਿਹਲਿਆਂ ਹੋ ਕੇ ਲੰਗਰ ਦੀ ਸੰਭਾਲ ਵਿਚ ਲੱਗ ਜਾਂਦੇ। ਉਨ੍ਹਾਂ ਦੇ ਮਿੱਠੇ ਖੁਲ੍ਹੇ ਸੁਭਾਉ ਕਰ ਕੇ ਹੀ ਕਈ ਸਿੱਖੀ ਵਲ ਪਰੇਰੇ ਆਏ ਤੇ ਉਨ੍ਹਾਂ ਦੀ ਸੁਚੱਜੀ ਦੇਖ-ਭਾਲ ਕਰ ਕੇ ਕਿਸੇ ਨੇ ਲੰਗਰ ਨੂੰ ਵਿਗਾੜਨ ਦੀ ਕੋਸ਼ਿਸ਼ ਨਾ ਕੀਤੀ। ਇਥੋਂ ਤੱਕ ਕਿ ਮੁੱਖ ਰਸੋਈਆ ਭਾਈ ਜੋਧ ਜੀ ਜੂਠੀਆਂ ਪਤਲਾਂ ਵਿਚੋਂ 'ਚਿੜੀ ਚੋਗ' ਚੁਗ ਕੇ ਪੇਟ ਦੀ ਅਗਨੀ ਬੁਝਾਉਂਦੇ। ਮਾਤਾ ਖੀਵੀ ਜੀ ਨੇ ਜਦ ਦੇਖ ਲਿਆ ਕਿ ਉਸ ਬ੍ਰਾਹਮਣ ਦਾ ਚਿਰਾਂ ਦਾ ਬਣਿਆ ਵਿਤਕਰੇ ਵਾਲਾ ਸੁਭਾਉ ਮੁੱਕ ਗਿਆ ਹੈ ਤਾਂ ਆਪ ਭਾਈ ਜੀ ਨੂੰ ਗੁਰੂ ਜੀ ਪਾਸ ਲੈ ਆਏ ਤੇ ਉਨ੍ਹਾਂ ਨਾਲ ਬਿਠਾਲ ਕੇ ਪ੍ਰਸ਼ਾਦ ਛਕਾਇਆ। ਜਦ ਕਿਸੇ ਪੁੱਛਿਆ, 'ਭਾਈ ਜੀ, ਹੁਣ ਤਾਂ ਸੁੱਚਾ ਭੋਜਨ ਖਾਂਦੇ ਹੋ' ਤਾਂ ਉਨ੍ਹਾਂ ਬੜੀ ਨਿਮਰਤਾ ਨਾਲ ਕਿਹਾ, 'ਹਾਂ ਭਾਈ, ਅੰਦਰ ਸੱਚ ਜੁ ਆ ਵਸਿਆ ਹੈ, ਹੁਣ ਸੁੱਚਾ ਭੋਜਨ ਹੀ ਜੱਚਦਾ ਹੈ। ਪਹਿਲਾਂ ਅੰਦਰ ਵਰਣਾਂ ਦੀ ਜੂਠ ਸੀ, ਸੋ ਜੂਠਾ ਖਾਂਦਾ ਸਾਂ।'

(ਗੁਰੂ) ਅਮਰਦਾਸ ਜੀ ੧੯ ਵਾਰੀ ਗੰਗਾ ਦਾ ਇਸ਼ਨਾਨ ਕਰ ਆਏ ਸਨ ਪਰ ਭਟਕਣਾ ਨਹੀਂ ਮੁੱਕੀ ਸੀ। ਇਸੇ ਅਵਸਥਾ ਵਿਚ ਬਾਸਰਕੇ ਉਹ ਵਿਚਰ ਰਹੇ ਸਨ ਕਿ ਮਾਤਾ ਖੀਵੀ

1. ਤਾਰੀਖ਼ ਗੁਰ ਖਾਲਸਾ, ਪੰਨਾ ੫੨੯, ਹਿੱਸਾ ਪਹਿਲਾ
2. ਤਾਰੀਖ਼-ਇ-ਪੰਜਾਬ ਕ੍ਰਿਤ ਕਨ੍ਹਈਆ ਲਾਲ।


www.sikhbookclub.com

ਜੀ ਦੀ ਵੱਡੀ ਸਪੁੱਤਰੀ ਬੀਬੀ ਅਮਰੋ ਜੀ ਦੇ ਅੰਮ੍ਰਿਤ ਵੇਲੇ ਪਾਠ ਕਰਨ ਦੀ ਆਵਾਜ਼ ਉਨ੍ਹਾਂ ਦੇ ਕੰਨਾਂ ਵਿਚ ਪਈ। ਸ਼ਬਦ ਦੀਆਂ ਤੁਕਾਂ ਸਨ :

**'ਜਾਲੀ ਰੈਨਿ ਜਾਲੁ ਦਿਨੁ ਹੂਆ, ਜੇਤੀ ਘੜੀ ਫਾਹੀ ਤੇਤੀ ॥**
**ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ, ਛੂਟਸਿ ਮੂੜੇ ਕਵਨ ਗੁਣੀ ॥ ੨ ॥**
**ਕਾਇਆ ਆਰਣੁ ਮਨੁ ਵਿਚ ਲੋਹਾ, ਪੰਚ ਅਗਨਿ ਤਿਤੁ ਲਾਗਿ ਰਹੀ ॥**
**ਕੋਇਲੇ ਪਾਪ ਪੜੇ ਤਿਸੁ ਊਪਰਿ, ਮਨੁ ਜਲਿਆ ਸੰਨੀ ਚਿੰਤ ਭਈ ॥ ੩ ॥**
**ਭਇਆ ਮਨੂਰ ਕੰਚਨੁ ਫਿਰ ਹੋਵੈ ਜੇ ਗੁਰੁ ਮਿਲੈ ਤਿਨੇਹਾ।**
**ਏਕੁ ਨਾਮੁ ਅੰਮ੍ਰਿਤ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ।' ੪ ॥ ੩ ॥**

(ਮਾਰੂ ਮ: ੧)

ਜਿਸ ਦਾ ਭਾਵ ਸੀ : 'ਦਿਨ ਤੇ ਰਾਤ ਜਾਲ ਹਨ। ਉਡਾਰੂ ਮਨੁੱਖ! ਜਿੰਨੀਆਂ ਘੜੀਆਂ ਲੰਘ ਰਹੀਆਂ ਹਨ, ਇਹ ਤੂੰ ਵਿਅਰਥ ਗਵਾ ਰਿਹਾ ਹੈਂ। ਕਦੀ ਸੋਚਿਆ ਹਈ ਕਿ ਇਨ੍ਹਾਂ ਕਰੜੇ ਜਾਲਾਂ ਵਿਚੋਂ ਨਿਕਲੇਂਗਾ ਕਿਵੇਂ? ਸਾਡੇ ਅਮਲਾਂ ਦੇ ਕਾਗਜ਼ ਉੱਤੇ ਦੋ ਤਰ੍ਹਾਂ ਦੇ ਲੇਖ ਹਨ, ਭਲੇ ਅਤੇ ਬੁਰੇ। ਜਿਹੜੇ ਲੇਖ ਬਹੁਤੇ ਹੁੰਦੇ ਹਨ ਮਨੁੱਖ ਉਸੇ ਪਾਸੇ ਵੱਲ ਉਲਟ ਟੁਰ ਪੈਂਦਾ ਹੈ। ਹੇ ਮਨਾ! ਤੂੰ ਸੰਸਾਰ ਉੱਤੇ ਆਇਆ ਤਾਂ ਇਸ ਲਈ ਹੈਂ ਕਿ ਉਸ ਮਾਲਕ ਨੂੰ ਯਾਦ ਕਰੇਂ ਪਰ ਤੂੰ ਉਸ ਦੀਨ ਦੁਨੀ ਦੇ ਮਾਲਕ ਨੂੰ ਵਿਸਾਰ ਬੈਠਾ ਹੈਂ, ਜੀਵਨ ਤਦ ਹੀ ਸਫ਼ਲਾ ਹੋਵੇਗਾ, ਜੇ ਤੂੰ ਉਸ ਨੂੰ ਚੇਤੇ ਕਰੇਂਗਾ।

'ਸਰੀਰ ਦੀ ਭੱਠੀ ਵਿਚ ਮਨ ਲੋਹਾ ਹੈ, ਪਾਪਾਂ ਦੇ ਕੋਇਲਿਆਂ ਦਾ ਢੇਰ ਲੱਗਾ ਹੋਇਆ ਹੈ, ਕਾਮ, ਕ੍ਰੋਧ ਤੇ ਲਾਲਚ ਦੀਆਂ ਲਾਟਾਂ ਨਿਕਲ ਰਹੀਆਂ ਹਨ। ਮਨ ਹੁਣ ਸੜ ਚੁੱਕਾ ਹੈ, ਜੀਵ ਚਿੰਤਾ ਦੀ ਸੰਨ੍ਹੀ ਨਾਲ ਮਨ ਨੂੰ ਚੁੱਕ ਚੁੱਕ ਕੇ ਪ੍ਰੇਸ਼ਾਨ ਹੋ ਰਿਹਾ ਹੈ ਭਾਵੇਂ ਮਨੁੱਖ ਮਨੂਰ ਹੋ ਗਿਆ ਹੋਵੇ ਪਰ ਜੇ ਗੁਰੂ ਪਾਰਸ ਮਿਲ ਜਾਏ, ਜੀਵ ਫਿਰ ਸੋਨਾ ਹੋ ਸਕਦਾ ਹੈ। ਨਾਮ ਦੀ ਬੂਟੀ ਵਿਚ ਬਹੁਤ ਤਾਕਤ ਹੈ।'

ਮਨ ਨੂੰ ਐਸੀ ਚੋਟ ਲੱਗੀ ਕਿ ਬੀਬੀ ਅਮਰੋ ਜੀ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਆਏ। ਫਿਰ ਗੁਰੂ ਜੀ ਦੇ ਹੀ ਹੋ ਗਏ ਤੇ ਐਸੀ ਘਾਲ ਘਾਲੀ ਕਿ 'ਪਿਉ ਦਾਦੇ ਜੇਵੇਹਾ ਪੋਤਾ ਪਰਵਾਨ।' ਜ਼ਰਾ ਕੁ ਗੌਹ ਨਾਲ ਦੇਖਿਆ ਜਾਏ ਤਾਂ (ਗੁਰੂ) ਅਮਰਦਾਸ ਨੂੰ ਸਿੱਖੀ ਵੱਲ ਪ੍ਰੇਰਨ ਦਾ ਮਾਣ ਮਾਤਾ ਖੀਵੀ ਜੀ ਨੂੰ ਹੀ ਜਾਂਦਾ ਹੈ। ਜੇ ਬੀਬੀ ਅਮਰੋ ਜੀ ਸੇਵਾ ਕਰ ਪ੍ਰਸੰਨ ਹੁੰਦੇ ਤੇ ਸ਼ਬਦ ਵਿਚ ਮਨ ਜੋੜੀ ਰੱਖਦੇ ਸਨ ਤਾਂ ਇਸਦਾ ਕਾਰਨ ਉਹ ਉਪਦੇਸ਼ ਹੀ ਸਨ ਜੋ ਨਿਤ ਮਾਂ ਖੀਵੀ ਦੇਂਦੀ ਸੀ। ਮਾਂ ਦੇ ਦੁੱਧ ਅਤੇ ਗੁੜਤੀ ਨੇ ਇਹ ਚਮਤਕਾਰ ਦਿਖਾਇਆ ਜਿਸ ਨੂੰ ਕਦੇ ਅੱਖੀਆਂ ਤੋਂ ਓਹਲੇ ਨਹੀਂ ਕੀਤਾ ਜਾ ਸਕਦਾ। ਮਾਂ ਖੀਵੀ ਆਪਣੀ ਸੰਤਾਨ ਨੂੰ ਕਿਵੇਂ ਕੀਲ ਕੇ ਰੱਖਦੀ ਸੀ, ਇਸ ਦੀ ਇਕ ਉਦਾਹਰਨ ਉਸ ਸਮੇਂ ਦੀ ਹੈ ਜਦ ਘੋੜੀ ਤੇ ਸਵਾਰ ਹੋ ਦਾਸੂ ਜੀ ਨੇ (ਗੁਰੂ) ਅਮਰਦਾਸ ਜੀ ਦਾ ਪਿੱਛਾ ਕੀਤਾ ਸੀ। ਮਾਤਾ ਖੀਵੀ ਨੂੰ ਜਦ ਦਾਤੂ ਜੀ ਤੇ ਦਾਸੂ ਜੀ ਦੇ (ਗੁਰੂ) ਅਮਰਦਾਸ ਜੀ ਨੂੰ ਬਾਸਰਕੇ ਰਾਹ ਵਿਚ ਘੇਰ ਲੈਣ ਦੀ ਖ਼ਬਰ ਮਿਲੀ ਤਾਂ ਆਪ ਜੀ ਉਸ ਸਮੇਂ ਤੁਰ ਕੇ (ਗੁਰੂ) ਅਮਰਦਾਸ ਜੀ ਦੇ ਪਾਸ ਗਏ ਅਤੇ ਜੋ ਉਥੇ ਉਨ੍ਹਾਂ ਨਿਮਰਤਾ ਵਿਚ ਭਿੱਜ ਕੇ ਸ਼ਬਦ ਆਖੇ, ਉਹ ਹਰ ਇਕ ਮਾਂ ਨੂੰ ਸਦਾ ਚੇਤੇ ਰੱਖਣੇ ਚਾਹੀਦੇ ਹਨ।

Page 62 www.sikhbookclub.com

ਇਥੇ ਇਹ ਵੀ ਯਾਦ ਰਵ੍ਹੇ ਕਿ (ਗੁਰੂ) ਅਮਰਦਾਸ ਜੀ ਉਸ ਸਮੇਂ ਅਜੇ ਗੁਰੂ ਨਹੀਂ ਸਨ ਬਣੇ। ਮਾਤਾ ਖੀਵੀ ਜੀ ਨੂੰ ਬਾਸਰਕੇ ਦੇਖ ਕੇ (ਗੁਰੂ) ਅਮਰਦਾਸ ਜੀ ਨੇ ਕਿਹਾ, 'ਤੁਸਾਂ ਕਿਉਂ ਖੇਚਲ ਕੀਤੀ, ਮੈਨੂੰ ਬੁਲਾ ਲੈਣਾ ਸੀ।' ਮਾਤਾ ਜੀ ਨੇ ਕਿਹਾ : '*ਗੁਰੂ ਨਾਨਕ ਦੇ ਘਰ ਦੀ ਦਉਲਤ ਹੀ ਗ਼ਰੀਬੀ ਹੈ, ਨਿਮਰਤਾ ਹੈ। ਮੈਂ ਦੋਵੇਂ ਬੱਚੇ ਨਾਲ ਲੈ ਕੇ ਆਈ ਹਾਂ, ਇਨ੍ਹਾਂ ਨੇ ਲੋਕਾਂ ਦੇ ਚੁੱਕੇ-ਚੁਕਾਏ ਆਪ ਜੀ ਦੀ ਬੇਅਦਬੀ ਕੀਤੀ ਹੈ, ਆਪ ਜੀ ਨੂੰ ਘੇਰਿਆ ਹੈ, ਆਪ ਮਿਹਰ ਕਰੋ, ਭੁਲਣਹਾਰ ਜਾਣ ਕੇ ਤੇ ਆਪਣੇ ਸਮਝ ਕੇ ਬਖ਼ਸ਼ ਦਿਓ ਨੇ।*' (ਗੁਰੂ) ਅਮਰਦਾਸ ਜੀ ਨੇ ਬਖ਼ਸ਼ਸ਼ ਦਾਤਾ ਗੁਰੂ ਅੰਗਦ ਦੇਵ ਜੀ ਹੀ ਕਿਹਾ ਤਾਂ ਮਾਤਾ ਜੀ ਨੇ ਹੋਰ ਨਿਮਰ ਹੋ ਕੇ ਕਿਹਾ : "ਮੈਨੂੰ ਪਤਾ ਹੈ ਕਿ ਇਹ ਅਪਰਾਧ ਬਖ਼ਸ਼ਣ ਯੋਗ ਨਹੀਂ, ਮਿਹਰ ਕਰ ਦਿਓ ਨੇ।" (ਗੁਰੂ) ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਤੇ ਧੰਨ ਮਾਤਾ ਖੀਵੀ ਜੀ ਕਹਿ ਕੇ ਬੱਚਿਆਂ ਨੂੰ ਛਾਤੀ ਨਾਲ ਲਗਾ ਲਿਆ। ਫਿਰ ਜਦ ਗੁਰੂ ਅੰਗਦ ਦੇਵ ਜੀ ਨੇ ਮਾਤਾ ਖੀਵੀ ਜੀ ਨੂੰ (ਗੁਰੂ) ਅਮਰਦਾਸ ਜੀ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਦੇਣ ਦੀ ਖ਼ਬਰ ਦਿੱਤੀ ਤਾਂ ਆਪ ਜੀ ਨੇ ਖ਼ੁਸ਼ੀ ਮਨਾਈ। ਗੁਰੂ ਅੰਗਦ ਦੇਵ ਜੀ ਦੇ ਉਚਾਰੇ ਉਸ ਸਮੇਂ ਦੇ ਸ਼ਬਦ ਮਾਤਾ ਖੀਵੀ ਜੀ ਦੀ ਵਡਿਆਈ ਦਰਸਾਉਣ ਲਈ ਕਾਫ਼ੀ ਹਨ। ਗੁਰੂ ਅੰਗਦ ਦੇਵ ਜੀ ਨੇ ਕਿਹਾ : *ਸਾਨੂੰ ਪਤਾ ਹੈ ਕਿ ਤੁਸੀਂ ਰਜ਼ਾ ਵਿਚ ਰਾਜ਼ੀ ਹੋ, ਪੁੱਤਰਾਂ ਦੀ ਗੱਲ ਵਿਚਾਰੋ।*' ਮਾਤਾ ਜੀ ਨੇ ਪੁੱਤਰਾਂ ਦੇ ਸਬੰਧ ਵਿਚ ਕਿਹਾ : 'ਪੁੱਤਰ ਪੁੱਤਰ-ਪੁਣੇ ਦੇ ਮਾਣ ਵਿਚ ਹਨ, ਤੁਸੀਂ ਹੀ ਮਿਹਰ ਕਰੋ।' ਮਾਤਾ ਜੀ ਦੋਵਾਂ ਪੁੱਤਰਾਂ ਨੂੰ ਬਹੁਤ ਸਮਝਾਉਂਦੇ ਰਹੇ। ਬੜੇ ਮਿੱਠੇ ਢੰਗ ਨਾਲ ਕਹਿੰਦੇ ਕਿ ਇਹ ਮੇਰੀ ਜਾਂ ਤੇਰੀ ਸਿਫ਼ਾਰਸ਼ ਦੀ ਗੱਲ ਨਹੀਂ, ਕਿਸੇ ਦੇ ਹੱਥ ਕੁਝ ਨਹੀਂ, ਸਭ ਕੁਝ ਕਰਤਾਰ ਦੇ ਅਧੀਨ ਹੈ :

**'ਕਹਿ ਕਾਹੂ ਕੇ ਕਰ ਬਿਧੈ, ਸਭ ਕਰਤਾਰ ਅਧੀਨੈ।'**

ਗੁਰੂ ਬੰਸਾਵਲੀ ਚੰਦੋਦੈ ਵਿਚ ਲਿਖਿਆ ਹੈ ਕਿ ਸੱਤ ਅੱਠ ਮਹੀਨੇ ਇਹ ਹੀ ਗੱਲ ਹੁੰਦੀ ਰਹੀ, ਪਰ ਮਾਤਾ ਖੀਵੀ ਜੀ ਬੱਚਿਆਂ ਨੂੰ ਇਹ ਹੀ ਕਹਿੰਦੇ : 'ਪੰਡ ਭਾਰੀ ਹੈ, ਤੁਮ ਤੇ ਉਠਾਈ ਨਹੀਂ ਜਾਏਗੀ। ਇਸ ਕੋ ਇਹੀ (ਗੁਰੂ ਅਮਰਦਾਸ) ਉਠਾਏਗਾ।' ਭਾਈ ਕੇਸਰ ਸਿੰਘ ਨੇ ਬੰਸਾਵਲੀ-ਨਾਮਾ ਵਿਚ ਲਿਖਿਆ ਹੈ : 'ਪੰਡ ਭਾਰੀ ਹੈ, ਤੁਸਾਂ ਤੇ ਚੁੱਕੀ ਨਾ ਜਾਸੀ, ਇਹ ਚੁੱਕੇਗਾ ਸਾਰੀ।'

ਇਤਨੇ ਨੂੰ ਇਕ ਘਟਨਾ ਹੋ ਗਈ। ਉਸ ਸਮੇਂ ਦਰਿਆ ਖਡੂਰ ਸਾਹਿਬ ਤੋਂ ਤਿੰਨ ਮੀਲ ਦੀ ਦੂਰੀ ਤੇ ਵੱਗਦਾ ਸੀ। (ਗੁਰੂ) ਅਮਰਦਾਸ ਜੀ ਰੋਜ਼ ਪਿਛਲੀ ਰਾਤ ਦਰਿਆ ਤੋਂ ਪਾਣੀ ਦੀ ਗਾਗਰ ਲੈ ਕੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ ਸਨ। ਇਕ ਰਾਤ ਜਦ ਪਾਣੀ ਦੀ ਗਾਗਰ ਲੈ ਕੇ ਵਾਪਸ ਮੁੜ ਰਹੇ ਸਨ ਤਾਂ ਉਸ ਵੇਲੇ ਬੱਦਲ ਛਾਏ ਸਨ ਤੇ ਰਾਤ ਅਨ੍ਹੇਰੀ ਸੀ। ਰਾਹ ਵਿਚ ਮੀਂਹ ਵਰ੍ਹ ਪਇਆ। ਅਨ੍ਹੇਰੇ ਕਾਰਨ (ਗੁਰੂ) ਅਮਰਦਾਸ ਜੀ ਦਾ ਇਕ ਪੈਰ ਜੁਲਾਹੇ ਦੀ ਖੱਡੀ ਵਿਚ ਪਇਆ ਤੇ ਉਹ ਡਿੱਗ ਪਏ। ਜੁਲਾਹਾ ਅੰਦਰ ਸੀ ਤੇ ਉਸ ਨੇ ਜੁਲਾਹੀ ਤੋਂ ਪੁੱਛਿਆ ਕਿ ਇਹ ਕਾਹਦਾ ਖੜਕਾ ਹੋਇਆ ਹੈ ? ਉਹ ਬੋਲੀ 'ਇੰਜ ਪ੍ਰਤੀਤ ਹੁੰਦਾ ਹੈ ਕਿ ਕੋਈ ਤਿਲਕ ਪਇਆ ਹੈ, ਸ਼ਾਇਦ ਅਮਰੂ ਨਿਥਾਵਾਂ ਹੋਵੇਗਾ, ਜੋ ਇਸ ਵੇਲੇ ਪਾਣੀ ਲੈ ਕੇ ਆਇਆ ਕਰਦਾ ਹੈ।' ਸਵੇਰੇ ਗੁਰੂ ਅੰਗਦ

 www.sikhbookclub.com

ਦੇਵ ਜੀ ਨੇ ਪਹਿਲਾਂ ਬਾਬਾ ਅਮਰਦਾਸ ਕੋਲੋਂ ਪੁੱਛਿਆ ਕਿ ਅੱਜ ਸਵੇਰੇ ਕੀ ਵਾਪਰੀ ਤਾਂ ਉਨ੍ਹਾਂ ਬੜੀ ਭਾਵ ਪੂਰਤ ਗੱਲ ਆਖੀ : ਮਿੱਤਰ ਪਿਆਰੇ ਦੀ ਨੂਰਾਨੀ ਧਰਤੀ (ਦਿਲ) ਸੰਸਾਰ ਦੇ ਹਾਲਾਤ ਪ੍ਰਗਟਾਉਣ ਵਾਲਾ ਸ਼ੀਸ਼ਾ ਹੈ। ਆਪਣਾ ਹਾਲ ਦੱਸਣ ਦੀ ਕੀ ਲੋੜ ਹੈ। ਗੁਰੂ ਜੀ ਨੇ ਉਸ ਜੁਲਾਹੇ ਜੁਲਾਹੀ ਨੂੰ ਬੁਲਾਇਆ ਤੇ ਭਰੇ ਦਰਬਾਰ ਵਿਚ ਕਿਹਾ ਕਿ 'ਜੋ ਰਾਤ ਨੂੰ ਬੀਤੀ ਹੈ ਸੱਚੋ ਸੱਚ ਆਖੋ।' ਜੁਲਾਹੀ ਨੇ ਕਿਹਾ : 'ਹਾਂ ਮੇਰੇ ਮੂੰਹੋਂ ਸੁਭਾਵਕ ਨਿਕਲ ਗਿਆ ਸੀ ਕਿ ਅਮਰੂ ਨਿਥਾਵਾਂ ਹੋਵੇਗਾ।' ਇਹ ਸੁਣ ਕੇ ਗੁਰੂ ਜੀ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਆ ਗਏ ਤੇ (ਗੁਰੂ) ਅਮਰਦਾਸ ਨੂੰ ਗਲ ਨਾਲ ਲਗਾ ਲਿਆ ਤੇ ਸਭ ਦੇ ਸਾਹਮਣੇ ਉੱਚੀ-ਉੱਚੀ ਫ਼ਰਮਾਇਆ :

"ਅਮਰਦਾਸ ਨਿਥਾਵਾਂ ਨਹੀਂ, ਸਗੋਂ ਨਿਥਾਵਿਆਂ ਦਾ ਥਾਉਂ, ਨਿਘਰਿਆਂ ਦਾ ਘਰ, ਬੇ-ਪਨਾਹਵਾਂ ਦੀ ਪਨਾਹ, ਗ਼ਰੀਬ ਨਿਵਾਜ, ਕਾਰਣ ਕਰਣ, ਸਮਰੱਥ ਤੀਜਾ ਗੁਰੂ ਨਾਨਕ ਹੈ।" ਉਸ ਜੁਲਾਹੇ ਨੂੰ ਦੂਜਾ ਮਕਾਨ ਬਖ਼ਸ਼ਿਆ ਤੇ ਜੁਲਾਹੇ ਦੀ ਖੱਡੀ ਨੂੰ ਪਾਵਨ ਤੇ ਆਦਰ ਯੋਗ ਅਸਥਾਨ ਮਿਥਿਆ ਤੇ ਹੁਕਮ ਕੀਤਾ ਕਿ ਉਸ ਖੱਡੀ ਕੋਲ ਹੀ ਉਨ੍ਹਾਂ ਦਾ ਡੇਰਾ ਬਣਾਇਆ ਜਾਏ। ਜੁਲਾਹੇ ਦੀ ਕਿੱਲੀ, ਜਿਹੜੀ ਸ਼ਰੀਂਹ ਦੇ ਰੁੱਖ ਦੀ ਮੁੱਢੀ ਸੀ ਤੇ ਜਿਸ ਨਾਲ ਠੁੱਡਾ ਖਾ (ਗੁਰੂ) ਅਮਰਦਾਸ ਜੀ ਡਿੱਗ ਪਏ ਸਨ, ਹਰੀ ਭਰੀ ਹੋ ਗਈ।

ਦੋਵਾਂ ਪੁੱਤਰਾਂ ਰੋਸ ਮਨਾਇਆ। ਦਾਸੂ ਜੀ ਤਾਂ ਕੁਝ ਚਿਰ ਪਿੱਛੋਂ ਗੁਰ-ਦਰ ਹਾਜ਼ਰ ਹੋ ਗਏ ਪਰ ਦਾਤੂ ਜੀ 'ਸਿਧਾਸਣ' ਸਿੱਖਣ ਵਿਚ ਲੱਗ ਪਏ। ਭਰੇ ਦਰਬਾਰ ਵਿਚ ਉਹਨਾਂ ਸਾਹਿਬ ਗੁਰੂ ਅਮਰਦਾਸ ਜੀ ਨੂੰ ਲੱਤ ਮਾਰੀ ਤਾਂ ਗੁਰੂ ਪਾਤਸ਼ਾਹ ਨੇ ਉਸ ਦੇ ਪੈਰ ਪਕੜ ਲਏ ਤੇ 'ਤੁਹਾਡੇ ਚਰਨ ਕੋਮਲ ਤੇ ਮੇਰੇ ਹੱਡ ਕਰੜੇ' ਆਖ ਕੇ ਨਿਮਰਤਾ ਤੇ ਖ਼ਿਮਾਂ ਦੀ ਹੱਦ ਦੱਸੀ। ਅਹੰਕਾਰੀ ਦਾਤੂ ਦਾ ਪੈਰ ਪੀੜਾਂ ਨਾਲ ਐਸਾ ਵਿਗੜਿਆ ਕਿ ਪਿੱਛੋਂ ਗੁਰੂ ਅਰਜਨ ਜੀ ਦੀ ਚਰਨ ਛੁਹ ਨਾਲ ਹੀ ਠੀਕ ਹੋ ਸਕਿਆ। ਮਾਤਾ ਖੀਵੀ ਜੀ ਨੇ ਦਾਤੂ ਜੀ ਦਾ ਕਠੋਰਪੁਣਾ ਦੇਖ ਕਦੇ ਹਾਮੀ ਨਾ ਭਰੀ। ਇਹ ਵੀ ਉਨ੍ਹਾਂ ਦੀ ਵਡਿਆਈ ਸੀ ਕਿ ਮਨਮੁਖ ਦਾ ਸਾਥ ਨਾ ਦਿੱਤਾ।

ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਆਪ ਜੀ ਉਸੇ ਤਰ੍ਹਾਂ ਸੇਵਾ ਵਿਚ ਜੁਟੇ ਰਹੇ। ਗੁਰੂ ਅਮਰਦਾਸ ਜੀ ਵੇਲੇ ਲੰਗਰ ਵਿਚ 'ਨਿਤ ਘਿਉ ਮੈਦਾ' ਪੱਕਦਾ ਤੇ ਰਬਾਬੀ ਸੱਤੇ ਜੀ ਨੇ ਫਿਰ 'ਨਿਤ ਰਸੋਈਐ ਤੇਰੀਐ, ਘਿਉ ਮੈਦਾ ਖਾਣਿ' ਦੀ ਧੁਨੀ ਉਠਾਈ।

ਕਨ੍ਹਈਆ ਲਾਲ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਦਾ ਲੰਗਰ ਹਰ ਵੇਲੇ ਜਾਰੀ ਰਹਿੰਦਾ ਸੀ, ਜਿਸ ਵਿਚ ਭਾਂਤ-ਭਾਂਤ ਦੇ ਭੋਜਨ ਸਦਾ ਹੀ ਪੱਕਦੇ ਰਹਿੰਦੇ ਸਨ ਤੇ ਹਰ ਕਿਸੇ ਨੂੰ ਇਕੋ ਜਿਹਾ ਹਿੱਸਾ ਮਿਲਦਾ ਸੀ। ਆਪ ਗੁਰੂ ਜੀ ਜੌਂਵਾਂ ਦਾ ਅਲੂਣਾ ਦਲੀਆ ਖਾਂਦੇ ਸਨ ਤੇ ਦਿਨ ਰਾਤ ਵਾਹਿਗੁਰੂ ਦੀ ਯਾਦ ਵਿਚ ਰਹਿੰਦੇ। ਲੰਗਰ ਵਿਚ ਚੌਹਾਂ ਵਰਣਾਂ ਦੇ ਲੋਕ ਇਕ ਥਾਂ ਪ੍ਰਸ਼ਾਦ ਛੱਕਦੇ ਸਨ। ਜੋ ਵੀ ਦਰਸ਼ਨ ਲਈ ਹਾਜ਼ਰ ਹੁੰਦਾ, ਉਸ ਲਈ ਸ਼ਰਤ ਹੁੰਦੀ ਸੀ ਕਿ ਪਹਿਲਾਂ ਲੰਗਰ ਦਾ ਪਵਿੱਤਰ ਪ੍ਰਸ਼ਾਦ ਛੱਕ ਕੇ ਆਵੇ। 'ਪਹਿਲੈ ਪੰਗਤ, ਪਾਛੈ ਸੰਗਤ' ਗੁਰੂ ਦਾ ਹੁਕਮ ਸੀ। ਜੇ ਕੋਈ ਲੰਗਰ ਦਾ ਪ੍ਰਸ਼ਾਦ ਨਾ ਛੱਕਦਾ, ਉਸ ਨੂੰ

ਦਰਸ਼ਨ ਨਸੀਬ ਨਾ ਹੁੰਦਾ।

ਇਸ ਤੋਂ ਇਹ ਜਾਣਨਾ ਪੈਂਦਾ ਹੈ ਕਿ ਜੋ ਲੀਹ ਮਾਤਾ ਖੀਵੀ ਜੀ ਨੇ ਲੰਗਰ ਵਰਤਾਉਣ ਦੀ ਪਾਈ ਸੀ, ਉਹ ਟੁਰਦੀ ਰਹੀ। ਗੁਰੂ ਅਮਰਦਾਸ ਜੀ ਵੀ ਲੰਗਰ ਦੇ ਭਾਂਡੇ ਰਾਤ ਨੂੰ ਖ਼ਾਲੀ ਕਰਕੇ ਹੀ ਸੌਂਦੇ। ਨਿੱਜ ਲਈ ਕੁਝ ਨਾ ਰੱਖਦੇ ਜਾਂ ਸੰਭਾਲਦੇ।

ਮਾਤਾ ਖੀਵੀ ਜੀ ਬਿਰਧ ਹੋਣ ਕਰਕੇ ਫਿਰ ਖਡੂਰ ਵਾਪਸ ਮੁੜ ਆਏ ਤੇ ਦਾਸੂ ਜੀ ਪਾਸ ਰਹਿਣ ਲੱਗੇ। ਜਦ ਸ੍ਰੀ ਅੰਮ੍ਰਿਤਸਰ ਵੱਸ ਗਿਆ ਤਾਂ ਆਪ ਜੀ ਕੁਝ ਚਿਰ ਲਈ ਸ੍ਰੀ ਅੰਮ੍ਰਿਤਸਰ ਵੀ ਰਹੇ। ਆਪ ਜੀ ਨੇ ਸੰਨ ੧੫੯੨ ਈ: ਨੂੰ ਖਡੂਰ ਸਾਹਿਬ ਹੀ ਅਕਾਲ ਚਲਾਣਾ ਕੀਤਾ ਤੇ ਗੁਰੂ ਅਰਜਨ ਦੇਵ ਜੀ ਆਪੂੰ ਸਸਕਾਰ ਵੇਲੇ ਪੁੱਜੇ।

ਗੱਲ ਕੀ, ਮਾਤਾ ਖੀਵੀ ਜੀ ਇਕ ਅੜਿ ਠਹਿਰੇ ਸੁਭਾਅ ਦੇ ਮਾਲਕ, ਸ਼ਰਮ ਦੇ ਪੁਤਲੇ, ਅਕਲ ਦੇ ਕੋਟ, ਦਾਤੇ, ਹੱਥ ਖੁੱਲ੍ਹੇ, ਧਰਮ ਦੀ ਮੂਰਤ, ਸਦਾ ਰਜ਼ਾ ਵਿਚ ਰਾਜ਼ੀ ਅਤੇ ਹਮੇਸ਼ਾਂ ਖੇੜੇ ਵਿਚ ਰਹਿਣ ਵਾਲੇ ਐਸੇ ਵਿਅਕਤੀ ਸਨ, ਜਿਨ੍ਹਾਂ ਦੀ ਸੰਘਣੀ ਛਾਂ ਸਦਾ ਠੰਢਕ ਪਹੁੰਚਾਂਦੀ ਰਵ੍ਹੇਗੀ।

SIKHBOOKCLUB.COM

੭

# ਮੋਹਰੀ ਪੁਤੁ ਸਨਮੁਖ ਹੋਇਆ

ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਸੱਚ ਨੂੰ ਅਪਣਾਉਣ ਉੱਤੇ ਜ਼ੋਰ ਹੈ। ਇਸ ਲਈ ਇਸ ਵਿਚ ਮਜ਼ਮੂਨ ਵੀ, ਸੱਚ ਦਾ ਸਹੀ ਰੂਪ, ਸੱਚ ਦੀ ਪ੍ਰਾਪਤੀ ਦਾ ਸਾਧਨ, ਜਿਨ੍ਹਾਂ ਪ੍ਰਾਪਤ ਕਰ ਲਿਆ ਅਤੇ ਜਿਨ੍ਹਾਂ ਪ੍ਰਾਪਤ ਨਹੀਂ ਕੀਤਾ, ਵਾਲਾ ਰੱਖਿਆ ਹੈ। ਸੱਚ ਪ੍ਰਾਪਤ ਕਰ ਸੁਰਖਰੂ ਹੋਣ ਵਾਲਿਆਂ ਵਿਚੋਂ ਇਕ ਬਾਬਾ ਮੋਹਰੀ ਜੀ ਹਨ। ਨਿਰੋਲ ਉਹ ਹੀ ਇਕ ਗੁਰੂ-ਸੰਤਾਨ ਹਨ ਜਿਨ੍ਹਾਂ ਦੀ ਉਪਮਾ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਸੁੰਦਰ ਜੀ ਨੇ ਰਾਮਕਲੀ ਸੱਦ ਵਿਚ ਕੀਤੀ ਹੈ। ਬਾਕੀ ਗੁਰ ਪੁੱਤਰਾਂ ਬਾਰੇ ਬਲਵੰਡ ਜੀ ਨੇ ਇਕ ਤੁਕ 'ਪੁਤ੍ਰੀ ਕਉਲੁ ਨਾ ਪਾਲਿਓ, ਕਰਿ ਪੀਰਹੁ ਕੰਨ ਮੁਰਟੀਐ', ਆਖ ਕੇ ਗੱਲ ਹੀ ਮੁਕਾ ਦਿੱਤੀ ਹੈ। ਉਨ੍ਹਾਂ ਦਾ ਆਖਣਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਜੋ ਵੀ ਹੁਕਮ ਕੀਤਾ, ਗੁਰੂ ਅੰਗਦ ਦੇਵ ਜੀ ਨੇ ਸੱਚ ਕਰਕੇ ਮੰਨਿਆ ਅਤੇ ਕਦੀ ਵੀ ਆਪ ਨੇ ਉਸ ਨੂੰ ਮੰਨਣ ਤੋਂ ਇਨਕਾਰ ਨਹੀਂ ਕੀਤਾ। ਇਸ ਦੇ ਉਲਟ ਸਤਿਗੁਰੂ ਜੀ ਦੇ ਪੁੱਤਰਾਂ ਨੇ ਬਚਨ ਨਾ ਮੰਨਿਆ ਤੇ ਸਦਾ ਗੁਰੂ ਵੱਲ ਪਿੱਠ ਦੇ ਕੇ ਹੀ ਹੁਕਮ ਮੋੜਦੇ ਰਹੇ। ਜੋ ਲੋਕ ਖੋਟਾ ਦਿਲ ਹੋਣ ਕਾਰਨ ਗੁਰੂ ਵਲੋਂ ਆਕੀ ਹੋਏ ਫਿਰਦੇ ਹਨ, ਉਹ ਲੋਕ ਦੁਨੀਆਂ ਦੇ ਧੰਦਿਆਂ ਦੀ ਛੱਟ ਚੁਕਣ ਤੋਂ ਬਗੈਰ ਕੁਝ ਨਹੀਂ ਕਰਦੇ ਤੇ ਠੇਡੇ ਖਾਂਦੇ ਹਨ :

**'ਦਿਲਿ ਖੋਟੈ ਆਕੀ ਫਿਰਨ੍ਹਿ, ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ।'**

ਪਰ ਬਾਬਾ ਮੋਹਰੀ ਜੀ ਬਾਰੇ ਜ਼ਿਕਰ ਹੈ ਕਿ ਜਦੋਂ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ ਕਿ ਸਾਰੇ ਗੁਰੂ ਰਾਮਦਾਸ ਜੀ ਦੀ ਚਰਨੀਂ ਲੱਗਣ ਤਾਂ ਗੁਰਸਿੱਖਾਂ ਨੇ ਗੁਰੂ ਅਮਰਦਾਸ ਜੀ ਦਾ ਹੁਕਮ ਮੰਨ ਲਿਆ। ਸਭ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਰੀ ਜੀ ਗੁਰੂ ਰਾਮਦਾਸ ਜੀ ਦੇ ਪੈਰਾਂ ਉੱਤੇ ਪੈ ਕੇ ਪਿਤਾ ਦੇ ਸਾਹਮਣੇ ਸੁਰਖਰੂ ਹੋ ਕੇ ਆ ਖਲੋਤੇ।

**ਸਤਿਗੁਰ ਪੁਰਖ ਜਿ ਬੋਲਿਆ, ਗੁਰ ਸਿੱਖਾਂ ਮੰਨਿ ਲਈ ਰਜਾਇ ਜੀਉ।**
**ਮੋਹਰੀ ਪੁਤੁ ਸਨਮੁਖੁ ਹੋਇਆ, ਰਾਮਦਾਸੈ ਪੈਰੀ ਪਾਇ ਜੀਉ।**

ਤਾਰੀਖ਼-ਇ-ਪੰਜਾਬ ਵਿਚ ਲਿਖਿਆ ਹੈ ਕਿ ਦੋਹਾਂ ਸਪੁਤਰਾਂ ਵਿਚੋਂ ਮੋਹਰੀ ਜੀ ਨੇ ਆਪਣੇ ਪਿਤਾ ਦੀ ਹੱਦੋਂ ਵੱਧ ਤਾਬਿਆਦਾਰੀ ਤੇ ਆਗਿਆਕਾਰੀ ਕੀਤੀ। ਪਿਤਾ ਨੇ ਉਸ ਦੇ ਨਮਿਤ ਸ਼ੁਭ ਅਰਦਾਸ ਕੀਤੀ ਤੇ ਉਸ ਨੂੰ ਸਿੱਖੀ ਦੀ ਦਾਤ ਬਖ਼ਸ਼ੀ ਅਤੇ ਉਸ ਦੀਆਂ ਇੱਕੀ ਪੀੜ੍ਹੀਆਂ ਲਈ ਮੁਕਤੀ ਦਾ ਹੁਕਮ ਕੀਤਾ। ਇਸ ਖ਼ਾਨਦਾਨ ਦੇ ਸਾਹਿਬਜ਼ਾਦੇ ਸਾਰੇ ਕੰਮਾਂ

 www.sikhbookclub.com

ਵਿਚ ਮਾਣ-ਸਤਿਕਾਰ ਦੇ ਪਾਤਰ ਸਮਝੇ ਜਾਂਦੇ ਹਨ।

ਸਨਮੁਖ ਹੋਣਾ ਸਭ ਤੋਂ ਵਿਸ਼ੇਸ਼ ਗੁਣ ਹੈ। ਗੁਰੂ ਪਾਸ ਬੈਠਣ ਯੋਗ ਹੋ ਹੀ ਉਹ ਸਕਦਾ ਹੈ ਜੋ ਸਨਮੁਖ ਹੋਵੇ। ਸਨਮੁਖ ਦੇ ਅੱਖਰੀਂ ਅਰਥ ਹਨ, ਸੁਰਖਰੂ ਹੋ ਕੇ ਸਾਹਮਣੇ ਖਲੋਣਾ। ਸਨਮੁਖ ਹੋਣ ਦੀ ਕੁਝ ਵਿਆਖਿਆ ਭਾਈ ਸੰਤੋਖ ਸਿੰਘ ਜੀ ਨੇ ਕੀਤੀ ਹੈ। ਉਹ ਲਿਖਦੇ ਹਨ ਕਿ ਸਨਮੁਖ ਉਹ ਹੈ ਜਿਸ ਨੇ ਵਿਕਾਰਾਂ ਨੂੰ ਪਿੱਠ ਦਿੱਤੀ ਹੈ। ਜਿਸ ਵਿਚ ਮੈਤ੍ਰੀ, ਕਰੁਣਾ, ਮੁਦਿਤਾ ਤੇ ਪਾਪਾਤਮਾ ਤੋਂ ਨੱਸਣ ਦੇ ਗੁਣ ਹਨ :

**ਮੈਤ੍ਰੀ ਕਰੁਣਾ ਦ੍ਵੈ ਲਖੈ ਮੁਦਿਤਾ ਤੀਜੀ ਜਾਨ।**
**ਚਤੁਰ ਉਪੇਖਯਾ ਜਿਸ ਵਿਖੈ ਸਨਮੁਖ ਸੋ ਪਹਿਚਾਨ।** (ਨਾਨਕ ਪ੍ਰਕਾਸ਼)

ਫਿਰ ਇਸੇ ਕਥਨ ਦਾ ਵਿਸਥਾਰ ਮਹਾਂ ਕੋਸ਼ ਵਿਚ ਕਰਦੇ ਹੋਏ ਭਾਈ ਕਾਹਨ ਸਿੰਘ ਜੀ ਲਿਖਦੇ ਹਨ ਕਿ ਸਨਮੁਖ ਉਹ ਹੀ ਹੈ ਜਿਸ ਨੇ ਸੁੱਖਾਂ ਨਾਲ ਮੈਤੀ ਰੱਖੀ ਹੈ, ਭਾਵ ਸੁੱਖ ਦੇ ਰਾਹ ਨੂੰ ਪਹਿਚਾਣ ਗਿਆ ਹੈ ਤੇ ਦੁੱਖਾਂ ਦਾ ਕਾਰਨ ਸਮਝ ਲਿਆ ਹੈ। ਕਈ ਧਰਮਾਂ ਦਾ ਸਾਰਾ ਗਿਆਨ ਹੀ ਇਸ ਆਸ਼ੇ ਉੱਤੇ ਕੇਂਦਰਿਤ ਹੈ ਕਿ ਦੁੱਖਾਂ ਦਾ ਕਾਰਨ ਲੱਭਿਆ ਜਾਏ, ਪਰ ਸਿੱਖ ਧਰਮ ਦੇ ਸਨਮੁਖ ਸ਼ਬਦ ਵਰਤ ਕੇ ਇਹ ਪ੍ਰਗਟ ਕੀਤਾ ਕਿ ਦੁੱਖ ਆਪੇ ਹੀ ਮੁੱਕ ਜਾਣਗੇ ਜੇ ਪੁੱਗੇ ਹੋਏ ਦੀ ਸੰਗਤ ਕੀਤੀ ਜਾਵੇਗੀ।

ਸਨਮੁੱਖ ਦਾ ਦੂਜਾ ਲੱਛਣ ਹੈ : 'ਦੁਖੀ ਦੇਖ ਕਰੁਣਾ ਉਠੇ।' ਕਰੁਣਾ ਦਰਦ ਜਾਂ ਪੀੜ ਉਸੇ ਵਿਚ ਉਠੇਗੀ ਜਿਸ ਦਾ ਹਿਰਦਾ ਕੋਮਲ ਹੈ ਤੇ ਦਰਦ-ਭਿੰਨਾ ਹੈ। ਇਕ ਐਸੇ ਹੀ ਪੁੱਗੇ ਹੋਏ, ਪ੍ਰਵਾਨ ਤੇ ਕਰੁਣਾ ਵਿਚ ਭਿੱਜੇ ਭਗਤ ਰਵਿਦਾਸ ਜੀ ਦਾ ਕਥਨ ਹੈ ਕਿ ਉਹ ਕਿਵੇਂ ਜਾਣ ਸਕਦਾ ਹੈ ਦੂਜੇ ਦਾ ਦਰਦ, ਜਿਸ ਵਿਚ ਪਰਮਾਤਮਾ ਨੇ ਦਰਦ ਹੀ ਨਹੀਂ ਪਾਇਆ :

**ਸੋ ਕਤ ਜਾਨੈ ਪੀਰ ਪਰਾਈ।**
**ਜਾਕੈ ਅੰਤਰਿ ਦਰਦ ਨਾ ਪਾਈ।** (ਸੂਹੀ ਰਵਿਦਾਸ ਜੀ ਕੀ)

ਦੁਨੀਆਂ ਇਹ ਆਖਦੀ ਸੀ ਕਿ 'ਜਿਸ ਤਨ ਲਗੈ ਸੋਈ ਜਾਣੈ' ਪਰ ਗੁਰਮਤਿ ਦ੍ਰਿੜ੍ਹਾਂਦੀ ਹੈ ਕਿ ਇਹ ਠੀਕ ਨਹੀਂ। ਉਹ ਹੀ ਦੂਜੇ ਦਾ ਦਰਦ ਜਾਣ ਸਕਦਾ ਹੈ, ਜਿਸ ਵਿਚ ਪਾਤਸ਼ਾਹ ਨੇ ਦਰਦ ਪਾਇਆ ਹੈ। ਸਨਮੁੱਖ ਦਾ ਗੁਣ ਹੈ ਕਿ ਉਹ ਹਰ ਕਿਸੇ ਪੀੜਤ ਦਾ ਦਰਦ ਜਾਣ ਸਕਦਾ ਹੈ ਤੇ ਇਹ ਗੁਣ ਪ੍ਰਾਪਤ ਹੁੰਦਾ ਹੈ, ਗੁਰੂ ਚਰਨਾਂ ਉੱਤੇ ਢੱਠਣ ਨਾਲ।

ਸਨਮੁੱਖ ਦਾ ਤੀਜਾ ਗੁਣ ਹੈ : ਪੁਨ ਆਤਮਾ ਨਾਲ ਮੁਦਿਤਾ ਜਾਂ ਇਕਮਿਕ ਹੋਣਾ। ਗੁਣਾਂ ਦੀ ਸਾਂਝ ਕਰਨੀ ਤੇ ਝੋਲ ਅੰਮ੍ਰਿਤ ਪੀਣਾ। ਜਿੱਥੇ ਤੇ ਜਿੱਥੋਂ ਗੁਣ ਮਿਲਣ, ਗ੍ਰਹਿਣ ਕਰਨ ਲਈ ਪੁੱਜਣਾ। ਗੁਰੂ ਨਾਨਕ ਜੀ ਨੇ ਸਿੱਧਾਂ ਦੇ ਸਵਾਲਾਂ, 'ਤੁਸਾਂ ਕਿਉਂ ਘਰ ਛੱਡਿਆ, ਉਦਾਸੀ ਬਣੇ ਤੇ ਭੇਖ-ਉਦਾਸੀ ਕਿਉਂ ਧਾਰਿਆ', ਦਾ ਉੱਤਰ ਦੇ ਕੇ ਸਾਡੇ ਉੱਤੇ ਰਹਿਮਤ ਕੀਤੀ ਤੇ ਰਾਹ ਸੁਖਾਲਾ ਕੀਤਾ। ਮਹਾਰਾਜ ਨੇ ਉੱਤਰ ਵਿਚ ਫ਼ਰਮਾਇਆ ਸੀ ਕਿ ਅਸੀਂ ਗੁਰਮੁਖਾਂ ਨੂੰ ਲੱਭਣ ਲਈ ਹੀ ਉਦਾਸੀ ਬਣੇ ਸਾਂ, ਅਸਾਂ ਗੁਰਮੁਖਾਂ ਦੇ ਦਰਸ਼ਨ ਲਈ ਹੀ ਉਦਾਸੀ ਭੇਖ ਧਾਰਿਆ ਸੀ। ਅਸੀਂ ਸੱਚੇ ਪ੍ਰਭੂ ਦੇ ਨਾਮ ਸੌਦੇ ਦੇ ਵਪਾਰੀ ਹਾਂ। ਜੋ ਮਨੁੱਖ ਗੁਰੂ ਦੇ ਦੱਸੇ ਰਾਹ ਉੱਤੇ ਟੁਰਦਾ ਹੈ ਉਹ ਇਸ ਨਾ ਤਰਣ ਵਾਲੇ ਸੰਸਾਰ ਤੋਂ ਪਾਰ ਲੰਘ ਜਾਂਦਾ ਹੈ।

**ਗੁਰਮੁਖਿ ਖੋਜਤ ਭਏ ਉਦਾਸੀ।**
**ਦਰਸਨ ਕੈ ਤਾਈ ਭੇਖ ਨਿਵਾਸੀ।**
**ਸਾਚ ਵਖਰ ਕੇ ਹਮ ਵਣਜਾਰੇ।**
**ਨਾਨਕ, ਗੁਰਮੁਖਿ ਉਤਰਸਿ ਪਾਰੇ॥ ੧੮॥** (ਸਿੱਧ ਗੋਸ਼ਟਿ)

ਸਿੱਧਾਂ ਦਾ ਅਗਲਾ ਪ੍ਰਸ਼ਨ, "ਪੁਰਖਾ! ਤੂੰ ਆਪਣੀ ਜ਼ਿੰਦਗੀ ਕਿਸ ਤਰੀਕੇ ਨਾਲ ਪਲਟਾ ਲਈ ਹੈ? ਤੂੰ ਆਪਣਾ ਇਹ ਮਨ ਕਿਸ ਵਿਚ ਜੋੜਿਆ ਹੈ? ਮਨ ਦੇ ਫੁਰਨੇ ਕਿਵੇਂ ਮੁਕਾ ਲਏ, ਰੱਬੀ ਪ੍ਰਕਾਸ਼ ਤੈਨੂੰ ਇਕ-ਰਸ ਕਿਵੇਂ ਮਿਲ ਗਿਆ ਹੈ, ਦੰਦਾਂ ਤੋਂ ਬਿਨਾਂ ਹੀ ਕਰੜੀ ਮਾਇਆ ਕਿਵੇਂ ਚੱਬ ਲਈ, ਕੋਈ ਉੱਤਮ ਵਿਚਾਰ ਦੱਸੋ ਤਾਂਕਿ ਸਾਡੀ ਵੀ ਤਸੱਲੀ ਹੋਵੇ?" ਗੁਰੂ ਨਾਨਕ ਦੇਵ ਜੀ ਨੇ ਉੱਤਰ ਵਜੋਂ ਕਿਹਾ: "ਜਿਉਂ-ਜਿਉਂ ਸਤਿਗੁਰ ਦੀ ਸਿੱਖਿਆ ਤੇ ਤੁਰੇ, ਤਿਉਂ-ਤਿਉਂ ਮਨ ਦੀ ਭਟਕਣਾ ਮੁੱਕਦੀ ਗਈ। ਜਿਉਂ-ਜਿਉਂ ਇਕ-ਰਸ ਵਿਆਪਕ ਪ੍ਰਭੂ ਵਿਚ ਜੁੜੇ, ਤਿਉਂ-ਤਿਉਂ ਇਹ ਮਨ ਪਰਚਦਾ ਗਿਆ। ਸਭ ਫੁਰਨੇ ਗੁਰ-ਸ਼ਬਦ ਰਾਹੀਂ ਸਾੜੇ ਹਨ ਤੇ ਗੁਰੂ ਦੇ ਸਨਮੁੱਖ ਹੋਇਆਂ ਹੀ ਇਕ-ਰਸ ਰੱਬੀ ਪ੍ਰਕਾਸ਼ ਲੱਭਾ ਹੈ। ਉਸ ਪ੍ਰਕਾਸ਼ ਦੀ ਬਰਕਤ ਨਾਲ ਮਾਇਆ ਦੇ ਤਿੰਨਾਂ ਰੂਪਾਂ ਦੀ ਝਲਕ ਆਪਣੇ ਉੱਤੇ ਪੈਣ ਨਹੀਂ ਦਿੱਤੀ ਤੇ ਇਸ ਤਰ੍ਹਾਂ ਮਾਇਆ ਦੀ ਚੋਟ ਤੋਂ ਬਚਣ ਦਾ ਇਹ ਅਤਿ ਔਖਾ ਕੰਮ, ਲੋਹਾ ਚੱਬਿਆ ਹੈ":

**ਸਤਿਗੁਰ ਕੈ ਜਨਮੈ, ਗਵਨੁ ਮਿਟਾਇਆ।**
**ਅਨਹਤਿ ਰਾਤੇ, ਇਹੁ ਮਨੁ ਲਾਇਆ।**
**ਮਨਸਾ ਆਸਾ ਸਬਦਿ ਜਲਾਈ।**
**ਗੁਰਮੁਖਿ ਜੋਤਿ ਨਿਰੰਤਰਿ ਪਾਈ।**
**ਤ੍ਰੈ ਗੁਣ ਮੇਟੇ, ਖਾਈਐ ਸਾਰੁ।**
**ਨਾਨਕ, ਤਾਰੇ ਤਾਰਣ ਹਾਰੁ॥ ੨੦॥** (ਸਿੱਧ ਗੋਸ਼ਟਿ)

ਫਿਰ ਕਈ ਪ੍ਰਸ਼ਨਾਂ ਦੇ ਉੱਤਰ ਵਿਚ ਗੁਰੂ ਨਾਨਕ ਦੇਵ ਜੀ ਨੇ ਗੁਰਮੁਖਿ ਹੋਣ ਲਈ ਹੀ ਕਿਹਾ। ਗੁਰਮੁੱਖ ਧਰਮ ਦੇ ਮਾਰਗ ਉੱਤੇ ਪਹਿਲਾ ਪੜਾਅ ਹੈ। ਜਦ ਮੰਜ਼ਲ ਮਿਲ ਗਈ ਤਾਂ ਪੁਰਖ ਸਨਮੁੱਖ ਹੋ ਗਿਆ।

ਸਨਮੁੱਖ ਦਾ ਚੌਥਾ ਲੱਛਣ, ਪਾਪਾਤਮਾ ਤੋਂ ਨੱਸਣਾ ਹੈ। ਸਨਮੁੱਖ ਉਹ ਹੀ ਹੈ, ਜਿਸ ਨੇ ਗੁਰੂ ਦੀ ਰਹਿਮਤ ਸਦਕਾ ਬੁਰਾਈਆਂ ਨੂੰ ਮਾਰ ਕੱਢਿਆ ਹੈ। ਉਹ ਫਿਰ ਬੁਰੇ ਦਾ ਸੰਗ ਨਹੀਂ ਕਰਦਾ, ਹਉਮੈ ਦੇ ਕਰਮ ਨਹੀਂ ਕਰਦਾ। ਧੂੜੀ ਵਿਚ ਹੀ ਸਵਾਦ ਲੈਂਦਾ ਹੈ। ਬਾਬਾ ਮੋਹਰੀ ਜੀ ਇਨ੍ਹਾਂ ਚਾਰੇ ਗੁਣਾਂ ਦਾ ਹੀ ਸਮੂਹ ਸਨ।

ਗੁਰੂ ਨਾਨਕ ਦੇਵ ਜੀ ਦੇ ਦੋਵੇਂ ਸਪੁੱਤਰ ਗੁਰੂ-ਪਿਤਾ ਨੂੰ ਪੁੱਤਰਾਂ ਦੀ ਅੱਖ ਨਾਲ ਹੀ ਦੇਖਦੇ ਰਹੇ। ਬਾਬਾ ਸ੍ਰੀ ਚੰਦ ਜੀ ਬਾਲ ਜਤੀ, ਮਹਾਨ ਤਪੱਸਵੀ, ਸਿੱਧੀਆਂ ਦੇ ਮਾਲਕ, ਸੂਰਮੇ ਤੇ ਛੋਹੁ ਨਾਲ ਹੀ ਜ਼ਿੰਦਗੀ ਵਟਾਉਣ ਵਾਲੇ ਵਿਅਕਤੀ ਸਨ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਬਾਬਾ ਜੀ ਨੇ ਦਿਲ ਢਾਹੇ, ਨਿੰਮੋਝੂਣੇ ਹੋਏ, ਈਨ ਮੰਨਣ ਲਈ ਤਿਆਰ ਬੈਠੇ ਮਹਾਰਾਣਾ ਪ੍ਰਤਾਪ ਨੂੰ ਤਲਵਾਰ ਉਠਾਉਣ ਲਈ ਪ੍ਰੇਰਿਆ ਸੀ ਪਰ ਉਹ ਗੁਰੂ-ਪਿਤਾ ਨਾਨਕ ਦੇ ਹੁਕਮਾਂ ਨੂੰ ਸਮਝ ਹੀ ਨਾ ਸਕੇ ਤੇ ਹਰ ਸਮੇਂ ਮੂੰਹ ਮੋੜਦੇ ਰਹੇ। ਅਸਲ ਵਿਚ ਉਹ ਗੁਰੂ-


www.sikhbookclub.com

ਪਿਤਾ ਦੇ ਹੁਕਮਾਂ ਨੂੰ ਸਮਝਣ ਵਿਚ ਹੀ ਅਸਮਰੱਥ ਸਨ। ਇਤਿਹਾਸ ਵਿਚ ਆਉਂਦਾ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਨੂੰ ਅੰਗਦ ਆਖ ਕੇ ਗੁਰੂ ਥਾਪ ਦਿੱਤਾ ਤਾਂ ਬਾਬਾ ਸ੍ਰੀ ਚੰਦ ਜੀ ਨੇ ਸਾਰੀ ਬਰਾਦਰੀ, ਬੇਦੀ ਕੁਲ ਦੇ ਮੋਢੀ ਇਕੱਠੇ ਕਰ ਲਏ ਤੇ ਗੁਰੂ ਅੰਗਦ ਦੇਵ ਜੀ ਨੂੰ ਗੁਰ-ਗੱਦੀ ਨਾ ਦੇਣ ਲਈ ਕਿਹਾ। ਬਾਬਾ ਨਾਨਕ ਜੀ ਨੇ ਫ਼ਰਮਾਇਆ ਕਿ ਇਹ ਅਕਾਲ ਪੁਰਖ ਵਲੋਂ ਹੁੰਡੀ ਸੀ, ਸੇਵਕ ਨੂੰ ਤਾਰਣੀ ਸੀ ਤੇ ਸੇਵਕ ਭਾਈ ਲਹਿਣਾ ਹੀ ਡਿੱਠਾ ਹੈ। ਸਾਰਿਆਂ ਨੇ ਕਿਹਾ ਕਿ ਪੁੱਤਰ ਵੀ ਸੇਵਕ ਹਨ ਤਾਂ ਉਥੇ ਹੀ ਸਭ ਦੀ ਤਸੱਲੀ ਕਰਾਉਣ ਲਈ ਗੁਰੂ ਨਾਨਕ ਜੀ ਨੇ ਸਭ ਇਕੱਠ ਦੇ ਸਾਹਮਣੇ ਆਪਣੀ ਮੁੱਠ ਵਿਚ ਇਕ ਪੈਸਾ ਰੱਖ ਕੇ ਬਾਬਾ ਸ੍ਰੀ ਚੰਦ ਕੋਲੋਂ ਪੁੱਛਿਆ : "ਸ੍ਰੀ ਚੰਦਾ! ਮੁੱਠ ਵਿਚ ਕੀ ਹੈ ?" ਉਸ ਨੇ ਕਿਹਾ, "ਪਿਤਾ ਜੀ ਇਕ ਪੈਸਾ ਹੈ।" ਗੁਰੂ ਜੀ ਨੇ ਕਿਹਾ ਕਿ ਪੁੱਤਰ ਸਿਆਣਾ ਹੈ। ਫਿਰ ਲਖਮੀ ਚੰਦ ਜੀ ਕੋਲੋਂ ਪੁੱਛਿਆ ਤਾਂ ਉਸ ਨੇ ਕਿਹਾ ਕਿ ਆਪ ਜੀ ਦੇ ਹੱਥ ਵਿਚ ਪੈਸਾ ਹੈ। ਫਿਰ ਗੁਰੂ ਅੰਗਦ ਦੇਵ ਜੀ ਨੂੰ ਪੁੱਛਿਆ ਤਾਂ ਉਹਨਾਂ ਕਿਹਾ : "ਸੱਚੇ ਪਾਤਸ਼ਾਹ ਮੇਰੀ ਕੀ ਸ਼ਕਤੀ ਹੈ ਜੋ ਮੈਂ ਆਖ ਸਕਾਂ ਤੇਰੇ ਹਾਥ ਮਹਿ ਕਿਆ ਹੈ, ਪਰ ਜਤਨ ਕਰ ਕੁਛ ਆਖਦਾ ਹਾਂ। ਤੁਹਾਡੇ ਹੱਥ ਵਿਚ ਨੌਂ ਨਿਧੀਆਂ, ਅਠਾਰਾਂ ਸਿੱਧੀਆਂ, ਚਾਰ ਪਦਾਰਥ, ਭਗਤੀ, ਜੋਗ, ਗਿਆਨ, ਬੈਰਾਗ ਆਦਿ ਸਭ ਕੁਝ ਹੈ। ਪੂਰਨ ਪ੍ਰਮੇਸ਼ਰ ਆਪ ਜੀ ਦੇ ਹੱਥ ਵਿਚ ਹੈ।" ਇਹ ਸੁਣ ਕੇ ਗੁਰੂ ਨਾਨਕ ਜੀ ਨੇ ਇਕੱਠੇ ਹੋਏ ਲੋਕਾਂ ਨੂੰ ਕਿਹਾ ਕਿ ਸੇਵਕ ਦਾ ਬਚਨ ਵੀ ਤੁਸਾਂ ਸੁਣਿਆ ਹੈ ਤੇ ਪੁੱਤਰਾਂ ਦਾ ਬਚਨ ਵੀ ਸੁਣਿਆ। ਸੇਵਕ ਦਾ ਰੂਪ ਕਿਸ ਦਾ ਦੇਖਿਆ ? ਗੱਲ ਕੀ, ਜਿਨ੍ਹਾਂ ਦੇ ਹੁਕਮ ਪਾਲਣ ਲਈ ਗੁਰੂ ਨੇ ਟੋਰਨਾ ਸੀ, ਉਹਨਾਂ ਨੂੰ ਹੀ ਕਿੰਤੂ ਕਰਕੇ ਪੁੱਤਰ ਠੁਕਰਾ ਦਿੰਦੇ ਰਹੇ।

ਫਿਰ ਜਦ ਭਾਈ ਲਹਿਣਾ ਜੀ ਅਲੂਣੀ ਸਿਲ ਚਟ ਕੇ ਗੁਰੂ ਦਾ ਅੰਗ ਬਣ ਗਏ ਤਾਂ ਵੀ ਬਾਬਾ ਸ੍ਰੀ ਚੰਦ ਜੀ ਨੇ ਸਿਰ ਨਾ ਨਿਵਾਇਆ, ਸਗੋਂ ਗੁਰੂ ਨਾਨਕ ਦੇਵ ਜੀ ਦੀ ਸਮਾਧੀ ਨੂੰ ਪੂਜ ਅਸਥਾਨ ਦੱਸ ਕੇ ਲੋਕਾਂ ਕੋਲੋਂ ਪੂਜਾ ਕਰਾਉਣ ਲੱਗ ਪਏ। ਪਹਿਲਾਂ ਗੁਰੂ ਤੋਂ ਖੁੰਝੇ ਫਿਰ ਗੁਰੂ ਸ਼ਬਦ ਤੋਂ ਪਰ੍ਹੇ ਹੋ ਗਏ। ਭਾਈ ਗੁਰਦਾਸ ਜੀ ਨੇ ਵਾਰ ੨੬ਵੀਂ ਦੀ ਪਉੜੀ ਤੇਤੀਵੀਂ ਵਿਚ ਇਸੇ ਗੱਲ ਦਾ ਵਰਣਨ ਕੀਤਾ ਹੈ ਕਿ ਬਾਬਾ ਸ੍ਰੀ ਚੰਦ ਜੀ ਬਚਪਨ ਤੋਂ ਹੀ ਜਤੀ ਹਨ ਤੇ ਉਨ੍ਹਾਂ ਗੁਰੂ ਸ਼ਬਦ ਦੀ ਥਾਂ ਬਾਬੇ ਗੁਰੂ ਨਾਨਕ ਦੇਵ ਜੀ ਦੀ ਸਮਾਧੀ ਬਣਾ ਕੇ ਪੂਜਾ ਕਰਾਉਣੀ ਅਰੰਭ ਕਰ ਦਿੱਤੀ। ਕੈਸੀ ਅਜੀਬ ਗੱਲ ਹੈ ਕਿ ਚੰਦਨ ਦੀ ਵਾਸ਼ਨਾ ਨਾਲ ਬਾਂਸ ਸੁਗੰਧ ਵਾਲਾ ਨਾ ਹੋਇਆ; ਕਿਉਂਕਿ ਉਸ ਦਾ ਅੰਦਰ ਖੋਖਲਾ ਸੀ :

**ਬਾਲ ਜਤੀ ਹੈ ਸਿਰੀ ਚੰਦ, ਬਾਬਾਣਾ ਬਣਾਯਾ।**
**ਚੰਦਨ ਵਾਸ ਨ ਵਾਂਸ ਬੋਹਾਯਾ॥ ੩੩॥ ੨੬॥**

ਇਸੇ ਤਰ੍ਹਾਂ ਬਾਬਾ ਲਖਮੀ ਦਾਸ ਜੀ ਤੇ ਉਸ ਦੇ ਪੁੱਤਰ ਨੇ ਆਪਣਾ ਆਪ ਹੀ ਪੂਜਾਉਣਾ ਅਰੰਭ ਕਰ ਦਿੱਤਾ। ਗੁਰੂ ਤਾਂ ਉਹ ਹੈ ਜੋ ਆਪਾ ਮਾਰਨ ਦੀ ਗੱਲ ਦੱਸੇ ਪਰ ਉਨ੍ਹਾਂ ਆਪਣਾ ਆਪ ਹੀ ਗਣਾਇਆ। ਉਹ ਵੀ ਵਾਂਸ ਵਾਂਙ ਹੀ ਰਹੇ :

**"ਲਖਮੀ ਦਾਸਹੁੰ ਧਰਮ ਚੰਦ ਪੋਤਾ ਹੋਇ ਆਪ ਗਣਾਯਾ।"**

ਗੁਰੂ ਅੰਗਦ ਦੇਵ ਜੀ ਜਦ ਗੁਰੂ ਨਾਨਕ ਦੇ ਚਰਨਾਂ ਵਿਚ ਆਏ ਤਾਂ ਉਸ ਸਮੇਂ ਉਨ੍ਹਾਂ

ਦੀ ਉਮਰ ੨੦ ਸਾਲ ਦੀ ਸੀ। ਲੂਣ ਦੀ ਖਿੱਟੀ ਸਿਰ ਉੱਤੇ ਚੁੱਕ ਗੁਰੂ ਪਾਸ ਆਏ ਸਨ ਤੇ ਸੱਤ ਸਾਲ ਗੁਰੂ ਦੇ ਹੁਕਮਾਂ ਉੱਤੇ ਸਭ ਕੁਝ ਕੁਰਬਾਨ ਕਰ ਕਬੂਲ ਹੋਏ। ਉਨ੍ਹਾਂ ਇਕ ਪਲ ਵੀ ਅਵਾਂਈਂ ਨਾ ਗਵਾਇਆ। ਲੂਣ ਹਲਾਲ ਕੀਤਾ। ਆਪ ਜੀ ਦੇ ਦੋਵੇਂ ਪੁੱਤਰ ਬਾਬਾ ਦਾਤੂ ਜੀ ਤੇ ਦਾਸੂ ਜੀ ਪੁੱਤਰਪੁਣੇ ਵਿਚ ਹੀ ਵਿਚਰਦੇ ਰਹੇ। ਸੇਵਾ ਦੇ ਮਹੱਤਵ ਨੂੰ ਉਹ ਸਮਝ ਨਾ ਸਕੇ। ਸੇਵਾ ਹੀ ਇਕ ਦਾਰੂ ਸੀ, ਜਿਸ ਨਾਲ ਉਹ ਹਉਮੈ ਦਾ ਰੋਗ ਕੱਟ ਸਕਦੇ ਸਨ ਪਰ ਆਪਣਾ ਹੱਕ ਹੀ ਜਤਲਾਉਂਦੇ ਰਹੇ। ਬਾਹਰੋਂ ਆਏ (ਗੁਰੂ) ਅਮਰਦਾਸ ਜੀ ਨੇ ਸੇਵਾ ਦੀ ਹੱਦ ਛੂਹ ਗੁਰਤਾ ਪ੍ਰਾਪਤ ਕਰ ਲਈ। ਗੁਰੂ ਅੰਗਦ ਦੇਵ ਜੀ ਦੇ ਹੁੰਦਿਆਂ ਹੀ ਪੁੱਤਰਾਂ ਨੇ ਅਵਿਗਿਆਵਾਂ ਆਰੰਭ ਕਰ ਦਿੱਤੀਆਂ ਸਨ।

ਇਕ ਵਾਰੀ ਤਾਂ ਦੋਵਾਂ ਦਾਤੂ ਜੀ ਅਤੇ ਦਾਸੂ ਜੀ ਨੇ ਰਲ ਕੇ (ਗੁਰੂ) ਅਮਰਦਾਸ ਜੀ ਨੂੰ ਘੇਰ ਵੀ ਲਿਆ ਸੀ। ਮਾਤਾ ਖੀਵੀ ਜੀ ਨੇ ਬਾਸਰਕੇ ਜਾ ਕੇ ਭਾਵੇਂ ਖਿਮਾਂ ਦਿਲਵਾ ਦਿੱਤੀ ਸੀ ਪਰ ਦਾਸੂ ਜੀ ਨੇ ਖਡੂਰ ਵਿਖੇ ਵੱਖ ਹੀ ਮੰਜੀ ਲਗਾਈ ਰੱਖੀ ਤੇ ਦਾਤੂ ਜੀ ਨੇ ਸਿਧਾਸਣ ਸਿੱਖ ਕੇ ਆਪਣੇ ਆਪ ਦੀ ਪੂਜਾ ਆਰੰਭ ਕਰਵਾ ਦਿੱਤੀ। ਲੋਕੀਂ ਖਡੂਰ ਛੱਡ ਕੇ ਗੋਇੰਦਵਾਲ ਵੱਲ ਮੁੜੇ ਤਾਂ ਦਾਤੂ ਜੀ ਨੇ ਭਰੀ ਸੰਗਤ ਵਿਚ ਹੀ ਸਾਹਿਬ ਗੁਰੂ ਅਮਰਦਾਸ ਜੀ ਨੂੰ ਲੱਤ ਕੱਢ ਮਾਰੀ। ਪੁੱਠੇ ਚਾਲੇ ਅਪਣਾ ਲਏ। ਭਾਈ ਗੁਰਦਾਸ ਜੀ ਨੇ ਇਸੇ ਸਬੰਧ ਵਿਚ ਲਿਖਿਆ ਹੈ ਕਿ ਦਾਸੂ ਜੀ ਨੇ ਵੱਖ ਮੰਜੀ ਲਗਾ ਲਈ ਤੇ ਦਾਤੂ ਜੀ ਸਿਧਾਸਣ ਸਿੱਖ ਆਏ ਤੇ ਆਪਾ ਹੀ ਗਣਾਉਣ ਲੱਗੇ :

SIKHBOOKCLUB.COM

**ਮੰਜੀ ਦਾਸ ਬਹਾਲਿਆ, ਦਾਤਾ ਸਿਧਾਸਣ ਸਿੱਖ ਆਇਆ।**

(ਗੁਰੂ) ਅਮਰਦਾਸ ਜੀ ੬੧ ਸਾਲ ਦੀ ਉਮਰ ਵਿਚ ਗੁਰੂ ਅੰਗਦ ਦੇਵ ਜੀ ਪਾਸ ਆਏ ਸਨ। ਖਡੂਰ ਸਾਹਿਬ ਆਉਣ ਤੋਂ ਪਹਿਲਾਂ ੧੯ ਵਾਰੀ ਆਪ ਜੀ ਗੰਗਾ ਤੇ ਦੋ ਵਾਰੀ ਅਠਸਠ ਤੀਰਥਾਂ ਦੀ ਯਾਤਰਾ ਕਰ ਆਏ ਸਨ। ਬਾਰਾਂ ਸਾਲ ਦੀ ਸੇਵਾ ਘਾਲ ਉਪ੍ਰੰਤ ੭੩ ਸਾਲ ਦੀ ਉਮਰ ਵਿਚ ਆਪ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਨੂੰ ਸੰਭਾਲਿਆ। ਉਸ ਸਮੇਂ ਤੱਕ ਆਪ ਜੀ ਦੇ ਬੱਚੇ, ਬਾਬਾ ਮੋਹਣ ਜੀ ਤੇ ਬਾਬਾ ਮੋਹਰੀ ਜੀ ਜੁਆਨ ਹੋ ਚੁੱਕੇ ਸਨ। ਮਹਾਨਕੋਸ਼ ਦੇ ਲਿਖਾਰੀ ਅਨੁਸਾਰ ਬਾਬਾ ਮੋਹਣ ਜੀ ਦਾ ਜਨਮ ਸੰਨ ੧੫੩੬ ਈ: ਤੇ ਬਾਬਾ ਮੋਹਰੀ ਜੀ ਦਾ ੧੫੩੯ ਈ: ਨੂੰ ਹੋਇਆ। ਬੀਬੀ ਭਾਨੀ ਜੀ ਦਾ ਜਨਮ ੧੫੩੪ ਈ: ਨੂੰ ਹੋਇਆ ਸੀ। ਗੁਰੂ ਅਮਰਦਾਸ ਜੀ ਦੇ ਗੁਰ-ਗੱਦੀ ਉੱਤੇ ਬੈਠਣ ਸਮੇਂ ਤੱਕ ਦੋਵਾਂ ਪੁੱਤਰਾਂ ਦੇ ਸੁਭਾਅ ਪੱਕ ਚੁੱਕੇ ਸਨ। ਉਹ ਵੀ ਗੁਰੂ-ਪਿਤਾ ਅਮਰਦਾਸ ਜੀ ਨੂੰ ਸਮਝਣ ਵਿਚ ਅਸਮਰੱਥ ਰਹੇ। ਦੂਜੇ ਪਾਸੇ ਜੁਆਈ ਹੁੰਦਿਆਂ ਵੀ (ਗੁਰੂ) ਰਾਮਦਾਸ ਜੀ ਨੇ ਸੰਸਾਰੀ ਲਾਜ ਤਜ ਕੇ ਸੇਵਾ ਕੀਤੀ ਤੇ ਹਰ ਹੁਕਮ ਅੱਗੇ ਸਿਰ ਨਿਵਾ ਕੇ ਗੁਰਤਾ ਨੂੰ ਪਹੁੰਚੇ। ਇਹ ਚੇਤੇ ਰੱਖਣ ਵਾਲੀ ਗੱਲ ਹੈ ਕਿ ਜਦ ਪਰਚਾ ਪਿਆ ਤਾਂ ਉਹ ਦੋਵੇਂ ਜੁਆਈਆਂ ਵਿਚਕਾਰ ਹੀ ਸੀ। ਮੋਹਣ ਜੀ ਤੇ ਮੋਹਰੀ ਜੀ ਦੋਵਾਂ ਨੇ ਹੀ ਰੋਸ ਕੀਤਾ। ਮੋਹਣ ਜੀ ਨੂੰ ਤਾਂ ਇਤਨੀ ਸੱਟ ਵੱਜੀ ਕਿ ਉਹ ਕਮਲੇ ਹੀ ਹੋ ਗਏ, ਫਿਰ ਮਸਾਂ ਸੁਰਤਿ ਸੰਭਲੀ। ਉਨ੍ਹਾਂ ਗੁਰੂ ਰਾਮਦਾਸ ਜੀ ਅੱਗੇ ਮੱਥਾ ਟੇਕਣ ਤੋਂ ਇਨਕਾਰ ਕਰ ਦਿੱਤਾ। ਸਾਖੀ ਬੀਬੀ ਭਾਨੀ ਜੀ ਵਿਚ ਲਿਖਿਆ ਮਿਲਦਾ ਹੈ ਕਿ ਮੋਹਨ ਜੀ ਨੇ ਅੱਗੋਂ ਕਿਹਾ, "ਸਾਡੇ ਘਰ ਦੀ ਮਾਲਕੀ (ਗੁਰੂ) ਰਾਮਦਾਸ ਲਈ ਜਾ ਰਹੇ ਹਨ" :


www.sikhbookclub.com

**"ਮੋਹਨ ਬੋਲਿਆ ਵੈ ਨਾ ਆਗੇ।**
**ਹਮਰੀ ਵਸਤਾ ਦੇਣ ਇਨ ਲਾਗੇ।"**

ਮੋਹਰੀ ਜੀ ਵੀ ਪਹਿਲਾਂ ਭਟਕ ਗਏ ਤੇ ਜਿਸ ਚੁਬਾਰੇ ਗੁਰੂ ਅਮਰਦਾਸ ਜੀ ਬੈਠਦੇ ਸਨ, ਉਸ ਨੂੰ ਮੱਲ ਬੈਠੇ ਤੇ ਉਸ ਦੀ ਪੂਜਾ ਕਰਵਾਉਣ ਲੱਗੇ ਪਰ ਅੰਤ ਸਮੇਂ ਜਦ ਗੁਰੂ ਅਮਰਦਾਸ ਜੀ ਨੇ ਬਚਨ ਕੀਤੇ ਕਿ ਗੁਰੂ ਰਾਮਦਾਸ ਜੀ ਉਨ੍ਹਾਂ ਦਾ ਹੀ ਰੂਪ ਹਨ ਤਾਂ ਸੂਰਜ ਪ੍ਰਕਾਸ਼ ਦਾ ਲਿਖਾਰੀ ਲਿਖਦਾ ਹੈ ਕਿ :

**'ਭਯੋ ਮੋਹਰੀ ਮੋਹਰੀ, ਠਾਨ ਮਹਾ ਉਪਕਾਰ।'**

ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਜਦ ਆਪਣੇ ਪੁੱਤਰਾਂ ਵਿਚੋਂ ਗੁਰੂ ਜ਼ਿੰਮੇਵਾਰੀ ਦੇਣ ਦੀ ਚੋਣ ਕੀਤੀ ਤਾਂ ਪ੍ਰਿਥੀ ਚੰਦ ਜੀ ਨੂੰ ਗੁਸਤਾਖ ਤੇ ਸੰਸਾਰੀ ਪਾਇਆ ਅਤੇ ਮਹਾਂਦੇਵ ਜੀ ਨੂੰ ਉਪਰਾਮ ਤੇ ਆਲਸੀ ਡਿੱਠਾ। ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਮਹਾਂਦੇਵ ਹਰ ਸਮੇਂ ਮਸਤ ਰਹਿੰਦਾ ਸੀ ਤੇ ਪ੍ਰਿਥੀ ਚੰਦ ਜੀ ਗੁਰੂ ਜੀ ਦੀ ਆਗਿਆ ਵਿਚ ਨਹੀਂ ਸੀ। ਗੁਰੂ ਰਾਮਦਾਸ ਜੀ ਨੇ ਇਹ ਦੇਖ ਲਿਆ ਕਿ ਜੋ ਅੱਜ ਉਨ੍ਹਾਂ ਦੇ ਕਹਿਣ ਤੇ ਲਾਹੌਰ ਸ਼ਾਦੀ ਉੱਤੇ ਜਾਣ ਲਈ ਇਨਕਾਰ ਕਰ ਰਹੇ ਹਨ, ਉਹ ਕਲ ਸੰਗਤਿ ਵਿਚ ਸ਼ਬਦ ਦਾ ਅਦਬ ਰੱਖ ਕੇ, ਲਾਹੌਰ ਵਿਚ ਹੀ, ਤੱਤੀਆਂ ਤਵੀਆਂ ਉੱਤੇ ਕਿਵੇਂ ਬੈਠ ਸਕਣਗੇ। ਜਦ (ਗੁਰੂ) ਅਰਜਨ ਜੀ ਨੂੰ ਲਾਹੌਰ ਜਾਣ ਦਾ ਹੁਕਮ ਕੀਤਾ ਤਾਂ ਉਨ੍ਹਾਂ ਨੇ ਬੜੀ ਨਿਮਰਤਾ ਵਿਚ ਕਿਹਾ ਕਿ 'ਪਿਤਾ ਜੀ! ਇਤਨੇ ਆਸਾਨ ਕੰਮ ਲਈ ਤੁਸੀਂ ਭੇਜ ਰਹੇ ਹੋ, ਤੁਸੀਂ ਸੀਸ ਭੇਟ ਮੰਗੋ ਫਿਰ ਵੀ ਰੰਚਕ ਮਾਤਰ ਢਿੱਲ ਨਹੀਂ ਹੋਵੇਗੀ।' ਇਹ ਉੱਤਰ ਸੁਣ ਕੇ ਗੁਰੂ ਰਾਮਦਾਸ ਜੀ ਨੇ ਉਸੇ ਸਮੇਂ ਹੀ ਜ਼ਿੰਮੇਵਾਰੀ ਦੇਣ ਦਾ ਨਿਰਣਾ ਕਰ ਦਿੱਤਾ ਸੀ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਪ੍ਰਿਥੀ ਚੰਦ ਨੇ ਬੜੇ ਹੱਥ-ਪੈਰ ਮਾਰੇ ਤੇ ਕਈ ਕਪਟ ਕੀਤੇ ਪਰ ਸਫ਼ਲ ਨ ਹੋਏ। ਮਹਾਂਦੇਵ ਜੀ ਵੀ ਪੂਜ-ਪਿਤਾ ਗੁਰੂ ਰਾਮਦਾਸ ਜੀ ਦੇ ਸਾਹਮਣੇ ਬੋਲੇ ਤੇ ਕਈ ਅਹੰਕਾਰ ਦੇ ਬਚਨ ਆਖੇ। ਉਹ ਵੀ ਸਨਮੁੱਖ ਨਾ ਹੋ ਸਕੇ। ਆਖਿਰ ਬਾਂਸ ਹੀ ਨਿਕਲੇ :

**ਮੀਣਾ ਹੋਆ ਪਿਰਥੀਆ, ਕਰ ਕਰ ਤੋਂਢਕ ਬਰਲ ਚਲਾਯਾ॥**
**ਮਹਾਂ ਦੇਉ ਅਹੰਮੇਉ ਕਰ ਕਰ ਬੇਮੁਖ ਪੁਤਾਂ ਭਉਕਾਯਾ॥**
**ਚੰਦਨ ਵਾਸ ਨ ਵਾਂਸ ਬੋਹਾਯਾ॥ ੩੩॥ ੨੬॥** (ਵਾਰਾਂ ਭਾਈ ਗੁਰਦਾਸ ਜੀ)

ਗੱਲ ਕੀ ਇਕ ਬਾਬਾ ਮੋਹਰੀ ਜੀ ਹੀ ਐਸੇ ਹੋਏ ਹਨ ਜੋ ਸਨਮੁਖ ਹੋਏ ਤੇ ਫਿਰ ਸੇਵਾ ਵਿਚ ਵੀ ਜੁੱਟੇ ਰਹੇ।

ਬਾਬਾ ਮੋਹਰੀ ਜੀ ਦਾ ਜਨਮ ਮਾਤਾ ਮਨਸਾ ਦੇਵੀ ਜੀ ਦੀ ਕੁਖੋਂ ੧੫੩੯ ਈ: ਨੂੰ ਬਾਸਰਕੇ ਵਿਖੇ ਹੋਇਆ ਸੀ। ਇਹ ਯਾਦ ਰਹੇ ਕਿ ਗੁਰੂ ਰਾਮਦਾਸ ਜੀ ਦੇ ਨਾਨਕੇ ਬਾਸਰਕੇ ਹੀ ਸਨ ਤੇ ੯ ਸਾਲ ਦੀ ਆਯੂ ਵਿਚ ਉਹਨਾਂ ਦੇ ਪਹਿਲਾਂ ਮਾਤਾ ਤੇ ਫਿਰ ਪਿਤਾ ਜੀ ਗੁਜ਼ਰ ਗਏ ਤਾਂ ਨਾਨੀ ਬਾਸਰਕੇ ਹੀ ਲੈ ਆਈ। ਪੰਜ ਸਾਲ (ਗੁਰੂ) ਰਾਮਦਾਸ ਜੀ ਬਾਸਰਕੇ ਹੀ ਟਿਕੇ। ਬਾਬਾ ਮੋਹਰੀ ਜੀ ਨਾਲ ਕਈ ਵਾਰੀ ਖਡੂਰ ਸਾਹਿਬ ਆਏ ਤੇ ਫਿਰ ਗੋਇੰਦਵਾਲ ਵੀ ਆਉਂਦੇ ਰਹੇ। ਬਾਬਾ ਮੋਹਰੀ ਜੀ ਬਹੁਤ ਸਮਾਂ ਲੰਗਰ ਵਿਚ, ਸੇਵਾ ਵਿਚ ਗੁਜ਼ਾਰਦੇ ਸਨ। ਜਦ ਗੁਰੂ ਰਾਮਦਾਸ ਜੀ ਨੂੰ ਗੁਰ-ਗੱਦੀ ਦੇਣ ਦਾ ਫ਼ੈਸਲਾ ਹੋ ਗਿਆ ਤਾਂ ਆਪ ਜੀ ਕੁਝ ਚਿਰ, ਵੱਖ ਲੰਗਰ ਚਲਾਉਂਦੇ ਚੁਬਾਰਾ ਮੱਲ ਕੇ ਬੈਠ ਗਏ ਪਰ ਗੁਰੂ ਅਮਰਦਾਸ ਜੀ ਦੇ ਅੰਤਮ ਬਚਨ

Page 70 www.sikhbookclub.com

ਅੱਗੇ ਸਿਰ ਨਿਵਾ ਕੇ ਗੁਰੂ ਰਾਮਦਾਸ ਜੀ ਅੱਗੇ ਸਿਰ ਝੁਕਾਇਆ। ਫਿਰ ਲੰਗਰ ਦੀ ਸੇਵਾ ਉਸੇ ਤਰ੍ਹਾਂ ਸੰਭਾਲ ਲਈ। ਅੰਮ੍ਰਿਤ ਸਰੋਵਰ ਦੀ ਉਸਾਰੀ ਵੇਲੇ ਰਾਮਦਾਸਪੁਰਾ (ਅੰਮ੍ਰਿਤਸਰ) ਆ ਗਏ। ਗੁਰੂ ਅਰਜਨ ਦੇਵ ਜੀ ਦੇ ਗੁਰ-ਗੱਦੀ ਬੈਠਣ ਉਪ੍ਰੰਤ ਆਪ ਜੀ ਫਿਰ ਗੋਇੰਦਵਾਲ ਮੁੜ ਆਏ ਤੇ ਬਾਉਲੀ ਸਾਹਿਬ ਦੀ ਸੇਵਾ ਸੰਭਾਲ ਕਰਦੇ ਰਹੇ। ਗੁਰੂ ਅਰਜਨ ਦੇਵ ਜੀ ਕਈ ਵਾਰੀ ਗੋਇੰਦਵਾਲ ਆਏ ਅਤੇ ਇਨ੍ਹਾਂ ਦੀ ਨਿਮਰਤਾ ਦੀ ਉਪਮਾ ਕੀਤੀ। ਆਪ ਜੀ ਦਾ ਅਕਾਲ ਚਲਾਣਾ ਗੋਇੰਦਵਾਲ ਹੀ ੧੬੦੦ ਈ: ਨੂੰ ਹੋਇਆ।

'ਅਨੰਦ' ਜੀ ਮੋਹਰੀ ਜੀ ਦੇ ਹੀ ਪੁੱਤਰ ਸਨ। ਉਨ੍ਹਾਂ ਬਾਰੇ ਮਨੌਤ ਟੁਰੀ ਆਉਂਦੀ ਹੈ ਕਿ ਉਨ੍ਹਾਂ ਦੇ ਜਨਮ ਵੇਲੇ ਜਦ ਮੋਹਰੀ ਜੀ ਨੇ ਗੁਰੂ ਅਮਰਦਾਸ ਜੀ ਦੀ ਪਾਵਨ ਗੋਦ ਵਿਚ ਪਾਇਆ ਤਾਂ ਦੀਨ ਦੁਨੀ ਦੇ ਮਾਲਕ ਨੇ ਅਨੰਦ ਸਾਹਿਬ ਉਚਾਰ ਕੇ ਬਰਕਤਾਂ ਵੰਡੀਆਂ। ਫਿਰ ਇਸੇ ਅਨੰਦ ਦੇ ਘਰ ਬਾਬਾ ਸੁੰਦਰ ਜੀ ਹੋਏ, ਜਿਨ੍ਹਾਂ ਦੀ ਬਖ਼ਸ਼ਿਸ਼ ਸਦਕਾ ਗੁਰੂ ਅਮਰਦਾਸ ਜੀ ਦੇ ਅੰਤਮ ਬਚਨ ਸਾਨੂੰ ਮਿਲੇ। ਉਹ ਅੰਤਮ ਬਚਨ ਰਾਮਕਲੀ ਰਾਗ ਵਿਚ ਸਦ ਦੇ ਸਿਰਲੇਖ ਹੇਠਾਂ ਦਰਜ ਹਨ। ਸੂਰਜ ਪ੍ਰਕਾਸ਼ ਵਿਚ ਇਸੇ ਪ੍ਰਕਾਰ ਜ਼ਿਕਰ ਹੈ ਕਿ ਮੋਹਰੀ ਦੇ ਘਰ ਪੁੱਤਰ ਅਨੰਦ ਹੋਇਆ ਤੇ ਅਨੰਦ ਦੇ ਘਰ ਮਤਿਵਾਨ, ਅਕਲਾਂ ਦਾ ਕੋਟ ਸੁੰਦਰ ਹੋਇਆ :

**ਨੰਦਨ ਮੋਹਰੀ ਨਾਮ ਅਨੰਦ**
**ਤਿਹ ਨੰਦਨ ਸੁੰਦਰ ਮਤਿਵੰਦ।**

SIKHBOOKCLUB.COM

ਇਹ ਵੀ ਅਸਚਰਜਮਈ ਗੱਲ ਹੈ ਕਿ ਅਨੰਦ ਸਾਹਿਬ ਦੀ ਬਾਣੀ ਜਿੱਥੇ ਸਮਾਪਤ ਹੁੰਦੀ ਹੈ, ਉਥੋਂ ਹੀ 'ਸਦ' ਆਰੰਭ ਹੋ ਜਾਂਦਾ ਹੈ। ਸਿੱਖ ਜੀਵਨ-ਮਰਨ, ਦੁੱਖ-ਸੁੱਖ ਨੂੰ ਇਕ ਸਮਾਨ ਜਾਣਦਾ ਹੈ ਤੇ ਸੱਦੇ ਜਾਣ ਵਿਚ ਵੀ ਅਨੰਦ ਮਾਣਦਾ ਹੈ। ਇਕ ਇਹੋ ਬਾਬਾ ਮੋਹਰੀ ਜੀ ਹਨ ਜੋ ਆਪ, ਜਿਨ੍ਹਾਂ ਦੇ ਸਪੁੱਤਰ ਤੇ ਪੋਤਰੇ ਗੁਰੂ ਗ੍ਰੰਥ ਸਾਹਿਬ ਵਿਚ ਸਤਿਕਾਰੇ ਗਏ ਹਨ।

ਫਿਰ ਬਾਬਾ ਸੁੰਦਰ ਜੀ ਹੀ ਕੇਵਲ ਇਕ ਐਸੇ ਸਿੱਖ ਹਨ ਜਿਨ੍ਹਾਂ ਦੇ ਉਚਾਰੇ ਸ਼ਬਦਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਮਿਲੀ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਭਗਤਾਂ ਦਾ ਦਰਜਾ ਵੀ ਮਿਲ ਜਾਂਦਾ ਹੈ।

ਬਾਬਾ ਮੋਹਰੀ ਜੀ ਦਾ ਸਾਰਾ ਪਰਿਵਾਰ ਪਹਿਲਾਂ ਗੁਰੂ ਪਾਤਸ਼ਾਹਾਂ ਦੀ ਸੇਵਾ ਵਿਚ ਜੁੱਟਿਆ ਰਿਹਾ ਫਿਰ ਗੁਰ ਇਤਿਹਾਸ ਦੀ ਸੇਵਾ ਵਿਚ ਰੁੱਝ ਗਿਆ। ਜਦ ਵੀ ਕੋਈ ਬਖੇੜਾ ਪਿਆ, ਮੋਹਰੀ ਜੀ ਅੱਗੇ ਹੋ ਕੇ ਨਿਰਣਾ ਲੈਂਦੇ। ਧੀਰ ਮਲ ਨੇ ਜਦ ਗੁਰੂ ਤੇਗ ਬਹਾਦਰ ਜੀ ਦੇ ਟਾਕਰੇ ਵੱਖ ਗੱਦੀ ਲਾ ਲਈ ਤਾਂ ਮੋਹਰੀ ਜੀ ਦੀ ਸੰਤਾਨ ਦੁਆਰਕਾ ਦਾਸ ਜੀ ਨੇ ਆਪ ਜਾ ਕੇ ਧੀਰ ਮਲ ਨੂੰ ਵਰਜਿਆ।

ਇਸੇ ਮੋਹਰੀ ਖ਼ਾਨਦਾਨ ਵਿਚ ਬਾਬਾ ਸਰੂਪ ਦਾਸ ਜੀ ਭੱਲਾ (੧੭੫੩ ਈ:—੧੮੦੯ ਈ:) ਹੋਏ, ਜਿਨ੍ਹਾਂ ਮਹਿਮਾ ਪ੍ਰਕਾਸ਼ ਲਿਖ ਕੇ ਦਸਾਂ ਗੁਰੂ ਸਾਹਿਬਾਨ ਦੀ ਮਹਿਮਾ ਗਾਈ। ਮਹਿਮਾ ਪ੍ਰਕਾਸ਼ ਇਕ ਐਸਾ ਇਤਿਹਾਸਕ ਸੋਮਾ ਹੈ ਜਿਸ ਤੋਂ ਕਈ ਲਿਖਾਰੀਆਂ ਨੇ ਲਾਭ ਉਠਾਇਆ ਤੇ ਉਠਾ ਰਹੇ ਹਨ। ਸੂਰਜ ਪ੍ਰਕਾਸ਼ ਨੇ ਵੀ ਇਸ ਤੋਂ ਰੋਸ਼ਨੀ ਲਈ। ਸਰੂਪ ਚੰਦ ਜੀ ਨੇ ਆਪ ਹੀ ਲਿਖਿਆ :

**'ਦਸੋਂ ਸਰੂਪਾ ਕੀ ਮਹਿਮਾ ਕੀਨਾ**
**ਸਰੂਪ ਚੰਦ ਗੁਰ ਚਰਨਨ ਆਧੀਨਾ।'**

ਉਨ੍ਹਾਂ ਦੇ ਭਰਾ ਬਾਬਾ ਤੋਲਾ ਸਿੰਘ ਜੀ ਨੇ ਗੁਰ-ਰਤਨਾਵਲੀ ਲਿਖ ਕੇ ਗੁਰ-ਉਸਤਤ ਕੀਤੀ। ਬਾਬਾ ਸਰੂਪ ਦਾਸ ਜੀ ਦੇ ਪੁੱਤਰ *ਬਾਬਾ ਕ੍ਰਿਪਾ ਦਿਆਲ ਸਿੰਘ ਜੀ ਨੇ 'ਫ਼ਤਹਨਾਮਾ ਗੁਰੂ ਜੀ ਦੇ ਪੰਥ ਦਾ' ਉਰਦੂ ਵਿਚ ਲਿਖ ਕੇ ਸਿੱਖਾਂ ਦੀ ਚੜ੍ਹਦੀ ਕਲਾ ਦ੍ਰਿੜ੍ਹਾਈ।* ਇਸੇ ਹੀ ਖ਼ਾਨਦਾਨ ਦੇ ਬਾਬਾ ਸਾਧੂ ਸਿੰਘ ਜੀ, ਜੋ ਸੰਸਕ੍ਰਿਤ ਦੇ ਵਿਦਵਾਨ ਸਨ, ਨੇ ਗੁਰੂ ਸਿੱਖਿਆ ਪ੍ਰਭਾਕਰ ਅਤੇ ਸ੍ਰੀ ਮੁਖਵਾਕ ਸਿਧਾਂਤ ਜਯੋਤਿ ਲਿਖੀ। ਬਾਬਾ ਸੁਮੇਰ ਸਿੰਘ ਜੀ ਜੋ ਪਟਨਾ ਸਾਹਿਬ ਮਹੰਤ ਵੀ ਰਹੇ, ਦੀ ਕਲਮੀ ਸੇਵਾ ਜਗਤ ਪ੍ਰਸਿੱਧ ਹੈ। ਫ਼ਤਹਨਾਮਾ ਦੇ ਸਾਢੇ ਬਾਈ ਸ਼ੇਅਰ ਲੱਭ ਪ੍ਰਕਾਸ਼ਤ ਕਰਨੇ, ਆਪ ਜੀ ਦੀ ਹੀ ਦੇਣ ਹੈ। ਖ਼ਾਲਸਾ ਸ਼ਤਕ ਅਤੇ ਗੁਰੂ ਪਦ ਪ੍ਰੇਮ ਪ੍ਰਕਾਸ਼ ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ ਹਨ।

ਬਸ, ਇਹ ਸਾਰਾ ਪਰਿਵਾਰ ਹੀ ਸਿੱਖੀ ਦੇ ਵਾਧੇ ਲਈ ਸਦਾ ਤਤਪਰ ਰਹਿ ਕੇ ਸਨਮੁੱਖ ਹੋ ਵਿਚਰਦਾ ਰਿਹਾ।

SIKHBOOKCLUB.COM

੮

# ਬੀਬੀ ਭਾਨੀ—ਰਜ਼ਾ ਦੀ ਮੂਰਤ

ਸਿੱਖ ਘਰ ਵਿਚ ਇਸਤਰੀ ਨੂੰ ਐਸਾ ਉੱਚ ਦਰਜਾ ਦਿੱਤਾ ਗਿਆ ਹੈ ਜੋ ਹੋਰ ਕਿਸੇ ਧਰਮ ਜਾਂ ਸਮਾਜ ਵਿਚ ਇਸ ਨੂੰ ਪ੍ਰਾਪਤ ਨਹੀਂ ਹੈ। ਜਿਨ੍ਹਾਂ ਨੇ ਕਦੇ ਗਹੁ ਨਾਲ ਗੋਇੰਦਵਾਲ 'ਮੋਹਣ ਦੇ ਚੁਬਾਰੇ' ਹੇਠਾਂ ਡਿਉੜੀ ਵਿਚ ਲੱਗੀ ਇਕ ਤਾਂਬੇ ਦੀ ਬਣੀ ਹੋਈ ਤਖ਼ਤੀ ਦੇਖੀ ਹੈ, ਉਹ ਇਹ ਦੇਖ ਹੈਰਾਨ ਹੋਏ ਹਨ ਕਿ ੨੨ ਮੰਜੀਆਂ ਦੇ ਨਾਲ ਹੀ ਪਿੱਛੇ ਕਈ ਪੀੜ੍ਹੀਆਂ ਉੱਤੇ ਬੀਬੀਆਂ ਵੀ ਬੈਠੀਆਂ ਹਨ। ਸਿੱਖ ਧਰਮ ਵਿਚ ਇਨ੍ਹਾਂ ਨੂੰ ਨਾਂਹ ਸਿਰਫ਼ ਯੋਗ ਥਾਂ ਹੀ ਦਿੱਤੀ ਗਈ ਸਗੋਂ ਪਰਚਾਰ ਲਈ ਵੀ ਨਿਯੁਕਤ ਕੀਤਾ ਗਿਆ। ਦੋ ਮੰਜੀਆਂ ਮਾਈ ਭਾਗੋ (ਭਾਗ ਭਰੀ ਕਸ਼ਮੀਰ) ਅਤੇ ਮਾਈ ਸੇਵਾਂ (ਕਾਬਲ) ਨੂੰ ਦੇਣਾ ਵੀ ਅਨੋਖੀ ਬਾਤ ਸੀ। ਮਥੋ ਮੁਰਾਰੀ ਨੂੰ ਇਕੱਠੇ ਹੀ ਮੰਜੀ ਬਖਸ਼ੀ ਸੀ। ਜੋ ਔਰਤ ਬੁੱਧ ਧਰਮ ਦੇ ਪਤਨ ਦਾ ਕਾਰਨ ਬਣੀ, ਸਿੱਖ ਧਰਮ ਵਿਚ ਉਹ ਹੀ ਨਾਰੀ ਚੜ੍ਹਦੀ ਕਲਾ ਲਿਆਉਣ ਦਾ ਸਾਧਨ ਹੋਈ। ਸਿੱਖ ਇਤਿਹਾਸ ਵਿਚ ਕਈ ਬੀਬੀਆਂ ਬਹੁਤ ਹੀ ਉਜਾਗਰ ਹਨ ਤੇ ਉਹਨਾਂ ਬਾਰੇ ਸਾਖੀਆਂ ਤੇ ਇਤਿਹਾਸਾਂ ਵਿਚ ਸ਼ਰਧਾ ਨਾਲ ਲਿਖਿਆ ਗਿਆ ਹੈ। ਮਾਤਾ ਸੁਲੱਖਣੀ ਜੀ, ਬੇਬੇ ਨਾਨਕੀ ਜੀ, ਮਾਤਾ ਖੀਵੀ ਜੀ, ਮਾਤਾ ਗੰਗਾ ਜੀ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ, ਸਾਹਿਬ ਦੇਵਾਂ, ਗੁਰ ਇਤਿਹਾਸ ਵਿਚ ਆਈਆਂ ਕੁਝ ਕੁ ਪੂਜ ਹਸਤੀਆਂ ਹਨ ਪਰ ਬੀਬੀ ਭਾਨੀ ਜੀ ਦਾ ਅਸਥਾਨ ਸਿੱਖ ਇਤਿਹਾਸ ਵਿਚ ਨਿਵੇਕਲਾ ਤੇ ਵੱਖਰਾ ਹੈ। ਕੇਵਲ ਬੀਬੀ ਭਾਨੀ ਹੀ ਐਸੀ ਇਸਤ੍ਰੀ ਹੈ ਜੋ ਗੁਰ ਪੁੱਤਰੀ ਵੀ ਹੈ, ਗੁਰ ਪਤਨੀ ਵੀ ਹੈ ਅਤੇ ਗੁਰੂ ਜਣਨੀ ਵੀ। ਗੁਰੂ ਅਮਰਦਾਸ ਜੀ ਦੀ ਆਪ ਸਪੁੱਤ੍ਰੀ ਸਨ, ਗੁਰੂ ਰਾਮਦਾਸ ਜੀ ਦੀ ਸੁਪਤਨੀ ਅਤੇ ਗੁਰੂ ਅਰਜਨ ਦੇਵ ਜੀ ਦੀ ਪਾਵਨ ਮਾਂ।

ਇਹ ਬੀਬੀ ਭਾਨੀ ਹੀ ਸੀ, ਜਿਸ ਨੇ ਆਪਣੀ ਨਿਰਛਲ ਤੇ ਨਿਰਕਪਟ ਸੇਵਾ ਰਾਹੀਂ ਗੁਰੂ ਅਮਰਦਾਸ ਜੀ ਨੂੰ ਰੀਝਾਇਆ। ਇਹ ਬੀਬੀ ਭਾਨੀ ਜੀ ਹੀ ਸਨ, ਜਿਨ੍ਹਾਂ ਮਿਥਿਹਾਸ ਨੂੰ ਇਤਿਹਾਸ ਬਣਾ ਕੇ ਦੱਸਿਆ। ਜੇ ਸਤੀ ਸਵਿੱਤ੍ਰੀ ਨੇ ਆਪਣੇ ਪਤੀ ਨੂੰ ਜਮਾਂ ਦੀ ਫਾਹੀ ਤੋਂ ਆਪਣੇ ਹੱਠ ਨਾਲ ਬਚਾਇਆ ਸੀ ਤਾਂ ਇਥੇ ਬੀਬੀ ਭਾਨੀ ਨੇ ਭਾਣੇ ਵਿਚ ਟਿਕ ਕੇ ਆਪਣੇ ਸਿਰ ਦੇ ਸਾਈਂ, ਜਗਤ ਦੇ ਰਾਖੇ ਨੂੰ ਗੁਰ ਪਿਤਾ ਕੋਲੋਂ ਵਰ ਲੈ ਕੇ ਨਾਂਹ ਸਿਰਫ਼ ਉਮਰ ਦੇ ਸਾਲ ਹੀ ਵਧਵਾਏ ਸਗੋਂ ਨਿਹਚਲ ਰਾਜ ਜਗਤ ਉੱਤੇ ਲਿਆਉਣ ਦਾ ਕਾਰਨ ਬਣੀ। ਫਿਰ ਬੀਬੀ ਜੀ ਨੇ ਇਕ ਐਸੇ ਸੂਰਮੇ ਨੂੰ ਜਨਮ ਦਿੱਤਾ, ਜਿਸ ਨੇ ਰਣ ਖੇਤਰ ਵਿਚੋਂ ਮੂੰਹ ਨਾਂਹ

ਮੋੜਿਆ ਅਤੇ ਹਰ ਹੱਲੇ ਦਾ ਡੱਟ ਕੇ ਮੁਕਾਬਲਾ ਕੀਤਾ। ਭਾਨੀ ਦੇ ਜਾਏ ਗੁਰੂ ਅਰਜਨ ਦੇਵ ਜੀ ਨੇ ਜਿਵੇਂ ਭਾਣੇ ਵਿਚ ਰਹਿ ਕੇ ਕਸ਼ਟਾਂ ਨੂੰ ਮਿੱਠਾ ਕਰ ਮੰਨਿਆ, ਉਸ ਦੀ ਦਾਸਤਾਨ ਆਪਣੇ ਆਪ ਵਿਚ ਵੱਖ ਸੁਆਦ ਰੱਖਦੀ ਹੈ। ਬੀਬੀ ਭਾਨੀ ਜੀ ਦੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ ਅਸੀਸ ਦੇ ਸ਼ਬਦ ਹਰ ਘਰ ਲਟਕੇ ਹੋਣੇ ਚਾਹੀਦੇ ਹਨ ਤੇ ਹਰ ਮਾਂ ਨੂੰ ਲੋਰੀ ਦੀ ਥਾਂ ਆਪਣੇ ਬੱਚੇ ਨੂੰ ਮਧੁਰ ਆਵਾਜ਼ ਵਿਚ ਸੁਣਾਉਣੇ ਚਾਹੀਦੇ ਹਨ ਤਾਂ ਕਿ ਉਹ ਸੰਸਾਰ ਦੇ ਝੱਖੜਾਂ ਵਿਚ ਰੁੱਲ ਠੇਡੇ ਨਾਂਹ ਖਾਏ ਤੇ ਟਿਕਾਣੇ ਨੂੰ ਜਾ ਲਵੇ।

ਗੁਰੂ ਅਮਰਦਾਸ ਜੀ ਦੀਆਂ ਦੋ ਬੱਚੀਆਂ ਸਨ, ਇਕ ਦਾ ਨਾਂ ਬੀਬੀ ਦਾਨੀ ਜੀ ਤੇ ਦੂਜੀ ਦਾ ਪਾਵਨ ਨਾਂ ਭਾਨੀ ਜੀ ਸੀ। ਭਾਨੀ ਜੀ ਦਾ ਜਨਮ ਮਹਾਂਕੋਸ਼ ਦੇ ਲਿਖਾਰੀ ਦੇ ਲਿਖਣ ਅਨੁਸਾਰ, ਬਾਸਰਕੇ ਹੀ ੨੧ ਮਾਘ, ੧੫੯੧ ਨੂੰ, ਈਸਵੀ ਦੇ ਹਿਸਾਬ ਨਾਲ ੨ ਫਰਵਰੀ, ੧੫੩੪ ਨੂੰ ਹੋਇਆ ਸੀ।

ਬੀਬੀ ਭਾਨੀ ਬਾਰੇ ਸਾਡੇ ਇਤਿਹਾਸ ਵਿਚ ਲਿਖਿਆ ਹੈ ਕਿ ਉਹ ਬਾਲ ਉਮਰੇ ਹੀ ਪ੍ਰਭੂ-ਭਗਤੀ ਵਿਚ ਲੱਗ ਗਏ ਸਨ। ਭਾਉ ਭਗਤੀ ਦਾ ਰੂਪ ਸਨ ਬੀਬੀ ਭਾਨੀ ਜੀ :

**'ਭਾਉ ਭਗਤਿ ਕੋ ਤਨ ਜਨ ਭਾਨੀ।'**

ਇਕਾਂਤ ਪਸੰਦ ਸਨ। ਸ਼ਬਦ ਗਾਇਨ ਕਰਦੇ ਰਹਿੰਦੇ। ਸਦਾ ਸਿਫ਼ਤ ਸਲਾਹ ਵਿਚ ਜੁੱਟੇ ਰਹਿੰਦੇ। ਮਾਨਹੁ ਕੀਰਤੀ ਰੂਪ ਕਰਯੋ ਹੈ। ਸੁਭਾਅ ਦੇ ਅਤਿ ਸੁਸ਼ੀਲ, ਸੰਜਮੀ, ਨਿਮਰਤਾ ਵਾਲੇ ਸ੍ਰੇਸ਼ਟ ਬੁੱਧੀ ਦੇ ਮਾਲਕ ਸਨ : *ਸੁਮਤਿ ਗਹੀਲਾ।*

SIKHBOOKCLUB.COM

ਬੀਬੀ ਭਾਨੀ ਜੀ ਦੀ ਸ੍ਰੇਸ਼ਟ ਬੁੱਧੀ ਦੀ ਇਕ ਉਦਾਹਰਨ ਇਥੇ ਹੀ ਦੇਣੀ ਕੁਥਾਂ ਨਹੀਂ ਹੋਵੇਗੀ।

ਜਦ ਬਾਬਾ ਪ੍ਰਿਥੀ ਚੰਦ ਨੇ ਗੁਰ ਪਿਤਾ ਅੱਗੇ ਗੁਸਤਾਖ਼ੀ ਭਰੇ ਬੋਲ ਬੋਲੇ ਅਤੇ ਮਹਾਂਦੇਵ ਨੇ ਵੀ ਜਲੀਆਂ ਕਟੀਆਂ ਸੁਣਾਈਆਂ ਤਾਂ ਆਪ ਜੀ ਨੇ (ਗੁਰੂ) ਅਰਜਨ ਜੀ ਨੂੰ ਪਾਸ ਬਿਠਲਾ ਕੇ ਕਿਹਾ : *ਬੇਟਾ! ਗੁਰੂ ਪਿਤਾ ਵਿਚ ਮੋਹ ਵਰਗੀ ਕੋਈ ਚੀਜ਼ ਨਹੀਂ ਹੈ।*

*ਉਨ੍ਹਾਂ ਪੁੱਤਰਾਂ ਕਰ ਕੇ ਕਿਸੇ ਨੂੰ ਦਾਤ ਨਹੀਂ ਦੇਣੀ। ਉਹ ਤਾਂ ਸੇਵਕ ਤੇ ਹੀ ਰੀਝਦੇ ਹਨ :*

**'ਨਹੀਂ ਗੁਰਨਿ ਕੈ ਮੋਹ ਕਦਾਈ।**
**ਰੀਝਹਿ ਸੇਵਕ ਦੇਹ ਬਡਿਆਈ।'**

"ਪੁੱਤਰ! ਇਹ ਯਾਦ ਰੱਖਣਾ ਕਿ ਗੁਰੂ ਨਾਨਕ ਜੀ ਨੇ ਸੇਵਕ ਦੀ ਸੇਵਾ ਤੇ ਹੀ ਖ਼ੁਸ਼ ਹੋ ਕੇ ਇਹ ਦਾਤਿ ਇਲਾਹੀ ਦਿੱਤੀ ਸੀ। ਫਿਰ ਗੁਰੂ ਅੰਗਦ ਦੇਵ ਜੀ ਨੇ ਵੀ ਉਸੇ ਤਰ੍ਹਾਂ ਪਿਤਾ ਜੀ ਨੂੰ 'ਦੇਤਿ ਭਏ ਪਿਖਿ ਸੇਵ ਘਨੇਰੇ। ਤਿਨ ਕੇ ਸਮ ਤੁਮ ਘਾਲਹੁ ਘਾਲ।' ਪ੍ਰਿਥੀ ਚੰਦ ਨੂੰ ਬਹੁਤ ਸਮਝਾਇਆ ਹੈ ਪਰ ਉਹ ਬਹੁਤ ਹੀ ਅਹੰਕਾਰੀ ਹੋ ਗਿਆ ਹੈ। ਇਤਨਾ ਮੂਰਖ ਅਹੰਕਾਰੀ ਹੋ ਗਿਆ ਹੈ ਕਿ ਇਹ ਹੀ ਕਹੀ ਤੁਰੀ ਜਾਂਦਾ ਹੈ ਕਿ ਗੁਰੂ ਦੀ ਮਹਿਮਾ ਵੀ ਉਸ ਕਰਨੀ ਹੈ : 'ਹਮ ਤੇ ਮਹਿਮਾ ਕਹਿ ਗਰਬੰਤ।' ਹੱਥ ਮਲਦਾ ਰਹਿ ਜਾਵੇਗਾ। ਤੁਸੀਂ ਹੁਕਮ ਮੰਨ, ਆਗਿਆ ਵਿਚ ਰਹਿ, ਸੇਵਾ ਕਮਾ ਇਹ ਮਰਤਬਾ ਪਾਉਣਾ ਹੈ।'

ਸਾਵਣ ਦੇ ਝੂਲੇ ਝੂਲਣ ਲਈ ਜਦ ਭਾਨੀ ਜੀ ਦੀਆਂ ਸਹੇਲੀਆਂ ਬਾਹਰ ਪੀਂਘ ਪਾਉਣ ਲਈ ਜਾਂਦੀਆਂ ਤਾਂ ਆਪ ਜੀ ਪੂਜ ਪਿਤਾ ਜੀ ਕੋਲੋਂ ਪੁੱਛ ਕੇ ਹੀ ਜਾਂਦੇ। ਜੋ ਉਪਦੇਸ਼ ਪਿਤਾ

 www.sikhbookclub.com

ਜੀ ਉਸ ਸਮੇਂ ਦੇਂਦੇ, ਉਹ ਸਾਰੀਆਂ ਸਹੇਲੀਆਂ ਨੂੰ ਜਾ ਸੁਣਾਂਦੇ। ਗੁਰ-ਪਿਤਾ ਆਮ ਤੌਰ ਤੇ ਇਹ ਸ਼ਬਦ ਸੁਣਾਂਦੇ ਸਨ :

**'ਇਹ ਜਗਤ ਮਮਤਾ ਮੁਆ, ਜੀਵਨ ਕੀ ਬਿਧਿ ਨਾਹਿ।**
**ਗੁਰ ਕੈ ਭਾਣੈ ਜੋ ਚਲੈ ਤਾਂ ਜੀਵਨ ਪਦਵੀ ਪਾਹਿ।'**

ਭਾਨੀ ਜੀ ਸਖੀਆਂ ਨੂੰ ਇਕੱਠਾ ਕਰ ਕੇ ਸਦਾ ਇਹ ਕਹਿੰਦੇ ਕਿ ਅਸੀਂ ਬੇਸਮਝ ਜੀਵ ਲੇਲਿਆਂ ਵਾਂਗ ਖੇਡਦੇ ਪਏ ਹਾਂ, ਪਰ ਕਿਸੇ ਨੂੰ ਪਤਾ ਨਹੀਂ ਕਿ ਮੌਤ ਉੱਪਰ ਗੱਜ ਰਹੀ ਹੈ। ਸਾਨੂੰ ਇਹ ਹੀ ਬਣ ਆਉਂਦਾ ਹੈ ਕਿ ਉਸ ਨੂੰ ਸਿਮਰੀਏ। ਫਿਰ ਗੁਰੂ ਨਾਨਕ ਦੇਵ ਜੀ ਦੀ ਤੁਕ ਸੁਣਾਂਦੇ :

**'ਘਰਿ ਘਰਿ ਏਹੋ ਪਹੁਚਾ ਸਦੜੇ ਨਿਤ ਪਵੰਨਿ।**
**ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ।'**

ਫਿਰ ਕਹਿੰਦੇ : *'ਹੱਸਣਾ, ਕੁੱਦਣਾ, ਖੇਡਣਾ ਮਾੜਾ ਨਹੀਂ ਪਰ ਇਤਨਾ ਵੀ ਨਹੀਂ ਹੋਣਾ ਚਾਹੀਦਾ ਕਿ ਪ੍ਰਭੂ ਹੀ ਵਿਸਰ ਜਾਏ।'*

ਮਾਤਾ ਮਨਸਾ ਦੇਵੀ ਜੀ ਵੀ ਇਹ ਹੀ ਉਪਦੇਸ਼ ਦੇਂਦੇ ਕਿ ਸਾਡਾ ਸਭ ਦਾ ਰਾਖਾ ਗੁਰੂ ਨਾਨਕ ਹੈ। ਗੁਰੂ ਨੇ ਸਾਡਾ ਸਭ ਦਾ ਮੌਤ ਦਾ ਡਰ ਲਾਹ ਦਿੱਤਾ ਹੈ। ਉਨ੍ਹਾਂ ਸਾਨੂੰ ਜਾਚ ਸਿਖਲਾ ਦਿੱਤੀ ਹੈ ਕਿ ਇਸ ਦੁਨੀਆਂ ਵਿਚ ਸੁਖ ਤੇ ਦਰਗਾਹ ਮੁਕਤੀ ਕਿਵੇਂ ਲੈਣੀ ਹੈ।

ਬੀਬੀ ਭਾਨੀ ਜੀ ਦੀ ਪੋਸ਼ਾਕ ਵੀ ਬਹੁਤ ਹੀ ਸਾਦਾ ਸੀ। ਕਦੇ ਗਹਿਣਾ ਤੱਕ ਨਾ ਪਹਿਣਦੇ। ਕਦੇ ਖ਼ਾਹਿਸ਼ ਵੀ ਨਹੀਂ ਉਪਜੀ ਸੀ।

ਮੈਕਾਲਫ ਨੇ ਇਕ ਵਾਰਤਾ ਵੀ ਲਿਖੀ ਹੈ ਕਿ ਇਕ ਸਿੱਖ ਨੇ ਗੁਰੂ ਆਗਿਆ ਮੰਗੀ ਕਿ ਉਹ ਬੀਬੀ ਨੂੰ ਰੇਸ਼ਮੀ ਬਸਤਰ ਤੇ ਗਹਿਣੇ ਬਣਾ ਕੇ ਦੇਣਾ ਲੋੜਦਾ ਹੈ। ਨਿਰੇ ਸਾਦੇ ਕੱਪੜੇ ਨਵ-ਵਿਆਹੀ ਨੂੰ ਜਚਦੇ ਨਹੀਂ। ਜਦ ਬੀਬੀ ਜੀ ਨੇ ਇਹ ਸੁਣਿਆ ਤਾਂ ਉਸੇ ਸਮੇਂ ਉਸ ਸਿੱਖ ਨੂੰ ਆਸਾ ਦੀ ਵਾਰ ਦਾ ਸਲੋਕ ਪੜ੍ਹ ਸੁਣਾਇਆ :

**'ਕੂੜ ਸੁਇਨਾ ਕੂੜ ਰੁਪਾ ਕੂੜ ਪੈਨਣਹਾਰ।**
**ਕੂੜ ਕਾਇਆ, ਕੂੜ ਕਪੜ, ਕੂੜ ਰੂਪ ਅਪਾਰ।'**

ਸਿੱਖ ਨੂੰ ਸਮਝਾਇਆ ਕਿ : *'ਧਨ ਦੀ ਠੀਕ ਵਰਤੋਂ ਇਹ ਹੈ ਕਿ ਲੰਗਰ ਵਿਚ ਕਦੇ ਤੋਟ ਨਾ ਆਵੇ। ਹਰ ਆਏ ਗਏ ਦੀ ਲੋੜ ਪੂਰੀ ਹੋਵੇ।'*

ਜੇ ਭਾਈ ਜੇਠਾ ਜੀ ਸੰਗਤ ਦੀ ਸੇਵਾ ਵਿਚ ਜੁਟੇ ਰਹਿੰਦੇ ਸਨ ਤਾਂ ਬੀਬੀ ਭਾਨੀ ਜੀ ਪਿਤਾ ਜੀ ਨੂੰ ਪ੍ਰਮੇਸ਼ਰ ਦਾ ਰੂਪ ਜਾਣ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਆਦਿ ਦੀ ਸੇਵਾ ਕਰਦੇ। ਮਹਿਮਾ ਪ੍ਰਕਾਸ਼ ਦੇ ਸ਼ਬਦ ਹਨ :

**'ਜਬ ਪਹਰ ਰਾਤ ਰਹੈ ਅੰਮ੍ਰਿਤ ਵੇਲਾ।**
**ਗੁਰ ਕਰੈ ਇਸ਼ਨਾਨ ਭਗਤ ਸੁਖ ਕੇਲਾ।**
**ਤਿਸੀ ਸਮੇਂ ਬੀਬੀ ਜੀ ਦਰਸ਼ਨ ਕਰੈ।**
**ਗੁਰ ਕੀ ਭਗਤ ਸਦ ਹਿਰਦੈ ਧਰੈ।'** (ਸਾਖੀ ੨੯, ਪਾਤਸ਼ਾਹੀ ਤੀਜੀ)

ਸੂਰਜ ਪ੍ਰਕਾਸ਼ ਵਿਚ ਵੀ ਲਿਖਿਆ ਹੈ ਕਿ ਭਾਨੀ ਜੀ ਬੇਟੀ ਦੀ ਤਰ੍ਹਾਂ ਨਹੀਂ, ਸਿੱਖ ਨਿਆਈਂ ਸੇਵਾ ਕਰਦੇ ਸਨ :


www.sikhbookclub.com

**'ਰਹੈ ਨਿੰਮ੍ਰ ਸੇਵ ਕਮਾਵਹਿ।**
**ਅਨੁਸਾਰੀ ਹੁਇ ਸਦਾ ਚਿਤਾਵਹਿ।'**

ਮਨ ਨੂੰ ਦ੍ਰਿੜ੍ਹ ਕਰ ਕੇ ਸੁਰਤਿ ਨੂੰ ਟਿਕਾਂਦੇ ਸਨ। ਫਿਰ ਕਦੇ ਪ੍ਰਗਟਾਵਾ ਨਹੀਂ ਸੀ। ਢੰਡੋਰਾ ਨਹੀਂ ਸੀ। ਬੀਬੀ ਜੀ ਕਹਿੰਦੇ ਹੀ ਇਹ ਸਨ :

**'ਆਛੇ ਕਾਮ ਦਿਖਾਇਨ ਚਾਹੇ।**
**ਲਾਭ ਘਟੈ ਪਾਖੰਡ ਇਸ ਮਾਹੇ।'**

ਬੂਟੇ ਸ਼ਾਹ ਨੇ ਤਾਰੀਖ਼-ਇ-ਪੰਜਾਬ (ਗੁਰੂ ਬ੍ਰਿਤਾਂਤ) ਵਿਚ ਲਿਖਿਆ ਹੈ :

*ਬੀਬੀ ਭਾਨੀ ਸਦਾ ਪਿਤਾ ਗੁਰੂ (ਗੁਰੂ ਅਮਰਦਾਸ ਜੀ) ਦੀ ਸੇਵਾ ਕਰਨ ਨੂੰ ਪਹਿਲ ਦੇਂਦੀ ਸੀ। ਉਨ੍ਹਾਂ ਦੀ ਸੇਵਾ ਤੋਂ ਇਕ ਛਿਨ ਵੀ ਅਵੇਸਲੀ ਨਹੀਂ ਹੁੰਦੀ ਸੀ।*

ਇਥੋਂ ਤਕ ਕਿ ਇਕ ਵਾਰੀ ਬੀਬੀ ਭਾਨੀ ਜੀ ਦੇ ਨੰਗੇ ਪੈਰ ਦਾ ਅੰਗੂਠਾ ਚੌਕੀ ਹੇਠ ਆ ਗਿਆ। ਖ਼ੂਨ ਵਹਿ ਤੁਰਿਆ। *ਦਰਦ ਦੀ ਸਖ਼ਤੀ ਦੇ ਬਾਵਜੂਦ ਵੀ ਪ੍ਰੇਸ਼ਾਨੀ ਪ੍ਰਗਟ ਨਾ ਹੋਣ ਦਿੱਤੀ। ਉਸ ਨੇ ਆਪਣਾ ਪੈਰ ਖਿੱਚਣ ਵਿਚ ਹਾਏ ਕਰਨ ਤੋਂ ਸੰਕੋਚ ਕੀਤਾ ਮਤੇ ਪਿਤਾ ਜੀ ਦੇ ਸਵੇਰ ਦੇ ਨੇਮ ਵਿਚ ਖ਼ਲਲ ਪਵੇ।*

ਭਾਈ ਰਾਮਾ ਜੀ ਨੇ 'ਦਾਨੀ' ਨੂੰ ਘਰ ਪਾ ਲਿਆ ਅਤੇ 'ਭਾਨੀ' ਨੂੰ ਭਾਈ ਜੇਠਾ ਜੀ ਨੇ ਵਰ ਲਿਆ। ਇਹ ਇਤਿਹਾਸਕ ਸਚਾਈ ਹੈ ਕਿ ਰਾਮਾ ਜੀ ਸਦਾ ਅਕਲ ਦੇ ਘਰੋਂ ਬੋਲਦੇ ਰਹੇ ਤੇ ਗੁਰੂ ਹੁਕਮਾਂ ਨੂੰ ਕਿੰਤੂ ਕਰਨ ਤੋਂ ਵੀ ਸੰਕੋਚ ਨਾਂਹ ਕੀਤਾ ਤੇ ਭਾਈ ਜੇਠਾ ਜੀ ਨੇ ਰਜ਼ਾ ਨੂੰ ਹੀ ਆਪਣਾ ਹਥਿਆਰ ਬਣਾ ਲਿਆ ਤੇ ਗੁਰੂ ਆਗਿਆ ਅੱਗੇ ਸਿਰ ਝੁਕਾ ਅਨੰਦ ਲੈਂਦੇ ਰਹੇ। ਕਨ੍ਹਈਆ ਲਾਲ ਲਿਖਦਾ ਹੈ ਕਿ ਪਹਿਲੇ ਦਿਨ ਤੋਂ ਹੀ ਭਾਈ ਜੇਠਾ ਜੀ ਦਿਲ-ਜਾਨ ਨਾਲ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਰਹਿਣ ਲੱਗੇ। ਉਹ ਆਪਣੇ ਕੰਮ ਵਿਚ ਇੰਨੇ ਰੁੱਝ ਗਏ ਕਿ ਇਕ ਛਿਨ-ਪਲ ਲਈ ਵੀ ਦੂਰ ਨਾ ਹੁੰਦੇ ਤੇ ਨਾ ਹੀ ਗ਼ੈਰ-ਹਾਜ਼ਰ ਹੁੰਦੇ। ਉਧਰ ਬੀਬੀ ਭਾਨੀ ਨੇ ਅਜਿਹੀ ਸਯੋਗ ਸੇਵਾ ਕੀਤੀ ਕਿ ਸਭ ਨਾਲੋਂ ਵਧ ਗਈ। ਥੜ੍ਹੇ ਉਸਾਰਣ ਵਾਲੀ ਸਾਖੀ ਗੁਰੂ ਰਾਮਦਾਸ ਜੀ ਦੇ ਸਿਦਕ ਦਾ ਪ੍ਰਮਾਣ ਹੈ।

ਗੁਰੂ ਅਮਰਦਾਸ ਜੀ ਨੇ ਦੋਵਾਂ ਜੁਆਈਆਂ ਨੂੰ ਆਪਣੇ ਬੈਠਣ ਲਈ ਥੜ੍ਹੇ ਬਣਾਉਣ ਦੀ ਆਗਿਆ ਕੀਤੀ। ਸਾਰਾ ਦਿਨ ਦੱਸੇ ਅਨੁਸਾਰ ਭਾਈ ਜੇਠਾ ਜੀ ਤੇ ਰਾਮਾ ਜੀ ਥੜ੍ਹੇ ਬਣਾਉਂਦੇ ਰਹੇ, ਸ਼ਾਮ ਨੂੰ ਗੁਰੂ ਅਮਰਦਾਸ ਜੀ ਭਾਈ ਰਾਮਾ ਜੀ ਦੇ ਥੜ੍ਹੇ ਪਾਸ ਪੁੱਜੇ ਤੇ ਫ਼ਰਮਾਇਆ :

**'ਇਹ ਤੋ ਨੀਕੀ ਨਹੀਂ ਬਣਾਈ।**
**ਬੈਠਣ ਹੇਤ ਨ ਹਮ ਕੋ ਭਾਈ।'**

ਫਿਰ ਚੰਗੀ ਤਰ੍ਹਾਂ ਸਮਝਾਇਆ ਕਿ ਥੜ੍ਹੇ ਉਹ ਕਿਹੋ ਜਿਹੇ ਚਾਹੁੰਦੇ ਹਨ। ਭਾਈ ਰਾਮਾ ਜੀ ਚੁੱਪ ਕਰ ਗਏ। ਕੁਝ ਨਿਰਾਸ਼ ਜ਼ਰੂਰ ਹੋਏ ਪਰ ਥੜ੍ਹਾ ਉਨ੍ਹਾਂ ਤੋੜ ਦਿੱਤਾ।

ਭਾਈ ਜੇਠਾ ਜੀ ਕੋਲ ਜਾ ਕੇ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ :

**'ਹਮਰੇ ਆਸ਼ਯ ਤੈ ਨਹਿ ਲਹਯੋ,**
**ਯਥਾ ਬਤਾਈ ਤਥਾ ਨ ਕਰੀ।'**

ਭਾਈ ਜੇਠਾ ਜੀ ਨੇ ਉਸ ਸਮੇਂ ਖ਼ੁਸ਼ੀ ਨਾਲ ਥੜ੍ਹਾ ਗਿਰਾ ਦਿੱਤਾ ਤੇ ਖਿਮਾਂ ਵੀ ਮੰਗੀ। ਗੁਰੂ ਅਮਰਦਾਸ ਜੀ ਨੇ ਨਵੀਂ ਹਦਾਇਤ ਦਿੱਤੀ।

ਅਗਲੇ ਦਿਨ ਫਿਰ ਦੋਵੇਂ ਹੀ ਥੜ੍ਹੇ ਬਣਾਉਣ ਵਿਚ ਜੁੱਟ ਗਏ। ਥੜ੍ਹੇ ਉਸਰਨ ਉਪ੍ਰੰਤ ਗੁਰੂ ਅਮਰਦਾਸ ਜੀ ਨੇ ਰਾਮਾ ਜੀ ਨੂੰ ਕਿਹਾ ਕਿ ਇਹ ਉਹਨਾਂ ਦੇ ਦੱਸੇ ਮੁਤਾਬਿਕ ਨਹੀਂ ਬਣਿਆ, ਢਾਹ ਕੇ ਫਿਰ ਬਣਾਓ। ਹੁਣ 'ਦਾਨੀ' ਦਾ ਮਾਲਕ ਬੋਲ ਉੱਠਿਆ : ਜਿਵੇਂ ਤੁਸਾਂ ਦੱਸਿਆ, ਉਸੇ ਤਰ੍ਹਾਂ ਹੀ ਬਣਾਇਆ। ਸਾਰੇ ਹੀ ਸ਼ਲਾਘਾ ਕਰ ਰਹੇ ਹਨ। ਮੈਂ ਕਿਵੇਂ ਢਾਹ ਦਿਆਂ, ਇਸ ਤੋਂ ਚੰਗਾ ਕਿਵੇਂ ਬਣ ਜਾਏਗਾ :

**'ਮੈਂ ਕੈਸੇ ਕਰਿ ਦੇਹ ਢਹਾਈ।**
**ਇਸ ਤੇ ਆਛੀ ਕਿਆ ਬਣ ਜਾਈ।'**

ਪਰ ਥੜ੍ਹਾ ਉਨ੍ਹਾਂ ਫਿਰ ਵੀ ਗਿਰਾ ਹੀ ਦਿੱਤਾ।

ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਕਿਹਾ ਕਿ ਥੜ੍ਹੇ ਹਦਾਇਤ ਅਨੁਸਾਰ ਨਹੀਂ ਬਣਾਏ ਤਾਂ ਭਾਈ ਜੇਠਾ ਜੀ ਨੇ ਕਿਹਾ, "ਸਾਡੀ ਮੱਤ ਥੋੜ੍ਹੀ ਹੈ, ਤੁਸੀਂ ਅਗਾਧ ਤੇ ਅਗਮ ਹੋ। ਸੋ ਗ਼ਲਤੀ ਨੂੰ ਖਿਮਾਂ ਕਰ ਕੇ, ਚੰਗੀ ਤਰ੍ਹਾਂ ਸਮਝਾ ਦਿਓ ਤਾਂ ਕਿ ਮੈਂ ਥੋੜ੍ਹੀ ਸਮਝ ਵਾਲਾ ਉਸ ਨੂੰ ਲਗਨ ਨਾਲ ਬਣਾ ਸਕਾਂ :

**'ਜਿਸ ਪ੍ਰਕਾਰ ਕੀ ਦੇਹ ਬਤਾਇ।**
**ਹਿਤ ਰਾਵਰਿ ਕੇ ਅਬਹਿ ਬਨਾਇ।'**

ਕ੍ਰਿਝਦੇ, ਸੜਦੇ ਰਾਮਾ ਜੀ ਨੇ ਤੀਸਰੇ ਦਿਨ ਥੜ੍ਹਾ ਬਣਾਇਆ ਤੇ ਜੇਠਾ ਜੀ ਨੇ ਸ਼ਰਧਾ, ਲਗਨ ਤੇ ਪਿਆਰ ਨਾਲ ਉਸਾਰ ਦਿੱਤਾ। ਗੁਰੂ ਅਮਰਦਾਸ ਜੀ ਨੇ ਰਾਮਾ ਜੀ ਪਾਸ ਜਾ ਕੇ ਕਿਹਾ, 'ਰਾਮੇ। ਉਸ ਤਰ੍ਹਾਂ ਨਹੀਂ ਬਣਾਇਆ ਜਿਵੇਂ ਆਖ ਗਿਆ ਸਾਂ, ਇਹ ਸਾਡੇ ਪਸੰਦ ਨਹੀਂ ਹੈ' :

**'ਨਹਿ ਪਸੰਦ ਇਹ ਆਏ ਹਮਾਰੇ।**
**ਜਿਮ ਚਾਹਤਿ ਤਿਮਿ ਨਹੀਂ ਸੁਧਾਰੇ।'**

ਭਾਈ ਰਾਮਾ ਜੀ, ਜਿਨ੍ਹਾਂ ਨੇ ਕਿੰਤੂ ਨੂੰ ਸਾਰੇ ਗਿਆਨਾਂ ਦਾ ਮੂਲ ਸਮਝ ਰੱਖਿਆ ਸੀ, ਬੋਲ ਪਏ ਤੇ ਆਖਣ ਲੱਗੇ : *ਜਿਵੇਂ ਤੁਸੀਂ ਦੱਸਦੇ ਹੋ, ਉਸ ਮੁਤਾਬਕ ਮੈਂ ਸਾਰਾ ਬਲ ਤੇ ਬੁੱਧ ਲਗਾ ਕੇ ਬਣਾਂਦਾ ਹਾਂ। ਹੁਣ ਮੇਰੇ ਵੱਸ ਦੀ ਗੱਲ ਨਹੀਂ, ਕਿਸੇ ਹੋਰ ਕੋਲੋਂ ਬਣਵਾ ਲਵੋ। ਅਸਲ ਗੱਲ ਇਹ ਹੈ ਕਿ ਤੁਸੀਂ ਬ੍ਰਿਧ ਹੋਣ ਕਾਰਨ ਆਪ ਹੀ ਭੁੱਲ ਜਾਂਦੇ ਹੋ ਕਿ ਕਿਵੇਂ ਦੱਸਿਆ ਸੀ ਤੇ ਤੁਹਾਨੂੰ ਥੜ੍ਹਾ ਪਸੰਦ ਨਹੀਂ ਆਉਂਦਾ।* ਇਸ ਵਿਚ ਮੇਰਾ ਕੀ ਦੋਸ਼ ਹੈ :

**'ਆਪ ਕਹਹੁ ਜਿਮਿ ਬਿਸਰੈ ਫੇਰ।**
**ਇਸ ਮਹਿ ਦੋਸ਼ ਅਹੈ ਕਯਾ ਮੇਰ।'**

ਇਹ ਸੁਣ ਗੁਰੂ ਅਮਰਦਾਸ ਜੀ ਨੇ ਸਿਰਫ਼ ਮੁਸਕਰਾ ਦਿੱਤਾ। ਭਾਈ ਜੇਠਾ ਜੀ ਕੋਲ ਜਾ ਕੇ ਆਖਿਆ : 'ਥੜ੍ਹਾ ਮੇਰੇ ਪਸੰਦ ਨਹੀਂ। ਬਿਲਕੁਲ ਹੀ ਉਲਟ ਬਣਾਇਆ ਹੈ।' 'ਭਾਨੀ' (ਰਜ਼ਾ) ਨੂੰ ਸਦਾ ਆਪਣੇ ਘਰ (ਹਿਰਦੇ) ਵਿਚ ਰੱਖਣ ਵਾਲੇ ਜੇਠਾ ਜੀ ਨੇ ਕਿਹਾ : 'ਮੈਂ ਅਨਜਾਣ ਹਾਂ, ਨਿੱਤ ਭੁੱਲਣਹਾਰ ਹਾਂ, ਤੁਸੀਂ ਸਦਾ ਬਖ਼ਸ਼ੰਦ ਹੋ, ਗ਼ਲਤੀਆਂ ਨੂੰ ਚਿਤਾਰਦੇ

 www.sikhbookclub.com

ਨਹੀਂ। ਤੁਸੀਂ ਤਾਂ ਸਮਝਾ ਜਾਂਦੇ ਹੋ, ਪਰ ਮੈਂ ਥੋੜ੍ਹੀ ਮੱਤ ਹੋਣ ਕਾਰਨ ਉਸ ਮੁਤਾਬਿਕ ਟੁਰ ਨਹੀਂ ਸਕਦਾ। ਸੋ ਆਪਣੀ ਖ਼ਾਸ ਰਹਿਮਤ ਕਰੋ ਤਾਕਿ ਮੈਂ ਆਪ ਜੀ ਦੇ ਦੱਸੇ ਮੁਤਾਬਿਕ ਥੜ੍ਹਾ ਬਣਾ ਸਕਾਂ।'

**'ਨੀਕੀ ਭਾਂਤਿ ਭਾਖ ਸਮਝਾਵਊ॥**
**ਮੈਂ ਮਤਿਮੰਦ ਅਭਾਗ ਵਿਚਾਰਾ॥**
**ਜਾਨ ਸਕਿਊ ਨਹਿ ਕਹਯੋ ਤੁਮਾਰਾ॥'**

ਗੁਰੂ ਅਮਰਦਾਸ ਜੀ ਬਹੁਤ ਪ੍ਰਸੰਨ ਹੋਏ ਤੇ ਸਭ ਨੂੰ ਸੁਣਾ ਕੇ ਆਖਿਆ ਕਿ ਇਸ ਦੀ ਸੇਵਾ ਤੋਂ ਖ਼ੁਸ਼ ਹੋਇਆ ਹਾਂ। ਇਸ ਨੇ ਆਪਾ ਕਦੇ ਵੀ ਨਹੀਂ ਜਣਾਇਆ ਤੇ ਸਦਾ ਆਗਿਆ ਵਿਚ ਟਿਕਦੇ ਹਨ :

**ਇਸ ਕੀ ਸੇਵਾ ਮੋ ਮਨ ਭਾਵਹਿ॥**
**ਆਪਾ ਕਬਹੂ ਨ ਕਰਹਿ ਜਨਾਵਨ॥**
**ਨਿਸ ਦਿਨ ਪ੍ਰੇਮ ਭਗਤਿ ਮਹਿੰ ਪਾਵਨ॥**

ਸੋ ਦਾਨੀ ਰਹਿ ਗਈ, ਭਾਨੀ ਪਾ ਗਈ। ਮਤ ਦੀ ਕੋਈ ਹੱਦ ਹੈ, ਬੰਨਾ ਹੈ, ਰਜ਼ਾ ਦੀ ਕੋਈ ਸੀਮਾ ਨਹੀਂ। ਮਤ ਕਿਧਰੇ ਨਾ ਕਿਧਰੇ ਜਾ ਕੇ ਖਲੋ ਜਾਂਦੀ ਹੈ। ਰਜ਼ਾ ਸਾਰੇ ਹੱਦ ਬੰਨੇ ਟੱਪ ਕੇ ਵਾਹਿਗੁਰੂ ਕੋਲ ਜਾ ਖੜ੍ਹਾ ਕਰਦੀ ਹੈ।

ਫਿਰ ਇਸੇ ਭਾਨੀ ਨੇ ਰਜ਼ਾ ਵਿਚ ਰਹਿੰਦੇ ਹੋਏ ਇਤਿਹਾਸ ਹੀ ਬਦਲਾ ਦਿੱਤਾ। ਇਹ ਫ਼ੈਸਲਾ ਹੋ ਚੁੱਕਾ ਸੀ ਕਿ ਗੁਰੂ ਗੱਦੀ ਦੀ ਜ਼ਿੰਮੇਵਾਰੀ ਗੁਰੂ ਰਾਮ ਦਾਸ ਜੀ ਨੂੰ ਸੌਂਪੀ ਜਾਏਗੀ। ਦਿਹਾੜਾ ਨਿਯਤ ਸੀ ਤੇ ਤਿਆਰੀਆਂ ਆਰੰਭ ਸਨ। ਸੁਬਹ ਸਵੇਰੇ ਹੀ ਗੁਰੂ ਅਮਰਦਾਸ ਜੀ ਆਪਣੇ ਵਿਸਰਾਮ ਅਸਥਾਨ ਤੋਂ ਵਿਹੜੇ ਵਿਚ ਆਏ ਜਿੱਥੇ ਨਨਾਣ ਭਰਜਾਈ, ਬੀਬੀ ਭਾਨੀ ਜੀ ਅਤੇ ਬੀਬੀ ਆਤਮਾ ਦੇਵੀ (ਮੋਹਰੀ ਜੀ ਦੇ ਘਰੋਂ) ਬੈਠੇ ਹੋਏ ਸਨ। ਗੁਰੂ ਅਮਰਦਾਸ ਜੀ ਨੇ ਦੂਰੋਂ ਹੀ ਆਵਾਜ਼ ਦਿੱਤੀ, 'ਧੀਏ ਭਾਨੀਏ, ਜੇ ਸਾਈਂ ਦੀ ਰਜ਼ਾ ਵਰਤੇ, ਰਾਮਦਾਸ ਗੁਜ਼ਰ ਜਾਏ ਤਾਂ ਸੱਚੀ ਦੱਸੀਂ ਬੇਟਾ ਤੂੰ ਕੀਹ ਕਰੇਂ ?' ਸੂਰਜ ਪ੍ਰਕਾਸ਼ ਦੇ ਲਿਖਾਰੀ ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ :

**ਰਾਮ ਦਾਸ ਅਬ ਤਨ ਪਰਹਰੈ।**
**ਕਹ ਪੁੱਤਰੀ ਕਯਾ ਤਬਿ ਤੂੰ ਕਰੇ।**

ਇਤਿਹਾਸ ਵਿਚ ਲਿਖੇ ਅਨੁਸਾਰ ਬੀਬੀ ਭਾਨੀ ਜੀ ਨੇ ਸਿਰ ਝੁਕਾ ਦਿੱਤਾ ਤੇ ਆਪਣੇ ਸੁਹਾਗ ਦੀ ਨਿਸ਼ਾਨੀ ਨੱਥ, ਗੁਰ-ਚਰਨਾਂ ਅੱਗੇ ਜਾ ਕੇ ਰੱਖ ਦਿੱਤੀ। ਗੁਰੂ ਅਮਰਦਾਸ ਜੀ ਨੇ ਕਿਹਾ, 'ਬੱਚੀਏ ਪਾ ਲੈ। ਪਾ ਲੈ।' ਤਾਂ ਬੀਬੀ ਭਾਨੀ ਜੀ ਨੇ ਨਿਮਰਤਾ ਨਾਲ ਕਿਹਾ, ਲੁਹਾਈ ਵੀ ਆਪ ਜੇ, ਹੁਣ ਪੁਆਓ ਵੀ ਆਪ।' ਤਾਂ ਗੁਰੂ ਅਮਰਦਾਸ ਜੀ ਨੇ ਰਜ਼ਾ ਵਿਚ ਟਿਕੀ ਦੇਖ ਫ਼ਰਮਾਇਆ, "ਜਾ ਬੱਚੀਏ ਸਾਈਂ ਸ਼ਰਮ ਰੱਖੇਗਾ। ਗੁਰੂ ਰਾਮਦਾਸ ਜੀ ਨੂੰ ਆਪਣੀ ਆਯੂ ਦਿੱਤੀ ਤੇ ਮੈਂ ਪਰਲੋਕ ਸਿਧਾਰ ਰਿਹਾ ਹਾਂ" :

**ਆਪਨ ਆਰਬਲਾ ਅਬਿ ਮੈ ਦੇਵੋਂ।**
**ਹਿਤ ਪਰਲੋਕ ਗਮਨ ਸੁਭ ਲੇਵੋਂ।**

ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਤੇ ਆਪਣੀ ਆਯੂ ਦੇ ੬ ਸਾਲ, ਗਿਆਰਾਂ

ਮਹੀਨੇ, ੧੭ ਦਿਨ ਗੁਰੂ ਰਾਮਦਾਸ ਨੂੰ ਦੇ ਗਏ। ਬੀਬੀ ਭਾਨੀ ਦੇ ਨਿਸ਼ਚੇ ਦੀ ਹੀ ਜਿੱਤ ਸੀ। ਉਹ ਕਿਹੜੀ ਕਰਾਮਾਤ ਹੈ ਜੋ ਰਜ਼ਾ ਨਹੀਂ ਕਰ ਸਕਦੀ। ਇਸ ਬੀਬੀ ਭਾਨੀ ਨੇ ਸੱਤ ਸਾਲ ਆਪਣੇ ਸਿਰ ਦੇ ਸਾਈਂ ਲਈ ਜ਼ਰੂਰ ਲਏ ਪਰ ਸੱਤ ਹੀ ਸ਼ਹੀਦੀਆਂ ਆਪਣੇ ਘਰ ਵਿਚ ਲਈਆਂ। ਸ਼ਾਇਦ ਇਸੇ ਲਈ ਭਾਈ ਗੁਰਦਾਸ ਜੀ ਨੇ ਲਿਖਿਆ, "ਹੋਰਸਿ ਅਜਰੁ ਨ ਜਰਿਆ ਜਾਵੈ।" ਪਹਿਲਾਂ ਉਹਨਾਂ ਨੇ ਆਪਣੇ ਜਿਗਰ ਦੇ ਟੁਕੜੇ ਗੁਰੂ ਅਰਜਨ ਜੀ ਨੂੰ ਇਸੇ ਭਾਣੇ ਦੀ ਵੇਦੀ ਉੱਤੇ ਪ੍ਰਵਾਨ ਚੜ੍ਹਾਇਆ। ਫਿਰ ਗੁਰੂ ਤੇਗ਼ ਬਹਾਦਰ, ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਚਾਰੇ ਸਾਹਿਬਜ਼ਾਦੇ ਧਰਮ ਭੇਟ ਕੀਤੇ। ਲੋਕੀਂ ਪੁੱਛਦੇ ਹਨ ਕਿ ਤੱਤੀਆਂ ਤਵੀਆਂ ਉੱਤੇ ਬੈਠ ਕੇ ਗੁਰੂ ਅਰਜਨ ਜੀ ਨੇ ਸੀ ਕਿਉਂ ਨਾਂਹ ਕੀਤੀ ? ਦੇਗ਼ ਵਿਚ ਉਬਾਲੇ ਖਾ ਕੇ ਵੀ 'ਆਪਣੇ ਭਾਣੇ ਵਿਚ ਸਦਾ ਰਖ ਸੁਆਮੀ' ਹੀ ਕਿਉਂ ਕਿਹਾ ? ਗਰਮ ਰੇਤਾ ਪਵਾ ਕੇ ਵੀ ਉਹਨਾਂ 'ਤੇਰਾ ਕੀਆ ਮੀਠਾ ਲਾਗੈ' ਹੀ ਕਿਉਂ ਫ਼ਰਮਾਇਆ ? ਇਹਨਾਂ ਸਾਰੀਆਂ ਪੁੱਛਾਂ ਦਾ ਇਕੋ ਉੱਤਰ ਹੈ ਕਿ 'ਉਹ ਭਾਨੀ ਦੇ ਜਾਏ ਸਨ ਤੇ ਭਾਣੇ ਨੂੰ ਮਿੱਠਾ ਕਰ ਕੇ ਮੰਨਣਾ ਉਹਨਾਂ ਦੇ ਅੰਗ-ਅੰਗ ਵਿਚ ਰਸਿਆ ਹੋਇਆ ਸੀ।'

ਬੀਬੀ ਭਾਨੀ ਜੀ ਦੀ ਸੇਵਾ ਵੀ ਜਗਤ-ਪ੍ਰਸਿੱਧ ਹੈ, ਪਿਤਾ ਗੁਰੂ ਅਮਰਦਾਸ ਜੀ ਦੀ ਜਿਸ ਲਗਨ ਨਾਲ ਉਹ ਸੇਵਾ ਕਰਦੇ, ਉਹ ਅਖਾਣ ਹੀ ਬਣ ਗਿਆ ਹੈ। ਫਿਰ ਗੁਰੂ ਰਾਮ ਦਾਸ ਜੀ ਨਾਲ ਹੋ ਕੇ ਸੰਗਤਾਂ ਦੀ ਸੇਵਾ ਕਰਦੇ, ਲੰਗਰ ਪਕਾਂਦੇ, ਦੇਖ-ਭਾਲ ਕਰਦੇ ਅਤੇ ਘਰ ਵਿਚ ਜਦ ਪ੍ਰਿਥੀ ਚੰਦ ਜੀ ਨੇ ਦੁਬਿਧਾ ਪਾ ਦਿੱਤੀ ਤਾਂ ਵੀ ਅਡੋਲ ਚਿੱਤ ਰਹੇ।

ਸੰਸਾਰੀ ਮਾਵਾਂ ਵੀ ਪੁੱਤਰਾਂ ਨੂੰ ਅਸੀਸਾਂ ਦੇਂਦੀਆਂ ਹਨ, ਪਰ ਉਹਨਾਂ ਵਿਚ ਜ਼ਿਆਦਾ ਜ਼ੋਰ 'ਲੰਮੀ ਆਯੂ ਤੇ ਦੁੱਧ ਪੁੱਤ ਦੀ ਖੁੱਲ੍ਹ' ਹੀ ਹੁੰਦੀ ਹੈ। ਬੀਬੀ ਭਾਨੀ ਜੀ ਨੇ ਮਾਂ ਰੂਪ ਵਿਚ ਗੁਰੂ ਅਰਜਨ ਜੀ ਨੂੰ ਅਸੀਸ ਦਿੱਤੀ ਹੈ, ਜੋ ਪੰਜਵੇਂ ਪਾਤਸ਼ਾਹ ਨੇ ਬਖ਼ਸ਼ਿਸ਼ ਕਰ ਕੇ ਰਾਗ ਗੂਜਰੀ ਵਿਚ ਆਪਣੇ ਸ਼ਬਦਾਂ ਦੁਆਰਾ ਅੰਕਤ ਕੀਤੀ ਹੈ। ਬੀਬੀ ਭਾਨੀ ਜੀ ਅਸੀਸ ਦੇਂਦੇ ਹੋਏ ਫ਼ਰਮਾਂਦੇ ਹਨ 'ਹੇ ਪੁੱਤਰ! ਤੈਨੂੰ ਮਾਂ ਦੀ ਇਹ ਅਸੀਸ ਹੈ ਕਿ ਤੈਨੂੰ ਪ੍ਰਮਾਤਮਾ ਅੱਖ ਝਮਕਣ ਜਿਤਨੇ ਸਮੇਂ ਲਈ ਵੀ ਨਾਂਹ ਭੁੱਲੇ। ਤੂੰ ਸਦਾ ਜਗਤ ਦੇ ਮਾਲਕ ਪ੍ਰਭੂ ਦਾ ਨਾਮ ਜਪਦਾ ਰਹੁ :

> **"ਪੂਤਾ ਮਾਤਾ ਕੀ ਅਸੀਸ।**
> **ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ**
> **ਸਦਾ ਭਜਹੁ ਜਗਦੀਸ" ॥ ਰਹਾਉ ॥**

ਫਿਰ ਫ਼ਰਮਾਇਆ :

> **"ਸਤਿਗੁਰ ਤੁਮ ਕਉ ਹੋਇ ਦਇਆਲਾ ਸੰਤ ਸੰਗ ਤੇਰੀ ਪ੍ਰੀਤਿ।**
> **ਕਾਪੜੁ ਪਤਿ ਪਰਮੇਸਰ ਰਾਖੀ ਭੋਜਨ ਕੀਰਤਨ ਨੀਤਿ।"**

**ਭਾਵ**—"ਸਤਿਗੁਰੂ ਤੇਰੇ ਉੱਤੇ ਦਇਆਵਾਨ ਰਵ੍ਹੇ। ਗੁਰੂ ਨਾਲ ਪਿਆਰ ਹੋਵੇ, ਜਿਵੇਂ ਕੱਪੜਾ ਮਨੁੱਖ ਦਾ ਪੜਦਾ ਢੱਕਦਾ ਹੈ, ਤਿਵੇਂ ਪ੍ਰਮਾਤਮਾ ਤੇਰੀ ਇੱਜ਼ਤ ਰੱਖੇ, ਸਦਾ ਪ੍ਰਮਾਤਮਾ ਦੀ ਸਿਫ਼ਤ-ਸਾਲਾਹ ਤੇਰੀ ਆਤਮਾ ਦੀ ਖ਼ੁਰਾਕ ਰਵ੍ਹੇ।"

ਮਾਤਾ ਭਾਨੀ ਜੀ ਨੇ ਅਸੀਸਾਂ ਦੇ ਭੰਡਾਰ ਬਿਖੇਰਦੇ ਹੋਏ ਕਿਹਾ : 'ਪੁੱਤਰ। ਨਾਮ ਜੋ ਜੀਵਨ ਦੇਂਦਾ ਹੈ, ਉਹ ਸਦਾ ਪੀਂਦੇ ਰਵ੍ਹੋ, ਸਦਾ ਲਈ ਤੁਹਾਡਾ ਉੱਚਾ ਆਤਮਿਕ ਜੀਵਨ ਬਣਿਆ ਰਵ੍ਹੇ, ਆਤਮਿਕ ਖ਼ੁਸ਼ੀਆਂ ਕੋਲ ਰਹਿਣ ਨਾਲ, ਸਭ ਆਸਾਂ ਪੂਰੀਆਂ ਰਹਿੰਦੀਆਂ

*ਹਨ। ਪੁੱਤਰ ਜਦ ਆਤਮਿਕ ਅਨੰਦ ਕੋਲ ਹੋਵੇ, ਚਿੰਤਾ ਕਦੇ ਵੀ ਆਪਣਾ ਜ਼ੋਰ ਨਹੀਂ ਪਾ ਸਕਦੀ' :*

**ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ**
**ਹਰਿ ਸਿਮਰਤ ਅਨੰਦ ਅਨੰਤਾ।**
**ਰੰਗ ਤਮਾਸਾ ਪੂਰਨ ਆਸਾ**
**ਕਬਹਿ ਨ ਬਿਆਪੈ ਚਿੰਤਾ।**

ਸੱਚੀ ਗੱਲ ਹੀ ਇਹ ਹੈ ਕਿ ਐਸੀ ਅਸੀਸ ਪਾਸ ਹੁੰਦਿਆਂ ਕੋਈ ਚਿੰਤਾ ਵਿਆਪ ਹੀ ਨਹੀਂ ਸਕਦੀ। ਮੇਰਾ ਤਾਂ ਯਕੀਨ ਹੈ ਕਿ ਜੇ ਅੱਜ ਦੀ ਮਾਂ ਬੱਚੇ ਨੂੰ ਗੋਦ ਵਿਚ ਲੈ ਕੇ, ਦੁੱਧ ਪਿਆਂਦਿਆਂ ਮਾਂ ਭਾਨੀ ਦੀ ਅਸੀਸ ਦੁਹਰਾਵੇ ਤਾਂ ਆਉਣ ਵਾਲਾ ਬੱਚਾ ਕਦੀ ਛਿੱਥਾ ਨਹੀਂ ਪਵੇਗਾ ਤੇ ਸੰਸਾਰ ਦੇ ਥਪੇੜਿਆਂ ਵਿਚ ਸਦਾ ਅਡੋਲ ਰਵ੍ਹੇਗਾ। ਅੱਜ ਦੀ ਸਾਰੀ ਬੀਮਾਰੀ ਹੀ ਇਹ ਹੈ ਕਿ ਨੌਜਵਾਨ ਨੂੰ ਕਿਸੇ ਸਿੱਖਿਆ ਹੀ ਨਹੀਂ ਦਿੱਤੀ। ਉਹ ਸਿੱਖਿਆ-ਹੀਨ ਫਿਰ ਭਟਕ ਰਹਿਆ ਹੈ। ਬੀਬੀ ਭਾਨੀ ਜੀ ਦੀ ਇਹ ਦੇਣ ਅਸੀਂ ਕਦੀ ਭੁਲਾ ਨਹੀਂ ਸਕਦੇ। ਰਸਕਨ ਨੂੰ ਕਿਸੇ ਪੁੱਛਿਆ ਸੀ ਕਿ ਤੇਰੀ ਰੱਗ-ਰੱਗ ਵਿਚ ਇਹ ਬਾਈਬਲ ਕਿਵੇਂ ਸਮਾ ਗਈ ਤਾਂ ਉਸ ਨੇ ਆਖਿਆ ਸੀ ਕਿ ਮੇਰੀ ਮਾਂ ਨੇ ਸੋਟੀਆਂ ਮਾਰ-ਮਾਰ ਬਾਈਬਲ ਮੇਰੀ ਖੱਲੜੀ ਵਿਚ ਪਾਈ ਹੈ। (My Mother canned Bible into my skin.) ਇਥੇ ਸੋਟੀਆਂ ਮਾਰਨ ਦੀ ਲੋੜ ਨਹੀਂ, ਸਿਰਫ਼ ਥਾਪੜਦੇ-ਥਾਪੜਦੇ *'ਸਦਾ ਭਜਹੁ ਜਗਦੀਸ'* ਕਹਿਣ ਦੀ ਲੋੜ ਹੈ, ਚਮਤਕਾਰ ਆਪੇ ਹੋ ਜਾਏਗਾ।

ਬੀਬੀ ਭਾਨੀ ਜੀ ਤਰਨ ਤਾਰਨ ਵਿਖੇ ਸੰਨ ੧੫੯੮ ਈ: ਨੂੰ ਪਰਲੋਕ ਸਿਧਾਰ ਗਏ। ਗੁਰੂ ਅਰਜਨ ਜੀ ਨੇ ਉਹਨਾਂ ਦੀ ਯਾਦ ਵਿਚ ਇਕ ਖੂਹ ਲਗਵਾਇਆ, ਜਿਸ ਨੂੰ ਹੁਣ ਤੱਕ 'ਬੀਬੀ ਭਾਨੀ ਵਾਲਾ ਖੂਹ' ਕਿਹਾ ਜਾਂਦਾ ਹੈ। ਜੀਉਂਦਿਆਂ ਵੀ ਉਹ ਅੰਮ੍ਰਿਤ ਵੰਡਦੇ ਰਹੇ ਤੇ ਉਹਨਾਂ ਪਿੱਛੋਂ ਵੀ ਸੰਸਾਰ ਨੇ ਜਲ-ਅੰਮ੍ਰਿਤ ਪੀਤਾ।

 www.sikhbookclub.com

# ੯

## ਭਾਈ ਮੰਦ
## 'ਗੁਰੂ ਕਾ ਬੋਹਿਥਾ'

ਸਾਡੇ ਇਤਿਹਾਸ ਵਿਚ ਆਉਂਦਾ ਹੈ ਕਿ (ਗੁਰੂ) ਅਰਜਨ ਦੇਵ ਜੀ ਅਜੇ ਸਾਲ ਕੁ ਦੇ ਹੀ ਸਨ ਕਿ ਇਕ ਵਾਰ ਖੇਡਦੇ-ਖੇਡਦੇ ਉਹਨਾਂ ਦਾ ਗੇਂਦ ਉਛਲ ਕੇ ਉਸ ਚੁਬਾਰੇ ਵਿਚ ਚਲਾ ਗਿਆ ਜਿੱਥੇ ਗੁਰੂ ਅਮਰਦਾਸ ਜੀ ਬਿਸਰਾਮ ਕਰਦੇ ਸਨ। ਰਿੜ੍ਹਦੇ-ਰਿੜ੍ਹਦੇ (ਗੁਰੂ) ਅਰਜਨ ਜੀ ਚੁਬਾਰੇ ਤੇ ਪਉੜੀਆਂ ਰਾਹੀਂ ਚੜ੍ਹ ਗਏ ਅਤੇ ਸੁਖਾਸਨ ਵਾਲੇ ਕਮਰੇ ਵਿਚ ਆਪਣਾ ਗੇਂਦ ਨਾ ਦੇਖ ਕੇ ਜਾਣਿਆ ਕਿ ਗੇਂਦ ਮਹਾਰਾਜ ਦੇ ਮੰਜੇ ਉੱਤੇ ਹੀ ਹੈ। ਪਾਵਿਆਂ ਨੂੰ ਫੜ ਕੇ ਮੰਜੇ ਨੂੰ ਹਿਲਾਣ ਲੱਗ ਪਏ। ਇਤਨੇ ਜ਼ੋਰ ਨਾਲ ਮੰਜੇ ਨੂੰ ਹਿਲਾਇਆ ਕਿ ਗੁਰੂ ਅਮਰਦਾਸ ਜੀ ਦੀ ਲੱਗੀ ਅੱਖ ਖੁਲ੍ਹ ਗਈ ਤੇ ਉੱਠਦਿਆਂ ਹੀ ਉਹਨਾਂ ਸਹਿਜ ਬਚਨ ਬੋਲੇ :

**'ਕਿਹੜਾ ਵੱਡਾ ਪੁਰਖ ਹੈ ਭਾਰੀ।**
**ਜਿਸ ਮੰਜੀ ਹਿਲਾਈ ਸਾਡੀ ਸਾਰੀ।'**

ਉਧਰੋਂ ਬਾਲਕ (ਗੁਰੂ) ਅਰਜਨ ਜੀ ਨੂੰ ਵਿਹੜੇ ਵਿਚ ਨਾ ਦੇਖ ਕੇ ਬੀਬੀ ਭਾਨੀ ਜੀ ਉਪਰ ਆ ਗਏ ਸਨ ਤੇ ਗੁਰ-ਪਿਤਾ ਦੇ ਵਾਕ ਸੁਣ ਕੇ ਆਖਣ ਲੱਗੇ : 'ਦੋਹਿਤਾ ਜੇ ਦੋਹਿਤਾ!' ਤਾਂ ਤੀਜੇ ਪਾਤਸ਼ਾਹ ਨੇ ਫਿਰ ਫ਼ਰਮਾਇਆ : 'ਦੋਹਿਤਾ! ਬਾਣੀ ਦਾ ਬੋਹਿਥਾ।' ਉਹਨਾਂ ਦਾ ਭਾਵ ਸੀ ਕਿ ਇਹ ਵੱਡਾ ਪੁਰਖ ਭਾਰੀ ਬਾਣੀ ਦਾ ਇਕ ਐਸਾ ਜਹਾਜ਼ ਤਿਆਰ ਕਰੇਗਾ, ਜਿਸ ਉੱਤੇ ਚੜ੍ਹ ਕੇ ਸਾਰੀ ਲੁਕਾਈ ਗੁਰੂ ਪ੍ਰਮਾਤਮਾ ਤਕ ਪੁੱਜ ਸਕੇਗੀ। ਗੁਰੂ ਅਰਜਨ ਜੀ ਨੇ ਜਦ ਗੁਰੂ ਪਦਵੀ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਸੱਚਮੁੱਚ ਇਕ ਐਸਾ ਜਹਾਜ਼ ਤਿਆਰ ਕੀਤਾ, ਜਿਸ ਨੇ ਮਨੁੱਖ ਮਾਤਰ ਨੂੰ ਸੰਸਾਰ ਸਾਗਰ ਤੋਂ ਤਰਨ ਦੀ ਜਾਚ ਸਿਖਾਈ। ਭੱਟਾਂ ਨੇ ਵੀ ਕਿਹਾ :

**'ਕਲਿਜੁਗ ਜਹਾਜ਼ ਅਰਜਨ ਗੁਰੂ।'**

ਪਰ ਸਾਡੇ ਇਤਿਹਾਸ ਨੇ ਇਕ ਹੋਰ ਅਜਿਹਾ ਗੁਰੂ-ਵਾਕ ਸੰਭਾਲਿਆ ਹੋਇਆ ਹੈ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਇਕ ਸਿੱਖ ਪ੍ਰਤੀ ਉਚਾਰਿਆ ਸੀ ਅਤੇ ਉਸ ਸਮੇਂ ਉਚਾਰਿਆ ਸੀ ਜਦ ਸਿੱਖ ਨੇ ਪੂਰਨਤਾ ਦੀ ਹੱਦ ਛੁਹ ਦੱਸੀ ਸੀ। ਗੁਰੂ ਅਰਜਨ ਦੇਵ ਜੀ ਦੇ ਸ਼ਬਦ ਸਨ :

**'ਮੰਦ ਪਿਆਰਾ ਗੁਰੂ ਕੋ, ਗੁਰੂ ਮੰਦ ਪਿਆਰਾ।**
**ਮੰਦ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ।'**

(ਯਾਦ ਰਵ੍ਹੇ ਕਿ ਇਹ ਵਾਕ ਇਤਿਹਾਸਕ ਹੈ, ਗੁਰੂ ਗ੍ਰੰਥ ਸਾਹਿਬ ਵਿਚੋਂ ਨਹੀਂ)

ਸੋ ਇਹ ਪ੍ਰਸ਼ਨ ਬਹੁਤ ਹੀ ਢੁੱਕਵਾਂ ਹੈ ਕਿ ਭਾਈ ਮੰਝ ਨੇ ਐਸਾ ਕਿਹੜਾ ਕਰਤਬ ਕੀਤਾ ਕਿ ਗੁਰੂ ਪਾਤਸ਼ਾਹ ਨੇ ਨਾ ਸਿਰਫ਼ ਉਸ ਨੂੰ 'ਪਿਆਰਾ' ਤੇ 'ਜਹਾਜ਼' ਹੀ ਕਿਹਾ, ਸਗੋਂ ਜੱਗ ਤੋਂ ਪਾਰ ਕਰਾਉਣ ਵਾਲਾ ਵੀ ਆਖਿਆ। ਭਾਈ ਸਾਹਿਬ ਦੇ ਜੀਵਨ ਅਤੇ ਘਾਲਣਾ ਉੱਤੇ ਨਜ਼ਰ ਪਾਉਣ ਨਾਲ ਇਹ ਗੱਲ ਆਪੇ ਹੀ ਸਪੱਸ਼ਟ ਹੋ ਜਾਏਗੀ।

ਗੁਰੂ ਅਰਜਨ ਦੇਵ ਜੀ ਦਾ ਜੀਵਨ ਜਿਨ੍ਹਾਂ ਗਹੁ ਨਾਲ ਵਾਚਿਆ ਹੈ, ਉਹ ਜਾਣਦੇ ਹਨ ਕਿ ਉਹਨਾਂ ਮੁੱਖੋਂ ਨਿਕਲਿਆ ਹਰ ਵਾਕ ਹੀ ਭਾਵ ਪੂਰਤ ਹੁੰਦਾ ਸੀ। ਜੇ ਉਹਨਾਂ 'ਭਾਈ ਬਹਿਲੋ—ਸਭ ਤੋਂ ਪਹਿਲੋਂ' ਕਿਹਾ ਤਾਂ ਉਸ ਪਿੱਛੇ ਭਾਈ ਬਹਿਲੋ ਜੀ ਦੀ ਕਰੜੀ ਘਾਲਣਾ ਸੀ। ਭਾਈ ਬਹਿਲੋ ਭਾਵੇਂ ਉੱਚ-ਜਾਤੀਏ ਸਨ, ਪਰ ਜਦ ਉਹਨਾਂ ਨੂੰ ਕਿਸੇ ਦੱਸ ਪਾਈ ਕਿ ਇੱਟਾਂ ਖੂਬ ਤਦ ਪੱਕਦੀਆਂ ਹਨ ਜਦ ਬਾਲਣ ਨਾਲ 'ਮੈਲਾ' ਵੀ ਭੱਠੇ ਵਿਚ ਸਾੜਿਆ ਜਾਏ ਤਾਂ ਆਪ ਜੀ ਨੇ ਨਿਰਸੰਕੋਚ ਮੈਲਾ ਚੁੱਕ-ਚੁੱਕ ਆਵੇ ਵਿਚ ਪਾਇਆ।

**'ਸੁਧ ਛਾਹੁਰੀ ਹਾਥ ਲੈ, ਚੁਕ ਮੈਲਾ ਕੂਰਾ।**
**ਵੀਚ ਪੰਜਾਵੇ ਪਾਵਹੀ, ਜਯੋਂ ਪੱਕੇ ਪੂਰਾ।' (ਪੰਥ ਪ੍ਰਕਾਸ਼)**

ਜਦ ਹਰਿਮੰਦਰ ਸਾਹਿਬ ਲਈ ਇੱਟਾਂ ਪੱਕ ਕੇ ਆਈਆਂ ਤਾਂ ਮਹਾਰਾਜ ਨੇ ਸੁਰਖ਼-ਲਾਲ ਦੇਖ ਬਹੁਤ ਹੀ ਸ਼ਲਾਘਾ ਕੀਤੀ। ਸੰਗਤ ਨੇ ਦੱਸਿਆ ਕਿ ਇਤਨੀਆਂ ਸੋਹਣੀਆਂ ਇੱਟਾਂ ਪਕਾਉਣ ਦਾ ਕਾਰਨ ਭਾਈ ਬਹਿਲੋ ਜੀ ਦਾ 'ਮੈਲਾ' ਚੁੱਕ-ਚੁੱਕ ਪਾਉਣਾ ਹੈ ਤਾਂ ਗੁਰੂ ਮਹਾਰਾਜ ਨੇ ਫ਼ਰਮਾਇਆ ਕਿ ਦੁਨੀਆਂ ਦੀ ਨਜ਼ਰ ਵਿਚ ਉਹਨਾਂ ਜ਼ਰੂਰ ਅਤਿ ਨੀਵੀਂ ਕਾਰ ਨਿਭਾਈ ਹੈ, ਪਰ ਗੁਰੂ ਦੀ ਨਜ਼ਰ ਵਿਚ ਉਹ ਸਭ ਤੋਂ ਪਹਿਲੋਂ ਹਨ। 'ਬਹਿਲੋ ਸਭ ਤੋਂ ਪਹਿਲੋਂ।'

ਇਸੇ ਤਰ੍ਹਾਂ ਜਦ ਭਾਈ ਲੱਧਾ ਜੀ ਲਾਹੌਰ ਵਾਲਿਆਂ ਨੂੰ ਆਪਣੀ ਹੀ ਦਾੜ੍ਹੀ ਪਕੜੇ, ਮੂੰਹ ਕਾਲਾ ਕੀਤੇ ਹੋਏ, ਮੰਜੀ ਸਾਹਿਬ ਵਲੋਂ ਸੱਤਾ ਜੀ ਤੇ ਬਲਵੰਡ ਜੀ ਨਾਲ ਆਉਂਦੇ ਦੇਖਿਆ ਤਾਂ ਉਸ ਸਮੇਂ ਬਖ਼ਸ਼ਿਸ਼ਾਂ ਦੇ ਦਾਤੇ ਨੇ 'ਲੱਧਾ ਪਰਉਪਕਾਰੀ' ਕਿਹਾ। ਬਾਬਾ ਬੁੱਢਾ ਜੀ ਦੀ ਕਰਣੀ ਦੇਖੀ ਤਾਂ 'ਸਿੱਖੀ ਦੀ ਹੱਦ' ਫ਼ਰਮਾਇਆ। ਭਾਈ ਗੁਰਦਾਸ ਜੀ ਦੀ ਕ੍ਰਿਤ ਨੂੰ 'ਬਾਣੀ ਦੀ ਕੁੰਜੀ' ਕਹਿ ਕੇ ਆਦਰ ਦਿੱਤਾ। ਜਦ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਗਈ ਤਾਂ ਕਿਸੇ ਪੁੱਛਿਆ ਕਿ ਆਪ ਜੀ ਪਹਿਲਾਂ ਥਾਲ ਕਿਸ ਪ੍ਰੋਹਿਤ ਨੂੰ ਦੇਵੋਗੇ ਤਾਂ ਆਪ ਜੀ ਨੇ ਸਦਾ ਸੇਵਾ ਜੁੱਟੇ ਭਾਈ ਬੰਨੋ ਪ੍ਰਤੀ ਕਿਹਾ :

**'ਹਮਰਾ ਪ੍ਰੋਹਿਤ ਭਾਈ ਬੰਨੋ।**
**ਸਾਧ ਸੰਗਤਿ ਤੁਮ ਸਤਿ ਕਰ ਮੰਨੋ।'**

ਇਸੇ ਤਰ੍ਹਾਂ ਜਦ ਗੁਰੂ ਅਰਜਨ ਦੇਵ ਜੀ ਨੇ ਭਾਈ ਮੰਝ ਦੀ ਸੇਵਾ ਹੱਦਾਂ ਟੱਪਦੀ ਦੇਖੀ ਤਾਂ 'ਮੰਝ ਗੁਰੂ ਕਾ ਬੋਹਿਥਾ' ਕਹਿ ਕੇ ਸਤਿਕਾਰਿਆ।

'ਇਸ਼ਆਤ-ਇ-ਇਸਲਾਮ' ਭਾਵ 'ਦੁਨੀਆਂ ਮੇਂ ਇਸਲਾਮ ਕਿਉਂ ਕਰ ਫੈਲੀ' ਪੁਸਤਕ ਵਿਚ ਮੌਲਾਨਾ ਹਬੀਬ-ਉਲ-ਰਹਿਮਾਨ ਲਿਖਦੇ ਹਨ ਕਿ 'ਨਿਰਾ ਇਹ ਹੀ ਆਖੀ ਜਾਣਾ ਕਿ ਇਸਲਾਮ ਬਜ਼ੋਰਿ ਸ਼ਮਸ਼ੇਰ ਫੈਲਿਆ, ਢੁੱਕਦਾ ਨਹੀਂ। ਇਸਲਾਮ ਨੂੰ ਫੈਲਾਣ ਦੇ ਕਾਰਨਾਂ ਵਿਚ ਜਿੱਥੇ ਉਸ ਦੇ ਅਸੂਲ ਸਨ, ਉਥੇ ਪੀਰਾਂ, ਫ਼ਕੀਰਾਂ ਤੇ ਸਖੀ ਸਰਵਰਾਂ ਦਾ ਬਹੁਤ ਹਿੱਸਾ

ਹੈ। ਪੰਜਾਬ ਵਿਚ ਤਾਂ ਇਹ ਅਖਾਣ ਹੈ ਕਿ ਜਿਤਨੇ ਮੁਸਲਮਾਨ ਬਾਬਾ ਫ਼ਰੀਦ ਜੀ ਦੀ ਮਿੱਠੀ ਜ਼ਬਾਨ ਨੇ ਬਣਾਏ, ਉਤਨੇ ਸ਼ਾਇਦ ਔਰੰਗਜ਼ੇਬ ਦੀ ਕਠੋਰ ਤਲਵਾਰ ਵੀ ਨਾ ਬਣਾ ਸਕੀ। ਤਲਵਾਰ ਦਾ ਜ਼ੋਰ, ਹਕੂਮਤ ਦਾ ਰੁਹਬ ਆਦਮੀ ਨੂੰ ਮਤੀਹ (ਅਧੀਨ) ਬਣਾ ਸਕਦਾ ਹੈ, ਪਰ ਧਰਮ ਦਾ ਨਾਮ ਲੈਣਾ ਜਾਂ ਸ਼ੈਦਾ ਨਹੀਂ ਬਣਾ ਸਕਦਾ। ਜਬਰ ਸਰੀਰ ਤਾਂ ਕਾਬੂ ਕਰ ਸਕਦਾ ਹੈ, ਪਰ ਰੂਹ ਨਹੀਂ।'

ਹਬੀਬ-ਉਲ-ਰਹਿਮਾਨ ਦਾ ਕਥਨ ਬਹੁਤ ਹੱਦ ਤਕ ਠੀਕ ਹੈ। ਪੰਜਾਬ ਵਿਚ ਲੋਕਾਂ ਨੂੰ ਇਸਲਾਮ ਦੇ ਦਾਇਰੇ ਵਿਚ ਲਿਆਉਣ ਦਾ ਕਾਰਨ ਜਿੱਥੇ ਪੀਰ ਸਨ ਉਥੇ ਬਹੁਤਾ ਹੱਥ ਸਖੀ ਸਰਵਰਾਂ ਦਾ ਸੀ। ਪੰਜਾਬ ਦੇ ਬਹੁਤੇ ਜੱਟ ਵਸਨੀਕ ਦੇਖਣ ਨੂੰ ਹਿੰਦੂ ਸਨ, ਪਰ ਉਹ ਸਖੀ ਸਰਵਰਾਂ ਦੇ ਪ੍ਰਭਾਵ ਹੇਠਾਂ ਆ ਕੇ ਹਿੰਦੂ-ਪੁਣਾ ਛੱਡ ਚੁੱਕੇ ਸਨ। ਇਸਲਾਮ ਵਿਚ ਦਾਖ਼ਲ ਹੋਣ ਲਈ ਸਰਵਰੀਆ ਹੋਣਾ ਇਸਲਾਮ ਵੱਲ ਪਹਿਲਾ ਕਦਮ ਹੀ ਸਮਝਿਆ ਜਾਂਦਾ ਸੀ। ਸਰਵਰੀਆਂ ਨੂੰ ਸੁਲਤਾਨੀਆਂ ਵੀ ਕਿਹਾ ਜਾਂਦਾ ਸੀ, ਕਿਉਂਕਿ ਇਹ ਲਹਿਰ ਚਲਾਉਣ ਵਾਲੇ ਬਾਨੀ ਨੂੰ ਸੁਲਤਾਨ ਕਿਹਾ ਜਾਂਦਾ ਸੀ। ਸੁਲਤਾਨ ਦਾ ਅਸਲ ਨਾਂ ਸੱਯਦ ਅਹਿਮਦ ਸੀ। ਉਸ ਦਾ ਜਨਮ ੧੨੪੨ ਈ: ਨੂੰ ਹੋਇਆ, ਕਿਹਾ ਜਾਂਦਾ ਹੈ। ਉਸਦਾ ਪਿਤਾ ਬਗ਼ਦਾਦ ਦਾ ਰਹਿਣ ਵਾਲਾ ਸੀ ਤੇ ਉਸ ਨੇ ਆਪਣਾ ਟਿਕਾਣਾ ੧੨੨੦ ਈ: ਵਿਚ ਸਿਆਲਕੋਟ ਪਿੰਡ ਵਿਖੇ ਬਣਾਇਆ। ਇਹ ਪਿੰਡ ਮੁਲਤਾਨ ਸ਼ਹਿਰ ਤੋਂ ੧੨ ਮੀਲ ਪੂਰਬ ਵੱਲ ਸੀ। ਛੋਟੀ ਉਮਰੇ ਹੀ ਸੱਯਦ ਅਹਿਮਦ ਬਾਰੇ ਇਹ ਪ੍ਰਸਿੱਧ ਕਰ ਦਿੱਤਾ ਗਿਆ ਕਿ ਉਸ ਨੂੰ ਖ਼ੁਦਾ ਹਜ਼ੂਰ ਸੁਲਤਾਨ ਦੇ ਦਰਸ਼ਨ ਹੋਏ ਹਨ ਤੇ ਅਲਾਹ ਹੁਕਮ ਕਰ ਗਿਆ ਹੈ ਕਿ ਥਾਂ-ਥਾਂ 'ਪੀਰ-ਖ਼ਾਨੇ' ਕਾਇਮ ਕੀਤੇ ਜਾਣ। ਪੰਜਾਬ ਦੇ ਪਿੰਡਾਂ ਵਿਚ ਉਸ ਦੇ ਪ੍ਰਚਾਰ ਨਾਲ ਕਈ ਥਾਵਾਂ ਤੇ 'ਪੀਰਖ਼ਾਨੇ' ਬਣ ਗਏ। ਵੀਰਵਾਰ ਨੂੰ ਸੁਲਤਾਨੀਏ 'ਪੀਰ-ਖ਼ਾਨੇ' ਇਕੱਠੇ ਹੁੰਦੇ ਤੇ ਭੇਟ ਚੜ੍ਹਾਉਂਦੇ। ਸੁਲਤਾਨ ਦੀ ਮੁੱਖ ਭੇਟਾ ਰੋਟ ਸੀ। ਇਹ ਵੱਡੀ ਰੋਟ ਜਿਸਦਾ ਵਜ਼ਨ ਸਵਾ ਮਣ ਤੱਕ ਹੁੰਦਾ ਸੀ, ਜ਼ਮੀਨ ਤਪਾ ਕੇ ਪਕਾਈ ਜਾਂਦੀ ਸੀ। ਇਸ ਨੂੰ ਗੁੜ ਨਾਲ ਚੋਪੜ ਕੇ ਪੀਰ ਅੱਗੇ ਰੱਖਦੇ ਸਨ। ਸੁਲਤਾਨ ਦਾ ਪੁਜਾਰੀ, ਭਿਰਾਈ, ਦਰੂਦ ਪੜ੍ਹ ਕੇ ਕੁਝ ਆਪ ਲੈਂਦਾ ਸੀ ਤੇ ਬਾਕੀ ਉਪਾਸ਼ਕਾਂ ਨੂੰ ਦੇ ਦਿੰਦਾ ਸੀ। ਸੁਲਤਾਨ ਦੀ ੧੨੯੧ ਈ: ਨੂੰ ਜਦ ਮ੍ਰਿਤੂ ਹੋਈ ਤਾਂ ਉਸ ਦੀ ਕਬਰ ਡੇਰਾ ਗ਼ਾਜ਼ੀਖ਼ਾਨ ਤੋਂ ੨੨ ਮੀਲ ਪੱਛਮ ਵੱਲ ਨਿਗਾਹੇ ਪਿੰਡ ਬਣਾਈ ਗਈ। ਸੁਲਤਾਨੀਏ ਜ਼ਿਆਰਤ ਲਈ ਨਿਗਾਹੇ ਆਉਂਦੇ ਸਨ। ਨਿਗਾਹੇ ਹੀ ਸੁਲਤਾਨ ਦੀ ਇਸਤਰੀ ਬੀਬੀ ਬਾਈ ਦੀ ਵੀ ਕਬਰ ਹੈ। ਇਸ ਤੋਂ ਉਤਰ ਕੇ ਦੂਜਾ ਵੱਡਾ ਪੀਰਖ਼ਾਨਾ ਧੌਂਕਲ ਪਿੰਡ ਵਿਚ ਵਜ਼ੀਰਾਬਾਦ ਪਾਸ ਹੈ। ਇਸ ਤੋਂ ਸੁਲਤਾਨੀਆਂ ਨੂੰ ਧੌਂਕਲੀਆਂ ਵੀ ਕਿਹਾ ਜਾਂਦਾ ਹੈ। ਤੀਜਾ ਪ੍ਰਸਿੱਧ ਅਸਥਾਨ ਪਖੋਕੇ ਦੇ ਨੇੜੇ ਨਹਿਰ ਕਿਨਾਰੇ, ਤਰਨ ਤਾਰਨ ਤੋਂ ਚੜ੍ਹਦੇ ਵੱਲ ਨਗਰ ਖੰਡਾਲਾ ਦੇ ਲਾਗੇ ਹੀ ਸੀ। ਗੁਰੂ ਨਾਨਕ ਜੀ ਨੇ ਦੇਖ ਲਿਆ ਸੀ ਕਿ ਸਰਵਰੀਆਂ ਦਾ ਪ੍ਰਭਾਵ ਕਿਸੇ ਸਮੇਂ ਇਤਨਾ ਵਧ ਸਕਦਾ ਹੈ ਕਿ ਧਰਮ ਦੀ ਗੱਲ ਹੀ ਨਾ ਚੱਲੇ। ਕਨ੍ਹਈਆ ਲਾਲ ਲਿਖਦਾ ਹੈ ਕਿ ਗੁਰੂ ਨਾਨਕ ਜੀ ਸਰਵਰ ਸੁਲਤਾਨ ਦੀ ਵੱਡੀ ਗੱਦੀ ਦੀ ਥਾਂ ਉੱਤੇ ਗਏ ਸਨ। ਇਹ ਹੀ ਕਾਰਨ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ੧੫੩੯ ਈ: ਨੂੰ ਗੁਰੂ ਅੰਗਦ ਦੇਵ ਜੀ ਨੂੰ ਕਰਤਾਰਪੁਰ ਛੱਡ ਕੇ ਖਡੂਰ ਜਾਣ ਦੀ ਆਗਿਆ ਕੀਤੀ। ਗੁਰੂ ਅੰਗਦ

ਦੇਵ ਜੀ ਦੀ ਦ੍ਰਿੜ੍ਹਤਾ ਤੇ ਫਿਰ ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਦੀ ਹੋਂਦ ਨੇ ਇਨ੍ਹਾਂ ਦੇ ਰਸੂਖ਼ ਉੱਤੇ ਕਰੜੀ ਚੋਟ ਮਾਰੀ। ਸਾਰੇ ਦੁਆਬੇ ਨੂੰ ਨਿਗਾਹੇ ਜਾਣ ਲਈ ਗੋਇੰਦਵਾਲ ਤੋਂ ਹੋ ਕੇ ਹੀ ਜਾਣਾ ਪੈਂਦਾ ਸੀ। ਲਾਹੌਰ ਬਾਅਦ ਇਕ ਗੋਇੰਦਵਾਲ ਹੀ ਸੀ, ਜਿਸ ਦੀ ਮਹੱਤਤਾ ਸ਼ਹਿਰ ਦੇ ਤੌਰ ਉੱਤੇ ਚਾਰੇ ਪਾਸੇ ਫੈਲ ਗਈ ਸੀ। ਗੁਰੂ ਅਰਜਨ ਜੀ ਨੇ ਸੁਲਤਾਨੀਆਂ ਦੇ ਗੜ੍ਹ ਤੇ ਸਿੱਧੀ ਚੋਟ ਮਾਰਨ ਲਈ ਤਰਨ ਤਾਰਨ ਦੀ ਅਸਥਾਪਨਾ ਕੀਤੀ ਲਗਦੀ ਹੈ। ਜੇ ਐਸਾ ਨਾ ਹੁੰਦਾ ਤਾਂ ਅੰਮ੍ਰਿਤਸਰ ਦੇ ਇਤਨੇ ਨੇੜੇ ਨਵਾਂ ਨਗਰ ਵਸਾਉਣ ਦੀ ਕੋਈ ਖ਼ਾਸ ਲੋੜ ਨਹੀਂ ਸੀ। ਸਾਰੇ ਸਰਵਰੀਏ 'ਨਿਗਾਹੇ' ਜਾਣ ਲਈ ਪਖੋਕੇ ਸੁਲਤਾਨ ਦੇ ਚੇਲੇ ਫ਼ਤੇ ਦੀ ਕਬਰ ਤੋਂ ਹੋ ਕੇ ਹੀ ਜਾਂਦੇ ਸਨ। ਸੁਲਤਾਨ ਦੀ ਤਿੰਨ ਸੇਵਕਾਂ ਦੀ ਔਲਾਦ ਪੂਜਾ ਲੈਂਦੀ ਸੀ, ਜੋ ਅੱਗੋਂ ੧੬੫੦ ਹਿੱਸਿਆਂ ਵਿਚ ਵੰਡੀਂਦੀ ਸੀ। ੬ ਮੁੱਖ ਚੇਲਿਆਂ ਵਿਚੋਂ ਇਕ ਸੀ। ਗੁਰੂ ਅਰਜਨ ਜੀ ਦੇ ਉਪਦੇਸ਼ਾਂ ਨੇ ਸਾਰੇ ਇਲਾਕੇ ਨੂੰ ਹੀ ਇਨ੍ਹਾਂ ਦੇ ਚੁੰਗਲ ਵਿਚੋਂ ਕੱਢਿਆ। ਗੁਰੂ ਅਰਜਨ ਜੀ ਨੇ ਅਸਲ 'ਨਿਗਾਹ' ਪ੍ਰਮਾਤਮਾ ਦੀ ਹੀ ਦੱਸੀ। ਉਸ ਦੀ ਨਿਗਾਹ ਵਿਚ ਆਉਣਾ ਹੀ ਗੁਰ-ਪੀਰ ਦੀ ਚਾਕਰੀ ਦੱਸੀ। ਰਜ਼ਾ ਵਿਚ ਰਾਜ਼ੀ ਰਹਿਣਾ ਉਸ ਦੀ ਨਿਗਾਹ ਹਾਸਲ ਕਰਨ ਲਈ ਪਹਿਲਾ ਕਦਮ ਕਿਹਾ। ਧਾਗੇ, ਤਵੀਤ ਜਾਂ ਵੀਰਵਾਰ ਨੂੰ ਰੋਟ ਚੜ੍ਹਾ ਕੇ ਭੁੰਜੇ ਸੌਣ ਨਾਲ ਅਲਾਹ ਦੀ ਮਿਹਰ ਦਾ ਪਾਤਰ ਨਹੀਂ ਹੋਇਆ ਜਾ ਸਕਦਾ। ਖ਼ਲਕ ਦੀ ਸੇਵਾ ਉਸ ਤੱਕ ਪੁੱਜਣ ਦਾ ਸਿੱਧਾ ਰਾਹ ਦੱਸਿਆ। ਭਗਤ ਨਾਮ ਦੇਵ ਜੀ ਦੀ ਬਾਣੀ ਦਾ ਹਵਾਲਾ ਦਿੰਦੇ ਹੋਏ ਕਿਹਾ ਕਰਦੇ, 'ਹਿੰਦੂ' 'ਅੰਨ੍ਹਾ' ਹੋ ਗਿਆ ਹੈ। ਹਿੰਦੂ ਨੇ ਇਕ ਅੱਖ ਤਾਂ ਬ੍ਰਹਮ ਨੂੰ ਨਾ ਪਛਾਨਣ ਕਰਕੇ ਗਵਾ ਲਈ ਹੈ ਤੇ ਦੂਜੀ ਆਪਣੇ ਇਸ਼ਟ ਨੂੰ ਭੁਲਾ ਕੇ ਨਸ਼ਟ ਕਰ ਲਈ ਹੈ। ਜਦ ਦੋਵੇਂ ਅੱਖਾਂ ਹੀ ਨਾ ਰਹੀਆਂ, ਅਸਲੀਅਤ ਨੂੰ ਕਿਵੇਂ ਪਛਾਣੇਗਾ। ਲੋੜ ਇਕ ਅਕਾਲ ਪੁਰਖ ਨੂੰ ਮੰਨਣ ਤੇ ਉਸ ਦੀ ਬਣਾਈ ਲੁਕਾਈ ਨਾਲ ਪਿਆਰ ਕਰਨ ਦੀ ਹੈ। ਸ਼ਬਦ ਨੂੰ ਪਛਾਨਣਾ ਹੀ ਅਸਲ ਕਰਮ ਹੈ। ਅਕਾਲ ਪੁਰਖ ਦੀ ਥਾਵੇਂ ਗੋਰ, ਮੜ੍ਹੀ, ਗੁੱਗਾ, ਮੱਠ, ਪੀਰ-ਖ਼ਾਨੇ ਆਦਿਕ ਨੂੰ ਗਿਣਨਾ ਨਿਸਫ਼ਲ ਹੈ। ਇਹ ਸਭ ਜੜ੍ਹ ਪਦਾਰਥ ਹਨ। ਆਤਮਾ ਸੂਖਮ ਹੈ। ਪ੍ਰਮਾਤਮਾ ਤੱਕ ਪੁੱਜਣ ਦਾ ਇਹ ਰਾਹ ਨਹੀਂ ਹੈ।'

ਭਾਈ ਮੰਝ, ਜਿਨ੍ਹਾਂ ਦਾ ਅਸਲੀ ਨਾਂ 'ਤੀਰਥਾ' ਸੀ, ਇਕ ਮੋਢੀ ਸੁਲਤਾਨੀਏ ਸਨ। ਗਿਆਨੀ ਗਿਆਨ ਸਿੰਘ ਅਨੁਸਾਰ 'ਦੁਆਬੇ ਬਿਸਤ ਵਿਚ, ਮੰਜਕੀ ਦਾ ਮੰਝ, ਰਾਜਪੂਤ ਤੀਰਥਾ ਨਾਮ ਹਰ ਵਰ੍ਹੇ ਨਿਗਾਹੇ ਸਰਵਰ ਪੀਰ ਦੀ ਯਾਤਰਾ ਨੂੰ ਜਾਇਆ ਕਰਦਾ ਸੀ।' ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਉਹ ਪਿੰਡ ਦਾ ਚੌਧਰੀ ਸੀ ਅਤੇ ਪਿੰਡ ਦਾ ਮਾਲਕ ਹੀ ਗਿਣਿਆ ਜਾਂਦਾ ਸੀ। ਉਸ ਪਾਸ ਇਤਨਾ ਧਨ ਸੀ ਕਿ ਦੌਲਤ ਦੀਆਂ ਧੁੰਮਾਂ ਦੂਰ ਤੱਕ ਪਈਆਂ ਹੋਈਆਂ ਸਨ। ਭਾਈ ਗੁਰਦਾਸ ਜੀ ਗਿਆਰਵੀਂ ਵਾਰ ਵਿਚ ਭਾਈ ਮੰਝ ਨੂੰ ਪੁੰਨੂੰ (ਜੱਟ) ਕਰਕੇ ਲਿਖਦੇ ਹਨ ਤੇ 'ਮੰਝ ਪੁੰਨੂੰ ਪਰਵਾਨ ਹੈ' ਉਹਨਾਂ ਦੇ ਸ਼ਬਦ ਹਨ। ਭਾਈ ਮੰਝ ਦਾ ਪਿੰਡ ਕੰਗ ਮਾਈ ਸੀ, ਜਿਸ ਨੂੰ ਹੁਣ ਜ਼ਿਲ੍ਹਾ ਤੇ ਤਹਿਸੀਲ ਹੁਸ਼ਿਆਰਪੁਰ ਲਗਦੀ ਹੈ ਤੇ ਥਾਣਾ ਹਰਿਆਣਾ ਪੈਂਦਾ ਹੈ ਜੋ ਗੜ੍ਹਦੀਵਾਲਾ ਤੋਂ ਅਗਲਾ ਪਿੰਡ ਹੈ। ਹੁਸ਼ਿਆਰਪੁਰ ਸਟੇਸ਼ਨ ਤੋਂ ਕੰਗ ਮਾਈ ਗਿਆਰਾਂ ਕੁ ਮੀਲ ਹੈ। ਮਹਾਨ ਕੋਸ਼ ਦੇ ਲਿਖਾਰੀ ਨੇ ਭਾਈ ਮੰਝ ਬਾਰੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਇਕ ਅਨਿੰਨ ਸੇਵਕ ਸੀ, ਜੋ ਪਹਿਲਾਂ


www.sikhbookclub.com

ਸੁਲਤਾਨੀਆ ਸੀ ਤੇ ਗੁਰਬਾਣੀ ਦੇ ਅਸਰ ਨਾਲ ਇਕ ਕਰਤਾਰ ਦਾ ਉਪਾਸ਼ਕ ਹੋਇਆ। ਇਸ ਨੇ ਸੇਵਾ ਕਰਨ ਦਾ ਅਜਿਹਾ ਨਮੂਨਾ ਦੱਸਿਆ ਕਿ ਭਾਈ ਮੰਜ (ਮੰਞ) ਦੀ ਸੇਵਾ ਸਿੱਖਾਂ ਲਈ ਉਦਾਹਰਨ ਰੂਪ ਹੋ ਗਈ। ਇਸ ਪ੍ਰੇਮੀ ਦਾ ਅਸਲ ਨਾਂ ਤੀਰਥਾ ਸੀ, ਪਰ ਗੋਤ ਦਾ ਨਾਮ ਕਰਕੇ ਮੰਜ ਜਾਂ ਮੰਞ ਪੈ ਗਿਆ। ਮੰਜ ਚੰਦਰਵੰਸੀ ਰਾਜਪੂਤਾਂ ਦੀ ਇਕ ਜਾਤ ਹੈ। ਸ਼ਾਹਲਵਾਹਨ, ਸ਼ਾਲਿਵਾਹਨ, ਸਲਵਾਨ ਜਾਂ ਸੁਤਵਾਹਨ ਇਸੇ ਗੋਤ ਵਿਚੋਂ ਹੋਇਆ ਹੈ। ਸਵਾਨ ਦੱਖਣ ਦਾ ਇਕ ਪ੍ਰਤਾਪੀ ਤੇ ਸ਼ਕਤੀਸ਼ਾਲੀ ਰਾਜਾ ਸੀ। ਇਸ ਦੀਆਂ ਰਾਜਾ ਵਿਕ੍ਰਮਾਦਿਤੀਆ ਨਾਲ ਜੰਗਾਂ ਹੋਈਆਂ ਸਨ। ਇਸੇ ਨੇ ਆਪਣਾ ਸਾਲ ਸ਼ਕ ਸੰਨ ਈ: ੭੮ ਤੋਂ ਚਲਾਇਆ, ਜਿਸ ਨੂੰ ਸੁਤੰਤਰਤਾ ਤੋਂ ਬਾਅਦ ਹਿੰਦ ਸਰਕਾਰ ਨੇ ਅਪਣਾਇਆ ਤੇ ਪ੍ਰਚੱਲਤ ਕੀਤਾ ਹੈ। ਸਲਵਾਨ ਦੀ ਰਾਜਧਾਨੀ ਗੋਦਾਵਰੀ ਦੇ ਕਿਨਾਰੇ ਪ੍ਰਤੀਸ਼੍ਟਾਨ ਸੀ, ਜੋ ਅੱਜ ਔਰੰਗਾਬਾਦ ਜ਼ਿਲ੍ਹੇ ਵਿਚ ਪੈਠਨ ਨਾਂ ਨਾਲ ਪ੍ਰਸਿੱਧ ਹੈ। ਇਸੇ ਨੂੰ ਬ੍ਰਹਮਪੁਰੀ ਵੀ ਆਖਦੇ ਹਨ। ਜਦ ਸ਼ਾਲਿਵਾਹਨ ਨੇ ਪੰਜਾਬ ਜਿੱਤਿਆ ਤਾਂ ਸ਼ਾਲਿਵਾਹਨ ਕੋਟ (ਸਿਆਲਕੋਟ) ਵਸਾਇਆ। ਉਸ ਦੇ ਸੋਲਾਂ ਪੁੱਤਰ ਹੋਏ, ਜਿਹਨਾਂ ਵਿਚੋਂ ਭਗਤ ਪੂਰਨ, ਬਲੰਦ, ਰਸਾਲੂ ਤੇ ਸੁੰਦਰ ਪ੍ਰਸਿੱਧ ਹਨ। ਇਸ ਦੀ ਕੁਲ ਵਿਚੋਂ ਹੀ ਭਾਈ ਮੰਞ ਜੀ ਸਨ। ਜਲੰਧਰ ਤੇ ਹੁਸ਼ਿਆਰਪੁਰ ਵਿਚ ਇਸ ਗੋਤ ਦੇ ਬਹੁਤ ਪਿੰਡ ਹਨ। ਭਾਈ ਜੀ ਦੀ ਸਾਰੇ ਇਲਾਕੇ ਵਿਚ ਬਹੁਤ ਮੰਨੀ ਜਾਂਦੀ ਸੀ। ਉਨ੍ਹਾਂ ਨੇ ਪਿੰਡ ਵਿਚ 'ਪੀਰਖ਼ਾਨਾ' ਵੀ ਬਣਾਇਆ ਹੋਇਆ ਸੀ ਤੇ ਨੇਮ ਨਾਲ ਵੀਰਵਾਰ ਰੋਟ ਚੜ੍ਹਾਂਦੇ ਸਨ। ਉਨ੍ਹਾਂ ਬਾਰੇ ਇਹ ਵੀ ਆਖਿਆ ਜਾਂਦਾ ਹੈ ਕਿ ਜਦ ਵੀ ਕਿਧਰੇ ਜਾਂਦੇ ਘੱਟ ਤੋਂ ਘੱਟ ੫੦੦ ਆਦਮੀ ਨਾਲ ਹੁੰਦੇ। ਹਰ ਸਾਲ ਬਹੁਤ ਵੱਡੇ ਜਥੇ ਨਾਲ 'ਨਿਗਾਹੇ' ਜ਼ਰੂਰ ਜਾਂਦੇ।

ਮਹਿਮਾ ਪ੍ਰਕਾਸ਼ ਦੇ ਲਿਖਾਰੀ ਭਾਈ ਸਰੂਪ ਦਾਸ ਜੀ ਦਾ ਕਹਿਣਾ ਹੈ ਕਿ ਭਾਈ ਮੰਞ ਜੀ ਨੇ ਗੁਰੂ ਅਰਜਨ ਦੀ ਮਹਿਮਾ ਸੁਣ ਰੱਖੀ ਸੀ, ਪਰ ਜਦ ਇਕ ਦਿਨ ਗੁਰਬਾਣੀ ਦਾ ਕੀਰਤਨ ਸੁਣਿਆ ਤਾਂ ਮਿਲਣ ਦਾ ਚਾਅ ਜਾਗਿਆ :

**"ਅਰ ਦਿਨ ਏਕ ਸੁਨੀ ਗੁਰਬਾਣੀ।**
**ਵੈਰਾਗ ਜੋਗ ਸੁੰਦਰ ਸੁਭ ਰਾਨੀ।**
**ਲਗਾ ਮਰਮ ਮਨ ਰੁਚ ਉਪਜਾਨੀ।**
**ਦਰਸ਼ਨ ਦੇਖਨ ਕੌ ਗੁਰ ਗਿਆਨੀ।" ੪॥** (ਸਾਖੀ ੭, ਗੁਰੂ ਅਰਜਨ ਜੀ)

ਸੰਨ ੧੫੮੫ ਨੂੰ ਆਪ ਜੀ ਜਥੇ ਸਮੇਤ ਨਿਗਾਹੇ ਤੋਂ ਹੋ ਕੇ ਵਾਪਸ ਪਿੰਡ ਜਾ ਰਹੇ ਸਨ ਕਿ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਨੂੰ ਆਏ। ਸ੍ਰੀ ਅੰਮ੍ਰਿਤਸਰ ਵਿਖੇ ਸੇਵਾ, ਰਹਿਣੀ, ਬਹਿਣੀ, ਕਥਨੀ ਤੇ ਕਰਣੀ ਇਕ ਦੇਖ ਕੇ ਧਰਤੀ ਉੱਤੇ ਸਤਿਯੁਗ ਦਾ ਪ੍ਰਤੱਖ ਪ੍ਰਮਾਣ ਡਿੱਠਾ। ਆਪਣੇ ਜਥੇ ਸਮੇਤ ਹੀ ਗੁਰੂ ਅਰਜਨ ਦੇਵ ਜੀ ਪਾਸ ਆਏ ਤੇ ਸਿੱਖੀ ਦੀ ਦਾਤ ਮੰਗੀ। ਮਹਾਰਾਜ ਨੇ ਕਿਹਾ ਕਿ *'ਸਿੱਖ ਹੋਣਾ ਸਹਿਲਾ ਕੰਮ ਨਹੀਂ ਹੈ। ਵਾਲ ਨਾਲੋਂ ਬਰੀਕ ਹੋ ਕੇ ਖੰਡੇ ਦੀ ਧਾਰ ਉੱਤੇ ਤੁਰਨਾ ਪੈਂਦਾ ਹੈ। ਸਿੱਖੀ ਦਾ ਮੂਲ ਸਿਧਾਂਤ ਨਿਮਰਤਾ ਹੈ।'* ਮੰਞ ਜੀ ਨੇ ਹੱਠ ਕੀਤਾ ਤਾਂ ਮਹਾਰਾਜ ਨੇ ਫ਼ਰਮਾਇਆ, *'ਪੁਰਖਾ! ਸਿੱਖੀ ਉੱਤੇ ਸਿੱਖੀ ਨਹੀਂ ਟਿਕਦੀ।'* ਭਾਈ ਮੰਞ ਜੀ ਨੇ ਰਮਜ਼ ਸਮਝ ਲਈ ਤੇ ਪਿੰਡ ਆ ਕੇ ਸਭ ਤੋਂ ਪਹਿਲਾਂ ਪੀਰਖ਼ਾਨਾ ਢਾਹ ਦਿੱਤਾ ਤੇ

ਉਥੇ ਧਰਮਸਾਲ ਦੀ ਉਸਾਰੀ ਆਰੰਭ ਕਰ ਦਿੱਤੀ। ਸਾਰੇ ਪਿੰਡ ਤੇ ਇਲਾਕੇ ਵਾਲੇ ਵਿਰੋਧੀ ਹੋ ਗਏ। ਕੁਝ ਨੇ ਡਰਾਇਆ ਵੀ ਕਿ 'ਪੀਰਖ਼ਾਨਾ' ਢਾਹੁਣ ਨਾਲ ਉਸ ਉੱਤੇ ਬਿਪਤਾਵਾਂ ਦੇ ਪਹਾੜ ਡਿੱਗਣਗੇ। ਦੇਵਨੇਤ ਨਾਲ ਉਸਦਾ ਮਾਲ ਡੰਗਰ ਮਰਨਾ ਸ਼ੁਰੂ ਹੋ ਗਿਆ। ਭਾਈ ਜੀ ਇਕ ਦੀ ਪੂਜਾ ਉੱਤੇ ਅਟੱਲ ਰਹੇ। ਪਿੰਡ ਦੇ ਲੋਕਾਂ ਨੇ ਸ਼ਿਕਾਇਤ ਕਰਕੇ ਉਨ੍ਹਾਂ ਦਾ ਚੌਧਰੀਪੁਣਾ ਵੀ ਗਵਾ ਦਿੱਤਾ, ਪਰ ਭਾਈ ਜੀ ਦ੍ਰਿੜ੍ਹ ਇਰਾਦੇ ਨਾਲ ਇਹ ਹੀ ਪ੍ਰਚਾਰ ਕਰਦੇ ਰਹੇ ਕਿ ਕਬਰ ਨੂੰ ਪੂਜਦਿਆਂ ਆਤਮਾ ਦਾ ਵਿਕਾਸ ਨਹੀਂ ਹੁੰਦਾ। ਆਤਮਾ ਦੀ ਖ਼ੁਰਾਕ ਕੀਰਤਨ ਹੈ ਜਾਂ ਸ਼ਬਦ ਦੀ ਵਿਚਾਰ ਹੈ। ਲੋਕਾਂ ਇਹ ਵੀ ਕਿਹਾ: 'ਆਪਣਾ ਸਭ ਕੁਝ ਗਵਾ ਚੁਕਾ ਹੈਂ, ਹੁਣ ਉਹਨਾਂ ਨੂੰ ਅਰਾਮ ਨਾਲ ਟਿਕਣ ਦੇ।' ਭਾਈ ਜੀ ਬਹੁਤਾ ਸਮਾਂ ਸੇਵਾ ਤੇ ਪਰਉਪਕਾਰ ਵਿਚ ਲਗਾਂਦੇ। ਆਰਥਿਕ ਸੰਕਟ ਇਤਨਾ ਗੰਭੀਰ ਹੋ ਗਿਆ ਕਿ ਘਰ ਖਾਣ ਨੂੰ ਕੁਝ ਨਾ ਰਿਹਾ, ਪਰ ਉਸ ਗੁਰੂ ਦੇ ਸਿੱਖ ਨੇ ਸੇਵਾ ਤੋਂ ਮੂੰਹ ਨਾ ਮੋੜਿਆ, ਘਾਹ ਖੋਤ ਗੁਜ਼ਾਰਾ ਕਰਨ ਲੱਗੇ, ਪਰ ਗੁਰ ਪ੍ਰੀਤ ਵਧਦੀ ਗਈ। ਇਕ ਵਾਰੀ ਇਕ ਲੋੜਵੰਦ ਨੇ ਗਿਆਰਾਂ ਰੁਪਏ ਮੰਗੇ ਤਾਂ ਉਸ ਦੀ ਲੋੜ ਆਪਣੀ ਲੜਕੀ ਵੇਚ ਕੇ ਪੂਰੀ ਕੀਤੀ। ਫਿਰ ਉਸ ਸਮੇਂ ਜਦ ਇਕ ਹੋਰ ਅਭਿਆਗਤ ਨੇ ਆਪਣੀ ਲੋੜ ਦੱਸੀ ਤਾਂ ਭਾਈ ਮੰਞ ਜੀ ਨੇ ਆਪਣੀ ਘਰਵਾਲੀ ਵੀ ਗਹਿਣੇ ਪਾ ਕੇ ਉਸ ਦੀ ਲੋੜ ਪੂਰੀ ਕਰ ਦਿੱਤੀ। ਮਹਿਮਾ ਪ੍ਰਕਾਸ਼ ਦਾ ਕਹਿਣਾ ਹੈ ਕਿ ਸੁਪਤਨੀ ਨੇ ਭਾਈ ਜੀ ਨੂੰ ਚਿੰਤਾਤਰ ਦੇਖ ਕੇ ਕਿਹਾ ਸੀ ਉਸ ਨੂੰ ਬੇਸ਼ੱਕ ਗਿਰਵੀ ਰੱਖ ਦੇਵੇ, ਪਰ ਲੋੜਵੰਦ ਦੀ ਲੋੜ ਅਵੱਸ਼ ਪੂਰੀ ਹੋਣੀ ਚਾਹੀਦੀ ਹੈ :

**'ਇਕ ਸੁਗਮ ਬਾਤ ਮੈਂ ਤੋਸੇ ਭਾਖੋਂ।**
**ਮੈਂ ਅਪਨੇ ਆਪ ਕੋ ਗਿਰਵੀ ਰਾਖੋਂ।'**

ਇੱਥੇ ਸਿਰਫ਼ ਮੈਂ ਇਤਨਾ ਹੀ ਕਹਿਣਾ ਹੈ ਕਿ ਹਰੀਸ਼ ਚੰਦ ਦੀ ਕੁਰਬਾਨੀ ਤਾਂ ਸਾਰਾ ਦੇਸ਼ ਗਾਉਂਦਾ ਹੈ, ਪਰ ਭਾਈ ਮੰਞ ਜੀ ਦੀ ਕੁਰਬਾਨੀ ਤੋਂ ਅਸੀਂ ਸਿੱਖ ਵੀ ਜਾਣੂ ਨਹੀਂ ਹਾਂ। ਮਿਥਿਹਾਸਕ ਹਰੀਸ਼ ਚੰਦਰ ਨੂੰ ਤਾਂ ਸਾਰੇ ਜਾਣਦੇ ਹਨ, ਪਰ ਇਤਿਹਾਸਕ ਮੰਞ ਦਾ ਕਿਸੇ ਨੂੰ ਪਤਾ ਨਹੀਂ। ਸਭ ਕੁਝ ਗਵਾ ਕੇ ਵੀ ਭਾਈ ਜੀ ਅਡੋਲ ਰਹੇ। ਸੇਵਾ ਤੋਂ ਹੱਥ ਨਾ ਖਿੱਚਿਆ।

ਦੁਨੀਆਂ ਦੀ ਨਜ਼ਰ ਵਿਚ ਸਭ ਕੁਝ ਗਵਾ ਕੇ ਆਪਣੇ ਪਿੰਡ ਕੰਗ ਮਾਈ ਤੋਂ ਹਿਰਦੇ ਵਿਚ ਨਵੀਂ ਖਿੱਚ ਲੈ ਕੇ ਸ੍ਰੀ ਅੰਮ੍ਰਿਤਸਰ ਆਏ।

ਅੰਮ੍ਰਿਤਸਰ ਪੁੱਜ ਕੇ ਭਾਈ ਮੰਞ ਜੀ ਨੇ ਸਿਮਰਨ ਤੇ ਸੇਵਾ ਨੂੰ ਆਪਣਾ ਨਿੱਜ ਦਾ ਕਰਮ ਬਣਾ ਲਿਆ। ਲਜ, ਮਾਨ, ਅਭਿਮਾਨ ਅਤੇ ਪੁਰਾਣੇ ਸੰਸਕਾਰ ਮਿਟਦੇ ਗਏ। ਭਾਈ ਜੀ ਪਿਆਰ ਦੀ ਹੀ ਮੂਰਤ ਬਣ ਗਏ :

**"ਪ੍ਰੇਮ ਲਗਨ ਤਾ ਕੋ ਲਗੀ ਮਗਨ ਰਹੇ ਨਿਸ ਭੋਰ।**
**ਲਜਾ ਖੁਦੀ ਤਿਕਬਰੀ ਮਿਟ ਗਇਆ ਦੁਰਮਤ ਸੋਰ।"** (ਮਹਿਮਾ ਪ੍ਰਕਾਸ਼)

ਸਵੇਰੇ ਕੀਰਤਨ ਤੇ ਕਥਾ ਉਪਰੰਤ ਗੁਰੂ ਮਹਾਰਾਜ ਦੇ ਘੋੜਿਆਂ ਲਈ ਘਾਹ ਖੋਤਰ ਕੇ ਲਿਆਂਦੇ। ਫਿਰ ਜੰਗਲ ਵਿਚ ਲੰਗਰ ਲਈ ਲੱਕੜਾਂ ਕੱਟ ਕੇ ਲਿਆਉਣ ਲਈ ਟੁਰ ਜਾਂਦੇ। ਇਹ ਨੇਮ ਕੁਝ ਚਿਰ ਚਲਦਾ ਰਿਹਾ। ਇਕ ਦਿਨ ਪੰਜਵੇਂ ਪਾਤਸ਼ਾਹ ਨੇ ਭਾਈ ਜੀ ਕੋਲੋਂ ਪੁੱਛ ਹੀ ਲਿਆ ਕਿ ਪ੍ਰਸ਼ਾਦ ਕਿੱਥੇ ਛਕਦੇ ਹੋ? ਮੰਞ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ 'ਪਾਤਸ਼ਾਹ!

 www.sikhbookclub.com

ਲੰਗਰ ਤੋਂ ਹੀ ਪ੍ਰਸ਼ਾਦਾ ਪਾਂਦਾ ਹਾਂ।' ਮਹਾਰਾਜ ਨੇ ਸੁਭਾਵਕ ਹੀ ਕਿਹਾ, 'ਇਹ ਤਾਂ ਮਜ਼ਦੂਰੀ ਹੀ ਹੋਈ।' ਭਾਈ ਜੀ ਕਿਰਤ ਦੀ ਮਹੱਤਤਾ ਸਮਝ ਗਏ। ਉਸ ਦਿਨ ਤੋਂ ਬਾਅਦ ਉਨ੍ਹਾਂ ਕਦੇ ਵੀ ਲੰਗਰ ਦਾ ਪ੍ਰਸ਼ਾਦ ਨਾ ਛਕਿਆ। ਲੰਗਰ ਵਿਚ ਲੱਕੜਾਂ ਉਸੇ ਪ੍ਰਕਾਰ ਲਿਆਉਂਦੇ ਰਹੇ। ਨਿਜ ਦੀ ਰੋਟੀ ਲਈ ਰਾਤ ਨੂੰ ਪੀਹਣ ਕਰਕੇ ਜੋ ਕੁਝ ਮਜ਼ਦੂਰੀ ਵਜੋਂ ਮਿਲ ਜਾਂਦਾ, ਉਸ ਦਾ ਅੰਨ ਪਾਣੀ ਛਕਦੇ।

ਪੰਥ ਪ੍ਰਕਾਸ਼ ਦੇ ਕਹਿਣ ਅਨੁਸਾਰ ਅੱਗੋਂ ਮਜ਼ਦੂਰੀ ਦੇ ਵੀ ਚਾਰ ਹਿੱਸੇ ਕਰਦੇ। ਇਕ ਗੋਲਕ ਵਿਚ ਪਾਉਂਦੇ ਤੇ ਦੂਜਾ ਲੋੜਵੰਦਾਂ ਨੂੰ ਦੇ ਦੇਂਦੇ। ਗੁਜ਼ਾਰਾ ਅੱਧੇ ਵਿਚ ਕਰਦੇ :

**'ਦੋ ਹਿੱਸੇ ਮੈਂ ਕਰੇ ਗੁਜ਼ਾਰਾ। ਏਕ ਪਾਠਵਹਿ ਗੁਰ ਢਿਗ ਸਾਰਾ।**
**ਏਕ ਖਲਾਵੇਂ ਨਿਤ ਗਰੀਬੈਂ। ਯਾ ਬਿਧਿ ਕਰੈਂ ਰਹੈਂ ਖੁਸ਼ ਜੀਵੈਂ।' ੯੨।**

ਇਹ ਕਰੜੀ ਕਾਰ ਦੇਖ ਕੇ ਬਹੁਤੇ ਤਾਂ ਤ੍ਰਾਹ-ਤ੍ਰਾਹ ਕਰਦੇ, ਪਰ ਕਈ ਧੰਨ ਸਿੱਖ ਤੇ ਧੰਨ ਸਿੱਖੀ ਵੀ ਆਖਦੇ। ਪਰ ਭਾਈ ਸਾਹਿਬ ਨੇ ਗੁਰੂ ਦਾ ਬੋਹਿਥ ਬਣਨ ਲਈ ਤਾਂ ਅਜੇ ਹੋਰ ਬਹੁਤ ਪੈਂਡਾ ਕਰਨਾ ਸੀ।

ਇਕ ਵਾਰੀ ਫੇਰ ਗੁਰੂ ਅਰਜਨ ਦੇਵ ਜੀ ਨੇ ਪਰਖਣ ਲਈ ਕਿ ਭਾਂਡਾ ਕਿਤਨਾ ਕੁ ਪੱਕ ਗਿਆ ਹੈ, ਭਾਈ ਜੀ ਪਾਸ ਜਾ ਕੇ ਕਿਹਾ, 'ਮੰਞ, ਸਿੱਖ ਹੋ ਕੇ ਤੂੰ ਕੀ ਖੱਟਿਆ ? ਚੌਧਰੀ-ਪੁਣਾ ਗਵਾਇਆ। ਸਿੱਖੀ ਸੇਵਕੀ ਗਈ, ਧਨ ਨਾਸ। ਇਸਤਰੀ ਗਹਿਣੇ ਪਈ, ਬੇਟੀ ਵਿਕ ਗਈ। ਰਾਤ ਦਿਨ ਇੱਥੇ ਵੀ ਚੈਨ ਨਹੀਂ, ਜਾਓ ਘਰ ਦੀ ਖ਼ਬਰ ਲਵੋ। ਤੁਹਾਡੇ ਘਰ ਕੋਠੇ ਵੀ ਜ਼ਬਤ ਹੋ ਗਏ ਹਨ।' ਮੰਞ ਜੀ ਨੇ ਗੁਰੂ ਪਾਤਸ਼ਾਹ ਦੇ ਚਰਨ ਪਕੜ ਲਏ ਤੇ ਕਿਹਾ : *'ਮਹਾਰਾਜ ਚਰਨਾਂ ਨਾਲੋਂ ਵਿਛੋੜਨ ਦੀ ਗੱਲ ਨਾ ਕਰਨਾ। ਸੱਚੇ ਪਾਤਸ਼ਾਹ! ਸੁਪਨੇ ਦਾ ਧਨ ਜਾਏ ਤਾਂ ਕਿਆ ਘੱਟ ਜਾਂਦਾ ਹੈ। ਝੂਠਾ ਧਨ ਗਵਾ ਕੇ ਸੱਚਾ ਧਨ ਲੱਭਾ ਹੈ, ਜਿਸ ਨੂੰ ਚੋਰ ਉਚੱਕਾ ਤੇ ਰਾਜਾ ਵੀ ਖੋਹ ਨਹੀਂ ਸਕਦਾ।'* ਗੁਰੂ ਜੀ ਭਾਈ ਜੀ ਦਾ ਸਿਦਕ ਦੇਖ ਪ੍ਰਸੰਨ ਹੋਏ। ਹੁਣ ਤਾਂ ਬਣ ਰਹੇ ਜਹਾਜ਼ ਵਿਚ ਆਖਰੀ ਮੇਖ (ਫੱਟਾ) ਲਗਾਉਣੀ ਹੀ ਰਹਿੰਦੀ ਸੀ।

ਸਿੱਖ ਇਤਿਹਾਸ ਨੇ ਉਸ ਮੇਖ ਬਾਰੇ ਲਿਖਿਆ ਹੈ ਕਿ ਇਕ ਸ਼ਾਮ ਨੂੰ ਭਾਈ ਜੀ ਲੰਗਰ ਲਈ ਲੱਕੜਾਂ ਕੱਟ ਕੇ ਲਿਆ ਰਹੇ ਸਨ ਤਾਂ ਜ਼ੋਰ ਦੀ ਹਨੇਰੀ ਆਈ ਤੇ ਫਿਰ ਝੱਖੜ ਨੇ ਜ਼ੋਰ ਪਾਇਆ। ਰਾਹ ਤੋਂ ਭਾਈ ਸਾਹਿਬ ਜੀ ਖੁੰਝ ਗਏ ਤੇ ਸੁਲਤਾਨਵਿੰਡ ਦੇ ਲਾਗੇ ਇਕ ਖੂਹ ਵਿਚ ਡਿੱਗ ਪਏ। ਖੂਹ ਵਿਚ ਡਿੱਗਣ ਉਪਰੰਤ ਉਨ੍ਹਾਂ ਆਪਣੇ ਨਾਲੋਂ ਲੰਗਰ ਦੀਆਂ ਲੱਕੜਾਂ ਦੀ ਚਿੰਤਾ ਤੇ ਸੰਭਾਲ ਵੱਧ ਰੱਖੀ। ਲੱਕੜਾਂ ਨੂੰ ਸਿਰ ਉੱਤੇ ਹੀ ਟਿਕਾਈ ਰੱਖਿਆ ਮਤਾਂ ਗਿੱਲੀਆਂ ਨਾ ਹੋ ਜਾਣ। ਉਸੇ ਦਸ਼ਾ ਵਿਚ ਉੱਚੀ-ਉੱਚੀ ਬਾਣੀ ਪੜ੍ਹਦੇ ਰਹੇ। ਇਧਰ ਸ੍ਰੀ ਅੰਮ੍ਰਿਤਸਰ ਸਾਰਿਆਂ ਨੂੰ ਫ਼ਿਕਰ ਲੱਗਾ ਹੋਇਆ ਸੀ ਕਿ ਦਿਨ ਢਲ ਜਾਣ ਉਪਰੰਤ ਵੀ ਭਾਈ ਸਾਹਿਬ ਨਹੀਂ ਮੁੜੇ। ਕਾਫ਼ੀ ਰਾਤ ਗਏ ਜਦ ਢੂੰਡ ਕਰਨ ਵਾਲੇ ਨੇ ਭਾਈ ਸਾਹਿਬ ਦੀ ਆਵਾਜ਼ ਸੁਣੀ ਤਾਂ ਗੁਰੂ ਅਰਜਨ ਜੀ ਵੱਲ ਆਦਮੀ ਦੁੜਾਏ ਗਏ। ਮੰਞ ਜੀ ਦੀ ਦਸ਼ਾ ਸੁਣਦੇ ਸਾਰ ਹੀ ਗੁਰੂ ਜੀ ਨੰਗੇ ਪੈਰੀਂ ਹੀ ਦੱਸੇ ਟਿਕਾਣੇ ਵੱਲ ਦੌੜ ਪਏ ਅਤੇ ਸਿੱਖਾਂ ਨੂੰ ਆਗਿਆ ਕੀਤੀ ਕਿ ਰੱਸੇ ਲੈ ਕੇ ਸੁਲਤਾਨਵਿੰਡ ਪੁੱਜਣ। ਖੂਹ ਕੋਲ ਖਲੋਤੇ ਲੋਕਾਂ ਨੇ ਲੱਜ ਹੇਠਾਂ ਲਟਕਾ ਕੇ ਆਵਾਜ਼ ਦਿੱਤੀ ਕਿ ਲੱਕੜਾਂ ਸੁੱਟ ਕੇ ਉੱਪਰ ਆ ਜਾਓ। ਭਾਈ ਜੀ ਨੇ ਸਹਿਜ ਵਿਚ ਥੱਲਿਉਂ

ਕਿਹਾ 'ਪਹਿਲੋਂ ਲੱਕੜਾਂ ਕੱਢੋ, ਫਿਰ ਉਹ ਵੀ ਆ ਜਾਣਗੇ।'

**'ਨਿੰਮ੍ਰ ਹ੍ਵੈ ਭਾਈ ਮੰਜ ਭਾਖਾ। ਕਾਠ ਸੁਧਕ ਲੰਗਰ ਹਿਤ ਰਾਖਾ।**
**ਯਹਿ ਤਨ ਭੀਗਯੋ ਬਿਗਰਤ ਨਾਹੀ। ਲਕਰੀ ਭੀਗੀ ਜਰ ਹੈ ਨਾਹੀ'॥ ੧੦੪॥**

ਸਿੱਖੀ ਸਿਦਕ ਦੀ ਹੱਦ ਦੇਖ ਕੇ ਸਾਰਿਆਂ ਨੇ ਸਿਰ ਝੁਕਾਇਆ ਤੇ ਭਾਈ ਜੀ ਦੀ ਮਰਜ਼ੀ ਮੁਤਾਬਿਕ ਪਹਿਲਾਂ ਲੱਕੜਾਂ ਤੇ ਫਿਰ ਉਨ੍ਹਾਂ ਨੂੰ ਬਾਹਰ ਕੱਢਿਆ। ਖੂਹ ਪਾਸ ਹੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਤੱਖ ਖੜ੍ਹਾ ਦੇਖ ਕੇ ਮਹਾਰਾਜ ਦੇ ਚੰਰਨਾਂ ਨਾਲ ਲਿਪਟ ਗਿਆ :

**'ਪਹਲੇ ਸੁਧਕ ਕਾਰ ਨਿਕਾਰਯੋ। ਪੁਨਾ ਨਿਕਰਿ, ਗੁਰ ਪੱਗੈ ਲਪਟਾਯੋ।'**

ਗੁਰੂ ਜੀ ਨੇ ਚਰਨਾਂ ਤੋਂ ਉਠਾਇਆ ਤੇ ਛਾਤੀ ਨਾਲ ਲਗਾ ਕੇ ਕਿਹਾ, 'ਭਾਈ ਜੀ ਕੁਝ ਮੰਗੋ, ਤੁਹਾਡੀ ਘਾਲ ਥਾਇ ਪਈ। ਭਾਈ ਮੰਞ ਜੀ ਬੋਲੇ, *'ਗ਼ਰੀਬ ਨਿਵਾਜ! ਜੋ ਕੁਝ ਤੁਸਾਂ ਦੇਣਾ ਹੈ, ਸੋ ਦੇ ਰਹੇ ਹੋ। ਅਬ ਇਹ ਦਾਨ ਦਿਓ ਕਿ ਅਜਾਚੀ ਹੋਵਾਂ। ਮੰਗਣ ਦੀ ਬ੍ਰਿਤੀ ਨਾ ਉਪਜੇ।'* ਮਹਾਰਾਜ ਨੇ ਫ਼ਰਮਾਇਆ : 'ਇਹ ਤਾਂ ਠੀਕ ਹੈ, ਕੁਝ ਹੋਰ ਮੰਗ।' ਭਾਈ ਜੀ ਨੇ ਕਿਹਾ : 'ਸੱਚੇ ਪਾਤਸ਼ਾਹ ਕਲਯੁਗ ਦਾ ਸਮਾਂ ਹੈ, ਇਤਨੀ ਤਾੜਨਾ ਨਾ ਕਰਾਓ, ਸਿੱਖ ਨੂੰ ਇਤਨਾ ਕਸ਼ਟ ਨਾ ਮਿਲੇ।' ਬਖ਼ਸ਼ਸ਼ਾਂ ਦੇ ਦਾਤੇ ਆਖਿਆ 'ਇਹ ਵੀ ਮਿਲੇਗਾ, ਪਰ ਤੂੰ ਵੀ ਕੁਝ ਮੰਗ।' ਭਾਈ ਜੀ ਹੋਰ ਨਿਮਰਤਾ ਦੇ ਘਰ ਵਿਚ ਆਏ ਤੇ ਕਹਿਣ ਲੱਗੇ, *'ਮਹਾਰਾਜ! ਆਪ ਜੀ ਦੇ ਚਰਨਾਂ ਦਾ ਧਿਆਨ ਮਿਲੇ, ਸੱਤਿਨਾਮ ਦਾ ਸਿਮਰਨ ਕਦੇ ਨਾ ਭੁਲੇ, ਜੇ ਤ੍ਰੁੱਠੇ ਹੋ ਤਾਂ ਸਿਦਕ ਦਾ ਦਾਨ ਝੋਲੀ ਪਾਓ।'* ਗੁਰੂ ਜੀ ਨੇ ਉਸ ਸਮੇਂ ਵੱਜਦ ਵਿਚ ਆ ਕੇ ਉਚਾਰਿਆ :

SIKHBOOKCLUB.COM

**'ਮੰਞ ਪਿਆਰਾ ਗੁਰੂ ਕੋ, ਗੁਰੂ ਮੰਞ ਪਿਆਰਾ।**
**ਮੰਞ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ।'**

ਗੁਰੂ ਜੀ ਦਾ ਭਾਵ ਸੀ ਕਿ ਜੋ ਮੰਞ ਦੀ ਘਾਲਣਾ ਨੂੰ ਜਾਣ ਜਾਏਗਾ ਤੇ ਐਸੀ ਬਹਿਣੀ ਬੈਠੇਗਾ, ਉਹ ਇਸ ਭਵ-ਸਾਗਰ ਤੋਂ ਪਾਰ ਹੋ ਜਾਏਗਾ। ਜੱਗ ਤੋਂ ਪਾਰ ਲੰਘਣ ਲਈ ਸਭ ਤੋਂ ਵੱਡੀ ਰੁਕਾਵਟ ਹੀ ਹਉਮੈ ਹੈ, ਜੋ ਕਈ ਰੂਪ ਧਾਰ ਕੇ ਮਨੁੱਖ ਨੂੰ ਪਕੜਦੀ ਹੈ। ਚੌਧਰ-ਪੁਣਾ ਹੀ ਕਾਮਯਾਬੀ ਦੀ ਪਉੜੀ ਚੜ੍ਹਨ ਨਹੀਂ ਦੇਂਦਾ। ਸਿੱਖੀ, ਸੇਵਕੀ, ਬੰਧਨ ਰੂਪ ਹੋ ਪਿਛਾਂਹ ਵੱਲ ਘਸੀਟਦੇ ਰਹਿੰਦੇ ਹਨ। ਫਿਰ ਧਨ ਦਾ ਮਾਣ ਅਗਲੀ ਰੁਕਾਵਟ ਹੈ। ਫਿਰ ਪੁੱਤਰ, ਪੁੱਤਰੀ ਤੇ ਇਸਤਰੀ ਮੋਹ ਜਾਲ ਵਿਚ ਐਸਾ ਜਕੜ ਲੈਂਦੇ ਹਨ ਕਿ ਨਿਕਲਣਾ ਹੀ ਮੁਸ਼ਕਿਲ ਹੋ ਜਾਂਦਾ ਹੈ। ਇਹਨਾਂ ਦੇ ਮੋਹ ਵਿਚ ਫਸਿਆ ਹੋਇਆ ਜੀਵ ਬਹੁਤ ਵਾਰੀ ਧਰਮ ਦੇ ਪੰਧ ਤੋਂ ਖੁੰਝ ਜਾਂਦਾ ਹੈ। ਭਾਈ ਜੀ ਦਾ ਜੀਵਨ ਦੱਸ ਪਾ ਰਿਹਾ ਹੈ ਕਿ ਇਹ ਕਦੇ ਰੁਕਾਵਟ ਨਾ ਬਣਨ, ਸਾਧਨ ਰਹਿਣ, ਇਹਨਾਂ ਦਾ ਤਿਆਗ ਕਰ ਕੇ ਫਿਰ ਅਹੰਕਾਰ ਨਾ ਆਵੇ। ਨਿਮਰਤਾ ਰਹਿ ਸਕਦੀ ਹੈ ਨਿਰੋਲ ਸੇਵਾ ਨਾਲ, ਟਹਿਲ ਨਾਲ ਤੇ ਸੁੱਚੀ ਕਿਰਤ ਨਾਲ, ਕਰਮ ਦਾ ਫਲ ਮੰਗਿਆਂ ਤਾਂ ਹਉਮੈ ਉਪਜਦੀ ਹੈ। ਨਾਮ ਬਾਣੀ ਨਾਲ ਹੋਵੇ ਤਾਂ ਸੇਵਾ ਸੁਆਰਥ ਰਹਿਤ ਰਹਿੰਦੀ ਹੈ। ਨਿਰਲੋਭ ਸੇਵਾ ਦੇਖ ਗੁਰੂ ਦੌੜ ਕੇ ਪਾਸ ਆਉਂਦਾ ਹੈ। ਜੇ ਜ਼ਰਾ ਕੁ ਗਹੁ ਨਾਲ ਦੇਖਿਆ ਜਾਏ ਤਾਂ ਖੂਹ ਵਿਚ ਡਿੱਗੇ ਭਾਈ ਜੀ ਨੂੰ ਕੀ ਪਤਾ ਸੀ ਕਿ ਕੋਈ ਬਚਾਉਣ ਵਾਲਾ ਆ ਜਾਵੇਗਾ। ਉਥੇ ਵੀ ਸੇਵਾ ਦਾ ਖ਼ਿਆਲ ਨਾ ਛੱਡਿਆ ਤੇ ਲੰਗਰ ਦੀਆਂ ਲੱਕੜਾਂ ਨੂੰ ਪਾਣੀ ਵਿਚ ਨਾ ਡਿੱਗਣ ਦਿੱਤਾ। ਉਸ ਦਸ਼ਾ ਵਿਚ ਵੀ ਬਾਣੀ ਹੀ ਉਚਾਰਦੇ ਰਹੇ। ਜੋ

 www.sikhbookclub.com

ਵੀ ਸੇਵਾ ਨੂੰ ਸਿਰ ਮੱਥੇ ਨਿਭਾਏਗਾ ਤਾਂ ਗੁਰੂ ਮਾਲਕ ਆਪ ਲੱਜਿਆ ਰੱਖੇਗਾ ਤੇ ਛਾਤੀ ਨਾਲ ਲਗਾਏਗਾ। ਭਾਈ ਮੰਞ ਜੀ ਇਸ ਦਾ ਪ੍ਰਤੱਖ ਪ੍ਰਮਾਣ ਹਨ। ਗੁਰੂ ਦੀ ਮਿਹਰ ਪ੍ਰਾਪਤ ਕਰਕੇ ਵੀ ਨਿਰਲੋਭ ਤੇ ਅਜਾਚੀ ਰਹਿਣ ਦਾ ਦਾਨ ਮੰਗਣਾ ਅਤੇ ਵੱਧ ਤੋਂ ਵੱਧ ਲੋਕ-ਭਲਾਈ ਦੀ ਯਾਚਨਾ ਕਰਨੀ ਭਾਈ ਮੰਞ ਦਾ ਹੀ ਕੰਮ ਸੀ। ਭਾਈ ਮੰਞ ਦੀ ਘਾਲ ਤੁਲ ਹੋਰ ਘਾਲਣਾ ਲੱਭਣੀ ਕਠਿਨ ਹੈ। ਭਾਈ ਜੀ ਇਕ ਐਸਾ ਜਹਾਜ਼ ਤਿਆਰ ਕਰ ਗਏ, ਜਿਸ ਉੱਤੇ ਚੜ੍ਹ ਅੱਜ ਸਭ ਸੰਸਾਰ ਸਮੁੰਦਰ ਤੋਂ ਪਾਰ ਹੋ ਸਕਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਪੁਗਿਆ ਜਾਣ ਕੇ ਉਨ੍ਹਾਂ ਨੂੰ ਆਪਣੇ ਇਲਾਕੇ ਵਿਚ ਪ੍ਰਚਾਰ ਕਰਨ ਲਈ ਨਿਯਤ ਕੀਤਾ। ਮਹਾਨ ਕੋਸ਼ ਵਿਚ ਲਿਖਿਆ ਹੈ ਕਿ 'ਇਸ ਮਹਾਤਮਾ ਨੇ ਇਲਾਕੇ ਵਿਚ ਐਸਾ ਲੰਗਰ ਚਲਾਇਆ ਕਿ ਦੂਰ-ਦੂਰ ਤਕ ਧੁੰਮਾਂ ਪਈਆਂ :

**'ਮਾਨ ਹੁਕਮ ਗੁਰੂ ਕਾ ਪੁਨਾ, ਮੰਞ ਗਯੋ ਨਿਜ ਧਾਮ।**
**ਤ੍ਰਿਯ ਸੁਤ ਸੁਤਾ ਇਕਠੇ ਭਏ, ਲੰਗਰ ਲਾਯੋ ਆਮ' ॥ ੧੧੧ ॥** (ਪੰਥ ਪ੍ਰਕਾਸ਼)

ਨਾਮ ਦੇ ਇਤਨੇ ਛੱਟੇ ਮਾਰੇ ਕਿ ਘਰ-ਘਰ ਅੰਦਰ ਧਰਮਸਾਲ ਪ੍ਰਤੱਖ ਹੋ ਗਈ। ਗੁਰੂ ਅਰਜਨ ਜੀ ਜਦ ੧੫੯੬ ਈ: ਨੂੰ ਦੁਆਬੇ ਵੱਲ ਪ੍ਰਚਾਰ ਕਰਨ ਲਈ ਗਏ ਤਾਂ ਭਾਈ ਜੀ ਦੇ ਪਿੰਡ ਕੰਗ ਮਾਈ ਉਚੇਚੇ ਤੌਰ ਉੱਤੇ ਪੁੱਜੇ। ਭਾਈ ਜੀ ਦੇ ਪ੍ਰਚਾਰ ਢੰਗ ਦੀ ਉਨ੍ਹਾਂ ਨੇ ਬਹੁਤ ਹੀ ਸ਼ਲਾਘਾ ਕੀਤੀ। ਭਾਈ ਬਹਿਲੋ ਜੀ ਮਾਲਵਾ, ਭਾਈ ਮੰਞ ਜੀ ਦੁਆਬਾ ਤੇ ਭਾਈ (ਚੌਧਰੀ) ਲੰਘਾਹ ਜੀ ਮਾਝੇ ਵਿਚ ਸਿੱਖੀ ਦੇ ਥੰਮ੍ਹ ਸਨ।

ਭਾਈ ਜੀ ਦੇ ਅਕਾਲ ਚਲਾਣੇ ਤੇ ਸਿੱਖਾਂ ਨੇ ਸਸਕਾਰ ਦੀ ਥਾਂ ਸਮਾਧ ਬਣਾਈ। ਉਹਨਾਂ ਦੀ ਲਗਾਈ ਲਾਗ ਸਦਕਾ ਲੰਗਰ ਚਲਦੇ ਰਹੇ ਤੇ ਹਰ ਲੋੜਵੰਦ ਦੀ ਲੋੜ ਪੂਰੀ ਹੁੰਦੀ ਰਹੀ। ਲੰਗਰ ਨੂੰ ਸਦੀਵੀ ਕਰਨ ਲਈ ਹੀ ਪਿੰਡ ਮਾਛੀਆਂ ਗੰਥ ਪੁਰ ਤੇ ਕੰਗ ਦੀ ਸਾਰੀ ਜ਼ਮੀਨ ਪਿੰਡ ਵਾਸੀਆਂ ਨੇ ਇਸ ਗੁਰਦੁਆਰੇ ਦੇ ਨਾਮ ਲਗਾ ਦਿੱਤੀ। ਪਿੱਛੋਂ ਸਾਰੀ ਜ਼ਮੀਨ ਜ਼ਬਤ ਕਰ ਲਈ ਗਈ ਲਗਦੀ ਹੈ। ਅੱਜ ਕਲ੍ਹ ਲੰਗਰ ਚਲਦਾ ਹੈ, ਪਰ ਸੰਗਤ ਦੇ ਚੜ੍ਹਾਵੇ ਤੇ ਉਤਸ਼ਾਹ ਨਾਲ। ਦੁਆਬੇ ਦੇ ਲੋਕੀਂ ਬਹੁਤ ਹੀ ਪ੍ਰੇਮ ਨਾਲ ਇਥੇ ਆਉਂਦੇ ਹਨ ਤੇ 'ਮੰਞ ਗੁਰੂ ਕਾ ਬੋਹਿਥਾ' ਦੀਆਂ ਧੁਨੀਆਂ ਕੱਢਦੇ ਹਨ।

ਗੱਲ ਕੀ, ਭਾਈ ਮੰਞ ਸਿੱਖ ਇਤਿਹਾਸ ਵਿਚ ਐਸੇ ਵਿਅਕਤੀ ਹਨ, ਜਿਨ੍ਹਾਂ ਸਭ ਕੁਝ ਗਵਾ ਕੇ ਪ੍ਰੇਮ ਦਾ ਪੰਥ ਉਜਾਗਰ ਕੀਤਾ। ਜਦ ਉਹਨਾਂ ਦਾ ਆਪਣਾ ਮਾਨ ਸਿਖਰ ਉੱਤੇ ਸੀ, ਉਸ ਸਮੇਂ ਨਿਮਰਤਾ ਤੇ ਸੇਵਾ ਦੀ ਹੱਦ ਦੱਸ ਕੇ ਆਉਣ ਵਾਲੀ ਲੁਕਾਈ ਲਈ ਇਕ ਐਸਾ ਜਹਾਜ਼ ਤਿਆਰ ਕੀਤਾ, ਜਿਸ ਦਾ ਹਰ ਫੱਟਾ ਸਿਦਕ ਦਾ ਸੀ ਤੇ ਹਰ ਮੇਖ ਸ਼ਰਧਾ ਦੀ ਸੀ :

**'ਯਹ ਪ੍ਰੇਮ ਕਥਾ ਹੈ ਮੰਞ ਕੀ ਸੁਨੇ ਸਿੱਖ ਚਿਤ ਲਾਇ।**
**ਮੁਕਤ ਭੁਗਤ ਤਾ ਕੋ ਮਿਲੇ ਜੋ ਗੁਰ ਭਗਤ ਕਮਾਇ।'**


www.sikhbookclub.com

## ੧੦

# ਮੀਰ ਮੁਯੀਨ-ਉਲ-ਅਸਲਾਮ (ਮੀਆਂ ਮੀਰ)

ਸਿੱਖ ਇਤਿਹਾਸ ਵਿਚ ਮੀਆਂ ਮੀਰ ਜੀ ਦਾ ਨਾਂ ਜਿਤਨਾ ਉਜਾਗਰ ਹੈ, ਉਤਨਾ ਹੀ ਘੱਟ ਸਿੱਖ ਜਗਤ ਉਨ੍ਹਾਂ ਬਾਰੇ ਜਾਣਦਾ ਹੈ। ਇਕ ਦੋ ਪ੍ਰਚੱਲਤ ਸਾਖੀਆਂ ਤੋਂ ਛੁੱਟ, ਕਦੇ ਕਿਸੇ ਨੇ ਉਸ ਪਾਵਨ ਤੇ ਮਹਾਨ ਸ਼ਖ਼ਸੀਅਤ ਬਾਰੇ ਹੋਰ ਕੁਝ ਨਹੀਂ ਸੁਣਿਆ। ਇਹ ਜਾਣ ਕੇ ਸਭ ਨੂੰ ਹੈਰਾਨੀ ਭਰੀ ਖ਼ੁਸ਼ੀ ਹੋਵੇਗੀ ਕਿ ਮੀਆਂ ਮੀਰ ਜੀ ਨਾਂਹ ਸਿਰਫ਼ ਮੁਸਲਮਾਨਾਂ ਦੇ ਪੀਰ, ਗੁਰੂ ਸਾਹਿਬਾਨ ਦੇ ਪਰਮ ਧਰਮ-ਮਿੱਤਰ, ਅਕਬਰ, ਜਹਾਂਗੀਰ, ਨੂਰ ਜਹਾਨ, ਸ਼ਾਹ ਜਹਾਨ ਤੇ ਦਾਰਾ ਸ਼ਿਕੋਹ ਦੇ ਮੁਰਸ਼ਦ ਸਨ, ਸਗੋਂ ਇਕ ਐਸੇ ਵਿਅਕਤੀ ਸਨ, ਜਿਨ੍ਹਾਂ ਦੀ ਸ਼ਖ਼ਸੀਅਤ ਨੇ ਪੰਜਾਬ ਤੇ ਦਿੱਲੀ ਉੱਤੇ ਡੂੰਘੀ ਅਮਿਟ ਛਾਪ ਲਗਾਈ। ਗੁਰੂ ਅਰਜਨ ਦੇਵ ਜੀ ਨੇ ਜਦ ਮੀਆਂ ਮੀਰ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦਾ ਨੀਂਹ ਪੱਥਰ ਰੱਖਣ ਲਈ ਕਿਹਾ ਤਾਂ ਗੁਰੂ ਸਾਹਿਬ ਦੀ ਚੋਣ ਦਾਦ ਦੇਣ ਵਾਲੀ ਸੀ।

ਮੀਆਂ ਮੀਰ ਜੀ ਦਾ ਪੂਰਾ ਨਾਂ ਮੀਰ ਮੁਯੀਨ-ਉਲ-ਅਸਲਾਮ ਸੀ। ਲੋਕੀਂ ਆਦਰ ਤੇ ਸਤਿਕਾਰ ਨਾਲ ਮੀਆਂ ਮੀਰ ਕਹਿੰਦੇ ਸਨ। ਆਪ ਜੀ ਦਾ ਜਨਮ ਕਾਜ਼ੀ ਸਾਈਂ ਦਿੱਤਾ ਜੀ ਦੇ ਘਰ, ੧੫੩੧ ਈ: ਨੂੰ ਸੀਸਤਾਨ ਵਿਚ ਹੋਇਆ। ਸੀਸਤਾਨ ਠੱਠਾ ਤੇ ਭੱਕਰ ਵਿਚਕਾਰ ਇਕ ਪ੍ਰਸਿੱਧ ਮੰਡੀ ਸੀ। ਦਾਦਾ ਜੀ ਦਾ ਨਾਂ ਕਾਜ਼ੀ ਕਲੰਦਰ ਫ਼ਾਰੂਕੀ ਸੀ, ਜੋ ਅਠਾਈਵੀਂ ਪੁਸ਼ਤ ਵਿਚ ਹਜ਼ਰਤ ਫ਼ਾਰੂਕ ਆਜ਼ਮ ਨਾਲ ਜਾ ਮਿਲਦੇ ਸਨ। ਆਪ ਜੀ ਦੇ ਤਿੰਨ ਭਰਾ, ਕਾਜ਼ੀ ਬੋਲਣ, ਕਾਜ਼ੀ ਉਸਮਾਨ ਅਤੇ ਕਾਜ਼ੀ ਤਾਹਿਰ ਤੇ ਦੋ ਭੈਣਾਂ ਜਮਾਲ ਤੇ ਜਲਾਲ ਸਨ।

ਛੋਟੀ ਉਮਰ ਵਿਚ ਹੀ ਮੀਆਂ ਮੀਰ ਨੂੰ ਲਗਨ ਲੱਗ ਗਈ ਤੇ ਖ਼੍ਵਾਜਾ ਖ਼ਿਜ਼ਰ ਕੋਲੋਂ ਧਰਮ ਵਿੱਦਿਆ ਸਿੱਖਦੇ ਰਹੇ। ੨੫ ਸਾਲ ਦੀ ਉਮਰ ਵਿਚ ਲਾਹੌਰ ਆਏ ਤੇ ਮੌਲਾਨਾ ਸਯੀਦ ਅਲਾਹ ਤੇ ਮੌਲਾਨਾ ਨਿਆਮਤ ਅਲਾਹ ਕੋਲੋਂ ਤਾਲੀਮ ਪਾਈ। ਦਾਰਾ ਸ਼ਿਕੋਹ ਆਪਣੀ ਪੁਸਤਕ—'ਸਫ਼ੀਨਤਾ ਓਲਿਆ'—ਵਿਚ ਲਿਖਦਾ ਹੈ, "ਸਾਡੇ ਉਸਤਾਦ ਦੱਸਦੇ ਸਨ ਕਿ ਉਹਨਾਂ ਦੇ ਉਸਤਾਦ ਨਿਆਮਤ ਅਲਾਹ ਨੇ ਇਕ ਵਾਰੀ ਕਿਹਾ ਸੀ ਕਿ ਮੀਆਂ ਮੀਰ ਨੂੰ ਕਈ ਸਾਲ ਉਹ ਤੇ ਉਹਨਾਂ ਦੇ ਉਸਤਾਦ ਪੜ੍ਹਾਂਦੇ ਰਹੇ, ਪਰ ਮੀਆਂ ਮੀਰ ਜੀ ਦੀ ਵਡਿਆਈ ਤੋਂ ਪਹਿਲਾਂ ਤਾਂ ਉਹ ਜਾਣੂੰ ਨਾਂਹ ਹੋ ਸਕੇ, ਪਰ ਥੋੜ੍ਹੇ ਹੀ ਸਮੇਂ ਉਪਰੰਤ ਉਹ ਸਭ ਵਿਦਿਆਰਥੀਆਂ ਤੋਂ ਰੂਹਾਨੀ ਇਲਮ ਵਿਚ ਬਾਜ਼ੀ ਲੈ ਗਏ।"

ਮੀਆਂ ਮੀਰ ਜੀ ਦਾ ਸੁਭਾਅ ਸੀ ਕਿ ਮਦਰੱਸੇ ਦੀ ਪੜ੍ਹਾਈ ਪਿਛੋਂ ਬਾਗ਼ਾਂ, ਜੰਗਲਾਂ ਜਾਂ


www.sikhbookclub.com

ਮਿਜ਼ਾਰਾਂ ਦੀ ਜ਼ਿਆਰਤ ਨੂੰ ਨਿਕਲ ਜਾਣਾ। ਕੁਝ ਸਮੇਂ ਬਾਅਦ ਜਦ ਵਿੱਦਿਆ ਵਿਚ ਨਿਪੁੰਨ ਹੋ ਗਏ ਤਾਂ ਮੌਜ ਵਿਚ ਆ ਕੇ ਸਰਹੰਦ ਚਲੇ ਗਏ। ਉੱਥੇ ਗੋਡਿਆਂ ਵਿਚ ਸਖ਼ਤ ਪੀੜ ਹੋ ਗਈ ਤੇ ਹਾਜੀ ਨਿਆਮਤ ਨੇ ਦਿਲ ਲਾ ਕੇ ਅਕਹਿ ਤੇ ਅਥੱਕ ਸੇਵਾ ਕੀਤੀ। ਹਾਜੀ ਨਿਆਮਤ ਨੇ ਉਹਨਾਂ ਦਾ ਮਲ ਮੂਤ ਉਠਾਉਣ ਤੋਂ ਵੀ ਸੰਕੋਚ ਨਾਂਹ ਕੀਤਾ। ਇਹ ਵੀ ਹੋ ਸਕਦਾ ਹੈ ਕਿ ਸਰਹੰਦ ਵਿਚ ਵਗਦੀ ਤੁਅੱਸਬ ਦੀ ਹਵਾ ਆਪ ਨੂੰ ਰਾਸ ਨਾ ਆਈ ਹੋਵੇ ਅਤੇ ਉਥੋਂ ਸਾਲ ਬਾਅਦ ਹੀ ਲਾਹੌਰ ਮੁੜ ਆਏ ਅਤੇ ਟਿਕਾਣਾ ਮਹੱਲਾ ਖਾਨਪੁਰਾ ਵਿਚ ਬਣਾ ਲਿਆ ਅਤੇ ਅੰਤਮ ਸਮੇਂ ਤਕ ਉਸੇ ਮਹੱਲੇ ਵਿਚ ਰਹੇ।

ਮੀਆਂ ਮੀਰ ਜੀ ਚੇਲਾ ਬਣਾਉਣ ਵਿਚ ਬੜੀ ਇਹਤਿਆਤ ਤੇ ਸਖ਼ਤੀ ਵਰਤਦੇ ਸਨ। ਆਖਿਆ ਕਰਦੇ ਸਨ ਕਿ ਚੇਲਾ ਉਹ ਹੀ ਬਣ ਸਕਦਾ ਹੈ, ਜੋ ਦੁਨੀਆਂ ਤਿਆਗ ਕੇ ਆਵੇ ਤੇ ਘਰਾਂ ਦੇ ਸੁਖ ਦੀ ਆਸ ਵੀ ਨਾਂਹ ਰੱਖੇ :

**ਸ਼ਰਤੇ ਅਵਲ ਦਰ ਤਰੀਕੇ ਮਾਅਰਫ਼ਤ ਦਾਨੀ ਕਿ ਚੀਸਤ।**
**ਤਰਕ ਕਰਦਨ ਹਰ ਦੋ ਆਲਮ ਰਾਵ ਪੁਸ਼ਤੇ-ਪਾ-ਜ਼ੇਦਨ।**

ਔਰਤਾਂ ਨੂੰ ਚੇਲਾ ਬਣਾਉਣ ਵਿਚ ਹੱਦ ਦੀ ਸੰਭਾਲ ਕਰਦੇ ਸਨ। ਦਾਰਾ ਸ਼ਿਕੋਹ ਲਿਖਦਾ ਹੈ ਕਿ ਉਸ ਦੀ ਆਪਣੀ ਭੈਣ ਨਾਦਰਾ ਬੇਗਮ, ਜਿਹੜੀ ਰੋਜ਼ ਮੀਆਂ ਮੀਰ ਜੀ ਨੂੰ ਵਜ਼ੂ ਕਰਾਉਂਦੀ ਸੀ, ਇਕ ਦਿਨ ਹੱਥ-ਪੈਰ ਧੁਆ ਰਹੀ ਸੀ ਤਾਂ ਉਸ ਵੱਲ ਦੇਖ ਆਖਣ ਲੱਗੇ : 'ਹੁਣ ਤੂੰ ਵੱਡੀ ਹੋ ਗਈ ਹੈਂ, ਲੋਕਾਂ ਸਾਹਮਣੇ ਨਾ ਆਇਆ ਕਰ।' ਨਾਦਰਾ ਇਤਨੀ ਸ਼ਰਮਸਾਰ ਹੋਈ ਸੀ ਕਿ ਉਸ ਅਲਾਹ ਅੱਗੇ ਦੁਆ ਕੀਤੀ ਕਿ ਉਸ ਨੂੰ ਜਹਾਨ ਤੋਂ ਉਠਾ ਲਵੇ, ਉਸੇ ਰਾਤ ਉਸ ਦੀ ਮ੍ਰਿਤੂ ਹੋ ਗਈ। ਇਕ ਸਿਰਫ਼ ਜਹਾਨ ਆਰਾ ਬੇਗ਼ਮ ਨੂੰ ਸੇਵਕੀ ਦੇ ਦਾਇਰੇ ਵਿਚ ਲਿਆਏ ਸਨ, ਜਿਹੜੀ ਪਹਿਲਾਂ ਚਿਸ਼ਤੀ ਦੀ ਚੇਲੀ ਸੀ।

ਘੱਟ ਖਾਣਾ, ਥੋੜ੍ਹਾ ਸੌਣਾ, ਘੱਟ ਬੋਲਣਾ, ਉਹਨਾਂ ਦੀਆਂ ਹੋਰ ਸ਼ਰਤਾਂ ਸਨ। ਆਪ ਬਹੁਤ ਹੀ ਘੱਟ ਖਾਂਦੇ, ਸਿਰਫ਼ ਜੀਣ ਲਈ ਹੀ। ਖਾਣਾ ਮਿੱਟੀ ਦੇ ਬਰਤਨ ਵਿਚ ਹੀ ਖਾਂਦੇ ਸਨ। ਜੇ ਕੋਈ, ਜੋ ਕੁਝ ਦੇ ਜਾਂਦਾ, ਉਸ ਵਿਚੋਂ ਥੋੜ੍ਹਾ ਜਿਹਾ ਖਾ ਲੈਂਦੇ ਤੇ ਬਾਕੀ ਵੰਡ ਦਿੰਦੇ ਜਾਂ ਮਸੀਤੇ ਲੋੜਵੰਦਾਂ ਲਈ ਭੇਜ ਦਿੰਦੇ। ਜੇ ਕੋਈ ਪਕਵਾਨ ਪਕਾ ਕੇ ਲਿਆਂਦਾ ਤਾਂ ਸਖ਼ਤੀ ਨਾਲ ਮਨ੍ਹਾਂ ਕਰਦੇ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

**ਮੀਆਂ ਮੀਰ ਜਗ ਅਵਲ ਫਕੀਰ।**
**ਭਏ ਮੁਰੀਦ ਤਾ ਕੇ ਜਹਾਂਗੀਰ।**
**ਆਰਫ ਕਾਮਲ ਕਸਬ ਕੀ ਖ਼ਾਨ।**
**ਮਹਾਂ ਤਿਯਾਗੀ ਬਡੇ ਸਜਾਨ।**
**ਏਕ ਚਟਾਈ ਰਾਖੇ ਫਰਸ਼।**
**ਵਹ ਪਾਕ ਮੁਸਲਾ ਮਾਨੋਂ ਅਰਸ਼।**
**ਏਕ ਘੜਾ ਪਿਆਲਾ ਮਾਟੀ ਕਾ ਰਹੈ।** (ਸਾਖੀ ੭, ਪਾਤਸ਼ਾਹੀ ੬)

ਆਮ ਲੋਕਾਂ ਦਾ ਜਮਘਟਾ ਪਸੰਦ ਨਹੀਂ ਕਰਦੇ ਸਨ। ਸਿਰਫ ਨਿਮਾਜ਼ ਸਾਂਝੀ ਪੜ੍ਹਦੇ ਤੇ ਫਿਰ ਇਕ ਕਮਰੇ ਵਿਚ ਚਲੇ ਜਾਂਦੇ ਜਾਂ ਬਾਗ਼ ਜਾਂ ਕਬਰਸਤਾਨ ਵਿਚ ਬਹੁਤਾ ਸਮਾਂ ਗੁਜ਼ਾਰਦੇ। ਜੇ ਕੋਈ ਕਮਰੇ ਨੂੰ ਵਾਰ-ਵਾਰ ਖੜਕਾਂਦਾ ਤੇ ਦਰਸ਼ਨ ਕਰਨ ਦੀ ਜ਼ਿੱਦ ਹੀ ਕਰ


www.sikhbookclub.com

ਬੈਠਦਾ ਤਾਂ ਦਰਵਾਜ਼ਾ ਖੋਲ੍ਹ ਉਸ ਨੂੰ ਆਖਦੇ : *'ਭਲੇ ਲੋਕ, ਤੈਨੂੰ ਵੀ ਆਖਰ ਕੋਈ ਕੰਮ ਹੈ ਤੇ ਸਾਨੂੰ ਵੀ। ਬੇਕਾਰ ਬੈਠਣ ਦਾ ਕੀ ਲਾਭ, ਤੁਸੀਂ ਆਪਣਾ ਕੰਮ ਕਰੋ ਤੇ ਸਾਨੂੰ ਆਪਣਾ ਕਰਨ ਦਿਓ।'* ਇਤਨਾ ਆਖ ਕੇ ਦਰਵਾਜ਼ਾ ਫਿਰ ਬੰਦ ਕਰ ਦਿੰਦੇ। ਇਸੇ ਤਰ੍ਹਾਂ ਇਕ ਵਾਰੀ ਮੀਆਂ ਮੀਰ ਜੀ ਨੇ ਇਕ ਮਤਲਬ-ਪ੍ਰਸਤ, ਦੁਨੀਆਂਦਾਰ ਨੂੰ ਕਿਹਾ, *'ਤੁਸੀਂ ਲੋਕ ਨੇਕ ਕੰਮ ਕਰਨ ਤੋਂ ਬਗ਼ੈਰ ਹੀ ਆਪਣੀਆਂ ਮੁਸ਼ਕਲਾਂ ਆਸਾਨ ਕਰਨਾ ਚਾਹੁੰਦੇ ਹੋ, ਇਹ ਠੀਕ ਨਹੀਂ। ਤੁਸੀਂ ਭੁੱਖੇ ਨੂੰ ਅੰਨ ਦੇਵੋ, ਨੰਗੇ ਨੂੰ ਕੱਪੜਾ, ਲੋੜਵੰਦਾਂ ਦੀਆਂ ਲੋੜਾਂ ਅਲਾਹ ਦੇ ਦਿੱਤੇ ਹੋਏ ਧਨ ਮਾਲ ਨਾਲ ਪੂਰੀਆਂ ਕਰੋ। ਅਲਾਹ ਪਾਕ ਤੁਹਾਡੀਆਂ ਮੁਸ਼ਕਿਲਾਂ ਅਸਾਨ ਕਰੇਗਾ।'* ਗੋਦੜੀ, ਭੇਖ ਤੇ ਚੋਲੇ ਨੂੰ ਵੀ ਦਿਖਾਵਾ ਹੀ ਸਮਝਦੇ ਸਨ। ਸਿਰ ਉੱਤੇ ਸਦਾ ਪਗੜੀ ਰੱਖਦੇ ਅਤੇ ਮੋਟੇ ਕੱਪੜੇ ਦਾ ਕੁਰਤਾ ਪਹਿਨਦੇ। ਕੱਪੜੇ ਆਪ ਹੀ ਧੋਂਦੇ। ਬਹੁਤ ਹੀ ਸਫ਼ਾਈ ਪਸੰਦ ਸਨ। ਕਦੇ ਵੀ ਮੈਲਾ ਕੱਪੜਾ ਤੇ ਮੈਲੀ ਵਸਤੂ ਨਾ ਪਾਂਦੇ ਤੇ ਨਾ ਹੀ ਖਾਂਦੇ। ਲੋਕਾਂ ਨੂੰ ਵੀ ਸਫ਼ਾਈ ਦੀ ਤਾਕੀਦ ਕਰਦੇ ਰਹਿੰਦੇ। ਆਪ ਇਹ ਵੀ ਕਹਿੰਦੇ ਹੁੰਦੇ ਸਨ ਕਿ ਪੋਸ਼ਾਕ ਐਸੀ ਚਾਹੀਦੀ ਹੈ ਕਿ ਜਿਸ ਤੋਂ ਆਦਮੀ ਪਹਿਚਾਣਿਆ ਨਾਂਹ ਜਾ ਸਕੇ ਕਿ ਉਹ ਦਰਵੇਸ਼ ਹੈ, ਸੂਫ਼ੀ ਹੈ, ਸ਼ੇਖ਼ ਹੈ ਜਾਂ ਕਿਸੇ ਫ਼ਿਰਕੇ ਦਾ ਹੈ। ਆਮ ਤੌਰ ਉੱਤੇ ਸ਼ੇਖ ਅਬੁਲ ਹਸਨ ਖੁਰਾਸਾਨੀ ਦਾ ਇਕ ਵਾਕ ਪੜ੍ਹ ਸੁਣਾਇਆ ਕਰਦੇ ਸਨ ਕਿ ਸੂਫ਼ੀ ਉਹ ਸ਼ਖ਼ਸ ਹੈ, ਜੋ ਨਾਂਹ ਹੋਏ, ਪਰ ਫਿਰ ਆਖਦੇ, *'ਮੈਂ ਕਹਿੰਦਾ ਹਾਂ ਜੋ ਹੋਵੇ ਤੇ ਫਿਰ ਵੀ ਨਾਂਹ ਹੋਵੇ।'* ਇਸੇ ਕਾਰਨ ਆਪਣੇ ਨਿਕਟੀ ਚੇਲੇ ਸ਼ੇਖ ਨੱਥਾ ਲਾਹੌਰੀ ਨੂੰ 'ਨਾ ਥਾ' (ਮਿਟ ਗਿਆ) ਆਖਿਆ ਕਰਦੇ ਸਨ। ਸਿਰਫ਼ ਇਕ ਨੱਥਾ ਹੀ ਸੀ ਜਿਸ ਨਾਲ ਲਗਾਅ ਰੱਖਦੇ। ਇਤਨਾ ਪਿਆਰ ਉਸ ਨਾਲ ਕਰਦੇ ਸਨ ਕਿ ਵਸੀਅਤ ਕੀਤੀ ਸੀ ਕਿ ਉਹਨਾਂ ਨੂੰ ਨੱਥਾ ਦੀ ਕਬਰ ਲਾਗੇ ਹੀ ਦੱਬਿਆ ਜਾਏ। ਮੀਆਂ ਨੱਥਾ ਨੇ ਵੀ ਸੇਵਾ ਦੀ ਹੱਦ ਕਰ ਦਿੱਤੀ ਸੀ। ਮੀਆਂ ਮੀਰ ਜੀ ਦੇ ਨਿੱਜੀ ਕਮਰੇ ਵਿਚ ਬੋਰੀਆਂ ਹੀ ਵਿਛੀਆਂ ਰਹਿੰਦੀਆਂ ਸਨ। ਉਹਨਾਂ ਬੋਰੀਆਂ ਉੱਤੇ ਹੀ ਸ਼ਹਿਨਸ਼ਾਹ ਜਹਾਂਗੀਰ, ਸ਼ਾਹ ਜਹਾਨ, ਦਾਰਾ ਤੇ ਹੋਰ ਸ਼ਹਿਜ਼ਾਦੇ, ਅਮੀਰ ਕਬੀਰ ਤੇ ਬੇਗਮਾਂ ਬੈਠਦੀਆਂ ਸਨ। ਹਰ ਇਕ ਨੂੰ ਆਖਦੇ : *'ਬਾਹਰ ਦੀ ਕੋਈ ਵਸਤੂ, ਨਿਜਾਤ ਨਹੀਂ ਦਿਲਾ ਸਕਦੀ। ਦਿਲ ਦੀ ਹਜ਼ੂਰੀ ਤੋਂ ਬਗ਼ੈਰ ਨਿਮਾਜ਼ ਅਦਾ ਕਰਨੀ ਫ਼ਜ਼ੂਲ ਹੈ।'* ਕੀਰਤਨ ਦੇ ਬੜੇ ਆਸ਼ਕ ਸਨ ਤੇ ਕਈ-ਕਈ ਘੰਟੇ ਕੀਰਤਨ ਵਿਚ ਜੁੜੇ ਰਹਿੰਦੇ। ਆਖਿਆ ਕਰਦੇ ਸਨ ਕਿ ਆਦਮੀ ਤਿੰਨ ਚੀਜ਼ਾਂ ਦਾ ਸਮੂਹ ਹੈ, 'ਨਫ਼ਸ, ਦਿਲ ਤੇ ਰੂਹ।' *ਨਫਸ ਰੁਕਦਾ ਹੈ ਸ਼ਰੀਅਤ ਨਾਲ, ਦਿਲ ਤਰੀਕਤ ਨਾਲ ਤੇ ਰੂਹ ਹਕੀਕਤ ਨਾਲ। ਰੂਹ ਦੀ ਜ਼ਬਾਨ ਕੀਰਤਨ ਹੈ।* ਤੱਸਬੀ (ਮਾਲਾ) ਫੇਰਨੀ ਆਪ ਜੀ ਨੂੰ ਚੰਗੀ ਨਹੀਂ ਸੀ ਲੱਗਦੀ। ਸ਼ਾਹਜਹਾਨ ਨੇ ਇਕ ਵਾਰੀ ਕੀਮਤੀ ਮਾਲਾ ਭੇਟ ਕੀਤੀ ਤਾਂ ਆਪ ਜੀ ਨੇ ਉਹ ਮਾਲਾ ਦਾਰਾ ਸ਼ਿਕੋਹ ਨੂੰ ਦੇ ਦਿੱਤੀ। ਜੇ ਕਿਸੇ ਹੱਥ ਤੱਸਬੀ ਦੇਖਦੇ ਤਾਂ ਕਹਿੰਦੇ, 'ਮਾਲਾ ਤਾਂ ਮਨ ਦੀ ਹੀ ਹੈ, ਜ਼ਬਾਨ ਉੱਤੇ ਅੱਲਾਹ ਦਾ ਨਾਮ ਹੋਣਾ ਹੀ ਅਸਲ ਤੱਸਬੀ ਫੇਰਨੀ ਹੈ' :

**ਤਸਬੀਹ ਬ ਮਨ ਅਜਬ ਦਰ ਆਮਦ ਬਜ਼ਬਾਨ।**

ਉਹਨਾਂ ਦਾ ਪਰਚਾਰ ਤੇ ਉਪਦੇਸ਼-ਢੰਗ ਸੁਣਨ ਵਾਲਾ ਹੈ। ਬਲਖ ਦਾ ਸ਼ਾਹ ਉਨ੍ਹਾਂ ਦੇ ਦਰਸ਼ਨਾਂ ਨੂੰ ਆਇਆ। ਉਹ ਆਪਣੇ ਨਾਲ ਰੱਥ, ਘੋੜੇ, ਸ਼ਾਹੀ ਸਾਜ਼-ਸਾਮਾਨ ਲਿਆਇਆ। ਆਪ ਜੀ ਨੇ ਦਰਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ। ਦੂਜੇ ਦਿਨ ਉਹ ਸਭ

 www.sikhbookclub.com

ਕੁਝ ਤਿਆਗ ਆਇਆ, ਪਰ ਆਪਣੇ ਉੱਤੇ ਇਕ ਦੁਸ਼ਾਲਾ ਲਪੇਟ ਲਿਆਇਆ। ਆਪ ਜੀ ਨੇ ਫਿਰ ਵੀ ਕੋਈ ਧਿਆਨ ਨਾ ਦਿੱਤਾ। ਫਿਰ ਜਦ ਉਹ ਦੁਸ਼ਾਲਾ ਉਤਾਰ ਕੇ ਆਇਆ ਤਾਂ ਆਪ ਜੀ ਨੇ ਦੋ ਥੈਲੇ ਦਿੱਤੇ ਕਿ ਸ਼ਹਿਰ ਵਿਚੋਂ ਜਾ ਕੇ ਭਿੱਖਿਆ ਮੰਗ ਲਿਆਵੇ, ਪਰ ਇਹ ਇਹਤਿਆਤ ਵਰਤੇ ਕਿ ਹਿੰਦੂ ਦੀ ਭੀਖ ਹਿੰਦੂ ਦੇ ਥੈਲੇ ਵਿਚ ਤੇ ਮੁਸਲਮਾਨ ਦੀ ਭਿਖਿਆ ਮੁਸਲਮਾਨ ਦੇ ਥੈਲੇ ਵਿਚ ਪਾਏ। ਉਹ ਕੁਝ ਚਿਰ ਇਸੇ ਤਰ੍ਹਾਂ ਕਰਦਾ ਰਿਹਾ, ਪਰ ਛੇਤੀ ਹੀ ਉਸ ਪੁੱਛਣਾ ਛੱਡ ਦਿੱਤਾ ਕਿ ਕੌਣ ਹਿੰਦੂ ਹੈ ਤੇ ਕੌਣ ਮੁਸਲਮਾਨ ਅਤੇ ਇਕ ਹੀ ਝੋਲੇ ਵਿਚ ਸਭ ਕੁਝ ਪਵਾ ਕੇ ਮੀਆਂ ਮੀਰ ਜੀ ਕੋਲ ਆਇਆ ਤਾਂ ਉਹਨਾਂ ਨੇ ਉਪਦੇਸ਼ ਦਿੱਤਾ ਤੇ ਕਿਹਾ ਕਿ 'ਹੁਣ ਤੂੰ ਖ਼ੁਦਾ ਨੂੰ ਪਾ ਸਕੇਂਗਾ।' ਸਮਝਾਉਂਦੇ ਹੋਇਆਂ ਫ਼ਰਮਾਇਆ, "ਪਹਿਲੀ ਵਾਰ ਜਦ ਤੂੰ ਆਇਆ ਤਾਂ ਤੇਰੇ ਵਿਚ ਸ਼ਾਹੀ ਬੂ ਸੀ, ਸੋ ਤੇਰਾ ਇਥੇ ਆਉਣਾ ਅਹੰਕਾਰ ਭਰਪੂਰ ਸੀ। ਫਿਰ ਦੂਜੀ ਵਾਰੀ ਵੀ ਤੂੰ 'ਮੈਂ' ਦਾ ਦੁਸ਼ਾਲਾ ਲਪੇਟ ਕੇ ਲਿਆਇਆ। ਫਿਰ ਤੂੰ 'ਮੈਂ' ਦੀ ਪੋਸ਼ਾਕ ਤਾਂ ਸੁੱਟ ਦਿੱਤੀ, ਪਰ ਹਿੰਦੂ ਤੇ ਮੁਸਲਮਾਨਾਂ ਦਾ ਵਿਤਕਰਾ ਤੇਰੇ ਵਿਚ ਫਿਰ ਵੀ ਬਣਿਆ ਹੋਇਆ ਸੀ। ਅੱਜ ਉਹ ਵੀ ਮੁੱਕਾ ਹੈ ਤੇ ਤੂੰ ਪ੍ਰਵਾਨ ਹੋਇਆ ਹੈਂ। ਹੁਣ ਅਸਲ ਸ਼ਾਹ ਬਣਿਆ ਹੈਂ। ਉਸ ਸ਼ਾਹ ਦਾ ਨਾਂ ਇਤਿਹਾਸ ਵਿਚ "ਬੁੱਲ੍ਹਾ ਸ਼ਾਹ" ਕਰ ਕੇ ਵੀ ਪ੍ਰਸਿੱਧ ਹੈ।

ਨਿਮਰਤਾ ਦੀ ਮੂਰਤ ਸਨ ਤੇ ਦਿਖਾਵੇ ਨੂੰ ਸਦਾ ਨਿੰਦਦੇ ਸਨ। ਆਪਣੇ ਮਿੱਤਰਾਂ ਤੇ ਸੇਵਕਾਂ ਨੂੰ ਚਿਤਾਵਨੀ ਦਿੰਦੇ ਹੋਏ ਆਖਿਆ ਕਰਦੇ : *"ਦੇਖਿਓ, ਮੇਰੀਆਂ ਹੱਡੀਆਂ ਨਾਂਹ ਵੇਚਣਾ, ਮੇਰੀ ਕਬਰ ਉੱਤੇ ਹੋਰਾਂ ਦੀ ਤਰ੍ਹਾਂ ਦੁਕਾਨ ਨਾ ਬਣਾ ਬੈਠਣੀ।"* ਉਨ੍ਹਾਂ ਦੇ ਬਚਨਾਂ ਦੀ ਕਿਤਾਬ, ਜਿਸ ਵਿਚ ਉਨ੍ਹਾਂ ਦਸਤੂਰ-ਉਲ-ਅਮਲ ਲਿਖਿਆ, ਦਾ ਨਾਮ ਜ਼ਿਆ-ਉਲ-ਆਹੂਜ' (ਅੱਖੀਆਂ ਦਾ ਨੂਰ) ਹੈ।

ਜਹਾਂਗੀਰ, ਨੂਰ ਜਹਾਨ, ਸ਼ਾਹ ਜਹਾਨ ਤੇ ਦਾਰਾ ਸ਼ਿਕੋਹ ਨੇ ਆਪ ਜੀ ਦੇ ਕਈ ਵਾਰੀ ਦਰਸ਼ਨ ਕੀਤੇ। ਜਹਾਂਗੀਰ ਇਨ੍ਹਾਂ ਦੀ ਅਜ਼ਮਤ ਤੇ ਵਡਿਆਈ ਤੋਂ ਬਹੁਤ ਪ੍ਰਭਾਵਤ ਹੋਇਆ ਸੀ। ਭਾਵੇਂ ਗੁਰੂ ਅਰਜਨ ਜੀ ਨੂੰ ਜਹਾਂਗੀਰ ਦੇ ਅਤਾਬ ਤੋਂ ਉਹ ਬਚਾ ਨਾਂਹ ਸਕੇ ਪਰ ਇਹ ਇਕ ਹਕੀਕਤ ਹੈ ਕਿ ਗੁਰੂ ਹਰਿਗੋਬਿੰਦ ਜੀ ਦੀ ਗ੍ਰਿਫ਼ਤਾਰੀ ਸਮੇਂ ਇਨ੍ਹਾਂ ਨੇ ਹੀ ਜਹਾਂਗੀਰ ਨੂੰ ਜਾ ਪ੍ਰੇਰਿਆ ਸੀ ਤੇ ਸਫ਼ਲਤਾ ਲਈ ਸੀ। ਜਹਾਂਗੀਰ ਆਪ ਉਹਨਾਂ ਦੇ ਪ੍ਰਭਾਵ ਬਾਰੇ ਲਿਖਦਾ ਹੈ ਕਿ "ਜਦ ਮੇਰੀ ਸ਼ਰਾਬ ਪੀਣ ਦੀ ਵਾਦੀ ਹੱਦਾਂ ਟੱਪ ਗਈ ਤਾਂ ਨੂਰ ਜਹਾਨ ਉਸ. ਫ਼ਕੀਰ ਨੂੰ ਮੇਰੇ ਕੋਲ ਲਿਆਈ। ਉਸ ਦੇ ਬਚਨਾਂ ਵਿਚ ਐਸਾ ਜਾਦੂ ਸੀ ਕਿ ਉਸ ਦੇ ਇਕ ਵਾਰ ਕਹਿਣ ਉੱਤੇ ਮੈਂ ਸ਼ਰਾਬ ਨੂੰ ਇਤਨਾ ਘਟਾ ਦਿੱਤਾ ਕਿ ਮੈਨੂੰ ਵੀ ਯਕੀਨ ਨਹੀਂ ਸੀ ਆਉਂਦਾ।" ਜਹਾਂਗੀਰ ਦੇ ਆਪਣੇ ਕਹਿਣ ਅਨੁਸਾਰ ਉਹ ਰੋਜ਼ ਵੀਹ ਪਿਆਲੇ ਸ਼ਰਾਬ ਪੀਂਦਾ ਸੀ। ਹਿੰਦੁਸਤਾਨ ਦੇ ਤੋਲ ਦੇ ਛੇ ਸੇਰ ਤੇ ਈਰਾਨ ਦੇ ਤੋਲ ਦੇ ਡੇਢ ਮਣ ਸ਼ਰਾਬ ਬਣਦੀ ਸੀ। ਉਨ੍ਹਾਂ ਦਿਨਾਂ ਵਿਚ ਇਕ ਮੁਰਗੇ ਦਾ ਮਾਸ, ਰੋਟੀ ਤੇ ਮੂਲੀ ਨਾਲ ਖਾ ਜਾਂਦਾ ਸੀ। ਪਰ ਹੁਣ ਨਾਮ ਮਾਤਰ ਖਾਂਦਾ ਤੇ ਪੀਂਦਾ ਸਾਂ।

ਮੀਆਂ ਮੀਰ ਜੀ ਖ਼ੁਦਾ ਰਸੀਦਾ ਫ਼ਕੀਰ ਸਨ। ਦੁਨਿਆਵੀ ਖ਼ਾਹਿਸ਼ਾਂ ਤੋਂ ਬਹੁਤ ਉੱਚੇ ਸਨ। ਜਹਾਂਗੀਰ ਫਿਰ ਤੁਜ਼ਕ ਵਿਚ ਲਿਖਦਾ ਹੈ, 'ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਉਹ ਕੋਈ

ਭੇਟਾ ਸਵੀਕਾਰ ਕਰ ਲੈਣ, ਪਰ ਬੜੀ ਮੁਸ਼ਕਿਲ ਨਾਲ ਇਕ ਮਿਰਗ ਛਾਲ ਭੇਟ ਕਰਨ ਵਿਚ ਕਾਮਯਾਬ ਹੋ ਸਕਿਆ।' ਇਕ ਸਮੇਂ ਜਹਾਂਗੀਰ ਮੀਆਂ ਮੀਰ ਜੀ ਦੀ ਸ਼ਖਸੀਅਤ ਤੋਂ ਐਸਾ ਪ੍ਰਭਾਵਤ ਹੋਇਆ ਕਿ ਤਾਜ, ਤੱਖ਼ਤ ਛੱਡ ਕੇ ਸੰਨਿਆਸ ਧਾਰਨ ਲਈ ਤਿਆਰ ਹੋ ਗਿਆ। ਮੀਆਂ ਮੀਰ ਜੀ ਨੇ ਉਸ ਸਮੇਂ ਫ਼ਰਮਾਇਆ : "ਜਹਾਂਗੀਰ! ਐਸਾ ਕਰਨਾ ਠੀਕ ਨਹੀਂ, ਤੁਹਾਡੀ ਹਸਤੀ ਲੋਕ-ਭਲਾਈ ਲਈ ਹੈ। ਤੁਹਾਡੇ ਇਨਸਾਫ਼ ਦੀ ਬਰਕਤ ਨਾਲ ਫ਼ਕੀਰ ਤੱਕ ਯਾਦ ਵਿਚ ਜੁੜੇ ਰਹਿੰਦੇ ਹਨ। ਲੋਕੀਂ ਸੁਖ ਨਾਲ ਕੰਮਾਂ ਵਿਚ ਲੱਗੇ ਹੋਏ ਹਨ। ਪਹਿਲਾਂ ਕੋਈ ਆਪਣੇ ਵਰਗਾ ਖ਼ਲਕਤ ਦੀ ਨਿਗਾਹਬਾਨੀ ਲਈ ਪੈਦਾ ਕਰ ਲਵੋ, ਫਿਰ ਦੁਨੀਆਂ ਤਿਆਗਣ ਦਾ ਖ਼ਿਆਲ ਦਿਲ ਵਿਚ ਲਿਆਉਣਾ।" ਜਹਾਂਗੀਰ ਨੇ ਮੀਆਂ ਮੀਰ ਜੀ ਨੂੰ ਦੋ ਖ਼ਤ ਵੀ ਲਿਖੇ ਸਨ, ਜਿਨ੍ਹਾਂ ਵਿਚ ਬਰਕਤਾਂ ਮੰਗੀਆਂ ਸਨ। ਪਰ ਕਿਤਨੇ ਬੇਬਾਕ ਸਨ, ਇਸ ਦਾ ਤੁਲ ਵੀ ਨਹੀਂ ਮਿਲਦਾ। ਇਕ ਵਾਰੀ ਜਹਾਂਗੀਰ ਨੇ ਆਪ ਜੀ ਨੂੰ ਦਿੱਲੀ ਸੱਦ ਘੱਲਿਆ। ਕਈ ਧਰਮ ਚਰਚਾਵਾਂ ਹੋਈਆਂ। ਜਦ ਆਪ ਜੀ ਮੁੜਨ ਲੱਗੇ ਤਾਂ ਜਹਾਂਗੀਰ ਨੇ ਕਿਹਾ ਕਿ 'ਕੁਝ ਮੰਗੋ' ਤਾਂ ਆਪ ਜੀ ਨੇ ਕਿਹਾ ਕਿ "ਮੈਂ ਤਾਂ ਇਕ ਹੀ ਵਸਤੂ ਚਾਹੁੰਦਾ ਹਾਂ ਤੇ ਪ੍ਰਣ ਕਰੋ ਕਿ ਉਹ ਦਿੱਤੀ ਜਾਏਗੀ।" ਜਹਾਂਗੀਰ ਨੇ ਕਿਹਾ ਕਿ 'ਬੇਸ਼ਕ' ਤਾਂ ਮੀਆਂ ਮੀਰ ਜੀ ਨੇ ਕਿਹਾ, *"ਮੇਰੀ ਇਕ ਹੀ ਖ਼ਾਹਿਸ਼ ਹੈ ਕਿ ਬਾਦਸ਼ਾਹ ਹਜ਼ੂਰ ਮੈਨੂੰ ਫੇਰ ਆਪਣੇ ਪਾਸ ਬੁਲਾਉਣ ਦੀ ਖੇਚਲ ਨਹੀਂ ਕਰਨਗੇ।"*

ਸ਼ਾਹ ਜਹਾਨ ਆਪ ਜੀ ਨੂੰ ਦੋ ਵਾਰੀ ਮਿਲਿਆ ਸੀ। ਦਾਰਾ ਸ਼ਿਕੋਹ ਕਈ ਵਾਰੀ। ਜਦ ਸ਼ਾਹਜਹਾਨ ਮਿਲਿਆ ਤਾਂ ਉਸ ਨੂੰ ਆਪ ਜੀ ਨੇ ਕਿਹਾ : 'ਆਦਲ ਬਾਦਸ਼ਾਹ ਨੂੰ ਆਪਣੀ ਪਰਜਾ ਤੇ ਹਕੂਮਤ ਦੀ ਖਬਰ-ਗੀਰੀ ਕਰਨੀ ਚਾਹੀਦੀ ਹੈ। ਸਾਰੀ ਹਿੰਮਤ ਲੋਕਾਂ ਨੂੰ ਖ਼ੁਸ਼ਹਾਲ ਤੇ ਧਰਤੀ ਨੂੰ ਸਰਸਬਜ਼ ਕਰਨ ਵਿਚ ਲਗਾਉਣੀ ਚਾਹੀਦੀ ਹੈ। ਜੇ ਪਰਜਾ ਸੁਖੀ ਤੇ ਮੁਲਕ ਆਬਾਦ ਹੈ ਤਾਂ ਫ਼ੌਜ ਵੀ ਸੁਖੀ ਤੇ ਖ਼ਜ਼ਾਨਾ ਭਰਿਆ ਰਹੇਗਾ।' ਦੂਜੀ ਵਾਰੀ ਜਦ ਮਿਲਣੀ ਹੋਈ ਤਾਂ ਧਰਮ ਉੱਤੇ ਵੀਚਾਰਾਂ ਹੁੰਦੀਆਂ ਰਹੀਆਂ। ਦਾਰਾ ਜਦ ਪਹਿਲੀ ਵਾਰੀ ੧੬੩੩ ਈ: ਵਿਚ ਸਖ਼ਤ ਬੀਮਾਰ ਹੋ ਗਿਆ ਤਾਂ ਆਪ ਜੀ ਦੇ ਅਸ਼ੀਰਵਾਦ ਨਾਲ ਹੀ ਰਾਜ਼ੀ ਹੋਇਆ। ਸਿਰਫ਼ ਬੀਮਾਰ ਦਾਰਾ ਦਾ ਹੱਥ ਆਪਣੇ ਹੱਥ ਵਿਚ ਲੈਣ ਨਾਲ ਹੀ, ਉਸ ਦਾ ਰੋਗ ਦੂਰ ਹੋ ਗਿਆ। ਸ਼ਾਹ ਜਹਾਨ ਨੇ ਉਸ ਖ਼ੁਸ਼ੀ ਵਿਚ ਜਦ ਇਕ ਦਸਤਾਰ ਅਤੇ ਕੀਮਤੀ ਮਾਲਾ ਭੇਟ ਕੀਤੀ ਤਾਂ ਆਪ ਜੀ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਉਹ ਸੰਸਾਰਕ ਤੜਕ ਭੜਕ ਤੇ ਦਿਖਾਵੇ ਨੂੰ ਪਸੰਦ ਨਹੀਂ ਕਰਦੇ। ਸੋ ਦਸਤਾਰ ਵਾਪਸ ਕਰ ਦਿੱਤੀ ਤੇ ਵਾਰ-ਵਾਰ ਕਹਿਣ ਉੱਤੇ ਖਜੂਰਾਂ ਦੀ ਮਾਲਾ ਸਵੀਕਾਰ ਕਰ ਲਈ, ਪਰ ਮਾਲਾ ਵੀ ਪਿੱਛੋਂ ਦਾਰਾ ਨੂੰ ਦੇ ਦਿੱਤੀ।

ਦਾਰਾ ਸ਼ਿਕੋਹ ਨਾਲ ਆਪ ਜੀ ਦਾ ਬਹੁਤ ਪਿਆਰ ਸੀ। ਉਹ ਮੀਆਂ ਮੀਰ ਜੀ ਦੇ ਦਰਸ਼ਨਾਂ ਨੂੰ ਨੰਗੇ ਪੈਰੀਂ ਹੀ ਜਾਂਦਾ ਸੀ। ਕਈ ਲੋਕੀਂ ਨੰਗੇ ਪੈਰੀਂ ਜਾਣ ਕਰਕੇ ਦਾਰਾ ਨੂੰ ਟੋਕਦੇ ਵੀ, ਪਰ ਉਹ ਇਹ ਹੀ ਆਖਦਾ : 'ਮੈਂ ਨੰਗੇ ਪੈਰੀਂ ਦਰਸ਼ਨਾਂ ਨੂੰ ਜਾਣਾ, ਆਪਣੇ ਵੱਡੇ ਭਾਗ ਸਮਝਦਾ ਹਾਂ।' ਦੂਜੇ ਪਾਸੇ ਇਕ ਸ਼ਰਧਾਲੂ ਨੇ ਜਦ ਇਹ ਦੱਸਿਆ ਕਿ ਉਹ ਦਾਰਾ ਪਾਸ ਨੌਕਰ ਹੈ ਤੇ ਮੀਆਂ ਮੀਰ ਜੀ ਨੇ ਉਸ ਨੂੰ ਕੋਲ ਬਿਠਾਇਆ ਤੇ ਕਿਹਾ :

**ਐ ਗੁਲ ਬੁਤੋ ਖ਼ੁਰਸੰਦਮ ਤੋ ਬੂਏ ਕਸੇਦਾਰੀ।**

ਇਕ ਵਾਰੀ ਜਦ ਮੀਆਂ ਮੀਰ ਜੀ ਸ਼ਾਹ ਜਹਾਨ ਨਾਲ ਗੱਲਾਂ ਕਰ ਰਹੇ ਸਨ ਕਿ ਉਹਨਾਂ ਦੇ ਮੂੰਹ ਵਿਚੋਂ ਕੁਝ ਲੌਂਗ ਦੇ ਕਣ ਭੁੰਜੇ ਡਿੱਗ ਪਏ ਤਾਂ ਝੱਟ ਦਾਰਾ ਨੇ ਉਠਾ ਲਏ, ਫਿਰ ਇਕ ਵਾਰੀ ਮੀਆਂ ਮੀਰ ਜੀ ਨੇ ਦਾਰਾ ਨੂੰ ਘੁੱਟ ਕੇ ਜੱਫੀ ਪਾਈ। ਆਪਣਾ ਚੋਗਾ ਉਤਾਂਹ ਚੁੱਕ ਛਾਤੀ ਨਾਲ ਲਗਾਇਆ ਤੇ ਦਿਲ ਦੀ ਰੌਸ਼ਨੀ ਬਖ਼ਸ਼ੀ। ਦਾਰਾ ਨੂੰ ਐਸੀ ਆਤਮਕ ਰੌਸ਼ਨੀ ਮਿਲੀ ਸੀ ਕਿ ਉਸ ਸਮੇਂ ਉਹ ਪੁਕਾਰ ਉੱਠਿਆ : 'ਬਸ, ਹੋਰ ਨਹੀਂ।' ਨਿਰਭੈ ਇਤਨੇ ਸਨ ਕਿ ਕਿਸੇ ਦੀ ਵੀ ਪਰਵਾਹ ਨਹੀਂ ਕਰਦੇ ਸਨ। ਨੂਰ ਜਹਾਨ ਭਾਵੇਂ ਆਪ ਜੀ ਦੀ ਮੁੱਖ ਸੇਵਕਾ ਸੀ, ਪਰ ਕਿਸੇ ਵੀ ਕੀਮਤ ਉੱਤੇ ਗ਼ਲਤ ਗੱਲ ਕਰਨ ਲਈ ਤਿਆਰ ਨਾ ਹੋਏ। ਜਦ ਨੂਰ ਜਹਾਨ ਨੇ ਆਪਣੇ ਜੁਆਈ, ਸ਼ਹਿਰਯਾਰ ਨੂੰ ਜਹਾਂਗੀਰ ਪਿਛੋਂ ਬਾਦਸ਼ਾਹ ਬਣਾ ਦਿੱਤਾ ਤਾਂ ਮੀਆਂ ਮੀਰ ਪਾਸ ਸ਼ਹਿਰਯਾਰ ਨੇ ਸੁਨੇਹਾ ਭੇਜਿਆ ਕਿ ਜਾਂ ਉਹ ਆਪ ਆਉਣ ਜਾਂ ਦਸਤਾਰ ਭੇਜਣ। ਮੀਆਂ ਮੀਰ ਜੀ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਫ਼ਕੀਰਾਂ ਤੋਂ ਬਾਦਸ਼ਾਹਾਂ ਨੂੰ ਕੀ ਕੰਮ।' ਜਦ ਸੁਨੇਹਾ ਲੈ ਕੇ ਫਿਰ ਕਾਸਦ ਆਇਆ ਤੇ ਉਸ ਨੇ ਦਸਤਾਰ ਲੈਣ ਦੀ ਜ਼ਿੱਦ ਕੀਤੀ ਤਾਂ ਆਪ ਜੀ ਨੇ ਆਪਣੀ ਦਸਤਾਰ, ਆਪਣੇ ਸਿਰ ਉੱਤੋਂ ਉਤਾਰ ਜ਼ਮੀਨ ਉੱਤੇ ਪਟਕਾ ਮਾਰੀ ਤੇ ਕਿਹਾ : "ਲੈ ਜਾ।" ਸ਼ਹਿਰਯਾਰ ਨੂੰ ਮੀਆਂ ਮੀਰ ਜੀ ਕਿਸੇ ਕੰਮ ਦਾ ਨਹੀਂ ਸਮਝਦੇ ਸਨ। ਇਕ ਮਹੀਨੇ ਅੰਦਰ ਹੀ ਸ਼ਹਿਰਯਾਰ ਨੂੰ ਅੰਨ੍ਹਿਆਂ ਕਰ ਕੇ ਮਾਰ ਦਿੱਤਾ ਗਿਆ। ਆਪ ਜੀ ਦੇ ਸੇਵਕਾਂ ਵਿਚ ਹਜ਼ਰਤ ਮੁੱਲਾਂ ਸ਼ਾਹ ਬੱਦਖ਼ਸਾਨੀ, ਹਾਜੀ ਨਿਆਮਤ ਅਲਾਹ ਸਰਹੰਦੀ, ਮੀਆਂ ਨੱਥਾ ਲਾਹੌਰੀ, ਖਵਾਜਾ ਬਿਹਾਰੀ, ਮੁੱਲਾਂ ਮੁਹੰਮਦ ਸਿਆਲਕੋਟੀ, ਹਾਜੀ ਮੁਸਤਫ਼ਾ ਸਰਹੰਦੀ, ਮੁੱਲਾਂ ਹਾਜਦ ਗੁਜਰ, ਮੁੱਲਾਂ ਰੂਹੀ ਇਬਰਾਹੀਮ, ਮੁੱਲਾਂ ਖਵਾਜਾ ਮਹਿਲਾ ਲਾਹੌਰੀ, ਹਾਜੀ ਸਾਲਅ ਕਸ਼ਮੀਰੀ, ਸ਼ੇਖ਼ ਅਬੂ-ਅਲਮਕਾਰਮ, ਮੁੱਲਾਂ ਮੁਹੰਮਦ ਸਯੀਦ ਕਸ਼ਮੀਰੀ, ਮੀਆਂ ਮੁਫਤੀ ਮੁਹੰਮਦ ਮੁਰਾਦ ਲਾਹੌਰੀ ਤੇ ਕਈ ਹੋਰ ਪ੍ਰਸਿੱਧ ਵਿਅਕਤੀ ਸ਼ਾਮਲ ਸ਼ਨ। ਇਹ ਸਭ ਪ੍ਰਗਟ ਕਰਨ ਲਈ ਕਾਫ਼ੀ ਹੈ ਕਿ ਮੀਆਂ ਮੀਰ ਜੀ ਦੇ ਗੁਰੂ ਘਰ ਨਾਲ ਸੰਬੰਧ ਹੋਣੇ, ਇਕ ਇਤਿਹਾਸਕ ਤੇ ਮਹੱਤਵਪੂਰਨ ਘਟਨਾ ਹੈ।

ਗੁਰੂ ਅਰਜਨ ਦੇਵ ਜੀ ਨਾਲ ਪਹਿਲੀ ਵਾਰੀ ਮੇਲ ਉਸ ਸਮੇਂ ਹੋਇਆ ਜਦ ਆਪ ਜੀ ਗੁਰੂ ਰਾਮ ਦਾਸ ਜੀ ਦੀ ਆਗਿਆ ਅਨੁਸਾਰ ਲਾਹੌਰੀ ਸੰਹਾਰੀ ਮਲ ਜੀ ਦੇ ਪੁੱਤਰ ਦੀ ਸ਼ਾਦੀ ਉੱਤੇ ਗਏ ਸਨ। ਕਾਫ਼ੀ ਸਮਾਂ ਲਾਹੌਰ ਟਿਕਣ ਕਰ ਕੇ ਮੀਆਂ ਮੀਰ ਜੀ ਦੀ ਸ਼ੋਭਾ ਆਪ ਜੀ ਤਕ ਪੁੱਜੀ। ਕਈ ਮੁਲਾਕਾਤਾਂ ਹੋਈਆਂ, ਜੋ ਬਾਅਦ ਵਿਚ ਗੂੜ੍ਹੇ ਸੰਬੰਧਾਂ ਵਿਚ ਬਦਲ ਗਈਆਂ। ਗੁਰੂ ਅਰਜਨ ਜੀ ਨੇ ਮੀਆਂ ਮੀਰ ਨੂੰ ਗਹਿਰ ਗੰਭੀਰ ਤੇ ਪੀਰਾਂ ਦਾ ਪੀਰ ਕਿਹਾ ਸੀ : 'ਮੀਆਂ ਮੀਰ ਸੁਧੀਰ ਗੰਭੀਰ।' ਇਕ ਸਮੇਂ ਉਨ੍ਹਾਂ ਫਿਰ ਕਿਹਾ ਸੀ ਕਿ ਸਵੱਛ ਹਿਰਦੇ ਅਤੇ ਆਤਮ ਦੇਵ ਦੀ ਪਛਾਣ ਵਾਲਾ ਉਹਨਾਂ ਦੇ ਟਾਕਰੇ ਦਾ ਕੋਈ ਵੀ ਪੁਰਸ਼ ਇਸ ਸਮੇਂ ਮਿਲਣਾ ਮੁਸ਼ਕਲ ਹੈ।

ਜਦ ਗੁਰੂ ਅਰਜਨ ਜੀ ਨੇ ਗੁਰੂ ਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਆਪ ਜੀ ਨੇ ਦਸਤਾਰ ਭੇਜੀ ਤੇ ਫਿਰ ਅੰਮ੍ਰਿਤਸਰ ਆਉਣਾ ਜਾਣਾ ਹੋ ਗਿਆ। ਸੰਨ ੧੫੮੧ ਵਿਚ ਗੁਰੂ ਅਰਜਨ ਦੀ ਗੱਦੀ ਉੱਤੇ ਬੈਠੇ ਤੇ ਮੀਆਂ ਮੀਰ ਜੀ ਨੇ ਆਪਣਾ ਪੱਕਾ ਡੇਰਾ ਲਾਹੌਰ ਰੱਖਣ ਦਾ ਫ਼ੈਸਲਾ ਕਰ ਲਿਆ। ਕਈ ਮੁਲਾਕਾਤਾਂ ਹੁੰਦੀਆਂ ਰਹੀਆਂ। ਸਿੱਖ ਇਤਿਹਾਸ ਦੱਸਦਾ


www.sikhbookclub.com

ਹੈ ਕਿ ਕਈ ਵਾਰੀ ਲੰਮੇ ਸਮੇਂ ਤੱਕ ਧਰਮ ਚਰਚਾ ਹੁੰਦੀ ਰਹਿੰਦੀ। ਇਕ ਵਾਰੀ 'ਬ੍ਰਹਮ ਗਿਆਨੀ' ਦੀ ਅਠਵੀਂ ਅਸ਼ਟਪਦੀ ਉੱਤੇ ਕਈ ਦਿਨ ਵੀਚਾਰ ਹੁੰਦੀ ਰਹੀ। ਲੱਖਾਂ ਲੋਕ ਇਨ੍ਹਾਂ ਦੋਵਾਂ ਮਹਾਂਪੁਰਸ਼ਾਂ ਦਾ ਧਰਮ ਪਿਆਰ ਦੇਖ ਕੇ ਪ੍ਰਸੰਨ ਹੁੰਦੇ।

ਸੰਨ ੧੫੮੮ ਵਿਚ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਦੇ ਐਨ ਵਿਚਕਾਰ ਅਨੋਖਾ, ਸਾਂਝਾ, ਚਹੁੰ ਵਰਨਾਂ ਲਈ ਖੁੱਲ੍ਹਾ, ਧਰਮਾਂ ਦਾ ਵਿਤਕਰਾ ਮੇਟਣ ਵਾਲਾ, ਪੂਰਬ ਪੱਛਮ ਮਿਲਾਣ ਵਾਲਾ, ਦਿਸ਼ਾਵਾਂ ਤੋਂ ਰਹਿਤ, ਕੀਰਤਨ ਦਾ ਗੜ੍ਹ ਬਣਾਉਣ ਦਾ ਫ਼ੈਸਲਾ ਕੀਤਾ ਤਾਂ ਨੀਂਹ ਪੱਥਰ ਰਖਵਾਉਣ ਲਈ ਗੁਰੂ ਜੀ ਦੀ ਨਜ਼ਰ ਨਿਰੋਲ ਮੀਆਂ ਮੀਰ ਜੀ ਉੱਤੇ ਟਿਕੀ। ਜੇ ਧਰਮ ਅੰਦਰ ਅਨੋਖਾ ਬਣਨਾ ਹੈ ਤਾਂ ਉਸ ਦੀ ਆਧਾਰਸ਼ਿਲਾ ਵੀ ਕੋਈ ਦੂਜੇ ਧਰਮ ਦਾ ਪੀਰ ਹੀ ਰੱਖੇ। ਧਰਮਾਂ ਦੇ ਇਤਿਹਾਸ ਵਿਚ ਅਨੋਖੀ ਤੇ ਇਕ ਮਾਤਰ ਘਟਨਾ ਸੀ। ਮੀਆਂ ਮੀਰ ਜੀ ਨੇ ਨੀਂਹ ਪੱਥਰ ਰੱਖਿਆ :

**'ਮੀਆਂ ਮੀਰ ਤੇ ਨੀਉਂ ਰਖਾਈ।'** (ਪੰਥ ਪ੍ਰਕਾਸ਼)

ਬੂਟੇ ਸ਼ਾਹ ਨੇ ਤਾਰੀਖ਼ੇ-ਪੰਜਾਬ ਵਿਚ ਲਿਖਿਆ ਹੈ :

ਦਰਬਾਰ ਸਾਹਿਬ ਦੀ ਉਸਾਰੀ ਨਾਮ ਨੂੰ ਹਰ ਹਿਰਦੇ ਉਜਾਗਰ ਕਰਨ ਤੇ ਲੋਕਾਈ ਦੇ ਲਾਹ ਲਈ ਕਰਨ ਦਾ ਖ਼ਿਆਲ ਜਦ ਗੁਰੂ ਅਰਜਨ ਦੇਵ ਜੀ ਨੂੰ ਆਇਆ ਤਾਂ ਉਹ ਫ਼ੈਜ਼ ਦੇ ਦਰਜਿਆਂ ਦੇ ਮਾਲਕ, ਰੱਬੀ ਭੇਤਾਂ ਦੇ ਗਯਾਤਾ ਮੀਆਂ ਮੀਰ ਨੂੰ ਲਾਹੌਰ ਆ ਕੇ ਮਿਲੇ। ਆਪ ਜੀ ਉਨ੍ਹਾਂ ਹੀ ਵਿਛੇ ਹੋਏ ਟਾਟਾਂ ਤੇ ਬੈਠ ਗਏ। ਉਥੇ ਹੀ ਅਕਬਰ ਆ ਗਿਆ। ਵਿਛੇ ਹੋਏ ਟਾਟਾਂ ਤੇ ਅਕਬਰ ਨਾ ਬੈਠਾ ਤੇ ਖੜ੍ਹੇ ਖੜੋਤੇ ਹੀ ਟੁਰ ਗਿਆ। ਗੁਰੂ ਪਾਤਸ਼ਾਹ ਦੀ ਨਿਮਰਤਾ ਦੇਖ ਕੇ ਮੀਆਂ ਮੀਰ ਨੇ ਕਿਹਾ :

*ਤੁਹਾਡੀ ਉਮਤ ਰਾਜ ਕਰੇਗੀ।*

ਗੁਰੂ ਅਰਜਨ ਦੇਵ ਜੀ ਨੇ ਆਪਣੇ ਆਉਣ ਦਾ ਮੰਤਵ ਦਸਿਆ ਤੇ ਕਿਹਾ : ਮੇਰੀ ਦਿਲੀ ਇੱਛਾ ਹੈ ਕਿ ਤੁਸੀਂ ਓਥੇ (ਅੰਮ੍ਰਿਤਸਰ) ਪੁੱਜ ਕੇ ਆਪਣੀ ਹੱਥੀਂ ਨੀਂਹ ਰੱਖੋ। ਮੈਨੂੰ ਯਕੀਨ ਹੈ ਕਿ ਇਹ ਇਕ ਅਟੱਲ ਯਾਦਗਾਰ ਹੋਵੇਗੀ। ਸ਼ਾਹ ਮੀਆਂ ਮੀਰ ਗੁਰੂ ਅਰਜਨ ਦੇਵ ਜੀ ਨਾਲ ਅੰਮ੍ਰਿਤਸਰ ਤਸ਼ਰੀਫ਼ ਲੈ ਆਏ। ਮੀਆਂ ਮੀਰ ਜੀ ਨੇ ਚਾਰ ਇੱਟਾਂ ਚਾਰ ਪਾਸਿਆਂ ਤੇ ਅਤੇ ਇਕ ਇੱਟ ਵਿਚਕਾਰ ਰੱਖੀ। ਮਿਸਤਰੀਆਂ ਨੇ ਵਿਚਕਾਰਲੀ ਇੱਟ ਚੁੱਕ ਕੇ ਆਪਣੇ ਹਿਸਾਬ ਨਾਲ ਰੱਖੀ। ਅਜੀਬ ਸੁੰਦਰਤਾ ਤੇ ਸਜ ਧਜ ਦੇਖਣ ਯੋਗ ਸੀ।

ਸਾਂਝਾਂ ਹੋਰ ਪੱਕੀਆਂ ਹੋ ਗਈਆਂ। ਇਕ ਸ਼ਾਇਰ ਨੇ ਇਹ ਸੁਣ ਹੀ ਕਿਹਾ ਸੀ :

**ਹਰਿਮੰਦਰ ਕੀ ਬੁਨਿਆਦ ਕੀ ਈਂਟ ਦੇ ਰਹੀ ਹੈ ਗਵਾਹੀ।**
**ਕਭੀ ਅਹਿਲੇ ਮਜ਼ਾਹਬ ਮੇਂ ਦੋਸਤੀ ਮੁਸਕਰਾਈ ਥੀ।**

ਸੰਨ ੧੫੯੫ ਨੂੰ ਜਦ ਲਾਹੌਰ ਸੱਚਮੁੱਚ ਲਾਸ਼ਾਂ ਦਾ ਸ਼ਹਿਰ ਬਣ ਗਿਆ ਤਾਂ ਗੁਰੂ ਅਰਜਨ ਜੀ ਨੇ ਲਾਹੌਰ ਨੂੰ ਟਿਕਾਣਾ ਬਣਾ ਲਿਆ। ਮੀਆਂ ਮੀਰ ਜੀ ਨੇ ਅੱਖੀਂ ਡਿੱਠਾ ਕਿ ਗੁਰੂ ਅਰਜਨ ਜੀ ਸੇਵਾ ਦੀਆਂ ਹੱਦਾਂ ਟੱਪ ਰਹੇ ਸਨ। ਆਪ ਮੁਰਦੇ ਢੋ-ਢੋ ਬਾਹਰ ਦੱਬਦੇ ਜਾਂ ਸਾੜਦੇ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਮੇਂ ਆਪ ਜੀ ਨੇ ਬਹੁਤ ਕੋਸ਼ਿਸ਼ ਕੀਤੀ ਕਿ ਸਾਕਾ ਟਲ ਜਾਏ, ਪਰ ਨਵੇਂ ਧਾਰਮਕ ਜੋਸ਼ ਵਿਚ ਅੰਨ੍ਹੇ ਹੋਏ ਜਹਾਂਗੀਰ ਨੇ ਇਕ ਨਾ ਸੁਣੀ। ਉਸ

 www.sikhbookclub.com

ਸਮੇਂ ਜਹਾਂਗੀਰ ਦੀਨੀ-ਭਰਾਵਾਂ ਉੱਤੇ ਇਹ ਪ੍ਰਗਟ ਕਰਨਾ ਚਾਹੁੰਦਾ ਸੀ ਕਿ ਇਸਲਾਮ ਦਾ ਰਾਖਾ ਤੱਖ਼ਤ ਉੱਤੇ ਬੈਠਾ ਹੈ।

ਪਿਛੋਂ ਜਦ, ਇਕ ਵਾਰੀ ਜਹਾਂਗੀਰ ਨੇ ਪੁੱਜੇ ਹੋਏ ਪੁਰਸ਼ ਦੇ ਲੱਛਣ ਪੁੱਛੇ ਤਾਂ ਮੀਆਂ ਮੀਰ ਜੀ ਨੇ ਫ਼ਰਮਾਇਆ : *'ਪੁੱਜਿਆ ਪੁਰਸ਼ ਉਹ ਹੈ ਜੋ ਵਾਸ਼ਨਾ ਨੂੰ ਰੋਕੇ, ਸੁਭਾਅ ਦਾ ਸੀਤਲ ਤੇ ਰਿਦੇ ਦਾ ਨਿਸ਼ਕਾਮ ਹੋਵੇ। ਸਹਿਜ ਹੀ ਸਹਿਜ ਉਸ ਦੀ ਵਰਤਣ ਹੋਵੇ।'* ਜਹਾਂਗੀਰ ਦਾ ਅਗਲਾ ਪ੍ਰਸ਼ਨ ਸੀ ਕਿ 'ਐਸਾ ਕੋਈ ਹੈ ਵੀ।' ਤਾਂ ਮੀਆਂ ਮੀਰ ਨੇ ਕਿਹਾ, 'ਗੁਰੂ ਰਾਮ ਦਾਸ ਜੀ ਦੇ ਪੁੱਤਰ ਅਰਜਨ ਜੀ ਐਸੇ ਸਨ, ਜਿਨ੍ਹਾਂ ਨੂੰ ਤੇਰੀ ਗ਼ਲਤ ਨੀਤੀ ਨੇ ਖ਼ਤਮ ਕਰਵਾ ਦਿੱਤਾ, ਹੁਣ ਉਹਨਾਂ ਦੀ ਥਾਂ ਉੱਤੇ ਹਰਿਗੋਬਿੰਦ ਜੀ ਹਨ। 'ਮੈਨੂੰ ਤੁਸਾਂ ਉਸ ਵੇਲੇ ਕਿਉਂ ਨਾ ਦੱਸਿਆ', ਜਹਾਂਗੀਰ ਨੇ ਤੁਰੰਤ ਕਿਹਾ। ਮੀਆਂ ਮੀਰ ਜੀ ਨੇ ਟੋਕਵੀਂ ਗੱਲ ਆਖਦੇ ਫ਼ਰਮਾਇਆ, 'ਮੈਂ ਕਿਸ ਨੂੰ ਦੱਸਦਾ ? ਤੂੰ ਉਸ ਵੇਲੇ ਸੁਣਦਾ ਹੀ ਨਹੀਂ ਸੀ।' ਜਹਾਂਗੀਰ ਅਵਾਕ ਹੋ ਗਿਆ ਅਤੇ ਨਮਸਕਾਰ ਕਰ ਕੇ ਆਪਣੇ ਮਹੱਲਾਂ ਨੂੰ ਚਲਾ ਗਿਆ। ਸੂਰਜ ਪ੍ਰਕਾਸ਼ ਦੇ ਲਿਖਾਰੀ ਦੇ ਸ਼ਬਦਾਂ ਵਿਚ :

**ਨਹੀਂ ਪੀਰ ਢਿਗ ਬੋਲਯੋ ਗਯੋ।**
**ਕਰ ਬੰਦਨ ਘਰ ਆਵਤ ਭਯੋ।**

ਮੀਆਂ ਮੀਰ ਜੀ ਨੇ 'ਬਾਬੇ ਕੇ' ਤੇ 'ਬਾਬਰ ਕੇ' ਨੂੰ ਮਿਲਾ ਦਿੱਤਾ। ਜਦ ਤੱਕ ਜਹਾਂਗੀਰ ਤੱਖ਼ਤ ਉੱਤੇ ਰਿਹਾ ਗੁਰੂ ਘਰ ਵੱਲ ਸ਼ਰਧਾ ਹੀ ਰੱਖਦਾ ਰਿਹਾ।

SIKHBOOKCLUB.COM

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਮੀਆਂ ਮੀਰ ਜੀ ਨੇ ਹਰਿਗੋਬਿੰਦ ਜੀ ਨਾਲ ਪਹਿਲਾਂ ਵਾਂਗ ਹੀ ਸਤਿਕਾਰ ਤੇ ਹਿਤ ਕਾਇਮ ਰੱਖਿਆ। ਜਦ ਮੀਆਂ ਮੀਰ ਜੀ ਨੇ ਗੁਰੂ ਹਰਿਗੋਬਿੰਦ ਜੀ ਦੀ ਗ੍ਰਿਫ਼ਤਾਰੀ ਦਾ ਹਾਲ ਸੁਣਿਆ ਤਾਂ ਬਹੁਤ ਹੀ ਦੁਖੀ ਹੋਏ। ਆਪ ਟੁਰ ਕੇ ਦਿੱਲੀ ਗਏ ਤੇ ਸਭ ਪੀਰਾਂ, ਫ਼ਕੀਰਾਂ ਤੇ ਵਲੀਆਂ ਨੂੰ ਇਕੱਠਾ ਕਰ ਕੇ ਗੁਰੂ ਹਰਿਗੋਬਿੰਦ ਜੀ ਦੀ ਅਜ਼ਮਤ ਤੇ ਵਡਿਆਈ ਦੱਸੀ। ਜਹਾਂਗੀਰ ਕੋਲੋਂ ਰਿਹਾਈ ਦਾ ਹੁਕਮ ਲੈ ਕੇ ਤੇ ਗਵਾਲੀਅਰ ਤੋਂ ਰਿਹਾ ਕਰਵਾ ਕੇ ਤਾਂ ਹੀ ਵਾਪਸ ਲਾਹੌਰ ਮੁੜੇ। ਗੁਰੂ ਹਰਿਗੋਬਿੰਦ ਜੀ ਨੂੰ ਮੀਆਂ ਮੀਰ 'ਅਲਾਹ ਦਾ ਨੂਰ' ਕਹਿੰਦੇ ਸਨ। ਸ਼ਾਹ ਜਹਾਨ ਪਾਸ ਕੱਟੜ-ਪ੍ਰਸਤਾਂ ਨੇ ਸ਼ਿਕਾਇਤ ਕੀਤੀ ਕਿ ਉਹ ਗੁਰੂ ਹਰਿਗੋਬਿੰਦ ਜੀ ਨੂੰ ਬਹੁਤ ਆਦਰ ਦਿੰਦੇ ਹਨ। ਸ਼ਾਹ ਜਹਾਨ ਦੀ ਪੁੱਛ ਉੱਤੇ ਮੀਆਂ ਮੀਰ ਜੀ ਨੇ ਕਿਹਾ, "ਜਦ ਮੈਂ ਅੱਲਾਹ ਦੇ ਦਰਬਾਰ ਵਿਚ ਜਾਂਦਾ ਹਾਂ ਉਥੇ ਮਸਨਦੇ-ਆਲ੍ਹਾ ਉੱਤੇ ਗੁਰੂ ਹਰਿਗੋਬਿੰਦ ਵਰਗੀ ਮੂਰਤ ਦੇਖਦਾ ਹਾਂ।" ਗੁਰੂ ਹਰਿਗੋਬਿੰਦ ਜੀ ਵੀ ਕਈ ਵਾਰੀ ਮੀਆਂ ਮੀਰ ਜੀ ਪਾਸ ਗਏ। ਮੀਆਂ ਜੀ ਦੇ ਆਦਰ ਦੇਣ ਦੀ ਝਾਕੀ ਸੂਰਜ ਪ੍ਰਕਾਸ਼ ਵਿਚ ਲਿਖੀ ਹੈ। ਇਕ ਦਿਨ ਆਪ ਜੀ ਆਪਣੇ ਟਿਕਾਣੇ ਤੋਂ ਥੋੜ੍ਹੀ ਦੂਰ ਹੀ ਗਏ ਸਨ ਕਿ ਅੱਗੋਂ ਗੁਰੂ ਹਰਿਗੋਬਿੰਦ ਜੀ ਮਿਲ ਗਏ। ਬਹੁਤ ਪ੍ਰਸੰਨ ਹੋਏ। ਆਪ ਜੀ ਅੱਗੇ ਵਧ ਕੇ ਉਹਨਾਂ ਨੂੰ ਲੈਣ ਲਈ ਗਏ। ਗੁਰੂ ਹਰਿਗੋਬਿੰਦ ਜੀ ਆਪੂੰ ਉਤਰਨ ਲੱਗੇ ਤਾਂ ਆਪ ਜੀ ਨੇ ਛੇਤੀ ਨਾਲ ਹੱਥੀਂ ਰਕਾਬ ਫੜ ਕੇ ਘੋੜੇ ਤੋਂ ਉਤਾਰਿਆ। ਫਿਰ ਹੱਥ ਵਿਚ ਹੱਥ ਪਾ ਕੇ ਦੋਵੇਂ ਮਹਾਂਪੁਰਸ਼ ਦੀਵਾਨ-ਅਸਥਾਨ ਆਏ :

**"ਘਰ ਤੇ ਪੀਰ ਥਰ ਹੀ ਚਲੇ।**
**ਜਾਇ ਅਗੋਂ ਸਤਿਗੁਰ ਮਿਲੇ।**

**ਲੋਕ ਬਿਲੋਕਤ ਇਮ ਲਖ ਪਾਯੋ।**
**ਲੈਣ ਗੁਰੂ ਕੋ ਆਗੇ ਆਯੋ।**
**ਹੋਰ ਪਰਸਪਰ ਵਸਿਓ ਅਨੰਦ।**
**ਮੀਆਂ ਮੀਰ ਮਿਲੇ ਕਰ ਬੰਦ।**
**ਸ੍ਰੀ ਹਰਿਗੋਬਿੰਦ ਉਤਰਨ ਲਾਗੇ।**
**ਗਹੀ ਰਕਾਬ ਸ਼ੀਘਰ ਹੋਇ ਆਗੇ।**
**ਧਰੇ ਹਾਥ ਮਹਿ ਹਾਥ ਆਗਾਰੇ।**
**ਹੋਇ ਬਰਾਬਰ ਜੁਗਲ ਪਧਾਰੇ।"** (ਰਾਸ ਪੰਜਵੀ, ਅੰਸ ੨੦)

ਮਹਿਮਾ ਪ੍ਰਕਾਸ਼ ਨੇ ਲਿਖਿਆ ਹੈ ਕਿ ਜਦ ਦੋਵੇਂ ਮਹਾਂਪੁਰਸ਼ ਇਕ ਦੂਜੇ ਦੇ ਸਾਹਮਣੇ ਬੈਠੇ ਤਾਂ ਇੰਝ ਲੱਗੇ :

**'ਮਾਨੋ ਦੁਇ ਦਰਪਨ ਸਨਮੁਖ ਧਰੇ।'**

'ਜਿਵੇਂ ਦੋ ਸ਼ੀਸ਼ੇ ਇਕ ਦੂਜੇ ਸਾਹਮਣੇ ਰੱਖੇ ਜਾਣ ਤਾਂ ਲਾ-ਇੰਤਾਹ ਹੋ ਜਾਂਦੇ ਹਨ। ਕੋਈ ਪਾਰਾਵਾਰ ਨਹੀਂ ਰਹਿੰਦਾ।'

ਪੰਜ ਦਿਨ ਬੀਮਾਰ ਰਹਿ ਕੇ, ਮੀਆਂ ਮੀਰ ਜੀ ੧੧ ਅਗਸਤ ਸੰਨ ੧੬੩੪ ਦਿਨ ਸ਼ਨਿਚਰਵਾਰ ਨੂੰ ਗੁਜ਼ਰ ਗਏ। ਉਸ ਵੇਲੇ ਉਹ ੮੮ ਸਾਲਾਂ ਦੇ ਸਨ। ਵਜ਼ੀਰ ਖ਼ਾਨ ਜੋ ਉਸ ਸਮੇਂ ਲਾਹੌਰ ਦਾ ਨਵਾਬ ਸੀ, ਇਕ ਹਕੀਮ ਨਾਲ ਲੈ ਕੇ, ਮੀਆਂ ਮੀਰ ਜੀ ਕੋਲ ਬੀਮਾਰੀ ਦਾ ਹਾਲ ਸੁਣ ਕੇ ਪੁੱਜਾ ਤੇ ਇਲਾਜ ਕਰਨ ਦੀ ਆਗਿਆ ਮੰਗੀ ਤਾਂ ਆਪ ਜੀ ਨੇ ਭਾਵ-ਪੂਰਤ ਸ਼ਬਦ ਆਖੇ 'ਹੁਣ ਵੱਡਾ ਹਕੀਮ ਹੀ ਠੀਕ ਹੈ।' ਉਹਨਾਂ ਦਾ ਭਾਵ ਸੀ ਕਿ ਅੰਤਮ ਸਮਾਂ ਆ ਗਿਆ ਹੈ। ਆਪ ਜੀ ਦੇ ਮ੍ਰਿਤਕ ਸਰੀਰ ਨੂੰ ਲਾਹੌਰ ਤੋਂ ਅੱਧ ਕੋਹ ਦੂਰ ਹਾਸ਼ਮਪੁਰੇ ਦਫ਼ਨਾਇਆ ਗਿਆ। ਨੂਰਜਹਾਨ ਨੇ ਆਪਣੀ ਨਿਗਰਾਨੀ ਵਿਚ ਮਕਬਰਾ ਬਣਵਾਇਆ। ਦਾਰਾ ਸ਼ਿਕੋਹ ਨੇ ਖ਼ੂਬਸੂਰਤ ਬਣਾਉਣ ਲਈ ਲਾਲ ਇੱਟਾਂ ਇਕੱਠੀਆਂ ਕੀਤੀਆਂ, ਪਰ ਔਰੰਗਜ਼ੇਬ ਨੇ ਸਾਰੀਆਂ ਇੱਟਾਂ ਚੁਕਵਾ ਕੇ ਸ਼ਾਹੀ ਮਸਜਦ ਉੱਤੇ ਲਵਾ ਦਿੱਤੀਆਂ। ਮਹਾਰਾਜਾ ਰਣਜੀਤ ਸਿੰਘ ਜੀ ਨੂੰ ਜਦ ਮੀਆਂ ਮੀਰ ਜੀ ਦੇ ਮਜ਼ਾਰ ਦੀ ਟੁੱਟੀ-ਫੁੱਟੀ ਹਾਲਤ ਦਾ ਪਤਾ ਲੱਗਾ ਤਾਂ ਉਹਨਾਂ ਨੇ ਮੁਰੰਮਤ ਲਈ ਰੁਪਏ ਦਿੱਤੇ ਤੇ ਨੂਰਦੀਨ ਨੂੰ ਇਮਾਰਤ ਠੀਕ ਕਰਨ ਲਈ ਨਿਯਤ ਕੀਤਾ। ਮਹਾਰਾਜਾ ਰਣਜੀਤ ਸਿੰਘ ਆਪ ਵੀ ਵੇਖਣ ਲਈ ਆਏ। ਇਤਨੀ ਆਵਾਜਾਈ ਤੇ ਸ਼ਰਧਾਲੂਆਂ ਦੀ ਗਿਣਤੀ ਵਧ ਗਈ ਕਿ ਕੋਈ ਵੀ ਫ਼ਕੀਰ, ਜੋ ਮੀਆਂ ਮੀਰ ਜੀ ਦੇ ਮਜ਼ਾਰ ਉੱਤੇ ਆਉਂਦਾ, ਜੇਬਾਂ ਭਰ ਕੇ ਲੈ ਜਾਂਦਾ। ਮੁਨਸ਼ੀ ਸੋਹਣ ਲਾਲ ਸੂਰੀ ਨੇ ਆਪਣੀ ਤਾਰੀਖ਼ ਦੇ ਦਫ਼ਤਰ ਤੀਜੇ, ਹਿੱਸੇ ਤੀਜੇ ਦੇ ਪੰਨਾ ੨੯੮ ਉੱਤੇ ਇਸ ਗੱਲ ਦਾ ਜ਼ਿਕਰ ਕੀਤਾ ਹੈ।

ਗੱਲ ਕੀ, ਮੀਆਂ ਮੀਰ ਜੀ ਨਾ ਸਿਰਫ਼ ਅਲਾਹ ਦੇ ਪਿਆਰੇ ਅਲਾਹ ਦੀਆਂ ਬਰਕਤਾਂ ਨਾਲ ਵਰੋਸਾਏ ਹੋਏ ਸਨ, ਸਗੋਂ ਦਿਲ ਸੂਰਜ ਵਾਂਗ ਰੌਸ਼ਨ ਅਤੇ ਰੂਹ ਸ਼ੀਸ਼ੇ ਵਾਂਗ ਸਾਫ਼ ਸੀ। ਉਹਨਾਂ ਨੂੰ ਦੁਨੀਆਂ ਦੀ ਰਤਾ ਭਰ ਵੀ ਮੈਲ ਨਹੀਂ ਸੀ ਲੱਗੀ ਹੋਈ ਅਤੇ ਨਾ ਕਿਸੇ ਦੀ ਪਰਵਾਹ ਸੀ :

 www.sikhbookclub.com

**ਮੀਆਂ ਮੀਰ ਫਕੀਰ ਬਡ ਕੁਤਬ ਮਰਤਬਾ ਤਾਮ।**
**ਸਦਾ ਮੁਰਾਕਬੇ ਮੋ ਰਹੇ ਨਹੀਂ ਕਛੂ ਪਰਵਾਹ।** (ਮਹਿਮਾ ਪ੍ਰਕਾਸ਼)

ਇਹ ਸਾਂਝਾਂ ਪਿਛੋਂ ਵੀ ਬਣੀਆਂ ਰਹੀਆਂ। ਜਦ ਦਾਰਾ ਸ਼ਿਕੋਹ ਕਾਬਲ ਵੱਲ ਨੱਸਿਆ ਤਾਂ ਗੁਰੂ ਹਰਿ ਰਾਇ ਜੀ ਨੇ ਚੌਧਰੀ ਲੰਘਾਹ ਦੇ ਪੁੱਤਰ ਸਕੰਦਰ ਨੂੰ ਫੌਜ ਦੇ ਕੇ ਉਸ ਨੂੰ ਰਾਵੀ ਪਾਰ ਕਰਾਇਆ। ਜੇ ਦਾਰਾ ਸ਼ਿਕੋਹ ਤੱਖ਼ਤ ਉੱਤੇ ਬੈਠ ਜਾਂਦਾ ਤਾਂ ਹਿੰਦੁਸਤਾਨ ਦਾ ਇਤਿਹਾਸ ਕੁਝ ਹੋਰ ਹੀ ਹੋਣਾ ਸੀ। ਗੁਰੂ ਸਾਹਿਬ ਨੇ ਕਰਤੱਵ ਨਿਭਾ ਦਿੱਤਾ, ਅੱਗੋਂ ਦਾਰਾ ਦੀ ਬਦਕਿਸਮਤੀ ਕਿ ਉਹ ਪਕੜਿਆ ਗਿਆ ਤੇ ਔਰੰਗਜ਼ੇਬ ਹੱਥੋਂ ਕਤਲ ਹੋਇਆ। ਦਾਰਾ ਦੇ ਮੀਆਂ ਮੀਰ ਜੀ ਨਾਲ ਪਿਆਰ ਕਰ ਕੇ ਹੀ ਔਰੰਗਜ਼ੇਬ ਨੇ ਮੀਆਂ ਮੀਰ ਜੀ ਦੇ ਮਜ਼ਾਰ ਦੀਆਂ ਸਾਰੀਆਂ ਇੱਟਾਂ ਉਠਵਾ ਲਈਆਂ ਸਨ। ਭਾਈ ਜੋਧ ਸਿੰਘ ਜੀ ਨੇ ਦੱਸਿਆ ਸੀ ਕਿ ਮੀਆਂ ਮੀਰ ਜੀ ਦੇ ਮਕਬਰੇ ਉੱਤੇ ਮੁਹੰਮਦ ਰਸੂਲ ਅਲਾਹ ਦੇ ਸ਼ਬਦ ਕਲਮੇ ਵਿਚ ਨਹੀਂ ਲਿਖੇ ਹੋਏ ਸਨ, ਉਥੇ ਸਿਰਫ਼ 'ਯਾ ਅਲ੍ਹਾ ਇਲ ਇਲਾਹ' ਹੀ ਲਿਖਿਆ ਹੈ।

SIKHBOOKCLUB.COM

# ੧੧

# ਵਜ਼ੀਰ ਖਾਨ

## ਹਕੀਮ ਅਲੀਮਉਦੀਨ ਅਨਸਾਰੀ

ਸਿੱਖ ਇਤਿਹਾਸ ਵਿਚ ਕਈ ਇਕ ਸ਼ਖ਼ਸੀਅਤਾਂ ਐਸੀਆਂ ਹਨ, ਜਿਨ੍ਹਾਂ ਦਾ ਵਰਣਨ ਤਾਂ ਬਹੁਤ ਵਾਰੀ ਆਇਆ ਹੈ ਪਰ ਉਨ੍ਹਾਂ ਨੂੰ ਸਾਧਾਰਨ ਵਿਅਕਤੀਆਂ ਵਾਂਗ ਹੀ ਉਲੀਕਿਆ ਗਿਆ ਹੈ। ਸਮਕਾਲੀ ਇਤਿਹਾਸ ਦੇ ਪੱਤਰੇ ਪਰਤਿਆਂ ਇਹ ਛੇਤੀ ਹੀ ਪ੍ਰਗਟ ਹੋ ਜਾਂਦਾ ਹੈ ਕਿ ਉਹਨਾਂ ਮਹਾਨ ਵਿਅਕਤੀਆਂ ਦਾ ਆਪਣੇ ਸਮੇਂ ਅਸਥਾਨ ਨਿਵੇਕਲਾ ਤੇ ਉਚੇਰਾ ਸੀ। ਸਾਡੇ ਸਾਖੀਕਾਰਾਂ ਤੇ ਵਿਆਖਿਆਕਾਰਾਂ ਨੇ ਵਰਣਨ ਕਰਨ ਵੇਲੇ ਇਤਨੀ ਅਣਗਹਿਲੀ ਤੋਂ ਕੰਮ ਲਿਆ ਕਿ ਉਹ ਮਹਾਨ, ਸਾਧਾਰਨ ਬਣ ਕੇ ਰਹਿ ਗਏ। ਐਸੀਆਂ ਪਾਵਨ ਸ਼ਖ਼ਸੀਅਤਾਂ ਵਿਚੋਂ ਰਾਇਬੁਲਾਰ, ਭਾਈ ਮਰਦਾਨਾ ਜੀ, ਨਵਾਬ ਦੌਲਤ ਖ਼ਾਨ ਲੋਧੀ, ਭਾਈ ਬਹਿਲੋ, ਭਾਈ ਮੰਝ, ਭਾਈ ਚੌਧਰੀ ਲੰਘਾਹ, ਭਾਈ ਸਕੰਦਰ, ਮੀਆਂ ਮੀਰ ਜੀ, ਜਹਾਂਗੀਰ ਸ਼ਾਹ, ਸ਼ਾਹ ਦਉਲਾ, ਸ਼ਾਹ ਬਿਲਾਵਲ, ਵਜ਼ੀਰ ਖ਼ਾਨ, ਸਯਦ ਜਾਨੀ, ਖ਼੍ਵਾਜਾ ਰੋਸ਼ਨ, ਪੀਰ ਬੁੱਧੂ ਸ਼ਾਹ, ਪੀਰ ਭੀਖਣ ਅਤੇ ਅਨੇਕਾਂ ਹੋਰ ਐਸੇ ਨਾਮ ਆਉਂਦੇ ਹਨ, ਜਿਨ੍ਹਾਂ ਸਿੱਖ ਇਤਿਹਾਸ ਦੇ ਪੰਨਿਆਂ ਨੂੰ ਆਪਣੇ ਕਰਤੱਵਾਂ ਨਾਲ ਸੁਗੰਧਤ ਕੀਤਾ ਤੇ ਜਿਨ੍ਹਾਂ ਦੀ ਖ਼ੁਸ਼ਬੂਈ ਨਾਲ ਅਜੇ ਵੀ ਸਿੱਖ ਫੁਲਵਾੜੀ ਮਹਿਕ ਰਹੀ ਹੈ।

ਇਨ੍ਹਾਂ ਵਿਚੋਂ ਇਕ ਐਸਾ ਹੀ ਸੀ ਵਜ਼ੀਰ ਖ਼ਾਨ, ਜੋ ਲਾਹੌਰ ਦਾ ਨਵਾਬ, ਸੁਚੱਜਾ ਹਕੀਮ, ਜਹਾਂਗੀਰ ਦਾ ਪਿਆਰਾ, ਸ਼ਾਹ ਜਹਾਨ ਦਾ ਮਿੱਤਰ-ਆਗੂ, ਬੇਗਮਾਂ ਦਾ ਨਿੱਜੀ ਹਕੀਮ, ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਨਿਸਚਾ ਰੱਖਣ ਵਾਲਾ, ਗੁਰੂ ਹਰਿਗੋਬਿੰਦ ਜੀ ਦਾ ਨਿਮਾਣਾ ਸੇਵਕ ਤੇ ਸਭ ਤੋਂ ਵੱਧ ਸੁਖਮਨੀ ਦਾ ਆਸ਼ਕ ਤੇ ਰੋਜ਼ ਸਵੇਰੇ ਭਾਈ ਭਾਗੂ ਨਾਂ ਦੇ ਸਿੱਖ ਕੋਲੋਂ ਪੂਰੀ ਸੁਖਮਨੀ ਸੁਣ ਕੇ ਕੰਮ-ਕਾਜ ਉੱਤੇ ਜਾਣ ਵਾਲਾ।

ਵਜ਼ੀਰ ਖ਼ਾਨ ਉਨ੍ਹਾਂ ਨੂੰ ਸ਼ਾਹ ਜਹਾਨ ਵਲੋਂ ਮਿਲਿਆ ਲੱਕਬ ਸੀ। ਉਨ੍ਹਾਂ ਦਾ ਪੂਰਾ ਨਾਂ ਅਲੀਮ-ਉਦੀਨ ਅਨਸਾਰੀ ਸੀ। ਉਹ ਚਿਨਓਟ (ਜ਼ਿਲ੍ਹਾ ਝੰਗ) ਦੇ ਰਹਿਣ ਵਾਲੇ ਸਨ। ਚਿਨਓਟ ਕਈ ਹੋਰ ਪ੍ਰਸਿੱਧ ਵਿਅਕਤੀਆਂ ਦਾ ਵੀ ਘਰ ਸੀ। ਅਲਾਮਾ ਸੱਯਦ ਅਲਾਹ ਖ਼ਾਨ ਵੀ ਉਥੋਂ ਦੇ ਹੀ ਸਨ। ਚਿਨਓਟ ਵਿਚ ਵਜ਼ੀਰ ਖ਼ਾਨ ਦੇ ਪੱਕੇ ਮਹੱਲਾਂ ਦਾ ਹੋਣਾ ਇਹ ਪ੍ਰਗਟ ਕਰਦਾ ਹੈ ਕਿ ਉਨ੍ਹਾਂ ਦੇ ਵਡੇਰੇ ਕਈ ਪੁਸ਼ਤਾਂ ਤੋਂ ਉੱਥੇ ਰਹਿ ਰਹੇ ਸਨ। ਉਨ੍ਹਾਂ ਦੇ ਪਿਤਾ ਦਾ ਨਾਂ ਸ਼ੇਖ ਅਬਦੁਲ ਲਤੀਫ਼ ਤੇ ਦਾਦੇ ਦਾ ਨਾਮ ਸ਼ੇਖ ਹਸਾਮ-ਉੱਦੀਨ ਸੀ। ਠੀਕ ਜਨਮ

ਤਾਰੀਖ਼ ਦਾ ਪਤਾ ਤਾਂ ਨਹੀਂ ਮਿਲਿਆ, ਪਰ ਇਤਨਾ ਲਿਖਿਆ ਮਿਲਦਾ ਹੈ ਕਿ ਅਰਬੀ ਦੇ ਪੜ੍ਹਨ ਉਪਰੰਤ ਹਕੀਮੀ ਸਿੱਖੀ ਤੇ ਉਸ ਸਮੇਂ ਦੇ ਸਭ ਤੋਂ ਪ੍ਰਸਿੱਧ ਹਕੀਮ ਦਾਵੀ ਕੋਲੋਂ ਵਿਦਿਆ ਲਈ। ਜਦ ਵਜ਼ੀਰ ਖ਼ਾਨ ਵੀਹ ਸਾਲਾਂ ਦੇ ਹੋਏ ਤਾਂ ਉਹ ਲਾਹੌਰ ਆਏ। ਅਕਬਰ ਲਾਹੌਰ ਆਇਆ ਸੀ ਤੇ ਪੰਜਾਬ ਵਿਚ ਭਿਆਨਕ ਕਾਲ ਪਿਆ ਸੀ। ਇਸ ਹਿਸਾਬ ਨਾਲ ਉਨ੍ਹਾਂ ਦਾ ਜਨਮ ਸਾਲ ੧੫੭੫ ਈ: ਕਿਹਾ ਜਾ ਸਕਦਾ ਹੈ, ਕਿਉਂਕਿ ਪੰਜਾਬ ਵਿਚ ਕਾਲ ਦਾ ਸਾਲ ੧੫੯੫ ਈ: ਸੀ। ਉਸੇ ਸਮੇਂ ਗੁਰੂ ਅਰਜਨ ਦੇਵ ਜੀ ਦੁਖੀਆਂ ਦੇ ਦਰਦ ਵੰਡਾਉਣ ਲਈ ਲਾਹੌਰ ਆ ਟਿਕੇ ਸਨ।

ਗੁਰੂ ਅਰਜਨ ਜੀ ਨੇ ਜਦ ਲਾਹੌਰ ਨੂੰ ਲਾਸ਼ਾਂ ਦਾ ਸ਼ਹਿਰ ਬਣਿਆ ਡਿੱਠਾ ਤਾਂ ਦਿਨ ਰਾਤ ਇਕ ਕਰਕੇ ਜਨਤਾ ਦੀਆਂ ਪੀੜਾਂ ਹਰੀਆਂ। ਆਪ ਜੀ ਨੇ ਪਿੰਡਾਂ ਵਿਚ ਫਿਰ ਕੇ ਦਵਾਈਆਂ ਵੰਡੀਆਂ ਤੇ ਲੰਗਰ ਚਲਾਏ। ਵਜ਼ੀਰ ਖ਼ਾਨ ਦੀ ਪਹਿਲੀ ਮੁਲਾਕਾਤ ਉੱਥੇ ਹੀ ਗੁਰੂ ਅਰਜਨ ਜੀ ਨਾਲ ਹੋਈ ਤੇ ਸਿੱਖੀ ਵੱਲ ਪ੍ਰੇਰੇ ਗਏ।

ਸਾਂਝਾਂ ਹੋਰ ਵਧੀਆਂ, ਜਦ ੧੬੦੫ ਈ: ਵਿਚ ਹਕੀਮ ਜੀ ਨੂੰ ਜਲੋਂਧਰ ਦੇ ਰੋਗ ਨੇ ਅਜਿਹਾ ਗ੍ਰਸਿਆ ਕਿ ਸਾਰੇ ਕੀਤੇ ਦਾਰੂ ਦੱਪੇ ਨਿਸਫ਼ਲ ਹੋ ਗਏ। ਆਪ ਜੀ ਪਾਲਕੀ ਵਿਚ ਬੈਠ ਸ੍ਰੀ ਅੰਮ੍ਰਿਤਸਰ ਆਏ। ਗੁਰੂ ਅਰਜਨ ਦੇਵ ਜੀ ਉਸ ਸਮੇਂ ਦੁਖ ਭੰਜਨੀ ਪਾਸ ਥੜਾ ਸਾਹਿਬ ਉੱਪਰ ਬੈਠ ਕੇ ਅੰਮ੍ਰਿਤਸਰ ਦੀ ਕਾਰ ਕਢਵਾ ਰਹੇ ਸਨ। ਉਨ੍ਹਾਂ ਦੀ ਪਾਲਕੀ ਦੁਖ ਭੰਜਨੀ ਹੇਠ ਰੱਖ ਦਿੱਤੀ ਗਈ ਤੇ ਭੁੰਜੇ ਲਿਟਾ ਦਿੱਤਾ ਗਿਆ। ਗੁਰੂ ਜੀ ਨੇ ਦੂਰੋਂ ਹੀ ਕਿਹਾ : 'ਬਾਬਾ ਜੀ, ਵਜ਼ੀਰ ਖਾਨ ਉੱਤੇ ਕਿਰਪਾ ਕਰੋ।' ਬਾਬਾ ਬੁੱਢਾ ਜੀ ਨੇ ਮੁਸਕਰਾ ਦਿੱਤਾ। ਜਦ ਗੁਰੂ ਜੀ ਨੇ ਫਿਰ ਉਹ ਹੀ ਬਚਨ ਬੋਲੇ ਤਾਂ ਬਾਬਾ ਜੀ ਨੇ ਕਾਰ ਦੀ ਭਰੀ ਹੋਈ ਟੋਕਰੀ ਵਜ਼ੀਰ ਖ਼ਾਨ ਦੇ ਪੇਟ ਉੱਤੇ ਮਾਰੀ, ਸਾਰਾ ਪੇਟ ਸਾਫ਼ ਹੋ ਗਿਆ। ਗੁਰੂ ਜੀ ਨੇ ਆਪਣੀ ਹੱਥੀਂ ਕੜਾਹ ਪ੍ਰਸ਼ਾਦ ਦਿੱਤਾ। ਉਸ ਨੇ ਜਦ ਸਦਾ ਸ਼ਾਂਤੀ ਦੀ ਬਖਸ਼ਿਸ਼ ਮੰਗੀ ਤਾਂ ਗੁਰੂ ਜੀ ਨੇ ਸੁਖਮਨੀ ਦਾ ਪਾਠ ਸੁਣਨ ਲਈ ਕਿਹਾ। ਉਹ ਆਪਣੇ ਨਾਲ ਇਕ ਭਾਗੂ ਨਾਮ ਦੇ ਸਿੱਖ ਨੂੰ, ਜਿਸ ਨੂੰ ਸੁਖਮਨੀ ਜ਼ਬਾਨੀ ਯਾਦ ਸੀ, ਲੈ ਗਿਆ ਤੇ ਰੋਜ਼ ਸੁਖਮਨੀ ਸੁਣਨ ਦਾ ਸੁਭਾਅ ਪੱਕ ਗਿਆ। ਪਾਠ ਪਿੱਛੋਂ ਕੜਾਹ ਪ੍ਰਸ਼ਾਦ ਵੀ ਵਰਤਾਉਂਦਾ।

ਲਾਹੌਰ ਵਿਚ ਹਕੀਮੀ ਜਦ ਨਾ ਚੱਲੀ ਤਾਂ ਵਜ਼ੀਰ ਖ਼ਾਨ ਦਿੱਲੀ ਵੱਲ ਚਲੇ ਗਏ। ਦਿੱਲੀ ਵੀ ਕਿਸਮਤ ਨੇ ਸਾਥ ਨਾ ਦਿੱਤਾ ਤੇ ਉਥੋਂ ਅਕਬਰਾਬਾਦ (ਆਗਰੇ) ਪੁੱਜੇ। ਇਸੇ ਦੌਰਾਨ ਗੁਰੂ ਅਰਜਨ ਜੀ ਦੀ ਸ਼ਹੀਦੀ ਹੋ ਗਈ। ਆਪ ਜੀ ਬੜਾ ਤੜਫੇ ਪਰ ਬੇਵਸ ਸਨ। ਅਕਬਰਾਬਾਦ ਬਹੁਤ ਹੀ ਸ਼ੁਹਰਤ ਵਧ ਗਈ ਤੇ ਸ਼ਹਿਜ਼ਾਦਾ ਖੁਰੱਮ (ਸ਼ਾਹ ਜਹਾਨ) ਨੇ ਆਪਣੇ ਪਾਸ ਨੌਕਰ ਵੀ ਰੱਖ ਲਿਆ। ਜਹਾਂਗੀਰ ਨੇ ਵੀ ਹੁਣ ਇੱਜ਼ਤ ਦੇਣੀ ਆਰੰਭ ਕਰ ਦਿੱਤੀ। ਥੋੜ੍ਹੇ ਹੀ ਦਿਨਾਂ ਵਿਚ ਆਪ ਸ਼ਹਿਨਸ਼ਾਹ, ਸ਼ਹਿਜ਼ਾਦਿਆਂ ਤੇ ਹਰਮ ਦੀਆਂ ਬੇਗਮਾਂ ਦੇ ਨਿੱਜੀ ਹਕੀਮ (ਮਿਜ਼ਾਜ ਸ਼ਿਨਾਸ), ਨਿਯਤ ਹੋ ਗਏ। ਐਸੀ ਦਿਆਨਤਦਾਰੀ ਤੇ ਲਗਨ ਨਾਲ ਕੰਮ ਕੀਤਾ ਕਿ ਦੀਵਾਨ-ਬੇਵਤਾਤ ਰੁਤਬੇ ਤਕ ਪੁੱਜੇ। ਉਥੇ ਵੀ ਫ਼ਰਜ਼ ਨਿਭਾਉਣ ਦੀ ਹੱਦ ਦੱਸੀ। ਪਹਿਲਾਂ ਮੀਰ ਸਮਾਨ (ਸ਼ਾਹੀ ਲੰਗਰ ਦੇ ਇੰਚਾਰਜ) ਤੇ ਫਿਰ ਦੀਵਾਨ ਬਣ ਗਏ। ਸ਼ਹਿਜ਼ਾਦਾ ਖ਼ੁਰਮ (ਸ਼ਾਹ ਜਹਾਨ) ਆਪ ਜੀ ਨੂੰ ਨਾਲ ਹੀ ਰੱਖਣ ਲੱਗ ਪਿਆ। ਵਜ਼ੀਰ ਖ਼ਾਨ ਦੇ ਆਚਰਨ

ਤੋਂ ਉਹ ਐਸਾ ਪ੍ਰਭਾਵਤ ਹੋਇਆ ਕਿ ਉਸ ਨੇ ਆਪ ਲਿਖਿਆ ਹੈ, 'ਹਕੀਮ ਸਾਹਿਬ ਨੇ ਕਦੀ ਕਿਸੇ ਚੀਜ਼ ਦੀ ਫ਼ਰਮਾਇਸ਼ ਨਹੀਂ ਕੀਤੀ, ਸਗੋਂ ਜੋ ਕੁਝ ਕਮਾਇਆ ਉਸ ਵਿਚੋਂ ਦਸ ਬਾਰਾਂ ਲੱਖ ਰੁਪਿਆ ਸ਼ਾਹੀ ਦਵਾਖ਼ਾਨੇ ਅਤੇ ਦਵਾਈਆਂ ਉੱਤੇ ਲਗਾ ਦਿੱਤਾ।'

ਜਿਸ ਘਟਨਾ ਨੇ ਹਕੀਮ ਅਲੀਮ-ਉਦੀਨ ਦੀ ਸ਼ੋਭਾ ਚਾਰੇ ਪਾਸੇ ਫੈਲਾਦੀ; ਉਹ ਨੂਰ ਜਹਾਨ ਨੂੰ ਬਜਰ ਰੋਗ ਤੋਂ ਬਚਾਉਣਾ ਸੀ। ਜਹਾਂਗੀਰ ਸਮੇਂ ਹੀ ਵਜ਼ੀਰ ਖ਼ਾਨ ਵਾਪਸ ਲਾਹੌਰ ਆ ਗਏ ਸਨ। ਗੁਰੂ ਹਰਿਗੋਬਿੰਦ ਜੀ ਦੀ ਗ੍ਰਿਫ਼ਤਾਰੀ ਸਮੇਂ ਆਪ ਜੀ ਦਿੱਲੀ ਹੀ ਸਨ। ਮੀਆਂ ਮੀਰ ਜੀ ਜਦ ਦਿੱਲੀ ਗਏ ਤਾਂ ਇਨ੍ਹਾਂ ਪਾਸ ਠਹਿਰੇ ਸਨ ਤੇ ਉਨ੍ਹਾਂ ਦੋਵਾਂ ਮਹਾਂਪੁਰਸ਼ਾਂ ਨੇ ਕਈਆਂ ਹੋਰਨਾਂ ਨੂੰ ਸਾਥ ਲੈ ਕੇ ਜਹਾਂਗੀਰ ਨੂੰ ਪ੍ਰੇਰਿਆ ਤੇ ਗੁਰੂ ਹਰਿਗੋਬਿੰਦ ਜੀ ਦੀ ਗਵਾਲੀਅਰ ਤੋਂ ਰਿਹਾਈ ਹੋਈ। ਆਪ ਜੀ ਉਥੋਂ ਲਾਹੌਰ ਪਰਤ ਆਏ ਸਨ। ਨੂਰ ਜਹਾਨ ਸਖ਼ਤ ਬੀਮਾਰ ਰਹਿਣ ਲੱਗ ਪਈ ਸੀ ਤੇ ਵਜ਼ੀਰ ਖ਼ਾਨ ਦੀ ਸ਼ੋਭਾ ਉਹ ਕਈ ਵਾਰੀ ਸੁਣ ਚੁਕੀ ਸੀ। ਲਾਹੌਰ ਆ ਕੇ ਉਸ ਇਲਾਜ ਕਰਾਇਆ ਤੇ ਬਿਲਕੁਲ ਨਰੋਈ ਹੋ ਗਈ। ਜਦ ਗੁੱਸਲੇ-ਸਿਹਤ (ਨਿਰੋਆ ਹੋਣ ਦਾ ਇਸ਼ਨਾਨ) ਕਰ ਕੇ ਨੂਰ ਜਹਾਨ ਬਾਹਰ ਨਿਕਲੀ ਤਾਂ ਉਸ ਨੇ ਹਕੀਮ ਸਾਹਿਬ ਨੂੰ ਇਕ ਲੱਖ ਰੁਪਿਆਂ ਦੀ ਖਿੱਲਤ ਦਿੱਤੀ ਤੇ ਸੱਤ ਲੱਖ ਰੁਪਿਆ ਨਕਦ ਪੇਸ਼ ਕੀਤਾ। ਸਾਰਾ ਪਹਿਨਿਆ ਹੋਇਆ ਜ਼ੇਵਰ ਵੀ ਉਤਾਰ ਕੇ ਵਜ਼ੀਰ ਖ਼ਾਨ ਦੀ ਭੇਟਾ ਕਰ ਦਿੱਤਾ। ਸਾਰਾ ਜ਼ੇਵਰ ਉਤਾਰਦਿਆਂ ਦੇਖ ਹਰਮ ਦੀਆਂ ਸਾਰੀਆਂ ਨੌਕਰਾਣੀਆਂ ਨੇ ਵੀ ਆਪਣੇ ਜ਼ੇਵਰ ਉਤਾਰ ਕੇ ਵਜ਼ੀਰ ਖ਼ਾਨ ਨੂੰ ਦੇ ਦਿੱਤੇ। ਇਸ ਤਰ੍ਹਾਂ ਇਕ ਦਿਨ ਵਿਚ ਹੀ ਬਾਈ ਲੱਖ ਰੁਪਿਆ ਉਨ੍ਹਾਂ ਨੂੰ ਮਿਲਿਆ।

ਗੁਰੂ ਹਰਿਗੋਬਿੰਦ ਜੀ ਨਾਲ ਕਈ ਮੁਲਾਕਾਤਾਂ ਹੋਈਆਂ। ਕਈ ਵਾਰ ਉਹ ਅੰਮ੍ਰਿਤਸਰ ਆਏ ਤੇ ਗੁਰੂ ਜੀ ਲਾਹੌਰ ਵੀ ਜਾਂਦੇ ਰਹੇ। ਜਦ ਵੀ ਕਿਸੇ ਨੇ ਗੁਰੂ ਜੀ ਬਾਰੇ ਮੁਗ਼ਲ ਦਰਬਾਰ ਵਿਚ ਕੋਈ ਕੋਹਝੀ ਗੱਲ ਕਰਨੀ ਚਾਹੀ, ਆਪ ਨੇ ਉਥੇ ਹੀ ਟੋਕ ਦਿੱਤਾ। ਇਸੇ ਕਾਰਨ ਉਨ੍ਹਾਂ ਨੂੰ ਸਿੱਖ ਘਰ ਵਿਚ 'ਗੁਰੂ ਦਾ ਹਰਕਾਰਾ' ਕਰ ਲਿਖਿਆ ਹੈ। ਜਦ ਗੁਰੂ ਹਰਿਗੋਬਿੰਦ ਜੀ ਕੀਰਤਪੁਰ ਵਸਾਉਣ ਲਈ ਉੱਧਰ ਚਲੇ ਗਏ ਤਾਂ ਵਜ਼ੀਰ ਖ਼ਾਨ ਕੀਰਤਪੁਰ ਪੁੱਜੇ ਤੇ ਬਹੁਤ ਹੀ ਭੇਟਾਵਾਂ ਪੇਸ਼ ਕੀਤੀਆਂ। ਇਤਿਹਾਸ ਵਿਚ ਜ਼ਿਕਰ ਹੈ :

**ਤਬ ਵਜ਼ੀਰ ਖ਼ਾਨ ਗੁਰੂ ਹਕਾਰਾ**
**ਆਯੋ ਲੇਕਰ ਭੇਟ ਉਦਾਰਾ॥**

ਸੱਚੀ ਗੱਲ ਇਹ ਹੈ ਜਦ ਉਲਝਣਾਂ ਪੈਣ ਲੱਗੀਆਂ, ਆਪ ਜੀ ਦੀ ਸਿਆਣਪ ਨੇ ਹੀ ਉਨ੍ਹਾਂ ਦਾ ਹੱਲ ਲੱਭਿਆ। ਸੰਨ ੧੬੨੮ ਵਿਚ ਸ਼ਾਹ ਜਹਾਨ, ਜਹਾਂਗੀਰ ਦੀ ਥਾਂ ਤਖ਼ਤ ਉੱਤੇ ਬੈਠਾ। ਵਜ਼ੀਰ ਖ਼ਾਨ ਦੀ ਲਿਆਕਤ ਦੀ ਕਦਰ ਕਰਦੇ ਹੋਏ ਉਸ ਨੇ ਖ਼ਿਲਤ ਫ਼ਾਖਰਾ, ਖੰਜਰ ਮਰਸਯ ਦਿੱਤਾ। ਇਕ ਘੋੜਾ ਸਮੇਤ ਸਾਜ਼-ਸਾਮਾਨ ਦੇ, ਇਕ ਊਠ, ਇਕ ਝੰਡਾ, ਇਕ ਨਗਾਰਾ, ਇਕ ਲੱਖ ਰੁਪਿਆ ਨਕਦ ਤੇ ਪੰਜ ਹਜ਼ਾਰ ਜ਼ਾਤ ਤੇ ਤਿੰਨ ਹਜ਼ਾਰ ਸਵਾਰ ਤੇ ਮਨਸਬ ਦਿੱਤੇ।[1]

ਸ਼ਾਹ ਜਹਾਨ ਆਪ ਤਾਂ ਪੰਜਾਬ ਨਾ ਆ ਸਕਿਆ, ਇਸ ਲਈ ਸ਼ਾਹੀ ਫ਼ੌਜਾਂ ਨੇ ਗੁਰੂ

1. ਬਾਦਸ਼ਾਨਾਮਾ, ਪੁਸਤਕ ਪਹਿਲੀ, ਹਿੱਸਾ ਪਹਿਲਾ, ਪੰਨਾ ੧੧੭

 www.sikhbookclub.com

ਘਰ ਨਾਲ ਝੜਪਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ੧੬੨੯ ਵਿਚ ਅੰਮ੍ਰਿਤਸਰ ਲਾਗੇ ਗੁਮਟਾਲੇ, ਜਿੱਥੇ ਪਿੱਛੋਂ ਖ਼ਾਲਸਾ ਕਾਲਜ ਬਣਿਆ, ਵਿਖੇ ਪਹਿਲੀ ਝੜਪ ਹੋਈ, ਜਿਸ ਵਿਚ ਸ਼ਾਹੀ ਫ਼ੌਜਾਂ ਨੂੰ ਕਰਾਰੀ ਹਾਰ ਹੋਈ। ਵਜ਼ੀਰ ਖ਼ਾਨ ਨੇ ਸਾਰੀ ਠੀਕ ਗੱਲ ਸ਼ਾਹ ਜਹਾਨ ਨੂੰ ਪੁਜਾ ਦਿੱਤੀ। ਇਸੇ ਤਰ੍ਹਾਂ ਛੇਤੀ ਹੀ ਅਗਲੇ ਸਾਲ ਹਰਿਗੋਬਿੰਦਪੁਰ ਵਿਚ ਜਦ ਦੂਜੀ ਜੰਗ ਹੋਈ ਤਾਂ ਵੀ ਵਜ਼ੀਰ ਖ਼ਾਨ ਨੇ ਮੌਕਾ ਸੰਭਾਲ ਰੱਖਿਆ। ਤਾਰੀਖ-ਇ-ਪੰਜਾਬ ਵਿਚ ਲਿਖਿਆ ਹੈ ਕਿ ਉਸ ਤੋਂ ਪਿੱਛੋਂ ਕੁਕਰਮੀ ਅਤੇ ਈਰਖਾਲੂ ਲੋਕ ਸ਼ਾਹ ਜਹਾਨ ਬਾਦਸ਼ਾਹ ਨੂੰ ਗੁਰੂ ਜੀ ਵਿਰੁੱਧ ਚੁੱਕਦੇ ਰਹੇ, ਪਰੰਤੂ ਦਾਰਾ ਸ਼ਿਕੋਹ ਤੇ ਹੋਰ ਜਿਹੜੇ ਨੇਕ ਦਿਲ ਸਨ ਅਤੇ ਗੁਰੂ ਜੀ ਦੇ ਸ਼ਰਧਾਲੂਆਂ ਵਿਚੋਂ ਸਨ, ਬਾਦਸ਼ਾਹ ਨੂੰ ਇਸ ਕੰਮ ਤੋਂ ਵਰਜਦੇ ਰਹੇ। ਇਕ ਵਾਰ (ਦੂਜੀ ਜੰਗ ਪਿਛੋਂ) ਗੱਲ ਇਥੋਂ ਤੱਕ ਅਪੜ ਗਈ ਕਿ ਬਾਦਸ਼ਾਹ ਨੇ ਹਰਿਗੋਬਿੰਦਪੁਰਾ ਨਗਰ ਨੂੰ ਢਾਹ ਦੇਣ ਦਾ ਹੁਕਮ ਦੇ ਦਿੱਤਾ। ਵਜ਼ੀਰ ਖ਼ਾਨ ਨੇ ਨੀਤੀ ਵਰਤੀ। ਗੁਰੂ ਜੀ ਨੇ ਇਕ ਮਸਜਦ ਵੀ ਉਸ ਨਗਰ ਵਿਚ ਬਣਾਈ ਹੋਈ ਸੀ। ਵਜ਼ੀਰ ਖ਼ਾਨ ਤੇ ਦਾਰਾ ਨੂੰ ਇਕ ਦਲੀਲ ਵਿਸ਼ੇਸ਼ ਕਰਕੇ ਮਿਲ ਗਈ ਕਿ ਜਿਸ ਗੁਰੂ ਨੇ ਮਸਜਦ ਬਣਵਾਈ ਹੈ, ਉਹ ਕਿਸੇ ਦੂਜੇ ਧਰਮ ਦਾ ਦੋਖੀ ਨਹੀਂ ਹੋ ਸਕਦਾ। ਨਗਰ ਤਬਾਹੀ ਤੋਂ ਬਚਾ ਲਿਆ ਗਿਆ ਅਤੇ ਫਿਰ ਤੀਜੀ ਜੰਗ ਉਪਰੰਤ ਜਦ ਸੰਨ ੧੬੩੨ ਨੂੰ ਸ਼ਾਹ ਜਹਾਨ ਪੰਜਾਬ ਵੱਲ ਆਇਆ ਤਾਂ ਵਿਰੋਧੀਆਂ ਨੇ ਉਸ ਦੇ ਕੰਨ ਭਰੇ। ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ :—ਚੁਗਲਾਂ ਨੂੰ ਚੁਗਲੀ ਕਰਨ ਦਾ ਚੰਗਾ ਸਮਾਂ ਹੱਥ ਆਇਆ। ਕਿਸੇ ਨੇ ਚੰਦੂ ਦੀ ਬੇਟੀ ਦੀ ਅਰਜ਼ੀ ਸੁਣਾਈ। ਕਿਸੇ ਨੇ ਮਿਹਰਬਾਨ ਦੀ ਮਿਸਲ ਕਢਵਾਈ। ਕਿਸੇ ਨੇ ਕੌਲਾਂ ਦੇ ਕੌਲ ਯਾਦ ਕਰਵਾਏ। ਕਿਸੇ ਨੇ ਨਿਡਰ ਤੇ ਬੇਪ੍ਰਵਾਹ ਜਣਾਇਆ, ਕਿਸੇ ਨੇ ਗ਼ਜ਼ਬ ਦੀਆਂ ਗੱਲਾਂ ਕਰਦਾ ਸੁਣਾਇਆ। ਕਿਸੇ ਨੇ ਦੌਲਤ ਦਾ ਅਭਿਮਾਨੀ ਦਿਖਾਇਆ। ਕਿਸੇ ਨੇ ਸ਼ਸਤਰਾਂ ਦਾ ਗੁਮਾਨੀ ਆਖਿਆ। ਇਕ ਪਾਟੇ ਖ਼ਾਨ ਵਿਚੋਂ ਬੋਲ ਉਠਿਆ, "ਜੀ ਇਸ ਮੀਰ ਦੇ ਅਸਮਾਨ ਵਿਚ ਕੁੱਤੇ ਭੌਂਕਦੇ ਹਨ, ਇਸ ਨੇ ਆਪਣੇ ਵੱਡਿਆਂ ਦੀ ਪੀਰ ਫ਼ਕੀਰਾਂ ਵਾਲੀ ਰੀਤ ਮਰਯਾਦਾ ਛੱਡ ਕੇ ਅਮੀਰੀ ਵਿਚ ਪੈਰ ਰੱਖਿਆ ਹੈ। ਸਾਰੇ ਜਗ ਦੇ ਬਾਦਸ਼ਾਹ ਨੂੰ ਝੂਠਾ ਅਤੇ ਆਪ ਨੂੰ ਸੱਚਾ ਪਾਤਸ਼ਾਹ ਕਹਾਉਂਦਾ ਹੈ। ਇਕ ਥੜ੍ਹੇ ਦਾ ਨਾਮ ਅਕਾਲ ਤਖ਼ਤ ਧਰ ਰੱਖਿਆ ਹੈ। ਅੱਜ ਬਾਜ ਨੂੰ ਹੱਥ ਪਾਇਆ ਹੈ, ਕੱਲ ਤਾਜ ਨੂੰ ਹੱਥ ਪਾਏਗਾ।" ਵਜ਼ੀਰ ਖ਼ਾਨ ਦੌਲਤਾਬਾਦ (ਸਿੰਧ) ਵੱਲ ਫ਼ਤਹ ਖ਼ਾਨ ਦੀ ਬਗ਼ਾਵਤ ਨੂੰ ਦਬਾਉਣ ਲਈ ਗਏ ਹੋਏ ਸਨ। ਸਿੱਖ ਇਤਿਹਾਸ ਲਿਖਦਾ ਹੈ ਕਿ ਉਹ ਉਸ ਮੁਹਿੰਮ ਉੱਤੇ ਚੜ੍ਹਨ ਸਮੇਂ ਗੁਰੂ ਜੀ ਦੀ ਅਸ਼ੀਰਵਾਦ ਲੈ ਕੇ ਗਏ ਸਨ। ਵਜ਼ੀਰ ਖ਼ਾਨ ਦਾ ਆਉਣਾ ਸੁਣ ਕੇ ਫ਼ਤਹ ਖ਼ਾਨ ਨੇ ਈਨ ਮੰਨ ਲਈ। ਇਧਰ ਵਿਰੋਧੀ ਸ਼ਾਹ ਜਹਾਨ ਨੂੰ ਗੁਰੂ ਹਰਿਗੋਬਿੰਦ ਵਿਰੁੱਧ ਕਾਰਵਾਈ ਕਰਨ ਲਈ ਪ੍ਰੇਰ ਰਹੇ ਸਨ ਤਾਂ ਉਧਰੋਂ ਵਜ਼ੀਰ ਖ਼ਾਨ ਜਿੱਤ ਪ੍ਰਾਪਤ ਕਰ ਜਲੰਧਰ ਨੇੜੇ ਅੱਗੋਂ ਪੁੱਜ ਗਏ। ਸ਼ਾਹ ਜਹਾਨ ਨੇ ਹਕੀਮ ਅਲੀਮ-ਉਦੀਨ ਨੂੰ ਵਜ਼ੀਰ ਖ਼ਾਨ ਦਾ ਖ਼ਿਤਾਬ ਦਿੱਤਾ ਤੇ ਲਾਹੌਰ ਦਾ ਨਵਾਬ ਨਿਯਤ ਕੀਤਾ। ਵਜ਼ੀਰ ਖ਼ਾਨ ਨਾਲ ਮੁਹਿੰਮ ਉੱਤੇ ਜ਼ਬਰਦਸਤ ਖ਼ਾਨ ਟੋਕੇ ਵਾਲਾ ਵੀ ਸੀ, ਜਿਸ ਨੂੰ ਗੁਰੂ ਹਰਿਗੋਬਿੰਦ ਜੀ ਨੇ ਕਿਲ੍ਹਾ ਗਵਾਲੀਅਰ ਵਿਚੋਂ ਰਿਹਾ ਕਰਾਇਆ ਸੀ। ਵਜ਼ੀਰ ਖ਼ਾਨ ਨੇ ਸ਼ਾਹ ਜਹਾਨ ਦੇ ਸਾਰੇ ਭੁਲੇਖੇ ਕੱਢੇ ਤੇ ਦੱਸਿਆ ਕਿ ਗੁਰੂ ਹਰਿਗੋਬਿੰਦ ਜੀ ਦੇ ਦੋ ਘੋੜਿਆਂ ਨੂੰ, ਜਿਨ੍ਹਾਂ ਨੂੰ ਉਹਨਾਂ ਦੇ ਸੇਵਕ ਕਾਬਲ ਤੋਂ ਲਿਆ ਰਹੇ ਸਨ, ਕਾਜ਼ੀ ਰੁਸਤਮ ਖ਼ਾਨ ਨੇ ਖੋਹ ਲਿਆ ਸੀ। ਬੀਬੀ

ਕੌਲਾਂ, ਕਾਜ਼ੀ ਦੀ ਕਨੀਜ਼ ਸੀ ਤੇ ਉਹ ਉਸ ਨੂੰ ਬਹੁਤ ਹੀ ਤੰਗ ਕਰਦਾ ਸੀ ਤੇ ਮੀਆਂ ਮੀਰ ਜੀ ਦਾ ਚੇਲਾ ਅਬਦੁਲਾ ਯਾਰ ਆਪ ਗੁਰੂ ਪਾਸ ਛੱਡ ਗਿਆ ਸੀ। ਇਸ ਦੀ ਗਵਾਹੀ ਗੁੰਚਾ ਬੇਗ ਤੇ ਕਰੀਮ ਬਖ਼ਸ਼ ਨੇ ਦਿੱਤੀ। ਵਜ਼ੀਰ ਖ਼ਾਨ ਨੇ ਕਿਸੇ ਦੀ ਦਾਲ ਨਾ ਗਲਣ ਦਿੱਤੀ। ਬਾਦਸ਼ਾਹ ਉਥੋਂ ਹੀ ਵਾਪਸ ਮੁੜ ਗਿਆ ਕਿਉਂਕਿ ਦਾਰਾ ਸਖ਼ਤ ਬੀਮਾਰ ਹੋ ਗਿਆ ਸੀ।

ਵਜ਼ੀਰ ਖ਼ਾਨ ਤੋਂ ਬਾਹਰ ਹੋ ਕੇ, ਪਾਇੰਦੇ ਖ਼ਾਨ ਨੇ ਜਲੰਧਰ ਦੇ ਨਵਾਬ ਕਾਲੇਖ਼ਾਨ ਨੂੰ ਨਾਲ ਰਲਾ ਕੇ ਕਰਤਾਰਪੁਰ ਉੱਤੇ ਹੱਲਾ ਬੋਲ ਦਿੱਤਾ। ਤੇਰਾਂ ਹਜ਼ਾਰ ਦੀ ਫ਼ੌਜ ਤਿਆਰ ਕਰਕੇ ਪਾਇੰਦੇ ਖ਼ਾਨ ਆਇਆ। ਉਸ ਕਰਤਾਰਪੁਰ ਦਾ ਘੇਰਾ ਪਾ ਲਿਆ। ਕੋਟਲੇ ਦੇ ਜ਼ਿਮੀਂਦਾਰ ਉਸਮਾਨ ਖ਼ਾਨ ਨੇ ਪਾਇੰਦਾ ਖ਼ਾਨ (ਪੈਂਦੇ ਖ਼ਾਨ) ਨੂੰ ਕਿਹਾ, 'ਤੂੰ ਆਪਣੇ ਬਖ਼ਸ਼ਿਸ਼ ਦਾਤੇ ਉੱਤੇ ਕਦੇ ਵੀ ਜਿੱਤ ਪ੍ਰਾਪਤ ਨਹੀਂ ਕਰ ਸਕੇਂਗਾ। ਤੇਰੀ ਮੌਤ ਤੈਨੂੰ ਲੜਨ ਲਈ ਇਥੇ ਲਿਆਈ ਹੈ।' ਅੱਗੋਂ ਪਾਇੰਦੇ ਖ਼ਾਨ ਨੇ ਕਿਹਾ, 'ਸ਼ਾਇਦ ਤੂੰ ਗੁਰੂ ਜੀ ਦਾ ਕੜਾਹ ਪ੍ਰਸ਼ਾਦ ਖਾ ਲਿਆ ਹੋਵੇਗਾ।' ਉਸਮਾਨ ਖ਼ਾਨ, ਰਈਸ ਕੋਟਲਾ, ਪਰਗਨਾ ਦਸੂਹਾ ਨੇ ਉਸ ਨੂੰ ਕਿਹਾ : 'ਹੇ ਲੂਣ ਹਰਾਮੀ ਤੂੰ ਤਾਂ ਸਾਰੀ ਉਮਰ ਗੁਰੂ ਜੀ ਦਾ ਕੜਾਹ ਪ੍ਰਸ਼ਾਦ ਖਾ ਕੇ ਪਲਿਆ ਹੈਂ।' ਦੋਵੇਂ ਲੜਾਈ ਵਿਚ ਗੁਰੂ ਜੀ ਦੇ ਹੱਥੋਂ ਮਾਰੇ ਗਏ ਤੇ ਗੁਰੂ ਜੀ ਨੇ ਵੀ ਪੱਕਾ ਟਿਕਾਣਾ ਕੀਰਤਪੁਰ ਹੀ ਬਣਾ ਲਿਆ। ੧੬੩੪ ਈ: ਵਿਚ ਸ਼ਾਹ ਜਹਾਨ ਪਹਿਲੀ ਵਾਰ ਬਾਦਸ਼ਾਹ ਬਣਨ ਤੋਂ ਬਾਅਦ ਲਾਹੌਰ ਆਇਆ ਸੀ। ਵਜ਼ੀਰ ਖ਼ਾਨ ਨੇ ਆਪਣੇ ਰਹਿਣ ਲਈ ਮਹੱਲ ਬਣਾਇਆ ਸੀ। ਉਸ ਨੂੰ ਪਰੀ ਮਹੱਲ ਕਹਿੰਦੇ ਸਨ। ਸ਼ਾਹ ਜਹਾਨ ਜਦ ਹਵੇਲੀ ਵਿਚ ਦਾਖ਼ਲ ਹੋਇਆ ਤਾਂ ਵਜ਼ੀਰ ਖ਼ਾਨ ਨੇ ਬੇਸ਼ੁਮਾਰ ਰੁਪਏ ਬਾਦਸ਼ਾਹ ਤੋਂ ਵਾਰੇ। ਇਸ ਉਪਰੰਤ ਇਰਾਕ ਦਾ ਘੋੜਾ, ਇਰਾਕ ਦੀ ਮਖ਼ਮਲ, ਗੁਜਰਾਤ ਦੀ ਸਾਟਨ, ਸੋਨੇ ਦਾ ਬਣਿਆ ਤਖ਼ਤ ਤੇ ਪੰਜਾਬ ਹਜ਼ਾਰ ਰੁਪਏ ਭੇਟ ਕੀਤੇ। ਸ਼ਾਹ ਜਹਾਨ ਨੇ ਸਿਰਫ਼ ਦੋ ਲੱਖ ਰੁਪਿਆਂ ਦੀਆਂ ਵਸਤਾਂ ਲਈਆਂ ਤੇ ਬਾਕੀ ਸਤਿਕਾਰ ਨਾਲ ਮੋੜ ਦਿੱਤੀਆਂ।

ਭਰੇ ਦਰਬਾਰ ਵਿਚ ਜਦ ਕਈਆਂ ਨੇ ਸ਼ਿਕਾਇਤਾਂ ਕੀਤੀਆਂ ਕਿ ਜੇ ਗੁਰੂ ਹਰਿਗੋਬਿੰਦ ਨੂੰ ਰੋਕਿਆ ਨਾ ਗਿਆ ਤਾਂ ਕਈ ਉਪੱਧਰ ਹੋਣਗੇ ਤਾਂ ਵਜ਼ੀਰ ਖ਼ਾਨ ਨੇ ਸਾਰੇ ਹਾਲ ਦੱਸੇ ਤੇ ਬਾਬਰ ਤੋਂ ਲੈ ਕੇ ਜਹਾਂਗੀਰ ਤਕ ਦੇ ਸੰਬੰਧਾਂ ਨੂੰ ਦਰਸਾਂਦੇ ਹੋਏ ਬਾਦਸ਼ਾਹ ਨੂੰ ਇਹ ਆਖਿਆ ਕਿ ਗੁਰੂ ਹਰਿਗੋਬਿੰਦ ਜੀ ਉੱਤੇ ਹੱਲਾ ਕਰਨਾ ਖ਼ਜ਼ਾਨੇ ਦੀ ਬਰਬਾਦੀ ਤੇ ਪਰਜਾ ਨੂੰ ਦੁਖੀ ਕਰਨ ਵਾਲੀ ਗੱਲ ਹੋਵੇਗੀ। ਗੁਰੂ ਭਾਵੇਂ ਚਾਰ ਵਾਰੀ ਜਿੱਤੇ ਹਨ ਪਰ ਉਹਨਾਂ ਕੋਈ ਮੱਲਾਂ ਨਹੀਂ ਮਾਰੀਆਂ, ਖ਼ਜ਼ਾਨੇ ਨਹੀਂ ਲੁੱਟੇ। ਇਥੋਂ ਪ੍ਰਗਟ ਹੈ ਕਿ ਉਹ ਲੜਨ ਲਈ ਮਜਬੂਰ ਕਰ ਦਿੱਤੇ ਗਏ ਸਨ। ਗੁਰੂ ਘਰ ਤਾਂ ਹਰ ਇਕ ਲਈ ਖੁਲ੍ਹਾ ਹੈ। ਲੰਗਰ ਚਲਦੇ ਹਨ। ਵਜ਼ੀਰ ਖ਼ਾਨ ਨੇ ਕਿਹਾ, "ਪੀਰਾਂ ਫ਼ਕੀਰਾਂ ਦਾ ਜਿੱਤਣਾ ਕੀ ਔਖਾ ਹੈ? ਸਿਰ ਝੁਕਾ ਦੇਈਏ, ਜਿੱਤ ਗਏ, ਫੇਰ ਜੋ ਮੰਗੇ, ਸੋ ਲਵੋ। ਇਹ ਤਾਂ ਕਦੀਮੀ ਚਾਲ ਹੈ ਕਿ ਫ਼ਕੀਰ ਦੁਨੀਆਂਦਾਰਾਂ ਅੱਗੇ ਨਹੀਂ ਨਿਊਂਦੇ, ਕਿਉਂਕਿ ਉਹ ਬੇ-ਗ਼ਰਜ਼ ਹਨ ਤੇ ਦੁਨੀਆਂਦਾਰ ਗ਼ਰਜ਼ਮੰਦ।" ਇਸ ਬੇਬਾਕੀ ਨਾਲ ਵਜ਼ੀਰ ਖ਼ਾਨ ਜੀ ਬੋਲੇ ਕਿ ਸਭ ਚੁੱਪ ਹੋ ਗਏ।

ਵਜ਼ੀਰ ਖ਼ਾਨ ਨੇ ਫਿਰ ਕਿਹਾ ਕਿ ਗੁਰੂ ਜੀ ਦੀ ਜਿੱਤ ਦਾ ਵੱਡਾ ਕਾਰਨ ਸੀ ਕਿ ਗੁਰੂ ਦੇ ਸਿੱਖ ਆਦਰਸ਼ ਨੂੰ ਮੁੱਖ ਰੱਖ ਕੇ ਲੜਦੇ ਹਨ ਤੇ ਜਾਨ ਬਚਾ ਕੇ ਨਹੀਂ ਲੜਦੇ। ਉਹਨਾਂ

ਗੁਰੂ ਤੋਂ ਸੱਚੀ ਮੁੱਚੀ ਸਭ ਕੁਝ ਵਾਰ ਸੁਟਿਆ ਹੈ।" ਵੱਡੀ ਗੱਲ, ਜਿਵੇਂ ਸ਼ਹਿਨਸ਼ਾਹ, ਤੁਸੀਂ ਆਪਣੇ ਇਤਬਾਰੀ ਦਾ ਪੱਖ ਕਰਦੇ ਹੋ, ਇਸ ਤਰ੍ਹਾਂ ਪਰਮਾਤਮਾ ਵੀ ਆਪਣੇ ਪਿਆਰਿਆਂ ਦਾ ਪੱਖ ਪੂਰਦਾ ਹੈ। ਗੁਰੂ ਹਰਿਗੋਬਿੰਦ ਅਲਾਹ ਦਾ ਰੂਪ ਹਨ। ਜਦ ਖ਼ੁਦਾ ਹੀ ਉਹਨਾਂ ਵੱਲ ਹੋਇਆ ਤਾਂ ਬੰਦਿਆਂ ਦੀ ਕੀ ਪੇਸ਼ ਜਾ ਸਕਦੀ ਹੈ :

**ਅਲਾਹ ਮਨ ਫ਼ਕਰ,**
**ਫ਼ਕਰ ਮਨ ਅਲਾਹ ਹੈ।**

"ਜੋ ਫ਼ਕੀਰ ਰੱਬ ਦੀ ਜ਼ਾਤ ਹਨ, ਭਾਵੇਂ ਉਹ ਪ੍ਰਗਟ ਕਿਸੇ ਮਜ਼੍ਹਬ ਵਿਚ ਹੋਣ ਪਰ ਅੰਦਰੋਂ ਸਭ ਨੂੰ ਇਕ ਮੰਨਦੇ ਹਨ। ਉਹ ਸਿੱਖਾਂ ਤੇ ਮੁਸਲਮਾਨਾਂ ਨੂੰ ਇਕ ਕਰ ਜਾਣਦੇ ਹਨ।" ਸ਼ਾਹ ਜਹਾਨ ਨੇ ਵਜ਼ੀਰ ਖ਼ਾਨ ਦੀ ਨੀਤੀ ਦੀ ਹਾਮੀ ਭਰੀ। ਉਸ ਉਪਰੰਤ ਕੋਈ ਵੀ ਫ਼ੌਜੀ ਕਾਰਵਾਈ ਨਾਂਹ ਕਰ ਸਕਿਆ।

ਲਾਹੌਰ ਨੂੰ ਨਵੇਂ ਸਿਰਿਓਂ ਉਸਾਰਨ ਲਈ, ਬਾਦਸ਼ਾਹ ਨੇ ਵਜ਼ੀਰ ਖ਼ਾਨ ਨੂੰ ਨਿਯਤ ਕੀਤਾ। ਉਹਨਾਂ ਵੀ ਸ਼ਾਹ ਬੁਰਜ, ਦੌਲਤ ਖ਼ਾਨਾ ਖ਼ਾਸ ਤੇ ਆਰਾਮ ਗਾਹ ਨਵੇਂ ਢੰਗ ਦੀਆਂ ਬਣਾਈਆਂ। ੧੬੪੦ ਈ: ਵਿਚ ਬਾਦਸ਼ਾਹ ਇਨ੍ਹਾਂ ਉੱਤੇ ਇਤਨਾ ਪ੍ਰਸੰਨ ਹੋਇਆ ਕਿ ਆਪਣਾ ਵਜ਼ੀਰ ਆਜ਼ਮ ਨਿਯਤ ਕਰਕੇ ਆਗਰੇ ਭੇਜ ਦਿੱਤਾ। ਆਗਰੇ, ਦਸ ਮਹੀਨੇ ਹੀ ਵਜ਼ੀਰੀ ਕਰ ਸਕੇ ਜਦ ਮੁਮਤਾਜ਼ ਬੇਗ਼ਮ (ਤਾਜ ਮਹੱਲ ਵਾਲੀ ਬੇਗ਼ਮ) ਦੀ ਮ੍ਰਿਤੂ ਹੋਈ ਤਾਂ ਸ਼ਾਹੀ ਖ਼ਾਨਦਾਨ ਦੀਆਂ ਔਰਤਾਂ ਤੋਂ ਇਲਾਵਾ ਜੇ ਕਿਸੇ ਨੂੰ ਅੰਦਰ ਦਬਾਉਣ ਵੇਲੇ 'ਗ਼ੈਰ ਪੁਰਸ਼' ਦੇ ਜਾਣ ਦੀ ਆਗਿਆ ਹੋਈ ਤਾਂ ਉਹ ਵਜ਼ੀਰ ਖ਼ਾਨ ਹੀ ਸੀ। ਇਸਲਾਮੀ ਸ਼ਰਾ ਅਨੁਸਾਰ ਔਰਤ ਨੂੰ ਦਬਾਉਣ ਵੇਲੇ ਕੇਵਲ ਘਰ ਦੇ ਜੀਅ ਹੀ ਕਬਰ ਤੱਕ ਜਾ ਸਕਦੇ ਹਨ। ਵਜ਼ੀਰ ਖ਼ਾਨ ਆਚਰਨ ਦੀ ਮੂਰਤ ਬਣ ਚੁਕੇ ਸਨ। ੧੬੪੧ ਈ: ਦੇ ਆਰੰਭ ਵਿਚ ਉਹਨਾਂ ਦੀ ਮ੍ਰਿਤੂ ਹੋ ਗਈ। ਸ਼ਾਹ ਜਹਾਨ ਨੇ ਕੀਮਤੀ ਤੋਹਫ਼ੇ ਭੇਜੇ ਤੇ ਗੁਰੂ ਹਰਿਗੋਬਿੰਦ ਜੀ ਨੇ ਵੀ ਕੀਰਤਪੁਰ ਤੋਂ ਖ਼ਾਸ ਪੁਸ਼ਾਕ ਤੇ ਦਸਤਾਰ ਉਹਨਾਂ ਦੇ ਪੁੱਤਰਾਂ, ਸਯੀਦ ਖ਼ਾਨ ਤੇ ਸਲਾਹ-ਉਦੀਨ ਖ਼ਾਨ, ਮੀਰ ਤੋਜ਼ੁਕ ਲਈ ਭੇਜੀਆਂ।

ਨਵਾਬ ਵਜ਼ੀਰ ਖ਼ਾਨ ਬਹੁਤ ਮਿੱਠੇ ਸੁਭਾਅ (ਸਲੀਮ ਉਲਤਬਹ) ਅਤੇ ਸਦਾ ਰੱਬ ਦੀ ਯਾਦ ਵਿਚ ਜੁੜਨ ਵਾਲੇ ਪ੍ਰਹੇਜ਼ਗਾਰ ਸਨ। ਸਾਰੀ ਉਮਰ ਸਾਦਗੀ ਤੇ ਬੇਤਕੱਲਫ਼ੀ ਵਿਚ ਗੁਜ਼ਾਰੀ। ਰਾਤ ਦੀ ਨਮਾਜ਼ ਵੀ ਕਦੇ ਨਾਂਹ ਖੁੰਝਾਂਦੇ। ਨਿੱਜ ਉੱਤੇ ਬਹੁਤ ਹੀ ਘੱਟ ਖ਼ਰਚ ਕਰਦੇ ਸਨ। ਜੋ ਵੀ ਸਾਮਾਨ, ਰੁਪਿਆ ਤੇ ਮਾਲ ਕਮਾਂਦੇ, ਲੋੜਵੰਦਾਂ ਵਿਚ ਵੰਡ ਦਿੰਦੇ। ਲੋਕ ਭਲਾਈ ਦੇ ਕੰਮਾਂ ਵਿਚ ਅੱਗੇ ਹੋ ਕੇ ਹਿੱਸਾ ਲੈਂਦੇ। ਲਾਹੌਰ ਵਿਚ ਮਸੀਤ ਬਣਾਈ, ਜੋ ਇਕ ਨਮੂਨੇ ਦੀ ਮਸੀਤ ਸੀ। ਸ਼ਾਇਦ ਉਸ ਸਮੇਂ ਦੀ ਪਹਿਲੀ ਮਸੀਤ ਹੈ, ਜਿਸ ਨੂੰ ਹਿੰਦ-ਈਰਾਨੀ ਤਰਜ਼ ਦਾ ਬਣਾਇਆ ਗਿਆ। ਮਸੀਤ ਨਾਲ ਲੰਗਰ, ਲਾਇਬਰੇਰੀ, ਮਦਰੱਸਾ (ਸਕੂਲ ਤੇ ਮੁਸਾਫ਼ਰਾਂ ਦੇ ਟਿਕਣ ਲਈ ਸਰਾਂ ਵੀ ਬਣਾਈ। ਇੰਝ ਪ੍ਰਤੀਤ ਹੁੰਦਾ ਹੈ ਕਿ ਸਿੱਖਾਂ ਦੀ ਲੰਗਰ ਦੀ ਸੰਸਥਾ ਤੋਂ ਬਹੁਤ ਹੀ ਪ੍ਰਭਾਵਤ ਹੋਏ ਸਨ। ਮਸੀਤ ਨੂੰ ਵੀ ਸਾਂਝਾ ਅਬਾਦਤੰ ਖ਼ਾਨਾ ਬਣਾਉਣ ਦਾ ਯਤਨ ਵੀ ਗੁਰੂ ਦੀ ਪ੍ਰੇਰਨਾ ਹੀ ਸੀ। ਮਸੀਤ ਦਾ ਨਾਂ ਹੀ ਵਜ਼ੀਰ ਖ਼ਾਨ ਦੀ ਮਸਜਦ ਪੈ ਗਿਆ। ਜਿੱਥੇ ਅੱਜ ਕਲ੍ਹ ਲਾਹੌਰ ਦੀ ਪਬਲਿਕ ਲਾਇਬਰੇਰੀ ਹੈ, ਉਥੇ ਬਾਗ਼ ਬਣਾਇਆ। ਬਾਰਾਂਦਰੀ

 www.sikhbookclub.com

ਤੇ ਉੱਚਾ ਚਬੂਤਰਾ ਵੀ ਬਣਾਇਆ। ਕਈਆਂ ਦਾ ਇਹ ਵੀ ਮਤ ਹੈ ਕਿ ਵਜ਼ੀਰਾਬਾਦ ਵੀ ਵਜ਼ੀਰ ਖ਼ਾਨ ਦਾ ਵਸਾਇਆ ਹੋਇਆ ਸੀ। ਵਜ਼ੀਰ ਖ਼ਾਨ ਨੇ ਆਪਣੀ ਵਸੀਅਤ ਵਿਚ ਵੀ ਲਿਖਿਆ ਕਿ ਮਸੀਤ ਨੂੰ ਕਾਇਮ ਰੱਖਣਾ ਤੇ ਸਾਰੀ ਆਮਦਨੀ ਮਸੀਤ ਉੱਤੇ ਹੀ ਲਗਾਉਣੀ, ਇਹ ਵੀ ਲਿਖਿਆ ਕਿ *ਇਕ ਵਿਦਵਾਨ ਇਮਾਮ, ਇਕ ਅਜ਼ਾਂ ਦੇਣ ਵਾਲਾ ਤੇ ਧਾਰਮਕ ਵਿਦਿਆ ਲਈ ਦੋ ਉਸਤਾਦ ਤੇ ਕੁਝ ਨੌਕਰ ਰੱਖਣੇ।'* ਵਸੀਅਤ ਉੱਤੇ ਕਾਜ਼ੀ ਯੂਸਫ਼ (ਸ਼ਾਹ ਜਹਾਨ ਦੇ ਕਾਜ਼ੀ ਉਲਕਜ਼ਾਤ), ਖ਼ਾਨ ਸਦਰ–ਉ–ਸਦੂਰ, ਮੌਲਾਨਾ ਮੁਹੰਮਦ ਫ਼ਾਜ਼ਲ ਦੇ ਦਸਤਖ਼ਤ ਸਨ। ਇਹ ਮਸੀਤ ਇਲਮੀ ਕੇਂਦਰ ਬਣ ਗਿਆ। ਈਰਾਨ, ਤੂਰਾਨ ਤੋਂ ਵਿਦਵਾਨ ਇਥੇ ਪੁੱਜਦੇ ਤੇ ਵਿੱਦਿਆ ਹਾਸਲ ਕਰਦੇ। ਮਹਾਰਾਜਾ ਰਣਜੀਤ ਸਿੰਘ ਵੇਲੇ ਮਿਰਜ਼ਾ ਕਰਮ ਬੇਗ ਇਸ ਮਸੀਤ ਦੇ ਮੁੱਖ ਉਸਤਾਦ ਸਨ। ਸਿੱਖ ਰਾਜ ਦੇ ਕਈ ਮੁਖੀਆਂ ਨੇ ਇਥੋਂ ਹੀ ਵਿੱਦਿਆ ਪ੍ਰਾਪਤ ਕੀਤੀ। ਦੀਵਾਨ ਅਮਰ ਨਾਥ ਨੇ ਜ਼ਫ਼ਰਨਾਮਾ ਰਣਜੀਤ ਸਿੰਘ ਵਿਚ ਕਰਮ ਬੇਗ ਦੇ ਇਲਮ ਤੇ ਫ਼ਜ਼ਲ ਦੀ ਬਹੁਤ ਹੀ ਉਪਮਾ ਕੀਤੀ ਹੈ।

ਗੱਲ ਕੀ, ਜਦ ਤੱਕ ਸੁਖਮਨੀ ਦੀਆਂ ਗੂੰਜਾਂ ਪੈਂਦੀਆਂ ਰਹਿਣਗੀਆਂ, ਵਜ਼ੀਰ ਖ਼ਾਨ ਦੀ ਯਾਦ ਆਉਂਦੀ ਰਵ੍ਹੇਗੀ, ਜਿਸ ਨੇ ਅਖੌਤੀ ਧਰਮ ਦੀਆਂ ਲੀਕਾਂ ਮੇਟ ਕੇ ਧਰਮ ਦੀ ਉੱਚਤਾ ਦਰਸਾਈ।

SIKHBOOKCLUB.COM

## ੧੨

# ਭਾਈ ਬਿਧੀ ਚੰਦ—'ਗੁਰੂ ਕਾ ਸੀਨਾ'

ਸਾਹਿਬ ਗੁਰੂ ਹਰਿਗੋਬਿੰਦ ਜੀ ਸਬੰਧੀ ਕੁਝ ਜਾਣੇ ਤੇ ਕੁਝ ਅਣਜਾਣੇ ਇਹ ਲਿਖਿਆ ਗਿਆ ਕਿ ਉਨ੍ਹਾਂ ਨਾਮ ਕੱਟਿਆਂ ਤੇ ਧਾੜਵੀਆਂ ਨੂੰ ਆਪਣੇ ਕੋਲ ਪਨਾਹ ਦਿੱਤੀ। ਮੁਗ਼ਲ ਬਾਦਸ਼ਾਹ ਨੇ ਇਸੇ ਦੋਸ਼ ਵਿਚ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਜੇਲ੍ਹ ਵਿਚ ਪਾਇਆ ਪਰ ਜਿਨ੍ਹਾਂ ਜ਼ਰਾ ਕੁ ਸਿੱਖ ਇਤਿਹਾਸ ਗਹੁ ਨਾਲ ਦੇਖਿਆ ਹੈ ਉਹ ਜਾਣਦੇ ਹਨ ਕਿ ਇਹ ਮੀਰੀ ਪੀਰੀ ਵਾਲੇ ਪਾਤਸ਼ਾਹ ਦੀ ਸ਼ਖ਼ਸੀਅਤ ਹੀ ਸੀ ਅਤੇ ਪਹਿਲਾਂ ਤਿਆਰ ਕੀਤੀ ਤੇ ਬੀਜੀ ਫ਼ਸਲ ਹੀ ਸੀ ਜੋ ਫਲ ਦੇ ਰਹੀ ਸੀ ਅਤੇ ਲੋਕੀਂ ਖਿੱਚੇ ਤੁਰੇ ਆਉਂਦੇ ਸਨ। ਜਿਸ ਉਤਸ਼ਾਹ ਨਾਲ ਸਿੱਖ ਅਤੇ ਗ਼ੈਰ-ਸਿੱਖ ਗੁਰੂ ਦਰਬਾਰ ਵਿਚ ਆ ਕੇ ਜੀਵਨੀਆਂ ਭੇਟ ਕਰਦੇ ਸਨ, ਉਨ੍ਹਾਂ ਕਈਆਂ ਨੂੰ ਹੈਰਾਨ ਕੀਤੀ ਰੱਖਿਆ ਹੈ। ਜਦ ਗੁਰੂ ਹਰਿਗੋਬਿੰਦ ਜੀ ਨੇ ਹੁਕਮਨਾਮਿਆਂ ਰਾਹੀਂ ਚੰਗੀ ਜਵਾਨੀ ਅਤੇ ਚੰਗੇ ਸ਼ਸਤਰਾਂ ਦੀ ਮੰਗ ਕੀਤੀ ਤਾਂ ਲੋਕਾਂ ਨੇ ਵਹੀਰਾਂ ਹੀ ਪਾ ਦਿੱਤੀਆਂ। ਮੈਕਾਲਫ਼ ਲਿਖਦਾ ਹੈ ਕਿ ਜਵਾਨੀਆਂ ਭੇਟ ਕਰਨ ਵਾਲੇ ਹੱਥ ਜੋੜ ਕਹਿੰਦੇ : 'ਸਾਡੇ ਪਾਸ ਸਿਵਾਇ ਜਵਾਨੀ ਭੇਟ ਕਰਨ ਦੇ ਹੋਰ ਕੁਝ ਨਹੀਂ। ਸਾਡੀ ਸਿਰਫ਼ ਇਹ ਮੰਗ ਹੈ ਕਿ ਦੋ ਡੰਗ ਦਾ ਪ੍ਰਸ਼ਾਦ ਤੇ ਛੇ ਮਹੀਨਿਆਂ ਬਾਅਦ ਇਕ ਕੁੜਤਾ ਬਖ਼ਸ਼ ਦੇਣਾ।' ਸੀਸ ਭੇਟ ਕਰਨ ਵਾਲਿਆਂ ਦੀ ਗਿਣਤੀ ਇਤਨੀ ਵਧ ਗਈ ਕਿ ਲੰਗਰ ਦਾ ਪ੍ਰਬੰਧ ਕਰਨਾ ਵੀ ਮੁਸ਼ਕਿਲ ਹੋ ਗਿਆ। ਸਮੇਂ ਦੀ ਹਕੂਮਤ ਹੱਥੋਂ ਸਤਾਏ ਹੋਏ ਸੈਂਕੜੇ ਹਿੰਦੂ ਤੇ ਮੁਸਲਮਾਨ ਗੁਰੂ ਜੀ ਦੀ ਸ਼ਰਨ ਆਉਣ ਲੱਗੇ। ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਲਿਖਿਆ ਹੈ ਕਿ ਜਦ ਜੈਸਲਮੇਰ ਦੇ ਰਾਜੇ ਰਾਮ ਪ੍ਰਤਾਪ ਨੂੰ ਜਹਾਂਗੀਰ ਨੇ ਤਖ਼ਤ ਤੇ ਬੈਠਦੇ ਸਾਰ ਹੀ ਬੇਦਖ਼ਲ ਕਰ ਦਿੱਤਾ ਅਤੇ ਬੰਦੀ ਪਾਉਣ ਦਾ ਹੁਕਮ ਦਿੱਤਾ ਤਾਂ ਉਸ ਨੇ ਸ਼ਰਨਦਾਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਹੀ ਡਿੱਠਾ। ਰਾਜਾ ਰਾਮ ਪ੍ਰਤਾਪ ਨਾ ਸਿਰਫ਼ ਇਕ ਅਨਿੰਨ ਸਿੱਖ ਹੀ ਬਣਿਆ ਸਗੋਂ ਫੌਜਾਂ ਦਾ ਜਥੇਦਾਰ ਵੀ। ਇਸ ਨੇ ਗੁਰੂ ਹਰਿਗੋਬਿੰਦ ਜੀ ਨਾਲ ਇਤਨਾ ਸਨੇਹ ਪਾ ਲਿਆ ਕਿ ਮੁਹਸਨ ਫ਼ਾਨੀ ਲਿਖਦਾ ਹੈ ਕਿ ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਸਰੀਰ ਨੂੰ ਚਿਤਾ ਉੱਤੇ ਰੱਖ ਕੇ ਅੱਗ ਲਗਾਈ ਗਈ ਤਾਂ ਸਾਰਿਆਂ ਦੇ ਦੇਖਦੇ-ਦੇਖਦੇ ਰਾਮ ਪ੍ਰਤਾਪ ਨੇ ਵੀ ਚਿਤਾ ਵਿਚ ਛਾਲ ਮਾਰ ਦਿੱਤੀ ਤੇ ਪ੍ਰਾਣ ਤਿਆਗ ਦਿੱਤੇ। ਇਸੇ ਤਰ੍ਹਾਂ ਜਦ ਪਠਾਣਾਂ ਨੂੰ ਜਹਾਂਗੀਰ ਨੇ ਨਵੀਂ ਧਾਰਮਿਕ ਨੀਤੀ ਅਨੁਸਾਰ ਫ਼ੌਜਾਂ ਵਿਚੋਂ ਹਟਾ ਦਿੱਤਾ ਤਾਂ ਉਹ ਸਿੱਧੇ ਗੁਰੂ ਜੀ ਪਾਸ ਹੀ ਆਏ। ਗੁਰੂ ਘਰ ਸ਼ਰਨ ਆਏ ਦੀ ਲਾਜ ਲਈ ਪ੍ਰਸਿੱਧਤਾ ਖੱਟ ਚੁੱਕਾ ਸੀ।

ਪਹਿਲਾਂ ਆਉਣ ਵਾਲਿਆਂ ਵਿਚ ਸੂਬੇਦਾਰ ਯਾਰਖ਼ਾਨ ਤੇ ਫ਼ੌਜਦਾਰ ਖ਼੍ਵਾਜਾ ਸਰਾਇ ਉੱਘੇ ਸਨ। ਕਨਿੰਘਮ ਦਾ ਇਹ ਕਹਿਣਾ ਕਿ ਗੁਰੂ ਜੀ ਨੇ ਕਈ ਧਾੜਵੀਆਂ ਨੂੰ ਫ਼ੌਜ ਵਿਚ ਸ਼ਾਮਲ ਕੀਤਾ, ਇਕ ਭੁਲੇਖਾ ਪਾਊ ਤੇ ਨਿਰਮੂਲ ਗੱਲ ਹੈ। ਇਹ ਭੁਲੇਖਾ ਉਸ ਨੂੰ ਭਾਈ ਬਿਧੀ ਚੰਦ ਜੀ ਦੀ ਸ਼ਖ਼ਸੀਅਤ ਤੋਂ ਪਿਆ ਜਾਪਦਾ ਹੈ ਪਰ ਉਹ ਭੁੱਲ ਹੀ ਗਿਆ ਕਿ ਭਾਈ ਬਿਧੀ ਚੰਦ ਜੀ ਤਾਂ ਗੁਰੂ ਅਰਜਨ ਦੇਵ ਜੀ ਸਮੇਂ ਸਿੱਖੀ ਦਾਇਰੇ ਵਿਚ ਆਏ ਸਨ ਤੇ ਉਹਨਾਂ ਨੂੰ ਗੁਰੂ ਰਾਮਦਾਸ ਜੀ ਦੇ ਇਕ ਸਿੱਖ ਭਾਈ ਅਦਲੀ ਦੀ ਸ਼ਖ਼ਸੀਅਤ ਨੇ ਪ੍ਰਭਾਵਿਤ ਕੀਤਾ ਸੀ। ਭਾਈ ਅਦਲੀ ਜੀ ਨੇ ਮਾੜੀ ਸੰਗਤ ਤੋਂ ਵਰਜ ਕੇ ਗੁਰੂ ਸੰਗਤ ਕਰਨ ਲਈ ਪ੍ਰੇਰਿਆ ਸੀ ਤੇ ਆਪਾ ਪਛਾਣਨ ਲਈ ਕਿਹਾ ਸੀ। ਭਾਈ ਗੁਰਦਾਸ ਜੀ ਨੇ ਇਸੇ ਲਈ ਉਹਨਾਂ ਨੂੰ *'ਬਿਧੀ ਚੰਦ ਬੁਧਿ ਬਿਮਲ ਵਿਚਾਰ'* ਲਿਖਿਆ ਹੈ। ਮਹਾਂਕੋਸ਼ ਦੇ ਲਿਖਾਰੀ ਦੇ ਸ਼ਬਦਾਂ ਵਿਚ 'ਭਾਈ ਬਿਧੀ ਚੰਦ' ਜੀ ਨੂੰ ਗੁਰੂ ਪਾਸੇ ਭਾਈ ਅਦਲੀ ਜੀ ਨੇ ਪ੍ਰੇਰਿਆ ਸੀ। ਭਾਈ ਅਦਲੀ ਜੀ ਪਿੰਡ (ਜਿਸ ਨੂੰ ਚੋਲ੍ਹਾ ਸਾਹਿਬ ਕਹਿੰਦੇ ਸਨ) ਦੇ ਵਸਨੀਕ ਸਨ। ਉਹ ਗੁਰੂ ਰਾਮਦਾਸ ਜੀ ਦੇ ਆਤਮ-ਗਿਆਨੀ ਸਿੱਖ ਸਨ, ਜਿਨ੍ਹਾਂ ਦੀ ਸ਼ੁੱਭ ਸਿੱਖਿਆ ਦੁਆਰਾ ਭਾਈ ਬਿਧੀ ਚੰਦ ਨੇ ਮਾੜਾ ਧੰਦਾ ਛੱਡ ਕੇ ਸਿੱਖੀ ਧਾਰਨ ਕੀਤੀ ਅਤੇ ਗੁਰੂ ਅਰਜਨ ਕੋਲੋਂ ਬਖ਼ਸ਼ਿਸ਼ਾਂ ਲਈਆਂ ਤੇ ਆਪਣਾ ਆਪ ਪਛਾਣਿਆ । ਗੁਰੂ ਅਰਜਨ ਦੇਵ ਜੀ ਵੇਲੇ ਇਹ ਸੇਵਾ ਵਿਚ ਜੁੱਟ ਗਏ। ਤ੍ਵਾਰੀਖ਼ ਗੁਰੂ ਖ਼ਾਲਸਾ ਵਾਲਾ ਕਹਿੰਦਾ ਹੈ ਕਿ ਜਦ ਭਾਈ ਅਦਲੀ ਜੀ ਨੇ ਇਸ ਨੂੰ ਗੁਰੂ ਸਾਹਮਣੇ ਪੇਸ਼ ਕੀਤਾ ਤਾਂ ਇਸ ਨੇ ਆਪਣਾ ਪੇਸ਼ਾ 'ਚੋਰੀ' ਕਿਹਾ ਅਤੇ ਬੇਨਤੀ ਕੀਤੀ ਕਿ 'ਮੈਨੂੰ ਤੁਸੀਂ ਆਪਣੇ ਘਰ ਦਾ ਚੋਰ ਸਿੱਖ ਹੀ ਬਣਾ ਰੱਖੋ।' ਗੁਰੂ ਅਰਜਨ ਜੀ ਮੁਸਕਰਾ ਪਏ ਤੇ ਪਰਉਪਕਾਰੀ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ ਤੇ ਸੁਖ ਸੁਆਦ ਲਈ ਕੋਈ ਮਾੜਾ ਕੰਮ ਕਰਨ ਤੋਂ ਵਰਜਿਆ ਤੇ ਸੱਚ ਨੂੰ ਦ੍ਰਿੜ੍ਹ ਕਰ ਪੱਲੇ ਬੰਨ੍ਹਣ ਲਈ ਕਿਹਾ। ਭਾਈ ਜੀ ਨੇ ਗੁਰੂ ਉਪਦੇਸ਼ ਨੂੰ ਜਿਵੇਂ ਮੰਨਿਆ ਤੇ ਅਪਣਾਇਆ ਉਹ ਸਿੱਖ ਇਤਿਹਾਸ ਵਿਚ ਉਜਾਗਰ ਹੈ।

ਭਾਈ ਜੀ ਦਾ ਹਰ ਕਰਮ ਜਿੱਥੇ ਜੁਅਰਤ ਦੀਆਂ ਹੱਦਾਂ ਟੱਪਦਾ ਸੀ, ਉਥੇ ਉਹਨਾਂ ਦਾ ਗੁਰਬਾਣੀ ਪ੍ਰੇਮ ਦੇਖਣ ਵਾਲਾ ਸੀ। ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਵਾਲਾ ਲਿਖਦਾ ਹੈ ਕਿ ਜਦ ਵੀ ਉਹ ਕਿਸੇ ਕਾਰਜ ਲਈ ਟੁਰਦੇ, ਗੁਰੂ ਨੂੰ ਧਿਆਂਦੇ ਤੇ ਰਾਹ ਵਿਚ ਗੁਰਬਾਣੀ ਹੀ ਪੜ੍ਹੀ ਜਾਂਦੇ :

**'ਚਲਤ ਪੰਥ ਗੁਰਬਾਣੀ ਗਾਵੈ।'**

ਜਦ ਉਹਨਾਂ ਇਹ ਡਿੱਠਾ ਕਿ (ਗੁਰੂ) ਗ੍ਰੰਥ ਸਾਹਿਬ ਦੀਆਂ ਬੀੜਾਂ ਬਹੁਤ ਘੱਟ ਹਨ ਤੇ ਸੈਂਚੀਆਂ ਤੇ ਪੋਥੀਆਂ ਵੀ ਨਹੀਂ ਮਿਲਦੀਆਂ ਅਤੇ ਗੁਰਬਾਣੀ ਪੜ੍ਹਨ ਵਿਚ ਬਹੁਤ ਕਠਿਨਾਈ ਆਉਂਦੀ ਹੈ ਤਾਂ ਆਪ ਜੀ ਨੇ ਗੁਰੂ ਹਰਿਗੋਬਿੰਦ ਜੀ ਪਾਸ ਖ਼ਾਸ ਬੇਨਤੀ ਕਰਕੇ ਛੇਤੀ ਹੀ ਉਤਾਰੇ ਕਰ ਕੇ ਸੈਂਚੀਆਂ ਕਰਾਉਣ ਲਈ ਕਿਹਾ। ਆਪ ਜੀ ਨੇ ਆਪਣੀ ਨਿਗਰਾਨੀ ਹੇਠ ਸੈਂਚੀਆਂ ਲਿਖ ਲਿਖਾ ਕੇ ਵੰਡੀਆਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ :

**'ਤਦ ਛਿਨ ਕਾਗਦ ਲੀਏ ਮੰਗਾਇ।**
**ਰਚ ਸੈਂਚੀਆਂ ਮਨ ਮਹਿ ਸੁਖਿ ਪਾਇ।'** (ਪੰਨਾ ੬੭੬)

ਇਹ ਸਭ ਕੁਝ ਕੋਈ ਧਾੜਵੀ ਨਹੀਂ, ਕੋਈ ਗੁਰੂ ਸ਼ਰਧਾ ਵਿਚ ਭਿੱਜਿਆ ਹੋਇਆ ਗੁਰੂ ਹਰਿਗੋਬਿੰਦ ਜੀ ਦਾ ਸਿੱਖ ਹੀ ਕਰ ਸਕਦਾ ਸੀ। ਗੁਰੂ ਹਰਿਗੋਬਿੰਦ ਜੀ ਮੁਕੰਮਲ ਸ਼ਖ਼ਸੀਅਤ ਬਣਾ ਰਹੇ ਸਨ। ਜੰਗਾਂ ਉਪਰੰਤ ਭਾਈ ਬਿਧੀ ਚੰਦ ਨੂੰ ਪ੍ਰਚਾਰ ਲਈ ਤੇ ਭਾਈ ਗੁਰਦਾਸ ਜੀ ਨੂੰ ਘੋੜਿਆਂ ਦੇ ਵਪਾਰ ਲਈ ਕਾਬਲ ਭੇਜਣਾ ਇਸ ਪਾਸੇ ਦੀਆਂ ਮਿਸਾਲਾਂ ਹਨ।

ਭਾਈ ਬਿਧੀ ਚੰਦ ਦਾ ਜਨਮ, ਪਿੰਡ ਸੁਰ ਸਿੰਘ, ਭਾਈ ਵੱਸਣ ਦੇ ਘਰ ਹੋਇਆ ਸੀ। ਮਹਾਂਕੋਸ਼ ਵਿਚ ਦੱਸਿਆ ਹੈ ਕਿ ਉਹ ਭਾਈ ਭਿਖੀ ਦੇ ਪੋਤੇ ਸਨ ਤੇ ਪਹਿਲਾ ਨਾਮ ਬਿਧੀਆ ਸੀ। ਵੱਡੇ ਕੱਦ ਦੇ ਸਨ ਤੇ ਦਲੇਰੀ ਵਿਚ ਉਹਨਾਂ ਦੇ ਤੁਲ ਕੋਈ ਵਿਰਲਾ ਹੀ ਸੀ। ਆਪ ਜੀ ਦੇ ਨਾਨਕੇ ਸਰਹਾਲੀ ਸਨ ਤੇ ਉਥੇ ਹੀ ਮਾੜੀ ਸੰਗਤ ਕਾਰਨ ਚੋਰੀ ਕਰਨ ਦੀ ਬਾਣ ਪੈ ਗਈ। ਭਾਈ ਅਦਲੀ ਜੀ ਨੇ ਇਸ ਨੂੰ ਗੁਰੂ ਪਾਸੇ ਪ੍ਰੇਰਿਆ ਤੇ ਉਹ ਗੁਰੂ ਅਰਜਨ ਸਾਹਿਬ ਦੇ ਦਰਬਾਰ ਹਾਜ਼ਰ ਹੋਏ ਤੇ ਸੇਵਾ ਵਿਚ ਜੁੱਟ ਗਏ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਜਦ ਕੁਝ ਸਿੱਖਾਂ ਵਿਚ ਚਿੰਤਾ ਉਪਜੀ ਤਾਂ ਆਪ ਜੀ ਨੇ ਮਾਝੇ ਦੇ ਪਿੰਡਾਂ ਵਿਚ ਫਿਰ ਕੇ ਉਤਸ਼ਾਹ ਭਰਿਆ ਤੇ ਢਹਿੰਦੀਆਂ ਕਲਾਂ ਵਿਚ ਸਿੱਖਾਂ ਨੂੰ ਨਾ ਜਾਣ ਦਿੱਤਾ। ਆਪ ਜੀ ਨੇ ਪਿੰਡ ਦੇ ਢਾਡੀਆਂ ਨੂੰ ਗੁਰੂ ਜਸ ਗਾਉਣ ਲਈ ਪ੍ਰੇਰਿਆ ਤੇ ਉਹਨਾਂ ਨੇ ਸਿੱਖਾਂ ਵਿਚ ਨਵਾਂ ਜੋਸ਼ ਭਰਿਆ। ਜਦ ਗੁਰੂ ਹਰਿਗੋਬਿੰਦ ਜੀ ਨੇ 'ਜਵਾਨੀਆਂ' ਦੀ ਮੰਗ ਕੀਤੀ ਤਾਂ ਆਪ ਜੀ ਸੁਰ ਸਿੰਘ ਪਿੰਡ ਦੇ ਹੀ ੫੨ ਸਿਰਕੱਢ ਨੌਜਵਾਨਾਂ ਸਮੇਤ ਦੋ ਢਾਡੀਆਂ ਨੇ ਗੁਰੂ ਜੀ ਦੀ ਲੜੀ ਹਰ ਜੰਗ ਬਾਰੇ ਵੀ ਵਾਰ ਲਿਖੀ। ਉਨ੍ਹਾਂ ਢਾਡੀਆਂ ਨੂੰ ਲੈ ਕੇ ਪੁੱਜੇ। ਸਰਦਾਰ ਕਰਮ ਸਿੰਘ ਹਿਸਟੋਰੀਅਨ ਦਾ ਕਹਿਣਾ ਹੈ ਕਿ ਇਹਨਾਂ ਢਾਡੀਆਂ ਨੇ ਗੁਰੂ ਜੀ ਦੀ ਲੜੀ ਹਰ ਜੰਗ ਬਾਰੇ ਵੀ ਵਾਰ ਲਿਖੀ। ਉਹਨਾਂ ਢਾਡੀਆਂ ਦੇ ਖ਼ਾਨਦਾਨ ਕੋਲੋਂ ਸਰਦਾਰ ਕਰਮ ਸਿੰਘ ਜੀ ਨੇ ਆਪ ਸਾਰੀਆਂ ਵਾਰਾਂ ਸੁਣੀਆਂ ਸਨ। ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਭਾਈ ਜੀ ਨੇ ਉਸ ਬਿਖੜੇ ਸਮੇਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨਾਲ ਰਲ ਕੇ ਕੰਮ ਦਾ ਜੋਸ਼ ਜਜ਼ਬਾ ਕਾਇਮ ਰੱਖਿਆ।

ਜੋਧਿਆਂ ਦੀ ਗਿਣਤੀ ਵਧ ਜਾਣ ਕਾਰਨ ਉਹਨਾਂ ਨੂੰ ਵੱਖ-ਵੱਖ ਜਥਿਆਂ ਵਿਚ ਵੰਡ ਦਿੱਤਾ ਅਤੇ ਹਰ ਜਥੇ ਦਾ ਇਕ ਜਥੇਦਾਰ ਨਿਯਤ ਕਰਕੇ ਕਾਰਜ-ਖੇਤਰ ਵੀ ਮਿੱਥ ਦਿੱਤਾ ਗਿਆ। ਇਤਿਹਾਸ ਨੇ ਪੰਜ ਜਥਿਆਂ ਦਾ ਜ਼ਿਕਰ ਕੀਤਾ ਹੈ। ਪਹਿਲੇ ਜਥੇ ਦਾ ਜਥੇਦਾਰ *ਭਾਈ ਲੰਘਾਹ* ਸੀ, ਜੋ ਅੱਗੇ ਵਧ ਕੇ ਲੜਦਾ ਸੀ। ਦੂਜੇ ਜਥੇ ਦੀ ਜਥੇਬੰਦੀ *ਭਾਈ ਬਿਧੀ ਚੰਦ* ਜੀ ਕੋਲ ਸੀ ਜਿਹਨਾਂ ਦਾ ਕੰਮ ਗੁਰੀਲਾ ਜੰਗ ਕਰਨਾ ਸੀ ਤੇ ਦੁਸ਼ਮਣਾਂ ਨੂੰ ਭਾਜੜਾਂ ਪਾਈ ਰੱਖਣਾ ਸੀ। *ਭਾਈ ਪਿਰਾਣਾ* ਕਿਉਂਕਿ ਪੰਜਾਬ ਦੇ ਪਿੰਡ-ਪਿੰਡ ਤੋਂ ਜਾਣੂ ਸਨ। ਇਸ ਲਈ ਉਹਨਾਂ ਦੇ ਜਥੇ ਜ਼ਿੰਮੇ ਖ਼ਬਰ ਲਿਆਉਣ ਤੇ ਪੁਚਾਣ ਦਾ ਕੰਮ ਸੀ। *ਭਾਈ ਪਿਰਾਗਾ* ਤੇ ਉਹਨਾਂ ਦੇ ਜਥੇ ਸਪੁਰਦ ਰਸਦ ਪਾਣੀ, ਹਥਿਆਰਾਂ ਤੇ ਬਾਰੂਦ ਪਹੁੰਚਾਣ ਦਾ ਕੰਮ ਸੀ। *ਭਾਈ ਜੇਠਾ* ਰਸਾਲੇ ਦੇ ਜਥੇਦਾਰ ਸਨ। ਇਹਨਾਂ ਪੰਜਾਂ ਜਥਿਆਂ ਨੇ ਆਪਣੇ ਕੰਮ ਨੂੰ ਇਸ ਦ੍ਰਿੜ੍ਹਤਾ ਨਾਲ ਕੀਤਾ ਕਿ ਸਿੱਖਾਂ ਵਿਚ ਹਰ ਪਾਸੇ ਚੜ੍ਹਦੀ ਕਲਾ ਵਿਚਰਨ ਲੱਗੀ। ਭਾਈ ਬਿਧੀ ਚੰਦ ਜੀ ਦੇ ਜਥੇ ਨੇ ਨਵੇਂ-ਨਵੇਂ ਢੰਗ ਅਪਣਾਏ ਤੇ ਗੁਰੂ ਹਰਿਗੋਬਿੰਦ ਜੀ ਦੀ

ਗ੍ਰਿਫ਼ਤਾਰੀ ਉਪਰੰਤ ਪਿੰਡਾਂ ਵਿਚ ਫਿਰ-ਫਿਰ ਕੇ ਗੁਰੂ ਪਿਆਰ ਨੂੰ ਕਾਇਮ ਰੱਖਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਵਿਦਵਤਾ ਤੇ ਸ਼ਖ਼ਸੀਅਤ ਨਾਲ ਸੰਗਤਾਂ ਉੱਤੇ ਪ੍ਰਭਾਵ ਪਾਂਦੇ ਸਨ ਤੇ ਭਾਈ ਬਿਧੀ ਚੰਦ ਜੀ ਦਾ ਜਥਾ ਉਹਨਾਂ ਦੇ ਪਿੰਡ ਪੁੱਜਣ ਤੋਂ ਪਹਿਲਾਂ ਹੀ ਢਾਡੀਆਂ ਨੂੰ ਨਾਲ ਲੈ ਕੇ ਵਾਤਾਵਰਣ ਬਣਾ ਦਿੰਦਾ ਸੀ। ਐਸਾ ਗੁਰੂ-ਜਸ ਹੋਇਆ ਕਿ ਪੰਜਾਬ ਦੇ ਪਿੰਡਾਂ ਦੇ ਪਿੰਡ ਗਵਾਲੀਅਰ ਪੁੱਜੇ ਤੇ ਉਥੇ ਕਿਲ੍ਹੇ ਦੀਆਂ ਪ੍ਰਕਰਮਾਂ ਕਰ ਕੇ ਵਾਪਸ ਮੁੜਦੇ। ਮੁਹਸਨ ਫ਼ਾਨੀ ਨੇ ਆਪਣੀ ਪੁਸਤਕ 'ਦਬਿਸਤਾਨੇ ਮਜ਼ਾਹਬ' ਵਿਚ ਇਸ ਦੀ ਗਵਾਹੀ ਭਰੀ ਹੈ।

ਗੁਰੂ ਹਰਿਗੋਬਿੰਦ ਜੀ ਦੀ ਰਿਹਾਈ ਬਾਅਦ ਭਾਈ ਜੀ ਨੇ ਗੁਰੂ ਜੀ ਦੇ ਅੰਗ ਰੱਖਿਅਕ ਦਾ ਕੰਮ ਸੰਭਾਲਿਆ। ਉਸ ਸਮੇਂ ਬਹੁਤ ਸਾਵਧਾਨੀ ਦੀ ਲੋੜ ਸੀ ਤੇ ਭਾਈ ਜੀ ਨੇ 'ਸਦਾ ਸਦ ਜਾਗਤ' ਰਹਿ ਕੇ ਗੁਰੂ ਦੇ ਅੰਗ ਪਾਲਕ ਦਾ ਕਾਰਜ ਕੀਤਾ। ਜਹਾਂਗੀਰ ਨੇ ਜਦ ਪਛਤਾਵਾ ਕਰਨ ਦੇ ਬਹਾਨੇ ਚੰਦੂ ਨੂੰ ਗੁਰੂ ਹਵਾਲੇ ਕੀਤਾ ਤਾਂ ਗੁਰੂ ਜੀ ਨੇ ਚੰਦੂ ਨੂੰ ਭਾਈ ਬਿਧੀ ਚੰਦ ਤੇ ਭਾਈ ਜੇਠਾ ਜੀ ਦੇ ਹਵਾਲੇ ਕਰ ਦਿੱਤਾ। ਲਾਹੌਰ ਵਿਚ ਸਾਰਿਆਂ ਸਾਹਮਣੇ ਚੰਦੂ ਨੂੰ ਸਜ਼ਾ ਦਿੱਤੀ ਗਈ ਤਾਂ ਕਿ ਬਾਕੀਆਂ ਦੇ ਕੰਨ ਹੋਣ। ਲਾਹੌਰ ਵਿਖੇ ਹੀ ਜਦ ਪ੍ਰਿਥੀ ਚੰਦ ਜੀ ਦੇ ਪੁੱਤਰ ਬਾਬਾ ਮਿਹਰਬਾਨ ਨੇ ਖਰੂਦ ਪਾਉਣਾ ਚਾਹਿਆ ਤਾਂ ਗੁਰੂ ਜੀ ਨੇ ਬਿਧੀ ਚੰਦ ਜੀ ਨੂੰ ਭੇਜਿਆ ਕਿ ਉਸ ਨੂੰ ਮੱਤ ਦੇਣ ਤੇ ਸਮਝਾਉਣ।

ਬੀਬੀ ਕੌਲਾਂ ਦੀ ਸ਼ਰਨ ਆਉਣ ਉਪਰੰਤ ਲਾਹੌਰ ਵਲੋਂ ਹੱਲੇ ਦੀ ਸੰਭਾਵਨਾ ਹੋਣ ਉੱਤੇ ਭਾਈ ਜੀ ਨੇ ਆਪਣਾ ਡੇਰਾ ਹੀ ਪਿੱਪਲੀ ਸਾਹਿਬ ਕਰ ਲਿਆ ਅਤੇ ਜਥੇ ਨੇ ਲਾਹੌਰ ਤੱਕ ਮਾਰਾਂ ਕੀਤੀਆਂ। ਪੂਰੀ ਸੂਹ ਰੱਖੀ ਤੇ ਅੰਮ੍ਰਿਤਸਰ ਨੂੰ ਇਕ ਐਸੀ ਪਨਾਹ ਬਣਾ ਦਿੱਤਾ ਕਿ ਅਚਨਚੇਤ ਹਮਲੇ ਵੇਲੇ ਵੀ ਅੰਮ੍ਰਿਤਸਰ ਦੀ ਜਿੱਤ ਹੋਈ।

ਜਹਾਂਗੀਰ ਦੀ ਮ੍ਰਿਤੂ ਉਪਰੰਤ ਲਾਹੌਰ ਨੂੰ ਖੁਲ੍ਹ ਮਿਲ ਗਈ ਤੇ ਉਨ੍ਹਾਂ ਨੇ ਸਿੱਖਾਂ ਦਾ 'ਸ਼ਾਹੀ ਬਾਜ ਨੂੰ, ਸ਼ਾਹੀ ਤਾਜ ਨੂੰ, ਹੱਥ ਪਾਉਣਾ'[1] ਆਖ ਕੇ ਕੁਲੀਜ ਖ਼ਾਨ ਨੇ ਮੁਖਲਿਸ ਖ਼ਾਨ ਤੇ ਜ਼ਫ਼ਰ ਜੰਗ ਨੂੰ ਸੱਤ ਹਜ਼ਾਰ ਦੀ ਫ਼ੌਜ ਦੇ ਕੇ ਭੇਜ ਦਿੱਤਾ। ਇਧਰ ਸਿੱਖਾਂ ਦੀ ਚੜ੍ਹਦੀ ਕਲਾ ਦਾ ਜ਼ਿਕਰ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦਾ ਲਿਖਾਰੀ ਕਰਦਾ ਹੋਇਆ ਕਹਿੰਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਆਖ ਰਹੇ ਸਨ :

**ਤਿਨ ਕੋ ਬਾਜ ਨਹੀਂ ਹਮ ਦੇਨਾ।**
**ਤਾਜ ਬਾਜ ਤਿਨ ਤੇ ਸਭ ਲੇਨਾ।**

ਇਥੇ ਇਹ ਲਿਖਣਾ ਕੁਥਾਂ ਨਹੀਂ ਹੋਣ ਲੱਗਾ ਕਿ ਜਦ ਜੰਗ ਦੇ ਆਸਾਰ ਗੁਰੂ ਹਰਿਗੋਬਿੰਦ ਜੀ ਨੂੰ ਨਜ਼ਰੀਂ ਆਏ ਤਾਂ ਉਨ੍ਹਾਂ ਨੇ ਸਭ ਜਰਨੈਲਾਂ, ਭਾਈ ਬਿਧੀ ਚੰਦ, ਭਾਈ ਲੰਘਾਹ, ਭਾਈ ਮੋਹਨ, ਭਾਈ ਗੋਪਾਲ, ਭਾਈ ਨਿਵਲ, ਭਾਈ ਭਾਣਾ, ਭਾਈ ਸਿੰਘ ਤੇ ਹੋਰਨਾਂ ਨੂੰ ਬੁਲਾਇਆ ਤੇ ਰਾਇ ਪੁੱਛੀ ਕਿ ਕਿਵੇਂ ਤੇ ਕਿਥੇ ਲੜੀਏ। ਜਦ ਸਾਰਿਆਂ ਨੇ ਦਰਬਾਰ ਸਾਹਿਬ ਹੀ ਜੂਝਣ ਲਈ ਕਿਹਾ ਤਾਂ ਆਪ ਜੀ ਨੇ ਜੰਗ ਨੀਤੀ ਸਮਝਾਈ :

**ਲਰਨਿ ਭਲੋ ਨਹਿ ਅੰਤਰਿ ਭੌਣ।**

1. ਸ਼ਬਦ ਸਨ, 'ਅੱਜ ਬਾਜ ਨੂੰ ਹੱਥ ਪਾਇਆ ਹੈ, ਕੱਲ੍ਹ ਤਾਜ ਨੂੰ ਹੱਥ ਪਾਇਗਾ।'

Page 111 www.sikhbookclub.com

ਇਥੇ ਅੰਦਰ ਲੜਨਾ ਠੀਕ ਨਹੀਂ, ਇਕ ਤਾਂ :

**'ਸੁਧਾ ਸੁਰ ਹਮ ਯੁਧ ਨ ਚਾਂਹਿ।**
**ਆਵੈ ਤੁਰਕ ਅਦਬ ਰਹੈ ਨਾਹਿ।'**

ਦੂਜੇ ਫ਼ੌਜਾਂ ਨੂੰ ਸ਼ਹਿਰੋਂ ਬਾਹਰ ਅੱਗੋਂ ਜਾ ਠੱਲ੍ਹ ਪਾਉਣੀ ਚਾਹੀਦੀ ਹੈ ਤਾਂਕਿ ਨਗਰੀ ਦਾ ਨੁਕਸਾਨ ਨਾ ਹੋਵੇ :

**'ਪੁਰਿ ਮਹਿ ਲਰਨਿ ਦੋਸ਼ ਸਮੁਦਾਈ।**
**ਹਮਰੋ ਮਤ ਦ੍ਵੈ ਵਹਿਰਿ ਲਗਾਈ।** (ਸੂਰਜ ਪ੍ਰਕਾਸ਼ ਰਾਸ ੬, ਅੰਸ ੬)

ਗੁਰੂ ਹਰਿਗੋਬਿੰਦ ਜੀ ਆਪੂੰ ਅਰਦਾਸ ਕਰ ਫ਼ੌਜਾਂ ਸਮੇਤ ਬਾਹਰ ਨਿਕਲੇ, ਅਰਦਾਸ ਦੇ ਸ਼ਬਦ ਸਨ :

**ਸ੍ਰੀ ਗੁਰੂ ਨਾਨਕ ਜੋਤਿ ਹੋਤਿ ਨਿਤ ਸਿਖ ਸਹਾਇਕ।**

ਸਾਰੇ ਪਰਿਵਾਰ ਦੇ ਜੀਅ ਵੀ ਦੂਰ ਪਹੁੰਚਾ ਦਿੱਤੇ।

੧੪ ਮਈ, ੧੬੨੯ ਨੂੰ ਲਾਹੌਰ ਦੀਆਂ ਫ਼ੌਜਾਂ ਸ੍ਰੀ ਅੰਮ੍ਰਿਤਸਰ ਚੜ੍ਹ ਆਈਆਂ। ਪਹਿਲੀ ਟੱਕਰ ਭਾਈ ਬਿਧੀ ਚੰਦ ਜੀ ਦੇ ਜਥੇ ਨਾਲ ਹੋਈ। ਭਾਈ ਜੀ ਦੇ ਜਥੇ ਨੇ ਫ਼ੌਜਾਂ ਨੂੰ ਰੋਕ ਲਿਆ ਤੇ ਗੁਰੂ ਪਾਤਸ਼ਾਹ ਨੂੰ ਖ਼ਬਰ ਪੁਜਾ ਦਿੱਤੀ। ਹਮਲਾ ਕਿਤਨਾ ਕੁ ਅਚਨਚੇਤ ਸੀ ਇਸ ਦਾ ਅੰਦਾਜ਼ਾ ਇਥੋਂ ਹੀ ਲਗਾਇਆ ਜਾ ਸਕਦਾ ਹੈ ਕਿ ਦੂਜੇ ਦਿਨ ਗੁਰੂ ਹਰਿਗੋਬਿੰਦ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦੀ ਸ਼ਾਦੀ ਸੀ ਤੇ ਬਾਰਾਤ ਅੰਮ੍ਰਿਤਸਰ ਵੱਲ ਚੱਲ ਵੀ ਪਈ ਸੀ। ਭਾਈ ਬਿਧੀ ਚੰਦ ਜੀ, ਭਾਈ ਸਿੰਘਾਂ ਤੇ ਪੁੱਤਰ ਜਤੀ ਮਲ ਨੂੰ ਨਾਲ ਲੈ ਕੇ ਫੌਜਾਂ ਤੇ ਐਸੇ ਟੁੱਟੇ ਕਿ ਸ਼ਾਹੀ ਫੌਜਾਂ ਵਿਚ ਖਲਬਲੀ ਮਚ ਗਈ। ਮੁਖਲਿਸ ਖ਼ਾਂ ਨੇ ਫ਼ੌਜਾਂ ਨੂੰ ਵੰਗਾਰ ਪਾਈ ਕਿ 'ਗਾਜ਼ੀਓ ਤੁਸੀਂ ਸੂਰਮਿਆਂ ਦੀ ਔਲਾਦ ਹੋ ਤੇ ਉਧਰ ਫ਼ਕੀਰਾਂ ਦਾ ਟੋਲਾ ਹੈ' ਪਰ ਇਸ 'ਫ਼ਕੀਰਾਂ ਦੇ ਟੋਲੇ' ਨੇ ਐਸੀ ਜੰਗ ਲੜੀ ਕਿ ਇਤਿਹਾਸ ਵਿਚ ਨਵੇਂ ਪੰਨੇ ਲਿਖੇ ਗਏ। ਜੰਗ ਦੇ ਦੂਜੇ ਦਿਨ ਬਿਧੀ ਚੰਦ ਨੇ ਸਿੱਧਾ ਸੁਲਤਾਨ ਬੇਗ ਨੂੰ ਵੰਗਾਰਿਆ। ਸੁਲਤਾਨ ਬੇਗ ਨੇ ਕੱਸ ਕੇ ਨੇਜ਼ਾ ਮਾਰਿਆ। ਪਰ ਬਿਧੀ ਚੰਦ ਜੀ ਬਚ ਗਏ ਤੇ ਮੋੜਵਾਂ ਐਸਾ ਭਰਵਾਂ ਵਾਰ ਕੀਤਾ ਕਿ ਸੁਲਤਾਨ ਬੇਗ ਪਿੱਠ ਦਿਖਾ ਗਿਆ। ਬਿਧੀ ਚੰਦ ਜੀ ਨੇ ਭੱਜਦੇ ਨੂੰ 'ਕਾਇਰ' ਕਿਹਾ ਤਾਂ ਉਸ ਨੇ ਮੁੜ ਕੇ ਫਿਰ ਵਾਰ ਕਰਨੇ ਸ਼ੁਰੂ ਕਰ ਦਿੱਤੇ, ਪਰ ਬਿਧੀ ਚੰਦ ਜੀ ਨੇ ਐਸਾ ਤੀਰ ਚਲਾਇਆ ਕਿ ਉਸ ਦੀ ਛਾਤੀ ਵਿਚ ਲੱਗਾ ਤੇ ਉਹ ਥਾਂ ਹੀ ਡਿੱਗ ਪਿਆ। ਸੁਲਤਾਨ ਬੇਗ ਦੇ ਡਿੱਗਣ ਨਾਲ ਮੁਖਲਿਸ ਨੇ ਸਿੱਧਾ ਟਾਕਰਾ ਗੁਰੂ ਜੀ ਨਾਲ ਕੀਤਾ ਤੇ ਇਕੋ ਵਾਰ ਨਾਲ ਹੀ ਮੁਖਲਿਸ ਦਾ ਕੰਮ ਪੂਰਾ ਹੋ ਗਿਆ।

ਇਸੇ ਤਰ੍ਹਾਂ ਦੂਜੀ ਜੰਗ ਵੇਲੇ ਜਦ ਭਗਵਾਨ ਦਾਸ ਦੇ ਪੁੱਤਰ ਰਤਨ ਚੰਦ, ਉਸ ਦੇ ਸੰਬੰਧੀ ਲਾਲ ਚੰਦ ਅਤੇ ਚੰਦੂ ਦੇ ਪੁੱਤਰ ਕਰਮ ਚੰਦ ਨੇ ਜਲੰਧਰ ਦੇ ਸੂਬੇਦਾਰ ਅਬਦੁੱਲਾ ਖ਼ਾਂ ਨੂੰ ਹਰਿਗੋਬਿੰਦਪੁਰ ਚੜ੍ਹਾ ਆਂਦਾ ਤਾਂ ਗੁਰੂ ਜੀ ਨੇ ਫ਼ੌਜ ਦੀ ਕਮਾਨ ਤਾਂ ਭਾਈ ਜੱਟੂ ਦੇ ਹੱਥ ਦੇ ਦਿੱਤੀ ਪਰ ਬਿਧੀ ਚੰਦ ਜੀ ਦੇ ਜੱਥੇ ਨੂੰ ਰਾਖਵਾਂ ਰੱਖ ਲਿਆ, ਤਾਂ ਕਿ ਲੋੜ ਸਮੇਂ ਕੁਮਕ ਪੁਚਾਂਦੇ ਰਹਿਣ। ਜਿੱਥੇ ਵੀ ਰਤਾ ਕੁ ਢਿੱਲ ਹੋਈ, ਭਾਈ ਜੀ ਦੇਖਦੇ ਫ਼ੌਜ ਦੀ ਟੁਕੜੀ ਭੇਜ ਦਿੰਦੇ। ਵਿਰੋਧੀਆਂ ਦੇ ਲਗਾਤਾਰ ਹੱਲਿਆਂ ਨਾਲ ਪਹਿਲਾਂ ਭਾਈ ਜੱਟੂ ਜੀ, ਫਿਰ ਭਾਈ

 www.sikhbookclub.com

ਮਥਰਾ ਜੀ ਤੇ ਪਿਛੋਂ ਭਾਈ ਨਾਨੂੰ ਜੀ ਜਿਹਨਾਂ ਨੂੰ 'ਸ਼ਬਦ ਵੇਧ ਤੀਰ' ਮਾਰਨ ਦਾ ਵੱਲ ਆਉਂਦਾ ਸੀ, ਜੰਗ ਵਿਚ ਸ਼ਹੀਦ ਹੋ ਗਏ ਤਾਂ ਸਿਖ ਫੌਜਾਂ ਦੇ ਪੈਰ ਖਿੜਕਣ ਲੱਗੇ। ਉਸ ਸਮੇਂ ਭਾਈ ਬਿਧੀ ਚੰਦ ਜੀ ਦੀ ਚੜ੍ਹਦੀ ਕਲਾ ਹੀ ਕੰਮ ਆਈ। ਉਨ੍ਹਾਂ ਦੇ ਜਥੇ ਨੇ ਠੱਲ੍ਹ ਪਾ ਦਿੱਤੀ। ਸਿੱਖਾਂ ਨੂੰ ਜੂਝਦਾ ਵੇਖ ਅਬਦੁੱਲਾ ਖ਼ਾਂ ਨੂੰ ਕਹਿਣਾ ਹੀ ਪਿਆ : ਅਸੀਂ ਤਾਂ ਇਹਨਾਂ ਨੂੰ ਨਾਈ, ਛੀਂਬੇ ਤੇ ਬਰੂਟ ਹੀ ਸਮਝਦੇ ਸਾਂ, ਪਰ ਇਹ ਤਾਂ ਜੋਧਿਆਂ ਦੀ ਹੀ ਸੈਨਾ ਨਿਕਲੀ।' ਅਬਦੁੱਲਾ ਖ਼ਾਨ ਨੇ ਸਭ ਤੋਂ ਜ਼ਰੂਰੀ ਤੇ ਪਹਿਲਾਂ ਭਾਈ ਬਿਧੀ ਚੰਦ ਨੂੰ ਰਾਹ ਵਿਚੋਂ ਹਟਾਉਣਾ ਚਾਹਿਆ ਅਤੇ ਇਸ ਮੰਤਵ ਲਈ ਕਰਮ ਚੰਦ ਨੂੰ ਭਾਈ ਜੀ ਵਿਰੁੱਧ ਭੇਜਿਆ। ਕਰਮ ਚੰਦ ਨੇ ਦੂਰੋਂ ਤੀਰ ਚਲਾਇਆ ਤੇ ਉਹ ਬਿਧੀ ਚੰਦ ਦੇ ਸਰੀਰ ਵਿਚ ਖੁੱਭ ਗਿਆ। ਭਾਈ ਜੀ ਨੇ ਉਹ ਤੀਰ ਕੱਢ ਕੇ ਵਾਪਸ ਵਗਾਹ ਮਾਰਿਆ। ਕਰਮ ਚੰਦ ਤਾਂ ਬਚ ਗਿਆ ਪਰ ਉਸ ਦਾ ਘੋੜਾ ਡਿੱਗ ਪਿਆ। ਭਾਈ ਜੀ ਨੇ ਡਿੱਗਦੇ ਕਰਮ ਚੰਦ ਨੂੰ ਕਮੰਦ ਪਾ ਕੇ ਘਸੀਟ ਕੇ ਗੁਰੂ ਚਰਨਾਂ ਅੱਗੇ ਜਾ ਸੁੱਟਿਆ ਤੇ ਜਾਨੋਂ ਮੁਕਾਉਣ ਦੀ ਆਗਿਆ ਮੰਗੀ, ਪਰ ਗੁਰੂ ਜੀ ਨੇ ਨਿਹੱਥਾ ਦੱਸ ਕੇ ਵਰਜ ਦਿੱਤਾ। ਕਰਮ ਚੰਦ ਨੇ ਭੱਜ ਕੇ ਜਾ ਨਵਾਬ ਨੂੰ ਦੱਸਿਆ ਕਿ ਸਿੱਖ ਥੋੜ੍ਹੇ ਹੀ ਰਹਿ ਗਏ ਹਨ। ਉਸ ਨੇ ਭਰਵਾਂ ਹੱਲਾ ਕੀਤਾ ਪਰ ਇਸ ਹੱਲੇ ਵਿਚ ਉਹ ਆਪ ਆਪਣੇ ਪੁੱਤਰ ਤੇ ਸਾਥੀ ਗਵਾ ਬੈਠਾ। ਮੈਦਾਨ ਫਿਰ ਗੁਰੂ ਜੀ ਹੱਥ ਰਿਹਾ।

ਭਾਈ ਜੀ ਨਾਲ ਗੁਰੂ ਹਰਿਗੋਬਿੰਦ ਜੀ ਆਪਣੇ ਪੁੱਤਰਾਂ ਜਿਤਨਾ ਹੀ ਪਿਆਰ ਕਰਦੇ ਸਨ। ਜਦ ਉਥੇ ਹਰਿਗੋਬਿੰਦਪੁਰ ਹੀ ਭਾਈ ਸੁਭਾਗ ਜੀ ਨੇ ਪੰਜ ਇਰਾਕੀ ਘੋੜੇ ਪੇਸ਼ ਕੀਤੇ ਤਾਂ ਉਹਨਾਂ ਇਕ ਘੋੜਾ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਤੇ ਦੂਜਾ ਭਾਈ ਸੂਰਜ ਮੱਲ ਜੀ ਨੂੰ ਤੇ ਤੀਜਾ ਭਾਈ ਬਿਧੀ ਚੰਦ ਨੂੰ ਦਿੱਤਾ ਤੇ ਦੋ ਆਪਣੇ ਪਾਸ ਰੱਖੇ।

ਮਾਲਵੇ ਵਿਚਰਦੇ ਗੁਰੂ ਹਰਿਗੋਬਿੰਦ ਜੀ ਭਗਤੀ ਤੇ ਸ਼ਕਤੀ ਵੰਡ ਰਹੇ ਸਨ। ਡਰੋਲੀ ਦੀ ਸੰਗਤ ਨੂੰ ਕਟਾਰ ਤੇ ਪੋਥੀ ਬਖ਼ਸ਼ਦੇ ਫ਼ਰਮਾਇਆ : 'ਜਿਸ ਸਮੇਂ ਕੋਈ ਧਰਮ ਕਮਾਉਣ ਵਿਚ ਵਿਘਨ ਪਾਏ ਤਦ ਸਿੱਖਾਂ ਦਾ ਹੱਥ ਸ਼ਸਤ੍ਰ ਪਰ ਆਉਣਾ ਚਾਹੀਦਾ ਹੈ, ਸਿੱਖ ਨੇ ਲੁਕ ਛੁਪ ਕੰਨਾਂ ਵਿਚ ਮੰਤ੍ਰ ਨਹੀਂ ਦੇਣੇ ਨਗਾਰੇ ਵਜਾਂਦੇ ਪ੍ਰਚਾਰ ਕਰਨਾ ਹੈ। ਪੋਥੀ ਗਿਆਨ ਹਿਤ ਹੈ। ਕਟਾਰ ਇਸ ਗਿਆਨ ਦਾ ਚਮਤਕਾਰ ਹੈ। ਇਨ੍ਹਾਂ ਦੋਵਾਂ ਨੂੰ ਪਾਸ ਰੱਖਣਾ, ਗੁਰੂ ਦੇ ਦਰਸ਼ਨ ਹੋਣਗੇ। ਧਰਮ ਦ੍ਰਿੜ੍ਹ ਹੋਵੇਗਾ।'

ਗੁਰਸਰ ਸਿਧਾਰ, ਭਾਈ ਦਿਆਲ ਚੰਦ ਤੇ ਬਖ਼ਤ ਮਲ ਨੇ ਕਾਬਲੀ ਸੰਗਤਾਂ ਵਲੋਂ ਸੁਗਾਤਾਂ ਭੇਟ ਕੀਤੀਆਂ ਤੇ ਨਾਲ ਦੱਸਿਆ ਕਿ 'ਭਾਈ ਕਰੋੜੀ ਵੀ ਦੋ ਘੋੜੇ ਗੁਲ ਬਾਗ ਤੇ ਦਿਲ ਬਾਗ ਗੁਰੂ ਜੀ ਨੂੰ ਭੇਟ ਕਰਨ ਲਈ ਲਿਆ ਰਿਹਾ ਸੀ ਤਾਂ ਲਾਹੌਰ ਵਿਖੇ ਅਨਾਇਤ ਉੱਲਾ ਨੇ ਖੋਹ ਲਏ ਹਨ।' ਗੁਰੂ ਜੀ ਨੇ ਧਰਵਾਸ ਦਿੰਦੇ ਕਿਹਾ ਕਿ ਕਰੋੜੀ ਮੱਲ ਦੀ ਭੇਟਾ ਪੁੱਜ ਗਈ ਹੈ ਤੇ ਬਿਧੀ ਚੰਦ ਆਪੇ ਹੀ ਲੈ ਆਵੇਗਾ।

ਭਾਈ ਜੀ ਗੁਰੂ ਜੀ ਪਾਸੋਂ ਬਖ਼ਸ਼ਿਸ਼ਾਂ ਲੈ ਕੇ ਲਾਹੌਰ ਪੁੱਜੇ। ਉਹਨਾਂ ਘਾਹੀ ਦਾ ਰੂਪ ਧਾਰਿਆ ਤੇ ਭਾਈ ਜੀਵਨ ਦੇ ਘਰ ਜਾ ਕੇ ਟਿਕਾਣਾ ਕੀਤਾ। ਭਾਈ ਸਾਹਿਬ ਸਾਫ਼-ਸੁਥਰੇ ਘਾਹ ਦੀਆਂ ਪੰਡਾਂ ਬਣਾ ਕੇ ਕਿਲ੍ਹੇ ਦੀ ਦੀਵਾਰ ਪਾਸ ਬੈਠ ਗਏ। ਘੋੜਿਆਂ ਦੇ ਦਰੋਗਾ ਸੌਂਧੇ ਖ਼ਾਨ ਨੇ ਘਾਹ ਤੇ ਘਾਹੀ ਵੱਲ ਦੇਖ ਮੁੱਲ ਕੀਤਾ। ਬਿਧੀ ਚੰਦ ਜੀ ਘਾਹ ਉਠਾ ਘੋੜਿਆਂ

ਤੱਕ ਲੈ ਗਏ। ਇਸ ਤਰ੍ਹਾਂ ਰੋਜ਼ ਘਾਹ ਲਿਆਉਂਦੇ ਤੇ ਪਾ ਦਿੰਦੇ। ਘੋੜੇ ਭਾਈ ਜੀ ਨਾਲ ਪਰਚ ਗਏ ਤਾਂ ਦਰੋਗਾ ਨੇ ਨੌਕਰ ਹੀ ਰੱਖ ਲਿਆ। ਭਾਈ ਬਿਧੀ ਚੰਦ ਜੀ ਘੋੜਿਆਂ ਦੀ ਸੇਵਾ ਵੀ ਕਰਦੇ ਤੇ ਪੂਰੀ ਟੋਹ ਵੀ ਰੱਖਦੇ। ਉਹ ਐਸੇ ਅੰਞਾਣ ਬਣ ਗਏ ਕਿ ਸਾਰੇ ਨੌਕਰ ਉਹਨਾਂ ਨੂੰ ਅਲ੍ਹੜ ਤੇ ਮੂਰਖ ਜਾਣਨ। ਉਹ ਇਤਨੇ ਯਮਲੇ ਦਿੱਸਣ ਕਿ ਰਤਨਾਂ ਜੜੀ ਕਾਠੀ ਨੂੰ ਜਵਾਰ ਤੇ ਮੱਕੋ ਦੇ ਦਾਣੇ ਕਹਿਣ ਤੇ ਵਾਰ-ਵਾਰ ਕਹਿਣ ਕਿ ਘੋੜਿਆਂ ਨੂੰ ਕਾਠੀ ਪਾਉਣ ਦੀ ਕੀ ਲੋੜ ਹੈ। ਇਧਰ ਹਰ ਰਾਤ ਨੂੰ ਇਕ ਵੱਡਾ ਪੱਥਰ ਘਾਹ ਦੀ ਪੰਡ ਵਿਚ ਬੰਨ੍ਹ ਦਰਿਆ ਵਿਚ ਸੁੱਟ ਦਿੰਦੇ। ਦਰਿਆ ਰਾਵੀ ਉਸ ਸਮੇਂ ਕਿਲ੍ਹੇ ਨਾਲ ਟਕਰਾ ਕੇ ਲੰਘਦਾ ਸੀ। ਪਹਿਲਾਂ ਕੁਝ ਦਿਨ ਤਾਂ ਹਲਚਲ ਹੋਈ ਪਰ ਸਭ ਨੇ ਇਹ ਜਾਣ ਲਿਆ ਕਿ ਇਹ ਕੋਈ ਦਰਿਆਈ ਜਾਨਵਰ ਹੋਵੇਗਾ ਜੋ ਕਿਲ੍ਹੇ ਦੀ ਦੀਵਾਰ ਨਾਲ ਟਕਰਾਂਦਾ ਹੈ। ਬਿਧੀ ਚੰਦ ਜੀ ਸਾਰੀ ਤਨਖ਼ਾਹ ਵੀ ਦੂਜਿਆਂ ਉੱਪਰ ਖਰਚ ਕਰ ਦਿੰਦੇ। ਆਖ਼ਰੀ ਤਨਖ਼ਾਹ ਵਾਲੇ ਦਿਨ ਉਹਨਾਂ ਵੱਡਾ ਖਾਣਾ ਕੀਤਾ। ਜ਼ਿਆਫ਼ਤ ਇਤਨੀ ਰੱਜਵੀਂ ਸੀ ਕਿ ਸਾਰੇ ਨਸ਼ੇ ਵਿਚ ਗੁੱਟ ਹੋ ਕੇ ਗਿਰ ਪਏ। ਭਾਈ ਬਿਧੀ ਚੰਦ ਜੀ ਨੇ ਚਾਬੀਆਂ ਕੱਢੀਆਂ, ਕਰਮਚਾਰੀਆਂ ਨੂੰ ਇਕ ਕਮਰੇ ਵਿਚ ਬੰਦ ਕੀਤਾ ਤੇ ਘੋੜੇ ਸਮੇਤ ਕਿਲ੍ਹੇ ਦੀ ਦੀਵਾਰ ਤੋਂ ਛਾਲ ਮਾਰ, ਪਤਣ ਤੋਂ ਹੁੰਦੇ ਗੁਰੂ ਜੀ ਪਾਸ ਸਿਧਾਰ ਪੁੱਜੇ। ਗੁਰੂ ਜੀ ਨੇ ਬਖ਼ਸ਼ਿਸ਼ ਦੇ ਦਰ ਆ ਕੇ ਕੁਝ ਮੰਗਣ ਲਈ ਕਿਹਾ ਤਾਂ ਭਾਈ ਜੀ ਨੇ ਬੇਨਤੀ ਕੀਤੀ :

**ਸਤਿਗੁਰਾਂ ਦਾ ਅੰਗ।**
**ਸਾਧ ਦਾ ਸੰਗ।**
**ਨਾਮ ਦਾ ਰੰਗ।**
**ਨਿਸਚਾ ਅਭੰਗ।**

ਕਿਲ੍ਹੇ ਦੇ ਬਾਕੀ ਕਰਮਚਾਰੀਆਂ ਨੇ ਕਿਲ੍ਹੇ ਨਾਲ ਟਕਰਾਉਂਦੀ ਛੱਲ ਜਾਣ ਨਾਂਹ ਗੌਲਿਆ ਪਰ ਸਵੇਰ ਵੇਲੇ ਜਦ ਕਰਮਚਾਰੀਆਂ ਨੂੰ ਇਕ ਕਮਰੇ ਵਿਚ ਬੰਦ ਤੇ ਇਕ ਘੋੜਾ ਗਾਇਬ ਦੇਖਿਆ ਤਾਂ ਛੱਲਾਂ ਦਾ ਕਾਰਨ ਸਮਝੇ। ਸਾਰਾ ਭੇਤ ਖੁੱਲ੍ਹ ਗਿਆ। ਇਕ ਘੋੜਾ ਜਾ ਚੁੱਕਾ ਸੀ।

ਤਾਰੀਖ਼-ਇ-ਪੰਜਾਬ ਵਿਚ ਇਸੇ ਵਾਰਤਾ ਨੂੰ ਸੰਖੇਪ ਕਰ ਇਸ ਤਰ੍ਹਾਂ ਲਿਖਿਆ ਹੈ ਕਿ ਬਿਧੀ ਚੰਦ ਲਾਹੌਰ ਪਹੁੰਚਿਆ ਤੇ ਸ਼ਾਹੀ ਤਬੇਲੇ ਦੇ ਘਸਿਆਰਿਆਂ ਵਿਚ ਜਾ ਕੇ ਨੌਕਰ ਹੋ ਗਿਆ। ਕੁਝ ਮਹੀਨਿਆਂ ਵਿਚ ਉਸ ਨੇ ਜਦ ਆਪਣਾ ਇਤਬਾਰ ਜਮਾ ਲਿਆ ਤਾਂ ਇਕ ਰਾਤੀਂ ਸ਼ਾਹੀ ਤਬੇਲੇ ਤੇ ਹੋਰਨਾਂ ਨੌਕਰਾਂ ਨੂੰ ਸ਼ਰਾਬ ਪਿਆ ਕੇ ਮਸਤ ਤੇ ਬੇ-ਸੁਰਤ ਕਰ ਦਿੱਤਾ ਤੇ ਘੋੜਾ ਕਿਲ੍ਹੇ ਦੀ ਫ਼ਸੀਲ ਉਤੋਂ ਦੀ ਦਰਿਆ ਵਿਚ ਛਾਲ ਮਾਰ ਕੇ ਲੈ ਆਇਆ ਤੇ ਗੁਰੂ ਜੀ ਦੀ ਸੇਵਾ ਵਿਚ ਭੇਟ ਕੀਤਾ।

ਭਾਈ ਬਿਧੀ ਚੰਦ ਜੀ ਦੂਜਾ ਘੋੜਾ ਲੈਣ ਲਈ ਫਿਰ ਲਾਹੌਰ ਆ ਪੁੱਜੇ। ਇਸ ਵਾਰੀ ਭਾਈ ਬਿਧੀ ਚੰਦ ਜੀ ਭਾਈ ਬੋਹੜੂ ਦੇ ਘਰ ਟਿਕੇ। ਭਾਈ ਬੋਹੜੂ ਨੇ ਦੱਸਿਆ ਕਿ ਘੋੜਾ ਗਾਇਬ ਹੋ ਜਾਣ ਦੀ ਸੂਰਤ ਵਿਚ ਸੌਂਧੇ ਖ਼ਾਨ ਸਭ ਖੋਜੀਆਂ ਤੇ ਨਜੂਮੀਆਂ ਦੇ ਪੈਰ ਚੁੰਮ ਰਹਿਆ ਹੈ। ਇਸ ਢੂੰਡ ਵਿਚ ਹੈ ਕਿ ਕੋਈ ਖੋਜੀ ਕੋਈ ਸੂਹ ਦੱਸੇ। ਭਾਈ ਜੀ ਨੇ ਉਸ ਸਮੇਂ ਰਾਵਲ ਦਾ ਰੂਪ ਧਾਰਿਆ ਤੇ ਕਿਲ੍ਹੇ ਦੇ ਲਾਗੇ ਜਾ ਬੈਠੇ।

ਸੌਂਧੇ ਖ਼ਾਨ ਜਦ ਕੋਲੋਂ ਲੰਘਿਆ ਤਾਂ ਉਸਦੇ ਦਿਲ ਦੀ ਗੱਲ ਦੱਸ ਦਿੱਤੀ। ਉਹ ਰੁਕ ਕੇ ਗੱਲ ਸੁਣਨ ਲੱਗਾ ਤੇ ਭਾਈ ਜੀ ਨੂੰ ਨਵਾਬ ਕੋਲ ਲੈ ਗਿਆ। ਭਾਈ ਜੀ ਨੇ ਪਹਿਲਾਂ ਘਾਹੀ ਦਾ ਨਾਂ, ਫਿਰ ਉਸਦਾ ਹੁਲੀਆ ਤੇ ਘੋੜਾ ਲੈ ਜਾਣ ਦੀ ਸਾਰੀ ਤਰਕੀਬ ਦੱਸ ਦਿੱਤੀ। ਭਾਈ ਸਾਹਿਬ ਨੇ ਕਿਹਾ ਕਿ ਇਸ ਸਮੇਂ ਇਹ ਦੱਸਣਾ ਜ਼ਰਾ ਔਖਾ ਹੈ ਕਿ ਘੋੜਾ ਕਿਥੇ ਹੈ ਪਰ ਜੇ ਉਹ ਹੀ ਸਮਾਂ ਹੋਵੇ, ਉਸੇ ਤਰ੍ਹਾਂ ਪਹਿਰੇਦਾਰ ਆਪਣੀ-ਆਪਣੀ ਥਾਂ ਤੇ ਹੋਣ ਦਾ ਸਭ ਕੁਝ ਦੱਸਿਆ ਜਾ ਸਕਦਾ ਹੈ। ਰਾਤ ਨੂੰ ਉਹ ਹੀ ਸਮਾਂ ਆਉਣ ਉਤੇ ਪੂਰਾ ਸਾਂਗ ਉਤਾਰਿਆ ਗਿਆ। ਭਾਈ ਜੀ ਨੇ ਘੋੜਾ ਖੋਹਲਿਆ ਤੇ ਉੱਤੇ ਚੜ੍ਹ ਕੇ 'ਆਪਣੇ ਸੇਵਕ ਦੀ ਪੈਜ ਰਖੀਂ' ਆਖ ਕੇ ਛਾਲ ਦਰਿਆ ਵਿਚ ਮਾਰ ਦਿੱਤੀ ਤੇ ਕਿਹਾ : 'ਪਹਿਲਾ ਵੀ ਮੈਂ ਲੈ ਗਿਆ ਸਾਂ, ਦੂਜਾ ਵੀ ਮੈਂ ਨਾਲ ਲੈ ਜਾ ਰਿਹਾ ਹਾਂ। ਇਹ ਘੋੜੇ ਸੱਚੇ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਦੇ ਹਨ, ਉਹ ਹੁਣ ਕਾਂਗੜ ਦੇਸ਼ ਹਨ।' ਘੋੜਾ ਗੁਰ ਚਰਨਾਂ ਅੱਗੇ ਲਿਆ ਹਾਜ਼ਰ ਕੀਤਾ। ਮਹਾਰਾਜ ਨੇ ਛਾਤੀ ਨਾਲ ਲਗਾਇਆ ਤੇ ਫ਼ਰਮਾਇਆ :

**"ਬਿਧੀ ਚੰਦ ਛੀਨਾ।**
**ਗੁਰੂ ਕਾ ਸੀਨਾ।**
**ਪਰੇਮ ਭਗਤ ਲੀਨਾ।**
**ਕਦੇ ਕਮੀ ਨਾਹ।"**

ਕਨ੍ਹਈਆ ਲਾਲ ਲਿਖਦਾ ਹੈ ਕਿ ਬਿਧੀ ਚੰਦ ਦੂਜੀ ਵਾਰੀ ਇਕ ਨਜੂਮੀ ਦੇ ਭੇਸ ਵਿਚ ਬਾਦਸ਼ਾਹ ਕੋਲ ਪੁੱਜਾ ਅਤੇ ਸ਼ਾਹੀ ਮਹਿਲ ਤੇ ਦੂਜੇ ਮਕਾਨਾਂ ਨੂੰ ਜੰਦਰੇ ਮਾਰ ਕੇ ਦੂਜਾ ਘੋੜਾ ਵੀ ਨਠਾ ਲਿਆਇਆ।

ਤੀਜੀ ਜੰਗ ਦਾ ਕਾਰਨ ਇਹ ਘੋੜੇ ਲਿਆਉਣਾ ਸੀ। ਅਨਾਇਤ ਉੱਲਾ ਨੇ ਲੱਲਾ ਬੇਗ ਤੇ ਉਸ ਦੇ ਭਰਾ ਕਮਰਬੇਗ ਅਤੇ ਮੁਗਲੀ ਬੇਗ ਤੇ ਬਹਿਲੋਲ ਖ਼ਾਂ ਨੂੰ ਦਸ ਹਜ਼ਾਰ ਫ਼ੌਜਾਂ ਦੇ ਕੇ ਭੇਜਿਆ ਪਰ ਉਸ ਨੂੰ ਨਥਾਣੇ ਦੇ ਅਸਥਾਨ ਉੱਤੇ ਕਰੜੀ ਹਾਰ ਹੋਈ। ਸ਼ਾਹ ਜਹਾਨ ਨੇ ਇਸ ਹਾਰ ਨੂੰ ਸੁਣਿਆ ਤਾਂ ਉਸ ਨੇ ਪੰਜਾਬ ਦੇ ਦੌਰੇ ਦਾ ਪ੍ਰੋਗਰਾਮ ਵੀ ਬਣਾਇਆ। ਸ਼ਾਹ ਜਹਾਨ ਪਾਸ ਪਾਇੰਦੇ ਖ਼ਾਨ ਵੀ ਪੁੱਜਿਆ ਪਰ ਉਹ ਵਜ਼ੀਰ ਖ਼ਾਨ ਨੂੰ ਮੁਆਮਲਾ ਸੌਂਪ ਕੇ ਆਪ ਵਾਪਸ ਟੁਰ ਗਿਆ। ਵਜ਼ੀਰ ਖ਼ਾਨ ਬਾਰੇ ਇਕ ਗੱਲ ਯਾਦ ਰੱਖਣ ਵਾਲੀ ਹੈ ਕਿ ਉਹ ਸ਼ਾਹ ਜਹਾਨ ਦਾ ਬਹੁਤ ਹੀ ਇਤਬਾਰੀ ਸੀ। ਜਦ ਸ਼ਾਹ ਜਹਾਨ ਦੀ ਪਿਆਰੀ ਮਲਕਾ ਮੁਮਤਾਜ਼ ਮਰੀ ਤਾਂ ਉਸ ਨੂੰ ਦਫ਼ਨ ਕਰਨ ਲਈ ਕਬਰ ਤੱਕ ਲੈ ਜਾਣ ਵਾਲਾ ਇਕੋ-ਇਕ 'ਮਰਦ' ਵਜ਼ੀਰ ਖ਼ਾਨ ਹੀ ਸੀ, ਜਿਸ ਨੂੰ ਇਹ ਸਨਮਾਨ ਦਿੱਤਾ ਗਿਆ ਸੀ।

ਵਜ਼ੀਰ ਖ਼ਾਨ ਨੇ ਜਦ ਕੋਈ ਕਾਰਵਾਈ ਨਾ ਕੀਤੀ ਤਾਂ ਪਾਇੰਦੇ ਖ਼ਾਂ (ਪੈਂਦੇ ਖ਼ਾਂ), ਮੁਖਲਿਸ ਖ਼ਾਂ ਦੇ ਭਰਾ ਕਾਲੇ ਖ਼ਾਨ, ਅਨਵਰ ਖ਼ਾਨ, ਖੋਜਾ ਤੇ ਲੱਲਾ ਬੇਗ ਦੇ ਪੁੱਤਰ ਮਲਕ ਅਨਵਰ ਨੂੰ ਨਾਲ ਲੈ ਲਿਆ ਤੇ ਕਰਤਾਰਪੁਰ 'ਤੇ ਹੱਲਾ ਬੋਲ ਦਿੱਤਾ। ਮੁਹਸਨ ਫ਼ਾਨੀ ਨੇ ਇਸ ਜੰਗ ਦੇ ਅੱਖੀਂ ਡਿੱਠੇ ਹਾਲ ਲਿਖੇ ਹਨ। ਤਲਵਾਰਾਂ ਖੜਕਣ ਲੱਗੀਆਂ। ਘੋੜੇ ਇਕ ਦੂਜੇ ਨਾਲ ਭਿੜਨ ਲੱਗੇ। ਗਰਮੀ ਤੇ ਹਨੇਰੀ ਦਾ ਜ਼ੋਰ ਸੀ। ਇਕ ਪਾਸੇ ਕੁਦਰਤੀ ਹਨੇਰੀ ਤੇ ਦੂਜੇ ਫ਼ੌਜ ਨੇ ਇਤਨੀ ਧੂੜ ਛੱਡੀ ਕਿ ਰਾਤ ਪੈ ਗਈ। ਪੈਂਦੇ ਖ਼ਾਨ ਗੁਰੂ ਜੀ ਦੇ ਹੱਥੋਂ ਮਾਰਿਆ ਗਿਆ ਤੇ ਮੈਦਾਨ ਗੁਰੂ ਜੀ ਦੇ ਹੱਥ ਹੀ ਰਿਹਾ। ਮੁਹਸਨ ਫ਼ਾਨੀ ਲਿਖਦਾ ਹੈ : 'ਇਸ ਤੋਂ ਪਹਿਲਾਂ


www.sikhbookclub.com

ਤੇ ਪਿਛੋਂ ਕਈ ਵਾਰੀ ਬੜੇ ਭਾਰੀ ਸ਼ਾਹੀ ਲਸ਼ਕਰ ਉਸ ਉਤੇ ਚੜ੍ਹ ਕੇ ਆਏ ਪਰ ਉਹ ਰੱਬ ਦੀ ਕਿਰਪਾ ਨਾਲ ਸਹੀ ਸਲਾਮਤ ਬਚ ਗਿਆ।' ਇਸ ਉਪਰੰਤ ਕਈ ਸ਼ਾਹੀ ਟਾਕਰੇ ਹੋਏ, ਪਰ ਫ਼ੌਜਾਂ ਨੂੰ ਭਾਂਜ ਹੀ ਖਾਣੀ ਪੈਂਦੀ ਰਹੀ। ਗੁਰੂ ਜੀ ਨੇ ਆਪਣਾ ਟਿਕਾਣਾ ਕਰਤਾਰਪੁਰ ਤੋਂ ਕੀਰਤਪੁਰ ਕਰ ਲਿਆ।

ਕੀਰਤਪੁਰ ਪੁੱਜਦੇ ਸਾਰ ਹੀ ਗੁਰੂ ਜੀ ਨੇ ਪ੍ਰਚਾਰ ਦੇ ਕੰਮ ਨੂੰ ਨਵੇਂ ਸਿਰਿਓਂ ਵਿਉਂਤ ਦਿੱਤੀ। ਬਾਬਾ ਗੁਰਦਿੱਤਾ ਜੀ ਨੇ ਬਾਬਾ ਅਲਮਸਤ, ਬਾਬਾ ਫੂਲ, ਗੋਇੰਦਾ ਜੀ ਤੇ ਬਾਲੂ ਹਸਣੇ ਦੀਆਂ ਧੂਣੀਆਂ ਬਣਾ-ਬਣਾ ਕੇ ਦੂਰ-ਦੂਰ ਸਿੱਖੀ ਸੰਦੇਸ਼ ਨੂੰ ਪਹੁੰਚਾਇਆ ਤੇ ਥਾਂ-ਥਾਂ ਬਖਸ਼ੀਸ਼ਾਂ ਵੀ ਕਾਇਮ ਕੀਤੀਆਂ। ਮੁਹਸਨ ਫ਼ਾਨੀ ਲਿਖਦਾ ਹੈ ਕਿ ਦੇਸ਼ ਭਰ ਵਿਚ ਕੋਈ ਐਸਾ ਅਸਥਾਨ ਨਹੀਂ ਹੋਵੇਗਾ ਜਿੱਥੇ ਸਿੱਖ ਨਾ ਮਿਲਣ।

ਕੀਰਤਪੁਰ ਹੀ ਬੁੱਢਣ ਸ਼ਾਹ ਦਾ ਚੇਲਾ ਸੁੰਦਰ ਸ਼ਾਹ, ਦਿਉ ਨਗਰ (ਅਯੁਧਿਆ) ਤੋਂ ਕੀਰਤਪੁਰ ਆਇਆ। ਸੁੰਦਰ ਸ਼ਾਹ ਦੀ ਰਾਮ ਦੇ ਦੇਸ਼ ਬਹੁਤ ਮਾਣਤਾ ਸੀ। ਰਾਜੇ ਤੇ ਨਵਾਬ ਵੀ ਉਸ ਦੀ ਪੂਜਾ ਕਰਦੇ ਸਨ। ਉਸ ਨੇ ਜਦ ਕੀਰਤਪੁਰ ਗੁਰੂ ਹਰਿਗੋਬਿੰਦ ਜੀ ਦਾ ਪ੍ਰਚਾਰ, ਰਹਿਣੀ-ਬਹਿਣੀ ਤੇ ਸਿੱਖਾਂ ਦਾ ਜੀਵਨ ਡਿੱਠਾ ਤਾਂ ਸਿੱਖੀ ਪ੍ਰਚਾਰ ਲਈ ਉਸ ਨੇ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਉਹ ਇਹ ਵੇਖ ਹੈਰਾਨ ਹੋਇਆ ਕਿ ਗੁਰੂ ਜੀ ਨੇ ਆਪ ਖਰਚ ਕੇ ਬੁੱਢਣ ਸ਼ਾਹ ਦੀ ਕਬਰ ਬਣਾਈ ਸੀ। ਭਾਈ ਬਿਧੀ ਚੰਦ ਜੀ ਨਾਲ ਉਸ ਦਾ ਬਹੁਤ ਪਿਆਰ ਪੈ ਗਿਆ ਤੇ ਦੋਵੇਂ ਹੀ ਘੰਟਿਆਂ ਬੱਧੀ ਬ੍ਰਹਮ ਗਿਆਨ ਦੀਆਂ ਗੱਲਾਂ ਕਰਦੇ ਰਹਿੰਦੇ। ਉਹਨਾਂ ਦੋਵਾਂ ਦਾ ਇਤਨਾ ਗੂਹੜਾ ਸੰਬੰਧ ਹੋ ਗਿਆ ਕਿ ਦੋਵਾਂ ਨੇ ਪ੍ਰਣ ਕੀਤਾ ਕਿ 'ਸਰੀਰ ਦੋਵੇਂ ਇਕੱਠਿਆਂ ਹੀ ਛੱਡਾਂਗੇ।' ਭਾਈ ਜੀ ਨੂੰ ਗੁਰੂ ਸਾਹਿਬ ਨੇ ਪ੍ਰਚਾਰ ਹਿਤ ਦਿਉ ਨਗਰ ਹੀ ਭੇਜ ਦਿੱਤਾ। ਜਦ ਗੁਰੂ ਜੀ ਤੋਂ ਬਾਬਾ ਬਿਧੀ ਚੰਦ ਜੀ ਵਿਦਾਇਗੀ ਲੈਣ ਲੱਗੇ ਤਾਂ ਉਹਨਾਂ ਦੇ ਨੇਤਰ ਜਲ ਨਾਲ ਭਰ ਗਏ। ਗੁਰੂ ਜੀ ਦੀਆਂ ਅੱਖਾਂ ਵੀ ਭਰ ਆਈਆਂ। ਇਕ ਵਾਰੀ ਬਾਬਾ ਬੁੱਢਾ ਜੀ ਨੂੰ ਚਿਖਾ ਉੱਤੇ ਰੱਖਣ ਵੇਲੇ ਆਪ ਜੀ ਦੇ ਨੇਤਰਾਂ ਵਿਚੋਂ ਦੋ ਪਿਆਰ ਮੋਤੀ ਟਪਕੇ ਸਨ।

ਦੂਜੀ ਵਾਰੀ ਹੁਣ, ਬਿਧੀ ਚੰਦ ਨੂੰ ਦਿਉ ਨਗਰ ਵੱਲ ਭੇਜਣ ਵੇਲੇ ਗੁਰੂ ਹਰਿਗੋਬਿੰਦ ਜੀ ਨੇ ਬਚਨ ਵੀ ਕੀਤੇ : "ਬਿਧੀ ਚੰਦ ਜੇ ਕੋਈ ਤੇਰੇ ਮੇਰੇ ਵਿਚ ਭੇਦ ਮੰਨੇਗਾ ਉਸ ਨੂੰ ਸਿੱਖੀ ਸਿਦਕ ਨਾ ਪ੍ਰਾਪਤ ਹੋਵੇਗਾ। ਕਰਤਾਰ ਦੀ ਆਗਿਆ ਇਸ ਤਰ੍ਹਾਂ ਹੈ, ਸੋ ਖ਼ੁਸ਼ੀ ਨਾਲ ਪਾਲਣੀ ਚਾਹੀਦੀ ਹੈ। ਜਿਵੇਂ ਨਦੀ ਦੇ ਪ੍ਰਵਾਹ ਵਿਚ ਤਿਨਕੇ ਤੇ ਬੇੜੀ ਵਿਚ ਰਾਹੀ ਇਕੱਠੇ ਹੋ ਜਾਂਦੇ ਹਨ, ਇਸੇ ਤਰ੍ਹਾਂ ਸਰੀਰ ਦੇ ਸੰਬੰਧ ਹਨ।' ਸਿੱਖਾਂ ਦਾ ਇਤਨਾ ਪਿਆਰ ਸੀ ਭਾਈ ਜੀ ਨਾਲ ਕਿ ਉਹ ਦੂਰ ਤੱਕ ਉਹਨਾਂ ਨੂੰ ਛੱਡਣ ਗਏ। ਸੁੰਦਰ ਸ਼ਾਹ ਦਾ ਚੇਲਾ ਗੁਰੂ ਦਾ ਪਿਆਰ ਦੇਖ ਕੇ ਹੈਰਾਨ ਹੋ ਗਿਆ।

ਦਿਉ ਨਗਰ ਵੱਲ ਜਾਂਦਿਆਂ ਰਾਹ ਵਿਚ ਭਾਈ ਜੀ ਸੰਗਤਾਂ ਨੂੰ ਬਿਬੇਕ, ਵੈਰਾਗ ਤੇ ਗਿਆਨ ਦ੍ਰਿੜ੍ਹਾਂਦੇ ਰਹੇ। ਦਿਉ ਨਗਰ ਵਿਚ ਪੁੱਜ ਕੇ ਸਿੱਖੀ ਦਾ ਆਦਰਸ਼ ਘਰ-ਘਰ ਪੁਚਾਇਆ। ਭਾਈ ਬਿਧੀ ਚੰਦ ਜੀ ਨੂੰ ਦੇਖ ਸਾਰੇ ਕਹਿਣ ਲੱਗੇ ਕਿ ਗੁਰੂ ਹਰਿਗੋਬਿੰਦ ਜੀ ਕੈਸੇ ਕਾਮਲ ਹਨ ਕਿ ਉਹਨਾਂ ਦੀ ਛੁਹ ਨਾਲ ਜੰਗ ਵਿਚ ਹਰ ਸਿੱਖ ਯੋਧਾ ਬਣ ਗਿਆ ਹੈ

ਤੇ ਗਿਆਨ ਵਿਚ ਵੀ ਸਿਖਰਾਂ ਨੂੰ ਛੋਹਣ ਲਗਦਾ ਹੈ। ਦੁਨੀਆਂ ਨੇ ਇੰਤਹਾ ਉਸ ਦਿਨ ਡਿੱਠੀ ਜਦ ਦੋਹਾਂ ਸੁੰਦਰ ਸ਼ਾਹ ਤੇ ਭਾਈ ਬਿਧੀ ਚੰਦ ਜੀ ਨੇ ਇਕੋ ਸਮੇਂ, ਇਕੋ ਥਾਂ ੧੫ ਅਗਸਤ, ੧੬੩੮, ਭਾਦੋਂ ਸੁਦੀ ੩, ਸੰਮਤ ੧੬੯੫ ਨੂੰ ਸਰੀਰ ਛੱਡ ਦਿੱਤੇ। ਉਥੇ ਇਕੋ ਹੀ ਥਾਂ ਭਾਈ ਜੀ ਦੀ ਸਮਾਧ ਤੇ ਸੁੰਦਰ ਸ਼ਾਹ ਦੀ ਕਬਰ ਹੈ। ਗੁਰੂ ਜੀ ਦਾ ਸਿੱਖ ਜੀਵਨ ਵਿਚ ਵੀ ਮੇਲ ਰੱਖਦਾ ਹੈ ਤੇ ਮਰ ਕੇ ਵੀ ਸਾਂਝ ਦ੍ਰਿੜ੍ਹਾਂਦਾ ਹੈ। ਇਕ ਸਾਂਝ ਗੁਰੂ ਨਾਨਕ ਦੀ ਸਮਾਧ ਤੇ ਕਬਰ ਦੀ ਰਾਬਰਟ ਐਨ : ਕਸਟ ਨੇ ਕਰਤਾਰਪੁਰ ਦੇਖੀ ਸੀ ਤੇ ਦੂਜੀ ਦਿਉ ਨਗਰ ਵਿਚ ਹੈ, ਜਿੱਥੇ ਕ਼ਬਰ ਤੇ ਸਮਾਧੀ ਇਕੱਠੀਆਂ ਹਨ। ਭਾਈ ਜੀ ਦੇ ਭਤੀਜੇ ਭਾਈ ਲਾਲ ਚੰਦ ਜੀ ਨੇ ਉਥੋਂ ਸਮਾਧ ਤੋਂ ਕੁਝ ਰਾਖ ਲਿਆ ਕੇ ਇਕ ਸਮਾਧ ਸੁਰ ਸਿੰਘ ਵੀ ਬਣਾ ਦਿੱਤੀ ਸੀ।

ਭਾਈ ਬਿਧੀ ਚੰਦ ਜੀ ਇਕ ਐਸੇ ਵਿਅਕਤੀ ਸਨ, ਜਿਹਨਾਂ ਪ੍ਰੀਵਰਤਨ ਦੀ ਵੀ ਹੱਦ ਦੱਸੀ ਹੈ। ਗੁਰੂ ਹਰਿਗੋਬਿੰਦ ਜੀ ਦਾ ਉਹਨਾਂ ਨੂੰ 'ਸੀਨਾ' ਕਹਿਣਾ, ਉਹਨਾਂ ਨਾਲ ਅਤਿ ਦਾ ਪਿਆਰ ਹੀ ਦ੍ਰਿੜ੍ਹਾਉਂਦਾ ਹੈ। ਸਿੱਖ ਇਤਿਹਾਸ ਵਿਚ ਆਉਂਦਾ ਹੈ ਕਿ ਜਦ ਵੀ ਕਿਸੇ ਕੋਲੋਂ ਅਵਿਗਿਆ ਹੋ ਜਾਂਦੀ ਸੀ ਤਾਂ ਉਹ ਗੁਰੂ ਪਾਸੋਂ ਭਾਈ ਲੱਧਾ ਪਰਉਪਕਾਰੀ ਵਾਂਗੂੰ ਖਿਮਾ ਲੈ ਦਿੰਦੇ ਸਨ। ਉਹ ਹੱਥ ਜੋੜ ਕਹਿੰਦੇ :

> **'ਹੇ ਪ੍ਰਭੁ ਤੁਮਰੋ ਨਾਮ ਹੈ ਪਾਵਨ ਪਤਤ ਕਰੰਤ।**
> **ਜੀਵ ਸਦਾ ਸਦਾ ਭੂਲ ਹੈ ਤੁਮ ਸਦਾ ਬਖਸ਼ੰਦ।'**

ਗੁਰ ਬਿਲਾਸ ਦੀ ਗਵਾਹੀ ਹੈ ਕਿ ਗੁਰੂ ਹਰਿਗੋਬਿੰਦ ਜੀ ਆਪਣੀ ਤਸਵੀਰ ਬਣਾਉਣ ਤੋਂ ਸਦਾ ਸੰਕੋਚ ਕਰਦੇ ਸਨ, ਪਰ ਇਕ ਦਿਨ ਇਕ ਨਕਾਸ਼ ਤੇ ਉਸ ਦੇ ਪੁੱਤਰ ਨੂੰ ਬਿਧੀ ਚੰਦ ਜੀ ਨੇ ਆਗਿਆ ਲੈ ਦਿੱਤੀ। ਜਦ ਤਸਵੀਰ ਤਿਆਰ ਹੋ ਗਈ ਤਾਂ ਨਕਾਸ਼ਾਂ ਨੇ ਪੇਸ਼ ਕੀਤੀ ਤਾਂ ਮਹਾਰਾਜ ਨੇ ਬਿਧੀ ਚੰਦ ਨੂੰ ਹੀ ਦੇ ਦਿੱਤੀ ਤੇ ਹੋਰ ਨਾ ਬਣਾਉਣ ਦੀ ਆਗਿਆ ਕੀਤੀ। ਅੱਜ ਵੀ ਇਹ ਤਸਵੀਰ ਉਹਨਾਂ ਦੇ ਖ਼ਾਨਦਾਨ ਦੇ ਪਾਸ ਸੁਰੱਖਿਅਤ ਹੈ। ਨਕਾਸ਼ਾਂ ਨੇ ਕਿਹਾ ਸੀ ਕਿ ਸਾਡੇ ਹੱਥ ਅੱਜ ਸਫ਼ਲ ਹੋਏ ਹਨ ਤੇ ਇਹ ਸਭ ਬਿਧੀ ਚੰਦ ਦੀ ਕਿਰਪਾ ਹੈ :

> **'ਬਿਧੀ ਚੰਦ ! ਨਹਿ ਹਮਰੋ ਚਾਰਾ।**
> **ਤੋਹਿ ਕਿਰਪਾ ਤੇ ਬਯੋਤ ਸਵਾਰਾ।** (ਪੰਨਾ ੬੯੬, ਗੁਰ ਬਿਲਾਸ)

ਇਸੇ ਤਰ੍ਹਾਂ ਜਦ ਇਕ ਵਾਰੀ ਗੁਰੂ ਜੀ ਜੀਨ ਪਾ ਕੇ, ਸ਼ਸਤਰ ਅਸਤਰ ਸਜਾ ਕੇ, ਚਿੱਟੇ ਕੱਪੜਿਆਂ ਨਾਲ ਚਿੱਟੇ ਬਾਜ਼ ਨਾਲ ਜਾਨ ਭਾਈ (ਦਿਲਬਾਗ ਘੋੜੇ ਦਾ ਦੂਜਾ ਨਾਂ ਸੀ) ਉੱਤੇ ਸਵਾਰ ਹੋਏ ਤਾਂ ਦੋ ਮੁਸੱਵਰਾਂ ਨੇ ਤਸਵੀਰ ਖਿੱਚ ਲਈ ਤੇ ਡਰਦਿਆਂ-ਡਰਦਿਆਂ ਪੇਸ਼ ਕੀਤੀ ਤਾਂ ਵੀ ਭਾਈ ਬਿਧੀ ਚੰਦ ਜੀ ਨੇ ਖ਼ਿਮਾ ਲੈ ਕੇ ਦਿੱਤੀ ਸੀ। ਭਾਈ ਜੀ ਦੀ ਜੁਰਅਤਿ ਦੇਖਣ ਵਾਲੀ ਸੀ ਜਦ ਉਹ ਸ਼ਾਹੀ ਕੈਂਪਾਂ ਵਿਚ ਛਾਪਾ ਮਾਰ ਆਉਂਦੇ ਸਨ ਤੇ ਸਭ ਨੂੰ ਗਿਆਨ ਕਰਾ ਦਿੱਤਾ ਸੀ ਕਿ ਸਿੱਖ ਚੁਪ ਕਦੀ ਨਹੀਂ ਕਰਨਗੇ ਤੇ ਉਨ੍ਹਾਂ ਵਿਚ ਹਰ ਸ਼ਕਤੀ ਦੇ ਟਾਕਰੇ ਦੀ ਤਾਕਤ ਆ ਗਈ ਹੈ। ਗੱਲ ਕੀ ਬਿਧੀ ਚੰਦ ਸਿੱਖੀ ਦਾ ਸਹੀ ਸਰੂਪ ਅਤੇ ਗਿਆਨ, ਭਗਤੀ, ਸ਼ਕਤੀ, ਵੈਰਾਗ ਤੇ ਪਿਆਰ ਖ਼ਿਮਾ ਦੀ ਮੂਰਤ ਸਨ।

# ੧੩

## ਤਿੰਨ-ਸੁਭਾਅ ਤਿੰਨ-ਕਰਮ

ਗੁਰੂ ਅਰਜਨ ਦੇਵ ਜੀ ਦਾ ਗੁਰ-ਗੱਦੀ ਨੂੰ ਸੰਭਾਲਣਾ, ਸਿਖ ਇਤਿਹਾਸ ਦੀ ਐਸੀ ਵਾਰਤਾ ਹੈ ਜੋ ਨਾ ਸਿਰਫ਼ ਵਿਸਥਾਰ ਮੰਗਦੀ ਹੈ ਸਗੋਂ ਵਿਆਖਿਆ ਵੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ, ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਚੰਦ ਜੀ ਨੂੰ ਗੱਦੀ ਨਾ ਦੇ ਕੇ ਇਕ ਨਵੀਂ ਹੀ ਚਾਲ ਟੋਰ ਦਿੱਤੀ, ਜਿਸ ਨੂੰ ਭਾਈ ਗੁਰਦਾਸ ਜੀ ਨੇ 'ਬਾਬਾਣੈ ਘਰ ਨਵੀਂ ਚਾਲ' ਕਿਹਾ। ਉਨ੍ਹਾਂ ਦੋਹਾਂ ਦਾ ਰੋਸ ਮਨਾਉਣਾ ਸੁਭਾਵਕ ਸੀ। ਪਰ ਇਸ ਗੱਲੋਂ ਉਹ ਸੰਤੁਸ਼ਟ ਸਨ ਕਿ ਗੁਰ-ਗੱਦੀ 'ਬਾਹਰਲੇ' ਕੋਲ ਗਈ ਹੈ। ਇਸੇ ਤਰ੍ਹਾਂ ਗੁਰ ਅੰਗਦ ਦੇਵ ਜੀ ਦੇ ਪੁੱਤਰਾਂ, 'ਬਾਬਾ ਦਾਤੂ ਜੀ ਅਤੇ ਦਾਸੂ ਜੀ' ਨੇ ਉਸ ਸਮੇਂ ਸਖ਼ਤ ਗੁੱਸਾ ਕੀਤਾ ਜਦ ਗੁਰ-ਗੱਦੀ ਦੀ ਜ਼ਿੰਮੇਵਾਰੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤੀ ਗਈ। ਤੀਜੇ ਪਾਤਸ਼ਾਹ ਨੂੰ ਦਾਤੂ ਜੀ ਨੇ ਲੱਤ ਤੱਕ ਮਾਰੀ ਪਰ ਉਹ ਇਹ ਜਾਣ ਗਏ ਸਨ ਕਿ ਗੁਰੂ ਪਦਵੀ ਕੋਈ ਨਿੱਜੀ ਵਿਰਾਸਤ ਨਹੀਂ। ਸੋ ਸਮਾਂ ਲੰਘਣ ਉਤੇ ਉਹ ਚੁੱਪ ਹੋ ਗਏ। ਗੁਰੂ ਅਮਰਦਾਸ ਜੀ ਨੂੰ ਕੁਝ ਐਸੀ ਹੀ ਔਕੜ ਆਈ ਜਦ ਉਨ੍ਹਾਂ ਨੇ ਗੁਰਗੱਦੀ ਦਾ ਅਧਿਕਾਰੀ ਆਪਣੇ ਪੁੱਤਰਾਂ, ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਨੂੰ ਛੱਡ ਕੇ, ਭਾਈ ਜੇਠਾ ਜੀ ਨੂੰ ਬਣਾ ਦਿੱਤਾ। ਬਾਬਾ ਮੋਹਰੀ ਜੀ ਨੇ ਗੁਰ ਪਿਤਾ ਦੇ ਹੁਕਮ ਅੱਗੇ ਸਿਰ ਨਿਵਾ ਦਿੱਤਾ ਪਰ ਮੋਹਨ ਜੀ ਬਹੁਤ ਦੇਰ ਤੱਕ ਕਲਪਦੇ ਰਹੇ ਪਰ ਉਨ੍ਹਾਂ ਨੂੰ ਇਤਨਾ ਧਰਵਾਸ ਜ਼ਰੂਰ ਸੀ ਕਿ ਗੁਰੂ ਗੱਦੀ 'ਬਾਹਰਲੇ' ਨੂੰ ਹੀ ਮਿਲੀ ਹੈ।

ਵੱਡੀ ਮੁਸ਼ਕਿਲ ਗੁਰੂ ਰਾਮਦਾਸ ਜੀ ਲਈ ਆ ਬਣੀ। ਤਿੰਨੇ ਪੁੱਤਰ, ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਂਦੇਵ ਜੀ ਤੇ (ਗੁਰੂ) ਅਰਜਨ ਦੇਵ ਜੀ, ਸਿੱਖ ਵਾਤਾਵਰਣ ਵਿਚ ਪਲ ਰਹੇ ਸਨ। ਤਿੰਨੇ ਹੀ ਸੇਵਾ ਸਿਮਰਨ ਤੇ ਘਾਲ ਕਮਾਈ ਵਿਚ ਲੱਗੇ ਹੋਏ ਸਨ। ਤਿੰਨੇ ਹੀ ਜਾਣਦੇ ਸਨ ਕਿ ਗੁਰਿਆਈ ਦੀ ਪਦਵੀ ਕੋਈ ਵਿਰਾਸਤ ਨਹੀਂ। ਤਿੰਨੇ ਹੀ ਗੁਰੂ ਅਮਰਦਾਸ ਜੀ ਦੀ ਛਤਰ ਛਾਇਆ ਹੇਠ ਵਧੇ ਫੁਲੇ ਸਨ। ਸੋ ਜਦ ਗੁਰ-ਗੱਦੀ ਦੇਣ ਦਾ ਸਮਾਂ ਆਇਆ ਤਾਂ ਗੁਰੂ ਰਾਮਦਾਸ ਜੀ ਨੇ ਤਿੰਨਾਂ ਦੇ ਸੁਭਾਅ ਅਤੇ ਕਰਮਾਂ ਨੂੰ ਬੜੇ ਗਹੁ ਨਾਲ ਵਾਚਿਆ। ਤਿੰਨਾਂ ਦੇ ਸੁਭਾਵਾਂ ਨੂੰ ਜਦ ਕਸਵੱਟੀ ਉੱਤੇ ਜ਼ਰਾ ਕੁ ਰਗੜਿਆ ਗਿਆ ਤਾਂ ਤਿੰਨਾਂ ਦੇ ਕਰਮ ਪ੍ਰਗਟ ਹੋ ਗਏ। ਤਿੰਨਾਂ ਦਾ ਅਸਲਾ ਸਾਹਮਣੇ ਆ ਗਿਆ। ਗੁਰੂ ਰਾਮਦਾਸ ਜੀ ਦੀ ਪ੍ਰਬੀਨ ਅੱਖ ਨੇ ਪਰਖ ਕਰ ਲਈ।


www.sikhbookclub.com

ਪਰਖ ਦੇਖਣ ਨੂੰ ਬਹੁਤ ਹੀ ਸਹਿਲ ਸੀ ਤੇ ਪਰਚਾ ਬਹੁਤ ਆਸਾਨ ਸੀ ਪਰ ਇਹ ਤਾਂ ਪ੍ਰੀਖਿਆਕਾਰ ਦੀ ਮਰਜ਼ੀ ਹੈ ਕਿ ਪਰਚਾ ਮੁਸ਼ਕਿਲ ਪਾਵੇ ਜਾਂ ਸੌਖਾ। ਇਹ ਵੀ ਪ੍ਰੀਖਿਆਕਾਰ ਹੀ ਜਾਣਦਾ ਹੈ ਕਿ ਉਹ ਕੀ ਪਰਖ ਰਿਹਾ ਹੈ ? ਗੁਰੂ ਜੀ ਨੇ ਪਰਖ ਲਿਆ ਕਿ ਜਿਸ ਨੇ ਗੁਰ-ਜ਼ਿੰਮੇਵਾਰੀ ਸੰਭਾਲਣੀ ਹੈ, ਉਹ ਕਿਸ ਅਵਸਥਾ ਤੇ ਪੁੱਜਾ ਹੈ ਤੇ ਕਿਥੋਂ ਬੋਲ ਰਿਹਾ ਹੈ।

ਗੁਰੂ ਰਾਮਦਾਸ ਜੀ ਦੇ ਚਾਚੇ ਦੇ ਪੁੱਤਰ ਸਿਹਾਰੀ ਮੱਲ ਜੀ ਦੇ ਲੜਕੇ ਦੀ ਸ਼ਾਦੀ ਲਾਹੌਰ ਸੀ। ਗੁਰੂ ਰਾਮਦਾਸ ਜੀ ਚੱਕ ਰਾਮਦਾਸਪੁਰਾ (ਅੰਮ੍ਰਿਤਸਰ) ਦੀ ਉਸਾਰੀ ਵਿਚ ਲੱਗੇ ਹੋਏ ਸਨ। ਸਿਹਾਰੀ ਮੱਲ ਜੀ ਦੀ ਇਹ ਇੱਛਾ ਸੀ ਕਿ ਗੁਰੂ ਜੀ ਆਪ ਜਾਂ ਉਨ੍ਹਾਂ ਦੇ ਪੁੱਤਰਾਂ ਵਿਚੋਂ ਕੋਈ ਇਕ ਜ਼ਰੂਰ ਖੁਸ਼ੀ ਦੇ ਸਮੇਂ ਪੁੱਜੇ। ਗੁਰੂ ਜੀ ਨੇ ਆਪਣੀ ਮਜਬੂਰੀ ਦੱਸਦਿਆਂ ਆਪਣੇ ਪੁੱਤਰਾਂ ਵਿਚੋਂ ਇਕ ਨੂੰ ਭੇਜਣ ਦੀ ਗੱਲ ਆਖ ਭੇਜੀ। ਇਧਰ ਪਰਚਾ ਪੈ ਗਿਆ।

ਗੁਰੂ ਰਾਮਦਾਸ ਜੀ ਨੇ ਵੱਡੇ ਪੁੱਤਰ ਬਾਬਾ ਪ੍ਰਿਥੀ ਚੰਦ ਜੀ ਨੂੰ ਲਾਹੌਰ ਜਾਣ ਦੀ ਆਗਿਆ ਕੀਤੀ। ਪ੍ਰਿਥੀ ਚੰਦ ਆਖਣ ਲੱਗਾ : "ਆਪ ਦੇਖਦੇ ਹੋ ਕਿ ਹਰ ਸਮੇਂ ਸਾਨੂੰ ਜਿਵੇਂ ਕੰਮ ਰਹਿੰਦਾ ਹੈ, ਇਕ ਆਂਵਦਾ ਹੈ, ਇਕ ਜਾਂਦਾ ਹੈ, ਲੰਗਰ ਦਾ ਸਾਰਾ ਖਰਚ ਤੇ ਪ੍ਰਬੰਧ ਵੀ ਮੇਰੇ ਕਰਕੇ ਹੀ ਹੈ। ਅੰਨ ਨੂੰ ਭੰਡਾਰ ਵਿਚ ਰੱਖਦਾ ਹਾਂ। ਤੁਹਾਨੂੰ ਤਾਂ ਚੰਗੀ ਤਰ੍ਹਾਂ ਪਤਾ ਹੈ ਕਿ ਮੈਨੂੰ ਖਿਨ ਪਲ ਵੀ ਵਿਹਲ ਨਹੀਂ ਹੁੰਦੀ, ਉਥੇ ਮੇਰਾ ਜਾਣਾ ਕਿਵੇਂ ਹੋਵੇ। ਸੂਰਜ ਪ੍ਰਕਾਸ਼ ਦੇ ਲਿਖਾਰੀ ਦੇ ਸ਼ਬਦਾਂ ਵਿਚ :

**ਕਿਸ ਛਿਣ ਮਮ ਅਵਕਾਸ ਨ ਜਾਨੋ।**
**ਕੈਸੇ ਬਨਹਿ ਤਹਾਂ ਮਮ ਠਾਨੋ।**

SIKHBOOKCLUB.COM

ਜਦ ਗੁਰੂ ਰਾਮਦਾਸ ਜੀ ਨੇ ਇਹ ਆਖਿਆ ਕਿ ਉਥੇ ਤਾਂ ਤੁਹਾਡਾ ਜਾਣਾ ਹੀ ਯੋਗ ਹੈ ਤਾਂ ਕਰਮ ਕਰ ਕੇ ਬਣਿਆ ਪ੍ਰਿਥੀ ਚੰਦ ਦਾ ਸੁਭਾਅ ਬੋਲ ਉਠਿਆ ਤੇ ਖਿੱਝ ਕੇ ਗੁਰੂ ਪਿਤਾ ਨੂੰ ਕਿਹਾ : "ਪਿਤਾ ਜੀ, ਤੁਸੀਂ ਤਾਂ ਬਹੁਤ ਹੀ ਅੰਞਾਣ ਹੋ, ਬੇ-ਪ੍ਰਵਾਹ ਹੋ, ਤੁਹਾਨੂੰ ਤਾਂ ਜ਼ਰਾ ਭਰ ਵੀ ਲਾਭ ਹਾਣ ਦਾ ਪਤਾ ਨਹੀਂ, ਮੈਥੋਂ ਨਹੀਂ ਉਥੇ ਜਾਇਆ ਜਾਂਦਾ।

**ਪਿਤਾ ਜੀ ਤੁਮ ਹੋ ਬੇਪਰਵਾਹੂ।**
**ਹਾਨ ਨ ਲਾਭ ਰਖੋ ਮਨ ਮਾਹੂ।**
**ਮੁਝ ਤੇ ਜਾਯੋ ਜਾਇ ਨਾ ਤਹਾਂ।**

ਗੁਰੂ ਰਾਮਦਾਸ ਜੀ ਮੁਸਕਰਾ ਕੇ ਚੁੱਪ ਕਰ ਗਏ। ਪ੍ਰੀਖਿਆਕਾਰ ਨੇ ਪਰਖ ਲਿਆ, ਸੇਵਾ ਰਾਹੀਂ ਨਿਮਰਤਾ ਉਪਜਣੀ ਚਾਹੀਦੀ ਸੀ ਉਸ ਦੀ ਥਾਂ ਤਾਂ ਹੰਕਾਰ ਲੈ ਰਿਹਾ ਸੀ। ਪ੍ਰਿਥੀ ਚੰਦ ਜੀ ਤਾਂ ਗੱਲ-ਗੱਲ ਵਿਚ ਆਪਣੀ ਹੋਂਦ ਜਤਾ ਰਹੇ ਸਨ। ਫਲ ਤਾਂ ਨਿਮਰਤਾ ਨੂੰ ਲੱਗਦਾ ਹੈ ਪਰ ਉਹ ਤਾਂ ਸਭ ਕੁਝ ਝਾੜੀ ਚੱਲੇ ਜਾ ਰਹੇ ਸਨ। ਸੇਵਾ ਰਾਹੀਂ ਉਹ ਹੱਕ ਜਤਲਾਂਦੇ ਸਨ। ਬਾਬਾ ਬੁੱਢਾ ਜੀ ਨੇ ਜਦ ਈਰਖਾ ਤੇ ਹੰਕਾਰ ਸਿਖਰ ਉਤੇ ਦੇਖਿਆ ਤਾਂ ਪ੍ਰਿਥੀ ਚੰਦ ਜੀ ਨੂੰ ਕਿਹਾ, 'ਪ੍ਰਿਥੀ ਚੰਦ! ਬਿਨਾਂ ਨਿਮਰਤਾ ਦੇ ਸੇਵਾ ਸੋਭਦੀ ਨਹੀਂ, ਸੇਵਾ ਕਿਥੇ, ਤੂੰ ਤਾਂ ਹੰਕਾਰੀ ਹੋ ਰਿਹਾ ਹੈਂ।'

**ਬਿਨਾਂ ਨਿੰਮ੍ਰਤਾ ਹੋਇ ਨ ਸੇਵਾ।**
**ਸੇਵਾ ਕਹਾਂ ਮਹਾਂ ਅਹੰਮੇਵਾ।**

ਬਾਬਾ ਬੁੱਢਾ ਜੀ ਨੇ ਫਿਰ ਕਿਹਾ : 'ਸ਼ਰਧਾ ਪ੍ਰਮਾਰਥ ਦਾ ਮੂਲ ਹੈ। ਸ਼ਰਧਾ ਤੋਂ ਹੀ ਪ੍ਰੇਮ ਦੀ ਕੌਂਪਲ ਫੁੱਟਦੀ ਹੈ। ਪ੍ਰੇਮ ਹੀ ਸੁਖ ਦੇਂਦਾ ਹੈ। ਸੇਵਾ ਤਾਂ ਛਾਲ ਹੈ ਜੋ ਸ਼ਰਧਾ ਤੇ ਪ੍ਰੇਮ ਨੂੰ ਪੱਕਿਆਂ ਕਰਦੀ ਹੈ ਨਾ ਕਿ ਪ੍ਰੇਮ ਤੇ ਸ਼ਰਧਾ ਤੋੜਨ ਲਈ ਹੈ। ਸ਼ਰਧਾ, ਪ੍ਰੇਮ ਤੇ ਸੇਵਾ ਤੋਂ ਹੀ ਵੈਰਾਗ ਉਪਜਦਾ ਹੈ ਤੇ ਵੈਰਾਗ ਨੂੰ ਹਰੀ ਨਾਮ ਦਾ ਫਲ ਲੱਗਦਾ ਹੈ।' ਮਹਾਂ ਕਵੀ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ :

**ਸਰਧਾ ਸਭ ਕੀ ਮੂਲ ਮੁਹਾਨੀ।**
**ਅੰਕੁਰ ਪ੍ਰੇਮ ਹੋਤ ਸੁਖਦਾਨੀ।**
**ਤੁਚ ਸੇਵਾ ਜਿਸ ਕੋ ਦਿਢ ਕਰਤਾ।**
**ਕਾਂਡ ਬਡੇ ਵੈਰਾਗ ਪ੍ਰਵਿਰਤਾ।**
**ਹਰਿ ਕਾ ਨਾਮ ਸੁ ਮਨ ਤਹਿ ਫੂਲਾ।**
**ਸਤਿ ਸੰਗਤ ਮਹਿ ਸ਼ੋਭਤ ਝੂਲਾ।**

ਫਿਰ ਸਾਧ ਸੰਗਤ ਵਿਚ ਜਾ ਕੇ ਇਹ 'ਫਲ' ਹੀ ਬ੍ਰਿਛ ਬਣ ਕੇ ਝੂਲਦਾ ਹੈ ਤੇ ਸਾਰੇ ਸੰਸਾਰ ਵਿਚ ਸੋਭਾ ਪਾਂਦਾ ਹੈ। ਇਸ ਨੂੰ ਦੈਵੀ, ਸੰਸਾਰੀ, ਬਿਬੇਕ ਤੇ ਗਿਆਨ ਦੇ ਅਨੇਕਾਂ ਗੁਣ ਲੱਗ ਕੇ, ਉਸ ਬ੍ਰਿਛ ਨੂੰ ਹੋਰ ਘਣ ਛਾਵਾਂ ਬਣਾਂਦੇ ਹਨ :

**ਦੈਵ ਸੰਪਦਾ ਗੁਣ ਜੋ ਅਨੇਕਾ।**
**ਗੁਣ ਦਲ ਕਲਤ ਸੁ ਬਲਤ ਬਿਬੇਕਾ।**

ਇਸ ਘਣਛਾਵੇਂ ਦਰੱਖ਼ਤ ਦੀ ਛਾਂ ਹੇਠ ਰਹਿਣ ਕਰਕੇ ਹੀ 'ਆਤਮ ਗਿਆਨ' ਦਾ ਸੁੰਦਰ ਫਲ ਲੱਗਦਾ ਹੈ ਤੇ ਆਤਮ ਗਿਆਨੀ ਨੂੰ ਅਤਿ ਅਨੰਦ ਰਸ ਮਿਲਦਾ ਹੈ; ਕ੍ਰੋੜਾਂ ਕਲਪ ਬ੍ਰਿਛ ਜੋ ਮਨ ਇਛੇ ਫਲ ਦੇਣ ਵਾਲੇ ਆਖੇ ਜਾਂਦੇ ਸਨ, ਇਸ ਦੇ ਤੁਲ ਨਹੀਂ ਹੋ ਸਕਦੇ। ਇਹ ਸਭ ਪ੍ਰਭੂ ਦੀ ਮਿਹਰ ਸਦਕਾ ਹੁੰਦਾ ਹੈ :

**ਆਤਮ ਗਿਆਨ ਲਗਯੋ ਫਲ ਸੁੰਦਰ।**
**ਅਤ ਅਨੰਦ ਰਸ ਜਿਸ ਕੇ ਅੰਦਰ।**
**ਕੋਟ ਕਲਪਤਰ ਹਵੇ ਨ ਪਟੰਤਰ।**
**ਪ੍ਰਭੁ ਕਿਰਪਾ ਤੇ ਲਹੈ ਸੁ ਅੰਤਰ।**

ਪਰ ਪ੍ਰਿਥੀ ਚੰਦ ਜੀ ਨਿੰਮ੍ਰਤਾ ਦੀ ਥਾਂ ਈਰਖਾ, ਚੁਗਲੀ-ਬਖ਼ੀਲੀ, ਨਿੰਦਿਆ ਤੇ ਮਾਇਆ ਨੂੰ ਹੀ ਪੈਦਾ ਕਰ ਰਹੇ ਸਨ। ਇਨ੍ਹਾਂ ਦੇ ਸਹਾਰਿਆਂ ਦੀ ਹੀ ਗੱਲ ਕਰਦੇ ਸਨ। ਇਹ ਸਭ ਕੁਝ ਦੇਖ ਗੁਰੂ ਰਾਮਦਾਸ ਜੀ ਨੇ ਬੜੇ ਪਿਆਰ ਨਾਲ ਸਮਝਾਇਆ : 'ਬੇਟਾ, ਦੁਨੀਆਂ ਦੇ ਧਨ ਦੀ ਖ਼ਾਤਰ, ਪਿਤਾ ਨਾਲ ਝਗੜਨਾ ਠੀਕ ਨਹੀਂ। ਪੁੱਤਰ! ਜਿਨ੍ਹਾਂ ਮਾਪਿਆਂ ਨੇ ਜੰਮਿਆ ਤੇ ਪਾਲਿਆ ਹੁੰਦਾ ਹੈ, ਉਨ੍ਹਾਂ ਨਾਲ ਧਨ ਦੀ ਖ਼ਾਤਰ ਝਗੜਾ ਕਰਨਾ ਮਾੜਾ ਕੰਮ ਹੁੰਦਾ ਹੈ।'

**ਕਾਹੇ ਪੂਤ ਝਗਰਤ ਹਉ ਸੰਗਿ ਬਾਪ।**
**ਜਿਨ ਕੇ ਜਣੇ ਬਡੀਰੇ ਤੁਮ ਹਉ,**
**ਤਿਨ ਸਿਉ ਝਗਰਤ ਪਾਪ। ਰਹਾਉ।**

ਫਿਰ ਫ਼ਰਮਾਇਆ, ਜਿਸ ਧਨ, ਬਾਹਵਾਂ ਤੇ ਜ਼ੋਰ ਦਾ ਜ਼ਿਕਰ ਨਿੱਤ ਕਰਦੇ ਹੋ ਉਹ ਧਨ

ਕਦੇ ਵੀ ਕਿਸੇ ਦਾ ਆਪਣਾ ਨਹੀਂ ਬਣਿਆ। ਹਰ ਇਕ ਮਨੁੱਖ ਮਾਇਆ ਦਾ ਚਸਕਾ ਅੰਤ ਵੇਲੇ ਇਕ ਖਿਨ ਪਲ ਵਿਚ ਹੀ ਛੱਡ ਜਾਂਦਾ ਹੈ। ਜਦੋਂ ਛੱਡਦਾ ਹੈ ਤਦ ਛੱਡਣ ਦਾ ਹਉਕਾ ਲੱਗਦਾ ਹੈ :

**'ਜਿਸ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨਾ ਆਪੁ।**
**ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੇ ਪਛਤਾਪੁ।**

(ਸਾਰੰਗ ਮਹਲਾ ੪, ਘਰੁ ੩ ਦੁਪਦਾ)

ਇਸੇ ਤਰ੍ਹਾਂ ਰਾਗ ਸੂਹੀ ਵਿਚ ਪ੍ਰਿਥੀ ਚੰਦ ਜੀ ਦੀ ਆਤਮਾ ਨੂੰ ਟੁੰਬਿਆ ਕਿ ਬੇਟਾ! ਉਂਞ ਤਾਂ ਆਪਣੇ ਅੰਦਰ ਦੀ ਫਿਟਕਾਰ ਨੂੰ ਉਹੀ ਮਨੁੱਖ ਜਾਣਦਾ ਹੈ ਜਿਸ ਦੇ ਹਿਰਦੇ ਵਿਚ ਇਹ ਬਖ਼ੀਲੀ ਵਾਲੀ ਦਸ਼ਾ ਵਾਪਰਦੀ ਹੈ। ਪਰ ਤੁਸੀਂ ਜਗਤ ਦੇ ਗੁਰੂ ਨਾਨਕ ਪਾਤਸ਼ਾਹ ਨੂੰ ਵੀ ਪੁੱਛ ਕੇ ਵਿਚਾਰ ਕਰ ਵੇਖੋ। ਇਹ ਯਕੀਨ ਜਾਣੋ ਕਿ ਸੰਸਾਰ ਵਿਚ ਸ਼ੁਰੂ ਤੋਂ ਲੈ ਕੇ, ਕਦੇ ਵੀ ਕਿਸੇ ਮਨੁੱਖ ਨੇ ਮਹਾਂ ਪੁਰਖਾਂ ਨਾਲ ਈਰਖਾ ਦੀ ਰਾਹੀਂ (ਆਤਮਕ ਜੀਵਨ ਦਾ ਧਨ) ਨਹੀਂ ਲੱਭਾ। ਆਪਣੇ ਬਜ਼ੁਰਗਾਂ ਨਾਲ ਸੇਵਕ-ਭਾਵਨਾ ਰਖਿਆਂ ਹੀ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੁੰਦਾ ਹੈ :

**ਜਿਸ ਘਰਿ ਵਿਰਤੀ ਸੋਈ ਜਾਣੈ,**
**ਜਗਤ ਗੁਰੂ ਨਾਨਕ ਪੂਛਿ ਕਰਹ ਬੀਚਾਰਾ।**
**ਚਹੁ ਪੀੜ੍ਹੀ ਆਦਿ ਜੁਗਾਦਿ ਬਖੀਲੀ,**
**ਕਿਨੈ ਨ ਪਾਇਓ, ਹਰਿ ਸੇਵਕ ਭਾਇ ਨਿਸਤਾਰਾ।** (ਸੂਹੀ ਮਹਲਾ ੪)

ਗੱਲ ਠੀਕ ਸੀ, ਜਿਸ ਨੇ ਜਗਤ ਲਈ ਪੂਰਨੇ ਪਾਉਣੇ ਹਨ, ਉਸ ਨੂੰ ਈਰਖਾ, ਬਖ਼ੀਲੀ ਤੇ ਸੰਸਾਰ ਧਨ ਤੋਂ ਉੱਚਾ ਹੋਣਾ ਲੋੜੀਂਦਾ ਹੈ ਪਰ ਪ੍ਰਿਥੀ ਚੰਦ ਦਾ ਈਰਖਾਲੂ ਸੁਭਾਅ ਐਸਾ ਪੱਕ ਚੁੱਕਾ ਸੀ ਕਿ ਕਦੇ ਉਹਨਾਂ ਭਰੀ ਸੰਗਤ ਵਿਚ ਗੁਰੂ ਅਰਜਨ ਦੇਵ ਜੀ ਦੀ ਪਗੜੀ ਉਤਾਰੀ, ਕਦੇ ਹਰਿਮੰਦਰ ਦੀ ਨਾਕਾਬੰਦੀ ਕੀਤੀ, ਕਦੇ ਇਕੋ ਇਕ ਸੱਧਰਾਂ ਨਾਲ ਲਏ ਗੁਰੂ ਅਰਜਨ ਜੀ ਦੇ ਪੁੱਤਰ (ਗੁਰੂ) ਹਰਿਗੋਬਿੰਦ ਜੀ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਜਦ ਇਸ ਤਰ੍ਹਾਂ ਵੀ ਕਾਮਯਾਬ ਨਾ ਹੋਏ ਤਾਂ ਸਮੇਂ ਦੀ ਸਰਕਾਰ ਨਾਲ ਮਿਲ ਕੇ ਹੱਲੇ ਵੀ ਕਰਵਾਏ। ਅੰਤ ਸਮੇਂ ਤੱਕ ਬਣੇ ਸੁਭਾਅ ਅਨੁਸਾਰ ਕਰਮ ਦ੍ਰਿੜ੍ਹਾਂਦੇ ਰਹੇ।

ਗੁਰੂ ਰਾਮਦਾਸ ਜੀ ਦੇ ਦੂਜੇ ਸਪੁੱਤਰ ਮਹਾਂਦੇਵ ਜੀ ਸਨ। ਬਾਬਾ ਜੀ ਜਗਤ ਨੂੰ ਮਿਥਿਆ ਮੰਨ ਕੇ, ਉਤਸ਼ਾਹ ਛੱਡ ਬੈਠੇ ਸਨ। ਜਿਸ ਸਿੱਖੀ ਨੇ 'ਵਿਚਿ ਦੁਨੀਆ ਸੇਵ ਕਮਾਈਐ ਤਾਂ ਦਰਗਹ ਬੈਸਣ ਪਾਈਐ' ਦੀਆਂ ਲੀਹਾਂ ਉਤੇ ਟੁਰਨਾ ਸਿਖਾਇਆ ਸੀ, ਬਾਬਾ ਜੀ ਮਸਤ ਵਿਰਦੇ ਸਨ ਤੇ ਸੰਸਾਰੀ ਰਿਸ਼ਤਿਆਂ ਨੂੰ ਧਰਮ ਵਿਚ ਰੁਕਾਵਟ ਦੱਸ ਪ੍ਰਚਾਰ ਕਰ ਰਹੇ ਸਨ। 'ਪੁਤੀ ਗੰਢੁ ਪਵੈ ਸੰਸਾਰ', ਮਹਾਂਦੇਵ ਜੀ ਨਿਰੋਲ ਪੜ੍ਹਨ ਲਈ ਹੀ ਗਿਣਦੇ ਸਨ। 'ਵਿਚ ਗ੍ਰਿਹਿ ਸਦਾ ਰਹੇ ਉਦਾਸੀ', ਨੂੰ ਉਹ ਨਿਰਮੂਲ ਹੀ ਸਮਝਦੇ ਸਨ। ਐਸੇ ਬਣੇ ਸੁਭਾਅ ਵਾਲੇ ਵਿਅਕਤੀ ਨੂੰ, ਉਹ ਹੀ ਲਾਹੌਰ ਸ਼ਾਦੀ ਉੱਤੇ ਜਾਣ ਵਾਲਾ ਜਦ ਪਰਚਾ ਪਾਇਆ ਗਿਆ ਤਾਂ ਬਾਬਾ ਮਹਾਂਦੇਵ ਜੀ ਕਹਿਣ ਲੱਗੇ : ਕੌਣ ਕਿਸ ਦਾ ਸਾਕ ਹੈ ? ਕਿਸ ਪਾਸ ਮੈਂ ਜਾਵਾਂ ? ਮੇਰੀ ਤਾਂ ਕਿਸੇ ਨਾਲ ਸਾਂਝ ਜਾਂ ਰਿਸ਼ਤੇਦਾਰੀ ਨਹੀਂ। ਨਾ ਹੀ ਮੈਂ ਦੁਨੀਆਂ ਦੇ ਰਿਸ਼ਤੇ ਮੰਨਦਾ ਹਾਂ ਤੇ ਨਾ ਹੀ ਅੱਗੋਂ ਬਣਾਉਣਾ ਚਾਹੁੰਦਾ ਹਾਂ :


www.sikhbookclub.com

**'ਸੁਣ ਕਰ ਬੋਲਯੋ ਮਸਤ ਸਭਾਊ।**
**ਕੋ ਬੰਧੂ ਕਿਸ ਕੇ ਕਿਤ ਜਾਊ।**
**ਨਹਿ ਮੇਰੀ ਕਿਸ ਸਾਥ ਚਿੰਨਾਰੀ।**
**ਨਾਹਿ ਚਾਹੋ ਮੈਂ ਕਰਨ ਅਗਾਰੀ।'**

ਫਿਰ ਮਹਾਂਦੇਵ ਜੀ 'ਉਪਦੇਸ਼ ਰੂਪ' ਵਿਚ ਕਹਿਣ ਲੱਗੇ, 'ਦੁਨੀਆਂ ਵਿਚ ਸੰਬੰਧੀਆਂ ਦੀ ਕੀ ਹਾਲਤ ਹੈ? ਸਾਰੇ ਹੀ ਆਪਣੀ ਗਰਜ਼ ਕੱਢਦੇ ਹਨ।' ਵਿਅੰਗ ਨਾਲ ਗੁਰੂ ਰਾਮ ਦਾਸ ਜੀ ਨੂੰ ਮਹਾਂਦੇਵ ਜੀ ਆਖਣ ਲੱਗੇ ਕਿ ਧਨ-ਹੀਣ ਦੇ ਕੋਈ ਨੇੜੇ ਨਹੀਂ ਲੱਗਦਾ ਤੇ ਧਨੀ ਪੁਰਸ਼ ਦੇ ਬਹੁਤੇਰੇ ਬਣ ਜਾਂਦੇ ਹਨ। ਸਿਹਾਰੀ ਮੱਲ ਅਮੀਰ ਜੂ ਹੋਇਆ :

**ਦਰਬ ਹੀਣ ਪਿਖ ਹੋਇ ਨ ਨੇਰੇ।**
**ਧਨੀ ਪੁਰਸ਼ ਕੇ ਬਣੇ ਘਨੇਰੇ।**

ਫਿਰ ਪ੍ਰਿਥੀ ਚੰਦ ਵਾਂਗ ਹੀ ਖਿਝ ਕੇ ਕਿਹਾ : ਮੇਰੇ ਕੋਲੋਂ ਉਥੇ ਨਹੀਂ ਜਾਇਆ ਜਾਂਦਾ, ਇਹ ਸਭ ਵਿਖਾਵਾ ਹੈ, ਵਿਅਰਥ ਹੈ ਤੇ ਜਾਣ ਦਾ ਉਦਮ ਕਰਨਾ ਵੀ ਫਜ਼ੂਲ ਹੈ।'

**'ਮੋ ਤੇ ਨਹਿ ਤਹਿ ਜਾਯੋ ਜਾਇ।**
**ਆਵਨ ਜਾਵਨ ਸ੍ਰਮ ਕੋ ਪਾਇ।'**

ਗੁਰੂ ਰਾਮਦਾਸ ਜੀ ਨੇ ਫਿਰ ਮੁਸਕਰਾ ਦਿੱਤਾ। ਉਹ ਤਾਂ ਪਰਖ ਪ੍ਰੀਖਿਆ ਕਰ ਰਹੇ ਸਨ। ਐਸਾ ਅਟੰਕ ਰਹਿਣ ਵਾਲਾ ਕਿਸੇ ਦੇ ਦੁੱਖ ਦਾ ਕਿਵੇਂ ਭਾਈਵਾਲ ਹੋ ਸਕਦਾ ਸੀ। ਗ੍ਰਹਿਸਤੀ ਨੂੰ ਤਾਂ ਨਿੱਤ ਅਗਵਾਈ ਦੀ ਲੋੜ ਹੈ। ਮਹਾਂਦੇਵ ਜੀ ਵਰਗੇ ਪੁਰਸ਼ ਇਹ ਅਗਵਾਈ ਦੇਣ ਤੋਂ ਅਸਮਰਥ ਸਨ।

ਗੁਰੂ ਰਾਮਦਾਸ ਜੀ ਦੇ ਤੀਜੇ ਸਪੁੱਤਰ (ਗੁਰੂ) ਅਰਜਨ ਦੇਵ ਜੀ ਸਨ। ਗੁਰੂ ਅਮਰਦਾਸ ਜੀ ਨੇ ਉਹਨਾਂ ਦੀ ਬਾਲਪਣ ਦੀ ਖੇਡ ਦੇਖ ਕੇ ਹੀ ਭਵਿੱਖਬਾਣੀ ਕਰ ਦਿੱਤੀ ਸੀ ਕਿ 'ਇਹ ਵੱਡਾ ਪੁਰਖ ਹੈ ਭਾਰੀ' ਤੇ 'ਦੋਹਿਤ੍ਰਾ ਬਾਣੀ ਦਾ ਬੋਹਿਥਾ' ਹੈ। ਉਹਨਾਂ ਦਾ ਭਾਵ ਸੀ ਕਿ ਇਹ ਸਿਵਾਇ ਬਾਣੀ ਦੇ ਹੋਰ ਕਿਧਰੇ ਝਾਕੇਗਾ ਵੀ ਨਹੀਂ ਤੇ ਸਾਰੇ ਜਗਤ ਨੂੰ ਬਾਣੀ ਨਾਲ ਹੀ ਜੋੜੇਗਾ। ਗੁਰੂ ਅਰਜਨ ਕੋਲ ਸੇਵਾ, ਸਿਮਰਨ, ਲਗਨ, ਨਿਮਰਤਾ ਵਾਲੇ ਹਥਿਆਰ ਸਨ, ਜਿਨ੍ਹਾਂ ਨਾਲ ਸੰਸਾਰ ਯੁੱਧ ਵਿਚ ਜੂਝ ਰਹੇ ਸਨ। ਪਰ ਪ੍ਰੀਖਿਆ ਜ਼ਰੂਰੀ ਸੀ। ਉਹ ਹੀ ਲਾਹੌਰ ਸ਼ਾਦੀ ਉਤੇ ਜਾਣ ਵਾਲਾ ਪਰਚਾ ਉਹਨਾਂ ਨੂੰ ਵੀ ਗੁਰੂ ਰਾਮਦਾਸ ਜੀ ਨੇ ਪਾ ਦਿੱਤਾ। (ਗੁਰੂ) ਅਰਜਨ ਦੇਵ ਜੀ ਨੇ ਬੜੀ ਨਿੰਮ੍ਰਤਾ ਨਾਲ ਨਾ ਸਿਰਫ਼ ਝੱਟ ਉਥੇ ਜਾਣਾ ਵੀ ਪ੍ਰਵਾਨ ਕਰ ਲਿਆ ਸਗੋਂ ਹੱਥ ਜੋੜ ਧੀਰਜ ਨਾਲ ਬੇਨਤੀ ਕੀਤੀ : "ਇਹ ਤਾਂ ਪੂਜ ਪਿਤਾ ਜੀ! ਆਪ ਮੈਨੂੰ ਅਤਿ ਸੌਖੇ ਕੰਮ ਵਿਚ ਭੇਜ ਰਹੇ ਹੋ, ਜਿੱਥੇ ਨਿਰੀ ਖ਼ੁਸ਼ੀ ਹੈ। ਜਿਥੇ ਜਾਵਣ ਵਿਚ ਜਿੰਦ ਖ਼ਤਰੇ ਵਿਚ ਪਵੇ, ਬੇਸ਼ੱਕ ਉਥੇ ਜਾਣ ਦੀ ਆਗਿਆ ਕਰੋ। ਉਥੇ ਜਾਣ ਵਿਚ ਪਿਤਾ ਜੀ, ਦੇਰੀ ਨਹੀਂ ਕਰਾਂਗਾ। ਮੈਂ ਪ੍ਰਾਣ ਦੇ ਕੇ ਵੀ ਉਥੇ ਜਾਣੋਂ ਨਹੀਂ ਝਿਜਕਾਂਗਾ।"

ਸੂਰਜ ਪ੍ਰਕਾਸ਼ ਦੇ ਕਹਿਣ ਅਨੁਸਾਰ :

**ਪਿਤਾ ਗੁਰੂ ਕੇ ਸੁਣ ਪ੍ਰਮਾਨੇ।**
**ਹਾਥ ਜੋਰ ਕਰ ਬਾਕ ਬਖਾਨੇ।**
**ਇਹ ਤੋ ਸੁਗਮ ਕਾਜ ਮਹਿ ਮੋਹਿ।**

 www.sikhbookclub.com

**ਪਠਹੁ ਆਪ ਜਹਿ ਅਨੰਦ ਹੋਹਿ।**
**ਜਿਹ ਜਾਵਨ ਮੈਂ ਜੀਵਨ ਸੰਸੈ।**
**ਤਿਹ ਆਇਸ ਮੋਹਿ ਦੇਹੁ ਨ੍ਰਿਸੰਸੈ।**
**ਦੇਰ ਨ ਕਰ ਪਿਤਾ ਜੀ ਉਹਾਂ।**
**ਪ੍ਰਾਨ ਦੇਊ ਮੈਂ ਤੂਰਨ ਤਹਾਂ।**

ਗੁਰੂ ਰਾਮਦਾਸ ਜੀ ਦੇ ਨੇਤਰਾਂ ਵਿਚ ਖ਼ੁਸ਼ੀ ਦੇ ਹੰਝੂ ਆ ਗਏ ਤੇ ਉਹਨਾਂ ਕਹਿ ਵੀ ਦਿੱਤਾ, 'ਇਹ ਹੀ (ਗੁਰੂ ਅਰਜਨ) ਪੰਡ ਉਠਾਉਣ ਯੋਗ ਹੋਵੇਗਾ। ਇਹ ਹੀ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਤੋਂ ਨਹੀਂ ਝਿਜਕੇਗਾ।' ਗੁਰੂ ਰਾਮਦਾਸ ਜੀ ਨੇ ਪਰਖ ਲਿਆ ਕਿ ਜੋ ਅੱਜ ਗੁਰੂ ਆਗਿਆ ਮੰਨ ਕੇ ਸ਼ਾਦੀ ਉਤੇ ਨਹੀਂ ਜਾਂਦਾ, ਉਹ ਸੰਗਤ ਸ਼ਬਦ ਦਾ ਆਦਰ ਰੱਖਣ ਹਿੱਤ ਤਤੀ ਤਵੀ ਉਤੇ ਕਿਵੇਂ ਬੈਠੇਗਾ, ਉਬਲਦੀਆਂ ਦੇਗਾਂ ਵਿਚ ਕਿਵੇਂ ਟਿਕੇਗਾ ਤੇ ਗਰਮ ਰੇਤੇ ਕਿਵੇਂ ਪਵਾਏਗਾ। ਸ਼ਾਦੀ ਵੀ ਲਾਹੌਰ ਵਿਚ ਸੀ ਤੇ ਸ਼ਹਾਦਤ ਵੀ ਲਾਹੌਰ ਵਿਚ ਹੋਣੀ ਸੀ। ਗੁਰੂ ਰਾਮਦਾਸ ਜੀ ਦੁਨੀਆਂ ਦੀ ਨਜ਼ਰ ਵਿਚ ਅਤਿ ਸੌਖਾ ਪਰ ਅਸਲ ਵਿਚ ਇਕ ਔਖਾ ਪਰਚਾ ਪਾ ਰਹੇ ਸਨ। ਫਿਰ ਇਹ ਵੀ ਸੋਚਿਆ ਕਿ ਪੁੱਤਰਾਂ ਵਿਚੋਂ ਇਸੇ (ਗੁਰੂ ਅਰਜਨ ਜੀ) ਨੇ ਹੀ ਗੱਲ ਸਮਝੀ ਤੇ ਰੱਖੀ। ਆਗਿਆ ਵਿਚ ਰਹੇ। ਇਹ ਹੀ ਗੁਰਿਆਈ ਦੀ ਵੱਡੀ ਜ਼ਿੰਮੇਵਾਰੀ ਸੰਭਾਲ ਸਕਣਗੇ। ਇਨ੍ਹਾਂ ਵਿਚ ਹੰਕਾਰ ਨਹੀਂ, ਗੁਰਿਆਈ ਜਿਹੀ ਅਜਰ ਵਸਤੂ ਨੂੰ ਜਰ ਸਕਣਗੇ :

**ਪੁਤ੍ਰਨ ਬਿਖੇ ਟੇਕ ਇਨ ਰਾਖੀ।**
**ਰਹਿ ਆਇਸ ਮੇਂ ਦਰਸ਼ਨ ਕਾਂਖੀ।**
**ਸਰਬ ਸਹਾਰਹਿ ਗੁਰਤਾ ਭਾਰ।**
**ਅਜਰ ਜਰੈਗੋ ਨਹਿ ਹੰਕਾਰ।**

ਬਾਬਾ ਬੁੱਢਾ ਜੀ ਕੋਲੋਂ ਜਦ ਗੁਰੂ ਰਾਮਦਾਸ ਜੀ ਨੇ ਰਾਇ ਪੁੱਛੀ ਤਾਂ ਬਾਬਾ ਜੀ ਨੇ ਕਿਹਾ : "(ਗੁਰੂ) ਅਰਜਨ ਜੀ ਸੁਸ਼ੀਲ ਤੇ ਸਲਾਹੁਣ ਯੋਗ ਲਗਦੇ ਹਨ। ਇਨ੍ਹਾਂ ਵਿਚ ਕਿਸੇ ਵੇਲੇ ਲੇਸ਼ ਮਾਤਰ ਵੀ ਹੰਕਾਰ ਨਹੀਂ ਆਉਂਦਾ। ਇਨ੍ਹਾਂ ਜਿਹਾ, ਸੇਵਾ ਦਾ ਪੁੰਜ ਹੋਰ ਕੋਈ ਨਹੀਂ ਡਿੱਠਾ, ਜਿਸ ਨੇ ਗੁਰੂ ਦੇ ਹੁਕਮ ਵਿਚ ਨਿਵਾਸ ਹੀ ਕਰ ਲਿਆ ਹੋਵੇ।"

**ਲਗਯੋ ਸਰਾਹਨ ਸ਼ੀਲ ਬਿਸਾਲਾ।**
**ਲੇਸ਼ ਹੰਕਾਰ ਨਹੀਂ ਕਿਸ ਕਾਲਾ।**
**ਇਨ ਸਮ ਸੇਵਕ ਅਪਰ ਨਾ ਬੀਉ।**
**ਜਿਮ ਆਇਸ ਮੈਂ ਵਾਸਾ ਕੀਉ।**

ਸੋ ਜਦ (ਗੁਰੂ) ਅਰਜਨ ਜੀ ਲਾਹੌਰ ਤੋਂ ਵਾਪਸ ਆਏ, ਉਸੇ ਸਮੇਂ ਹੀ ਗੁਰਿਆਈ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪ ਦਿੱਤੀ ਗਈ। ਗੁਰੂ ਅਰਜਨ ਜੀ ਦਾ ਐਸਾ ਸੁਭਾਅ ਪੱਕ ਚੁੱਕਾ ਸੀ ਕਿ ਉਨ੍ਹਾਂ ਦੇ ਕਰਮ ਦੇਖਣ ਯੋਗ ਹੋ ਗਏ।

ਗੋਇੰਦਵਾਲ ਵਿਖੇ ਆਏ, ਗਿਆਰਾਂ ਭੱਟਾਂ ਨੇ ਪਹਿਲੀ ਝਲਕ ਵਿਚ ਹੀ ਗੁਰੂ ਅਰਜਨ ਦੇਵ ਜੀ ਨੂੰ *ਗੰਗਾ ਵਾਂਗ ਪਵਿੱਤਰ, ਸਾਗਰ ਵਾਂਗ ਸ਼ਾਂਤ, ਚੰਦਨ ਵਾਂਗ ਠੰਢਾ ਤੇ ਬ੍ਰਿਛ ਵਾਂਗ ਸਹਿਜ ਅਵਸਥਾ ਵਿਚ ਵਿਚਰਦੇ ਦੇਖਿਆ।* ਉਨ੍ਹਾਂ ਗੁਰੂ ਅਰਜਨ ਦੇਵ ਜੀ ਦੀ

ਦ੍ਰਿੜ੍ਹਤਾ ਦੇਖ ਲਿਖਿਆ : ਗੁਰੂ ਅਰਜਨ ਅਕਾਲ ਪੁਰਖ ਰੂਪ ਹਨ, ਮਹਾਂਭਾਰਤ ਵਿਚ ਆਏ 'ਅਰਜਨ' ਵਾਂਗ ਕਦੇ ਵੀ ਘਬਰਾਉਣ ਵਾਲੇ ਨਹੀਂ ਹਨ। ਜਿਵੇਂ ਅਰਜਨ ਕੁਰੂਖੇਤਰ ਦੇ ਮੈਦਾਨ ਵਿਚ ਵੈਰੀਆਂ ਤੋਂ ਘਬਰਾਂਦਾ ਨਹੀਂ ਸੀ, ਤਿਵੇਂ ਗੁਰੂ ਅਰਜਨ ਜੀ ਕਾਮਾਦਿਕ ਵੈਰੀਆਂ ਤੋਂ ਨਹੀਂ ਘਬਰਾਉਂਦੇ।'

**ਗੁਰੂ ਅਰਜੁਨੁ ਪੁਰਖੁ ਪ੍ਰਮਾਣੁ, ਪਾਰਥਉ ਚਾਲੈ ਨਹੀ॥**

ਭਾਈ ਗੁਰਦਾਸ ਜੀ ਨੇ ਆਪਣੇ ਨਿੱਜੀ ਅਨੁਭਵ ਤੋਂ ਲਿਖਿਆ :

**ਗੁਰੂ ਅਰਜਨ ਕਰ ਸੇਉ ਢੋਐ ਢੋਇਆ॥** (ਵਾਰ ੩, ਪਉੜੀ ੧੨)

ਗੁਰੂ ਅਰਜਨ ਜੀ ਦੀ ਨਿਰਮਾਣ ਸੇਵਾ ਦੇਖ ਕੇ, ਉਨ੍ਹਾਂ ਨੂੰ ਗੁਰੂ ਰਾਮਦਾਸ ਜੀ ਨੇ ਨਾਲ ਮਿਲਾ ਲਿਆ ਤੇ ਉਹ ਹੀ ਰੌਸ਼ਨੀ ਬਖ਼ਸ਼ ਦਿੱਤੀ ਜਿਸ ਦੇ ਉਹ ਆਪੂੰ ਮਾਲਕ ਸਨ, ਬਿਲਕੁਲ ਉਸ ਦੀਵੇ ਵਾਂਗ ਜੋ ਆਪਣੀ ਲਾਟ ਨਾਲ ਦੂਜੇ ਨੂੰ ਪ੍ਰਜਵਲਤ ਕਰ ਦਿੰਦਾ ਹੈ। ਭਾਵ ਤੇਲ, ਬੱਤੀ ਤੇ ਦੀਵਾ ਤਿਆਰ ਸੀ :

**ਜੋਤੀ ਜੋਤਿ ਸਮੋਇ ਦੀਪ ਦੀਪਾਇਆ॥ ੧੧॥ ੩॥**

ਵਾਰ ੨੪ਵੀਂ ਦੀਆਂ ਪੰਜਾਂ ਪਉੜੀਆਂ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਅਰਜਨ ਜੀ ਦੇ ਸੁਭਾਅ ਤੇ ਕਰਮ ਨੂੰ ਖੂਬ ਨਿਖਾਰ ਕੇ ਦੱਸਿਆ ਹੈ। ਜਿਤਨੇ ਨੇੜੇ ਤੋਂ ਭਾਈ ਜੀ ਨੇ ਗੁਰੂ ਜੀ ਨੂੰ ਦੇਖਿਆ, ਸ਼ਾਇਦ ਹੀ ਕਿਸੇ ਹੋਰ ਵਿਅਕਤੀ ਨੇ ਦੇਖਿਆ ਤੇ ਲਿਖਿਆ ਹੋਵੇ। ਪਉੜੀ ਦੀ ਹਰ ਤੁਕ ਵਿਆਖਿਆ ਦੀ ਮੁਹਤਾਜ ਹੈ ਪਰ ਲੇਖ ਦੇ ਵਿਸਥਾਰ ਤੋਂ ਡਰਦਿਆਂ, ਸਿਰਫ ਅੱਖਰੀਂ ਅਰਥ ਹੀ ਕੀਤੇ ਹਨ।[1] ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਉਤੇ ਇਕ ਅਨੋਖਾ ਚਾਨਣਾ ਪੈਂਦਾ ਹੈ ਤੇ ਉਹਨਾਂ ਦੀ ਨਿਰਾਲੀ ਦੱਖ ਉੱਭਰ ਕੇ ਸਾਹਮਣੇ ਆਉਂਦੀ ਹੈ।

ਪਉੜੀ ੧੯ਵੀਂ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਅਰਜਨ ਜੀ ਦੇ ਗੁਣਾਂ ਨੂੰ ਬਿਆਨ ਕਰਨਾ ਕਠਿਨ ਜਿਹਾ ਕੰਮ ਹੈ। ਉਹ *ਮਾਇਆ ਰਹਿਤ ਹਨ, ਸ਼ਾਂਤ ਚਿਤ ਹਨ, ਚਿੰਤਾ ਜੈਸੀ ਕੋਈ ਸ਼ੈ ਉਹਨਾਂ ਦੇ ਨੇੜੇ ਨਹੀਂ, ਮੌਤ ਨੂੰ ਉਹਨਾਂ ਕਾਬੂ ਕੀਤਾ ਹੋਇਆ ਹੈ, ਭਾਵ ਮੌਤ ਦਾ ਭੈ ਨਹੀਂ ਅਤੇ ਆਤਮਾ ਉੱਚੀ ਉਡਾਰੀ ਲਗਾ ਗਗਨਾਂ ਨੂੰ ਛੋਹ ਰਹੀ ਹੈ :*

**"ਅਲਖ ਨਿਰੰਜਨ ਆਖੀਐ, ਅਕਲ, ਅਜੋਨ, ਅਕਾਲ ਅਪਾਰਾ।"**

ਉਨ੍ਹਾਂ ਦੀ ਆਤਮਾ ਚੰਨ ਨਾਲੋਂ ਵੀ ਵੱਧ ਰੌਸ਼ਨ ਹੈ। ਸੱਚੀ ਗੱਲ ਤਾਂ ਇਹ ਹੈ ਕਿ ਸੂਰਜ ਨਾਲੋਂ ਵੀ ਵੱਧ ਚਮਕਦੀ ਹੈ, ਪਰਮਾਤਮਾ ਨੂੰ ਜੇ ਕੋਈ ਠੀਕ ਪਿਆਰਾ ਹੈ ਤਾਂ ਉਹ ਗੁਰੂ ਅਰਜਨ ਜੀ ਹਨ :

**"ਰਵਿ ਸਸਿ ਜੋਤ ਉਦੋਤ ਲੰਘ, ਪਰਮ ਜੋਤ ਪਰਮੇਸ਼ਰ ਪਿਆਰਾ।"**

ਗੁਰੂ ਅਰਜਨ ਜੀ ਵੀ ਸਦਾ ਵਾਹਿਗੁਰੂ ਦੇ ਨਾਮ ਵਿਚ ਹੀ ਲੀਨ ਰਹਿੰਦੇ ਹਨ ਤੇ ਉਹਨਾਂ ਵਿਚ ਵਾਹਿਗੁਰੂ ਦੀ ਜੋਤ ਜਗਮਗਾ ਰਹੀ ਹੈ, ਇਸੇ ਸਦਕਾ ਉਹ ਚੜ੍ਹਦੀ ਕਲਾ ਵਿਚ ਰਹਿੰਦੇ ਹਨ ਤੇ ਹਰ ਕੋਈ ਉਨ੍ਹਾਂ ਦੀ ਉਪਮਾ ਕਰ ਰਿਹਾ ਹੈ :

**"ਜਗ ਮਗ ਜੋਤਿ ਨਿਰੰਤਰੀ ਜਗਜੀਵਨ, ਜਗ ਜੈ ਜੈ ਕਾਰਾ।"**

1. ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਜੀਵਨੀ ਲਈ 'ਪਰਤਖਿ ਹਰਿ' ਦੇਖੋ।


www.sikhbookclub.com

ਹਰ ਕੋਈ ਗੁਰੂ ਅਰਜਨ ਜੀ ਦੀ ਆਤਮਿਕ ਉੱਚਤਾ ਨੂੰ ਦੇਖ ਸਿਰ ਝੁਕਾਂਦਾ ਹੈ ਤੇ ਜਿਨ੍ਹਾਂ ਨੂੰ ਸੋਝੀ ਆ ਗਈ ਹੈ, ਉਹ ਗੁਰੂ ਅਰਜਨ ਜੀ ਦੇ ਪੂਰਨਿਆਂ ਉਤੇ ਟੁਰ ਕੇ ਕਾਮਯਾਬ ਹੋ ਰਹੇ ਹਨ :

**ਨਮਸਕਾਰ ਸੰਸਾਰ ਵਿਚ ਆਦਿ ਪੁਰਖ ਆਦੇਸ ਉਧਾਰਾ।**

ਇਕ ਗੁਰੂ ਅਰਜਨ ਦੇਵ ਜੀ ਹੀ ਹਨ ਜਿਨ੍ਹਾਂ ਦੇ ਦੁਆਰੇ *ਹਰ ਜਾਤੀ, ਹਰ ਧਰਮ ਲਈ ਖੁੱਲ੍ਹੇ ਹਨ। ਹਰ ਵਰਣ ਦਾ ਪੁਰਸ਼, ਇਸਤਰੀ, ਉਹਨਾਂ ਕੋਲੋਂ ਉਪਦੇਸ਼ ਲੈ ਜੀਵਨ ਜਾਚ ਸਿਖ ਰਿਹਾ ਹੈ।* ਵੇਦਾਂ ਦੇ ਅਨੁਆਈ ਤੇ ਸ਼ਾਸਤ੍ਰਾਂ ਦੇ ਮੰਨਣ ਵਾਲੇ, ਵੱਖ-ਵੱਖ ਅਕੀਦੇ ਰੱਖਣ ਵਾਲੇ ਵੀ ਉਨ੍ਹਾਂ ਵੱਲ ਖਿੱਚੇ ਚਲੇ ਆ ਰਹੇ ਹਨ ਤੇ ਸਿੱਖੀ ਦਾ ਅਨੰਦ ਮਾਣ ਰਹੇ ਹਨ :

**"ਚਾਰ ਵਰਨ, ਛਿਅ ਦਰਸ਼ਨਾਂ, ਗੁਰਮੁਖ ਮਾਰਗ ਸਚ ਅਚਾਰਾ।"**

ਗੁਰੂ ਅਰਜਨ ਜੀ ਸਾਰਿਆਂ ਨੂੰ ਵਾਹਿਗੁਰੂ ਨਾਲ ਜੋੜਨ, ਜ਼ਿੰਦਗੀ ਵੰਡਣ ਤੇ ਸਦਾ ਪਵਿੱਤ੍ਰ ਰਹਿਣ ਦੇ ਵਲ ਦੱਸ ਕੇ, ਮਨ ਦੀ ਮਤ ਤੋਂ ਉਤਾਂਹ ਉਠਾ ਸੰਸਾਰ ਸਾਗਰ ਵਿਚੋਂ ਪਾਰ ਲੰਘਾ ਰਹੇ ਹਨ। ਗੁਰੂ ਅਰਜਨ ਜੀ ਨੇ ਆਪ ਸੱਚ ਪਛਾਣ ਲਿਆ ਹੈ ਤੇ ਉਸੇ ਸੱਚ ਦੀ ਘਾੜਤ ਘੜਨ ਦਾ ਵਲ ਦੱਸ ਕੇ ਕਈਆਂ ਨੂੰ ਸਿੱਧੇ ਰਾਹ ਉੱਤੇ ਪਾ ਰਹੇ ਹਨ :

**ਨਾਮ ਦਾਨ ਇਸ਼ਨਾਨ ਦ੍ਰਿੜ੍ਹ, ਗੁਰਮੁਖ ਭਾਇ ਭਗਤ ਨਿਸਤਾਰਾ।**
**ਗੁਰੂ ਅਰਜਨ ਸੱਚ ਸਿਰਜਣਹਾਰਾ॥ ੧੮॥ ੨੪॥**

ਅਗਲੀ ੧੯ਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ : "ਗੁਰੂ ਅਰਜਨ ਜੀ ਗੁਰੂ ਨਾਨਕ ਦੀ ਪਾਵਨ ਗੱਦੀ ਉਤੇ ਬੈਠ ਕੇ ਆਪਣੇ ਬਜ਼ੁਰਗਾਂ ਦੀ ਰੌਸ਼ਨੀ ਨੂੰ ਸਾਰੇ ਪਾਸੇ ਫੈਲਾ ਰਹੇ ਹਨ ਤੇ ਸ਼ਬਦ ਦੇ ਚਾਨਣ ਨਾਲ ਹੀ ਅਨੇਕਾਂ ਭਟਕਦੀਆਂ ਰੂਹਾਂ ਨੂੰ ਰਾਹ ਦੱਸ ਰਹੇ ਹਨ। ਗੁਰੂ ਅਰਜਨ ਦੇਵ ਜੀ ਦਾ ਕੰਮ ਹੈ ਡਿੱਗਦੀਆਂ ਸੁਰਤਾਂ ਨੂੰ ਉੱਪਰ ਉਠਾ ਕੇ ਇੱਜ਼ਤ ਬਖ਼ਸ਼ਣਾ :

**ਤਖ਼ਤ ਬਖ਼ਤ ਲੈ ਮਲਿਆ, ਸ਼ਬਦ ਸੁਰਤਿ ਵਪਾਰ ਸਪਤਾ।**

ਗੁਰੂ ਅਰਜਨ ਦੇਵ ਜੀ ਨੇ ਇਕ ਹੋਰ ਕਮਾਲ *ਇਹ ਕੀਤਾ ਹੈ ਕਿ ਰੂਹਾਨੀਅਤ ਦਾ ਖ਼ਜ਼ਾਨਾ (ਗੁਰੂ) ਗ੍ਰੰਥ ਸਾਹਿਬ ਤਿਆਰ ਕਰ ਦਿੱਤਾ ਹੈ।* ਐਸੀ ਬਖ਼ਸ਼ਸ਼ ਕਰ ਕੇ ਵੀ ਉਹ ਚੁੱਪ ਨਹੀਂ ਬੈਠੇ ਸਗੋਂ ਕੀਰਤਨ ਵਿਚ ਜੁੜੇ ਰਹਿੰਦੇ ਹਨ ਤੇ ਗੁਰਬਾਣੀ ਦੇ ਗੂਹਜ ਭਾਵ ਸੇਵਕਾਂ ਨੂੰ ਸਮਝਾਉਂਦੇ ਹਨ ਤੇ ਉਸੇ ਰੰਗ ਵਿਚ ਰੰਗੀ ਜਾਂਦੇ ਹਨ, ਜਿਸ ਵਿਚ ਆਪ ਰੰਗੇ ਹੋਏ ਹਨ :

**ਗੁਰਬਾਣੀ ਭੰਡਾਰ ਭਰ, ਕੀਰਤਨ ਕਥਾ ਰਹੇ ਰੰਗ ਰਤਾ।**

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਅਰਜਨ ਜੀ ਦੀ ਆਤਮਾ ਸਦਾ ਇਕ ਰਸ ਅਨੰਦ ਬਿਖੇਰਦੀ ਰਹਿੰਦੀ ਹੈ। ਐਸਾ ਮਹਿਸੂਸ ਹੁੰਦਾ ਹੈ ਕਿ ਇਕ ਅੰਮ੍ਰਿਤ ਦੀ ਧਾਰਾ ਵਗ ਰਹੀ ਹੈ। ਉਨ੍ਹਾਂ ਦਾ ਅੰਤਲਾ ਇਕ ਅਲੌਕਿਕ ਅਨੰਦ ਵਿਚ ਟਿਕਿਆ ਰਹਿੰਦਾ ਹੈ। ਗੁਰੂ ਅਰਜਨ ਜੀ ਸਦਾ ਸਾਧ-ਸੰਗਤ ਵਿਚ ਜੁੜਨ ਉੱਤੇ ਹੀ ਜ਼ੋਰ ਦਿੰਦੇ ਹਨ ਤੇ ਕਹਿੰਦੇ ਹਨ ਕਿ *ਸੰਗਤ ਵਿਚੋਂ ਹੀ ਨਾਮ ਪਦਾਰਥ ਵਾਲਾ, ਨ.ਫੇ ਵਾਲਾ ਸੌਦਾ ਮਿਲਦਾ ਹੈ।* ਉਹ ਇਤਨੇ ਨਿਰਮਾਣ ਹਨ ਕਿ ਨਿੱਜੀ ਪ੍ਰਕਾਸ਼ ਦੀ ਥਾਂ ਸਾਧ-ਸੰਗਤ ਦੀ ਮਹੱਤਤਾ ਦ੍ਰਿੜ੍ਹਾਉਂਦੇ ਹਨ :

**ਧੁਨਿ ਅਨਹਦ ਨਿਝਰ ਝਰੈ, ਪੂਰਨ ਪ੍ਰੇਮ ਅਮਿਓ ਰਸ ਮਤਾ।**
**ਸਾਧ ਸੰਗਤ ਹੈ, ਗੁਰ ਸਭਾ, ਰਤਨ ਪਦਾਰਥ ਵਣਜ ਸਹੱਤਾ।**

 www.sikhbookclub.com

ਗੁਰੂ ਅਰਜਨ ਜੀ ਦੀ ਪਾਵਨ ਸ਼ਖ਼ਸੀਅਤ ਸੱਚ ਦਾ ਪ੍ਰਕਾਸ਼ ਹੀ ਹੈ। ਉਹਨਾਂ ਦੀ ਰੂਹਾਨੀ ਸਲਤਨਤ ਦੀ ਛਾਪ ਵੀ ਸੱਚ ਹੈ। ਸੱਚ ਹੀ ਉਹਨਾਂ ਦੀ ਤਾਕਤ, ਸ਼ਕਤੀ ਤੇ ਸੱਚ ਹੀ ਉਹ ਪ੍ਰਚਾਰਦੇ ਹਨ, ਭਾਵੇਂ ਕਿਤਨੇ ਦੁਖੜੇ ਝੱਲਣੇ ਪੈਣ। ਜਗਤ ਦੇ ਸਾਰੇ ਰਾਜ ਤਾਂ ਮੁੱਕ ਜਾਣਗੇ ਪਰ ਗੁਰੂ ਜੀ ਦਾ ਸੱਚ ਰਾਜ ਸਦਾ ਸਥਿਰ ਹੈ ਤੇ ਇਸ ਨੇ ਸਦਾ ਸ੍ਰੇਸ਼ਟ ਰਹਿਣਾ ਹੈ :

**ਸੱਚ ਨੀਸਾਣ, ਦੀਬਾਣ ਸੱਚ, ਸੱਚ ਤਾਣ, ਸੱਚ ਮਾਣ ਮਹਤਾ।**
**ਅਬਚਲ ਰਾਜ ਹੋਆ ਸਣਖਤਾ॥ ੧੯॥ ੨੪॥**

ਇਸੇ ਵਾਰ ਦੀ ਪਉੜੀ ਵੀਹਵੀਂ ਵਿਚ ਭਾਈ ਗੁਰਦਾਸ ਜੀ ਫ਼ਰਮਾਉਂਦੇ ਹਨ ਕਿ ਐਸੀ ਪ੍ਰਤਿਭਾ ਹੈ ਗੁਰੂ ਅਰਜਨ ਦੇਵ ਜੀ ਦੀ ਕਿ ਉੱਤਰ, ਦੱਖਣ, ਪੂਰਬ ਤੇ ਪੱਛਮ, ਚਾਰੇ ਦਿਸ਼ਾਵਾਂ ਤੋਂ ਸੱਚ ਦੇ ਢੂੰਢਾਊ, ਅਨੇਕਾਂ ਦੀ ਗਿਣਤੀ ਵਿਚ ਗੁਰੂ ਅਰਜਨ ਜੀ ਵੱਲ ਖਿੱਚੇ ਟੁਰੇ ਆ ਰਹੇ ਹਨ ਤੇ ਉਹਨਾਂ ਦੇ ਸਿੱਖ ਬਣਨ ਲਈ ਤਰਲੇ ਲੈ ਰਹੇ ਹਨ :

**ਚਾਰੇ ਚੱਕ ਨਿਵਾਇਓਨੁ, ਸਿੱਖ ਸੰਗਤਿ ਆਵੈ ਅਣਗਾਤਾ।**

ਸਿੱਖ ਜੱਥੇਬੰਦੀ ਐਸੀ ਮੁਕੰਮਲ ਹੈ ਕਿ ਹਰ ਇਕ ਦੀ ਲੋੜ ਪੂਰੀ ਕਰਦੀ ਹੈ। ਹਰ ਕੋਈ ਜੋ ਇਸ ਵਿਚ ਸ਼ਾਮਲ ਹੁੰਦਾ ਹੈ ਉਸ ਨੂੰ ਨਾ ਸਿਰਫ਼ ਸਰੀਰਕ ਖ਼ੁਰਾਕ ਮਿਲਦੀ ਹੈ ਸਗੋਂ ਆਤਮਿਕ ਖ਼ੁਰਾਕ ਤੋਂ ਵਿਰਵੀ ਭੁੱਖੀ ਰੂਹ ਨੂੰ ਸ਼ਬਦ ਦੀ ਖ਼ੁਰਾਕ ਵੀ ਮਿਲਦੀ ਹੈ :

**ਲੰਗਰ ਚਲੈ ਸ਼ਬਦ ਗੁਰ, ਪੂਰੇ ਪੂਰੀ ਬਣੀ ਬਣਤਾ।**

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ, ਦੋਵੇਂ ਹਲਤ ਤੇ ਪਲਤ ਦੇ ਪੱਖ ਸੰਪੂਰਨ ਕਰ ਕੇ, *ਮਾਇਆ ਵਿਚ ਹੀ ਉਦਾਸ ਰਹਿ ਕੇ, ਕਲਜੁਗ ਵਿਚ ਇਕ ਨਹੀਂ, ਅਸੰਖਾਂ ਹੀ ਜਨਕ ਪੈਦਾ ਕਰ ਦਿੱਤੇ ਹਨ।* ਹਰ ਸਿੱਖ 'ਜਨਕ ਰੂਪ' ਹੈ। ਹਰ ਸਿੱਖ ਪਰਉਪਕਾਰ ਦੀ ਮੂਰਤ ਹੈ, ਸਹਿਜ ਵਿਚ ਵਿਚਰ ਰਿਹਾ ਹੈ, ਗੁਰਮਤਿ ਦੇ ਰਾਹ ਤੁਰ ਰਿਹਾ ਹੈ, ਸੁਖ ਉਸ ਪਾਸ ਹਨ ਤੇ ਮੁਕਤੀ ਪੈਰ ਚੁੰਮ ਰਹੀ ਹੈ :

**ਮਾਇਆ ਵਿਚ ਉਦਾਸ ਕਰ, ਗੁਰੁ ਸਿਖ ਜਨਕ ਅਸੰਖ ਭਗਤਾ।**
**ਗੁਰਮਤਿ ਸੁ ਫਲ ਸਹਜ ਸੁਗੱਤਾ॥ ੨੦॥ ੨੪॥**

ਪਉੜੀ ੨੧ਵੀਂ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਦੁੱਖ ਵਿਚ ਗੁਰੂ ਅਰਜਨ ਦੇਵ ਜੀ ਝੁਰਦੇ ਨਹੀਂ ਤੇ ਖ਼ੁਸ਼ੀ ਵਿਚ ਹੱਦ ਬੰਨਾ ਟੱਪਦੇ ਨਹੀਂ। ਇਤਨੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਉਹਨਾਂ ਦੀ ਹੈ ਕਿ ਇਕ ਤੱਕਣੀ ਨਾਲ ਹੀ ਦੂਜੇ ਨੂੰ ਵੱਸ ਕਰ ਲੈਂਦੇ ਹਨ।

**ਹਰਖਹੁ ਸੋਗਹੁ ਬਾਹਿਰਾ, ਹਰਣ ਭਰਣ ਸਮਰਥ ਸਰੰਦਾ।**

ਸੰਸਾਰੀ ਖ਼ਾਹਿਸ਼ਾਂ ਨੂੰ ਕਦੇ ਵੀ ਉਹਨਾਂ ਨੇ ਸਾਰੀ ਜ਼ਿੰਦਗੀ ਆਪਣੇ ਉਤੇ ਕਾਬੂ ਨਹੀਂ ਪਾਉਣ ਦਿੱਤਾ। ਭੈ ਉਹਨਾਂ ਦੇ ਲਾਗੇ ਨਹੀਂ, ਗੁੱਸੇ ਵਿਚ ਕਦੇ ਉਹ ਦੇਖੇ ਨਹੀਂ ਗਏ, ਗ੍ਰਹਿਸਤੀ ਹੁੰਦਿਆਂ ਵੀ ਮਾਇਆ ਉਹਨਾਂ ਨੂੰ ਗ੍ਰਸ ਨਹੀਂ ਸਕੀ, ਖਿਮਾਂ ਰੂਪ ਉਹਨਾਂ ਦਾ ਸੁਭਾਅ ਹੈ ਤੇ ਸਬਰ, ਸੰਤੋਖ ਦੀ ਉਹ ਸ਼ਾਂਤ ਮੂਰਤ ਹਨ :

**ਰਸ ਕਸ ਰੂਪ ਨ ਰੇਖ ਵਿਚ, ਰਾਗ ਰੰਗ ਨਿਰਲੇਪ ਰਹੰਦਾ।**

ਸੱਚੀ ਗੱਲ ਤਾਂ ਇਹ ਹੀ ਹੈ ਕਿ ਕੋਈ ਵਿਚਾਰ, ਅਕਲ, ਸ਼ਕਤੀ, ਬੋਲ ਜਾਂ ਲੇਖ ਉਹਨਾਂ ਦਾ ਵਰਨਣ ਨਹੀਂ ਕਰ ਸਕਦਾ, ਉਹ ਅਪਹੁੰਚ ਹਨ, ਅਗੋਚਰ ਹਨ :

**ਗੋਸ਼ਟ, ਗਿਆਨ ਅਗੋਚਰਾ, ਬੁਧ, ਬਲ, ਬਚਨ ਬਿਬੇਕ ਨਿਸੰਦਾ॥ ੨੧॥ ੨੪॥**

ਐਸੇ ਪਾਵਨ ਸੁਭਾਅ ਤੇ ਦ੍ਰਿੜ੍ਹ ਕਰਮ ਵਾਲੇ ਗੁਰੂ ਅਰਜਨ ਦੇਵ ਜੀ ਨੇ, ਲਾਹੌਰ ਵਿਖੇ, ਦੇਗਾਂ ਵਿਚ ਉਬਲ ਕੇ, ਤੱਤੀਆਂ ਤਵੀਆਂ ਉੱਤੇ ਬੈਠ, ਗਰਮ ਰੇਤਾ ਸੀਸ ਉੱਤੇ ਪਵਾ, ਆਪਣੇ ਹੀ ਸੁਭਾਵਕ ਆਖੇ ਸ਼ਬਦਾਂ ਨੂੰ ਅਮਲੀ ਜਾਮਾ ਪਹਿਨਾਇਆ, ਜੋ ਉਹਨਾਂ ਲਾਹੌਰ ਸ਼ਾਦੀ ਤੇ ਜਾਣ ਵੇਲੇ ਆਖੇ ਸਨ : 'ਪਿਤਾ ਜੀ! ਜਿੱਥੇ ਜਾਨ ਖ਼ਤਰੇ ਵਿਚ ਪਵੇ, ਬੇਸ਼ੱਕ ਉਥੇ ਜਾਣ ਦੀ ਆਗਿਆ ਕਰੋ, ਉਥੇ ਜਾਣ ਵਿਚ ਢਿੱਲ ਨਹੀਂ ਕਰਾਂਗਾ।' ਉਸ ਵੇਲੇ ਉਹ ਭਵਿੱਖ ਦੀ ਹੀ ਗੱਲ ਕਰ ਰਹੇ ਸਨ।

ਸੱਚਮੁੱਚ, ਜਦ ਦੋਖੀਆਂ ਵਲੋਂ ਤਸੀਹੇ ਦਿੱਤੇ ਗਏ, ਉਸ ਸਮੇਂ ਉਹਨਾਂ ਸਿਵਾਇ ਵਾਹਿਗੁਰੂ ਦੇ ਆਸਰੇ ਦੇ ਹੋਰ ਕਿਸੇ ਵਲ ਨਾ ਦੇਖਿਆ ਤੇ ਭਾਣੇ ਨੂੰ ਮਿੱਠਾ ਮੰਨ ਕੇ ਸ਼ਹਾਦਤ ਦੇ ਗਏ :

**ਸ਼ਬਦ ਸੁਰਤ ਲਿਵ ਮ੍ਰਿਗ ਜਯੋਂ,**
**ਭੀੜ ਪਈ ਚਿਤ ਅਵਰ ਨਾ ਆਣੀ॥**

ਐਸੇ ਗੁਰੂ ਅਰਜਨ ਜੀ ਤੋਂ ਸਦਕੇ ਜਾਣ ਦਾ ਚਿੱਤ ਕਰਦਾ ਹੈ :

**ਗੁਰੂ ਅਰਜਨ ਵਿਟਹੁ ਕੁਰਬਾਣੀ।**

SIKHBOOKCLUB.COM

## ੧੪

# ਹਮੂ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ

ਸਾਹਿਬ ਗੁਰੂ ਅਰਜਨ ਦੇਵ ਜੀ ਨੇ ਜੈਤਸਰੀ ਵਾਰ ਦੇ ਪਹਿਲੇ ਸਲੋਕ ਵਿਚ ਪਰਮਾਤਮਾ ਦਾ ਮੰਗਲ ਕਰਦੇ ਫ਼ਰਮਾਇਆ ਹੈ ਕਿ ਕੇਵਲ ਇਕ ਉਹ ਪਰਮਾਤਮਾ ਹੀ ਅਜਿਹਾ ਹੈ ਜੋ ਆਦਿ ਵਿਚ ਪੂਰਨ ਸੀ, ਮੱਧ ਵਿਚ ਮੁਕੰਮਲ ਸੀ ਤੇ ਅੰਤ ਵਿਚ ਸੰਪੂਰਨ ਰਹੇਗਾ :

**"ਆਦਿ ਪੂਰਨ, ਮਧਿ ਪੂਰਨ, ਅੰਤ ਪੂਰਨ ਪਰਮੇਸੁਰਹ ॥**

ਪਰ ਸੰਸਾਰ ਦੇ ਵਚਿੱਤਰ ਇਤਿਹਾਸ ਵਿਚ ਸਿੱਖੀ ਲਹਿਰ ਵੀ ਇਕ ਐਸੀ ਹੈ ਜੋ ਜੈਸੀ ਆਰੰਭ ਵਿਚ ਸੀ, ਅੰਤਲੇ ਪੜਾਅ ਤੱਕ ਉਹੋ ਜਿਹੀ ਰਹੀ। ਸਿੱਖੀ ਦਾ ਆਦਿ ਨਾਨਕ ਪੂਰਾ ਹੈ, ਮਧਿ ਗੁਰੂ ਅਰਜਨ ਸੰਪੂਰਨ ਹੈ ਤੇ ਅੰਤ ਗੁਰੂ ਗੋਬਿੰਦ ਸਿੰਘ ਜੀ ਮੁਕੰਮਲ ਹਨ। ਜੇ ਗੁਰੂ ਨਾਨਕ ਦੇਵ ਜੀ 'ਅਕਾਲ ਰੂਪ' ਜਾਂ ਭਾਈ ਨੰਦ ਲਾਲ ਦੇ ਸ਼ਬਦਾਂ ਵਿਚ 'ਗੁਰੂ ਨਾਨਕ ਆਮਦ ਨਰਾਇਣ ਸਰੂਪ' ਹੈ ਤਾਂ ਗੁਰੂ ਅਰਜਨ ਦੇਵ ਜੀ ਦੀ ਉਪਮਾ ਭੱਟ ਮੱਥਰਾ ਜੀ 'ਕਛੁ ਭੇਦ ਨਹੀਂ, ਗੁਰੂ ਅਰਜਨ ਪਰਤਖ੍ਹ ਹਰਿ' ਲਿਖ ਕੇ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਭਾਵੇਂ ਆਪ ਹੁਕਮ ਕਰ ਕੇ ਵਰਜਦੇ ਹਨ ਕਿ ਕੋਈ ਉਨ੍ਹਾਂ ਨੂੰ ਵਾਹਿਗੁਰੂ ਜਾਂ ਅਕਾਲ ਨਾ ਆਖੇ, ਨਿਰੋਲ 'ਦਾਸ ਤਵਨ ਕਾ ਜਾਨੋ' ਪਰ ਜਿਨ੍ਹਾਂ ਉਨ੍ਹਾਂ ਦੇ ਦਰਸ਼ਨ ਕੀਤੇ ਹਨ ਉਹ ਉਨ੍ਹਾਂ ਨੂੰ 'ਪੁਰਖ ਭਗਵੰਤ ਰੂਪ' ਲਿਖਦੇ ਹਨ ਤੇ ਭਾਈ ਨੰਦ ਲਾਲ ਜੀ, ਉਨ੍ਹਾਂ ਨੂੰ ਅਕਾਲ ਪੁਰਖ ਨੂੰ ਭਾਏ (ਏਜ਼ਦੀ ਮਨਜ਼ੂਰ) ਅਕਾਲ ਪੁਰਖ ਦੇ ਖ਼ਜ਼ਾਨਚੀ (ਹੱਕ ਰਾ ਗੰਜੂਰ), ਕਰਤਾਰ ਦੇ ਚੰਗੀ ਤਰ੍ਹਾਂ ਜਾਣੂੰ (ਹੱਕ ਹੱਕ ਅਗਾਹ), ਹਰੀ ਨੂੰ ਪੁੱਜੇ (ਵਾਸਲੋ ਮੌਸੂਲ), ਆਤਮਿਕ ਗਿਆਨ ਦੀ ਨਦੀ (ਜਾਂ ਫਰੋਜਿ ਨਹਿਰ) ਤੇ ਗੁਣਾਂ ਦੀ ਮੂਰਤੀ (ਵਾਸਫ਼ਾਨਿ ਜ਼ਾਤਿ) ਆਖ ਸਤਿਕਾਰਦੇ ਹਨ। *ਸੱਚੀ ਗੱਲ ਤਾਂ ਇਹ ਹੈ ਕਿ ਪਰਮਾਤਮਾ ਵੀ ਉਨ੍ਹਾਂ ਦੇ ਗੁਣਾਂ ਦੀ ਉਪਮਾ ਕਰਦਾ ਹੈ* (ਹੱਕ ਖੁਦ ਵਸ਼ਾਫ਼ਿ ਗੁਰੂ ਗੋਬਿੰਦ ਸਿੰਘ)।

ਸਿੱਖੀ ਲਹਿਰ ਦੀ ਇਸ ਵਿਸ਼ੇਸ਼ਤਾ ਨੂੰ ਦੂਜੇ ਪੱਖ ਤੋਂ ਦੇਖਿਆਂ ਹੋਰ ਨਿਰਾਲੀ ਗੱਲ ਦਿੱਸ ਆਵੇਗੀ ਕਿ ਸਿੱਖ ਧਰਮ ਦੀ ਲਹਿਰ ਹੀ ਇਕ ਐਸੀ ਹੈ, ਜਿਸ ਨੂੰ ਨਾ ਹੀ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਜੀ ਤੱਕ, ੨੩੯ ਸਾਲ ਦੇ ਸਮੇਂ ਦਾ ਤਿੱਖਾ ਵੇਗ, ਨਾ ਸਮੇਂ ਦੀ ਹਕੂਮਤ ਦਾ ਜਬਰ ਤੇ ਨਾ ਹੀ ਕੋਈ ਹੋਰ ਪ੍ਰਸਥਿਤੀ ਵੱਗਦੇ ਨਿਰਮਲ ਪੰਥਕ ਜਲ ਨੂੰ ਮੈਲਾ ਕਰ ਸਕੀ। ਬਹੁਤੇ ਲੋਕੀਂ ਧਾਰਮਿਕ ਲਹਿਰ ਨੂੰ ਵੱਗਦੇ ਪਹਾੜੀ ਨਾਲੇ ਨਾਲ ਤੁਲਨਾ ਦਿੰਦੇ ਹਨ, ਜਿਹੜਾ ਪਹਾੜ ਵਿਚ ਤਾਂ ਸਵੱਛ ਹੁੰਦਾ ਹੈ ਪਰ ਮੈਦਾਨਾਂ ਵਿਚ ਉਤਰ ਕੇ ਮੈਲਾ ਤੇ ਕੁਚੈਲਾ ਹੋ ਜਾਂਦਾ

ਹੈ ਪਰ ਨਿਰੋਲ ਸਿੱਖੀ ਲਹਿਰ ਹੀ ਐਸੀ ਦਿੱਖ ਆਵੇਗੀ, ਜਿਸ ਨੂੰ ਕੋਈ ਵੀ ਗੰਧਲਾ ਨਾ ਕਰ ਸਕਿਆ। ਜਿੱਥੋਂ ਵੀ ਇਹ ਜਲ ਪੀਵੋ, ਨਿਰਮਲ, ਸੀਤਲ ਤੇ ਮਿੱਠਾ ਲੱਗੇਗਾ। ਇਹ ਵੱਖਰੀ ਗੱਲ ਹੈ ਕਿ ਕਿਸੇ ਨੂੰ ਕੋਈ ਗੱਲ ਸਮਝ ਨਾ ਆਈ ਹੋਵੇ ਤੇ ਉਸ ਕੁਝ ਲਿਖ ਦਿੱਤਾ ਹੋਵੇ ਜੋ ਇਤਿਹਾਸਕੀ ਸਚਾਈਆਂ ਦੇ ਉਲਟ ਹੋਵੇ। ਠੀਕ ਗੱਲ ਇਹ ਹੈ ਕਿ ਇਹ ਦਰਿਆ ਸੋਮੇ ਤੋਂ ਸਾਗਰ ਤੱਕ ਇਕੋ ਜਿਹਾ ਰਿਹਾ।

'ਜੋਤ ਓਹਾ ਜੁਗਤ ਸਾਇ' ਦਾ ਵਾਕ ਪਹਿਲਾਂ ਹੀ ਗੁਰੂ ਅਰਜਨ ਦੇਵ ਜੀ ਵੇਲੇ ਸੱਤੇ ਅਤੇ ਬਲਵੰਡ ਜੀ ਆਖ ਚੁੱਕੇ ਸਨ। ਇਸੇ ਦਾ ਵਿਸਥਾਰ ਭਾਈ ਗੁਰਦਾਸ ਜੀ ਅਤੇ ਫਿਰ ਭਾਈ ਨੰਦ ਲਾਲ ਜੀ ਨੇ ਕਰਦੇ ਹੋਏ ਕਿਹਾ, "ਗੁਰੂ ਗੋਬਿੰਦ ਸਿੰਘ ਜੀ ਵੀ ਉਹ ਹੀ ਹਨ ਜੋ ਗੁਰੂ ਨਾਨਕ ਸਾਹਿਬ ਹਨ। ਉਹ ਹੀ ਰਤਨ ਮੋਤੀ ਅਤੇ ਰਤਨ ਮਾਣਕ ਹਨ। ਇਕੋ ਹੀ ਮਾਲਾ ਹੈ, ਉਸ ਦੇ ਸਾਰੇ ਮਣਕੇ ਹਨ" :

**'ਹਮੂ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ॥**
**ਹਮੂ ਰਤਨ ਜੌਹਰ, ਹਮੂ ਮਾਣਿਕ ਅਸਤ॥ ੨੭॥'** (ਸ੍ਰੀ ਜੋਤ ਬਿਗਾਸ)

ਗੁਰੂ ਗੋਬਿੰਦ ਸਿੰਘ ਜੀ ਇਸੇ ਲਈ ਆਪੂੰ ਵੀ ਟੂਕ ਦਿੰਦੇ ਹਨ ਕਿ ਬਹੁਤੇ ਲੋਕ ਮੈਨੂੰ ਤੇ ਨਾਨਕ ਪਾਤਸ਼ਾਹ ਨੂੰ ਅੱਡ-ਅੱਡ ਕਰ ਕੇ ਹੀ ਜਾਣਦੇ ਹਨ ਪਰ ਬਹੁਤ ਘੱਟ ਹਨ, ਜਿਨ੍ਹਾਂ ਨੇ ਦਸਾਂ ਨੂੰ ਇਕ ਕਰ ਜਾਣਿਆ ਹੈ :

**"ਭਿੰਨ ਭਿੰਨ ਸਭਹੂ ਕਰ ਜਾਨਾ।**
**ਏਕ ਜੋਤ ਕਿਨਹੂ ਪਹਚਾਨਾ।"**

ਭਾਈ ਕੇਸਰ ਸਿੰਘ ਜੀ ਨੇ ਖ਼ੂਬ ਲਿਖਿਆ ਹੈ :

**ਇਹ ਦਸ ਜਾਮੇ ਬਾਬੇ ਹੀ ਹੈ ਧਾਰੇ।**
**ਯਹਿ ਦਸੇ ਮਹਲ, ਨਹੀਂ ਬਾਬੇ ਤੇ ਨਿਆਰੇ।**
**ਦਸੇ ਸਾਹਿਬ ਇਕ ਬਾਬਾ ਕਰ ਜਾਨੋ।**
**ਮਾਨਸ ਰੂਪ ਨ ਦਸਾਂ ਕੋ ਮਾਨੋ। ੪੯।**[1]

ਫਿਰ ਦਸ (੧੦) ਦਾ ਹਿੰਦਸਾ ਸੰਪੂਰਨ ਹਿੰਦਸਾ ਹੈ। ਸਭ ਉਸ ਵਿਚ ਸਮਾਏ ਹਨ। ਇਨ੍ਹਾਂ ਤੋਂ ਬਾਹਰ ਕੁਝ ਨਹੀਂ।

ਗੋਕਲ ਚੰਦ ਨਾਰੰਗ ਨੇ ਬਹੁਤ ਸੋਹਣਾ ਲਿਖਿਆ ਹੈ : "ਜਿਸ ਬੂਟੇ ਨੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਫਲ ਦਿੱਤਾ, ਉਸ ਦੀ ਬੀਜਾਈ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਤੇ ਅੱਠਾਂ ਗੁਰੂ ਸਾਹਿਬਾਨ ਨੇ ਸਿੰਜਿਆ ਸੀ। ਜਿਸ ਤੇਗ਼ ਨੇ ਖ਼ਾਲਸੇ ਦੀ ਸ਼ਾਨ ਫੈਲਾਈ, ਇਹ ਠੀਕ ਹੈ ਕਿ ਉਸ ਨੂੰ ਤਿਆਰ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ ਪਰ ਫ਼ੌਲਾਦ ਗੁਰੂ ਨਾਨਕ ਦੇਵ ਜੀ ਕਮਾ ਕੇ ਦੇ ਗਏ ਸਨ।" ਸੋ ਇਸ ਰੌਸ਼ਨੀ ਵਿਚ ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਜੀ ਦੀਆਂ ਬਖ਼ਸ਼ਸ਼ਾਂ ਦੇਖਣੀਆਂ ਹਨ।

"ਪੁਰਾਤਨ ਜਨਮ ਸਾਖੀ" ਦੀ ਸਾਖੀ "ਵੇਈਂ ਪ੍ਰਵੇਸ਼" ਵਿਚ ਲਿਖਿਆ ਹੈ ਕਿ ਜਦੋਂ ਪ੍ਰਮੇਸ਼ਰ ਦੇ ਸੇਵਕ ਗੁਰੂ ਨਾਨਕ ਦੇਵ ਜੀ ਨੂੰ ਵਾਹਿਗੁਰੂ ਦੀ ਦਰਗਾਹ ਵਿਚ ਲੈ ਗਏ ਤਬਿ

1. ਵਿਸਥਾਰ ਲਈ 'ਅਸ਼ਟਮ ਬਲਬੀਰਾ' ਜੀਵਨੀ ਗੁਰੂ ਹਰਿ ਕ੍ਰਿਸ਼ਨ ਪੜ੍ਹੋ।

ਆਵਾਜ਼ ਹੋਈ : 'ਨਾਨਕਾ! ਮੇਰਾ ਹੁਕਮ ਤੇਰੀ ਨਦਰੀ ਆਇਆ ਹੈ, ਤੂੰ ਮੇਰੇ ਹੁਕਮ ਦੀ ਸਿਫ਼ਤਿ ਕਰ। ਤਬਿ ਬਾਬਾ ਬੋਲਿਆ। ਧੁਨਿ ਉਠੀ। ਰਾਗ ਆਸਾ ਜਪੁ ਮਹਲਾ ੧ ॥ ਸਲੋਕ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ॥ ਨਾਨਕ ਹੋਸੀ ਭੀ ਸਚੁ ॥' ਇਧਰ ਗੁਰੂ ਗੋਬਿੰਦ ਸਿੰਘ ਜੀ ਨੂੰ ਅਕਾਲ ਪੁਰਖ ਨੇ ਸਮਝਾਇਆ ਕਿ ਕਿਸੇ ਨੇ ਵੀ ਉਸ ਦਾ ਹੁਕਮ ਨਹੀਂ ਦੱਸਿਆ, ਸਗੋਂ 'ਸਭ ਆਪਨੀ-ਆਪਨੀ ਉਰਝਾਨਾ' ਅਤੇ ਅਕਾਲ ਪੁਰਖ ਬਾਚ ਹੋਇਆ :

**ਮੈਂ ਅਪਨਾਂ ਸੁਤ ਤੋਹਿ ਨਿਵਾਜਾ।**
**ਪੰਥ ਪ੍ਰਚੁਰ ਕਰਬੇ ਕਹੁ ਸਾਜਾ।**
**ਜਾਹਿ ਤਹਾਂ ਤੈ ਧਰਮ ਚਲਾਇ।**
**ਕਬੁਧਿ ਕਰਨ ਤੇ ਲੋਕ ਹਟਾਇ ॥ ੨੯ ॥**

ਤੇ ਇਹ ਆਗਿਆ ਪਾ ਕੇ ਗੁਰੂ ਪਾਤਸ਼ਾਹ ਨੇ ਕਿਹਾ ਕਿ ਜੋ ਪ੍ਰਭੂ ਨੇ ਕਿਹਾ ਸੀ, ਉਹ ਹੀ ਸੰਸਾਰ ਵਿਚ ਕਹਿੰਦਾ ਹਾਂ। ਲੋਕਾਂ ਦੇ ਡਰ ਤੋਂ ਸੱਚੀ ਗੱਲ ਆਖਣ ਤੋਂ ਚੁੱਪ ਨਹੀਂ ਹੋ ਸਕਦਾ :

**ਜੋ ਪ੍ਰਭੁ ਜਗਤਿ ਕਹਾ ਸੋ ਕਹਿ ਹੌਂ।**
**ਮ੍ਰਿਤ ਲੋਕ ਤੇ ਮੋਨਿ ਨ ਰਹਿ ਹੌਂ ॥ ੬੩ ॥**
**ਕਹਿਯੋ ਪ੍ਰਭੂ ਸੁ ਭਾਖਿ ਹੌਂ।**
**ਕਿਸੂ ਨ ਕਾਨਿ ਰਾਖਿ ਹੌਂ।**
**ਕਿਸੂ ਨ ਭੇਖ ਭੀਜ ਹੌਂ।**
**ਅਲੇਖ ਬੀਜ ਬੀਜ ਹੌਂ ॥ ੩੪ ॥**

SIKHBOOKCLUB.COM

ਬਾਬੇ ਨੇ 'ਰਾਹ ਦੋਵੈ ਇਕ ਜਾਣੈ ਸੋਈ ਸਿਝਸੀ" ਦੀ ਗੱਲ ਕਹੀ ਤੇ 'ਨਾ ਕੋ ਹਿੰਦੂ, ਨਾ ਮੁਸਲਮਾਨ' ਦਾ ਨਾਅਰਾ ਵੇਈਂ ਤੋਂ ਨਿਕਲਦੇ ਸਾਰ ਲਗਾਇਆ। ਗੁਰੂ ਅਰਜਨ ਦੇਵ ਜੀ ਨੇ ਧਰਮਾਂ ਦੇ ਵਿਤਕਰੇ ਮੇਟ ਕੇ (ਗੁਰੂ) ਗ੍ਰੰਥ ਸਾਹਿਬ ਦਾ ਨਿਰਮਾਣ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਬਾਲ ਅਵਸਥਾ ਵਿਚ ਹੀ ਇਸ ਆਸ਼ੇ ਦਾ ਪ੍ਰਗਟਾਵਾ ਕਰ ਦਿੱਤਾ। ਭੀਖਨ ਸ਼ਾਹ, ਪੰਜਾਬ ਤੋਂ ਦੋ ਕੁੱਜੇ ਲੈ ਕੇ ਪਟਨਾ ਸਾਹਿਬ ਵੱਲ ਚੱਲ ਪਿਆ। ਇਕ ਵਿਚ ਉਸ ਨੇ ਦੁੱਧ ਪਾਇਆ ਤੇ ਦੂਜੇ ਵਿਚ ਪਾਣੀ। ਪਾਣੀ ਤੋਂ ਉਸ ਦਾ ਭਾਵ ਮੁਸਲਮਾਨ ਸੀ, ਜੋ ਬੰਦੀ ਵਿਚ ਜੀਵਨ ਗੁਜ਼ਾਰਨਾ ਆਪਣਾ ਮੁੱਖ ਉਦੇਸ਼ ਸਮਝਦਾ ਸੀ ਤੇ ਦੁੱਧ ਤੋਂ ਭਾਵ ਹਿੰਦੂ ਸੀ ਜੋ ਨਿਰਮਲ ਕਰਮਾਂ ਉਤੇ ਜ਼ੋਰ ਦਿੰਦਾ ਹੈ। ਜਦ ਭੀਖਨ ਸ਼ਾਹ ਜੀ ਨੇ ਦੋਵੇਂ ਕੁੱਜੇ ਗੁਰੂ ਗੋਬਿੰਦ (ਸਿੰਘ) ਜੀ ਅੱਗੇ ਰੱਖੇ ਤਾਂ ਪਹਿਲਾਂ ਦਸਮੇਸ਼ ਪਿਤਾ ਜੀ ਨੇ ਆਪਣੇ ਹਸਤ-ਕਮਲ ਦੋਵਾਂ ਉੱਤੇ ਰੱਖ ਦਿੱਤੇ ਤੇ ਫਿਰ ਆਪਣੇ ਪਾਵਨ ਚਰਨਾਂ ਨਾਲ ਦੋਵੇਂ ਹੀ ਡੋਲ੍ਹ ਦਿੱਤੇ। ਭੀਖਨ ਸ਼ਾਹ ਨੇ ਸਿਰ ਝੁਕਾ ਦਿੱਤਾ। ਮਹਾਰਾਜ ਦਾ ਭਾਵ ਸੀ ਕਿ ਉਹ ਕਿਸੇ ਦੇ ਹਾਮੀ ਜਾਂ ਵਿਰੋਧੀ ਨਹੀਂ ਹਨ ਅਤੇ ਧਰਮ ਦੀ ਸਭ ਤੋਂ ਵੱਡੀ ਬਦਕਿਸਮਤੀ ਇਹ ਹੀ ਹੈ ਕਿ ਉਸ ਨੂੰ ਧਰਮ ਦੇ ਰਾਖਿਆਂ ਨੇ ਕੁੱਜਿਆਂ ਵਿਚ ਬੰਦ ਕੀਤਾ ਹੋਇਆ ਹੈ। ਜਦ ਤੱਕ ਧਰਮਾਂ ਨੂੰ ਰਵਾਇਤੀ ਬੰਦਸ਼ਾਂ ਤੋਂ ਬਾਹਰ ਕੱਢ ਕੇ ਨਹੀਂ ਲਿਆਂਦਾ ਜਾਵੇਗਾ, ਉਤਨੀ ਦੇਰ ਤੱਕ ਧਰਮ ਆਪੋ ਵਿਚ ਖਹਿ-ਖਹਿ ਮਰਦੇ ਹੀ ਰਹਿਣਗੇ। ਭਾਵੇਂ ਦੋਹਾਂ ਵਿਚਾਰਾਂ ਵਿਚ ਬਹੁਤ ਅੰਤਰ ਹੈ ਪਰ "ਦੇਹੁਰਾ ਮਸੀਤ ਸੋਈ" ਸਮਝ, ਤੁਰਨ ਵਾਲਾ ਹੀ ਠੀਕ ਧਰਮੀ ਹੈ। ਧਰਮ ਦੀਆਂ ਮੌਲਿਕ ਸਚਾਈਆਂ ਨੂੰ ਪ੍ਰਗਟ ਕਰਨ ਲਈ ਗੁਰੂ ਸੰਸਾਰ ਉੱਤੇ ਆਏ ਸਨ ਤੇ ਇਸੇ ਨੂੰ ਉਹ ਨਿਭਾ ਤੁਰ ਗਏ।

 www.sikhbookclub.com

ਬਾਬਾ ਨਾਨਕ ਨੇ ਵੀਹ ਰੁਪਏ ਦਾ ਸੱਚਾ ਸੌਦਾ ਕਰਕੇ ਹਰ ਜੀਵ ਨੂੰ ਖਰਾ ਸੌਦਾ ਕਰਨ ਦੀ ਜਾਚ ਦੱਸੀ। ਫਿਰ ਸੁਲਤਾਨਪੁਰ ਪਿਤਾ ਕਾਲੂ ਜੀ ਦੇ ਪੁੱਛਣ ਉਤੇ ਕਿ ਕੋਈ ਮਾਇਆ ਜੋੜੀ ਹੈ ਕਿ ਨਹੀਂ, ਫ਼ਰਮਾਇਆ : "ਮਾਇਆ ਹੱਥਾਂ ਵਿਚ ਠਹਿਰਦੀ ਨਹੀਂ ਹੈ, ਇਸ ਹੱਥੋਂ ਆਉਂਦੀ ਹੈ ਤੇ ਉਸ ਹੱਥੋਂ ਨਿਕਲ ਜਾਂਦੀ ਹੈ" :

**ਨਹੀਂ ਹਾਥਿ ਕੋ ਆਥਿ ਕਰੇ ਥਿਰਤਾ।**
**ਇਤੁ ਆਵਤ ਹੈ, ਉਤਿ ਹੂ ਚਲ ਜਾਈ।**

ਕਲਗੀਆਂ ਵਾਲੇ ਪਾਤਸ਼ਾਹ ਦਾ ਇਕ ਕੜਾ ਜਮਨਾ ਵਿਚ ਡਿੱਗ ਪਿਆ, ਚੋਭੇ ਉਸ ਦੀ ਭਾਲ ਕਰਨ ਲੱਗੇ। ਚੋਭੇ ਟੁਭਕੀਆਂ ਮਾਰ-ਮਾਰ ਕੇ ਥੱਕ ਗਏ ਤਾਂ ਮਾਤਾ ਜੀ ਨੇ ਪੁੱਛਿਆ, "ਪੁੱਤਰ ਕਿਥੇ ਸੁਟਿਆ ਈ ?" ਤਾਂ ਦੂਜਾ ਕੜਾ ਹੱਥੋਂ ਉਤਾਰ ਜਮਨਾ ਵਿਚ ਸੁੱਟ ਕਹਿਣ ਲੱਗੇ, "ਮਾਂ, ਉਥੇ।" ਜਦ ਕਿਸੇ ਦੂਜੇ ਕੋਲ ਖਲੋਤੇ ਨੇ , "ਉਹ" ਕਿਹਾ ਤਾਂ ਆਪ ਜੀ ਨੇ ਫ਼ਰਮਾਇਆ, "ਇਨਹੁ ਕੜਿਓ ਤਉ ਜਾਵਣਾ ਹੀ ਥਾ, ਕਲ ਨਾ ਗਏ, ਅੱਜ ਹੀ ਗਏ। ਜਾਣ ਵਾਲੀ ਵਸਤੂ ਦਾ ਪਛਤਾਵਾ ਕਾਹਦਾ।"

**ਬਾਬੇ ਨੇ "ਜਉ ਤਉ ਪਰੇਮ ਖੇਲਣ ਕਾ ਚਾਉ।**
**ਸਿਰ ਧਰਿ ਤਲੀ ਗਲੀ ਮੇਰੀ ਆਉ।"**

ਦਾ ਆਦਰਸ਼ ਦ੍ਰਿੜ੍ਹ ਕਰਾਇਆ। ਗੁਰੂ ਅਰਜਨ ਜੀ ਨੇ "ਤਨ ਮਨ ਕਾਟ ਕਾਟ" ਅਰਪ ਕੇ ਦੱਸਿਆ। ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ੯ ਸਾਲ ਦੀ ਆਯੂ ਵਿਚ ਪਿਤਾ ਨੂੰ ਹੱਸ ਕੇ ਕੁਰਬਾਨੀ ਲਈ ਭੇਜ ਕੇ ਅਜਰ ਵਸਤੂ ਨੂੰ ਜਰਨ ਦੀ ਜਾਚ ਦੱਸੀ। ਫਿਰ ਸਾਹਿਬਜ਼ਾਦਿਆਂ ਤੇ ਮਾਤਾ ਦੀ ਕੁਰਬਾਨੀ ਦਿੱਤੀ। ਅੰਤ ਵਿਚ ਆਪਾ ਵੀ ਵਾਰ ਦਿੱਤਾ। ਲਾਲਾ ਦੌਲਤ ਰਾਇ ਨੇ ਆਪਣੀ ਪੁਸਤਕ "ਮਹਾਂਬਲੀ" ਵਿਚ ਬਹੁਤ ਸੁੰਦਰ ਲਿਖਿਆ ਹੈ ਕਿ ਹਿੰਦੁਸਤਾਨ ਵਿਚ ਚਾਰੇ ਪਾਸੇ ਘੁੱਪ ਹਨ੍ਹੇਰਾ ਸੀ। ਕੁਝ ਕਿਸੇ ਨੂੰ ਸੁਝਾਈ ਨਹੀਂ ਸੀ ਦੇ ਰਿਹਾ। ਦੀਵੇ ਵਿਚ ਤੇਲ ਨਹੀਂ ਸੀ, ਬੱਤੀ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਦੁਰਦਸ਼ਾ ਦੇਖੀ ਤੇ ਹਿੰਦੁਸਤਾਨ ਦਾ ਰਾਹ ਰੌਸ਼ਨ ਕਰਨ ਲਈ ਦੀਵੇ ਵਿਚ ਆਪਣੇ ਪਿਤਾ, ਪੁੱਤਰਾਂ ਤੇ ਪਿਆਰਿਆਂ ਦੀ ਰੱਤ ਦਾ ਤੇਲ ਪਾਇਆ ਤੇ ਬੱਤੀ ਦੀ ਥਾਂ ਆਪਾ ਵਿਛਾ ਦਿੱਤਾ ਤਾਂਕਿ ਜੋਤ ਦੀ ਲੋਅ ਕਦੇ ਮੱਧਮ ਨਾ ਪਵੇ।

ਬਾਬੇ ਨੇ "ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰ" ਨੂੰ ਅਨੁਭਵ ਕੀਤਾ ਤੇ ਰਾਜ ਦਾ ਧਰਮ ਉੱਤੇ ਧੱਕਾ ਅੱਖੀਂ ਡਿੱਠਾ। ਗੁਰੂ ਅਰਜਨ ਦੇਵ ਜੀ ਨੇ ਇਕ ਪ੍ਰਸ਼ਨ ਦੇ ਉੱਤਰ ਵਿਚ "ਮੀਰ ਦੀ ਮੀਰੀ ਤੇ ਪੀਰ ਦੀ ਪੀਰੀ" ਖਿੱਚ ਲੈਣ ਦੀ ਭਵਿੱਖਬਾਣੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਵਿਚ ਧੱਕਾ ਦੂਰ ਕਰ ਦਿਖਾਇਆ। ਭਾਈ ਗੁਰਦਾਸ ਜੀ (ਦੂਜੇ) ਲਿਖਦੇ ਹਨ :

**ਫਿਰ ਐਸਾ ਹੁਕਮ ਅਕਾਲ ਕਾ ਜਗ ਮੈਂ ਪ੍ਰਗਟਾਨਾ।**
**ਤਬ ਸੁੰਨਤ ਕੋਈ ਨ ਕਰ ਸਕੈ, ਕਾਂਪਤ ਤੁਰਕਾਨਾ।**

ਇਤਿਹਾਸ ਵਿਚ ਆਉਂਦਾ ਹੈ ਕਿ ਜੋ ਵੀ ਸੰਗਤ ਅਨੰਦਪੁਰ ਸਾਹਿਬ ਆਏ, ਗੁਰੂ ਗੋਬਿੰਦ (ਸਿੰਘ) ਜੀ ਨੂੰ ਆਖੇ : ਪਾਤਸ਼ਾਹ! ਸੂਬੇ ਨੇ ਸੰਗਤ ਲੁੱਟ ਲਈ ਹੈ, ਜਾਂ ਫ਼ੌਜਦਾਰ ਨੇ ਸੰਗਤ ਲੁੱਟ ਲਈ ਹੈ, ਜਾਂ ਸੂਬੇਦਾਰ ਨੇ ਸਾਨੂੰ ਲੁੱਟ ਲਿਆ ਹੈ। ਇਹ ਸੁਣ ਮਹਾਰਾਜ ਨੇ

Page 131 www.sikhbookclub.com

ਜਲਾਲ ਵਿਚ ਆ ਕੇ ਕਿਹਾ : 'ਇਹ ਕੋਈ ਨਹੀਂ ਆ ਕੇ ਆਖਦਾ ਕਿ ਸੰਗਤ ਨੇ ਸੂਬਾ ਲੁੱਟ ਲਿਆ ਹੈ।' ਸੋ ਆਪ ਜੀ ਨੇ ਰਹਿਮਤ ਕਰਕੇ ਉਸ ਸੰਗਤ ਵਿਚ ਸ਼ਕਤੀ ਭਰੀ ਤੇ ਖਾਲਸਾ ਬਣਾਇਆ, ਜਿਸ ਨੇ ਜ਼ੁਲਮ ਤੇ ਜ਼ਾਲਮ ਦੋਹਾਂ ਦਾ ਖੁਰਾ ਖੋਜ ਮਿਟਾਇਆ।

ਇਸੇ ਤਰ੍ਹਾਂ ਇਕ ਵਾਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਇਕ ਮਨੁੱਖ ਨੇ ਆ ਕੇ ਪੁਕਾਰਿਆ, "ਸੱਚੇ ਪਾਤਸ਼ਾਹ, ਮੋ ਕਉ ਤੁਰਕਾਂ ਤੁਰਕ ਕਰ ਛੱਡਿਆ ਹੈ।" ਮਹਾਰਾਜ ਨੇ ਪੁਛਿਆ, "ਤੈਨੂੰ ਕਿਵੇਂ ਤੁਰਕ ਕਰ ਦਿੱਤਾ ਹੈ ?" ਉਹ ਮਨੁੱਖ ਬੋਲਿਆ, "ਮਹਾਰਾਜ, ਪਕੜ ਕਰ ਮੇਰੀ ਸੁੰਨਤ ਕਰ ਦਿੱਤੀ ਹੈ।" ਗੁਰੂ ਜੀ ਨੇ ਫ਼ਰਮਾਇਆ, "ਇਸ ਤਰ੍ਹਾਂ ਤਾਂ ਕੋਈ ਤੁਰਕ ਨਹੀਂ ਬਣਦਾ। ਹੋਰ ਉਨ੍ਹਾਂ ਕੀ ਕੀਤਾ?" ਉਸ ਮਨੁੱਖ ਨੇ ਕਿਹਾ, "ਜੀ, ਜ਼ਬਰਦਸਤੀ ਕਲਮਾ ਪੜ੍ਹਵਾਇਆ।" ਮਹਾਰਾਜ ਨੇ ਹੁਕਮ ਕੀਤਾ, "ਇਸ ਤਰ੍ਹਾਂ ਵੀ ਨਹੀਂ ਹੁੰਦਾ, ਹੋਰ ਉਹਨਾਂ ਕੀ ਕੀਤਾ ?" ਉਸ ਮਨੁੱਖ ਨੇ ਦੱਸਿਆ ਕਿ ਹੋਰ ਤਾਂ ਤੁਰਕਾਂ ਕੁਝ ਨਹੀਂ ਕੀਤਾ। ਤਾਂ ਮਹਾਰਾਜ ਨੇ ਬਚਨ ਕੀਤਾ, "ਜਾ ਤਸੱਲੀ ਰੱਖ, ਤੂੰ ਤੁਰਕ ਨਹੀਂ ਹੋਇਆ।" ਕੋਲ ਬੈਠੇ ਸਿੱਖ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਤੁਰਕ ਕਿਵੇਂ ਹੋਵੰਦਾ ਵੀ ਹੈ ਕਿ ਨਹੀਂ।" ਮਹਾਰਾਜ ਨੇ ਹੁਕਮ ਕੀਤਾ, "ਜਦ ਤੁਰਕਣੀ ਸਾਥ ਸੰਗ ਕਰਦਾ ਹੈ, ਤਬ ਹੀ ਤੁਰਕ ਹੋਵੰਦਾ ਹੈ। ਹੋਰ ਕਿਸੇ ਤਰ੍ਹਾਂ ਨਹੀਂ।" ਮਹਾਰਾਜ ਦਾ ਭਾਵ ਸੀ ਕਿ ਤੁਰਕਣੀ ਨਾਲ ਸੰਗ ਮਰਜ਼ੀ ਨਾਲ ਹੀ ਹੋਵੇਗਾ, ਕੋਈ ਜਬਰਨ ਨਹੀਂ ਕਰਾ ਸਕਦਾ। ਜਬਰ ਨਾਲ ਕਿਸੇ ਦੇ ਧਰਮ ਤੇ ਧੱਕਾ ਤਾਂ ਕੀਤਾ ਜਾ ਸਕਦਾ ਹੈ ਪਰ ਆਚਰਨ ਤੋਂ ਗਿਰਾਇਆ ਨਹੀਂ ਜਾ ਸਕਦਾ। ਜਬਰ ਨਾਲ ਧਰਮ ਨਹੀਂ ਬਦਲੇ ਜਾਂਦੇ। ਇਹ ਬਚਨ ਸਮੇਂ ਦੀ ਵੰਗਾਰ ਸੀ। ਸਦੀਆਂ ਤੱਕ ਹਿੰਦੁਸਤਾਨ ਇਸੇ ਕਰ ਕੇ ਮਾਰ ਖਾਂਦਾ ਰਿਹਾ ਕਿ ਉਸ ਦਾ ਵਿਸ਼ਵਾਸ ਬਣ ਗਿਆ ਸੀ ਕਿ ਜੋ ਧਰਮ ਤੋਂ ਇਕ ਵਾਰੀ ਜਬਰ ਨਾਲ ਗਿਰਾ ਦਿੱਤਾ ਗਿਆ, ਉਹ ਮੁੜ ਵਾਪਸ ਨਹੀਂ ਆ ਸਕਦਾ। ਮਹਾਰਾਜ ਨੇ ਟੀਚਾ ਬੰਨ੍ਹ ਦਿੱਤਾ। ਸਿਖਰ ਦਰਸਾ ਦਿੱਤਾ। ਆਚਰਨ ਤੋਂ ਡਿੱਗੇ ਦੀ ਤਾਂ ਧਰਮ ਵਿਚ ਮੁੜ ਕੋਈ ਥਾਂ ਨਹੀਂ ਪਰ ਜਬਰ ਨਾਲ ਬੇਵੱਸ ਕੀਤੇ ਨੂੰ ਤਸੱਲੀ ਦੇਣ ਦੀ ਲੋੜ ਹੈ।

ਗੁਰੂ ਨਾਨਕ ਜੀ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਧਰਮ ਨੂੰ ਰਾਜ ਉੱਪਰ ਥਾਂ ਦਿੱਤੀ। ਲੋਕੀਂ ਰਾਜਾ ਨੂੰ ਨਹਕਲੰਕੀ ਜਾਂ *ਰਾਜਾ ਅਭੁੱਲ* ਹੈ (ਕਿੰਗ ਕੈਨ ਡੂ ਨੋ ਰੌਂਗ) ਕਹਿ ਕੇ ਆਦਰ ਦਿੰਦੇ ਸਨ। ਗੁਰੂ ਪਾਤਸ਼ਾਹ ਨੇ ਕੇਵਲ 'ਅਭੁੱਲ ਗੁਰੂ ਕਰਤਾਰ' ਕਹਿ ਕੇ ਸਦੀਆਂ ਤੋਂ ਬਣੀ ਮਨੌਤ ਨੂੰ ਤੋੜਿਆ ਤੇ *"ਸ਼ਾਹਾਂ ਸੁਰਤਿ ਗਵਾਈਐ ਰੰਗ ਤਮਾਸੈ ਚਾਇ"* ਉਚਾਰ ਕੇ ਰਾਜਿਆਂ ਦੇ ਕੁਹਜੇ ਪੱਖ ਵੀ ਦਰਸਾਏ। ਗੁਰੂ ਨਾਨਕ ਜੀ ਨੇ ਆਪੂੰ ਸਾਰਾ ਜਗਤ ਫਿਰ ਕੇ ਗੁਰਮੁਖ ਲੱਭੇ ਤੇ ਉਹਨਾਂ ਮਹਾਂਬਲੀ ਭਗਤਾਂ ਨੂੰ ਆਦਰ ਦਿੱਤਾ ਤਾਂਕਿ ਰਾਜ ਭਗਤੀ ਦਾ ਪ੍ਰਭਾਵ ਲੋਕਾਂ ਦੇ ਮਨਾਂ ਵਿਚੋਂ ਨਿਕਲ ਜਾਏ। ਗੁਰੂ ਅਰਜਨ ਦੇਵ ਜੀ ਨੇ ਬੀੜ ਬੰਨ੍ਹ ਕੇ ਪੱਕੇ ਤੌਰ ਉੱਤੇ ਭਗਤਾਂ ਨੂੰ ਗੁਰ-ਅਸਥਾਨ ਹੀ ਦੇ ਦਿੱਤਾ। ਅੱਜ ਸਮੁੱਚਾ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਗੁਰੂ ਹੈ ਜਿਸ ਵਿਚ ਛੇ ਗੁਰੂ ਸਾਹਿਬਾਨ ਤੇ ਤੀਹ ਹੋਰ ਮਹਾਂਪੁਰਸ਼ਾਂ ਦੀ ਬਾਣੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਰਾਖਵੇਂ ਢੰਗ ਨਾਲ ਭਗਤੀ ਤੇ ਭਗਤਾਂ ਦੀ ਉੱਚਤਾ ਦਰਸਾਈ। ਭਰੇ ਦੀਵਾਨ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਪੁੱਛਿਆ ਕਿ ਕੋਈ ਦੱਸੇ ਕਿ ਕਬੀਰ ਜੀ ਵੱਲ ਕੌਣ ਬਾਦਸ਼ਾਹ ਸੀ ? ਸਾਰੇ ਸੋਚ ਥੱਕੇ, ਪਰ ਕੋਈ ਦੱਸ ਨਾ ਸਕਿਆ। ਫਿਰ ਮਹਾਰਾਜ

 www.sikhbookclub.com

ਨੇ ਫ਼ਰਮਾਇਆ : "ਸਾਧ-ਸੰਗਤ, ਉਸ ਬਾਦਸ਼ਾਹ ਪਾਸ ਲੱਖ ਘੋੜਾ ਚੜ੍ਹਦਾ ਸੀ, ਤਿਸ ਨੂੰ ਤਾਂ ਕੋਈ ਨਹੀਂ ਜਾਣਦਾ ਪਰ ਭਗਤ ਕਬੀਰ ਜੀ ਨੂੰ ਸਭ ਕੋਈ ਜਾਣਦੇ ਹਨ। ਇਹ ਸਭ ਇਸ ਕਰਕੇ ਹੈ ਕਿ ਉਹ ਪ੍ਰਭੂ ਦਾ ਭਜਨ ਕਰਦਾ ਸੀ। ਉਸ ਦਾ ਨਾਮ ਜੁੱਗ-ਜੁੱਗ ਅਟਲ ਹੈ। ਜੋ ਮੱਲਾਂ ਮਾਰਨ ਤੇ ਫ਼ੌਜਾਂ ਚਾੜ੍ਹਨ ਲੱਗੇ ਰਹੇ, ਕੋਈ ਜਾਣਦਾ ਵੀ ਨਹੀਂ।" ਕਿਤਨਾ ਢੁਕਵਾਂ ਪ੍ਰਮਾਣ ਦਿੱਤਾ ਹੈ, ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਨੇ। ਭਗਤ ਰਵਿਦਾਸ ਜੀ, ਭਗਤ ਨਾਮਦੇਵ ਜੀ, ਜੈ ਦੇਵ ਜੀ, ਸਧਨਾ ਜੀ, ਧੰਨਾ ਜੀ ਤਾਂ ਜਗਤ ਪ੍ਰਸਿੱਧ ਹਨ ਪਰ ਜਿਨ੍ਹਾਂ ਸਮਾਂ ਮਾਇਆ ਇਕੱਤਰ ਕਰਨ ਵਿਚ ਗਵਾ ਦਿੱਤਾ, ਉਹਨਾਂ ਦੀ ਬਾਕੀ ਹੀ ਨਹੀਂ ਰਹੀ।

ਗੁਰੂ ਨਾਨਕ ਜੀ ਨੇ ਜਗਤ ਨੂੰ ਦੋ ਹੀ ਹਿੱਸਿਆਂ ਵਿਚ ਵੰਡਿਆ ਹੈ। ਇਕ ਉਹ ਹਨ, ਜਿਨ੍ਹਾਂ ਹੱਥ ਕੈਂਚੀ ਹੈ, ਤੇ ਪਿੱਛੇ ਪਾਪ ਦੀ ਜੰਞ ਲਾਈ ਫਿਰਦੇ ਹਨ, ਜਿਥੇ ਜਾਂਦੇ ਹਨ, ਵੱਢੀ, ਟੁੱਕੀ ਤੇ ਕੁਤਰਦੇ ਤੁਰੀ ਜਾਂਦੇ ਹਨ ਤੇ ਸਾਥੀ ਪਾੜ-ਪਾੜ ਸੁੱਟੀ ਜਾਂਦੇ ਹਨ। ਦੂਜੇ ਉਹ ਮਹਾਂਪੁਰਸ਼ ਹਨ ਜਿਨ੍ਹਾਂ ਦੇ ਹੱਥ ਸੂਈ ਹੈ ਤੇ ਵਿਚ ਧਾਗਾ ਪਾ ਕੇ ਜਿੱਥੇ ਜਾਂਦੇ ਹਨ, ਪਰੋਈ ਟੁਰੀ ਜਾਂਦੇ ਹਨ। ਵਿੱਥਾਂ ਪੈਣ ਹੀ ਨਹੀਂ ਦਿੰਦੇ। 'ਲੋਹਾ ਵਢੈ, ਦਰਜੀ ਪਾੜੈ, ਸੂਈ ਧਾਗਾ ਸੀਵੈ।" ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਆਸ਼ੇ ਨੂੰ ਸਦਾ ਮੁੱਖ ਰਖਿਆ ਤੇ ਇਸੇ ਭਾਵ ਦੇ ਹੁਕਮ ਕੀਤੇ ਕਿ ਕੀ ਹੋਇਆ ਜੇ ਕੋਈ ਮੁੰਡਾ ਸੰਨਿਆਸੀ ਹੈ, ਜੋਗੀ ਹੈ, ਬ੍ਰਹਮਚਾਰੀ ਹੈ, ਜਤੀ ਹੈ, ਤੁਰਕ ਹੈ ਜਾਂ ਸ਼ੀਆ ਮੁਸਲਮਾਨ ਹੈ, ਮਨੁੱਖ ਇਕੋ ਹਨ :

**"ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ,**
**ਕੋਈ ਬ੍ਰਹਮਚਾਰੀ, ਕੋਊ ਜਤੀ ਅਨਮਾਨਬੋ।**
**ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸਾਫੀ,**
**ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।"**

ਇਕ ਵਾਰੀ ਰਬਾਬੀਆਂ ਨੇ ਦੀਵਾਨ ਵਿਚ ਗੋਪੀ ਚੰਦ ਦੇ ਵੈਰਾਗ ਦਾ ਕਿੱਸਾ ਗਾਇਆ। ਇਕ ਸਿੱਖ ਨੇ ਕੀਰਤਨ ਪਿਛੋਂ ਰਬਾਬੀਆਂ ਨੂੰ ਝਿੜਕਿਆ ਕਿ ਉਹ ਕੈਸਾ ਝਗੜਾ ਲੈ ਬੈਠੇ। ਗੁਰੂ ਗੋਬਿੰਦ ਸਿੰਘ ਜੀ ਸੁਣਦੇ ਪਏ ਸਨ, ਉਨ੍ਹਾਂ ਉਸ ਸਿੱਖ ਨੂੰ ਕੋਲ ਬੁਲਾਇਆ ਤੇ ਕਿਹਾ ਕਿ ਉਸ ਨੇ ਰਬਾਬੀਆਂ ਨੂੰ ਝਿੜਕ ਕੇ ਚੰਗਾ ਨਹੀਂ ਕੀਤਾ ਅਤੇ ਫ਼ਰਮਾਇਆ, "ਇਕ ਇਸਤਰੀ ਤੁਹਾਡੇ ਘਰ ਹੈ, ਉਹ ਤੁਹਾਨੂੰ ਖਿੱਚ ਪਾਈ ਜਾਂਦੀ ਹੈ ਤੇ ਗੁਰੂ ਪਾਸ ਮਨ ਨਹੀਂ ਟਿਕਣ ਦਿੰਦੀ ਪਰ ਗੋਪੀ ਚੰਦ ਤਾਂ ਐਸਾ ਸੂਰਬੀਰ ਹੋਇਆ ਹੈ ਜੋ ਕਈ ਸੁੰਦਰ ਰਾਣੀਆਂ, ਸੁੰਦਰ ਬਦਨ, ਚੰਦਰ ਮੁੱਖੀਆਂ ਛੱਡ ਨਾਮ ਰਤਨ ਵਿਹਾਝਣ ਟੁਰ ਪਿਆ।" ਫਿਰ ਬਚਨ ਕੀਤਾ: "ਸਚ ਸਭਨਾ ਕਾ ਖਸਮ ਹੈ, ਜਿਸ ਬਖਸ਼ੇ ਸੋ ਪਾਏ। *ਸਚਿਆਰ ਪੁਰਖ ਸਭ ਹੀ ਪਰਮੇਸ਼ਰ ਰੂਪ ਹਨ। ਤਿੰਨਾਂ ਦੀ ਵਾਰਤਾ ਕਰਨ ਦਾ ਕੋਈ ਹਰਜ ਨਹੀਂ।*" ਐਸੀ ਸਮਦ੍ਰਿਸ਼ਟੀ ਦੇ ਮਾਲਕ ਸਨ ਬਾਜਾਂ ਵਾਲੇ।

ਬਾਬੇ ਨੇ ਧਰਮ ਦੀ ਚੌੜੀ ਨੀਂਹ ਰੱਖਦੇ ਹੋਏ ਕਿਹਾ ਸੀ ਕਿ ਖਾਣ ਤੇ ਪੀਣ ਨਾਲ ਧਰਮ ਦਾ ਇਤਨਾ ਹੀ ਸੰਬੰਧ ਹੈ ਕਿ ਉਹ ਵਸਤੂ ਖਾਧੀ ਜਾਂ ਪੀਤੀ ਨਾ ਜਾਏ, ਜਿਸ ਨਾਲ ਪੇਟ ਪਾਪ ਤੇ ਵਿਕਾਰ ਪੈਦਾ ਹੁੰਦੇ ਹੋਵਣ। ਮੋਟਾ ਅਸੂਲ ਉਨ੍ਹਾਂ ਦ੍ਰਿੜ੍ਹਾਇਆ

Page 133 www.sikhbookclub.com

**'ਬਾਬਾ ਹੋਰੁ ਖਾਣਾ ਖੁਸੀ ਖੁਆਰੁ।**
**ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ॥ ਰਹਾਉ॥'**

(ਸਿਰੀ ਰਾਗ ਮਹਲਾ ੧)

ਗੁਰੂ ਅਮਰਦਾਸ ਜੀ ਨੇ ਸੁੱਖ ਪ੍ਰਾਪਤੀ ਦਾ ਇਕ ਹੀ ਰਾਹ ਦਸਿਆ ਕਿ ਮਨਮੁੱਖ ਨਾਲ ਦੋਸਤੀ ਨਾ ਪਾਈ ਜਾਏ ਤੇ ਗੁਰਮੁਖ ਨਾਲ ਸਾਂਝ ਕੀਤੀ ਜਾਏ। ਜੰਮਣ ਮਰਨ ਦਾ ਮਾਲਕ ਉਸ ਪਰਮਾਤਮਾ ਨੂੰ ਹੀ ਮਿਥਿਆ ਜਾਏ ਤੇ ਮਨ ਪਿਛੇ ਲੱਗ ਕੋਈ ਕਰਮ ਨਾ ਕੀਤਾ ਜਾਏ :

**ਮਨਮੁਖ ਸਉ ਕਰਿ ਦੋਸਤੀ, ਸੁਖ ਕਿ ਪੁਛਹਿ ਮਿਤ।**
**ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ।**
**ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ। ੬੬।**

(ਸਲੋਕ ਵਾਰਾਂ ਤੇ ਵਧੀਕ, ਮਹਲਾ ੩)

ਗੁਰੂ ਹਰਿਗੋਬਿੰਦ ਜੀ ਵੇਲੇ ਹੋਏ ਇਤਿਹਾਸਕਾਰ, ਮੁਹਸਨ ਫ਼ਾਨੀ ਨੇ ਸਿੱਖਾਂ ਵਿਚ ਖਾਣ ਦੀ ਆ ਗਈ ਖੁੱਲ੍ਹ ਬਾਰੇ ਇਕ ਭਾਵ ਪੂਰਤ ਉਦਾਹਰਣ ਦਿੱਤੀ ਹੈ। ਉਹ ਲਿਖਦਾ ਹੈ ਕਿ ਇਕ ਵਾਰੀ ਇਕ ਹਿੰਦੂ ਦੂਜੇ ਮੁਸਲਮਾਨ ਨੂੰ ਆਖ ਰਿਹਾ ਸੀ ਕਿ ਉਸ ਨੇ ਤਾਂ ਮੁਸਲਮਾਨ ਬਣ ਜਾਣਾ ਹੈ ਕਿਉਂ ਜੋ ਮੁਸਲਮਾਨਾਂ ਵਿਚ ਖਾਣ ਦੀ ਬਹੁਤ ਖੁਲ੍ਹ ਹੈ। ਕੋਲ ਖੜ੍ਹੇ ਵਿਦਵਾਨ ਸਿੱਖ ਗਿਆਨੀ ਪੰਡਿਤ ਪਰਤਾਬ ਮੱਲ ਨੇ ਉਸ ਹਿੰਦੂ ਦੀ ਗੱਲ ਸੁਣ ਕੇ ਕਿਹਾ : 'ਮੂਰਖਾ! ਜੇ ਖਾਣ ਕਰਕੇ ਹੀ ਕੁਝ ਬਣਨਾ ਤਾਂ ਸਿੱਖ ਬਣ, ਕਿਉਂਕਿ ਮੁਸਲਮਾਨਾਂ ਵਿਚ ਤਾਂ ਫੇਰ ਵੀ ਕੁਝ ਨਾ ਕੁਝ ਖਾਣ ਦੀ ਮਨਾਹੀ ਹੈ।' ਇਸੇ ਤਰ੍ਹਾਂ ਇਕ ਘਟਨਾ ਗੁਰੂ ਗੋਬਿੰਦ ਸਿੰਘ ਜੀ ਵੇਲੇ ਹੋ ਗਈ। ਗੁਰੂ ਜੀ ਨੇ ਬੜੇ ਮਿੱਠੇ ਢੰਗ ਨਾਲ ਇਕ ਸਾਖੀ ਵਿਚ ਦੋ ਭਾਵ ਦਰਸਾ ਦਿੱਤੇ। ਗੁਰੂ ਜੀ ਦਰਬਾਰ ਵਿਚ ਬੈਠੇ ਸਨ ਕਿ ਇਕ ਸਿੱਖ ਦੇ ਉੱਚਾ-ਉੱਚਾ ਰੋਣ ਦੀ ਆਵਾਜ਼ ਉਨ੍ਹਾਂ ਦੇ ਕੰਨਾਂ ਵਿਚ ਪਈ। ਗੁਰੂ ਜੀ ਨੇ ਉਸ ਨੂੰ ਕੋਲ ਬੁਲਾਇਆ ਪਰ ਉਸ ਦਾ ਰੋਵਣਾ ਨਾ ਹੀ ਰੁਕੇ। ਮਹਾਰਾਜ ਨੇ ਦਿਲਾਸਾ ਦੇ ਕੇ ਉਸ ਦੇ ਉੱਚੀ-ਉੱਚੀ ਰੋਣ ਦਾ ਕਾਰਨ ਪੁੱਛਿਆ। ਉਸ ਨੇ ਲਿੰਮੋਝੂਣੇ ਹੋ ਕੇ ਕਿਹਾ, "ਮਹਾਰਾਜ! ਹੱਥੋਂ ਗਾਂ ਮਰ ਗਈ ਹੈ।" ਮਹਾਰਾਜ ਇਹ ਸੁਣ ਕੇ ਜ਼ੋਰ ਦੀ ਹੱਸੇ ਤੇ ਫ਼ਰਮਾਇਆ, "ਮੈਂ ਜਾਣਿਆ ਕਿਸੇ ਮਸੰਦ ਦੇ ਮੱਥੇ ਲੱਗਾ ਹੈ।" ਜਦ ਰਾਜਿਆਂ ਗਊ ਦਰਮਿਆਨ ਰੱਖ ਸਹੁੰ ਚੁੱਕੀ ਤਾਂ ਕਲਗੀ ਵਾਲੇ ਨੇ ਕਿਹਾ : 'ਜੋ ਇਸ ਗਊ ਕੋ ਛੋਡ ਦੇਹੁ, ਇਹ ਤੋ ਪਸ਼ੂ ਹੈ। *ਇਹ ਨਾ ਕਿਛੁ ਬੋਲੈ ਨ ਕਹੇ। ਇਸ ਕੀ ਕਿਆ ਕਸਮ।'*

ਜਦ ਭਾਈ ਮਰਦਾਨਾ ਜੀ ਨੇ ਇਕ ਵਾਰੀ ਪੂਜਾ ਦੀ ਭੇਟ ਲਿਆ ਗੁਰੂ ਨਾਨਕ ਜੀ ਅੱਗੇ ਰੱਖੀ ਤਾਂ ਉਸ ਨੇ ਉਸ ਵੇਲੇ ਸੁੱਟਣ ਦਾ ਹੁਕਮ ਦਿੱਤਾ ਤੇ ਪੂਜਾ ਦੀ ਭੇਟ ਨੂੰ 'ਬਿਖ' ਆਖਿਆ। ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਸਮਝਾਉਂਦੇ ਹੋਏ ਭੇਟਾ ਨੂੰ 'ਜ਼ਹਿਰੇ-ਕਾਤਲ' ਕਿਹਾ। ਗੁਰੂ ਰਾਮਦਾਸ ਜੀ ਨੇ ਪੂਜਾ ਦੀ ਭੇਟਾ ਨੂੰ ਪਹਿਲਾਂ ਤਨ ਤੇ ਫਿਰ ਮਨ ਵੀ ਕਾਲਾ ਕਰਨ ਵਾਲੀ ਕਿਹਾ। ਗੁਰੂ ਗੋਬਿੰਦ ਸਿੰਘ ਜੀ ਉਤੇ ਕਿਸੇ ਪ੍ਰਸ਼ਨ ਕੀਤਾ, ਜਦ ਇਹ (ਭੇਟਾ) ਬਿਖ ਹੈ ਤਾਂ ਤੁਸੀਂ ਕਿਉਂ ਇਹ ਦਾਨ ਜਗਤ ਤੋਂ ਲੈਂਦੇ ਹੋ। ਗੁਰੂ ਜੀ ਨੇ ਕਿਹਾ ਕਿ ਦਾਨ ਦੋ ਪ੍ਰਕਾਰ ਦਾ ਹੈ। ਇਕ ਦਾਨ ਜ਼ਾਤ ਲਈ ਹੈ ਦੂਜਾ ਅਮਾਨਤ (ਟਰੱਸਟ) ਦਾ ਲੇਵਣਾ ਹੈ। ਜਿਹੜਾ ਕਿਸੇ ਦੀ ਅਮਾਨਤ ਰੱਖਦਾ ਹੈ, ਸੋ ਵੀ ਲੇਂਵਦਾ ਦਿੱਸਦਾ ਹੈ ਪਰ ਅਸਲ ਵਿਚ ਇੰਝ ਨਹੀਂ ਹੁੰਦਾ। ਅਮਾਨਤ ਰੱਖਣ ਕਰਕੇ ਸਗੋਂ ਪਰਉਪਕਾਰ ਕਰਦਾ ਹੈ। ਮਾੜੀ ਵਰਤਨ

ਤੋਂ ਰੋਕਦਾ ਹੈ। ਗੁਰੂ ਪਾਸ ਪੂਜਾ ਦੀ ਭੇਟ ਅਮਾਨਤ ਹੈ। ਜਦ ਪੂਜ ਮਾਤਾ ਗੁਜਰੀ ਜੀ ਨੇ ਦੇਖਿਆ ਕਿ ਮਸੰਦ ਭੇਟਾ ਠੀਕ ਨਹੀਂ ਪੁਜਾਂਦੇ ਤਾਂ ਉਨ੍ਹਾਂ ਕੁਝ ਮਸੰਦਾਂ ਨੂੰ ਕਿਹਾ: "ਮਾਇਆ ਸੰਗਤ ਪਾਸੋਂ ਤੁਮ ਬਹੁਤੀ ਲੇਂਵਦੇ ਹੋ ਤੇ ਗੁਰੂ ਕੇ ਖ਼ਜ਼ਾਨੇ ਨਹੀਂ ਪਾਂਵਦੇ, ਘਰੀਂ ਰੱਖੀ ਜਾਂਦੇ ਹੋ, ਇਹ ਬਾਤ ਭਲੀ ਨਹੀਂ ਕਰਦੇ।" ਗੁਰੂ ਗੋਬਿੰਦ ਸਿੰਘ ਜੀ ਨੇ ਜਦ ਮਸੰਦਾਂ ਦੀਆਂ ਕੁਰੀਤੀਆਂ ਸੁਣੀਆਂ ਤਾਂ ਆਪ ਨੇ ਮਸੰਦ ਪ੍ਰਥਾ ਮੂਲੋਂ ਹੀ ਮੁਕਾਉਣ ਦਾ ਫ਼ੈਸਲਾ ਕਰ ਲਿਆ ਤੇ ਮਸੰਦਾਂ ਨੂੰ ਅਨੰਦਪੁਰ ਸਾਹਿਬ ਸੱਦ ਕੇ ਉਨ੍ਹਾਂ ਦੇ ਗੁਨਾਹਾਂ ਮੁਤਾਬਿਕ ਸਜ਼ਾਵਾਂ ਦਿੱਤੀਆਂ। ਬੰਸਾਵਲੀਨਾਮੇ ਵਾਲੇ ਦੀ ਵੀ ਗਵਾਹੀ ਹੈ ਕਿ :

**"ਪਕੜ ਆਏ ਸੋ ਟੰਗੇ ਮਾਰੇ।**
**ਕੁਛ ਕੜਾਹਿਆਂ ਵਿਚ ਪਾਇ ਸਾੜੇ।"**

ਇਸ ਹੁਕਮਨਾਮੇ ਭੇਜੇ ਕਿ 'ਕੋਈ ਮਸੰਦ ਮਸੰਦੀਏ ਨੂੰ ਨਾ ਮੰਨੇ ਅਤੇ ਜੋ ਗੁਰੂ ਕੇ ਨਮਿਤ ਕਾ ਹੋਵੇ 'ਗੋਲਕ ਸੋ ਹਜ਼ੂਰ ਲੈ ਆਵੇ।' ਅਨੰਦਪੁਰ ਵਿਚ ਢੰਡੋਰਾ ਦਿਲਵਾਇਆ, 'ਭਾਈ ਹੋ, ਚਾਕਰੋ, ਚੋਬਰੋ, ਫਕੀਰੋ, ਫਕੀਰੀਓ, ਸਾਰਦੂਲੋ, ਸਿਖੋ! ਸਾਹਿਬ ਦਾ ਹੁਕਮ ਹੈ, ਜੋ ਗੁਰੂ ਕਾ ਸਿੱਖ ਹੋਵੇਗਾ ਉਹ ਮਸੰਦ ਮਸੰਦੀਏ ਕੇ ਸਾਥਿ ਰਲ ਰਾਹਿ ਨਾ ਪਵੇਗਾ। ਇਕ ਗਲੀ ਆਵੇ ਖ਼ੂਨੀ ਹਾਥੀ ਤੇ ਇਕ ਗਲੀ ਆਵੈ ਮਸੰਦੁ, ਜੋ ਮੇਰਾ ਸਿੱਖ ਹੋਵੇਗਾ ਸੋ ਖ਼ੂਨੀ ਹਾਥੀ ਕੇ ਸਨਮੁਖਿ ਜਾਵੇਗਾ ਤੇ ਮਸੰਦ ਕੇ ਸਨਮੁੱਖ ਨਹੀਂ ਹੋਵੇਗਾ।'

ਇਹ ਹੁਕਮ ਦੇ ਫਲਸਰੂਪ ਭੇਟਾ ਸਿੱਧੀ ਗੁਰੂ ਪਾਸ ਆਉਣ ਲੱਗੀ। ਵਿਚੋਂ ਵਿਚੋਲੇ ਨਿਕਲ ਗਏ। ਇਕ ਸਮੇਂ ਜਦ ਮਾਇਆ ਬਹੁਤ ਇਕੱਠੀ ਹੋ ਗਈ ਤਾਂ ਆਪ ਜੀ ਨੇ ਸਭ ਲੇਖਾ ਕਰ ਸਤਲੁਜ ਤੇ ਅੱਗ ਦੀ ਭੇਟਾ ਕਰ ਦਿੱਤੀ ਅਤੇ ਸਤਲੁਜ ਤੇ ਬੈਸੰਤਰ ਦੇ ਖਾਤੇ ਪਾ ਦਿੱਤੀ। ਸਿੱਖਾਂ ਪੁਛਿਆ : "ਪਾਤਸ਼ਾਹ ਇਹ ਕੀ ?" ਤਾਂ ਆਪ ਜੀ ਨੇ ਫ਼ਰਮਾਇਆ : "ਜੋ ਕੀਤਾ ਹੈ, ਸਿੱਖਾਂ ਦੇ ਭਲੇ ਲਈ ਕੀਤਾ ਹੈ, ਹੋਰ ਮੇਰਾ ਕੋਈ ਪ੍ਰਯੋਜਨ ਨਹੀਂ। *ਮਾਇਆ ਤਾਂ ਸਭ ਬਿਖ ਰੂਪ ਹੈ ਪਰ ਇਹ ਮਾਇਆ ਤਾਂ ਪਰਮ ਬਿਖ ਹੈ। ਮਸੰਦਾਂ ਦੀ ਮਤ ਇਸੇ ਨੂੰ ਭੋਗ-ਭੋਗ ਮਾਰੀ ਗਈ ਸੀ।* ਲਾਇਕ ਸਜਾਏ ਕੇ ਹੂਏ। ਜੋ ਗੁਰੂ ਕੇ ਸਿੱਖ ਬਣੇ, ਉਹ ਕਹਿੰਦੇ ਹਨ ਕਿ ਪੂਰਾ ਗੁਰੂ ਹੈ, ਜਨਮ ਮਰਨ ਕੱਟੇਗਾ। ਔਰ ਮੈਂ ਮਾਇਆ ਕਾ ਭੋਗ ਭੁਗਾਵਾਂ ਤਾਂ ਇਹ ਕਿਤਨੇ ਸੰਕਟ ਵਿਚ ਪੈਣਗੇ। ਆਏ ਇਥੇ ਜਨਮ ਸਵਾਰਨ ਉਲਟਾ ਮੈਂ ਇਨ੍ਹਾਂ ਦਾ ਜਨਮ ਬਿਗਾਰ ਛੋਡਉ। ਸੋ ਮੈਂ ਐਸਾ ਨਹੀਂ ਕਿ ਇਨ੍ਹਾਂ ਦਾ ਜਨਮ ਬਿਗਾਰ ਛੋਡਉ। *ਗੁਰੂ ਕੀ ਕਉਡੀ ਸਿੱਖ ਕੋ ਬਿਖ ਹੈ। ਸਿੱਖ ਨਹੀਂ ਜਾਣਦੇ ਪਰ ਮੈਂ ਭਲੀ ਪ੍ਰਕਾਰ ਜਾਣਦਾ ਹਾਂ। ਜਿਵੇਂ ਕਿਸੇ ਦਾ ਦੁੱਧ ਕਾਲਾ ਸੱਪ ਜੂਠਾ ਕਰ ਜਾਏ ਤੇ ਮਾਤਾ ਦੇਖ ਲਵੇ ਤੇ ਬਾਲਕ ਨਾ ਦੇਖੇ। ਫਿਰ ਮਾਤਾ ਉਸ ਦੁੱਧ ਨੂੰ ਰੂੜੀ ਉੱਤੇ ਸੁੱਟ ਦੇਵੇ ਤੇ ਬਾਲਕ ਦੁੱਧ ਲਈ ਰੋਵੇ ਵੀ ਤਾਂ ਵੀ ਨਹੀਂ ਦਿੰਦੀ ਕਿਉਂਕਿ ਮਾਤਾ ਨੂੰ ਬਾਲਕ ਪਿਆਰਾ ਹੈ।* ਤਿਵੇਂ ਸਾਧ ਸੰਗਤ, ਸਿੱਖ ਮੈਨੂੰ ਪਿਆਰੇ ਹਨ, ਇਸੇ ਕਰ ਕੇ ਪੂਜਾ ਦੀ ਕਉਡੀ ਨਹੀਂ ਦਿੰਦਾ ਤੇ ਬਚੀ ਹੋਈ ਸਾੜ ਜਾਂ ਸੁੱਟ ਦਿੱਤੀ ਹੈ।"

ਗੁਰੂ ਨਾਨਕ ਜੀ ਨੇ ਭਾਈ ਮਰਦਾਨਾ ਜੀ ਨੂੰ ਸ਼ਬਦ ਪਾਇਕੈ ਰਾਗ ਗਾਣ ਲਈ ਪ੍ਰੇਰਿਆ ਸੀ ਤੇ ਕੀਰਤਨ ਦੀ ਮਹੱਤਤਾ ਦ੍ਰਿੜ੍ਹਾਈ ਸੀ। ਕੀਰਤਨ ਦਾ ਚਮਤਕਾਰ ਹਰ ਕਿਸੇ ਨੇ ਦੇਖਿਆ ਸੀ। ਇਹ ਮਹੱਤਤਾ ਸਭ ਗੁਰੂ ਸਾਹਿਬਾਨ ਨੇ ਦ੍ਰਿੜ੍ਹਾਈ ਰੱਖੀ। ਗੁਰੂ ਗੋਬਿੰਦ ਸਿੰਘ ਜੀ ਪਾਸ

ਇਕ ਸਿੱਖ ਨੇ ਸ਼ਿਕਾਇਤ ਕੀਤੀ ਕਿ ਪਿਛਲੀ ਰਾਤ ਜਦ ਉਹ ਤੇਈ ਅਸ਼ਟਪਦੀਆਂ ਸੁਖਮਨੀ ਦੀਆਂ ਪੜ੍ਹ ਚੁੱਕਾ ਤਾਂ ਰਬਾਬੀਆਂ ਨੇ ਆ ਕੇ ਦੋ ਤਾਰਾ ਖੜਕਾ ਦਿੱਤਾ ਤੇ ਕੀਰਤਨ ਆਰੰਭ ਕਰ ਦਿੱਤਾ। ਉਸ ਨੇ ਬਹੁਤੇਰਾ ਕਿਹਾ ਕਿ ਇਕ ਪਉੜੀ ਬਾਕੀ ਰਹਿ ਗਈ ਹੈ ਪਰ ਰਬਾਬੀ ਨਾ ਮੰਨੇ ਤੇ ਸ਼ਬਦ ਪੜ੍ਹਨ ਲੱਗੇ। ਉਨ੍ਹਾਂ ਸ਼ਬਦਾਂ ਦਾ ਅਨਾਦਰ ਕੀਤਾ ਹੈ। ਆਪ ਜੀ ਪਾਸ ਫਰਿਆਦ ਹੈ ਕਿ ਉਨ੍ਹਾਂ ਰਬਾਬੀਆਂ ਨੂੰ ਸਜ਼ਾ ਦਿੱਤੀ ਜਾਵੇ। ਗੁਰੂ ਜੀ ਨੇ ਕਿਹਾ : "ਸੁਣ ਸਿੱਖਾ, ਇਸ ਗੱਲੇ ਰਬਾਬੀ ਨਹੀਂ ਪਕੜੀਂਦੇ। ਤੂੰ ਸੰਗਤ ਨੂੰ ਚਾਬ ਚਬਾਇਦਾ ਸੈਂ ਤੇ ਇਹ ਰਬਾਬੀ ਸੰਗਤ ਨੂੰ ਪ੍ਰਸ਼ਾਦੀਆਂ ਲੱਗੇ ਛਕਾਉਣ।" ਮਹਾਰਾਜ ਦਾ ਭਾਵ ਸੀ ਛੋਲੇ ਹਰ ਕੋਈ ਨਹੀਂ ਚੱਬ ਸਕਦਾ ਪਰ ਪੱਕੀਆਂ ਰੋਟੀਆਂ ਖਾਣੀਆਂ ਸਹਿਲ ਹਨ। ਜਦ ਸ਼ਬਦ ਵਿਚ ਰਾਗ ਪੈ ਜਾਏ ਤਾਂ ਉਸ ਨੂੰ ਹਰ ਹਿਰਦਾ ਕਬੂਲ ਕਰਨ ਜੋਗ ਹੋ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਆਪ ਤਾਊਸ ਬਹੁਤ ਸੋਹਣਾ ਵਜਾਉਂਦੇ ਸਨ ਤੇ ਕੀਰਤਨ ਨੂੰ ਸਦਾ ਉੱਚਤਾ ਦਿੰਦੇ ਸਨ।

ਬਾਬੇ ਨੇ ਐਮਨਾਬਾਦ ਦਾ ਕਤਲੇਆਮ ਦੇਖ ਕੇ ਬਾਬਰ ਬਾਣੀ ਗਾਈ ਤੇ ਸੱਚ ਵੇਲੇ ਸੱਚ ਸੁਣਾਇਆ। 'ਬਾਬੇ ਕੇ' ਦੀ 'ਬਾਬਰ ਕਿਆਂ' ਨਾਲ ਟੱਕਰ ਸਦੀਆਂ ਤੱਕ ਟੁਰਦੀ ਰਹੀ। ਬਾਬਰ ਦੇ ਪੋਤਰੇ ਅਕਬਰ ਨੇ ਸਾਂਝਾਂ ਦਰਸਾਈਆਂ ਤਾਂ ਬਾਬੇ ਦੇ ਪੋਤਰੇ ਗੁਰੂ ਅਮਰਦਾਸ ਜੀ ਨੇ ਉਸ ਨੂੰ ਜਜ਼ੀਆ ਹਟਾਉਣ ਤੇ ਯਾਤਰੂ ਟੈਕਸ ਹਟਾਉਣ ਲਈ ਕਿਹਾ। ਆਪ ਵੀ ਗੁਰੂ ਪਾਤਸ਼ਾਹ ਨੇ ਬਾਉਲੀ ਸਾਹਿਬ ਬਣਾ ਕੇ ਹਿੰਦੁਸਤਾਨ ਦੀ ਸਦੀਆਂ ਦੀ ਚਉਰਾਸੀ ਕੱਟੀ। ਜੇ ਜਹਾਂਗੀਰ ਨੇ ਜ਼ੁਲਮ ਕੀਤੇ ਤਾਂ ਗੁਰੂ ਅਰਜਨ ਦੇਵ ਜੀ ਉਸ ਦੇ ਵਿਰੁੱਧ ਡੱਟ ਖਲੋਤੇ ਤੇ ਹੱਸ ਕੇ ਤਸੀਹੇ ਸਹਾਰੇ। ਫਿਰ ਜਹਾਂਗੀਰ ਦੇ ਪੋਤਰੇ ਔਰੰਗਜ਼ੇਬ ਨੇ ਸਬਰ ਦਾ ਚੱਕਰ ਚਲਾਇਆ ਤਾਂ ਗੁਰੂ ਅਰਜਨ ਦੇ ਪੋਤਰੇ ਗੁਰੂ ਤੇਗ ਬਹਾਦਰ ਨੇ ਧਰਮ ਦੀ ਚਾਦਰ ਬਣ ਮਜ਼ਲੂਮਾਂ ਦੇ ਦੁੱਖੜੇ ਸਰੀਰ ਉੱਤੇ ਝੱਲ ਕੇ ਅਦੁੱਤੀ ਕ੍ਰਿਆ ਕੀਤੀ। ਜਦ ਉਸੇ ਔਰੰਗਜ਼ੇਬ ਨੇ ਇਹ ਜਾਣਿਆ ਕਿ ਪਿਤਾ, ਪੁੱਤਰ ਤੇ ਪਿਆਰੇ ਗਵਾ ਕੇ ਗੁਰੂ ਈਨ ਮੰਨ ਲਵੇਗਾ ਤਾਂ 'ਸੱਚ ਸੁਣਾਇਸੀ ਸੱਚ ਕੀ ਬੇਲਾ' ਦਾ ਆਦਰਸ਼ ਦ੍ਰਿੜ੍ਹਾਉਣ ਵਾਲੇ ਦੇ ਰੂਪ ਨੇ ਸੰਸਾਰ ਪ੍ਰਸਿੱਧ ਜ਼ਫ਼ਰਨਾਮਾ ਲਿਖਿਆ। 'ਸਾਖੀਆਂ ਦਸਵੇਂ ਮਹੱਲ ਦੀਆਂ' ਵਿਚ ਭਾਈ ਸੇਵਾ ਦਾਸ ਜੀ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ :

"ਜਦ ਦਾ ਤੂੰ ਬਾਦਸ਼ਾਹ ਹੋਇਆ ਹੈਂ। ਤਦ ਤੋਂ ਤੂੰ ਬੇਇਨਸਾਫ਼ੀ ਕਰਦਾ ਹੈਂ। ਇਨਸਾਫ਼ ਦਾ ਕੋਈ ਫੇਲ੍ਹ (ਕੰਮ) ਤੂੰ ਨਹੀਂ ਕੀਤਾ। ਮੈਂ ਇਕ ਪੱਥਰ (ਅਨੰਦਪੁਰ ਦੀ ਪਹਾੜੀ) ਉੱਪਰ ਬਸੇਰਾ ਕਰਦਾ ਸੀ ਤੇ ਨਿਰਦਾਵੇ ਕਰ ਬਸੇਰਾ ਕਰਦਾ ਸੀ। ਕਊ ਤੇਰਾ ਗਾਵ (ਇਲਾਕਾ) ਨਾ ਖਾਵਤਾ ਥਾ। ਰਾਜਿਆਂ ਸਾਥ ਰਲਿ ਕਰ ਤੂੰ ਮੇਰੀ ਅਉਰ (ਵੱਲ) ਫ਼ੌਜਾਂ ਭੇਜੀਆਂ। ਜੈਸਾ ਤੂੰ ਬੇਇਨਸਾਫ਼ ਤੈਸੇ ਤੇਰੇ ਨਵਾਬ ਬੇਇਨਸਾਫ਼। ਰਲ ਮਿਲ ਤੁਮਹੁ ਨੇ ਮੇਰੇ ਬੇਟੇ ਮਾਰੇ। ਆਉਰਤਾਂ ਮਾਰੀਆਂ। ਸਿੱਖ ਸੰਗਤੀ ਮਾਰੀਆਂ, ਘੋਟੇ ਲੁੱਟੇ, ਸੋ ਤੇਰੀ ਬੇਇਨਸਾਫ਼ੀ ਕਰ ਐਸਾ ਹੋਇਆ ਹੈ। ਪਰ ਨਾ ਭੁੱਲ, ਇਹ ਬੇਇਨਸਾਫ਼ੀ ਤੇਰੇ ਘਰ ਹੈ, ਸਾਹਿਬ ਕੇ ਘਰ ਤਾਂ ਐਸਾ ਇਨਸਾਫ਼ ਹੈ, ਨਾ ਤਿਲ ਜਿਤਨੀ ਭਲਾਈ ਕਿਸੇ ਕੀ ਗਵਾਵਤਾ ਹੈ, ਨਾ ਤਿਲ ਜਿਤਨੀ ਬੁਰਾਈ ਕੀਨੀ ਕਿਸੀ ਕੀ ਗਵਾਵਤਾ ਹੈ। ਜਬ ਪਰਵਦਗਾਰ ਅਦਾਲਤ ਪਰ ਬੈਸੇਗਾ ਤੇ ਤੁਮ ਸਿਉ ਪੁਛੈਗਾ ਜੋ ਰਾਮਦਾਸ (ਪਰਮ ਪੁਰਖ ਕਾ ਦਾਸਾ ਭਾਵ ਗੁਰੂ ਗੋਬਿੰਦ ਸਿੰਘ) ਤੇਰਾ

ਕੀ ਵਿਗਾੜਿਆ ਸੀ, ਜੋ ਉਨ ਕੇ ਸਾਥ ਤੈਂ ਐਸੀ ਤਾਦੀ ਕੀਨੀ। ਉਸ ਸਮੇਂ ਕੀ ਜੁਆਬ ਦੇਵੇਂਗਾ। ਖ਼ਬਰਦਾਰ ਹੋ, ਉਹ ਵਕਤ ਆਇਆ ਤੇ ਆਇਆ। *ਜਿਤਨੇ ਦੋਜ਼ਕ ਬਣਾਏ ਹਨ ਤਿਤਨੇ ਬੇਇਨਸਾਫ਼ਾਂ ਦੇ ਨਮਿਤ ਬਣਾਏ ਹਨ। ਉਹਾਂ ਬਾਦਸ਼ਾਹ ਅਰ ਕੀੜਾ ਬਰਾਬਰ ਹੈ ਸਗੋਂ ਕੀੜੇ ਦੀ ਪੁਕਾਰ ਪਹਿਲੇ ਸੁਨਤਾ ਹੈ।"* ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ :

"ਤੈਨੂੰ ਜੋ ਇਹ ਗੁਮਾਨ ਹੈ ਕਿ ਤੂੰ ਮਿਹਨਤ ਕਰ ਕੇ ਖਾਂਵਦਾ ਹੈਂ ਤਾਂ ਸਭ ਘੋੜੇ ਪਸ਼ੂ ਮਿਹਨਤ ਘਾਲ ਕਰ ਕੇ ਖਾਂਦੇ ਹਨ।"

"ਜੇ ਤੈਨੂੰ ਇਹ ਗੁਮਾਨ ਹੈ ਕਿ ਕੁਰਾਨ ਪੜ੍ਹ ਕਰ ਬਖ਼ਸ਼ਿਆ ਜਾਏਂਗਾ। ਜ਼ਬਾਨ ਸਾਥ ਕੁਰਾਨ ਪੜ੍ਹਿਆ ਤਾਂ ਕਿਆ ਹੂਆ। ਅਮਲਾਂ ਬਿਨਾਂ ਨਿਬੇੜਾ ਨਹੀਂ। ਦਗਰੇ ਪੰਛੀ ਉੱਪਰ ਕੁਰਾਨ ਲਿਖਿਆ ਕਿਹਾ ਜਾਂਦਾ ਹੈ। ਉਹ ਕਉਨ ਅਉਲਿਆ ਹੋ ਗਿਆ (ਯਾਦ ਰਹੇ, ਹੁਣੇ ਹੀ ਇਕ ਮੱਛੀ ਅਫ਼ਰੀਕਾ ਦੇ ਸਮੁੰਦਰੀ ਕੰਢਿਆਂ ਤੋਂ ਪਕੜੀ ਹਿੰਦੁਸਤਾਨ ਆਈ ਹੈ, ਜਿਸ ਦੀ ਪੂਛ ਉਤੇ ਯਾ-ਅਲਾਹ ਲਿਖਿਆ ਹੋਇਆ ਹੈ। ਤਾਰਾਪੁਰ ਵਾਲਾ ਐਕਵੇਰੀਯਮ, ਬੰਬਈ ਵਿਚ ਸਾਂਭ ਰੱਖੀ ਹੋਈ ਹੈ। ਇਸੇ ਤਰ੍ਹਾਂ, ਕੋਚੀਨ ਦੇ ਸਾਹਿਲ ਤੋਂ ਇਕ ਮੱਛੀ ਪਕੜੀ ਗਈ ਹੈ, ਜਿਸ ਦੀ ਪਿੱਠ ਉਤੇ ਕਰਾਸ ਬਣਿਆ ਹੋਇਆ ਹੈ)।

"ਜੇ ਤੈਨੂੰ ਗੁਮਾਨ ਹੈ ਕਿ ਬੰਦਗੀ ਕਰਦਾ ਰਿਹਾ ਹੈਂ ਤਾਂ ਇਹ ਵੀ ਠੀਕ ਨਹੀਂ। ਬੰਦਗੀ ਇਸ ਦਾ ਨਾਮ ਨਹੀਂ ਜੋ ਚਾਰ ਰਵਾਇਤਾਂ ਮੁੱਖ ਤੋਂ ਪੜ੍ਹ ਛੱਡੀਆਂ। ਖ਼ਾਸ ਬੰਦਗੀ ਨਫ਼ਸ ਦੀ ਮੁਖ਼ਾਲਫ਼ਤ ਹੈ। ਮਨ ਸਿਉ ਉਲਟਾ ਬਰਤਨਾ ਠੀਕ ਬੰਦਗੀ ਹੈ। ਮਨ ਕਾ ਕਿਹਾ ਨਾ ਕਰਨਾ। ਸੋ ਤੂੰ ਉਲਟਾ ਆਪਣੇ ਮਨ ਕਾ ਕਰਤਾ ਰਿਹਾ ਹੈਂ। ਮਨ ਕੀ ਖ਼ੁਸ਼ੀ ਕੇ ਨਮਿਤ ਆਪਣਾ ਬਾਪ ਮਾਰਿਆ। ਮਨ ਦੀ ਖੁਸ਼ੀ ਲਈ ਆਪਣੇ ਭਾਈ ਮਾਰੇ। ਦਾਰਾ, ਸ਼ੁਜਾਹ ਅਰ ਮੁਰਾਦ ਮੁਕਾਇਆ। ਸੋ ਤੂੰ ਬੰਦਗੀ ਕਉਨ ਸੀ ਕੀਨੀ ਹੈ ? ਦੁਨੀਆਂ ਕੇ ਪਿਆਰ ਵਾਲੇ ਕਉ ਕੁਰਾਨ ਵਿਚ ਕੁੱਤਾ ਕਿਹਾ ਹੈ। 'ਜੂ ਅਲ ਦੁਨੀਆਂ ਜ਼ੀਫ਼ਤਨ ਵਤਾਲਬ ਹਾਂ ਕਿ ਲਾਬਨ'—ਇਹ ਦੁਨੀਆਂ ਮੁਰਦਾਰ ਹੈ, ਤਿਸ ਦਾ ਤਾਲਬ ਕੁੱਤਾ ਹੈ ਤਾਂ ਤੇ ਕੁੱਤਿਆਂ ਦੀ ਸਿਫ਼ਾਤ (ਸਫ਼ਾਰਸ਼ ਨਾਮਾ—ਹਾਮਾ) ਪੈਗੰਬਰ ਕਿਉਂ ਕਰਤਾ ਹੈ।

"ਜੇ ਤੈਨੂੰ ਇਹ ਗੁਮਾਨ ਹੈ ਕਿ ਬੁੱਤ-ਪ੍ਰਸਤੀ ਦੂਰ ਕੀਨੀ ਹੈ। ਇਹ ਗੁਮਾਨ ਵੀ ਝੂਠਾ ਹੈ, ਸੋ ਜਿਸ ਵਕਤ ਤੂੰ ਬੁੱਤ ਢਾਹ, ਮੰਦਰ ਗਿਰਾਏ, ਘਰ-ਘਰ ਬੁੱਤ ਹੋਰ ਬਣ ਗਏ। ਕਿਸੇ ਆਟੇ ਦੇ ਬੁੱਤ ਬਣਾਏ, ਕਿਸੇ ਨੇ ਮੋਮ ਦੇ ਬੁੱਤ ਬਣਾਏ। ਕਿਸੇ ਮਾਟੀ ਦੇ ਬੁੱਤ ਬਣਾਏ। ਉਨ੍ਹਾਂ ਆਪਣਾ ਨੇਮ ਸਾਧ ਕਰ ਰੋਟੀ ਖਾਧੀ। ਸੋ ਏਕ ਬੁੱਤ ਨਾ ਤੋੜਦਾ ਤਾਂ ਲਾਖ ਬੁੱਤ ਆਰਾਸਤਾ (ਬਣਦੇ) ਨਾ ਹੁੰਦੇ। ਇਕ ਬੁੱਤ ਭੰਨਣ ਵਿਚ ਲੱਖ ਬੁੱਤ ਆਰਾਸਤਾ ਕੀਤੇ। *ਅਸਲ ਬੁੱਤ ਖ਼ੁਦੀ ਹੈ। ਸਭ ਬੁਤਹੁ ਕੀ ਮਾਂ ਖ਼ੁਦੀ ਹੈ। ਜਿਨਹੁ ਨੇ ਖ਼ੁਦੀ ਕਉ ਮਾਰਿਆ ਖਾਸਾ (ਅਸਲ) ਬੁੱਤ ਉਨ੍ਹਾਂ ਨੇ ਹੀ ਢਾਹਿਆ :*

> **"ਭੰਨ ਆਪਣੇ ਆਪ ਨੂੰ ਜੋ ਬੁੱਤ ਦਾ ਭੰਨਣਾ ਇਹੋ ਹਈ।**
> **ਤੇ ਉਪਰੰਤ ਹੋਵਹੁ ਇਸ ਹਉਮੈ ਥੀ, ਜੋ ਕੈਦ ਤੇ ਛੁੱਟਣਾ ਇਹੋ ਹਈ।**
> **ਤੇ ਸਾਹਿਬ ਲੋਕਾਂ ਦੇ ਹਿਰਦੇ ਸਾਥ ਹਿਰਦਾ ਮਿਲਾਇ।**
> **ਜੋ ਗੋਸ਼ੇ ਬਹਿਣ ਵਿਚ ਅਸਾਡਾ ਪੰਥ ਇਹੋ ਹਈ।"**

"ਜੇ ਤੈਨੂੰ ਇਹ ਗੁਮਾਨ ਹੈ ਕਿ ਤੂੰ ਸ਼ਰਹ ਉੱਪਰ ਕਾਇਮ ਹੈਂ। ਸੋ ਸਭ ਹੀ ਪੰਥਹੁ ਕੇ ਸ਼ਰਹ ਇਕ ਸਮਾਨ ਹੈ। ਜਬ ਪੰਥਹੁ ਕੇ ਸ਼ਰਹ ਬਖ਼ਸ਼ੇ ਜਾਂਦੇ ਤਬ ਸਾਹਿਬ ਕਾ ਭਜਨ ਕੌਣ ਕਰਦਾ। ਜੋ ਸਾਹਿਬ ਕੇ ਭਜਨ ਬਿਨਾਂ, ਅਰ ਸਾਹਿਬ ਲੋਕਾਂ ਦੀ ਖ਼ੁਸ਼ੀ ਬਿਨਾਂ ਮੁਕਤ ਹੋਇਆ ਚਾਹੁੰਦਾ ਹੈ, ਤਿਸ ਦਾ ਦਾਅਵਾ ਝੂਠਾ ਹੈ।

*"ਜੇ ਤੈਨੂੰ ਇਹ ਗੁਮਾਨ ਹੈ ਕਿ ਲੋਕ ਤੇਰਾ ਜਸ ਕਰਦਾ ਹੈ। ਜਸ ਪ੍ਰਯੋਜਨ ਨਮਿਤ ਲੋਕ ਫ਼ਿਰਾਊਨ (ਇਕ ਜ਼ਾਲਮ ਬਾਦਸ਼ਾਹ) ਦਾ ਵੀ ਕਰਤਾ ਥਾ ਜੋ ਤਿਸ ਫ਼ਿਰਾਊਨ ਨੂੰ ਪਰਵਦਗਾਰ ਦੋਜ਼ਕ ਵਿਚ ਜਲਾਇਆ ਹੈ ਤੇ ਅਸਲ ਜਸ ਇਹ ਹੈ, ਜਿਸ ਦਾ ਹਿਰਦਾ ਸਾਹਿਬ ਲੋਕਾਂ ਕੇ ਹਜ਼ੂਰੀ ਹੂਆ ਹੈ (ਜਿਸ ਵਿਚ ਨਿਮਰਤਾ ਹੈ ਤੇ ਲੋਕ ਭਲਾਈ ਹੈ)।*

"ਜੇ ਤੈਨੂੰ ਇਹ ਖ਼ਿਆਲ ਹੈ ਕਿ ਅਲਾਹ ਸਤਾਰ ਹੈ (ਪੜਦੇ ਕੱਜਦਾ ਹੈ) ਪਰ ਇਹ ਵੀ ਯਾਦ ਰੱਖ, ਸਤਾਰੀ ਉਨਹੂ ਕੋ ਮਿਲਤੀ ਹੈ ਜਿਨ੍ਹਾਂ ਸਤਾਰੀ ਦਿਖਾਈ ਹੈ। ਸਿਰਫ਼ ਮਸਕੀਨਾਂ ਉੱਪਰ ਸਤਾਰੀ ਹੁੰਦੀ ਹੈ। ਜਿਸ ਦੇ ਹਿਰਦੇ ਵਿਚ ਖ਼ੁਦੀ ਦਾ ਸੁਭਾਉ ਨਹੀਂ ਪਾਇਆ ਜਾਂਦਾ, ਸਤਾਰੀ ਉਨ੍ਹਾਂ ਉੱਪਰ ਹੀ ਹੁੰਦੀ ਹੈ। ਅਲਾਹ ਦੇ ਹੱਥ ਵਿਚ ਸਤਾਰੀ ਤੇ ਕਹਾਰੀ ਦੀਆਂ ਕੜਛੀਆਂ ਹਨ। ਜੇ ਤੂੰ ਕਿਸੇ ਉੱਪਰ ਸਤਾਰੀ ਕੀਤੀ ਹੋਵੇਗੀ ਤਾਂ ਤੇਰੇ ਉਪਰ ਵੀ ਸਤਾਰੀ ਦੀ ਕੜਛੀ ਡਾਰੇਗਾ ਅਰ ਜੋ ਤੂੰ ਕਿਸੇ ਉਪਰ ਕਹਾਰੀ (ਜ਼ੁਲਮ) ਕਰੀ ਹੋਵੇਗੀ। ਤਬ ਤੇਰੇ ਉਪਰ ਵੀ ਕਹਾਰੀ ਦੀ ਕੜਛੀ ਡਾਰੇਗਾ।" ਅੰਤ ਵਿਚ ਲਿਖਿਆ ਹੈ ਕਿ ਉਸੇ ਅੱਲਾਹ ਦਾ ਹੁਕਮ ਹੋ ਗਿਆ ਹੈ, "ਤੇ ਖ਼ਬਰਦਾਰ ਹੋ, ਖਾਲਸਾ ਪੈਦਾ ਹੋਇਆ ਹੈ, ਬੁੱਤਾਂ (ਖ਼ੁਦੀ ਤੇ ਜ਼ਾਲਮਾਂ) ਦੇ ਢਾਹੁਣ ਵਾਲਾ ਖਾਲਸਾ ਪੈਦਾ ਹੋਇਆ ਹੈ, ਤੈਨੂੰ ਛੱਡੇਗਾ ਨਹੀਂ।" ਇਸ ਤਰ੍ਹਾਂ ਹੀ ਤਾਂ ਕਿਹਾ ਸੀ ਗੁਰੂ ਨਾਨਕ ਦੇਵ ਜੀ ਨੇ "ਹੋਰ ਵੀ ਉਠਸੀ ਮਰਦ ਕਾ ਚੇਲਾ।" ਇਤਿਹਾਸਕ ਗਵਾਹੀ ਹੈ ਕਿ ਔਰੰਗਜ਼ੇਬ ਦਾ ਰੰਗ ਇਹ ਜ਼ਫ਼ਰਨਾਮਾ ਪੜ੍ਹ ਕੇ ਪੀਲਾ ਪੈ ਗਿਆ ਸੀ ਤੇ ਉਪਰੰਤ ਉਹ ਬੀਮਾਰੀ ਦੇ ਮੰਜੇ ਤੋਂ ਉਠ ਨਾ ਸਕਿਆ। ਜੋ ਚਿੱਠੀਆਂ ਉਸ ਨੇ ਆਪਣੇ ਬੇਟਿਆਂ ਨੂੰ ਅੰਤਲੇ ਦਿਨਾਂ ਵਿਚ ਲਿਖੀਆਂ ਉਹ ਔਰੰਗਜ਼ੇਬ ਵਲੋਂ ਲਿਖਿਆ 'ਸ਼ਿਕਸਤਨਾਮਾ' ਹੀ ਸੀ। *ਇਕ ਸਭ ਕੁਝ ਗਵਾ ਕੇ ਜ਼ਫ਼ਰਨਾਮਾ ਲਿਖਦਾ ਹੈ ਤੇ ਦੂਜਾ ਦੁਨੀਆਂ ਦੀ ਹਰ ਸ਼ੈ ਪਾ ਕੇ ਸ਼ਿਕਸਤਨਾਮਾ ਲਿਖ ਰਿਹਾ ਹੈ।*

ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਭਰੇ ਦਰਬਾਰ ਵਿਚ ਇਕ ਸਵਾਲ, ਹਿੰਦੂ ਹਸਤੀ ਕਿ ਮੁਸਲਮਾਨ, ਦੇ ਉੱਤਰ ਵਿਚ ਫ਼ਰਮਾਇਆ ਸੀ, "ਹਰ ਦੋ ਨੇਸਤਮ, ਬੰਦੇ ਖ਼ੁਦਾ ਹਸਤੰਦ ਕਿ ਹਮਾ ਮਜ਼ਹਬ ਅੱਜ ਮਨ ਹਸਤੰਦ" (ਦੋਵਾਂ ਵਿਚੋਂ ਮੈਂ ਕੁਝ ਨਹੀਂ, ਸਿਰਫ਼ ਖ਼ੁਦਾ ਦਾ ਬੰਦਾ ਹਾਂ ਤੇ ਸਾਰੇ ਧਰਮ ਮੈਨੂੰ ਪਿਆਰੇ ਹਨ)। ਗੁਰੂ ਅਰਜਨ ਦੇਵ ਜੀ ਨੇ ਵੀ 'ਸਭ ਕੋ ਮੀਤ ਹਮ ਆਪਣ ਕੀਨਾ, ਹਮ ਸਭਨਾ ਕੇ ਸਾਜਣ' ਹੀ ਗਾਉਂਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ਵੀ "ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ, ਨਿਆਰੇ-ਨਿਆਰੇ ਹੋਇਕੈ ਫਿਰ ਆਗ ਮਹਿ ਸਮਾਹਿਗੇ" ਦਾ ਹੀ ਆਦਰਸ਼ ਦ੍ਰਿੜ੍ਹਾਇਆ। ਇਤਿਹਾਸ ਦੀ ਸਾਖੀ ਹੈ ਕਿ ਜਦ ਗੁਰੂ ਗੋਬਿੰਦ ਸਿੰਘ ਜੀ ਦੀ ਬਹਾਦਰ ਸ਼ਾਹ ਨਾਲ ਆਗਰੇ ਵਿਖੇ ਮੁਲਾਕਾਤ ਹੋਈ ਤਾਂ ਉਸ ਨੇ ਬਹੁਤ ਹੀ ਆਦਰ ਭਾਉ ਕੀਤਾ। ਆਪਣੇ ਨਾਲੋਂ ਉੱਚੀ ਥਾਂ ਦਿੱਤੀ। ਖਿਲਅਤ ਦਿੱਤੀ, ਸਤਿਕਾਰ ਦੇ ਤੌਰ ਤੇ ਜੋ ਗੁਰੂ ਜੀ ਨੇ ਆਪਣੇ ਸਿੱਖ ਹੱਥੀਂ ਆਪ ਟਿਕਾਣੇ ਪਹੁੰਚਾ ਦਿੱਤੀ। ਜਦ ਵਜ਼ੀਰਾਂ

ਤੇ ਮੁਫ਼ਤੀਆਂ ਨੇ ਬਹਾਦਰ ਸ਼ਾਹ ਕੋਲੋਂ ਪੁੱਛਿਆ ਕਿ ਐਸਾ ਵੱਖ ਵਿਹਾਰ ਗੁਰੂ ਨਾਲ ਕਿਉਂ ਕੀਤਾ ਜਾ ਰਿਹਾ ਹੈ ਤਾਂ ਉਸ ਨੇ ਕਿਹਾ, ਗੁਰੂ ਦੀਨ ਦਾ ਮੁਖੀ ਹੈ। ਉੱਥੇ ਕਈ ਪ੍ਰਸ਼ਨ ਵਜ਼ੀਰਾਂ ਤੇ ਅਹਿਲਕਾਰਾਂ ਨੇ ਕੀਤੇ। ਇਕ ਪ੍ਰਸ਼ਨ ਸੀ : 'ਪੀਰ ਜੀ, ਮਜ਼੍ਹਬ ਤੁਮ੍ਹਾਰਾ ਖ਼ੂਬ ਕਿ ਹਮਾਰਾ ਖ਼ੂਬ।' ਗੁਰੂ ਗੋਬਿੰਦ ਸਿੰਘ ਜੀ ਨੇ ਫ਼ਰਮਾਇਆ : *ਤੁਮ ਕਉ ਤੁਮ੍ਹਾਰਾ ਖ਼ੂਬ, ਹਮ ਕਉ ਹਮਾਰਾ ਖ਼ੂਬ।"* ਕੈਸਾ ਭਾਵ ਪੂਰਤ ਉੱਤਰ ਸੀ, ਦਸਵੇਂ ਨਾਨਕ ਦਾ। ਜੇ ਜਗਤ ਇਹ ਜਾਣ ਜਾਏ ਤਾਂ ਧਰਮਾਂ ਤੇ ਵਿਤਕਰੇ ਹੀ ਮਿਟ ਜਾਣ ਤੇ ਪਈਆਂ ਵਿੱਥਾਂ ਮੁੱਕ ਜਾਣ। ਆਪਣੇ ਆਪ ਨੂੰ ਤਾਂ ਸਾਰੇ ਹੀ ਚੰਗਾ ਕਹਿੰਦੇ ਹਨ, ਇਹ ਨਿਰੋਲ ਕਲਗੀਆਂ ਵਾਲਾ ਹੈ ਜੋ ਦੂਜਿਆਂ ਨੂੰ ਵੀ ਖ਼ੂਬ ਕਹਿੰਦਾ ਹੈ। ਇਕ ਹੋਰ ਸਵਾਲ ਹੋਇਆ ਕਿ 'ਹਜ਼ਰਤ ਮੁਹੰਮਦ ਸਾਹਿਬ ਦੀ ਸਿਫ਼ਾਰਸ਼ ਬਗੈਰ ਗੁਨਾਹਗਾਰ ਬਚ ਨਹੀਂ ਸਕੇਗਾ, ਸੋ ਇਸਲਾਮ ਹੀ ਠੀਕ ਰਾਹ ਹੈ।' ਗੁਰੂ ਜੀ ਨੇ ਇਕ ਸਿੱਕਾ ਇਕ ਕਰਮਚਾਰੀ ਨੂੰ ਦਿੱਤਾ ਕਿ ਉਹ ਬਾਜ਼ਾਰ ਤੋਂ ਵਸਤੂ ਖ਼ਰੀਦ ਲਿਆਵੇ। ਉਹ ਅਹਿਲਕਾਰ ਸਾਰੀ ਮੰਡੀ ਵਿਚ ਫਿਰ ਕੇ ਵਾਪਸ ਆ ਗਿਆ ਤੇ ਕਿਹਾ ਕਿ ਕੋਈ ਉਸ ਦਿੱਤੇ ਸਿੱਕੇ ਨੂੰ ਪ੍ਰਵਾਨ ਨਹੀਂ ਕਰਦਾ, ਸਾਰੇ ਖੋਟਾ ਆਖ ਕੇ ਮੋੜ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਮੁਸਕਰਾ ਕੇ ਕਿਹਾ ਕਿ ਮੋਹਰ ਤਾਂ ਉਤੇ ਬਹਾਦਰ ਸ਼ਾਹ ਦੀ ਲੱਗੀ ਹੈ, ਫਿਰ ਕਿਉਂ ਨਹੀਂ ਲੈਂਦੇ ? ਕਰਮਚਾਰੀ ਦਾ ਉੱਤਰ ਸੀ : *'ਸਾਹਿਬ, ਧਾਤ ਖੋਟੀ ਹੈ।'* ਗੁਰੂ ਗੋਬਿੰਦ ਸਿੰਘ ਜੀ ਨੇ ਫ਼ਰਮਾਇਆ ਕਿ ਮੋਹਰ ਨੇ ਕੁਝ ਨਹੀਂ ਕਰਨਾ, ਅੱਲਾਹ ਦੇ ਦਰਬਾਰ ਵਿਚ ਧਾਤ ਹੀ ਪਰਖੀ ਜਾਣੀ ਹੈ। ਮੋਹਰ ਭਾਵੇਂ ਕਿਸੇ ਦੀ ਹੋਵੇ। ਫਿਰ ਅਗਲਾ ਪ੍ਰਸ਼ਨ ਸੀ ਕਿ ਕਿਹੜੀ ਬੰਦਗੀ ਕਰੇ ਕਿ ਕਬੂਲ ਪਵੇ ? ਗੁਰੂ ਜੀ ਨੇ ਫ਼ਰਮਾਇਆ : *"ਗੁਨਾਹਾਂ ਤੇ ਪਾਕਿ ਹੋਇ ਅਰ ਆਪ ਕਉ ਫਿਰ ਗੁਨਾਹਗਾਰ ਮਾਨੈ, ਬੰਦਾ ਇਹ ਬੰਦਗੀ ਕਰੇ।"* ਉਸ ਦਾ ਫਿਰ ਇਹ ਸੁਆਲ ਸੀ "ਜਦ ਮਨੁੱਖ ਪਾਕ ਹੋ ਗਿਆ, ਫਿਰ ਉਹ ਗੁਨਾਹਗਾਰ ਕਿਉਂ ਮਾਨੈ।" ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ : "ਦੋ ਤਰ੍ਹਾਂ ਦੀਆਂ ਪਾਕੀਜ਼ਗੀਆਂ ਹਨ। ਇਕ ਤਨ ਦੀ ਪਾਕੀਜ਼ਗੀ, ਦੂਜੀ ਮਨ ਦੀ। ਜਦ ਜਗਿਆਸੂ ਜਤਨ ਕਰਦਾ ਹੈ ਤਨ ਨੂੰ ਪਾਪਾਂ ਤੋਂ ਬਚਾਉਣ ਦਾ, ਇਹ ਤਨ ਦੀ ਪਾਕੀਜ਼ਗੀ ਹੈ। ਮਨ ਨੂੰ ਖ਼ੁਦੀ ਤੋਂ ਖਲਾਸ ਕਰਨਾ, ਮਨ ਦੀ ਪਾਕੀਜ਼ਗੀ ਹੈ। ਖ਼ੁਦੀ ਤੋਂ ਖਲਾਸ ਆਪਣੇ ਜਤਨ ਨਾਲ ਨਹੀਂ ਹੁੰਦਾ, ਸਗੋਂ ਕਈ ਵਾਰੀ ਖ਼ੁਦੀ ਵਧਦੀ ਜਾਂਦੀ ਹੈ। ਜਦ ਸਾਹਿਬ ਕਰਮ ਲੁਤਫ ਹੋਵੇ, ਤਿਸ ਉੱਤੇ ਮੁਰਸ਼ਦ ਕਮਾਲ ਦੀ ਸੁਹਬਤ (ਮੇਲ) ਹੋਵੇ ਤਾਂ ਹੀ ਖ਼ੁਦੀ ਸਿਉ ਖਲਾਸ ਹੁੰਦਾ ਹੈ। ਸਭ ਦੇ ਤਨ ਦੀ ਪਾਕੀਜ਼ਗੀ ਤਾਂ ਹੱਥ ਆ ਗਈ, ਮਨ ਦੀ ਨਾ ਆਈ, ਜੋ ਜਤਨ ਕਰਕੇ ਦਿਲੋਂ ਗੁਨਾਹਗਾਰ ਮੰਨੇ, ਉਹ ਬਰਕਤ ਨੂੰ ਪਾਉਂਦਾ ਹੈ।

"ਬ੍ਰਿਛ ਦਾ ਫਲ ਆਪਣੀ ਮੁਰਾਦ ਨੂੰ ਉਹ ਹੀ ਪਹੁੰਚਦਾ ਹੈ, ਜੋ ਕੱਚਾ ਨਾ ਟੁੱਟੇ, ਜੋ ਕੱਚਾ ਟੁੱਟਦਾ ਹੈ, ਉਹ ਪਕਿਆਈ ਦੇ ਰਸ ਨੂੰ ਨਹੀਂ ਪਾਉਂਦਾ। ਜੋ ਥੋੜ੍ਹੀ ਵਸਤ ਤੇ ਬਹੁਤਾ ਗੁਮਾਨ ਕਰਦਾ ਹੈ, ਉਹ ਅਹੰਕਾਰ ਵਿਚ ਸੜਦਾ ਹੈ। ਖ਼ੁਦੀ ਸਿਉ ਖਲਾਸ ਉਹ ਹੁੰਦੇ ਹਨ ਜੋ ਤਨ ਦੀ ਪਾਕੀਜ਼ਗੀ ਤੱਕ ਪਹੁੰਚ ਕਰ ਫਿਰ ਆਪ ਕਉ ਗੁਨਾਹਗਾਰ ਮੰਨਦੇ ਹਨ।"

ਇਸ ਤਰ੍ਹਾਂ ਦੀਆਂ ਇਕ ਨਹੀਂ ਅਨੇਕਾਂ ਸਾਖੀਆਂ ਇਤਿਹਾਸ ਦੇ ਪੰਨਿਆਂ ਉੱਤੇ ਖਿੱਲਰੀਆਂ ਪਈਆਂ ਹਨ, ਜੋ ਇਹ ਸਿੱਧ ਕਰਨ ਵਿਚ ਸਹਾਇਕ ਹੁੰਦੀਆਂ ਹਨ ਕਿ ਜੋ ਲੀਹ

ਗੁਰੂ ਨਾਨਕ ਪਾਤਸ਼ਾਹ ਨੇ ਪਾਈ; ਉਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਹ-ਮਾਰਗ ਬਣਾਇਆ। ਜਿਵੇਂ ਗੁਰੂ ਨਾਨਕ ਜੀ ਨੇ ਆਪਣੇ ਅੰਤਲੇ ਸਮੇਂ ਬਾਬਾ ਲਹਿਣਾ ਜੀ ਉੱਤੇ ਛਤਰ ਝੁਲਾ ਕੇ 'ਗੁਰ ਚੇਲੇ ਦੀ ਰਹਿਰਾਸ' ਕਰ ਕੇ ਸਦਾ ਲਈ ਜੋਤ ਨੂੰ ਪ੍ਰਜੁਲਤ ਕਰ ਦਿੱਤਾ ਤੇ ਸ਼ਬਦ ਦਾ ਖ਼ਜ਼ਾਨਾ ਗੁਰੂ ਅੰਗਦ ਨੂੰ ਸੌਂਪਿਆ, ਤਿਵੇਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਆਪ ਗੁਰੂ ਚੇਲਾ ਬਣੇ। ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਨੂੰ ਚੜ੍ਹਾਈ ਕਰਨ ਦੀ ਗੱਲ ਕਹੀ ਤਾਂ ਸਿੱਖਾਂ ਨੇ ਗੁਰੂ ਦਾ ਪੱਲਾ ਫੜਦੇ ਕਿਹਾ ਕਿ ਉਨ੍ਹਾਂ ਨੂੰ ਕਿਸ ਦੇ ਲੜ ਲਾ ਚੱਲੇ ਹੋ। ਗੁਰੂ ਦਾ ਹੁਕਮ ਹੋਇਆ : *'ਪੰਥ ਨੂੰ ਗ੍ਰੰਥ ਸਾਹਿਬ ਦੇ ਲੜ ਲਾ ਚਲਿਆ ਹਾਂ, ਖਾਲਸੇ ਕਉ ਮੈਂ ਅਕਾਲ ਕੀ ਗੋਦ ਮਹਿ ਬੈਸਾਇਆ ਹੈ। ਓਟ ਅਕਾਲ ਦੀ, ਪਰਚਾ ਸ਼ਬਦ ਦਾ ਤੇ ਦੀਦਾਰ ਖਾਲਸੇ ਦਾ ਰੱਖਣਾ।"* ਜਦ ਫਿਰ ਖ਼ਾਲਸਾ ਜੀ ਨੇ ਪੁੱਛਿਆ "ਮਹਾਰਾਜ ਇਹ ਦੱਸੋ ਕਿ ਆਪ ਜੀ ਦਾ ਸਰੀਰ ਕਿੱਥੇ ਚੱਲਾ ਹੈ ਤੇ ਆਤਮਾ ਕਿੱਥੇ।" ਤਾਂ ਬਖ਼ਸ਼ਿਸ਼ਾਂ ਦੇ ਦਾਤੇ ਨੇ ਕਿਹਾ *'ਆਤਮਾ ਗੁਰੂ ਗ੍ਰੰਥ ਵਿਚ ਤੇ ਸਰੀਰ ਪੰਥ ਵਿਚ।'* ਇਹ ਸਨ ਚੋਟੀ ਦੇ ਉਪਦੇਸ਼ ਜਿਨ੍ਹਾਂ ਨੂੰ ਖਾਲਸਾ ਨੇ ਦ੍ਰਿੜ੍ਹ ਕਰਕੇ ਗੁਰੂ ਜੋਤ ਨੂੰ ਆਪਣੇ ਵਿਚ ਮਹਿਸੂਸ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੋ ਗੁਰੂ ਨੂੰ ਪ੍ਰਗਟ ਵੀ ਕਰ ਲਿਆ। ਸਿੱਖਾਂ ਦਾ ਵਿਸ਼ਵਾਸ ਸੀ ਕਿ ਸਤਿਗੁਰੂ ਜਾਗਤਾ ਹੈ ਦੇਵ ਤੇ ਬੁਲਾਇਐ ਬੋਲਦਾ ਹੈ। ਜਦ ਵੀ ਪੰਥ ਉਤੇ ਭੀੜਾ ਪਈ ਗੁਰੂ ਗ੍ਰੰਥ ਸਾਹਿਬ ਨੇ ਅਗਵਾਈ ਦਿੱਤੀ ਤੇ ਪੰਥ ਨੇ ਆਏ ਹੁਕਮ ਅੱਗੇ ਸਿਰ ਝੁਕਾਇਆ। ਸਿੱਖੀ ਮਹੱਲ ਨੂੰ ਗੁਰੂ ਨਾਨਕ ਦੇਵ ਜੀ ਨੇ ਸੰਗਤ ਤੇ ਬਾਣੀ ਦੀਆਂ ਦੋ ਥੰਮ੍ਹੀਆਂ ਉਤੇ ਉਸਾਰਿਆ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਪੱਕਿਆਂ ਕਰ ਪੰਥ ਤੇ ਗੁਰੂ ਗ੍ਰੰਥ ਬਣਾ ਦਿੱਤਾ। ਬਸ ਅੰਤ ਵਿਚ ਫਿਰ ਇਹ ਹੀ ਕਹਿਣਾ ਫੱਬਦਾ ਹੈ :

**ਹਮੂ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ।**
**ਹਮੂ ਰਤਨ ਜੌਹਰ, ਹਮੂ ਮਾਣਕ ਅਸਤ।**

੧੫

# ਮਾਤਾ ਗੁਜਰੀ

ਕੇਵਲ ਮਾਤਾ ਗੁਜਰੀ ਹੀ ਇਕ ਐਸੀ ਔਰਤ ਹੈ ਜੋ ਆਪ ਸ਼ਹੀਦ, ਜਿਸ ਦਾ ਪਤੀ (ਗੁਰੂ ਤੇਗ਼ ਬਹਾਦਰ ਜੀ) ਸ਼ਹੀਦ, ਜਿਸ ਦਾ ਸਪੁੱਤ੍ਰ (ਗੁਰੂ ਗੋਬਿੰਦ ਸਿੰਘ ਜੀ) ਸ਼ਹੀਦ, ਜਿਸ ਦੇ ਪੋਤਰੇ (ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ) ਸ਼ਹੀਦ, ਜਿਸ ਦਾ ਭਰਾ (ਮਾਮਾ ਕ੍ਰਿਪਾਲ ਚੰਦ ਜੀ) ਸ਼ਹੀਦ, ਜਿਸ ਦੇ ਪੰਜੇ ਨੋਨੋਤਰੇ (ਬੀਬੀ ਵੀਰੋ ਜੀ ਦੇ ਪੰਜੇ ਪੁੱਤਰ, ਸੰਘੋ ਸ਼ਾਹ, ਗੁਲਾਬ ਚੰਦ ਜੀ, ਜਤੀ ਮਲ ਜੀ, ਗੰਗਾ ਰਾਮ ਜੀ ਅਤੇ ਮਾਹਰੀ ਚੰਦ ਜੀ) ਸ਼ਹੀਦ। ਸੰਘੋ ਸ਼ਾਹ ਜੀ ਦੀ ਭੰਗਾਣੀ ਦੇ ਯੁੱਧ ਵਿਚ ਸੂਰਮਗਤੀ ਦੇਖ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਸ਼ਾਹ ਸੰਗ੍ਰਾਮ ਹੋਣ ਦਾ ਖ਼ਿਤਾਬ ਵੀ ਦਿੱਤਾ ਸੀ ਅਤੇ ਬਾਬਾ ਜਤੀ ਮਲ ਦੀ ਸ਼ਹਾਦਤ ਵੇਲੇ 'ਹਠੀ ਜਵਾਨ' ਲਿਖ ਸਤਿਕਾਰਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਸਤਰ ਵਿੱਦਿਆ ਦੇਣ ਲਈ ਸਾਹਿਬ ਗੁਰੂ ਤੇਗ਼ ਬਹਾਦਰ ਜੀ ਨੇ ਸੰਘੋ ਸ਼ਾਹ ਨੂੰ ਹੀ ਨਿਯਤ ਕੀਤਾ ਸੀ।

ਇਸ ਮਹਾਨ ਮਾਤਾ ਗੁਜਰੀ ਦਾ ਜਨਮ ਕਰਤਾਰਪੁਰ (ਜਲੰਧਰ) ਵਿਖੇ ਭਾਈ ਲਾਲ ਚੰਦ ਜੀ ਦੇ ਘਰ ਮਾਤਾ ਬਿਸ਼ਨ ਕੌਰ ਜੀ ਦੀ ਕੁੱਖੋਂ ਸੰਨ ੧੬੨੦ ਨੂੰ ਹੋਇਆ ਸੀ। ਛੋਟੀ ਉਮਰ ਵਿਚ ਹੀ ਆਪ ਜੀ ਦਾ ਅਨੰਦ ਕਾਰਜ (ਗੁਰੂ) ਤੇਗ਼ ਬਹਾਦਰ ਜੀ ਨਾਲ ਹੋ ਗਿਆ। ਨਾਨਕੇ ਆਪ ਜੀ ਦੇ ਲਖਨੌਰ ਸਾਹਿਬ ਸਨ। ਯਾਦ ਰਹੇ ਕਿ ਲਖਨੌਰ ਸਾਹਿਬ ਕੇਵਲ ਮਾਤਾ ਗੁਜਰੀ ਦਾ ਖੂਹ ਹੀ ਹੈ ਜਿਸ ਦਾ ਜਲ ਮਿੱਠਾ ਤੇ ਸਵੱਛ ਹੈ। ਇਰਦ-ਗਿਰਦ ਦੇ ਸਾਰੇ ਹੀ ਖੂਹ ਖਾਰੇ ਹਨ।

ਗੁਰੂ ਤੇਗ਼ ਬਹਾਦਰ ਜੀ ਕਿਉਂਕਿ ਗੁਰੂ ਹਰਿਗੋਬਿੰਦ ਜੀ ਦੇ ਸਭ ਤੋਂ ਛੋਟੇ ਬੱਚੇ ਸਨ ਇਸ ਲਈ ਵਿਆਹ ਦਾ ਸਭਨਾਂ ਨੂੰ ਬਹੁਤ ਚਾਅ ਸੀ। ਕਰਤਾਰਪੁਰ ਬਰਾਤ ਢੁੱਕੀ ਤਾਂ ਛਬਿ ਨਿਰਾਲੀ ਸੀ। ਵਿਆਹ ਤੋਂ ਪਿੱਛੋਂ ਜਦ ਮਾਤਾ ਗੁਜਰੀ ਜੀ ਨੂੰ ਡੋਲੇ ਪਾਉਣ ਲੱਗੇ ਤਾਂ ਮਾਤਾ ਬਿਸ਼ਨ ਕੌਰ ਜੀ ਨੇ ਕੋਲ ਬਿਠਾ ਕੇ ਕਿਹਾ : *'ਬੇਟਾ ਨਾਮ ਨੂੰ ਲਾਜ ਨਾ ਲੱਗਣ ਦੇਵੀਂ'। ਗੁਜਰੀ ਦੇ ਅਰਥ ਹੀ ਸੁੱਖ ਦੇਣਾ ਹੈ। 'ਗੁਜਰੀ ਨਾਮ[1] ਜਹਿ ਸੁਖ ਦਾਈ'* ਅਤੇ ਫਿਰ ਕਿਹਾ ਕਿ ਪਤੀ ਨੂੰ ਪ੍ਰਮੇਸ਼ਰ ਜਾਣ ਸੇਵਾ ਕਰੀਂ। ਇਸ ਦੇ ਟਾਕਰੇ ਦੀ ਹੋਰ ਕੋਈ ਸੇਵਾ ਨਹੀਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਸ਼ਬਦਾਂ ਵਿਚ ਕਿਹਾ :

1. ਸੋ 'ਗੂਜਰੀ' ਲਿਖਣਾ ਠੀਕ ਨਹੀਂ। ਗੁਜਰੀ ਜੀ ਸਹੀ ਹਿੱਜੇ ਹਨ।



Page 141 www.sikhbookclub.com

**ਪਤਿ ਸਮ ਈਸ ਪਛਾਨ ਕੈ, ਹੇ ਪੁਤਰੀ ਕਰ ਸੇਵ।**
**ਪਤਿ ਪ੍ਰਮੇਸ਼ਰ ਜਾਨੀਏ, ਔਰ ਤੁਛ ਲਖ ਏਵ।**

ਉਧਰ ਭਾਈ ਲਾਲ ਚੰਦ ਜੀ ਹੱਥ ਜੋੜ ਸਾਹਿਬ ਗੁਰੂ ਹਰਿਗੋਬਿੰਦ ਜੀ ਨੂੰ ਇਹ ਕਹਿ ਰਹੇ ਸਨ ਕਿ ਉਨ੍ਹਾਂ ਕੋਲੋਂ ਸੇਵਾ, ਸੰਭਾਲ ਨਹੀਂ ਹੋ ਸਕੀ, ਸੋ ਖਿਮਾ ਦੇਣ। ਜਦ ਲਾਲ ਚੰਦ ਜੀ ਨੇ ਇਹ ਕਿਹਾ : *"ਨਹਿ ਸਰਯੋ ਕਛੂ ਢਿਗ ਮੋਰ"।* ਸਾਡੇ ਕੋਲੋਂ ਆਪ ਜੀ ਦੇ ਸਨਮਾਨ ਵਜੋਂ ਕੁਝ ਨਹੀਂ ਹੋ ਸਕਿਆ ਤਾਂ ਉਸ ਸਮੇਂ ਸਾਹਿਬ ਗੁਰੂ ਹਰਿਗੋਬਿੰਦ ਜੀ ਨੇ ਜੋ ਫ਼ਰਮਾਇਆ, ਜੇ ਲੜਕੇ ਵਾਲੇ ਧਿਆਨ ਵਿਚ ਰੱਖਣ ਤਾਂ ਦਾਜ ਪ੍ਰਥਾ ਦੀ ਬੀਮਾਰੀ ਕਈ ਘਰ ਨਾ ਉਜਾੜੇ। ਸੁਖ ਲੈਣ ਤੇ ਸੁਖੀ ਰਹਿਣ ਦਾ ਜੋ ਨੁਸਖ਼ਾ ਮਹਾਰਾਜ ਜੀ ਨੇ ਦੱਸਿਆ, ਉਸ ਨੂੰ ਅਪਣਾਏ ਬਗੈਰ ਗ੍ਰਹਿਸਤ ਵਿਚ ਅਨੰਦ ਨਹੀਂ ਹੋ ਸਕਦਾ। ਮਹਾਰਾਜ ਨੇ ਫ਼ਰਮਾਇਆ :

**"ਲਾਲ ਚੰਦ, ਤੁਮ ਦੀਨੋ ਸਕਲ ਬਿਸਾਲਾ॥**
**ਜਿਨ ਤਨੁਜਾ ਅਰਪਨ ਕੀਨੰ॥**
**ਕਯਾ ਪਾਛੈ ਤਿਨ ਰਖ ਲੀਨੰ॥** (ਰਾਸ ੧੨, ਅੰਸ ੬)

ਫਿਰ ਕਿਹਾ ਕਿ ਇਹ ਹੀ ਅਰਦਾਸ ਕਰਨੀ ਕਿ (ਗੁਰੂ) ਹਰਿਗੋਬਿੰਦ ਦੇ ਘਰੋਂ ਨਿੱਘ ਆਵੇ। ਸੇਕ ਨਾਂਹ।

ਇਹ ਮਾਤਾ ਗੁਜਰੀ ਤੇ ਗੁਰੂ ਤੇਗ਼ ਬਹਾਦਰ ਦੀ ਐਸੀ ਜੋੜੀ ਬਣੀ ਕਿ ਸਭ ਦੇਖ ਕਹਿੰਦੇ ਸਨ ਕਿ ਇਹ ਜੋੜੀ ਵਿਧਾਤਾ ਨੇ ਆਪ ਸੁੰਦਰਤਾ ਵਿਚ ਡੁਬੋ ਕੇ ਸਾਜੀ ਹੈ :

**'ਕਹਿ ਤੇਗ਼ ਬਹਾਦਰ ਜੋਰੀ।**
**ਬਿਧ ਰਚੀ ਰੁਚਿਰ ਰੁਚਿ ਬੋਰੀ।'**

ਗੁਜਰੀ ਜੀ ਸ਼ਰਮ, ਲੱਜਾ ਤੇ ਨਿਮਰਤਾ ਦੀ ਮੂਰਤ ਸਨ। ਉਨ੍ਹਾਂ ਕਦੇ ਨੈਣ ਵੀ ਉੱਚੇ ਨਹੀਂ ਕੀਤੇ ਸਨ। ਸੱਸ, ਮਾਤਾ ਜੀ ਨੂੰ ਕਦੇ ਮੌਕਾ ਹੀ ਨਹੀਂ ਸੀ ਦਿੱਤਾ ਕਿ ਉਨ੍ਹਾਂ ਨੂੰ ਕੁਝ ਕਹਿਣਾ ਪਵੇ। ਹਰ ਸਮੇਂ ਸੇਵਾ ਵਿਚ ਜੁੱਟੇ ਰਹਿੰਦੇ। ਜਦ ਵਿਆਹ ਤੋਂ ਕੁਝ ਚਿਰ ਬਾਅਦ ਹੀ ਕਰਤਾਰਪੁਰ ਵਿਖੇ ਗੁਰੂ ਹਰਿਗੋਬਿੰਦ ਜੀ ਨੂੰ ਪੈਂਦੇ ਖ਼ਾਨ ਦੀ ਚੁੱਕ ਤੇ ਮੁਗਲ ਸੈਨਾ ਨਾਲ ਜੰਗ ਲੜਨੀ ਪਈ ਤਾਂ ਮਾਤਾ ਗੁਜਰੀ ਜੀ ਨੇ ਜੋ ਸਾਹਸ ਦੱਸਿਆ ਉਸ ਦਾ ਵਰਣਨ ਮੁਹਸਨ ਫ਼ਾਨੀ ਨੇ ਕੀਤਾ ਹੈ। ਇਹ ਪਹਿਲੀ ਜੰਗ ਸੀ ਜੋ ਗੁਰੂ-ਮਹਲ, ਗੁਰੂ-ਪੁੱਤਰੀ ਅਤੇ ਮਾਤਾ ਗੁਜਰੀ ਨੇ ਅੱਖੀਂ ਡਿੱਠੀ। ਮਕਾਨਾਂ ਦੀਆਂ ਛੱਤਾਂ ਤੇ ਚੜ੍ਹ ਅੱਖੀਆਂ ਮਾਤਾ ਗੁਜਰੀ ਜੀ ਆਪਣੇ ਸਿਰ ਦੇ ਸਾਈਂ ਗੁਰੂ ਤੇਗ਼ ਬਹਾਦਰ ਜੀ ਨੂੰ ਜੂਝਦੇ ਦੇਖ, ਹੱਲਾਸ਼ੇਰੀ ਵੀ ਦੇ ਰਹੇ ਸਨ। ਇਸੇ ਜੰਗ ਵਿਚ ਗੁਰੂ ਤੇਗ਼ ਬਹਾਦਰ ਜੀ ਨੂੰ ਕਮਾਲ ਹੁਸ਼ਿਆਰੀ ਦੇ ਚਾਤਰੀ ਨਾਲ ਤਲਵਾਰ ਚਲਾਂਦੇ ਦੇਖ ਛੇਵੇਂ ਪਾਤਸ਼ਾਹ ਨੇ ਕਿਹਾ ਸੀ, "ਤੂੰ ਤਿਆਗ ਮਲ ਤਾਂ ਨਹੀਂ, ਤੇਗ਼ ਬਹਾਦਰ ਹੈਂ।"

ਗੁਰੂ ਹਰਿਗੋਬਿੰਦ ਜੀ ਨੇ ਗੁਰੂ ਗੱਦੀ ਦੀ ਜ਼ਿੰਮੇਵਾਰੀ ਗੁਰੂ ਹਰਿ ਰਾਇ ਜੀ ਨੂੰ ਸੌਂਪ ਦਿੱਤੀ ਸੀ। (ਗੁਰੂ) ਤੇਗ਼ ਬਹਾਦਰ ਜੀ ਨੇ ਆਪੂੰ ਮੱਥਾ ਟੇਕ ਆਗਿਆ ਪਾਲੀ ਸੀ। ਛੇਵੇਂ ਪਾਤਸ਼ਾਹ ਦੇ ਹੁਕਮ ਕਰਨ ਤੇ ਹੀ ਆਪ ਜੀ, ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਨਾਲ ਬਾਬਾ ਬਕਾਲੇ ਆ ਗਏ ਸਨ।


www.sikhbookclub.com

ਬਾਬਾ ਬਕਾਲਾ ਵਿਖੇ ਤਕਰੀਬਨ ੨੧ ਸਾਲ ਜੋ ਤਪ, ਤਿਆਗ, ਸੇਵਾ, ਸਿਮਰਨ ਗੁਰੂ ਤੇਗ਼ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਨੇ ਕੀਤਾ ਉਸ ਦੀ ਉਦਾਹਰਣ ਮਿਲਣੀ ਕਠਿਨ ਹੈ। ਬਾਬਾ ਬਕਾਲਾ ਵਿਖੇ ਕਈ ਘੰਟੇ ਗੁਰਬਾਣੀ ਦਾ ਪਾਠ ਕਰਨ ਦਾ ਜ਼ਿਕਰ ਸਿੱਖ ਇਤਿਹਾਸ ਨੇ ਕੀਤਾ ਹੈ। ਇਹ ਹੀ ਤਪਾਂ ਸਿਰ ਤਪ ਸੀ। ਇਹ ਹੀ ਜੋਗ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਇਸ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ ਕਿ ਮੇਰੇ ਮਾਤਾ (ਗੁਜਰੀ ਜੀ) ਤੇ ਤਾਤ (ਗੁਰੂ ਤੇਗ਼ ਬਹਾਦਰ ਜੀ) ਦੋਵਾਂ ਨੇ ਐਸੀ ਤਪੱਸਿਆ ਕੀਤੀ ਕਿ ਉਸ ਤੇ ਵਾਹਿਗੁਰੂ ਪ੍ਰਸੰਨ ਹੋਏ। ਬਚਿੱਤਰ ਨਾਟਕ ਦੇ ਸ਼ਬਦਾਂ ਵਿਚ :

**ਤਾਤ ਮਾਤ ਮੁਰ ਅਲਖ ਅਰਾਧਾ।**
**ਬਹੁ ਬਿਧਿ ਜੋਗ ਸਾਧਨਾ ਸਾਧਾ।**
**ਤਿਨ ਜੋ ਕਰੀ ਅਲਖ ਕੀ ਸੇਵਾ।**
**ਤਾ ਤੇ ਭਏ ਪ੍ਰਸੰਨਿ ਗੁਰ ਦੇਵਾ।**
**ਤਿਨ ਪ੍ਰਭ ਜਬ ਆਇਸ ਮੁਹਿ ਦੀਯਾ।**
**ਤਬ ਹਮ ਜਨਮ ਕਲੂ ਮਹਿ ਲੀਯਾ॥ ੪॥**

ਉਧਰ ਗੁਰੂ ਗੋਬਿੰਦ ਸਿੰਘ ਜੀ ਹੇਮਕੁੰਟ ਤੇ ਤਪੱਸਿਆ ਵਿਚ ਲੀਨ ਹੋ ਵਾਹਿਗੁਰੂ ਨਾਲ ਇਕ-ਮਿਕ ਹੋਏ ਸਨ। ਉਨ੍ਹਾਂ ਦੀ ਘਾਲਨਾ ਤੇ ਖ਼ੁਸ਼ ਹੋ ਕੇ ਵਾਹਿਗੁਰੂ ਨੇ ਹੁਕਮ ਦਿੱਤਾ ਕਿ ਮਾਤ-ਲੋਕ ਵਿਚ ਜਾ ਕੇ ਨਿਰਭੈ ਪਦ ਪਾਵਨ ਦੀ ਜਾਚ ਜਗਤ ਨੂੰ ਦੱਸੋ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਇਸ ਅਦੁਤੀ ਤਪੱਸਿਆ ਕਰਦੀ ਜੋੜੀ ਦੇ ਘਰ ਹੋਇਆ।

ਮਾਂ ਗੁਜਰੀ ਅਤੇ ਬਾਪ ਗੁਰੂ ਤੇਗ਼ ਬਹਾਦਰ ਜੀ ਨੇ ਐਸੀ ਪਾਲਣਾ ਪੋਸਣਾ ਕੀਤੀ ਕਿ ਅਖਾਣ ਹੀ ਬਣ ਗਿਆ। ਪਹਿਲਾਂ ਪਟਨਾ ਸਾਹਿਬ *'ਅਨਿਕ ਭਾਂਤ ਤਨ ਰਛਾ'*, ਫਿਰ ਅਨੰਦਪੁਰ ਸਾਹਿਬ' 'ਭਾਂਤ-ਭਾਂਤ ਦੀ ਸਿਛਾ' ਦਿੱਤੀ।

ਸਾਹਿਬ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦ ਹੋ ਜਾਣ ਤੇ ਹੌਸਲਾ ਤੇ ਜੁਰਅਤਿ ਮਾਤਾ ਗੁਜਰੀ ਜੀ ਨੇ ਦਰਸਾਈ, ਉਹ ਵੀ ਦੇਖਣ ਵਾਲੀ ਹੈ। ਜਦ ਸਾਹਿਬ ਗੁਰੂ ਤੇਗ਼ ਬਹਾਦਰ ਜੀ ਦਾ ਕਟਿਆ ਹੋਇਆ ਪਾਵਨ ਸੀਸ ਭਾਈ ਜੈਤਾ ਜੀ, ਭਾਈ ਨਾਨੂ ਜੀ ਤੇ ਭਾਈ ਅੱਡਾ ਜੀ ਦੀ ਸਹਾਇਤਾ ਨਾਲ ਬਿਬਾਨਗੜ੍ਹ (ਕੀਰਤਪੁਰ ਸਾਹਿਬ) ਲੈ ਕੇ ਆਏ ਤੇ ਅਨੰਦਪੁਰ ਖ਼ਬਰ ਭੇਜੀ ਤਾਂ ਮਾਤਾ ਗੁਜਰੀ ਜੀ ਨੇ ਗੁਰ ਪਤੀ ਦੇ ਸ਼ਹੀਦ ਸੀਸ ਅੱਗੇ ਸਿਰ ਝੁਕਾ ਕੇ ਕਿਹਾ ਕਿ ਤੁਹਾਡੀ ਨਿਭ ਆਈ। ਇਹ ਹੀ ਬਖ਼ਸ਼ਿਸ਼ ਕਰਨੀ ਕਿ ਮੇਰੀ ਵੀ ਨਿਭ ਜਾਏ। ਸੱਚਮੁੱਚ ਮਾਤਾ ਗੁਜਰੀ ਜੀ ਵੀ ਐਸੇ ਨਿਭਾ ਕੇ ਗਏ ਕਿ ਦੁਨੀਆਂ ਦੀਆਂ ਮਾਵਾਂ ਲਈ ਪੂਰਨੇ ਹਨ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਨੂੰ ਹੌਂਸਲਾ ਧਾਰ, ਦ੍ਰਿੜ੍ਹ ਹੋ ਜ਼ੁਲਮ ਵਿਰੁੱਧ ਖੜ੍ਹੇ ਹੋਣ ਲਈ ਵੰਗਾਰ ਪਾਈ ਤਾਂ ਮਾਤਾ ਜੀ ਨੇ ਨਾ ਸਿਰਫ਼ ਚਾਅ ਪ੍ਰਗਟ ਕੀਤਾ ਸਗੋਂ ਹੋਰ ਅਸੀਸਾਂ ਦਿੱਤੀਆਂ। ਕਵੀ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ ਕਿਹਾ ਸੀ :

**'ਹੋਵਹੁ ਸੁਜਸ ਪ੍ਰਤਾਪ ਉਚੇਰਾ।'**

੧੬੭੫ ਤੋਂ ੧੬੯੪ ਤਕ ਆਪ ਅਨੰਦਪੁਰ ਰਹਿ ਕੇ ਜਿਵੇਂ ਮਸੰਦਾਂ ਦੀਆਂ ਚਾਲਾਂ ਉਘੇੜਦੇ ਰਹੇ ਤੇ ਕੌਮ ਵਿਚ ਉਤਸ਼ਾਹ ਕਾਇਮ ਰੱਖਣ ਦੇ ਜਤਨ ਕਰਦੇ ਰਹੇ, ਉਹ ਵੀ ਇਕ ਪੂਰਾ ਇਤਿਹਾਸ ਹੈ। ਆਪ ਜੀ ਦੇ ਲਿਖੇ ਕਿਤਨੇ ਹੀ ਹੁਕਮਨਾਮੇ ਹਣੇਕੀ ਘਰ ਜੋ ਸਾਨੂੰ ਮਿਲ

Page 143 www.sikhbookclub.com

ਸਕੇ ਹਨ, ਉਨ੍ਹਾਂ ਦੀ ਲਿਖਤ ਤੋਂ ਪ੍ਰਗਟ ਹੁੰਦਾ ਹੈ ਕਿ ਆਪ ਜੀ ਦ੍ਰਿੜ੍ਹ ਚਿੱਤ ਸੁਭਾਅ ਦੇ ਸਨ। ਹੱਥ ਲਿਖਤ ਦੀ ਰਵਾਨੀ ਦੱਸਦੀ ਹੈ ਕਿ ਸਰਲ-ਚਿਤ ਵੀ ਸਨ। ਗੱਲ ਜਿਸ ਸਪੱਸ਼ਟਤਾ ਨਾਲ ਲਿਖਦੇ ਹਨ, ਉਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਆਪ ਜੀ ਵਲ-ਛਲ ਰਹਿਤ ਗੱਲ ਕਰਨ ਦੇ ਸੁਭਾਅ ਵਾਲੇ ਸਨ। ਮਸੰਦਾਂ ਨੂੰ ਜਿਵੇਂ ਤਾੜ ਕੇ ਰੱਖਦੇ ਸਨ, ਉਹ ਇਕ ਹੁਕਮਨਾਮੇ ਤੋਂ ਸਪੱਸ਼ਟ ਹੈ।

ਪਹਿਲੇ ਹੁਕਮਨਾਮੇ ਵਿਚ, ਜੋ ਉਨ੍ਹਾਂ ਭਾਈ ਮੱਲਾ ਤੇ ਭਾਈ ਬਾਘਾ ਦੇ ਨਾਂ ਲਿਖਿਆ ਉਸ ਤੋਂ ਜ਼ਾਹਿਰ ਹੈ ਕਿ ਕੁਝ ਧਾੜਵੀਆਂ ਨੇ ਖੱਚਰ, ਬੈਲ ਚੁਰਾ ਲਏ ਸਨ ਤੇ ਮਾਤਾ ਗੁਜਰੀ ਨੇ ਸੰਗਤਿ ਦੇ ਨਾਂ ਲਿਖਿਆ ਕਿ "ਸਰਕਾਰ ਦੀ ਖੱਚਰ ਜਾਣੀ ਪਾਵੈ ਨਾਹੀ, ਮੁਜਰਾ ਹੋਸ।" ਇਹ ਹੁਕਮਨਾਮਾ ਦਰਸਾਂਦਾ ਹੈ ਕਿ ਮਾਤਾ ਜੀ ਵਿਚ ਡਟ ਖਲੋਣ ਦੀ ਤੇ ਅਗਵਾਈ ਕਰਨ ਦੀ ਕਿਤਨੀ ਜੁਰਅਤਿ ਸੀ। ਦੂਜੇ ਹੁਕਮਨਾਮੇ ਵਿਚ, ਜੋ ਉਨ੍ਹਾਂ ਸੰਗਤਿ ਧੀਰ ਬਸੀਆਂ ਜੋਗ ਅਤੇ ਨਾਇਕ ਹਰਿਦਾਸ ਦੇ ਨਾਂ ਖ਼ਾਸ ਲਿਖਿਆ, ਉਸ ਵਿਚ ਸਪੱਸ਼ਟ ਲਿਖਿਆ ਕਿ '*ਬਗ਼ੈਰ ਬੋਲਿਆਂ ਚਾਲਿਆਂ ਭੇਜਣਾ*' ਭਾਵ ਚੂੰ ਚਰਾਂ ਕੀਤੇ ਬਗ਼ੈਰ ਸਿੱਧੀ ਤਰ੍ਹਾਂ ਭੇਜਣਾ। ਹੁਕਮਨਾਮੇ ਦੇ ਸ਼ਬਦ ਹਨ :

**ਨਾਇਕ ਹਰਿਦਾਸ ਸਰਬਤਿ ਸੰਗਤ ਗੁਰ ਤੁਸਾਡੀ ਰਖੈਗਾ**
**ਮੇਵੜੇ ਭੇਜੇ ਹਨ। ਕਾਰ ਭੇਟ ਸੁਖ ਮੰਨਿਤ ਬਗ਼ੈਰ ਬੋਲਿਆ**
**ਚਲਿਆ ਸਭਨਾ ਜੀਆ ਕਾ ਦੇਣਾ ਕੋਲ ਨਾਹਿ ਰੱਖਣੀ।**
**ਸਰਬ ਸੰਗਤਿ ਕੇ ਮਨੋਰਥ ਪੂਰੇ ਕਰੇਗਾ।"**

ਫਿਰ ਹੇਠਾਂ ਲਿਖਾਰੀ ਨੇ ਵਿਆਖਿਆ ਕਰ ਕੇ ਲਿਖਿਆ ਹੈ ਕਿ ਇਕ ਹਰਿ ਦਾਸ ਨਾਇਕ ਦੀ ਭੇਟ ਆਇਆਂ ਚਿਰ ਹੋ ਗਿਆ ਹੈ। ਸਭ ਭੇਟਾ ਉਹ ਪਾਸ ਹੀ ਰੱਖ ਲੈਂਦਾ ਸੀ ਅਤੇ ਕਈ ਬਹਾਨੇ ਬਣਾ ਕੇ ਭੇਜਦਾ ਸੀ। ਇਥੋਂ ਇਸ ਗੱਲ ਦਾ ਵੀ ਪਤਾ ਲੱਗਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਮਸੰਦ ਆਪ-ਹੁਦਰੀਆਂ ਕਰਨ ਲੱਗ ਪਏ ਸਨ ਅਤੇ ਮਾਤਾ ਜੀ ਡਾਂਟ ਕੇ ਰੱਖਦੇ ਸਨ ਅਤੇ ਜਦ ਪਾਣੀ ਸਿਰ ਤੋਂ ਉਤਾਂਹ ਹੋ ਗਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਪ੍ਰਥਾ ਹੀ ਖ਼ਤਮ ਕਰਨ ਦਾ ਹੁਕਮ ਦਿੱਤਾ।

ਦਾਦੀ ਪੋਤਰਿਆਂ ਦਾ ਪਿਆਰ ਪ੍ਰਸਿੱਧ ਹੈ ਪਰ ਪਿਆਰ ਵਿਚ ਉਹ ਸਿੱਖੀ ਅਸੂਲ ਦ੍ਰਿੜ੍ਹਾਉਣੇ ਨਹੀਂ ਸਨ ਭੁੱਲਦੇ। ਅੰਮ੍ਰਿਤ ਛਕਾਉਣ ਵੇਲੇ ਵਿਸਾਖੀ ਵਾਲੇ ਦਿਨ ਮਾਤਾ ਜੀ ਦੀ ਹੀ ਪ੍ਰੇਰਨਾ ਤੇ ਸਾਹਿਬਜ਼ਾਦਿਆਂ ਨੇ ਅੰਮ੍ਰਿਤ ਛਕਿਆ। ਇਹ ਯਾਦ ਰਹੇ ਕਿ ਬਾਬਾ ਜ਼ੋਰਾਵਰ ਸਿੰਘ ਜੀ ਦੀ ਉਮਰ ਉਸ ਵੇਲੇ ਮਸਾਂ 8 ਸਾਲ ਦੀ ਸੀ। ਸੈਨਾਪਤਿ ਦਾ ਕਹਿਣਾ ਹੈ :

**ਦੇਹ ਖਾਂਡੇ ਕੀ ਪਾਹੁਲ ਤੇਜ ਬਢਾਇਆ।**
**ਜ਼ੋਰਾਵਰ ਕਰ ਸਿੰਘ ਹੁਕਮ ਵਰਤਾਇਆ।**

ਅਨੰਦਪੁਰ ਦੀ ਪਹਿਲੀ ਜੰਗ (੧੭੦੦) ਵਿਚ ਬਾਬਾ ਅਜੀਤ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਮਾਨ ਸੰਭਾਲਣ ਦਾ ਹੁਕਮ ਦਿੱਤਾ। ਸੈਨਾਪਤਿ ਦੇ ਹੀ ਸ਼ਬਦਾਂ ਵਿਚ :

**ਤਬ ਹੀ ਬਚਨ ਪਾਇ। ਚੜ੍ਹਾਯੋ ਨਗਾਰਾ ਵਾਇ।**
**ਸਵਾਰ ਪਾਯੋ ਜੀਤ ਸਿੰਘ, ਜੁਧ ਕੇ ਕਰਨੇ ਕੋ।**

 www.sikhbookclub.com

ਗੁਰੂ ਪਦ ਪ੍ਰੇਮ ਪ੍ਰਕਾਸ਼ ਵਿਚ ਲਿਖਿਆ ਹੈ ਕਿ ਮਾਤਾ ਸੁੰਦਰੀ ਜੀ ਨੇ ਕਿਹਾ ਕਿ ਸਾਹਿਬਜ਼ਾਦਾ ਅਜੇ ਛੋਟਾ ਹੈ ਅਤੇ ਮਾਤਾ ਗੁਜਰੀ ਜੀ ਨੇ ਕਿਹਾ, *"ਛੋਟੇ ਵੱਡੇ ਦੀ ਕੋਈ ਗੱਲ ਨਾ ਕਰੋ। ਸ਼ੇਰਾਂ ਦੇ ਬੱਚੇ ਸ਼ੇਰ ਹੀ ਹੁੰਦੇ ਹਨ।"* ਜਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਜੰਗ ਜਿੱਤ ਕੇ ਆਏ ਤਾਂ ਮਾਤਾ ਜੀ ਨੇ ਜੱਫੀ ਵਿਚ ਲੈ ਕੇ ਅਸੀਸ ਤੇ ਸ਼ਾਬਾਸ਼ ਦਿੱਤੀ।

ਅਨੰਦਪੁਰ ਛੱਡਣ ਵੇਲੇ ਜਦ ਸਰਸਾ ਤੋਂ ਮਾਤਾ ਜੀ ਨੂੰ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ ਅਤੇ ਰਾਤੀਂ ਹੀਰਿਆਂ ਦੀ ਭਰੀ ਖੁਰਜੀ ਚੁਰਾ ਲਈ ਤਾਂ ਮਾਤਾ ਜੀ ਨੇ ਉਸ ਨੂੰ ਕਿਹਾ : *'ਚੁਰਾਉਣ ਦੀ ਕੀ ਲੋੜ ਸੀ, ਤੂੰ ਮੰਗ ਲੈਂਦਾ ਤਾਂ ਮੈਂ ਕੀ ਨਾਂਹ ਕਰਨੀ ਸੀ।'* ਉਸ ਚੋਰ ਨਾਲੇ ਚਤੁਰ ਨੇ ਮੁਰਿੰਡੇ ਥਾਣੇ ਸ਼ਿਕਾਇਤ ਕੀਤੀ। ਮਾਤਾ ਜੀ, ਬਾਬਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਜੀ ਨੂੰ ਪਕੜ ਗੱਡੇ ਤੇ ਬਿਠਾ ਸਰਹੰਦ ਪਹੁੰਚਾਇਆ ਗਿਆ। ਉਥੇ ਜਿਵੇਂ ਸਾਹਿਬਜ਼ਾਦਿਆਂ ਨੇ ਭਰੀ ਕਚਹਿਰੀ ਵਿਚ ਨਵਾਬ ਤੇ ਸੁੱਚਾ ਨੰਦ ਨੂੰ ਜਵਾਬ ਦਿੱਤੇ, ਉਸ ਨੇ ਸਭ ਨੂੰ ਹੈਰਾਨ ਕੀਤਾ ਪਰ ਸਿੱਖ ਇਤਿਹਾਸ ਪੜ੍ਹਨ ਵਾਲੇ ਨੂੰ ਹੈਰਾਨ ਹੋਣ ਦੀ ਕੋਈ ਲੋੜ ਨਹੀਂ ਕਿਉਂਕਿ ਮਾਤਾ ਗੁਜਰੀ ਦੀ ਰੋਜ਼ ਦੀ ਗੁੜ੍ਹਤੀ ਸੀ ਜੋ ਉਨ੍ਹਾਂ ਨੂੰ ਅਡੋਲ ਰੱਖ ਰਹੀ ਸੀ। ਸਾਡੇ ਇਤਿਹਾਸ ਵਿਚ ਲਿਖਿਆ ਹੈ ਜਦ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਲੈ ਜਾਣ ਲਈ ਪਿਆਦੇ ਆਏ ਤਾਂ ਮਾਤਾ ਗੁਜਰੀ ਨੇ ਕਮਾਲ ਧੀਰਜ ਨਾਲ ਉਨ੍ਹਾਂ ਦੇ ਮੁੱਖ ਧੋ ਕੇ ਦਸਤਾਰਾਂ ਸਜਾਈਆਂ ਅਤੇ ਕਿਹਾ 'ਬੇਟਾ! ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤ੍ਰ ਹੋ। ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹੋ। ਕਿਸੇ ਅੱਗੇ ਸਿਰ ਨਹੀਂ ਝੁਕਾਉਣਾ। ਕਚਹਿਰੀ ਵਿਚ ਜਾ ਕੇ ਗੱਜ ਕੇ ਫਤਹਿ ਬੁਲਾਉਣੀ ਅਤੇ ਅਡੋਲ ਖੜ੍ਹੇ ਰਹਿਣਾ। ਕੋਈ ਐਸੀ ਗੱਲ ਨਾ ਕਹਿਣੀ ਜਿਸ ਨਾਲ ਗੁਰੂ ਸਾਹਿਬਾਂ ਨੂੰ ਵੱਟਾ ਲੱਗੇ।' ਉਸ ਸਮੇਂ ਸਾਹਿਬਜ਼ਾਦਿਆਂ ਵੀ ਮੋੜਵਾਂ ਇਹ ਕਿਹਾ ਸੀ :

SIKHBOOKCLUB.COM

**ਧਨ ਭਾਗ ਹਮਰੈ ਹੈਂ ਮਾਈ।**
**ਧਰਮ ਹੇਤਿ ਤਨ ਜੇ ਕਰ ਜਾਈ।** (ਪੰਥ ਪ੍ਰਕਾਸ਼)

ਇਹ ਵੀ ਲਿਖਿਆ ਹੈ ਕਿ ਨਵਾਬ ਨੇ ਚਾਲ ਚੱਲੀ ਸੀ ਕਿ ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ ਜਾਏ, ਛੋਟੀ ਖਿੜਕੀ ਹੀ ਖੁੱਲ੍ਹੀ ਰੱਖੀ ਜਾਏ। ਇਸ ਤਰ੍ਹਾਂ ਜਦ ਸਾਹਿਬਜ਼ਾਦੇ ਅੰਦਰ ਆਉਣਗੇ ਤਾਂ ਆਪਣੇ ਆਪ ਸਾਹਿਬਜ਼ਾਦਿਆਂ ਦਾ ਸਿਰ ਝੁਕ ਜਾਏਗਾ ਤੇ ਅਹਿਲਕਾਰ ਤਾੜੀ ਮਾਰ ਦੇਣਗੇ। ਪਰ ਸਾਹਿਬਜ਼ਾਦੇ ਚਾਲ ਸਮਝ ਗਏ ਤੇ ਕਚਹਿਰੀ ਵਿਚ ਜਾਂਦਿਆਂ ਹੀ ਪਹਿਲਾਂ ਆਪਣੇ ਪੈਰ ਅੰਦਰ ਕੀਤੇ ਫਿਰ ਸਿਰ ਅਤੇ ਜਾਂਦਿਆਂ ਹੀ ਗੱਜ ਕੇ 'ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ।

ਮਹਿਮਾ ਪ੍ਰਕਾਸ਼ ਦੀ ਸਾਖੀ ੨੨ ਵਿਚ ਲਿਖਿਆ ਹੈ *"ਝੂਠਾ ਨੰਦ ਨੇ ਕਿਹਾ ਜੋ ਸੂਬੇ ਕੋ ਸਲਾਮ ਕਰੋ ਤਦ ਸਾਹਿਬਜ਼ਾਦਿਆਂ ਬਚਨ ਕੀਆ ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ। ਅਉਰ ਕੋ ਨਹੀਂ ਕਰਤੇ :*

**"ਨਹਿ ਜਬ ਮਸਤਕ ਸਨਮੁਖ ਟੇਕਹਿ।**
**ਸੀਸ ਉਲਟ ਮੁੜ ਪਾਛੈ ਪੇਖਹਿ।**
**ਬਹੁਰ ਕਹੀ ਚੁਸਤ ਯਹਿ ਬਾਨੀ।**
**ਦੇਖੋ ਬਾਲਕ ਯਹਿ ਅਭਿਮਾਨੀ।"**

ਜੋਗੀ ਅਲਾਹ ਯਾਰ ਖ਼ਾਨ ਨੇ ਵੀ ਖ਼ੂਬ ਲਿਖਿਆ ਹੈ :

**ਥੀ ਪਿਆਰੀ ਸੂਰਤੋਂ ਸੇ ਸਜ਼ਾਅਤ ਬਰਸ ਰਹੀ।**
**ਨੈਨੀ ਸੀ ਮੂਰਤੋਂ ਸੇ ਥੀ ਜੁਰਅਤਿ ਬਰਸ ਰਹੀ।**
**ਰੁਖ ਪਰ ਨਵਾਬ ਕੇ ਥੀ ਸ਼ਕਾਵਤ ਬਰਸ ਰਹੀ।**
**ਰਾਜੋਂ ਕੇ ਮੂੰਹ ਪਿ ਸਾਫ਼ ਥੀ, ਲਾਹਨਤ ਬਰਸ ਰਹੀ।**

ਕਥਾ ਗੁਰੂ ਜੀ ਕੇ ਸੁਤਨ ਕੀ। ਕਿਰਤ ਭਾਈ ਦੁਨਾ ਸਿੰਘ ਹੰਡੂਰੀਆ ਵਿਚ ਵੀ ਲਿਖਿਆ ਹੈ ਕਿ ਸੁੱਚਾ ਨੰਦ ਨੇ ਨਵਾਬ ਨੂੰ ਕਿਹਾ ਸੀ :

**"ਨੀਕੇ ਬਾਲਕ ਤੁਮ ਮਤ ਜਾਣਹੁ।**
**ਨਾਗਹੁ ਕੇ ਇਹ ਪੁਤ ਬਖਾਨਹੁ।"**

**ਅਤੇ 'ਤਬ ਦੁਸ਼ਟ ਐਸੇ ਫੁਨ ਕਹੇ, ਮਸਤਕ ਸਨ ਮੁਖ ਟੇਕਹੁ ਅਹੇ'।**

ਇਕ ਸਾਖੀ ਬੀਰ ਮ੍ਰਿਗੇਸ਼ ਵਿਚ ਵੀ ਲਿਖੀ ਹੈ ਕਿ ਇਸੇ ਸੁੱਚਾ ਨੰਦ, ਜੋ ਰਿਸ਼ਤੇ ਵਿਚ ਚੰਦੂ ਦੇ ਪੁੱਤਰ ਦਾ ਕੁੜਮ ਸੀ, ਨੇ ਨਵਾਬ ਨੂੰ ਕਿਹਾ ਕਿ ਇਹ ਬਾਲਕ ਨਹੀਓਂ। ਇਨ੍ਹਾਂ ਦੇ ਲੱਛਣ ਬਾਲਾਂ ਵਾਲੇ ਨਹੀਂ। ਇਹ ਹੁਣੇ ਦੇਖ ਲੈਂਦੇ ਹਾਂ ਕਿ ਇਹ ਬਾਲਕ ਹਨ ਜਾਂ ਸਿਆਣੇ। ਉਸ ਨੇ ਵਿਉਂਤ ਅਨੁਸਾਰ ਬਾਹਰ ਕਚਹਿਰੀ ਤਿੰਨ ਦੁਕਾਨਾਂ ਪਵਾ ਦਿੱਤੀਆਂ। ਇਕ ਵਿਚ ਖਿਡੌਣੇ, ਦੂਜੀ ਵਿਚ ਮਿਠਾਈ ਤੇ ਤੀਜੀ ਵਿਚ ਹਥਿਆਰ ਸ਼ਸਤ੍ਰ। ਜਦ ਸਾਹਿਬਜ਼ਾਦਿਆਂ ਨੂੰ ਇਹ ਦੇਖਣ ਲਈ ਕਿ ਉਹ ਬਾਲ ਹਨ ਜਾਂ ਯੋਧੇ, ਛੱਡਿਆ ਗਿਆ ਤਾਂ ਉਹ ਧਾ ਕੇ ਸ਼ਸਤ੍ਰਾਂ ਨੂੰ ਪਏ। ਇਕ ਨੇ ਤੀਰ ਕਮਾਣ ਉਠਾ ਲਿਆ ਤੇ ਦੂਜੇ ਨੇ ਨੇਜ਼ਾ ਅਤੇ ਦੌੜਦੇ ਕਚਹਿਰੀ ਵਿਚ ਆ ਗਏ।

ਇਹ ਅਭਿਮਾਨ ਗੌਰਵ ਹੀ ਹੈ, ਜੋ ਅੱਜ ਮਾਵਾਂ ਬੱਚਿਆਂ ਵਿਚ ਪਾ ਦੇਣ ਤਾਂ ਕੋਈ ਬੱਚਾ ਡਿੱਗ ਪਤਿਤ ਨਾ ਹੋਵੇ। ਫਿਰ ਜਦ ਕਲਮਾਂ ਪੜ੍ਹਨ ਲਈ ਬੱਚਿਆਂ ਨੂੰ ਕਿਹਾ ਗਿਆ ਤਾਂ ਉਹ ਬਾਲਕ ਨਾ ਮੰਨੇ ਤੇ ਨੀਹਾਂ ਵਿਚ ਚਿਣਾਏ ਗਏ ਅਤੇ ਸੀਸ ਦੇ ਦਿੱਤੇ। ਮਾਤਾ ਜੀ ਨੇ ਵੀ 'ਆਪਣੇ ਜੌਹਰ ਨਾਲ' ਭਾਵ ਸਮਾਧੀ ਸਥਿਤ ਹੋ ਕੇ ਪ੍ਰਾਣ ਤਿਆਗ ਦਿੱਤੇ। ਦੁਨਾ ਸਿੰਘ ਦੇ ਹੀ ਸ਼ਬਦਾਂ ਵਿਚ :

**ਸੋ ਨਾ ਮੰਨੇ ਤਿਨ ਸੀਸ ਦਯੋ,**
**ਜਿਮ ਤੇਗ਼ ਬਹਾਦਰ ਬਾਤ ਚਲਾਨੀ।**
**ਮਾਤ ਚਲੀ ਕਰ ਜੌਹਰ ਆਪਹਿ,**
**ਹਾਇ ਸੁ ਹਾਇ ਕਹੈ ਜਗ ਬਾਨੀ॥ ੧੪॥**

ਇਹ ਵੀ ਲਿਖਿਆ ਹੈ ਕਿ ਨੀਂਹਾਂ ਵਿਚ ਚਿਣੇ ਜਾਣ ਵੇਲੇ ਸਾਹਿਬਜ਼ਾਦੇ ਇਕ ਦੂਜੇ ਨੂੰ ਇਹ ਹੀ ਆਖ ਰਹੇ ਸਨ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਾਂ ਅਤੇ ਅਸੀਂ ਗੁਰੂ ਤੇਗ਼ ਬਹਾਦਰ ਜੀ ਦੇ ਪੋਤਰੇ ਹਾਂ। ਜੇ ਅਸੀਂ ਰਤਾ ਕੁ ਵੀ ਕਮਜ਼ੋਰੀ ਦਿਖਾਈ ਤਾਂ ਦਸ ਗੁਰੂ ਸਾਹਿਬਾਨ ਨੂੰ ਲਾਜ ਆਵੇਗੀ :

**"ਫਤੇਹ ਸਿੰਘ ਤਬ ਕਹਯੋ ਬਖਾਨ, ਦਸ ਪਾਤਸ਼ਾਹੀ ਹੋਵੈ ਹਾਨ।"**

ਪੰਥ ਪ੍ਰਕਾਸ਼ ਦੇ ਲਿਖੇ ਅਨੁਸਾਰ ਇਹ ਬਚਨ ਵੀ ਕਹੇ ਸਨ :

**ਹਮਰੇ ਬੰਸ ਰੀਤ ਇਮ ਆਈ।**
**ਸੀਸ ਦੇਤ ਪਰ ਧਰਮ ਨ ਜਾਈ।**

 www.sikhbookclub.com

ਕੈਸਾ ਸੁੰਦਰ ਲਿਖਿਆ ਹੈ ਜੋਗੀ ਅੱਲਾ ਯਾਰ ਨੇ ਕਿ ਨੀਂਹਾਂ ਵਿਚ ਚਿਣਦੇ ਇਹ ਹੀ ਕਹਿੰਦੇ ਰਹੇ :

**'ਸਦ ਸਾਲ ਔਰ ਜੀ ਕੇ ਭੀ ਮਰਨਾ ਜ਼ਰੂਰ ਥਾ।**
**ਸਰ ਕੌਮ ਸੇ ਬਚਾਨਾ ਯਿ ਗ਼ੈਰਤ ਸੇ ਦੂਰ ਥਾ।'**

ਤਿੰਨਾਂ ਦਾ ਇਕੱਠਿਆਂ ਹੀ ਸਸਕਾਰ ੨੯ ਦਸੰਬਰ, ੧੭੦੪ ਨੂੰ ਜਯੋਤੀ ਸਰੂਪ ਵਾਲੀ ਥਾਂ ਕੀਤਾ ਗਿਆ।

ਇਹ ਵੀ ਚੇਤਾ ਰਹੇ ਕਿ ਸੰਸਾਰ ਦੀ ਸਭ ਤੋਂ ਕੀਮਤੀ ਜ਼ਮੀਨ ਇਹ ਹੀ ਹੈ ਜੋ ਟੋਡਰ ਮੱਲ ਜੀ ਨੇ ਲੱਖਾਂ ਦੀ ਮਾਲੀਅਤ ਦੀਆਂ ਮੁਹਰਾਂ ਵਿਛਾ ਕੇ ਲਈ ਅਤੇ ਸਭ ਤੋਂ ਕੀਮਤੀ ਵਿਚਾਰ ਵੀ ਉਹੀ ਦਿੱਤਾ ਜਾ ਰਹਿਆ ਹੈ ਕਿ ਦਾਦੀ ਦਾ ਇਹ ਫ਼ਰਜ਼ ਹੈ ਕਿ ਪੋਤਰਿਆਂ ਦੀ ਪਾਲਣਾ ਹੀ ਨਾ ਕਰੇ, ਲਾਡ ਹੀ ਨਾ ਲਡਾਂਦੀ ਫਿਰੇ ਸਗੋਂ ਧਰਮ ਦ੍ਰਿੜ੍ਹ ਕਰਾਏ ਜਿਵੇਂ ਮਾਤਾ ਗੁਜਰੀ ਨੇ ਕਰਾਇਆ।

ਸਸਕਾਰ ਤਾਂ ਤਿੰਨਾਂ ਮਾਤਾ ਗੁਜਰੀ, ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਜੀ ਦਾ ਇਕੱਠਾ ਹੀ ਚੰਦਨ ਦੀ ਚਿਖਾ ਬਣਾ ਕੇ ਕੀਤਾ ਗਿਆ ਪਰ ਜਦ ਸਮਾਧਾਂ ਬਣਾਈਆਂ ਗਈਆਂ ਤਾਂ ਸਾਹਿਬਜ਼ਾਦਿਆਂ ਦੀਆਂ ਅੰਦਰ ਚਾਰਦੀਵਾਰੀ ਵਿਚ ਅਤੇ ਮਾਤਾ ਗੁਜਰੀ ਦੀ ਬਾਹਰ ਦਲ੍ਹੀਜ਼ ਤੇ। ਇਹ ਇਸ ਲਈ ਕੀਤਾ ਗਿਆ ਤਾਂ ਕਿ ਹਰ ਇਕ ਤੇ ਪਰਗਟ ਰਹੇ ਕਿ ਦਾਦੀ ਦਾ ਕੀ ਫ਼ਰਜ਼ ਹੈ। *ਦਾਦੀ ਅੱਜ ਵੀ ਦਲ੍ਹੀਜ਼ ਤੇ ਬੈਠ ਕੇ ਬੱਚਿਆਂ ਦੀ ਰਾਖੀ ਕਰਦੀ ਪਈ ਹੈ।* ਫਿਰ ਸਦਾ ਯਾਦ ਰੱਖਣ ਵਾਲੀ ਗੱਲ ਹੈ ਕਿ ਸਰਸਾ ਦੇ ਵਿਛੋੜੇ ਵੇਲੇ ਆਪੂੰ ਕਲਗੀਆਂ ਵਾਲੇ ਨੇ ਛੋਟੇ ਬੱਚੇ ਦਾਦੀ ਨਾਲ ਭੇਜੇ। ਮਾਤਾ ਗੁਜਰੀ ਜੀ ਪੂਰਨੇ ਪਾ ਗਏ।

# ੧੬

# ਭਾਈ ਕਨ੍ਹਈਆ ਜੀ

ਸਿੱਖੀ ਨੂੰ ਮਾਣ ਪ੍ਰਾਪਤ ਹੈ ਕਿ ਉਸ ਨੇ ਪਹਿਲਾਂ ਕੋਹੜੀ ਘਰ ਤਰਨ ਤਾਰਨ ਬਣਾ ਕੇ ਉਨ੍ਹਾਂ ਦੀ ਸਾਰ ਲਈ ਜਿਨ੍ਹਾਂ ਦੀ ਛੋਹ ਤੋਂ ਹੀ ਜਗਤ ਭੱਜਦਾ ਸੀ। ਫਿਰ ਗੁਰੂ ਹਰਿ ਰਾਇ ਸਾਹਿਬ ਨੇ ਪੰਛੀਆਂ-ਪਸ਼ੂਆਂ ਲਈ ਸ਼ਫ਼ਾਖ਼ਾਨਾ ਤੇ ਰੱਖ ਬਣਾ ਕੇ ਇਕ ਕਦਮ ਹੋਰ ਅੱਗੇ ਰੱਖ ਦਿੱਤਾ, ਪਰ ਸਿਖਰ ਉਸ ਸਮੇਂ ਛੋਹਿਆ ਗਿਆ ਜਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਕਨ੍ਹਈਆ ਜੀ ਦੀ ਜੰਗ ਵਿਚ ਸਮ-ਦ੍ਰਿਸ਼ਟੀ ਘਾਲ ਦੇਖ ਕੇ ਮਰਹਮ ਦੀ ਡੱਬੀ ਦੇ ਕੇ ਫ਼ਰਮਾਇਆ ਕਿ ਪਾਣੀ ਪਿਲਾਣ ਨਾਲ ਫੱਟਾਂ ਤੇ ਮਰਹਮ ਵੀ ਲਗਾ ਦਿਆ ਕਰੋ। ਦੁਨੀਆਂ ਦਾ ਇਹ ਹੀ ਅਖਾਣ ਸੀ ਕਿ ਜੰਗ ਤੇ ਇਸ਼ਕ ਵਿਚ ਹਰ ਕੁਝ ਜਾਇਜ਼ ਹੈ ਪਰ ਮਹਾਰਾਜ ਨੇ ਜੰਗ ਦੇ ਨਾ ਸਿਰਫ਼ ਨੇਮ ਬਣਾਏ ਤੇ ਪਾਲੇ ਸਗੋਂ ਇਕ ਐਸਾ "ਰੈੱਡ ਕਰਾਸ" ਬਣਾਇਆ ਜਿਸ ਨੇ ਸਿੱਖੀ ਆਦਰਸ਼ਾਂ ਨੂੰ ਸਹੀ ਅਰਥਾਂ ਵਿਚ ਮੂਰਤੀਮਾਨ ਕੀਤਾ। ਭਾਈ ਕਨ੍ਹਈਆ ਨਿਰਕਪਟ ਤੇ ਨਿਰਛਲ ਸੇਵਾ ਦੇ ਪ੍ਰਤੀਕ ਹਨ।

ਜਿਵੇਂ ਅਸਾਂ ਅਵੇਸਲੇਪਣ ਵਿਚ ਹੋਰ ਮਹਾਨ ਵਿਅਕਤੀਆਂ ਨਾਲ ਕੀਤੀ ਹੈ, ਕੁਝ ਉਸੇ ਤਰ੍ਹਾਂ ਭਾਈ ਕਨ੍ਹਈਆ ਜੀ ਦਾ ਵੀ ਹਾਲ ਕੀਤਾ ਹੈ। ਭਾਵੇਂ ਭਾਈ ਕਨ੍ਹਈਆ ਜੀ ਬਾਰੇ ਲਿਖਤੀ ਰੂਪ ਵਿਚ ਬਹੁਤ ਕੁਝ ਪਿਆ ਹੋਇਆ ਹੈ, ਪਰ ਫਿਰ ਵੀ ਅਸੀਂ ਅਣਜਾਣਪੁਣੇ ਵਿਚ ਉਨ੍ਹਾਂ ਨੂੰ ਮਾਸ਼ਕੀ, ਭਿਸ਼ਤੀ ਕਹਿੰਦੇ ਨਹੀਂ ਥੱਕਦੇ। ਫਿਰ ਇਸ ਤੋਂ ਵੱਡਾ ਅਨਰਥ ਅਸੀਂ ਇਹ ਕਰਦੇ ਹਾਂ ਕਿ ਇਕ ਅੱਧੀ ਸਾਖੀ ਸੁਣਾ ਕੇ ਭਾਈ ਜੀ ਦੀ ਜੀਵਨੀ ਨੂੰ ਸੰਪੂਰਨ ਹੋਈ ਮਿੱਥ ਲੈਂਦੇ ਹਾਂ। ਉਸ ਕਰਮਸ਼ੀਲ, ਸੰਤ, ਪਰਉਪਕਾਰੀ, ਉਤਸ਼ਾਹ-ਉਮਾਹ ਵਾਲੇ ਬ੍ਰਹਮ-ਗਿਆਨੀ ਦੇ ਜੀਵਨ ਦੀਆਂ ਇਤਨੀਆਂ ਪਾਵਨ ਝਾਕੀਆਂ ਹਨ ਕਿ ਉਨ੍ਹਾਂ ਦੀ ਸ਼ਖ਼ਸੀਅਤ ਨਵਾਂ ਹੀ ਰੂਪ ਧਾਰ ਸਾਹਮਣੇ ਆਉਂਦੀ ਹੈ।

ਮਹਾਨ ਕੋਸ਼ ਦੇ ਵਿਦਵਾਨ ਲਿਖਾਰੀ ਅਨੁਸਾਰ ਭਾਈ ਸਾਹਿਬ ਦਾ ਜਨਮ ਪਿੰਡ ਸੋਧਰੇ (ਵਜ਼ੀਰਾਬਾਦ ਪਾਸ) ਖੱਤਰੀ ਘਰ ਵਿਚ ਹੋਇਆ। ਸੋਹਦਰਾ, ਦਰਿਆ ਚਨਾਬ ਕਿਨਾਰੇ ਵਜ਼ੀਰਾਬਾਦ ਤੋਂ ਪੰਜ ਮੀਲ ਦੀ ਵਾਟ ਤੇ ਹੈ। ਨਗਰ ਦੇ ਸੌ ਦਰਵਾਜ਼ੇ ਹੋਣ ਕਾਰਨ 'ਸੌਦਰਾ' ਕਹਿਲਾਇਆ ਤੇ ਫਿਰ ਇਹ ਹੀ ਸੋਹਧਰਾ ਤੇ ਸੋਧਰਾ ਬਣ ਗਿਆ। ਉਸ ਨਗਰ ਵਿਚ ਇਕ ਬਾਗ਼ ਨੌਲੱਖਾ ਸੀ। ਉਸ ਜ਼ਮਾਨੇ ਨੌਂ ਲੱਖ ਲੱਗੇ ਸਨ ਸੋ 'ਨੌ ਲੱਖਾ' ਹੋਆ। ਜਨਮ ਦੇ ਸ਼ਾਲ ਬਾਰੇ 'ਪਰਚੀਆਂ ਭਾਈ ਕਨ੍ਹਈਆ' ਦਾ ਲਿਖਾਰੀ ਕਹਿੰਦਾ ਹੈ ਕਿ ਉਹ ੧੬੪੭ ਈਸਵੀ ਸੀ।

ਉਨ੍ਹਾਂ ਦਾ ਅਕਾਲ-ਚਲਾਣਾ ੭੧ ਸਾਲ ਦੀ ਉਮਰ ਵਿਚ ਹੋਇਆ।

ਆਪ ਜੀ ਦੇ ਪਿਤਾ ਜੀ ਇਕ ਵੱਡੇ ਸੁਦਾਗਰ ਸਨ ਤੇ ਸ਼ਾਹੀ ਫ਼ੌਜਾਂ ਨੂੰ ਰਸਦ ਪਾਣੀ ਪਹੁੰਚਾਣ ਦਾ ਕਾਰਜ ਕਰਦੇ ਸਨ। ਅਜੇ ਭਾਈ ਸਾਹਿਬ ਛੋਟੇ ਹੀ ਸਨ ਕਿ ਪਰਉਪਕਾਰ ਦਾ ਅੰਕੁਰ ਵਧ ਫੁੱਟ ਬਾਹਰ ਨਿਕਲਣ ਲੱਗਾ। ਆਪ ਜਦ ਘਰੋਂ ਬਾਹਰ ਜਾਂਦੇ ਆਪਣੀਆਂ ਜੇਬਾਂ ਨੂੰ ਕਉਡੀਆਂ, ਪੈਸਿਆਂ ਤੇ ਰੁਪਿਆਂ ਨਾਲ ਭਰ ਲੈਂਦੇ ਤੇ ਲੋੜਵੰਦਾਂ ਵਿਚਕਾਰ ਵੰਡ ਦਿੰਦੇ। ਉਨ੍ਹਾਂ ਦਾ ਬੇਗਾਰ ਫੜੇ ਲੋਕਾਂ ਨੂੰ ਬੇਗਾਰੀ ਕਰਦੇ, ਜ਼ੁਲਮ ਸਹਿੰਦੇ ਦੇਖ ਦਿਲ ਦੁਖਦਾ ਸੀ। ਜਦ ਜ਼ਰਾ ਕੁ ਵੱਡੇ ਹੋਏ ਤਾਂ ਵੱਡੀ ਸੜਕ ਕਿਨਾਰੇ ਜਾ ਕੇ ਆਪੂੰ ਬੇਗਾਰੀਆਂ ਦਾ ਭਾਰ ਉਠਾ ਲੈਂਦੇ ਤੇ ਕਈ-ਕਈ ਮੀਲ ਉਨ੍ਹਾਂ ਨੂੰ ਸਾਹ ਕਢਾਂਦੇ ਅਤੇ ਫਿਰ ਕੋਲੋਂ ਪੈਸੇ ਦੇ ਕੇ ਉਸ ਨੂੰ ਵਿਦਾ ਕਰਦੇ। ਪਿਤਾ ਜੀ ਨੇ ਕਈ ਵਾਰੀ ਸਖ਼ਤ ਗੁੱਸੇ ਹੋਣਾ ਤੇ ਮਾਤਾ ਜੀ ਨੇ ਸਮਝਾਉਣਾ, "ਬੇਟਾ, ਇਸ ਤਰ੍ਹਾਂ ਕਰਨ ਨਾਲ ਸਾਡੇ ਘਰ ਦੀ ਬਦਨਾਮੀ ਹੁੰਦੀ ਹੈ, ਤੈਨੂੰ ਇਸ ਤਰ੍ਹਾਂ ਭਾਰ ਚੁੱਕ ਚੁੱਕ ਨਹੀਂ ਫਿਰਨਾ ਚਾਹੀਦਾ," ਤਾਂ ਆਪ ਜੀ ਨੇ ਬੜੇ ਠਰ੍ਹਮੇ ਨਾਲ ਕਹਿਣਾ, "ਮਾਂ, ਘਰਾਂ ਵਿਚ ਆਖਰ ਬਾਉਲੇ ਪੁੱਤਰ ਵੀ ਹੁੰਦੇ ਹੀ ਹਨ, ਮੈਨੂੰ ਬਾਉਲਾ ਹੀ ਸਮਝ ਛੱਡ।" ਪਰ ਕੀ ਜਾਣੇ ਮਾਂ ਤੇ ਜਗਤ ਇਹ 'ਬਾਉਲਾਪਣ' ਹੀ ਤਾਂ ਮਹਾਂਪੁਰਸ਼ਾਂ ਦਾ ਵੱਡਾ ਲੱਛਣ ਹੈ। ਦੁਨੀਆਂ ਨੇ ਤਾਂ ਸ੍ਰਿਸ਼ਟੀ ਦੇ ਮਾਲਕ ਗੁਰੂ ਨਾਨਕ ਨੂੰ ਵੀ "ਭੂਤਨਾ, ਬੇਤਾਲਾ, ਦੀਵਾਨਾ" ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ। ਭਾਈ ਕਨ੍ਹਿਆ ਜੀ ਪਰ-ਪਿਆਰ ਵਿਚ ਹੀ ਦੀਵਾਨੇ ਸਨ।

ਦਿਲ ਵਿਚ ਵੇਦਨਾ ਉੱਠੀ। ਕਰਕ ਕਲੇਜੇ ਹੋਣ ਲੱਗੀ। ਕਿਸੇ ਦੱਸ ਪਾਈ ਲਾਹੌਰ ਜਾਓ। ਲਾਹੌਰ ਪੁੱਜੇ ਹੀ ਸਨ ਕਿ ਪੂਜ ਪਿਤਾ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਪੁੱਜ ਗਈ। ਬਾਕੀ ਭਰਾ ਛੋਟੇ ਸਨ ਤੇ ਵੱਡੇ ਹੋਣ ਦੇ ਨਾਤੇ ਜ਼ਿੰਮੇਵਾਰੀ ਆਪ ਜੀ ਦੇ ਸਿਰ ਆਉਂਦੀ ਸੀ। ਆਪ ਜੀ ਨੇ ਪਿਤਾ ਜੀ ਦੇ ਕੰਮ ਨੂੰ ਸੰਭਾਲ ਲਿਆ ਤੇ ਸ਼ਾਹੀ ਫ਼ੌਜਾਂ ਨੂੰ ਰਸਦ-ਪਾਣੀ ਪੁਜਾਣ ਦੇ ਕੰਮ ਉੱਤੇ ਜੁਟੇ ਰਹੇ। ਉਸ ਸਮੇਂ ਰਾਜ ਔਰੰਗਜ਼ੇਬ ਦਾ ਹੋ ਚੁੱਕਾ ਸੀ ਤੇ ਗੁਰੂ ਤਖ਼ਤ ਉੱਤੇ ਗੁਰੂ ਤੇਗ਼ ਬਹਾਦਰ ਜੀ ਬਿਰਾਜਮਾਨ ਸਨ। ਔਰੰਗਜ਼ੇਬ ਦੇ ਕਾਫਲੇ ਵਿਚ ਗੁਰੂ ਤੇਗ਼ ਬਹਾਦਰ ਜੀ ਦੇ ਇਕ ਸਿੱਖ ਭਾਈ ਨਨੂਆਂ ਕੋਲੋਂ ਨਾਵੇਂ ਮਹਲੇ ਦੇ ਸਲੋਕ ਸੁਣੇ। ਐਸੀ ਖਿੱਚ ਪਈ ਕਿ ਪ੍ਰੇਮ ਵਿਚ ਹੀ ਲੀਨ ਹੋ ਗਏ। ਵੈਰਾਗ ਦੀ ਅਵਸਥਾ ਉਪਜ ਪਈ। ਰੁਦਨ ਕਰਨ ਲੱਗੇ। ਮਾਇਆ ਦੀ ਖਿੱਚ ਮੁੱਕ ਗਈ ਤੇ ਜਗਤ-ਸੁਖਾਂ ਦੇ ਕਾਰਨ ਭੁਲਾ ਕੇ ਜੰਗਲਾਂ ਨੂੰ ਨਿਕਲ ਗਏ ਪਰ ਮੁੱਖ ਤੋਂ ਇਹ ਹੀ ਬਚਨ ਨਿਕਲਣ "ਕੋਈ ਜਨ ਹਰਿ ਸਿਉ ਦੇਵੈ ਜੋਰ।" ਕਾਫ਼ਲੇ ਦੇ ਸਰਬਰਾਹ ਤੇ ਸੂਬੇਦਾਰ ਨੇ, ਜੋ ਮੁਹਿੰਮ ਉੱਤੇ ਚੜ੍ਹਿਆ ਸੀ, ਭਾਈ ਜੀ ਦੀ ਬਹੁਤ ਹੀ ਢੂੰਡ-ਭਾਲ ਕੀਤੀ ਤੇ ਕਰਵਾਈ। ਕਿਸੇ ਸੂਬੇਦਾਰ ਨੂੰ ਪੁੱਛ ਹੀ ਲਿਆ ਕਿ ਭਾਈ ਜੀ ਦੀ ਇਤਨੀ ਢੂੰਡ-ਭਾਲ ਕਿਉਂ ਕਰਵਾ ਰਹੇ ਹੋ ਤਾਂ ਸੂਬੇਦਾਰ ਨੇ ਕਿਹਾ ਕਿ ਉਸ ਦਾ ਦੀਦਾਰ ਕਰਨਾ ਚਾਹੁੰਦਾ ਹਾਂ, ਜਿਸ ਨੇ ਮਾਇਆ ਜੈਸੀ ਸਰਪਨੀ ਤੋਂ ਆਪਣੇ ਆਪ ਨੂੰ ਛੁਡਾਇਆ ਹੈ। ਫਿਰ ਵਿਸ਼ੇ ਭੋਗਾਂ ਉੱਤੇ ਮਨ ਨੂੰ ਕਾਬੂ ਕੀਤਾ ਹੈ। ਉਸ ਨੂੰ ਅੱਲਾਹ ਨੇ ਕੋਈ ਵੱਡੀ ਸੁਰਮਗਤੀ ਬਖ਼ਸ਼ੀ ਹੈ।

ਭਾਈ ਜੀ ਜੰਗਲ-ਜੰਗਲ ਫਿਰ ਰਹੇ ਸਨ। ਪਿੰਡਾਂ ਤੋਂ ਦੂਰ, ਲੋਕਾਂ ਤੋਂ ਪਰ੍ਹੇ। ਕਈ ਦਿਨਾਂ ਦੇ ਭੁੱਖੇ ਨੂੰ ਇਕ ਸਮੇਂ ਇਕ ਜੱਟ ਨੇ ਆਪਣੇ ਨਾਲ ਪ੍ਰਸ਼ਾਦ ਛਕਾਇਆ ਤੇ ਉਨ੍ਹਾਂ ਨੂੰ ਪ੍ਰਸ਼ਾਦ

ਛਕਦਾ ਦੇਖ ਕੇ ਕੁਝ ਕੁਹੜੇ ਬਚਨ ਵੀ ਬੋਲੇ ਤਾਂ ਆਪ ਨੇ ਬੜੇ ਪਿਆਰ ਨਾਲ ਆਪਣੀ ਅਵਸਥਾ ਦੱਸੀ। ਫਿਰਦੇ, ਭਟਕਦੇ ਨੂੰ ਇਕ ਸਿੱਖ ਮਿਲਿਆ ਤਾਂ ਉਸ ਕੋਲੋਂ "ਗੋਬਿੰਦ ਪਾਉਣ ਦੀ ਵਿਧੀ" ਪੁਛੀ। ਉਸ ਮਹਾਂ ਪੁਰਸ਼ ਨੇ ਕਿਹਾ ਕਿ "ਉਸ ਕੋਲ ਕੋਈ ਨੁਸਖਾ ਨਹੀਂ ਹੈ ਜੋ ਪਰਮਾਤਮਾ ਮਿਲਾ ਦੇਵੇ ਪਰ ਇਕ ਸਮਝ ਦੱਸਦਾ ਹਾਂ ਗੋਬਿੰਦ ਪਾਵਨੇ ਕੀ। ਗੋਬਿੰਦ ਸਿਉ ਮੇਲ ਲੋਕਾਂ ਕੋ ਮਿਲ ਕਰ ਹੋਵੇਗਾ। ਗੋਬਿੰਦ ਲੋਕ ਨਗਰ ਅਰ ਮਨੁੱਖੋਂ ਮੇ ਹੋਤੇ ਹੈਂ, ਤੁਸੀਂ ਲੋਕਾਂ ਵਿਚ ਤਾਂ ਜਾਂਦੇ ਨਹੀਂ। ਸੋਨਾ ਰਾਖ ਵਿਚ ਪਿਆ ਹੈ, ਰਾਖ ਸੁਟਣ ਨਾਲ ਸੋਨਾ ਵੀ ਖੁਸ ਜਾਂਦਾ ਹੈ।" ਉਸ ਉਪਰੰਤ ਜੰਗਲ ਛੱਡ ਨਗਰਾਂ ਵਿਚ ਜਾਣ ਲੱਗੇ। ਰਾਤ ਨੂੰ ਟਿਕਾਣਾ ਧਰਮਸਾਲਾ ਕਰਦੇ। ਧਰਮਸਾਲਾ ਵਿਖੇ ਧਰਮਸਾਲੀਆਂ ਵਿਚ ਕੁਤੱਤਨ ਦੇਖੀ ਪਰ ਉਹ ਤਾਂ ਸੋਨੇ ਦੀ ਭਾਲ ਵਿਚ ਨਿਕਲੇ ਹੋਏ ਸਨ। ਇਕ ਟਹਿਲੂਏ ਨੇ ਪਾਣੀ ਮੰਗਣ ਤੇ ਉਨ੍ਹਾਂ ਨੂੰ ਕੌੜੇ ਬਚਨ ਬੋਲੇ ਪਰ ਭਾਈ ਸਾਹਿਬ ਜੀ ਪਾਣੀ ਮੰਗਦੇ ਹੀ ਰਹੇ। ਉਸ ਟਹਿਲੂਏ ਦੀ ਮਾਤਾ ਨੇ ਪਾਣੀ ਪਿਲਾਇਆ। ਕਿਸੇ ਉਨ੍ਹਾਂ ਨੂੰ ਇਤਨੀ ਨਿਰਾਦਰੀ ਪਿੱਛੋਂ ਪਾਣੀ ਪੀਂਦਾ ਦੇਖ ਪੁਛ ਹੀ ਲਿਆ ਕਿ ਪਾਣੀ ਦੀ ਕੀ ਗੱਲ ਸੀ, ਕਿਧਰੋਂ ਹੋਰ ਪੀ ਲੈਂਦੇ, ਇਤਨੀ ਨਿਰਾਦਰੀ ਕਿਉਂ ਝੱਲੀ।" ਆਪ ਜੀ ਨੇ ਮੁਸਕਰਾ ਕੇ ਫ਼ਰਮਾਇਆ ਪਾਣੀ ਦੀ ਸੱਚਮੁੱਚ ਕੋਈ ਗੱਲ ਨਹੀਂ ਸੀ, ਇਥੋਂ ਬਗੈਰ ਪੀਤੇ ਚਲੇ ਜਾਂਦੇ ਤਾਂ ਤਪਦੇ ਹੋਏ ਹਿਰਦੇ ਨਾਲ ਜਾਣਾ ਸੀ ਤੇ ਇਸ ਸੇਵਾਦਾਰ ਉੱਤੇ ਦੋਸ਼ ਆਉਣਾ ਸੀ। ਇਹ ਸੰਭਵ ਸੀ ਕਿ ਉਸ ਤਪਦੇ ਮਨ ਵਿਚੋਂ ਕੁਝ ਕੌੜੇ ਬਚਨ ਵੀ ਨਿਕਲ ਜਾਂਦੇ। ਹੁਣ ਪਾਣੀ ਪੀਤਾ ਹੈ ਤੇ ਇਸ ਦੇ ਘਰ ਨੂੰ ਦੁਆਈਂ ਦਿੱਤੀਆਂ ਹਨ। ਮਨ ਦਾ ਧਿਆਨ ਪਾਣੀ ਵੱਲ ਨਹੀਂ ਰਿਹਾ ਤੇ ਇਸ ਵਲੋਂ ਵੀ ਧਿਆਨ ਟੁੱਟ ਗਿਆ ਹੈ। ਕਾਫ਼ੀ ਸਮਾਂ ਇਸ ਤਰ੍ਹਾਂ ਹੀ ਵਿਚਰਦੇ ਰਹੇ।

ਫਿਰਦੇ ਫਿਰਾਂਦੇ ਨੂੰ ਇਕ ਗੁਰਸਿੱਖ ਨਾਲ ਮੇਲ ਹੋਇਆ ਤੇ ਉਸ ਨੂੰ ਸਾਰੀ ਮਨ ਦੀ ਦਸ਼ਾ ਦੱਸੀ ਤੇ ਗ੍ਰਿਹਿਸਤ ਤਿਆਗਣ ਦਾ ਹਾਲ ਦੱਸਿਆ। ਉਸ ਗੁਰਸਿੱਖ ਨੇ ਕਿਹਾ ਕਿ ਤੁਸਾਂ ਗ੍ਰਿਹਿਸਤ ਤਿਆਗ ਕੇ ਅਤੀਤ ਦਾ ਭੇਖ ਜ਼ਰੂਰ ਲਿਆ ਹੈ ਪਰ ਸੱਚੀ ਬੁੱਧ ਦਾ ਵੀਚਾਰ ਨਹੀਂ ਕੀਤਾ। ਸੱਚੀ ਵੀਚਾਰ ਤੋਂ ਬਗੈਰ ਮਰਨ ਤੋਂ ਛੁਟਕਾਰਾ ਨਹੀਂ ਮਿਲਦਾ। ਅਸਲ ਫ਼ਕੀਰ ਉਹੀ ਹੈ ਜੋ ਭੋਜਨ ਦੀ ਪ੍ਰਬਲਤਾ ਨਾਲ ਮਾਇਆ ਦੀ ਲਾਲਸਾ ਤਿਆਗਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤਿਆਗਦਾ ਹੈ। ਅੰਤਰ ਦਾ ਪਰਚਾ ਨਾਮ ਸਿਉ ਕਰਦਾ ਹੈ। ਚਿਤਵਨੀਆਂ ਹੀ ਤਿਆਗ ਦਿੰਦਾ ਹੈ। ਐਸੇ ਫ਼ਕੀਰ ਨਾਲ ਲੱਗ ਕੇ ਪੂਜਣ ਵਾਲੇ ਵੀ ਮੁਕਤ ਹੋ ਜਾਂਦੇ ਹਨ ਪਰ ਜੋ ਫ਼ਕੀਰ ਦਾ ਭੇਖ ਪਹਿਣ ਕੇ ਮਨ ਦਾ ਕਿਹਾ ਕਰਦਾ ਹੈ, ਚੋਰ ਉਚੱਕਾ ਹੈ, *ਫ਼ਕੀਰ ਹੋ ਕੇ ਮਾਇਆਧਾਰੀ ਢੂੰਡਦਾ ਹੈ, ਉਹ ਬਾਜ਼ਾਰੀਆ ਹੈ।"* ਭਾਈ ਸਾਹਿਬ ਨੇ ਪੁੱਛਿਆ ਕਿ ਅਬਿਨਾਸ਼ੀ ਖੇਮ ਕਿਥੋਂ ਮਿਲੇ ਤਾਂ ਸਿੱਖ ਨੇ ਕਿਹਾ ਕਿ ਅਸਲ ਪ੍ਰਸੰਨਤਾ ਲੈਣ ਵਿਚ ਨਹੀਂ ਦੇਣ ਵਿਚ ਹੈ। ਵਾਹਿਗੁਰੂ ਨੇ ਆਪ ਜੀ ਵਿਚ ਬੀਜ ਪਾਇਆ ਹੈ, ਇਸ ਨੂੰ ਸੇਵਾ ਦਾ ਜਲ ਦਿਓ।' ਪਰ ਭਾਈ ਸਾਹਿਬ ਨੇ ਫਿਰ ਪੁੱਛਿਆ ਕਿ ਐਸਾ ਕੋਈ ਫ਼ਕੀਰ ਹੈ ਜੋ ਬੀਜ ਨੂੰ ਪ੍ਰਸੰਨਤਾ ਦਾ ਫਲ ਲਗਾ ਦੇਵੇ ਤਾਂ ਸਿੱਖ ਨੇ ਬੜੇ ਹੀ ਭਾਵ ਪੂਰਤ ਸ਼ਬਦਾਂ ਵਿਚ ਕਿਹਾ ਕਿ 'ਸਭ ਥਾਵਾਂ ਇਕ ਸਮਾਨ ਹਨ। ਸੁਖ ਦੁਖ ਰਿਦੈ ਕੀ ਬੂਝਿ ਮਹਿ ਹੈ। ਜਬ ਐਸੀ ਬੁਧ ਹੋਵੇਗੀ, ਤਬ ਸੁਖ ਹੋਵੇਗਾ। ਕਾਇਆ ਨਗਰੀ ਮਹਿ ਬਿਬੇਕ ਕੀ ਦੁਹਾਈ ਫੇਰੇ। ਘਟ ਘਟ ਮਹਿ ਰਮਤਾ ਰਾਮ

ਹੈ ਪਰ ਫਿਰ ਵੀ ਫ਼ਕੀਰ ਦੇਖਣਾ ਹੈ ਤਾਂ ਅਨੰਦਪੁਰ ਨੂੰ ਜਾਵੇ।'

ਭਾਈ ਜੀ ਸੰਗਤ ਨਾਲ ਸ੍ਰੀ ਅਨੰਦਪੁਰ ਸਾਹਿਬ ਆਏ। ਆਪ ਜੀ ਨੂੰ ਆਉਂਦਿਆਂ ਹੀ ਪਾਣੀ ਦਾ ਘੜਾ ਭਰ ਲਿਆਉਣ ਲਈ ਗੁਰੂ ਤੇਗ਼ ਬਹਾਦਰ ਜੀ ਨੇ ਹੁਕਮ ਕੀਤਾ। ਆਪ ਜੀ ਨੇ ਜਦ ਪਾਣੀ ਲਿਆਂਦਾ ਤਾਂ ਗੁਰੂ ਸਾਹਿਬ ਨੇ ਹੱਥ ਧੋ ਕੇ ਡੋਲ੍ਹ ਦਿੱਤਾ ਅਤੇ ਹੋਰ ਪਾਣੀ ਦਾ ਘੜਾ ਲਿਆਉਣ ਲਈ ਕਿਹਾ। ਗੁਰੂ ਤੇਗ਼ ਬਹਾਦਰ ਜੀ ਉਸ ਦੇ ਚਿਹਰੇ ਵੱਲ ਦੇਖਦੇ ਰਹੇ। ਉਨ੍ਹਾਂ ਫਿਰ ਪਾਣੀ ਲਿਆਂਦਾ, ਮਹਾਰਾਜ ਨੇ ਪੈਰ ਧੋ ਕੇ ਬਾਕੀ ਦਾ ਡੋਲ੍ਹ ਦਿੱਤਾ। ਇਸ ਤਰ੍ਹਾਂ ਤਿੰਨ ਮਹੀਨੇ ਹੁੰਦਾ ਰਿਹਾ। ਗੁਰੂ ਮਾਲਕ ਦੇਖ ਰਹੇ ਸਨ ਕਿ ਜੇ ਅੱਜ ਗੁਰੂ ਦਾ ਪਾਣੀ ਡੋਲ੍ਹਣਾ ਇਸ ਨੂੰ ਚੁੱਭਿਆ ਤਾਂ ਆਉਣ ਵਾਲੇ ਸਮੇਂ ਇਹ ਸਭ ਨੂੰ ਇਕ ਜਾਣ ਕੇ ਪਾਣੀ ਕਿਵੇਂ ਪਿਲਾਏਗਾ ਪਰ ਭਾਈ ਕਨ੍ਹਿਆ ਜੀ ਤਾਂ ਅਨੰਤ ਨੂੰ ਲੱਭਣ ਲਈ ਆਏ ਸਨ। ਉਨ੍ਹਾਂ ਇਹ ਬਿਖੜੀ ਕਾਰ ਨਿਬਾਹੀ। ਨਾ ਗੁਰੂ ਦੀ ਕਰਨੀ ਤੇ ਕੋਈ ਗਿਲਾ ਕੀਤਾ, ਨਾ ਕਿੰਤੂ ਤੇ ਨਾਹੀ ਚਿੰਤਾ। ਗੁਰੂ ਤੇਗ਼ ਬਹਾਦਰ ਜੀ ਨੇ ਨਜ਼ਰ ਭਰ ਕੇ ਭਾਈ ਕਨ੍ਹਿਆ ਵੱਲ ਦੇਖਿਆ ਤਾਂ ਸਾਖੀਕਾਰ ਲਿਖਦਾ ਹੈ ਕਿ "ਉਸ ਸਮੇਂ ਦੇਹੀ ਸ਼ਾਂਤ ਚਿਤ ਹੋ ਗਈ। ਸਰੀਰ ਮਹਿ ਅਸਰੀਰ ਭਾਸ ਆਇਆ।" ਆਪ ਜੀ ਨੇ ਕੁਝ ਚਿਰ ਹੋਰ ਜਦ ਸੰਗਤਾਂ ਤੇ ਗੁਰੂ ਸਾਹਿਬ ਦੇ ਘੋੜਿਆਂ ਦੀ ਸੇਵਾ ਕੀਤੀ ਤਾਂ ਬਖ਼ਸ਼ਿਸ਼ਾਂ ਕਰਦੇ ਨੌਵੇਂ ਪਾਤਸ਼ਾਹ ਨੇ ਫ਼ਰਮਾਇਆ : *"ਇਹ ਦਾਤ ਭਰੋਸਗੀ ਦੀ ਤੁਹਾਨੂੰ ਮਿਲੀ ਹੈ, ਹੋਰਨਾਂ ਨੂੰ ਵੀ ਵੰਡੋ।"* ਪਰ ਭਾਈ ਸਾਹਿਬ ਕਹਿਣ ਲੱਗੇ ਕਿ ਕ੍ਰਿਪਾ ਕਰਕੇ ਆਪਣੇ ਚਰਨਾਂ ਪਾਸ ਰੱਖੋ ਤਾਂ ਫਿਰ ਗੁਰੂ ਜੀ ਨੇ ਸਮਝਾਇਆ : "ਗੁਰੂ ਵਸਤੂ ਬਿਬੇਕ ਹੈ। ਬਿਬੇਕ ਸਹਿਤ ਜੋ ਕਰਮ ਕਰਨੇ ਹਨ, ਇਹ ਹੀ ਚਰਨਾਂ ਪਾਸ ਰਹਿਣਾ ਹੈ, ਕਿਸੇ ਜੀਵ ਦਾ ਹਿਰਦਾ ਪ੍ਰਸੰਨ ਕਰਨਾ, ਕਿਸੇ ਨੂੰ ਗੁਰਮਤਿ ਦੀ ਘਾਸੀ (ਛਾਪ) ਪਾਉਣੀ, ਇਹ ਹੀ ਗੁਰ ਸੇਵਾ ਹੈ।" ਇਹ ਬਚਨ ਸੁਣ ਕੇ ਆਪ ਜੀ ਅਟਕ ਦੇ ਲਾਗੇ ਚਲੇ ਗਏ।

ਅਟਕ ਤੋਂ ਕੋਈ ਵੀਹ ਕੋਹ ਉਰਾਂ ਕਵੇ ਪਿੰਡ ਧਰਮਸਾਲ ਰਚ ਕੇ ਸੇਵਾ ਤੇ ਪ੍ਰਚਾਰ ਦਾ ਪ੍ਰਵਾਹ ਚਲਾਇਆ। ਜਲ ਦੀ ਇਲਾਕੇ ਵਿਚ ਥੁੜ੍ਹ ਸੀ, ਥਾਂ-ਥਾਂ ਖੂਹ ਪੁਟਵਾ ਕੇ ਛਬੀਲਾਂ ਲੁਆਈਆਂ। ਰਾਹ ਬਿਖੜੇ ਸਨ, ਇਸ ਲਈ ਰਾਹੀਆਂ ਲਈ ਰੈਣ ਬਸੇਰੇ ਬਣਾਏ। ਧਰਮਸਾਲ ਦੀ ਐਸੀ ਸੋਭਾ ਸੀ ਕਿ ਉਥੇ ਸਭ ਵਰਣਾਂ, ਧਰਮਾਂ ਦੇ ਲੋਕੀਂ ਆ ਕੇ ਟਿਕਦੇ ਸਨ। ਗੁਰਬਾਣੀ ਵੀਚਾਰ ਹੁੰਦੀ ਰਹਿੰਦੀ ਸੀ। ਧਰਮਸਾਲ ਵਿਚ ਕੋਈ ਵੀ ਵਿਅਰਥ ਵਾਰਤਾਲਾਪ ਨਹੀਂ ਹੁੰਦਾ ਸੀ। ਹਰ ਕੋਈ ਪ੍ਰੀਤ ਸਹਿਤ ਵਿਹਾਰ ਕਰਦਾ ਸੀ। ਕੀਰਤਨ ਲਈ ਰਬਾਬੀਆਂ ਨੂੰ ਉਚੇਚਾ ਬੁਲਾਇਆ ਗਿਆ ਸੀ। ਹਰ ਆਏ ਜੀਅ ਨੂੰ ਸਕੇ ਸੰਬੰਧੀਆਂ ਤੋਂ ਵੱਧ ਆਦਰ ਮਿਲਦਾ ਸੀ। ਭਾਈ ਜੀ ਦਾ ਮੁਖ ਉਪਦੇਸ਼ ਸੀ, *"ਸਾਡਾ ਪੰਥ ਏਕਤਾ ਦਾ ਹੈ। ਸਭ ਜੀ ਸਾਡੇ ਹਨ। ਜਲ ਭਰਨ ਵਾਲਾ ਤੇ ਪੀਣ ਵਾਲਾ ਇਕ ਹੈ।"* ਉਥੋਂ ਹਰ ਸਾਲ ਅਨੰਦਪੁਰ ਆਉਂਦੇ।

੧੧ ਨਵੰਬਰ, ੧੬੭੫ ਨੂੰ ਸ਼ਾਹੀ ਫ਼ਰਮਾਨ ਦੁਆਰਾ ਗੁਰੂ ਤੇਗ਼ ਬਹਾਦਰ ਜੀ ਸ਼ਹੀਦ ਹੋ ਗਏ। ਆਪ ਜੀ ਨੇ ਜਦ ਗੁਰੂ ਜੀ ਦੀ ਸ਼ਹਾਦਤ ਦਾ ਸੁਣਿਆ ਤਾਂ ਕਈ ਦਿਨ ਚੁੱਪ ਰਹੇ। ਉਥੋਂ ਅਨੰਦਪੁਰ ਆਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਪੁਜਿਆ ਕਿ ਜੋ ਵੀ ਸਾਡਾ ਸਿੱਖ ਹੈ, ਸ਼ਸਤਰ ਪਹਿਨੇ ਪਰ ਆਪ ਜੀ ਪਾਣੀ ਦੀਆਂ ਮਸ਼ਕਾਂ ਭਰ-ਭਰ ਲਿਆਉਂਦੇ ਤੇ ਪਿਆਸਿਆਂ ਦੀ ਪਿਆਸ ਬੁਝਾਂਦੇ। ਆਪ ਜੀ ਨੂੰ ਸ਼ਸਤਰ ਨਾ ਪਾਏ ਦੇਖ ਕੇ ਇਕ ਸਿੱਖ ਨੇ

ਕਿਹਾ ਕਿ ਗੁਰੂ ਦੀ ਖ਼ੁਸ਼ੀ ਲੈਣੀ ਜੇ ਤਾਂ ਸ਼ਸਤਰ ਜ਼ਰੂਰ ਪਾਵੇ। ਆਪ ਜੀ ਨੇ ਕ੍ਰਿਪਾਨ ਪਹਿਣ ਲਈ। ਇਕ ਦੂਜੇ ਸਿੱਖ ਨੇ ਪੁਛਿਆ ਭਾਈ ਜੀ ਤੁਸਾਂ ਕ੍ਰਿਪਾਨ ਕਿਸ ਲਈ ਪਹਿਣੀ ਹੈ ਤਾਂ ਨਿਰਛਲ ਜੀਵ ਨੇ ਕਿਹਾ, "ਜਦ ਕੋਈ ਮਾਰਨ ਆਵੇਗਾ ਤਾਂ ਤੇਗ਼ਾ ਕੱਢ ਕਰ ਉਸ ਨੂੰ ਦਿਆਂਗਾ ਤੇ ਆਖਾਂਗਾ ਕਿ ਜੇ ਮਾਰਨਾ ਹੀ ਤਾਂ ਗੁਰੂ ਦੀ ਕ੍ਰਿਪਾਨ ਨਾਲ ਮਾਰ।" ਜਦ ਐਸੇ ਨਿਰਵੈਰ ਬਚਨਾਂ ਦੀ ਗੱਲ ਗੁਰੂ ਗੋਬਿੰਦ ਸਿੰਘ ਜੀ ਤੱਕ ਪੁੱਜੀ ਤਾਂ ਉਨ੍ਹਾਂ ਫ਼ਰਮਾਇਆ ਕਿ ਇਸ ਨੂੰ ਕਿਸ ਨੇ ਤੇਗ਼ ਪਹਿਨਣ ਲਈ ਕਿਹਾ ਹੈ, ਇਸ ਦੀ ਘਾਲ ਉਹ ਹੀ ਜੋ ਗੁਰੂ ਪਿਤਾ ਜੀ ਇਸ ਨੂੰ ਦੱਸ ਗਏ ਹਨ। ਇਹ ਇਸੀ ਘਾਲ ਵਿਚ ਸਾਬਤ ਹੈ। ਆਪ ਜੀ ਨੇ ਅੱਗੇ ਵਧ ਕੇ ਗੁਰੂ ਗੋਬਿੰਦ (ਸਿੰਘ) ਜੀ ਦੇ ਚਰਨ ਪਕੜ ਲਏ ਤੇ ਮਨ ਵਿਚ ਪੱਕਾ ਧਾਰ ਲਿਆ ਕਿ ਗੁਰੂ ਗੋਬਿੰਦ (ਸਿੰਘ) ਜੀ ਵੀ ਜੋ ਕਰਮ ਕਰ ਰਹੇ ਹਨ, ਉਹ ਉਪਕਾਰ ਹੀ ਹੈ। ਤੇਗ਼ ਸੁਟਵਾ ਕੇ ਸੇਵਾ ਲਈ ਤਤਪਰ ਕਰਨਾ ਵੀ ਗੁਰੂ ਸੂਰਮੇ ਦਾ ਕੰਮ ਹੈ। ਗੁਰੂ ਜੀ ਨੇ ਤਿੰਨ ਵਾਰੀ ਨਿਹਾਲ, ਨਿਹਾਲ, ਨਿਹਾਲ ਆਖ ਕੇ ਸਚਮੁੱਚ ਹੀ ਭਾਈ ਜੀ ਨੂੰ ਨਿਹਾਲ ਕਰ ਦਿੱਤਾ। ਭਾਈ ਜੀ ਤਾਂ ਅੱਗੇ ਹੀ ਸੇਵਾ ਵਿਚ ਜੁਟੇ ਹੋਏ ਸਨ ਪਰ ਹੁਣ ਤਾਂ ਸਰੀਰ ਦੀ ਸੁਧ ਬੁਧ ਹੀ ਭੁਲ ਗਈ। ਸਰੀਰ ਨੂੰ ਬਸਤਰ ਨਿਆਈਂ ਕਹਿੰਦੇ। ਤ੍ਰਿਸ਼ਨਾ ਉੱਤੇ ਉਨ੍ਹਾਂ ਪੂਰਾ ਬਲ ਪਾ ਲਿਆ ਸੀ। ਜਿਵੇਂ ਜਲ ਅੱਗ ਨੂੰ ਠੰਢਾ ਕਰਦਾ ਹੈ, ਤਿਵੇਂ ਘਾਲ ਕਰਕੇ ਉਹ ਨਿਰਛਲ, ਨਿਰਕਪਟ, ਨਿਰਵੈਰ ਵਿਅਕਤੀ ਬਣ ਗਏ ਸਨ। ਜੇ ਕੋਈ ਸਤਿਕਾਰ ਹਿਤ ਪਦਾਰਥ ਭੇਟ ਵੀ ਕਰਦਾ ਤਾਂ ਉਸ ਸਮੇਂ ਲੋੜਵੰਦਾਂ ਨੂੰ ਵੰਡ ਦਿੰਦੇ। ਬਹੁਤਾ ਸਮਾਂ ਜਲ ਸੇਵਾ ਵਿਚ ਲਗਾਂਦੇ। ਸੇਵਾ ਦੀ ਮਹੱਤਤਾ ਦ੍ਰਿੜ੍ਹ ਕਰਾਉਂਦੇ ਹੋਏ ਕਹਿੰਦੇ ਕਿ *'ਜਿਸ ਤਰ੍ਹਾਂ ਕੋਈ ਸਰਾਫ਼ ਪਾਸੋਂ ਸਰਾਫ਼ੀ ਸਿਖਣਾ ਚਾਹੇ ਤਾਂ ਸਿਰਫ਼ ਉਪਦੇਸ਼ ਸੁਣਨ ਨਾਲ ਸਰਾਫ਼ੀ ਦਾ ਗੁਣ ਨਹੀਂ ਆ ਜਾਂਦਾ। ਰਹਿਤ ਨਾਲ ਹੀ ਪਰਮਾਤਮਾ ਮਿਲਦਾ ਹੈ, ਨਿਰੇ ਉਪਦੇਸ਼ ਨਾਲ ਤਾਂ ਮਨ ਸਗੋਂ ਢੀਠ ਹੋ ਜਾਂਦਾ ਹੈ, ਠਠਿਆਰਾਂ ਦੀ ਬਿੱਲੀ ਵਾਂਗ। ਮਨ ਦੀ ਮੈਲ ਸੇਵਾ ਹੀ ਉਤਾਰ ਸਕੇਗੀ।'* ਜਦ ਅੱਗੋਂ ਕਿਸੇ ਪੁੱਛਿਆ ਕਿ ਸੇਵਾ ਕਿਸ ਦੀ ਕਰੀਏ ਤਾਂ ਕਹਿਣ ਲੱਗੇ, "ਘਟ ਘਟ ਮੇ ਰਮਤ ਰਾਮ" ਨੂੰ ਜਾਣ ਕਰ ਸੇਵਾ ਕਰਨੀ ਭਲੀ ਯੁਕਤ ਹੈ। ਗਵਾਂਢੀ ਲੋਕ ਤਾਂ ੨੪ ਅਵਤਾਰ ਮੰਨਦੇ ਹਨ ਪਰ ਗੁਰੂ ਦਾ ਸਿੱਖ ਤਾਂ ਜੇਤੇ ਪ੍ਰਾਣੀ ਮਾਤਰ ਹੈ, ਸਭੀ ਅਵਤਾਰ ਦ੍ਰਿਸ਼ਟੀ ਦੇਖਦੇ ਹਨ। ਨਿਸਚਾ ਐਸਾ ਬਣ ਜਾਂਦਾ ਹੈ ਕਿ ਸਾਰੇ ਜੀਵ ਪ੍ਰਮਾਤਮਾ ਤੋਂ ਉਤਪੰਨ ਹੋਏ ਲਗਦੇ ਹਨ। ਬੁੱਧੀ ਵਿਸ਼ਾਲ ਹੋ ਜਾਂਦੀ ਹੈ ਤੇ ਘੇਰਾ ਗਗਨ ਜਿਨਾ ਚੌੜਾ।" ਫਿਰ *"ਗਗਨ ਮੈ ਥਾਲ ਰਵਿ ਚੰਦ ਦੀਪਕ ਬਣੇ"* ਦੇ ਸ਼ਬਦ ਦੀ ਧੁਨੀ ਲਗਾ ਦਿੰਦੇ। ਨਿਰੇ ਭੋਗਾਂ ਭੋਗਣ ਵਾਲੇ ਨੂੰ ਕਹਿੰਦੇ ਕਿ *"ਉਦਰ ਲਈ ਖਾਓ, ਮਨ ਲਈ ਨ ਖਾਓ।"* ਨਿੰਦਿਆ ਤੋਂ ਸਦਾ ਹੀ ਵਰਜਦੇ। ਆਖਦੇ, *"ਮਤ ਉਹ ਹੀ ਉੱਚੀ ਹੈ ਜੋ ਨਿੰਦਿਆ ਤੋਂ ਰਹਿਤ ਹੈ। ਨਿੰਦਿਆ ਵਾਲੀ ਵੀ ਕੋਈ ਮਤ ਹੈ।"*

ਅਨੰਦਪੁਰ ਤੋਂ ਪਾਉਂਟਾ ਸਾਹਿਬ ਨਾਲ ਹੀ ਗਏ ਤੇ ਜਦ ਜੰਗਾਂ ਦਾ ਦੌਰ ਚੱਲ ਪਿਆ ਤਾਂ ਆਪ ਜੀ ਨੇ ਪਾਣੀ ਪਿਲਾਉਣ ਦੀ ਅਤਿ ਕਠਿਨ ਸੇਵਾ ਸੰਭਾਲ ਲਈ। ਜੰਗ ਦੇ ਮੈਦਾਨ ਵਿਚ ਬੇਬਾਕੀ ਨਾਲ ਚਲੇ ਜਾਂਦੇ। ਖੱਬੇ ਹੱਥ ਚਿੱਟਾ ਝੰਡਾ ਰੱਖਦੇ ਤੇ ਕੱਪੜੇ ਵੀ ਸਫ਼ੈਦ ਹੀ ਪਹਿਣਦੇ। ਬਿਨਾਂ ਵਿਤਕਰੇ ਦੇ ਪਾਣੀ ਪਿਲਾਣ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਹਿੰਦੂ-ਮੁਸਲਮਾਨ-ਸਿੱਖ ਦੀ ਲੀਕ ਮੁੱਕ ਚੁਕੀ ਸੀ। ਉਨ੍ਹਾਂ ਸਾਹਮਣੇ ਸਾਰੇ ਹੀ ਤਿਹਾਏ ਸਨ। ਸੂਰਜ

ਪ੍ਰਕਾਸ਼ ਦੇ ਮਹਾਨ ਲਿਖਾਰੀ ਨੇ ਲਿਖਿਆ ਹੈ :

**"ਜਿਮ ਸਿੰਘਨ ਕੋ ਜਾਇ ਪਿਲਾਵੈ।**
**ਤਿਮ ਤੁਰਕਨ ਕੋ ਨਿਤ ਤ੍ਰਿਪਤਾਵੈ।"**

ਲੜਦੀਆਂ ਫ਼ੌਜਾਂ ਵਿਚ ਸਿੱਖ ਸਿਪਾਹੀ ਇਹ ਦੇਖ ਕੇ ਗੁੱਸੇ ਹੁੰਦੇ। ਕੁਝ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਭਾਈ ਸਾਹਿਬ ਨੂੰ ਵਿਰੋਧੀਆਂ ਨੇ ਖ਼ਰੀਦ ਲਿਆ ਹੈ ਤੇ ਭਾਰੀ ਮੁੱਠ ਤਾਰ ਦਿੱਤੀ ਹੈ :

**"ਗਿਰਪਤਿ ਗਨੇ ਸੋ ਮਿਲਿਓ ਲਖੀਜੈ।**
**ਕੁਛ ਲਾਲਚ ਕਰ ਦੇਤ ਜਨੀਜੈ।"**

ਆਖਰ ਸ਼ਿਕਾਇਤਾਂ ਗੁਰੂ ਗੋਬਿੰਦ ਸਿੰਘ ਜੀ ਤੱਕ ਪੁੱਜੀਆਂ। ਗੁਰੂ ਜੀ ਨੇ ਸੱਦ ਘੱਲਿਆ ਤੇ ਸਿੱਖਾਂ ਦੀ ਸ਼ਿਕਾਇਤ ਸੁਣਾਈ ਕਿ ਤੁਸੀਂ ਜੰਗ ਵਿਚ ਪਾਣੀ ਪਿਲਾਉਣ ਵੇਲੇ ਸਿੱਖ ਵੱਲ ਨਹੀਂ ਦੇਖਦੇ ਤੇ ਮੁਸਲਮਾਨਾਂ ਨੂੰ ਵੀ ਪਾਣੀ ਪਿਲਾਈ ਜਾਂਦੇ ਹੋ। ਭਾਈ ਜੀ ਨੇ ਹੱਥ ਜੋੜ ਬੇਨਤੀ ਕੀਤੀ ਕਿ ਉਸ ਨੇ ਤਾਂ ਕਦੇ ਤੁਰਕ ਜਾਂ ਹਿੰਦੂ ਨੂੰ ਪਾਣੀ ਨਹੀਂ ਪਿਲਾਇਆ। ਉਹ ਤਾਂ ਹਰ ਥਾਵੇਂ ਆਪ ਜੀ ਦਾ ਹੀ ਰੂਪ ਦੇਖਦਾ ਹੈ।

ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ :

**"ਜਹਾਂ ਕਹਾਂ ਇਕ ਰੂਪ ਤੁਮਾਰਾ।**
**ਨਹ ਦੂਸਰ ਮੈਂ ਕਉ ਨਿਹਾਰਾ॥ ੩੩॥**
**ਸਭ ਮਹਿ ਰਹਿ ਬਿਰਾਜ ਸਮਾਨਾ।**
**ਸਤ੍ਰੂ ਮਿਤ੍ਰ ਕੋਂ ਜਾਇ ਨਾ ਜਾਨਾ।**
**ਸਭ ਥਲ ਤੁਮਰੋ ਰੂਪ ਨਿਹਾਰੋਂ।**
**ਭੇਦ ਭਿਨ ਕੋ ਨ ਬਿਚਾਰੋਂ॥ ੩੪॥**
**ਮੋ ਕੋਂ ਤੋ ਇਮ ਹੀ ਦ੍ਰਿਸਟਾਵੈ।**
**ਤੁਮ ਬਿਨ ਦੂਸਰ ਨਦਰ ਨ ਆਵੈ॥ ੩੫॥**
**ਨਾ ਪਹਾਰੀ ਮਹਿਰ ਕੋਊ ਦੂਜਾ।**
**ਜਹਿ ਕਹਿ ਕਰਹਿ ਆਪ ਕੀ ਪੂਜਾ॥ ੩੬॥'** (ਰੁਤ ਛੇਵੀਂ, ਅਧਿ: ੨੯)

ਇਹ ਸੁਣ ਕੇ ਕਲਗੀਆਂ ਵਾਲੇ ਨੇ ਸਭ ਨੂੰ ਵਰਜਿਆ ਕਿ ਇਸ ਨੂੰ ਕੋਈ ਨ ਰੋਕੇ ਤੇ ਨਾਂਹ ਹੀ ਕੋਈ ਇਸ ਦੀ ਕਰਨੀ ਤੇ ਸ਼ੱਕ ਕਰੇ।

**"ਇਸ ਕੋ ਕਿਸ ਬਿਧ ਕਹੋ ਨ ਕੋਈ।**
**ਕਰੈ ਜਥੋ ਰਿਤ ਜਿਮ ਉਰ ਹੋਈ।"**

ਤੇ ਫਿਰ ਮਰਹਮ ਤੇ ਪੱਟੀ ਬਖਸ਼ਦੇ ਹੋਏ ਕਿਹਾ ਕਿ ਫੱਟਾਂ ਉੱਤੇ ਵੀ ਪੱਟੀ ਲਗਾ ਦਿੱਤੀ ਕਰੋ। ਸ੍ਰੀ ਰਤਨ ਮਾਲ ਵਾਲਾ ਲਿਖਦਾ ਹੈ ਕਿ : 'ਉਹ ਸਿੰਘਾਂ ਬੀਚ ਭੀ ਤੇ ਤੁਰਕਾਂ ਬੀਚ ਭੀ ਬਿਚਰਦੇ। ਕੋਈ ਇਸ ਕੋ ਅਟਕਾਵੈ ਨਹੀਂ। ਨਿਸ਼ੰਕ ਹੀ ਫਿਰੇ। ਇਕ ਸਮਾਨ ਸਭੀ ਕੋ ਜਾਨ ਕੈ ਸੇਵਾ ਬੜੇ ਪ੍ਰੇਮ ਸੇ ਕਰਹਿ। ਅਰ ਸਾਧੂ ਜਾਣਕੈ ਸਭੀ ਨਮਸਕਾਰ ਕਰੈਂ, ਕੋਈ ਇਸਕੋ ਦੁਖਾਵੈ ਨਾਹੀ।"

ਆਪ ਜੀ ਦੀ ਅਗਵਾਈ ਹੇਠ ਕਈ ਹੋਰ ਭਾਈ ਕਨ੍ਹਿਆ ਪੈਦਾ ਹੋਏ ਜੋ ਜੰਗਾਂ ਵਿਚ

ਤੁਰਕ ਅਤੁਰਕ ਦਾ ਵਿਤਕਰਾ ਮੇਟ ਕੇ ਜਲ ਦੀ ਸੇਵਾ ਤੇ ਫੱਟਾਂ ਨੂੰ ਸੀ ਕੇ ਪੱਟੀ ਬੰਨ੍ਹਦੇ।

੧੭੦੪ ਦੇ ਅਖ਼ੀਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛੱਡਿਆ ਤਾਂ ਆਪ ਜੀ ਫਿਰ ਕਵੇ ਆ ਗਏ। ਸਾਰੇ ਇਲਾਕੇ ਵਿਚ ਸਿੱਖੀ ਦਾ ਢੰਡੋਰਾ ਫੇਰ ਦਿੱਤਾ। ਦੂਰ-ਦੂਰ ਤੱਕ ਸੇਵਾ ਲਈ ਉਤਸ਼ਾਹ ਉਠ ਖਲੋਤਾ। ਜਦ ਦੁਨੀਆਂ ਨੇ ਕਹਿਣਾ ਕਿ ਭਾਈ ਸਾਹਿਬ ਤੁਸੀਂ ਇਸ ਜਰਵਾਣੇ ਦੇਸ਼ ਦੀ ਸੇਵਾ ਕਰਦਿਆਂ ਘਬਰਾਉਂਦੇ ਨਹੀਂ ਤਾਂ ਕਹਿੰਦੇ "ਸੰਤਹੁ ਕੋ ਸਭ ਸੰਤ ਦਿਖਾਈ ਦਿੰਦੇ ਹਨ ਤੇ ਅਸੰਤਹੁ ਕੋ ਸਭ ਅਸੰਤ।" ਸੰਤ ਤਾਂ ਹੈ ਹੀ ਉਹ ਜੋ ਰਜੋ, ਤਮੋ ਤੇ ਸਤੋ ਤੋਂ ਉਤਾਂਹ ਹੈ, ਰਜੋ ਵਾਲਾ ਸਾਰੇ ਕੰਮ ਮਾਇਆ ਦੇ ਕਰਦਾ ਹੈ। ਸਾਤਕ, ਕਰਮ ਕਰਕੇ ਇੱਛਾ ਕਰਦਾ ਹੈ ਫਲ ਦੀ। ਤਾਮਸ ਵਾਲਾ ਸਭ ਕੰਮ ਅਗਿਆਨ ਵਿਚ ਕਰਦਾ ਹੈ। ਸੰਤ ਕਿਸੇ ਗੱਲ ਦੀ ਇੱਛਾ ਨਹੀਂ ਕਰਦਾ। ਗੁਰੂ ਅੰਗਦ ਦੇਵ ਜੀ ਦਾ ਉਹ ਉਪਦੇਸ਼ ਜੋ ਉਨ੍ਹਾਂ (ਗੁਰੂ) ਅਮਰਦਾਸ ਜੀ ਨੂੰ ਉਸ ਸਮੇਂ ਦਿੱਤਾ ਜਦ ਉਨ੍ਹਾਂ ਨੇ ਤਪੇ ਨੂੰ ਸਜ਼ਾ ਦਿਲਵਾਈ ਸੀ, ਸੰਗਤਾਂ ਨੂੰ ਸੁਣਾਇਆ ਕਰਦੇ। ਉਪਦੇਸ਼ ਦਾ ਤੱਤ ਸਾਰ ਸੀ, "ਸੰਨਿਆਸੀਆਂ ਕੋਲੋਂ ਇਤਨੀ ਭੁਲ ਹੋਈ ਕਿ ਉਸ ਨੇ ਲੋਕਾਂ ਨੂੰ ਆਖ ਕੇ ਸਾਡਾ ਮੰਜਾ ਚੁਕਵਾਇਆ। ਤਿੰਨ ਕੋਹ ਬਾਹਰ ਆ ਗਏ। ਉਥੇ ਨਾਂਹ ਵਸੇ, ਇਥੇ ਵੱਸ ਗਏ। ਸਾਡਾ ਕੀ ਘਟਿਆ ? ਸਾਨੂੰ ਲੋਕ ਸਾਧ ਕਹਿੰਦੇ ਸਨ। ਸਾਨੂੰ ਸਹਿਣਸ਼ੀਲਤਾ ਚਾਹੀਦੀ ਹੈ। ਨਾ ਕਰਦੇ ਤਾਂ ਬਦਲਾ ਲੈਂਦੇ ਪਰ ਬਦਲਾ ਇਤਨਾ ਨਹੀਂ ਸਰੀਰ ਹੀ ਖੋਹ ਲੈਂਦੇ। ਕ੍ਰੋਧ ਉੱਪਰ ਬਲ ਪਾਉਣਾ ਬਹਾਦਰੀ ਹੈ। ਸਤਿਗੁਰ ਦਾ ਰਿਦਾ ਐਸਾ ਚਾਹੀਦਾ ਹੈ ਕਿ ਕੋਟਾਨ ਕੋਟ ਦੁਸ਼ਟ ਦੰਡ ਦੇਵੇ, ਨਿੰਦਿਆ ਕਰੇ, ਬੁਰਾ ਕਰੇ ਅਤਿ ਕਰੇ, ਤਾਂ ਵੀ ਗੰਭੀਰ ਰਹੇ। ਸਮੁੰਦਰ ਪਰਮ ਗੰਭੀਰ ਹੈ। ਸਭ ਸਿਫ਼ਤ ਕਰੇ ਤਾਂ ਫੂਲੇ ਨਾਂਹ, ਸਭ ਅਪਜਸ ਕਰੇ ਤਾਂ ਧੀਰਜ ਨਾ ਛੱਡੇ। ਸੂਰਜ ਕੋਲ ਰਾਤ ਨਹੀਂ, ਅਗਨ ਵਿਖੇ ਬਰਫ਼ ਨਹੀਂ ਰਹਿ ਸਕਦੀ। ਕ੍ਰੋਧ ਦਾ ਸੁਭਾਉ ਗਵਾਵਣਾ ਅਤੇ ਸੱਪ ਦਾ ਸੁਭਾਉ ਮੂਲ ਤੋਂ ਉਖਾੜ ਛੱਡਣਾ, ਮਨ ਨੂੰ ਮਾਰੇ ਜਿਵੇਂ ਮੁਹਰੇ ਨੂੰ ਮਾਰਿਆ। ਪਾਰੇ ਨੂੰ ਮਾਰੇ। ਬੁਰੀਆਂ ਪ੍ਰਕ੍ਰਿਤੀਆਂ ਦੀ ਥਾਵੇਂ ਭਲੀਆਂ ਪ੍ਰਕ੍ਰਿਤੀਆਂ ਰੱਖਣਾ।

ਕੈਸੀ ਨਿਰਵੈਰ ਬ੍ਰਿਤੀ ਭਾਈ ਸਾਹਿਬ ਜੀ ਦੀ ਸੀ ਕਿ ਉਹ ਅਖਾਣ ਹੀ ਬਣ ਗਿਆ। ਆਪ ਜੀ ਨੂੰ ਕਿਸੇ ਘਰ ਪ੍ਰਸ਼ਾਦ ਛਕਾਇਆ। ਉਸ ਨੇ ਭੁਲੇਖੇ ਵਿਚ ਖੰਡ ਦੀ ਥਾਂ ਲੂਣ ਪਾ ਦਿੱਤਾ। ਆਪ ਜੀ ਨੇ ਪਿਆਰ ਸਹਿਤ ਛਕ ਲਿਆ। ਪਰ ਜਦ ਘਰ ਵਾਲੇ ਨੂੰ ਪਤਾ ਲੱਗਾ ਤਾਂ ਪਿਛੇ ਦੌੜਦਾ ਆਇਆ ਤੇ ਖੰਡ ਦੀ ਥਾਂ ਲੂਣ ਖਵਾਉਣ ਦੀ ਖਿਮਾਂ ਮੰਗੀ। ਭਾਈ ਜੀ ਨੇ ਕਿਹਾ ਕਿ ਜਿਸ ਨਿਯਤ ਨਾਲ ਤੂੰ ਖਵਾਈ ਹੈ, ਸਾਨੂੰ ਤਾਂ ਉਹ ਹੀ ਮਿਲੀ ਹੈ। ਦੂਜੇ ਲੂਣ ਨੂੰ ਨਿੰਦਦਾ ਤਾਂ ਜਿੰਨੀ ਪਿੱਛੇ ਖੰਡ ਖਾਧੀ ਹੈ, ਉਸ ਦਾ ਲੇਖਾ ਹੁੰਦਾ। ਸੋ ਸ਼ੁਕਰ ਹੀ ਠੀਕ ਹੈ।

**"ਖੰਡ ਸਹਕਾਰੀ ਹੋਵੈ ਤਬੀ।**
**ਬਿਖ ਸਿਉ ਮੁਖ ਨਹੀਂ ਫੇਰਉ ਜਬੀ।"**

ਲੋਕਾਂ ਦੀਆਂ ਨਿਯਤਾਂ ਪੜ੍ਹਨ ਦਾ ਨੁਸਖ਼ਾ ਦੱਸਦੇ ਹੋਏ ਕਹਿੰਦੇ ਕਿ ਜਦ ਕੋਈ ਆਖੇ ਪ੍ਰਸ਼ਾਦਿ ਪਾਇਆ ਹੈ ਤਾਂ ਕਹਿਣਾ ਕਿ ਪ੍ਰਸ਼ਾਦਿ ਪਾਇਕੇ ਹੀ ਇਤਨਾ ਵੱਡਾ ਹੋਇਆ ਹੈ। ਜੇ ਕੋਈ ਆਖੇ ਕਿ 'ਛਕੋਗੇ' ਤਾਂ ਉਸ ਦੀ ਛਕਾਉਣ ਦੀ ਨਿਯਤ ਨਹੀਂ ਹੈ, ਸੋ ਨਾਂਹ ਕਰ ਦੇਣੀ ਪਰ ਜੇ ਕੋਈ ਆਖੇ ਆਓ ਪ੍ਰਸ਼ਾਦਿ ਛਕੋ ਤਾਂ ਉਸ ਸਮੇਂ ਹੀ ਪਾਇ ਲੈਣਾ।"

ਕਿਸੇ ਪੁੱਛਿਆ ਕਿ ਸਭ ਤੋਂ ਸ੍ਰੇਸ਼ਟ ਕਰਮ ਕਿਹੜਾ ਹੈ ਤਾਂ ਭਾਈ ਜੀ ਨੇ ਕਿਹਾ :

**ਭਗਵੰਤ ਦਾ ਭਾਣਾ ਮੀਠਾ ਲਾਗੈ।**
**ਤਾਂ ਸਾਰੇ ਲਾਭ ਪ੍ਰਾਪਤ ਹੁੰਦੇ ਹਨ।**
**"ਨਾਨਕ ਮੰਗੈ ਦਾਨ ਜੋ ਤੁਧ ਭਾਇਆ।**
**ਜਿਨੀ ਭਾਣੈ ਦਾ ਰਸ ਆਇਆ।**
**ਤਿੰਨ ਵਿਚਹੁ ਦੁਸ਼ਟ ਅਹੰਕਰਣ ਚੁਕਾਇਆ।"**

ਜਦ ਇਹ ਪੁੱਛਿਆ ਗਿਆ ਕਿ ਭਾਣਾ ਮੰਨਣ ਦਾ ਕੀ ਰੂਪ ਹੈ ਤਾਂ ਆਪ ਜੀ ਨੇ ਫ਼ਰਮਾਇਆ : *"ਦੁੱਖ ਵਿਚ ਸੋਗ ਨਾਂਹ ਮੰਨੇ ਤੇ ਸੁਖ ਵਿਚ ਹਰਖ ਨਾ ਕਰੇ।"* ਅੱਗੋਂ ਉਸ ਪੁਰਸ਼ ਨੇ ਕਿਹਾ ਕਿ ਸਾਨੂੰ ਤਾਂ ਇਹ ਬਹੁਤ ਅਉਖਾ ਲੱਗਦਾ ਹੈ ਤਾਂ ਭਾਈ ਜੀ ਨੇ ਕਿਹਾ ਜਦ ਤੱਕ ਪ੍ਰਮਾਤਮਾ ਨਾਲ ਪ੍ਰੀਤ ਨਹੀਂ ਹੈ ਤਦ ਤੱਕ ਭਾਣਾ ਮਿੱਠਾ ਨਹੀਂ ਲੱਗਦਾ। ਭਗਵੰਤ ਨਾਲ ਪ੍ਰੀਤ ਕਰੋ, ਕ੍ਰੋਧ ਨੂੰ ਵਰਤਣ ਦੀ ਜਾਚ ਸਿੱਖੋ, ਕਾਮ ਐਸ਼ ਲਈ ਨਹੀਂ, ਸੰਜਮ ਤੇ ਉਤਪਤੀ ਲਈ ਹੈ। ਕ੍ਰੋਧ ਕਰੋ ਆਪਣੇ ਸਰੀਰ ਉੱਤੇ। ਇੰਦ੍ਰੀਆਂ ਦੇ ਰੋਗ ਨੂੰ ਜਲਾਵੋ। ਖ਼ੂਨੀ ਹਾਥੀ ਮਾੜਾ ਹੈ ਪਰ ਸ਼ਤਰੂਆਂ ਉੱਤੇ ਛੱਡ ਦਈਏ ਤਾਂ ਕੰਮ ਆਉਂਦਾ ਹੈ, ਇਨ੍ਹਾਂ ਨੂੰ ਵਰਤੋ।"

ਭਾਈ ਕਨ੍ਹਿਆ ਦੇ ਸੁਭਾਉ ਸਬੰਧੀ ਲਿਖਿਆ ਹੈ ਕਿ ਸਦਾ ਹੀ ਸਹਿਜ ਵਿਚ ਵਿਚਰਦੇ ਸਨ ਤੇ ਕਦੇ ਵੀ ਨਿੱਜ ਦਾ ਖ਼ਿਆਲ ਨਹੀਂ ਸਨ ਕਰਦੇ। "ਸਹਿਜ ਹਿੰਡੋਲੇ ਝੂਲਤੇ, ਨਿੱਜ ਭਾਵਨ ਕੱਟ ਦੇਹਿ।" ਪਰਉਪਕਾਰ ਲਈ ਸਦਾ ਤਤਪਰ ਰਹਿੰਦੇ। ਜੰਗ ਵਿਚ ਕੋਈ ਠੰਢਾ ਸੀ ਤਾਂ ਭਾਈ ਕਨ੍ਹਿਆ। ਵੇਦਾਂਤ ਭਾਵ ਹੀਨ ਹੈ, ਇਸ ਕਰਕੇ ਅਗਲੀ ਮੰਜ਼ਲ ਵਿਚ ਸਮ ਦ੍ਰਿਸ਼ਟੀ ਸਥਿਰ ਨਹੀਂ ਰਹਿੰਦੀ। ਭਾਈ ਕਨ੍ਹਿਆ ਜੀ ਵਲਵਲੇ ਵਾਲੇ ਬੰਦੇ ਸਨ, ਉਹ ਪਾਣੀ ਗੁਰੂ-ਮੁਖ ਵਿਚ ਹੀ ਪਾਉਂਦੇ ਸਨ।

ਇਕ ਵਾਰੀ ਇਕ ਮੁਗ਼ਲ ਖ਼ਾਂ ਨੇ ਜਿਸ ਨੂੰ ਉਨ੍ਹਾਂ ਜੰਗ ਵਿਚ ਪਾਣੀ ਪਿਲਾ ਬਚਾਇਆ ਸੀ, ਪਾਰਸ ਦਿੱਤਾ। ਭਾਈ ਜੀ ਨੇ ਵਗਦੇ ਪਾਣੀ ਵਿਚ ਵਗਾਹ ਮਾਰਿਆ। ਉਹ ਨਿਰਾਸ ਹੋ ਗਿਆ। "ਨ ਤੁਹਾਡੇ ਕੰਮ ਆਇਆ ਨ ਮੇਰੇ। ਮੈਂ ਤਾਂ ਮਰ ਜਾਸਾਂ, ਪਾਰਸ ਦਿਉ।" ਭਾਈ ਸਾਹਿਬ ਨੇ ਦ੍ਰਿਸ਼ਟੀ ਕੀਤੀ, ਨਦੀ ਪਾਟ ਗਈ। ਉਸ ਨੂੰ ਪੱਥਰਾਂ ਵਿਚੋਂ ਪਾਰਸ ਪਛਾਣਨ ਲਈ ਕਿਹਾ। ਉਹ ਚਰਨੀਂ ਢੱਠਾ ਤੇ ਕਿਹਾ, "ਖਿਮਾਂ ਕਰਨੀ, ਮੈਂ ਜਾਤਾ ਨਹੀਂ, ਤੁਮ ਖੁਦ ਖੁਦਾਇ ਕੀ ਸੂਰਤ ਹੋ।" ਇਹ ਸਭ ਹੀਰੇ ਮਤ ਵਿਚ ਹਨ। ਪ੍ਰਾਣਾਂ ਦੀ ਨਦੀ ਟੁਰ ਰਹੀ ਹੈ। ਦੋ ਸ਼ਾਖ਼ਾਂ ਹਨ। "ਇੜਾ ਪਿੰਗਲਾ," ਪ੍ਰੇਮ ਤੇ ਸੇਵਾ ਹੀ ਦੋ ਟਾਹਣੀਆਂ ਹਨ। ਸੇਵਾ 'ਇੜਾ' ਹੈ ਤੇ ਪ੍ਰੇਮ 'ਪਿੰਗਲਾ'। ਪ੍ਰੇਮ ਲੰਗੜਾ ਹੈ ਬਗ਼ੈਰ ਸੇਵਾ ਦੇ। ਪ੍ਰੇਮ ਬਗ਼ੈਰ ਸੇਵਾ ਨਹੀਂ ਹੋ ਸਕਦੀ। ਜੋ ਇਨ੍ਹਾਂ ਦੋਵਾਂ ਨੂੰ ਰੱਖਦੇ ਹਨ, ਉਹ ਹੀ ਸਹਿਜ ਨੂੰ ਪਾ ਲੈਂਦੇ ਹਨ। ਭਾਈ ਸਾਹਿਬ ਤਾਂ ਸਹਿਜ ਦੇ ਝੂਲੇ ਵਿਚ ਝੂਲਦੇ ਰਹਿੰਦੇ ਸਨ।

ਇਕ ਸਮੇਂ ਜਦ ਖੂਹ ਪੁਟਵਾਉਣ ਲੱਗੇ ਤਾਂ ਲੋਕਾਂ ਨੇ ਕਿਹਾ ਕਿ ਉਗਰਾਹੀ ਕਰਕੇ ਖੂਹ ਪੁਟਵਾ ਦਿੰਦੇ ਹਾਂ ਤਾਂ ਕਹਿਣ ਲੱਗੇ ਕਿ ਉਗਰਾਹੀ ਦੇ ਦਾਮ ਨਾਲ ਖੂਹ ਪੁਟਵਾਣਾ ਸੇਵਾ ਨਹੀਂ ਹੈ। ਜਦ ਇਕ ਨੇ ਸਾਰਾ ਖ਼ਰਚ ਕਰਨ ਦੀ ਗੱਲ ਕਹੀ ਤਾਂ ਵੀ ਆਪ ਜੀ ਨੇ ਇਨਕਾਰ ਕਰ ਦਿੱਤਾ ਤੇ ਸਾਥੀਆਂ ਨੂੰ ਕਿਹਾ ਕਿ ਇਕ ਦਾ ਧਨ ਨਹੀਂ ਲਗਵਾਉਣਾ, ਉਹ ਰੋਜ਼ ਕਹਿੰਦਾ

ਫਿਰੇਗਾ ਕਿ ਮੇਰੇ ਧਨ ਨਾਲ ਇਹ ਖੂਹ ਬਣਿਆ ਹੈ। ਦਾਨ ਨਾਲ ਸਗੋਂ ਅਹੰਕਾਰ ਵਧੇਗਾ। ਜਦ ਮੈਂ ਜਾਣਦਾ ਹਾਂ ਕਿ ਉਸ ਦਾ ਅਹੰਕਾਰ ਵਧਣਾ ਹੈ ਤਾਂ ਉਸਦੀ ਭੇਟਾ ਕਿਉਂ ਲਵਾਂ?

ਰਜ਼ਾ ਵਿਚ ਰਾਜ਼ੀ ਰਹਿਣਾ ਕੋਈ ਉਨ੍ਹਾਂ ਕੋਲੋਂ ਸਿੱਖੇ। ਬਾਰਸ਼ ਦਾ ਰੰਗ ਦੇਖ ਕੇ ਕੁਝ ਕਿਸਾਨਾਂ ਨੇ ਭਾਈ ਜੀ ਨੂੰ ਬੇਨਤੀ ਕੀਤੀ ਕਿ ਅਰਦਾਸ ਕਰੋ ਕਿ ਬਾਰਸ਼ ਨਾ ਹੋਵੇ ਤਾਂ ਆਖਣ ਲੱਗੇ : 'ਰਜ਼ਾ ਵਿਚ ਰਾਜ਼ੀ ਰਹਿਣਾ ਧਰਮ ਹੈ। ਸੁਆਮੀ ਜੋ ਕੁਝ ਕਰ ਰਿਹਾ ਹੈ, ਸੇਵਕ ਨੂੰ ਉਸ ਅੱਗੇ ਹੀ ਸਿਰ ਝੁਕਾਉਣਾ ਚਾਹੀਦਾ ਹੈ' :

**"ਜੋ ਕੁਛ ਕਰੈ ਸੁਆਮੀ ਮੇਰਾ,**
**ਉਹੀ ਪੂਰੀ ਜਾਨੈ ਚੇਰਾ।"**

ਬਹੁਤ ਮਹਲ ਮਾੜੀਆਂ ਬਣਾਉਣ ਵਾਲੇ ਨੂੰ ਕਹਿੰਦੇ ਕਿ 'ਮਹਲ ਝਰੋਖੇ ਸੋਈ ਬਨਾਵਹਿ। ਜਿਨ ਕਉ ਮਰਨਾ ਚਿਤ ਨਹੀਂ ਆਵਹਿ।'

ਧਰਮ ਦੀਆਂ ਗੁੰਝਲਾਂ ਬੜੇ ਸਹਿਜ ਢੰਗ ਨਾਲ ਖੋਲ੍ਹ ਦਰਸਾਂਦੇ। ਜਦ ਕਿਸੇ ਪੁੱਛਿਆ ਕਿ ਬੁੱਤ ਪੂਜ ਕੌਣ ਹੈ ਤਾਂ ਕਹਿਣ ਲੱਗੇ ਕਿ ਗੁਰੂ ਗ੍ਰੰਥ ਸਾਹਿਬ ਤੇ ਬੁੱਤ ਅੱਗੇ ਮੱਥਾ ਟੇਕਣ ਤੱਕ ਦੋਵੇਂ ਹੀ ਬੁੱਤ ਪੂਜ ਹਨ। ਪਰ ਬੁੱਤ ਨੇ ਅੱਗੋਂ ਕੁਛ ਕਹਿਣਾ ਨਹੀਂ, ਗੁਰੂ ਹੁਕਮ ਕਰੇਗਾ, ਸ਼ਬਦ ਉਚਾਰੇਗਾ ਤੇ ਜੇ ਸਿੱਖ ਗੁਰੂ ਦੇ ਹੁਕਮਾਂ ਉੱਤੇ ਟੁਰਦਾ ਹੈ ਤਾਂ ਉਹ ਬੁੱਤ ਪੂਜ ਨਹੀਂ, ਜੇ ਉਹ ਗੁਰੂ ਦੇ ਹੁਕਮ ਨੂੰ ਗੌਲਦਾ ਹੀ ਨਹੀਂ, ਤਾਂ ਉਹ ਵੀ ਬੁੱਤ ਪੂਜ ਹੈ। ਗੁਰੂ ਕੀ ਆਗਿਆ ਨ ਮੰਨਣ ਵਾਲੇ ਦਾ ਮੱਥਾ ਟੇਕਣਾ, ਕਬਰ, ਮੜ੍ਹੀ ਜਾਂ ਬੁਤ ਨੂੰ ਮੱਥਾ ਟੇਕਣ ਦੇ ਹੀ ਤੁਲ ਹੈ। ਭੇਖਾਂ ਦੇ ਸਖ਼ਤ ਵਿਰੋਧੀ ਸਨ। ਕਿਹਾ ਕਰਦੇ :

**ਭੇਖ ਕਰਤ ਨਹ ਸੰਤ ਖ਼ੁਸ਼ ਹੋਇ,**
**ਕਰਣੀ ਬਾਝਹੁ ਤਰੈ ਨ ਕੋਇ।**
**ਦੰਭ ਸਹਿਤ ਜੋ ਜਾਗੈ ਰੋਵੈ,**
**ਥੋਰਾ ਖਾਵੈ ਕਬਹੁੰ ਨ ਸੋਵੈ।**
**ਦੰਭ ਸਹਿਤ ਜੋ ਨੈਣ ਤ੍ਰਿਮਾਵੈ,**
**ਤਾਕੋ ਮੈਂ ਹਿਰਦੇ ਨਹੀਂ ਭਾਵੈ।**
**ਨਿਰ ਦੰਭੀ ਭਾਵੈ ਮੋਹਿ ਮਨਾ,**
**ਤਿਹ ਤਿਲ ਕਰਨੀ ਮੇਰਾ ਮਨਾ।**

ਕਿਰਤ ਕਰਨਾ ਹੀ ਸਭ ਤੋਂ ਉੱਤਮ ਕਰਮ ਕਹਿੰਦੇ। ਕਿਰਤ ਵਿਚ ਬਹੁਤਾ ਝਾਕਣਾ ਨਹੀਂ ਚਾਹੀਦਾ। ਜਿਸ ਕਿਰਤ ਵਿਚ ਪੇਟ ਭਰ ਰੋਟੀ ਮਿਲ ਜਾਏ, ਉਸ ਨੂੰ ਕਰੀ ਜਾਣਾ ਹੀ ਠੀਕ ਸੰਤੋਖ ਹੈ :

**"ਕਿਰਤ ਏਕ ਕਉ ਹਾਥ ਲਗਾਵਹੁ।**
**ਤਾਕਾ ਕਿਰਤ ਨਿਕਟ ਨ ਜਾਵਹੁ।"**

ਕਿਸੇ ਗ੍ਰਹਿਸਤੀ ਨੇ ਬਹੁਤ ਧਨ ਤੇ ਪਦਾਰਥ ਮੱਥਾ ਟੇਕਿਆ ਤਾਂ ਸਾਰਾ ਪਦਾਰਥ ਤੇ ਧਨ ਉਸੇ ਨੂੰ ਵਾਪਸ ਮੋੜ ਦਿੱਤਾ ਤੇ ਕਿਹਾ ਕਿ ਇਸ ਧਨ ਦੀ ਤੈਨੂੰ ਬਹੁਤ ਲੋੜ ਹੈ। ਤੂੰ ਇਸ ਨਾਲ ਹੋਰ ਵਪਾਰ ਨੂੰ ਵਧਾ, ਲੋੜਵੰਦ ਨੂੰ ਕਮਾਈ ਵਿਚੋਂ ਦਿੱਤੀ ਜਾ, ਮੈਨੂੰ ਭੇਟਾ ਆਪੇ ਪੁੱਜ ਜਾਵੇਗੀ। ਇਸ ਤਰ੍ਹਾਂ ਇਕ ਹੋਰ ਪੁਰਸ਼ ਨੇ ਮਨੋ-ਕਾਮਨਾ ਪੂਰਨ ਕਰਨ ਦੀ ਅਰਦਾਸ ਕਰਨ


www.sikhbookclub.com

ਲਈ ਬੇਨਤੀ ਕੀਤੀ, ਤਾਂ ਆਪ ਜੀ ਨੇ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਜੇ ਤੇਰੀ ਮਨੋ-ਕਾਮਨਾ ਵਾਸ਼ਨਾ ਵਾਲੀ ਹੈ ਤੇ ਅਰਦਾਸ ਨਾਲ ਪੂਰੀ ਹੋਈ ਤਾਂ ਇਹ ਪਾਪ ਬਣ ਜਾਵੇਗਾ ਤੇ ਜੇ ਨਾ ਹੋਈ ਤਾਂ ਵਾਹਿਗੁਰੂ ਦੇ ਜਨਾਂ ਉੱਤੇ ਤੂੰ ਗੁਸਾ ਕਰੇਂਗਾ ਤੇ ਤੇਰਾ ਬਣਿਆ ਨਿਸ਼ਚਾ ਟੁੱਟ ਜਾਏਗਾ। ਫਿਰ ਪ੍ਰਸ਼ਾਦ ਛਕ ਕੇ ਅਰਦਾਸ ਕਰਨੀ ਤਾਂ ਲੈਣ ਦੇਣ ਹੋ ਗਿਆ। ਵਾਹਿਗੁਰੂ ਅੱਗੇ ਅਰਦਾਸ ਹੈ। ਉਸ ਨਾਲ ਕੋਈ ਚਿੱਠੀ ਪੱਤਰ ਨਹੀਂ। ਉਸ ਦੀ ਮਇਆ ਮੰਗਣੀ ਹੀ ਠੀਕ ਅਰਦਾਸ ਹੈ। ਦੁਨੀਆਂ ਦੇ ਲੋਕੀਂ ਤਾਂ ਗੁਰਮਤਿ ਨੂੰ ਸੌਦਾ ਹੀ ਗਿਣਦੇ ਹਨ। ਰਾਮ ਨੂੰ ਖਿਡੌਣਾ ਹੀ ਸਮਝਦੇ ਹਨ :

**"ਗੁਰਮਤਿ ਕਉ ਸਉਦਾ ਮਨ ਮਾਨਾ।**
**ਕੁਛ ਦੇ ਕੇ ਵਹੁ ਲੇਨੀ ਜਾਨਾ।**
**ਸੋ ਤੋ ਗੁਰਮਤਿ ਦਾਤ ਖਸਮ ਕੀ।**
**ਦੇਣ ਲੇਨ ਯਹ ਬਾਤ ਰਸਮ ਕੀ।**
**ਰੀਤ, ਰਸਮ ਸਿਉ ਗੁਰਮਤਿ ਪਰੇ।**
**ਮਨ ਮਹਿ ਜਾਨਹੁ ਸੋ ਜਨ ਕਰੇ।**

ਭਾਈ ਕਨ੍ਹਿਆ ਜੀ ਦੀ ਇਹ ਭਾਵ ਪੂਰਤ ਰਮਜ਼ "ਰੀਤ ਰਸਮ ਸਿਉ ਗੁਰਮਤਿ ਪਰੇ" ਜੇ ਪੰਥ ਜਾਣ ਲਵੇ ਤਾਂ ਅੱਜ ਹੀ ਸਿੱਖ ਧਰਮ ਵਿਸ਼ਵ ਧਰਮ ਬਣ ਜਾਏ। ਅਸੀਂ ਬਹੁਤੀ ਵਾਰੀ ਅਨਜਾਣ-ਪੁਣੇ ਵਿਚ ਪੰਜਾਬੀ ਰੀਤਾਂ, ਰਸਮਾਂ ਤੇ ਰਵਾਇਤਾਂ ਦਾ ਹੀ ਪ੍ਰਚਾਰ ਕਰੀ ਜਾਂਦੇ ਹਾਂ। ਗੁਰਮਤਿ ਤਾਂ ਸਰਬ-ਸਾਂਝੀ ਹੈ।

ਇਕ ਵਾਰੀ ਇਕ ਹੋਰ ਪੁਰਸ਼ ਪ੍ਰਸ਼ਾਦ ਆਖਣ ਆਇਆ ਤੇ ਉਸ ਕਿਹਾ : ਸਾਡੇ ਗ਼ਰੀਬਾਂ ਦੇ ਘਰ ਵੀ ਪ੍ਰਸ਼ਾਦ ਪਾਓ, ਤਾਂ ਆਪ ਜੀ ਨੇ ਕਿਹਾ ਤੇਰੇ ਘਰ ਲਈ ਟੱਬਰ ਪਾਲਣਾ ਮੁਸ਼ਕਲ ਹੋ ਰਿਹਾ ਹੈ। ਟੱਬਰ ਪਾਲਣਾ ਹੀ, ਸਾਨੂੰ ਪ੍ਰਸ਼ਾਦ ਛਕਾਉਣਾ ਹੈ, ਕਿਸੇ ਬੱਚੇ ਦੇ ਮੂੰਹ ਵਿਚੋਂ ਕੱਢ ਕੇ ਖਵਾਉਣਾ ਠੀਕ ਨਹੀਂ। ਪਰ ਇਕ ਦੂਜੇ ਨੇ ਉਸੇ ਸਮੇਂ ਆਖ ਦਿੱਤਾ ਕਿ ਫਿਰ ਤੁਸੀਂ ਅਮੀਰਾਂ ਦੇ ਘਰ ਹੀ ਛੱਕਦੇ ਹੋ। ਭਾਈ ਸਾਹਿਬ ਨੇ ਕਿਹਾ ਅਸੀਂ ਪ੍ਰਸ਼ਾਦਿ ਅਭਿਮਾਨੀਆਂ ਦੇ ਘਰ ਨਹੀਂ ਛੱਕਦੇ। ਨਿਮਰਤਾ ਵਾਲੇ ਦੇ ਘਰ ਹੀ ਜਾਂਦੇ ਹਾਂ। ਜੋ ਮਾਇਆ ਦਾ ਵਿਖਾਵਾ ਦਿਖਾਣ ਲਈ ਸਾਨੂੰ ਬੁਲਾਉਂਦਾ ਹੈ, ਉਸ ਪਾਸ ਨਹੀਂ ਜਾਂਦੇ। ਅਸੂਲ ਦ੍ਰਿੜ੍ਹਾਂਦੇ ਹੋਏ ਕਿਹਾ :

**"ਗਬਰ ਗ਼ਰੀਬ ਦੋਨਹੁ ਕੀ ਰੋਟੀ,**
**ਰਿਦ ਮਹਿ ਜਾਨੀ ਹੈ ਯਹ ਖੋਟੀ।"**

ਇਸੇ ਤਰ੍ਹਾਂ ਇਕ ਹੋਰ ਪੁਰਸ਼ ਪ੍ਰਸ਼ਾਦ ਲਿਆਇਆ ਤੇ ਕਈਆਂ ਹੋਰਨਾਂ ਨੂੰ ਕੋਲ ਬੈਠਾ ਦੇਖ ਕੇ ਉਸ ਨੇ ਪ੍ਰਸ਼ਾਦ ਛੁਪਾ ਲਿਆ। ਜਦ ਸਾਰੇ ਚਲੇ ਗਏ ਤਾਂ ਪ੍ਰਸ਼ਾਦ ਭੇਟ ਕੀਤਾ। ਆਪ ਜੀ ਨੇ ਪ੍ਰਸ਼ਾਦ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਫ਼ਰਮਾਇਆ : "ਜਿਤਨੇ ਮੂੰਹਾਂ ਵਿਚ ਪੈਂਦਾ ਉਤਨਾ ਹੀ ਤੇਰਾ ਭਲਾ ਹੁੰਦਾ। ਐਸੀ ਤੰਗ-ਬਿਰਤੀ ਵਾਲੇ ਦਾ ਪ੍ਰਸ਼ਾਦ ਤਾਂ ਹੋਰ ਤੰਗੀ ਪੈਦਾ ਕਰਦਾ ਹੈ :

**ਜਬ ਇਹ ਹੋਵਤੁ ਭਲਾ ਪ੍ਰਸ਼ਾਦ।**
**ਤਬ ਹਮ ਸਭ ਮਿਲ ਲੇਵਤ ਸੁਆਦ।**

ਸਾਰਿਆਂ ਨੂੰ ਕਿਹਾ ਕਰਦੇ ਕਿ 'ਤਨ, ਮਨ, ਧਨ' ਨਾਲ ਸਿਮਰਨ ਕਰਨਾ ਹੀ ਸਿੱਖੀ

 www.sikhbookclub.com

ਹੈ। ਇਸ ਦੀ ਵਿਆਖਿਆ ਕਰਦੇ ਕਹਿੰਦੇ ਹਨ ਕਿ ਤਨ ਦਾ ਸਿਮਰਨ ਹੈ, ਸੰਗਤ ਵਿਚ ਪੁੱਜ ਕੇ ਕੀਰਤਨ ਸੁਣਾਉਣਾ, ਸੁਣਾਨਾ, ਇੰਦਰੀ ਵਸ ਕਰਨਾ, ਕਾਮਾਦਿਕ ਨੂੰ ਰੋਕਣਾ, ਸੰਜਮ ਵਿਚ ਵਿਚਰਨਾ। ਸੁਆਦਾਂ ਪਿੱਛੇ ਨਾ ਜਾਣਾ :

ਧਨ ਜੋ ਕਮਾਏ, ਜਹਿਆ ਆਪਣੇ ਲਈ ਵਰਤੇ, ਤਿਹਾ ਦੂਜੇ ਲਈ ਵਰਤੇ :

**"ਭਗਵਤ ਅਰਥ ਉਸਾਰੈ ਧਨਾ।**
**ਕਿਆ ਪਰ ਕਾ ਕਿਆ ਅਪਨਾ ਤਨਾ।"**

ਮਨ ਦਾ ਸਿਮਰਨ ਹੈ 'ਜੇ ਤਨ ਰੁਕੇ ਵੀ ਤਾਂ ਉਸ ਨੂੰ ਰੁਕਣ ਨਾ ਦੇਵੇ। ਮਨ ਨੂੰ ਤਕੜਿਆਂ ਕਰ ਕੇ ਤਨ ਨੂੰ ਵਾਹਿਗੁਰੂ ਵੱਲ ਲਗਾਵੇ। ਜਿਵੇਂ ਜੰਗ ਵਿਚ ਜੂਝਣ ਸਮੇਂ ਜੋਧਾ ਸਿਰਫ਼ ਲੜਨ-ਭਿੜਨ ਦੀ ਸੋਚਦਾ ਹੈ। ਉਹ ਚੂਕਿਆ ਨਹੀਂ ਤੇ ਮਰਿਆ ਨਹੀਂ। ਇਸੇ ਤਰ੍ਹਾਂ ਮਨ ਨੂੰ ਪਰਮਾਤਮਾ ਵਲੋਂ ਚੁੱਕਣ ਨਾ ਦੇਵੇ। ਦਿਲ ਦੀ ਕਿਤਾਬ ਉੱਤੇ ਹੋਰ ਦੂਜਾ ਹਰਫ਼ ਲਿਖਣ ਨਾ ਦੇਵੇ। ਬਸ, ਸਫ਼ਲ ਪੁਰਖ ਉਹ ਹੀ ਹੈ ਜਿਸ ਤਨ, ਮਨ ਤੇ ਧਨ ਦਾ ਸਿਮਰਨ ਕੀਤਾ ਹੈ।

ਜੈਸੀ ਉਪਜੀ ਸੀ ਪੋੜ ਤੇ ਤੈਸੀ ਹੀ ਤੋੜ ਭਾਈ ਕਨ੍ਹਿਆ ਜੀ ਨਿਭਾ ਕੇ ਚਲੇ ਗਏ। ਇਹ ਸੱਚ ਹੈ ਕਿ ਕਈ ਰਤਨ ਕ੍ਰੋੜ ਵੀ ਉਹਨਾਂ ਦੀ ਕਰਣੀ ਤੇ ਕਹਿਣੀ ਦਾ ਟਾਕਰਾ ਨਹੀਂ ਕਰ ਸਕਦੇ। ਉਹਨਾਂ ਦੇ ਸੁਆਸ ਵੀ ਕੀਰਤਨ ਸੁਣਦਿਆਂ ਹੀ ਸੰਗਤ ਵਿਚ ਨਿਕਲੇ। ਅੰਤਮ ਸਮਾਂ ਨੇੜੇ ਜਾਣ, ਵਾਹਿਗੁਰੂ ਦੀਆਂ ਜਾਂ ਮਰਨ ਦੀਆਂ ਹੀ ਗੱਲਾਂ ਕਰਦੇ। ਆਪ ਜੀ ਕੀਰਤਨ ਵਿਚ ਜੁੱਟੇ ਹੋਏ ਸਨ। ਰਬਾਬੀ ਕੀਰਤਨ ਕਰ ਰਹੇ ਸਨ। ਸੰਗਤ ਦਾ ਇਹ ਨਿੱਤ ਕਰਮ ਸੀ ਕਿ ਕੀਰਤਨ ਉਸ ਵੇਲੇ ਬੰਦ ਹੁੰਦਾ, ਜਦ ਆਪ ਜੀ ਇਸ਼ਾਰਾ ਕਰਦੇ। ਹਮੇਸ਼ਾ ਸੂਰਜ ਦੇ ਨਿਕਲਦੇ ਸਾਰ ਹੀ ਕੀਰਤਨ ਦੀ ਸਮਾਪਤੀ ਕਰਾ ਦਿੰਦੇ ਪਰ ਅੰਤਲੇ ਦਿਨ ਆਪ ਜੀ ਥੰਮ੍ਹ ਨਾਲ ਢੋ ਲਗਾ ਕੇ ਬੈਠ ਗਏ। ਕੀਰਤਨ ਸ਼ੁਰੂ ਹੋਇਆ। ਸੂਰਜ ਵੀ ਚੜ੍ਹ ਆਇਆ ਪਰ ਆਪ ਜੀ ਵਲੋਂ ਕੋਈ ਇਸ਼ਾਰਾ ਨਾ ਹੋਇਆ। ਜਦ ਕਿਸੇ ਆ ਕੇ ਹਿਲਾਇਆ ਤਾਂ ਭਾਈ ਜੀ ਦੀ ਆਤਮਾ ਪਰਮ-ਆਤਮਾ ਵਿਚ ਲੀਨ ਹੋ ਚੁੱਕੀ ਸੀ। ਆਪ ਜੀ ਦੀ ਇੱਛਾ ਅਨੁਸਾਰ ਹੀ ਆਪ ਜੀ ਦੀ ਪਾਵਨ ਮ੍ਰਿਤਕ ਦੇਹੀ ਨੂੰ ਜਲ-ਪ੍ਰਵਾਹ ਕੀਤਾ ਗਿਆ। ਭਾਈ ਸੇਵਾ ਰਾਮ ਜੀ ਨੂੰ ਜਦ ਆਪ ਜੀ ਦੇ ਅਕਾਲ ਚਲਾਣੇ ਦਾ ਪਤਾ ਲੱਗਾ ਤਾਂ ਆਪ ਜੀ ਨੇ ਤੂੰਬਾ ਫੜ ਕੇ ਇਹ ਸ਼ਬਦ ਪੜ੍ਹਿਆ :

**"ਸੇਵਕ ਕੀ ਓੜਕ ਨਿਬਹੀ ਪ੍ਰੀਤ।**
**ਜੀਵਤ ਸਾਹਿਬ ਸੇਵਿਓ ਆਪਣਾ, ਚਲਤੇ ਰਾਖਿਓ ਚੀਤ।"**

## ੧੭

# ਪੀਰ ਬੁੱਧੂ ਸ਼ਾਹ

ਪੀਰ ਬੁੱਧੂ ਸ਼ਾਹ ਦੇ ਜੀਵਨ ਨੂੰ ਇਸ ਕਾਰਨ ਵੀ ਵੇਖਣਾ ਜ਼ਰੂਰੀ ਹੈ ਕਿਉਂਕਿ ਇਸ ਨੂੰ ਪੜ੍ਹਦੇ ਸਾਰ ਹੀ ਉਹ ਸਭ ਬਣੇ ਖ਼ਿਆਲ ਟੋਟੇ ਹੋ ਜਾਣਗੇ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ ਨਿਰੋਲ ਮੁਸਲਮਾਨਾਂ ਵਿਰੁੱਧ ਸੀ। ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਗੋਬਿੰਦ ਸਿੰਘ ਜੀ ਕੇਵਲ ਇਸ ਲਈ ਜੂਝ ਰਹੇ ਸਨ ਕਿ 'ਸਾਧ ਸਮੂਹ ਪ੍ਰਸੰਨ ਫਿਰੈ' ਅਤੇ 'ਸਤ੍ਰ ਸਭੈ ਅਵਲੋਕ ਚਪੈਂ'। ਫਿਰ ਇਕੋ ਪੀਰ ਬੁੱਧੂ ਸ਼ਾਹ ਹੀ ਹਨ ਜਿਨ੍ਹਾਂ ਆਪਾ, ਆਪਣਾ ਭਰਾ, ਤਿੰਨ ਪੁੱਤਰ ਤੇ ਇਕ ਭਤੀਜਾ ਗੁਰੂ ਆਦਰਸ਼ਾਂ ਤੋਂ ਵਾਰਿਆ।

ਪੀਰ ਬੁੱਧੂ ਸ਼ਾਹ ਦੇ ਵਡਿਕੇ ਸਮਾਣਾ ਰਹਿੰਦੇ ਸਨ ਅਤੇ ਉਥੋਂ ਸਾਢੌਰਾ ਆ ਗਏ। ਜੋ ਉਸ ਸਮੇਂ 'ਸਾਧੂ ਵਾੜਾ' ਜਾਂ 'ਸਾਧੂ ਰਾਹ' ਕਰ ਕੇ ਪ੍ਰਸਿੱਧ ਸੀ। ਉਥੇ ਸਾਧੂ ਲੋਕ ਪਹਾੜਾਂ ਨੂੰ ਜਾਂਦੇ ਟਿਕਦੇ ਸਨ। ਸਾਢੌਰਾ ਵਿਚ ਹੀ ਭਗਤ ਸਧਨਾ ਜੀ ਨੇ ਆਪਣਾ ਟਿਕਾਣਾ ਬਣਾ ਲਿਆ ਸੀ। ਇਸੇ ਭਗਤ ਸਧਨਾ ਜੀ ਦੀ ਪਾਵਨ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਸਾਢੌਰਾ ਹੀ ਇਕ ਹੋਰ ਫ਼ਕੀਰ ਸ਼ਾਹ ਕਮੇਸ਼ ਵੀ ਰਹਿੰਦੇ ਸਨ। ਪੀਰ ਬੁੱਧੂ ਸ਼ਾਹ ਦੇ ਵਡਿੱਕੇ ਜਿਸ ਮਹੱਲੇ ਵਿਚ ਆ ਕੇ ਵੱਸੇ, ਉਸ ਮਹੱਲੇ ਦਾ ਨਾਂ ਹੀ ਪਹਿਲਾਂ ਸਮਾਨੀਆਂ ਅਤੇ ਪਿੱਛੋਂ ਸੱਯਦਾਂ ਪੈ ਗਿਆ। ਪੀਰ ਬੁੱਧੂ ਸ਼ਾਹ ਦੀ ਸੱਤਵੀਂ ਪੁਸ਼ਤ ਪ੍ਰਸਿੱਧ ਸੂਫ਼ੀ ਫ਼ਕੀਰ ਸ਼ੇਖ ਨਿਜ਼ਾਮ-ਉੱਦ-ਦੀਨ ਔਲੀਆ ਨਾਲ ਜਾ ਮਿਲਦੀ ਹੈ। (ਨਿਜ਼ਾਮ-ਉੱਦ-ਦੀਨ ਸਾਹਿਬ ਦਾ ਦਿਹਾਂਤ ੧੬੨੫ ਈ: ਨੂੰ ਹੋਇਆ ਸੀ।) ਨਿਜ਼ਾਮ-ਉੱਦ-ਦੀਨ ਖੁੱਲ੍ਹੇ ਖਿਆਲਾਂ ਦੇ ਸਨ ਅਤੇ ਸ਼ਰਾਅ ਤੇ ਸ਼ਰੀਅਤ ਦੀਆਂ ਬੰਦਸ਼ਾਂ ਤੋਂ ਉੱਚੇ ਸਨ। ਉਸ ਸਮੇਂ ਇਕ ਹੋਰ ਮੌਲਾਨਾ ਦਿਆ-ਉੱਦ-ਦੀਨ ਸੁਨਾਮੀ ਵੀ ਸਨ, ਜੋ ਸ਼ਰਾਅ ਅਤੇ ਸ਼ਰੀਅਤ ਤੇ ਬਹੁਤ ਜ਼ੋਰ ਦਿੰਦੇ ਸਨ। ਉਨ੍ਹਾਂ ਨੇ ਇਕ ਪੁਸਤਕ ਵੀ 'ਕਿਤਾਬੇ ਇਹਤਸਾਬ' ਲਿਖੀ। ਉਹ ਜਦ ਸਖ਼ਤ ਬੀਮਾਰ ਹੋਏ ਤਾਂ ਨਿਜ਼ਾਮ-ਉੱਦ-ਦੀਨ ਦੇਖਣ ਲਈ ਗਏ। ਦਿਆ-ਉੱਦ-ਦੀਨ ਨੇ ਆਪਣੀ ਪਗੜੀ ਰਾਹ ਵਿਚ ਵਿਛਾ ਦਿੱਤੀ। ਨਿਜ਼ਾਮ-ਉੱਦ-ਦੀਨ ਨੇ ਪਗੜੀ ਉਠਾਈ, ਚੁੰਮੀ ਅਤੇ ਅੱਖਾਂ ਤੇ ਲਗਾਈ। ਮੌਲਾਨਾ, ਜੋ ਸਦਾ ਉਨ੍ਹਾਂ ਦੇ ਖ਼ਿਲਾਫ਼ ਬੋਲਦੇ ਰਹੇ, ਸਿਰ ਨੀਵਾਂ ਕਰ ਕੇ ਬੈਠੇ ਰਹੇ ਅਤੇ ਅੱਖੀਆਂ ਉੱਚਾ ਕਰ ਕੇ ਵੀ ਨਾ ਦੇਖਿਆ। ਜਦ ਨਿਜ਼ਾਮ-ਉੱਦ-ਦੀਨ ਔਲੀਆ ਮੁੜੇ ਤਾਂ ਮੌਲਾਨਾ ਸੁਨਾਮੀ ਨੇ ਉਸੇ ਸਮੇਂ ਸਵਾਸ ਛੱਡੇ। ਟਿਕਾਣਾ ਉਨ੍ਹਾਂ ਦਾ ਦਿੱਲੀ ਵਿਖੇ ਸੀ


www.sikhbookclub.com

ਅਤੇ ਕਹਿੰਦੇ ਹਨ ਕਿ ਉਨ੍ਹਾਂ ਦੀ ਉਪਮਾ ਚਾਰੇ ਪਾਸੇ ਉਨ੍ਹਾਂ ਦੇ ਜੀਵਨ ਵਿਚ ਹੀ ਫੈਲ ਗਈ ਸੀ। ਪੀਰ ਬੁੱਧੂ ਸ਼ਾਹ ਦੇ ਵੱਡੇ-ਵਡੇਰਿਆਂ ਨੂੰ ਸਮਾਣਾ ਲਾਗੇ ਹੀ ਜਾਗੀਰ ਮੁਗ਼ਲ ਹਕੂਮਤ ਨੇ ਦਿੱਤੀ ਸੀ। ਮੁਗ਼ਲ ਬਾਦਸ਼ਾਹ ਪੂਰਾ ਸਤਿਕਾਰ ਦਿੰਦੇ ਸਨ। ਇਨ੍ਹਾਂ ਦੇ ਇਕ ਬਜ਼ੁਰਗ ਅਬਦੁਲ-ਹਵਾਬ, ਕੁਤਬਉੱਲ ਕਿਤਾਬ ਦਾ ਮਕਬਰਾ ਔਰੰਗਜ਼ੇਬ ਨੇ ਆਪੂੰ ਬਣਵਾਇਆ ਸੀ। ਸ਼ੇਖ ਅਬਦੁਲ ਹਵਾਬ ਹੀ ਸਨ ਜਿਨ੍ਹਾਂ ਪਹਿਲੀ ਵਾਰੀ ਜੁਰਅੱਤ ਨਾਲ ਇਹ ਵਿਚਾਰ ਪੇਸ਼ ਕੀਤੇ ਕਿ ਸੱਯਦ ਮੁਹੰਮਦ ਦੇ ਸੇਵਕਾਂ (ਮਹਾਂਦਵੀਆਂ) ਨੂੰ ਕਾਫ਼ਰ ਨਹੀਂ ਕਹਿਣਾ ਚਾਹੀਦਾ ਕਿਉਂਕਿ ਉਹ ਆਪਣੇ ਆਪ ਨੂੰ ਮੁਸਲਮਾਨ ਕਹਿੰਦੇ ਹਨ, ਕਲਮਾ ਪੜ੍ਹਦੇ ਹਨ, ਰੋਜ਼ੇ ਰੱਖਦੇ ਹਨ ਤੇ ਨਮਾਜ਼ ਅਦਾ ਕਰਦੇ ਹਨ। ਜੇ ਸੱਯਦ ਮੁਹੰਮਦ ਆਪਣੇ ਆਪ ਨੂੰ ਪੈਗ਼ੰਬਰ ਕਹਿੰਦਾ ਹੈ ਤਾਂ ਸਾਨੂੰ ਇਸ ਬਾਰੇ ਚੁੱਪ ਹੀ ਕਰ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਸ਼ੇਖ਼ ਸੈਫ਼ਦੀਨ ਨੇ ਕਿਹਾ ਸੀ : *"ਚਰਚਾ ਵਿਚ ਖਿੱਝਣਾ ਅਤੇ ਦੂਜੇ ਨੂੰ ਚੋਟਾਂ ਮਾਰਨੀਆਂ ਨਹੀਂ ਚਾਹੀਦੀਆਂ। ਜੇ ਸਮਝਦੇ ਹੋ ਕਿ ਅਗਲਾ ਪੁਰਸ਼ ਠੀਕ ਕਹਿ ਰਿਹਾ ਹੈ ਤਾਂ ਉਸ ਦੀ ਗੱਲ ਮੰਨ ਲਵੋ ਅਤੇ ਜੇ ਉਸ ਨੂੰ ਗ਼ਲਤ ਸਮਝੋ ਤਾਂ ਇਕ ਜਾਂ ਦੋ ਵਾਰੀ ਸਮਝਾਓ ਅਤੇ ਜੇ ਉਹ ਫਿਰ ਵੀ ਨਾ ਮੰਨੇ ਤਾਂ ਇਹ ਹੀ ਆਖੋ ਕਿ ਜੋ ਉਹ ਕਹਿ ਰਿਹਾ ਹੈ, ਸ਼ਾਇਦ ਠੀਕ ਹੋਵੇ ਪਰ ਸੋਚਣ ਦੀ ਗੁੰਜਾਇਸ਼ ਰੱਖੋ"*, ਐਸੇ ਖ਼ਿਆਲਾਂ ਵਾਲੇ ਸਨ ਇਹ ਸੂਫ਼ੀ।

ਸੱਯਦ ਗ਼ੁਲਾਮ ਸ਼ਾਹ ਦੇ ਘਰ ੧੩ ਜੂਨ, ੧੬੪੭ ਨੂੰ ਬਦਰ-ਉੱਦ-ਦੀਨ ਦਾ ਜਨਮ ਹੋਇਆ। ਇਹ ਹੀ ਪਿੱਛੋਂ ਪੀਰ ਬੁੱਧੂ ਸ਼ਾਹ ਦੇ ਨਾਂ ਨਾਲ ਪ੍ਰਸਿੱਧ ਹੋਏ। ਆਪ ਜੀ ਬਚਪਨ ਤੋਂ ਹੀ ਅਬਾਦਤ ਵਿਚ ਜੁੜ ਜਾਂਦੇ ਸਨ ਤੇ ਦੁਨਿਆਵੀ ਗੱਲਾਂ ਤੋਂ ਬੇਪ੍ਰਵਾਹ ਸਨ। ਕੁਝ ਪਿਆਰ ਅਤੇ ਕੁਝ ਵਿਅੰਗ ਨਾਲ ਲੋਕੀਂ 'ਬੁੱਧੂ' 'ਬੁੱਧੂ' ਕਹਿਣ ਲੱਗ ਪਏ। ਪਿਛੋਂ ਉਨ੍ਹਾਂ ਦੀ ਪਾਕੀਜ਼ਗੀ ਅਤੇ ਖ਼ੁਦਾ ਤੱਕ ਰਸਾਈ ਕਾਰਨ ਲੋਕੀਂ ਸਤਿਕਾਰ ਨਾਲ ਪੀਰ ਬੁੱਧੂ ਸ਼ਾਹ ਕਹਿਣ ਲੱਗ ਪਏ। ਲੋਕਾਂ ਦੀ ਸੇਵਾ ਕਰ ਕੇ ਉਹ ਅਨੰਦ ਲੈਂਦੇ ਅਤੇ ਮਜ਼੍ਹਬ ਮਿੱਲਤ ਅਤੇ ਜ਼ਾਤ ਤੋਂ ਸਦਾ ਉਤਾਂਹ ਦੇਖਦੇ। ਮਨੁੱਖ ਕੀ, ਪਸ਼ੂਆਂ ਨਾਲ ਵੀ ਪ੍ਰੇਮ ਕਰਦੇ। ਉਨ੍ਹਾਂ ਦੀ ਪਸ਼ੂਆਂ ਪ੍ਰਤੀ ਹਮਦਰਦੀ ਵੇਖਣ ਵਾਲੀ ਸੀ।

ਪੀਰ ਬੁੱਧੂ ਸ਼ਾਹ ਜੀ ਨੇ ਆਪਣੀ ਜਾਗੀਰ ਵਿਚੋਂ ਕੁਝ ਜ਼ਮੀਨ ਬਟਾਈ ਤੇ ਇਕ ਰਿਸ਼ਤੇਦਾਰ 'ਜਾਨਾ' ਨੂੰ ਦਿੱਤੀ ਹੋਈ ਸੀ। ਉਹ ਇਤਨੇ ਕਰੜੇ ਸੁਭਾਅ ਦਾ ਸੀ ਕਿ ਕੋਈ ਪਸ਼ੂ ਵੀ ਉਨ੍ਹਾਂ ਦੀ ਪੈਲੀ ਨੂੰ ਮੂੰਹ ਮਾਰ ਜਾਏ ਤਾਂ ਪਸ਼ੂ ਨੂੰ ਮਾਰ-ਮਾਰ ਅਧਮੋਇਆ ਕਰ ਦਿੰਦਾ ਸੀ। ਇਕ ਵਾਰੀ ਕੁਝ ਪਸ਼ੂਆਂ ਨੂੰ ਉਸ ਇਤਨਾ ਮਾਰਿਆ ਕਿ ਉਹ ਬੇਹੋਸ਼ ਹੋ ਡਿੱਗ ਪਏ। ਨਾਲ ਹੀ ਮਾਲਕ ਨੂੰ ਖ਼ੂਬ ਜਲੀਆਂ ਕਟੀਆਂ ਸੁਣਾਈਆਂ। ਪੀਰ ਬੁਧੂ ਸ਼ਾਹ ਜੀ ਨੂੰ ਜਦ ਇਸ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ 'ਜਾਨਾ' ਨੂੰ ਕਿਹਾ ਕਿ ਉਹ ਆਪਣੇ ਹਿੱਸੇ ਦੀ ਬਟਾਈ ਛੱਡਣ ਲਈ ਤਿਆਰ ਹਨ ਜੇ ਉਹ ਪਸ਼ੂਆਂ ਨੂੰ ਕੁਝ ਨਾ ਕਿਹਾ ਕਰੇ। ਉਸ ਨੇ ਮੁਆਫ਼ੀ ਮੰਗੀ। ਉਧਰ ਕੁਦਰਤ ਦਾ ਕਰਨਾ ਜਿਨ੍ਹਾਂ ਪੈਲੀਆਂ ਵਿਚ ਪਸ਼ੂ ਮੂੰਹ ਮਾਰ ਜਾਂਦੇ ਸਨ ਉਨ੍ਹਾਂ ਵਿਚ ਉਪਜ ਸੋਹਣੀ ਤੇ ਸੰਘਣੀ ਹੋਣ ਲੱਗੀ।

ਬੁੱਧੂ ਸ਼ਾਹ ਸਤਾਰਾਂ ਸਾਲ ਦੇ ਸਨ ਕਿ ਉਨ੍ਹਾਂ ਦੀ ਸ਼ਾਦੀ ਇਕ ਖ਼ੁਦਾ-ਪ੍ਰਸਤ ਔਰਤ ਨਸੀਰਾਂ ਨਾਲ ਹੋਈ। ਨਸੀਰਾਂ ਦਾ ਇਕ ਭਰਾ ਸੈਦ ਖ਼ਾਨ ਔਰੰਗਜ਼ੇਬ ਦੀਆਂ ਫ਼ੌਜਾਂ ਵਿਚ

ਇਕ ਉੱਚੇ ਅਹੁਦੇ ਤੇ ਸੀ। ਪੀਰ ਬੁੱਧੂ ਸ਼ਾਹ ਨੇ ਘੁੜਾਮ ਦੇ ਪ੍ਰਸਿੱਧ ਫ਼ਕੀਰ ਭੀਖਨ ਖ਼ਾਨ ਦੇ ਦਰਸ਼ਨ ਕਈ ਵਾਰ ਕੀਤੇ ਸਨ। ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਵੀ ਉਨ੍ਹਾਂ (ਪਟਿਆਲਾ) ਸੈਫਾਬਾਦ ਜਾ ਕੇ ਕਈ ਵਾਰ ਕੀਤੇ ਸਨ, ਜਿੱਥੇ ਗੁਰੂ ਤੇਗ ਬਹਾਦਰ ਜੀ ਆਉਂਦੇ ਰਹਿੰਦੇ ਸਨ। ਪੀਰ ਭੀਖਨ ਨੇ ਤਾਂ ਉਸ ਦਿਨ ਨਮਾਜ ਹੀ ਪੂਰਬ ਵੱਲ ਅਦਾ ਕੀਤੀ ਸੀ ਜਦ ਗੁਰੂ ਗੋਬਿੰਦ (ਸਿੰਘ) ਜੀ ਦਾ ਪ੍ਰਕਾਸ਼ ਪਟਨੇ ਵਿਖੇ ਹੋਇਆ ਸੀ। ਉਥੇ ਜਾ ਕੇ ਉਨ੍ਹਾਂ ਆਪਣੇ ਮਨ ਦਾ ਭਰਮ ਵੀ ਗਵਾਇਆ ਸੀ ਅਤੇ ਧਰਮ ਦੇ ਅਰਥ ਉਥੇ ਹੀ ਸਮਝੇ ਸਨ ਜਦ ਬਾਲਕ ਗੁਰੂ ਗੋਬਿੰਦ ਸਿੰਘ ਜੀ ਨੇ ਦੋਵੇਂ ਦੁੱਧ ਅਤੇ ਪਾਣੀ ਦੇ ਕੁੱਜੇ ਆਪਣੇ ਪਾਵਨ ਚਰਨਾਂ ਨਾਲ ਡੋਲ੍ਹ ਦਿੱਤੇ ਸਨ। ਪੀਰ ਭੀਖਨ ਸ਼ਾਹ ਕੋਲੋਂ ਜਦ ਉਨ੍ਹਾਂ ਗੁਰੂ ਗੋਬਿੰਦ (ਸਿੰਘ) ਜੀ ਦੀ ਇਤਨੀ ਉਪਮਾ ਸੁਣੀ ਤਾਂ ਉਹ ਵੀ ਦਰਸ਼ਨਾਂ ਦੀ ਸਿੱਕ ਰੱਖਣ ਲੱਗ ਪਏ। ਪਟਨੇ ਤੋਂ ਅਨੰਦਪੁਰ ਜਾਂਦਿਆਂ ਜਦ ਗੁਰੂ ਗੋਬਿੰਦ (ਸਿੰਘ) ਜੀ ਲਖਨੌਰ ਰੁਕੇ ਸਨ ਤਾਂ ਵੀ ਪੀਰ ਬੁੱਧੂ ਸ਼ਾਹ, ਭੀਖਨ ਸ਼ਾਹ ਨਾਲ ਹੀ ਗੁਰੂ ਗੋਬਿੰਦ (ਸਿੰਘ) ਜੀ ਦੇ ਦਰਸ਼ਨਾਂ ਨੂੰ ਆਏ। ਦਸਮੇਸ਼ ਜੀ ਦੀ ਗੁਰ-ਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਵੇਲੇ ਪੀਰ ਬੁੱਧੂ ਸ਼ਾਹ ਦਿੱਲੀ ਟੁਰ ਆਏ ਸਨ ਅਤੇ ਉਥੋਂ ਕੁਝ ਚਿਰ ਲਈ ਗੋਸ਼ਾ ਨਸ਼ੀਨ (ਛੁਪ ਗਏ) ਹੋ ਗਏ। ਘੋਰ ਤਪੱਸਿਆ ਵੀ ਕੀਤੀ ਪਰ ਮਨ ਨਾ ਟਿਕਿਆ ਤਾਂ ਫਿਰ ਵਾਪਸ ਸਾਢੌਰਾ ਆਏ ਅਤੇ ਉਥੋਂ ਜਦ ਗੁਰੂ ਗੋਬਿੰਦ (ਸਿੰਘ) ਜੀ ਦਾ ਪਾਉਂਟਾ ਸਾਹਿਬ ਆਉਣਾ ਸੁਣਿਆ ਤਾਂ ਉਥੇ ਦਰਸ਼ਨਾਂ ਨੂੰ ਪੁੱਜੇ ਅਤੇ ਦਰਸ਼ਨਾਂ ਨਾਲ ਐਸੀ ਤ੍ਰਿਪਤੀ ਹੋਈ ਕਿ ਪਾਉਂਟਾ ਸਾਹਿਬ ਨੂੰ ਆਪਣਾ ਦੂਜਾ ਘਰ ਹੀ ਬਣਾ ਲਿਆ। ਪੀਰ ਬੁੱਧੂ ਸ਼ਾਹ ਨੇ ਪਾਉਂਟਾ ਸਾਹਿਬ ਦਰਸ਼ਨ ਕਰਨ ਵੇਲੇ ਪਹਿਲਾ ਸਵਾਲ ਹੀ ਇਹ ਕੀਤਾ, 'ਮੇਰੀ ਪਿਆਸ ਬੁਝਾਓ'। ਮਹਾਰਾਜ ਦਾ ਉੱਤਰ ਸੀ : *"ਭਟਕਣ ਦੀ ਲੋੜ ਨਹੀਂ, ਟਿਕ ਜਾਓ।"* ਫਿਰ ਬੁੱਧੂ ਸ਼ਾਹ ਜੀ ਨੇ ਪੁੱਛਿਆ ਕਿ ਖੁਦਾ ਕਿਵੇਂ ਪਾਈਏ, ਤਾਂ ਗੁਰੂ ਜੀ ਨੇ ਕਿਹਾ : *"ਖ਼ੁਦਾ ਦੇ ਦੀਦਾਰ ਵਿਚ ਅਗਿਆਨਤਾ ਅਤੇ ਤੰਗ-ਦਿਲੀ ਹੀ ਰੁਕਾਵਟਾਂ ਹਨ। ਅਗਿਆਨਤਾ ਕਰ ਕੇ ਪਦਾਰਥ, ਪੁੱਤਰ, ਮਾੜ੍ਹੀਆਂ ਆਪਣੀਆਂ ਲੱਗਦੀਆਂ ਹਨ ਤੇ ਤੰਗ-ਦਾਇਰੇ ਵਿਚ ਇਨਸਾਨ ਫਸ ਜਾਂਦਾ ਹੈ। ਇਨ੍ਹਾਂ ਨੂੰ ਤੋੜ ਜੋ ਬਾਹਰ ਨਿਕਲ ਗਿਆ ਉਸ ਖ਼ੁਦਾ ਦਾ ਦੀਦਾਰ ਪਾ ਲਿਆ। ਖ਼ੁਦਾ ਨਾਲ ਮਿਲਣਾ ਐਸੇ ਹੈ ਜਿਵੇਂ ਰਾਤ ਨੂੰ ਦਿਨ ਮਿਲਦਾ ਹੈ। ਜਦ ਪ੍ਰਭਾਤ ਆਉਂਦੀ ਹੈ ਤਾਂ ਰਾਤ ਪਿੱਛੇ ਪੈ ਜਾਂਦੀ ਹੈ। ਜਦ ਅਸਲੀਅਤ ਦਾ ਪਤਾ ਲੱਗਦਾ ਹੈ ਤਾਂ ਖ਼ੁਦੀ ਮਿਟ ਜਾਂਦੀ ਹੈ। ਰਾਤ ਪੂਰੇ ਤੌਰ ਤੇ ਮੁੱਕ ਹੀ ਜਾਂਦੀ ਹੈ।"* ਫਿਰ ਜਦ ਪੀਰ ਜੀ ਨੇ ਪੁੱਛਿਆ ਕਿ 'ਮਿਲਾਪ ਹੋਇਆ ਅਨੁਭਵ ਕਿਵੇਂ ਕਰੀਏ' ਤਾਂ ਗੁਰੂ ਜੀ ਨੇ ਉੱਤਰ ਦਿੱਤਾ : *"ਨੂਰਾਨੀ ਉਜਾਲਾ ਹੁੰਦਿਆਂ ਆਪੇ ਦੀ ਹੋਂਦ ਮੁੱਕ ਜਾਂਦੀ ਹੈ ਅਤੇ ਖ਼ਿਆਲ ਵੀ ਨਹੀਂ ਰਹਿੰਦਾ ਕਿ ਅਸੀਂ ਹਾਂ। ਹਕੀਕਤ, ਹੱਕ ਵਿਚ ਚਲੀ ਜਾਂਦੀ ਹੈ। ਮਲੰਮਾ ਲਹਿ ਜਾਂਦਾ ਹੈ। ਤ੍ਰਿਸ਼ਨਾ ਤੇ ਪਾਖੰਡ ਖ਼ਤਮ ਹੋ ਜਾਂਦੇ ਹਨ।"* ਮਨ ਕਾਬੂ ਕਰਨ ਦੀ ਗੱਲ ਜਦ ਉਨ੍ਹਾਂ ਪੁੱਛੀ ਤਾਂ ਮਹਾਰਾਜ ਦਾ ਫ਼ਰਮਾਉਣਾ ਸੀ ਕਿ ਜਿਸ ਘੋਰ ਤਪ ਨਾਲ ਮਨ ਕਾਬੂ ਕਰਨਾ ਚਾਹਿਆ, ਉਹ ਕਦੇ ਸਫ਼ਲ ਨਹੀਂ ਹੋਇਆ। ਤਪ ਤਾਂ ਖ਼ੁਦੀ ਦੀ ਖ਼ੁਰਾਕ ਹੀ ਬਣ ਜਾਂਦਾ ਹੈ। ਉਸ ਤਕ ਪੁੱਜਣ ਦਾ ਰਾਹ ਕੇਵਲ ਰਜ਼ਾ ਵਿਚ ਰਹਿਣਾ ਹੈ ਅਤੇ ਇਸ ਦੀ ਦੱਸ ਪਾਉਂਦਾ ਹੈ 'ਕਾਮਿਲ ਮੁਰਸ਼ਦ।' ਪੀਰ ਬੁੱਧੂ ਸ਼ਾਹ ਨੂੰ ਜ਼ਿੰਦਗੀ ਦਾ ਰਹੱਸ ਮਿਲ ਗਿਆ।

 www.sikhbookclub.com

ਭਾਈ ਸੰਤੋਖ ਸਿੰਘ ਜੀ ਨੇ ਰਾਸ ਬਾਰ੍ਹਵੀਂ, ਰੁਤ ਪਹਿਲੀ ਅਤੇ ਅਸੂ ੪੯ਵੇਂ ਵਿਚ ਪੀਰ ਬੁੱਧੂ ਸ਼ਾਹ ਨਾਲ ਪਾਉਂਟਾ ਸਾਹਿਬ ਵਿਖੇ ਹੋਈ ਮਿਲਣੀ ਦਾ ਵੇਰਵਾ ਦਿੱਤਾ ਹੈ। ਉਹ ਲਿਖਦੇ ਹਨ ਕਿ ਜਦ ਗੁਰੂ ਜੀ ਨੇ ਪੁੱਛਿਆ, 'ਕਿਸ ਕਾਰਜ ਤੇ ਆਵਨ ਇਹਾ।' ਤਾਂ ਬੁੱਧੂ ਸ਼ਾਹ ਜੀ ਨੇ ਕਿਹਾ : "ਮਨ ਟਿਕਦਾ ਨਹੀਂ ਸੀ, ਦਰਸ਼ਨਾਂ ਨੂੰ ਆਇਆ ਸਾਂ ਪਰ ਆਪ ਜੀ ਦੇ ਬਿਨਾਂ ਤੋਲੇ ਤੇ ਮੁਖੋਂ ਬੋਲੇ ਹੀ, ਦਰਸ਼ਨ ਲੈ ਕੇ ਮਨ ਦਾ ਦੇਣਾ ਹੋ ਗਿਆ ਹੈ, ਸਭ ਭਟਕਣਾਂ ਮੁੱਕ ਗਈਆਂ ਹਨ ਅਤੇ ਮਨ ਹੁਣ ਉੱਡਦਾ ਨਹੀਂ" :

**"ਐਸੀ ਮਿਲਣੀ ਅਬਿ ਮਲਿ ਗਯੋ।**
**ਲੇ ਦਰਸ਼ਨ ਕੋ, ਮਨ ਦੇ ਦਿਯੋ।**
**ਅਸ ਬਿਵਹਾਰ ਬਿਨਾ ਮੁਖ ਬੋਲੇ।**
**ਹੋਇ ਚੁਕਯੋ ਤੁਰਨ ਬਿਨ ਤੋਲੇ॥ ੧੭॥**
**ਜਿਸ ਤੇ ਫੇਰ ਨਾ ਫਿਰਨਾ ਹੋਏ।**
**ਬਹੁਤ ਦਿਨ ਕੇ ਦਾਰਿਦ ਦੁਖ ਖੋਇ।"**

ਫਿਰ ਜਦ ਬਚਨ ਸੁਣੇ ਤਾਂ ਮੁਰਾਧ ਹੀ ਹੋ ਗਏ। ਗੁਰੂ ਜੀ ਨੇ ਵੀ ਬਹੁਤ ਆਦਰ ਦਿੱਤਾ ਅਤੇ ਖ਼ਾਸ ਹੁਕਮ ਕੀਤਾ ਕਿ ਇਨ੍ਹਾਂ ਨੂੰ ਸਨਮਾਨ ਨਾਲ ਰੱਖਿਆ ਜਾਏ :

**"ਸਯਦ ਕੀ ਸੁਧਿ ਕੀਜਹਿ ਜਾਏ।**
**ਆਛੈ ਥਾਨ ਕਰਾਏ ਨਿਵੇਸ਼।"**

ਪੀਰ ਬੁੱਧੂ ਸ਼ਾਹ ਜੀ ਬਹੁਤ ਦੇਰ ਪਾਉਂਟਾ ਸਾਹਿਬ ਟਿਕੇ ਅਤੇ ਖ਼ੁਦਾ ਦੇ ਰਾਹ ਤੇ ਟੁਰਨ ਦਾ ਵਲ ਉਥੇ ਸਿੱਖਦੇ ਰਹੇ :

**"ਬੁਧੂ ਸ਼ਾਹ ਬਹੁਤ ਦਿਨ ਰਹਯੋ।**
**ਮਗ ਖ਼ੁਦਾਇ ਕੋ ਗੁਰ ਤੇ ਲਹਯੋ"॥ ੩੮॥**

ਬੜੇ ਸਤਿਕਾਰ ਨਾਲ ਹੀ ਗੁਰੂ ਜੀ ਨੇ ਪੀਰ ਜੀ ਨੂੰ ਵਿਦਾਇਗੀ ਦਿੱਤੀ ਅਤੇ ਸਿਰੋਪਾ ਵੀ ਬਖ਼ਸ਼ਿਆ। ਨਿਮਰਤਾ ਦੀ ਹੱਦ ਦੱਸਦੇ ਹੋਏ ਸੱਯਦ ਜੀ ਨੇ ਗੁਰੂ ਚਰਨਾਂ ਨਾਲ ਛੁਹਾ ਕੇ ਸਿਰ ਤੇ ਰੱਖ ਲਿਆ :

**"ਸਿਰੋ ਪਾਓ ਤਬਿ ਪ੍ਰਭੂ ਦਿਵਾਯੋ।**
**ਪਗ ਛੁਵਾਇ ਲੇ ਸੀਸ ਚਢਾਯੋ।"**

ਇਸ ਉਪਰੰਤ ਕਈ ਵਾਰ ਆਪ ਜੀ ਪਾਉਂਟਾ ਸਾਹਿਬ ਆਉਂਦੇ ਰਹੇ। ਸੱਤ ਸੌ ਪਠਾਣਾਂ ਨੂੰ ਜਦ ਔਰੰਗਜ਼ੇਬ ਨੇ ਆਪਣੀ ਤੰਗ-ਦਿਲੀ ਨੀਤੀ ਕਾਰਨ ਫ਼ੌਜ ਤੋਂ ਜੁਆਬ ਦਿੱਤਾ :

**ਰਿਸਿ ਨੌਰੰਗ ਸੋ ਵਟਿਰ ਨਿਕਾਰੇ।**

ਤਾਂ ਆਪ ਜੀ ਉਚੇਚੇ ਤੌਰ ਤੇ ਉਨ੍ਹਾਂ ਨੂੰ ਨਾਲ ਲੈ ਕੇ ਉਸਰ ਰਹੀ ਫ਼ੌਜ ਵਿਚ ਭਰਤੀ ਕਰਾਉਣ ਲਈ ਆਏ। ਔਰੰਗਜ਼ੇਬ ਵਲੋਂ ਫ਼ੌਜ ਵਿਚੋਂ ਕੱਢਣ ਵੇਲੇ ਪਠਾਣਾਂ ਪ੍ਰਤੀ ਇਹ ਫ਼ਰਮਾਨ ਵੀ ਜਾਰੀ ਕੀਤਾ ਗਿਆ :

**ਇਨ ਕੋ ਚਾਕਰ ਕਹਿ ਕੋ ਰਾਖੈ।**
**ਖਤਾਵੰਦ ਪਾਤਸ਼ਾਹੀ ਅਹੈਂ।**
**ਰਾਖਹਿ, ਜੋ ਸਜਾਇ ਸੋ ਲਹੈ॥ ੬॥**

 www.sikhbookclub.com

ਸਭ ਪਠਾਣ ਆਪਣੇ ਫ਼ੌਜਦਾਰਾਂ ਸਮੇਤ ਪੀਰ ਬੁੱਧੂ ਸ਼ਾਹ ਕੋਲ ਆਏ ਅਤੇ ਸਾਰੀ ਵਾਰਤਾ ਦੱਸੀ। ਪੀਰ ਜੀ ਨੇ ਪਠਾਣਾਂ ਨੂੰ ਕਿਹਾ ਕਿ ਤੁਹਾਨੂੰ ਨੌਕਰ ਉਹ ਹੀ ਰੱਖ ਸਕਦਾ ਹੈ ਜਿਸ ਨੂੰ ਔਰੰਗਜ਼ੇਬ ਦਾ ਡਰ ਨਾ ਹੋਵੇ ਅਤੇ ਫਿਰ ਯਕਦਮ ਕਹਿਣ ਲੱਗੇ ਕਿ ਕੇਵਲ ਇਕ ਗੁਰੂ ਨਾਨਕ ਜੀ ਦੀ ਗੁਰਗੱਦੀ ਤੇ ਬੈਠੇ ਦਸਮੇਸ਼ ਹੀ ਐਸੇ ਹਨ ਜਿਨ੍ਹਾਂ ਨੂੰ ਕਿਸੇ ਦਾ ਡਰ ਨਹੀਂ :

**ਸ੍ਰੀ ਨਾਨਕ ਗਾਦੀ ਪਰ ਅਹੈ।**
**ਸੋ ਨਹਿ ਤ੍ਰਾਸ ਕਿਸੂ ਤੇ ਲਹੈ।**

ਬੁੱਧੂ ਸ਼ਾਹ ਨੇ ਆਉਂਦਿਆਂ ਹੀ ਗੁਰੂ ਜੀ ਨੂੰ ਕਿਹਾ ਕਿ ਇਹ ਪੰਜ ਸੌ ਪਠਾਣ ਹਨ ਜਿਨ੍ਹਾਂ ਦਾ ਪੇਸ਼ਾ ਹੀ ਜੰਗ ਹੈ ਉਹ ਜ਼ਾਮਨ ਹੈ ਅਤੇ ਉਨ੍ਹਾਂ ਨੂੰ ਨੌਕਰ ਰੱਖਣ ਦੀ ਕਿਰਪਾ ਕਰੋ। ਗੁਰੂ ਜੀ ਨੇ ਪੀਰ ਦਾ ਆਦਰ ਕਰਦੇ ਹੋਏ ਸਭ ਨੂੰ ਨੌਕਰ ਰੱਖ ਲਿਆ।

ਜੰਗ ਦਾ ਬਿਗਲ ਵੱਜਦੇ ਹੀ ਚਾਰ ਸੌ ਪਠਾਣ ਦੁਸ਼ਮਣਾਂ ਨਾਲ ਜਾ ਰਲੇ ਅਤੇ ਕੇਵਲ ਇਕ ਕਾਲੇ ਖ਼ਾਨ ਹੀ ਸਾਬਤ ਕਦਮ ਰਿਹਾ। ਬੁੱਧੂ ਸ਼ਾਹ ਜੀ ਨੂੰ ਜਦ ਖ਼ਬਰ ਮਿਲੀ ਕਿ ਪਠਾਣ ਪਹਾੜੀਆਂ ਨਾਲ ਰਲ ਗਏ ਹਨ ਤਾਂ ਉਨ੍ਹਾਂ ਨੇ ਇਲਾਕੇ ਵਿਚ ਪੱਲੂ ਫੇਰਿਆ ਕਿ ਜੋ 'ਅਲਾਹ ਦਾ ਪਿਆਰਾ ਹੈ, ਅਲਾਹ ਦੀ ਲੜਾਈ ਲੜਨ ਲਈ ਉੱਠੇ। ਇਹ ਜੰਗ ਹੈਵਾਨਾਂ ਵਿਰੁੱਧ ਲੜੀ ਜਾ ਰਹੀ ਹੈ।' ਇਸ ਤਰ੍ਹਾਂ ਸੌ ਮੁਰੀਦਾਂ, ਚਾਰ ਪੁੱਤਰਾਂ, ਸੱਯਦ ਅਸ਼ਰਫ਼, ਸੱਯਦ ਮੁਹੰਮਦ ਸ਼ਾਹ, ਸੱਯਦ ਸ਼ਾਹ ਆਲਮ, ਦੋ ਭਰਾਵਾਂ ਨਾਲ ਸਿੱਧੇ ਹੀ ਭੰਗਾਣੀ ਦੇ ਯੁੱਧ ਵਿਚ ਪੁੱਜ ਗਏ। ਇਸ ਜੰਗ ਦਾ ਨਕਸ਼ਾ ਵੀ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਰਾਸਿ ਬਾਰ੍ਹਵੀਂ, ਰੁੱਤ ਦੂਜੀ, ਐਸ ੨੬ਵੀਂ ਵਿਚ ਇਸ ਬਿਧ ਖਿੱਚਿਆ ਹੈ। ਉਹ ਲਿਖਦੇ ਹਨ ਕਿ ਜਦ ਘਮਸਾਨ ਦਾ ਜੰਗ ਹੋ ਰਿਹਾ ਸੀ ਤਾਂ ਬੁੱਧੂ ਸ਼ਾਹ ਆਪਣੇ ਜਥੇ ਦੇ ਜੋਧਿਆਂ ਨੂੰ ਨਾਲ ਲੈ ਕੇ ਰਾਜੇ ਫ਼ਤਹਿ ਸ਼ਾਹ ਦੀ ਫ਼ੌਜ, ਜਿਹੜੀ ਪਿੰਡਾਂ ਦੀ ਛੋੜ ਇਕ ਪਾਸਾ ਮੱਲ ਕੇ ਖੜੋਤੀ ਹੋਈ ਸੀ, ਉਸ ਉੱਤੇ ਟੁੱਟ ਕੇ ਪੈ ਗਏ। ਪਹਾੜੀਏ ਆਪਣੇ ਵਲੋਂ ਤਗੜਾ ਤੇ ਭਿਆਨਕ ਹੱਲਾ ਕਰਦੇ ਪਏ ਸਨ, ਪਰ ਬੁੱਧੂ ਸ਼ਾਹ ਨੇ ਕਿਸੇ ਨੂੰ ਅੱਗੇ ਨਾ ਵਧਣ ਦਿੱਤਾ :

**ਗਿਰ ਲੋਕਨ ਕਿਆ ਹੇਲਾ ਕਰਾਲ।**
**ਰੁਪ ਰਹਯੋ ਸ਼ਹਿ ਬੁਧੂ ਬਿਸਾਲ।**
**ਸਭਿ ਲੀਨ ਤਾਲ ਪਧ ਨਾਹਿ ਹਾਲ।**

ਬੁੱਧੂ ਸ਼ਾਹ ਦੇ ਮੁਰੀਦਾਂ ਨੇ ਭਰਪੂਰ ਹੱਲਾ ਕਰ ਕੇ ਬਹੁਤ ਵੈਰੀਆਂ ਨੂੰ ਮਾਰ ਮੁਕਾਇਆ। ਆਪਣੇ ਚਾਰ ਪੁੱਤਰਾਂ ਨਾਲ ਫਿਰ ਬੁੱਧੂ ਸ਼ਾਹ ਦੂਜੇ ਪਾਸੇ ਝਪਟ ਪਿਆ ਅਤੇ ਬਹੁਤ ਸਾਰੇ ਪਹਾੜੀਏ ਮੌਤ ਦੇ ਘਾਟ ਉਤਾਰ ਦਿੱਤੇ। ਪੀਰ ਜੀ ਦਾ ਹੱਲਾ ਇਤਨਾ ਸਖ਼ਤ ਸੀ ਕਿ ਪਹਾੜੀਏ ਸਹਾਰ ਨਾ ਸਕੇ ਅਤੇ ਜਾਨਾਂ ਬਚਾਉਣ ਲਈ ਕੁਝ ਨੱਸ ਗਏ ਅਤੇ ਕੁਝ ਨੇ ਪਹਾੜਾਂ ਤੇ ਬ੍ਰਿਛਾਂ ਦੀ ਓਟ ਲੈ ਲਈ।

ਆਪਣੇ ਜਵਾਨਾਂ ਨੂੰ ਭੱਜਦਾ ਵੇਖ ਕੇ ਗੁਪਾਲ ਚੰਦ ਗੁਲੇਰੀਆ ਇਕ ਜਥਾ ਲੈ ਕੇ ਆਪ ਅੱਗੇ ਹੋਇਆ ਤਾਂ ਉਸ ਵੇਲੇ ਬੁੱਧੂ ਸ਼ਾਹ ਦੇ ਚਾਰੇ ਪੁੱਤਰ ਅੱਗੇ ਹੋ ਕੇ ਲੜਨ ਲੱਗੇ :

**ਸੁਤ ਚਤੁਰ ਪੀਰ ਕੇ ਬਲਿ ਬਿਸਾਲ,**
**ਹੁਇ ਖਰੇ ਅਗ ਸਿਖਕੈ ਗੁਪਾਲ॥ ੧੨॥** **(ਰੁਤ ਦੂਜੀ)**

ਉਨ੍ਹਾਂ ਐਸੀ ਸ਼ਾਨਦਾਰ ਤਲਵਾਰ ਚਲਾਈ ਕਿ ਵੇਖਣ ਵਾਲੇ ਹੈਰਾਨ ਰਹਿ ਗਏ। ਕਵੀ ਜੀ ਲਿਖਦੇ ਹਨ ਕਿ ਉਹ ਸ਼ਮਸ਼ੀਰ ਹੱਥ ਲੈ ਕੇ ਸ਼ੇਰ ਵਾਂਙ ਝਪਟੇ ਅਤੇ ਜੰਗ ਦਾ ਮੈਦਾਨ ਉਨ੍ਹਾਂ ਦੇ ਹੱਥ ਸੀ :

**ਸ਼ਮਸ਼ੇਰ ਕਾਢਿ ਸਮ ਸ਼ੇਰ ਹੋਇ।**
**ਸਤ੍ਰੁਨਿ ਮਾਰਿ ਰਨ ਮੈਂ ਖਰੋਇ।**

ਆਪਣੇ ਸਾਥੀਆਂ ਨੂੰ ਮਰਦਾ ਦੇਖ ਕੇ ਗੋਪਾਲ ਨੇ ਹੋਰ ਗੁੱਸਾ ਖਾਧਾ ਅਤੇ ਪੁੱਤਰ (ਸੱਯਦ ਅਸ਼ਰਫ਼) ਨੂੰ ਘੇਰ ਲਿਆ। ਜਦ ਸਤਿਗੁਰ ਜੀ ਨੇ ਪੀਰ ਦੇ ਪੁੱਤਰ ਨੂੰ ਦੁਸ਼ਮਣ ਦੇ ਘੇਰੇ ਵਿਚ ਆਇਆ ਦੇਖਿਆ ਤਾਂ ਮਾਮਾ ਕ੍ਰਿਪਾਲ ਚੰਦ ਨੂੰ ਮਦਦ ਲਈ ਭੇਜਿਆ। ਮਾਮਾ ਜੀ ਦੇ ਪੁੱਜਣ ਨਾਲ ਘੇਰਾ ਤਾਂ ਟੁੱਟ ਗਿਆ ਪਰ ਗੋਪਾਲ ਚੰਦ ਨੇ ਨਿਸ਼ਾਨਾ ਸੇਧ ਕੇ ਐਸਾ ਤੀਰ ਚਲਾਇਆ ਕਿ ਸੱਯਦ ਅਸ਼ਰਫ਼ ਦੀ ਛਾਤੀ ਚੀਰ ਗਿਆ ਤੇ ਉਹ ਉਥੇ ਹੀ ਸ਼ਹੀਦ ਹੋ ਗਿਆ :

**ਰਿਸ ਕਰਿ ਗੁਪਾਲ ਤੇ ਬਾਨ ਛੋਰਿ।**
**ਉਰ (ਛਾਤੀ) ਤਤਕਾਲ ਹੀ ਦੀਨ ਫੋਰ। ॥ ੨੬ ॥ ਰੁਤ ੫ ॥ ਅੰਸ਼ ੨੬ ॥**

ਅਸ਼ਰਫ਼ ਦੇ ਮ੍ਰਿਤਕ ਸਰੀਰ ਨੂੰ ਚੁੱਕਣ ਲਈ ਦੋਵੇਂ ਧਿਰਾਂ ਅੱਗੇ ਵਧੀਆਂ, ਪਰ ਬੁੱਧੂ ਸ਼ਾਹ ਦੇ ਮੁਰੀਦ ਲਾਸ਼ ਉਠਾਉਣ ਵਿਚ ਸਫ਼ਲ ਹੋ ਗਏ।

ਮਾਮਾ ਜੀ ਬਹੁਤ ਰੋਹ ਵਿਚ ਲੜ ਰਹੇ ਸਨ। ਉਨ੍ਹਾਂ ਨੂੰ ਵੀ ਗੋਪਾਲ ਨੇ ਇਕ ਤੀਰ ਮਾਰਿਆ ਜੋ ਘੋੜੇ ਦੀ ਕਾਠੀ ਵਿਚ ਖੁੱਭ ਗਿਆ। ਮਾਮਾ ਜੀ ਨੇ ਲਲਕਾਰਿਆ ਕਿ ਵਾਰ ਸੰਭਾਲ ਅਤੇ ਤੀਰ ਚਲਾਇਆ ਕਿ ਗੋਪਾਲ ਚੰਦ ਦੇ ਘੋੜੇ ਦੇ ਕੰਨ ਪਾਸ ਜਾ ਲੱਗਾ ਜਿਸ ਨਾਲ ਘੋੜਾ ਤੜਪ ਕੇ ਜ਼ਮੀਨ ਤੇ ਡਿੱਗ ਪਿਆ। ਘੋੜਾ ਛੱਡ ਕੇ ਗੋਪਾਲ ਭੱਜ ਗਿਆ। ਜਦ ਸਤਿਗੁਰੂ ਜੀ ਨੂੰ ਬੁੱਧੂ ਸ਼ਾਹ ਦੇ ਪੁੱਤਰ ਦੇ ਸ਼ਹੀਦ ਹੋਣ ਦੀ ਖ਼ਬਰ ਪੁੱਜੀ ਤਾਂ ਆਪ ਜੀ ਨੇ ਸੱਯਦ ਅਸ਼ਰਫ਼ ਦੀ ਬਹੁਤ ਉਪਮਾ ਕੀਤੀ ਅਤੇ ਬੁੱਧੂ ਸ਼ਾਹ ਜੀ ਨੂੰ ਕਿਹਾ ਕਿ ਉਸ ਆਪਣੀ ਲਾਜ ਰੱਖ ਵਿਖਾਈ :

**"ਸਾਧ ਸਾਧ ਬੁਧੂ ਸੁਭਟ, ਜਿਨ ਰਾਖੀ ਨਿਜ ਆਨ।"**

ਇਕ ਪੁੱਤ ਦੇ ਸ਼ਹੀਦ ਹੋਣ ਨਾਲ ਵੀ ਪੀਰ ਜੀ ਪਿੱਛੇ ਨਾ ਹਟੇ, ਸਗੋਂ ਆਪਣੇ ਪੁੱਤਰ ਤੇ ਭਰਾਵਾਂ ਨਾਲ ਉਸ ਪਾਸੇ ਵਧੇ ਜਿਸ ਪਾਸੇ ਹਰੀ ਚੰਦ ਤੇ ਭੀਖਨ ਖ਼ਾਨ, ਸੰਗੋ ਸ਼ਾਹ ਨਾਲ ਯੁੱਧ ਕਰ ਰਹੇ ਸਨ। ਰਾਜਾ ਕ੍ਰਿਪਾਲ, ਹਰੀ ਚੰਦ ਦੀ ਮਦਦ ਤੇ ਆ ਗਿਆ ਤੇ ਇਧਰੋਂ ਬੁੱਧੂ ਸ਼ਾਹ ਵੀ ਅੜ ਖਲੋਤੇ। ਪਹਾੜੀਆਂ ਦੀ ਮਦਦ ਨਾਲ ਚੰਦੇਲ ਦਾ ਰਾਜਾ ਮਧਕਰ ਸ਼ਾਹ ਅੱਗੇ ਹੋਇਆ ਤੇ ਤੀਰਾਂ ਦੀ ਬਾਰਸ਼ ਹੀ ਕਰਨ ਲੱਗਾ। ਇਸ ਦੇ ਇਕ ਤੀਰ ਨਾਲ ਪੀਰ ਜੀ ਦਾ ਦੂਜਾ ਪੁੱਤਰ ਸੱਯਦ ਮੁਹੰਮਦ ਸ਼ਾਹ ਵੀ ਸ਼ਹੀਦ ਹੋ ਗਿਆ :

**"ਦੁਤਿਯ ਪੁਤ੍ਰ ਲਗਿ ਘਾਵ ਤਨ ਰਾਹ ਭਿਸ਼ਤ ਲਰੰਤੇ।"** । ੪੨ ।

(ਰਾਸ ਬਾਰ੍ਹਵੀਂ, ਰੁਤ ਦੂਜੀ, ਅੰਸ਼ ੨੯)

ਜਦ ਹਲਵਾਈ ਲਾਲ ਚੰਦ ਹੱਥੋਂ ਮੀਰ ਖ਼ਾਨ ਅਤੇ ਉਦਾਸੀ ਕ੍ਰਿਪਾਲ ਹੱਥੋਂ ਹਯਾਤ ਖ਼ਾਨ ਦੀ ਮੌਤ ਸੁਣੀ ਤਾਂ ਪਹਾੜੀਏ ਦੋ ਅੱਗੇ ਹੋਏ, ਪਰ ਗੁਰੂ ਜੀ ਦੇ ਆਪੂੰ ਯੁੱਧ ਵਿਚ ਕੁੱਦਣ ਕਰ ਕੇ ਹਰੀ ਚੰਦ ਦੇ ਮਾਰੇ ਜਾਣ ਨਾਲ ਜੰਗ ਜਿੱਤ ਵਿਚ ਮੁੱਕ ਗਈ। ਗੁਰੂ ਜੀ ਪਾਉਂਟਾ ਸਾਹਿਬ ਪਰਤ ਆਏ ਤੇ ਸਾਰਿਆਂ ਨੇ ਆਪਣੀ–ਆਪਣੀ ਵਿਥਿਆ ਸੁਣਾਈ। ਪੀਰ ਜੀ ਨੂੰ ਦੂਰ ਇਕ

ਪਾਸੇ ਬੈਠਿਆਂ ਦੇਖ ਕੇ ਉੱਚੀ ਅਵਾਜ਼ ਦੇ ਕੇ ਪਾਸ ਬੁਲਾਇਆ ਅਤੇ ਫ਼ਰਮਾਇਆ :

**"ਤੁਮ ਪੀਰ ਸਾਚ ਕੇ ਆਹਾ।"**

ਬੁੱਧੂ ਸ਼ਾਹ ਨੇ ਕਹਿਆ : ਮਰਨਾ ਸਭ ਨੇ ਹੈ। ਉਹ ਧੰਨ ਹੈ ਜਿਸ ਦੇ ਪੁੱਤਰ ਸ਼ੁਭ ਕਾਰਜ ਲਈ ਤੇ ਜੰਗ ਵਿਚ ਸ਼ਹੀਦ ਹੋਏ ਹਨ। ਇਸ ਲਈ ਉਸ ਨੂੰ ਰਤਾ ਵੀ ਅਫ਼ਸੋਸ ਨਹੀਂ ਹੈ :

**"ਮਮ ਪੁਤਰ ਮਾਰੇ ਸ਼ੁਭ।**
**ਇਕ ਤੌ ਰਨ ਖੇਤ ਮਹਾਨਾ।**
**ਪੁਨ ਕਾਰਜ ਤੁਮਰੇ ਆਏ।**
**ਇਵ ਕਰਿ ਵੈ ਭਿਸਤ ਸਿਧਾਏ।੨੭।**
**ਇਹ ਜਾਨਯੋ ਲਾਭ ਬਡੇਰਾ।**
**ਨਹਿ ਸ਼ੋਕ ਕਰੇ ਮਨ ਮੇਰਾ।" ।੨੮।**

ਜਦ ਕਿਸੇ ਕਿਹਾ ਕਿ :

**ਜੰਮਣ ਜੇਡ ਨਹੀਂ ਸ਼ਦੀਆਨਾ, ਮਰਨੌਂ ਬੁਰਾ ਨਾ ਦੁਖੜਾ।**
**ਪੁੱਤ੍ਰਾਂ ਬਾਝ ਜਗਤ ਵਿਚ ਜਾਪੇ, ਬੰਦਾ ਅਫੁਲ ਰੁਖੜਾ।**

ਤਾਂ ਪੀਰ ਜੀ ਨੇ ਸ਼ੁਕਰ ਦੇ ਦਰ ਪੁੱਜ ਉੱਤਰ ਵਜੋਂ ਕਿਹਾ ਸੀ :

**ਧੰਨ ਭਾਗ ਹਨ ਮੇਰੇ ਬਚੜੇ ਸਤਿਗੁਰ ਦੇ ਦਰ ਲੱਗੇ।**
**ਜੀਊਣਾ ਮਰਨਾ ਸਫ਼ਲ ਉਨ੍ਹਾਂ ਦਾ ਜੋ ਜੂਝੇ ਹੋ ਅੱਗੇ।**

ਅਗਲੇ ਦਿਨ ਬੁੱਧੂ ਸ਼ਾਹ ਨੇ ਸਾਰੀ ਵਾਰਤਾ ਸੁਣਾਂਦੇ ਹੋਏ ਕਿਹਾ ਕਿ "ਉਹ ਨਿਮਕ-ਹਰਾਮਾਂ ਨੇ ਨੱਸ ਜਾਣ ਉਪਰੰਤ ਸੱਤ ਸੌ ਮੁਰੀਦਾਂ ਨਾਲ ਚਾਰ ਪੁੱਤਰਾਂ ਅਤੇ ਭਰਾਵਾਂ ਸਮੇਤ ਪਾਉਂਟਾ ਪੁੱਜੇ ਤਾਂ ਤੁਸੀਂ ਜੰਗ ਤੇ ਜਾ ਚੁੱਕੇ ਸੀ। ਸੋ ਸਿੱਧਾ ਹੀ ਭੰਗਾਣੀ ਪੁੱਜ ਗਿਆ ਤੇ ਜੋ ਸੇਵਾ ਹੋ ਸਕੀ ਕੀਤੀ।" ਜਦ ਉਹ ਵਾਰਤਾ ਸੁਣਾ ਰਿਹਾ ਸੀ, ਗੁਰੂ ਜੀ ਉਸ ਸਮੇਂ ਕੰਘਾ ਕਰ ਕੇ ਹਟੇ ਸਨ ਅਤੇ ਦਸਤਾਰ ਸਜਾ ਰਹੇ ਸਨ ਅਤੇ ਬਖ਼ਸ਼ਿਸ਼ ਕਰਦੇ ਕੰਘੇ ਵਿਚ ਅੜੇ ਕੇਸ ਅਤੇ ਦਸਤਾਰ ਹੀ ਸਿਰੋ-ਪਾਉ ਵਜੋਂ ਦੇ ਦਿੱਤੀ। ਪੀਰ ਜੀ ਨੇ ਇਹ ਅਮੋਲ ਵਸਤੂਆਂ ਸੰਭਾਲ ਕੇ ਸੰਦੂਕੜੀ ਵਿਚ ਰੱਖ ਲਈਆਂ ਅਤੇ ਦਰਸ਼ਨ ਕਰ ਕੇ ਨਿਹਾਲ ਹੁੰਦੇ। ਪਰ ਜਦ ਉਨ੍ਹਾਂ ਤੇ ਹੱਲੇ ਹੋਣ ਲੱਗੇ ਤਾਂ ਉਨ੍ਹਾਂ ਨੇ ਸੰਦੂਕੜੀ ਨੂੰ ਮਕਾਨ ਦੀ ਦੀਵਾਰ ਵਿਚ ਚਿਣ ਦਿੱਤਾ ਅਤੇ ਪਿੱਛੋਂ ਜਦ ਖ਼ਾਲਸੇ ਦੇ ਰਾਜ ਸਮੇਂ ਇਹ ਪਾਵਨ ਵਸਤਾਂ ਮਿਲੀਆਂ ਤਾਂ ਕੌਮ ਨੇ ਅਤਿ ਸਤਿਕਾਰ ਦਿੱਤਾ ਅਤੇ ਸ਼ਰਧਾ ਦਿਖਲਾਈ।

ਮੁਰੀਦਾਂ ਵਿਚ ਗੁਰੂ ਜੀ ਨੇ ਪੰਜ ਹਜ਼ਾਰ ਰੁਪਿਆ ਅਤੇ ਸਭ ਨੂੰ ਸਿਰਪਾਉ ਬਖ਼ਸ਼ੇ। ਗੁਰੂ ਨਾਲ ਪੀਰ ਜੀ ਦਾ ਪਿਆਰ ਅਟੁੱਟ ਹੋ ਗਿਆ। ਪੀਰ ਜੀ ਵਾਪਸ ਸਾਢੌਰਾ ਆ ਗਏ ਅਤੇ ਗੁਰੂ ਜੀ ਥੋੜ੍ਹੇ ਚਿਰ ਪਾਉਂਟਾ ਟਿਕ ਕੇ ਅਨੰਦਪੁਰ ਵੱਲ ਚੱਲ ਪਏ। ਅਨੰਦਪੁਰ ਜਾਂਦਿਆਂ ਰਾਹ ਵਿਚ ਸਾਢੌਰਾ ਵੀ ਕੁਝ ਚਿਰ ਲਈ ਗੁਰੂ ਜੀ ਟਿਕੇ।

ਅਨੰਦਪੁਰ ਕਈ ਵਾਰੀ ਪੀਰ ਜੀ ਦਰਸ਼ਨਾਂ ਨੂੰ ਆਉਂਦੇ ਰਹੇ, ਗੁਰੂ ਜੀ ਵੀ ਜਦ ਮੈਦਾਨ ਵੱਲ ਆਉਂਦੇ ਤਾਂ ਸਾਢੌਰਾ ਹੋ ਕੇ ਜਾਂਦੇ। ਕੁਰੂਕਸ਼ੇਤਰ ਜਦ ਗੁਰੂ ਜੀ ਨੇ ਸਦੀਆਂ ਦਾ ਵਹਿਮ ਗਊ ਗਧੇ ਦੀ ਭੇਟ ਬ੍ਰਾਹਮਣ ਨੂੰ ਦੇ ਕੇ ਤੋੜਨਾ ਚਾਹਿਆ ਤਾਂ ਵੀ ਉਹ ਸਾਢੌਰਾ ਹੋ ਕੇ ਗਏ। ਇਕ ਵਾਰੀ ਪੀਰ ਜੀ ਕਾਬਲ ਵੀ ਗਏ, ਜਿੱਥੋਂ ਗੁਰੂ ਜੀ ਲਈ ਘੋੜੇ ਖ਼ਰੀਦ ਕੇ ਆਂਦੇ। ਦਿੱਲੀ

ਜਦ ਵੀ ਪੀਰ ਜੀ ਜਾਂਦੇ, ਗੁਰੂ ਜੀ ਅਜ਼ਮਤ ਦੀਆਂ ਸਾਖੀਆਂ ਹੋਰਨਾਂ ਪੀਰਾਂ ਤੇ ਫ਼ਕੀਰਾਂ ਨੂੰ ਸੁਣਾਂਦੇ। ਰਾਜਿਆਂ ਨੇ ਔਰੰਗਜ਼ੇਬ ਪਾਸ ਸ਼ਿਕਾਇਤ ਵੀ ਕੀਤੀ ਕਿ ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਜ਼ੇਰ ਕਰ ਲੈਣਾ ਸੀ ਪਰ ਪੀਰ ਬੁੱਧੂ ਸ਼ਾਹ ਦੀ ਮੌਕੇ ਸਿਰ ਦਿੱਤੀ ਮਦਦ ਨਾਲ ਗੁਰੂ ਜਿੱਤ ਗਏ। ਔਰੰਗਜ਼ੇਬ ਦੇ ਦਰਬਾਰ ਵਿਚ ਹੀ ਸੈਦਖਾਨਾ, ਜੋ ਬੁੱਧੂ ਸ਼ਾਹ ਦੀ ਪਤਨੀ ਨਸੀਰਾ ਦਾ ਸੱਕਾ ਭਰਾ ਸੀ, ਨੇ ਗੱਲ ਟਾਲ ਦਿੱਤੀ ਕਿ ਉਹ ਆਪੇ ਜਾ ਕੇ ਸਮਝਾ ਦੇਵੇਗਾ। ਉਹ ਪਿੰਡ ਆਇਆ ਵੀ, ਪਰ ਗੁਰੂ ਸਾਹਿਬ ਸਬੰਧੀ ਪੀਰ ਜੀ ਦੀ ਅਤੇ ਆਪਣੀ ਭੈਣ, ਭਾਣਜਿਆਂ ਦੀ ਅਕੀਦਤ ਦੇਖ ਕੇ ਚੁੱਪ ਕਰ ਗਿਆ।

ਨਦੌਣ ਤੇ ਹੁਸੈਨੀ ਦੀਆਂ ਜੰਗਾਂ ਬਾਅਦ ਔਰੰਗਜ਼ੇਬ ਨੇ ਆਪਣੇ ਲੜਕੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਵੀ ਭੇਜਿਆ। ਉਸ ਹਾਲਾਤ ਦਾ ਜਾਇਜ਼ਾ ਲੈ ਕੇ ਅਨੰਦਪੁਰ ਨੂੰ ਨਾ ਛੇੜਨਾ ਹੀ ਮੁਨਾਸਬ ਸਮਝਿਆ।

ਜਦ ਪਹਾੜੀਆਂ ਦੀਆਂ ਸ਼ਿਕਾਇਤਾਂ ਵਧਦੀਆਂ ਹੀ ਗਈਆਂ ਤਾਂ ਔਰੰਗਜ਼ੇਬ ਨੇ ਸੈਦ ਖ਼ਾਨ ਨੂੰ ਭੇਜਿਆ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਸਿੱਧੇ ਰਾਹ ਪਾਏ। ਉਹ ਪਹਿਲਾਂ ਸਾਢੌਰਾ ਗਿਆ। ਉਸ ਦੀ ਭੈਣ ਤੇ ਭਣੂਜੇ (ਪੀਰ ਬੁੱਧੂ ਸ਼ਾਹ) ਨੇ ਗੁਰੂ ਜੀ ਦੀ ਅਜ਼ਮਤ ਦ੍ਰਿੜ੍ਹਾ ਕੇ ਕਹਿਆ ਕਿ ਉਸ ਨੂੰ ਇਸ ਖ਼ੁਦਾ ਨਾਲ ਟੱਕਰ ਨਹੀਂ ਲੈਣੀ ਚਾਹੀਦੀ। ਉਸ ਨੇ ਇਕ ਨਾ ਸੁਣੀ ਤੇ ਫ਼ੌਜਾਂ ਦੀ ਅਗਵਾਈ ਕਰਨ ਲਈ ਅਨੰਦਪੁਰ ਗਿਆ।

ਪਰ ਅਨੰਦਪੁਰ ਪੁੱਜਦੇ ਸਾਰ ਬੁੱਧੂ ਸ਼ਾਹ ਅਤੇ ਭੈਣ ਜੀ ਦੀਆਂ ਵੀਚਾਰਾਂ ਨੇ ਘੇਰ ਲਿਆ ਅਤੇ ਮਨ ਨੂੰ ਸਮਝਾਉਣ ਲੱਗਾ ਕਿ ਭੈਣ ਤੇ ਭਣੂਜੇ ਇਤਨੇ ਗ਼ਲਤ ਨਹੀਂ ਹੋ ਸਕਦੇ। ਆਪਣੇ ਦੋ ਪੁੱਤਰ ਹੱਸ ਕੇ ਕੁਰਬਾਨ ਕਰਨ ਵਾਲਿਆਂ ਨੇ ਕੁਝ ਦੇਖਿਆ ਹੀ ਹੋਵੇਗਾ। ਫਿਰ ਆਪੇ ਹੀ ਚੁਣੌਤੀ ਦੇ ਕੇ ਕਹਿਣ ਲੱਗਾ ਕਿ ਜੇ ਉਹ ਐਸੇ ਹਨ, ਦਿਲਾਂ ਦੀ ਜ਼ਬਾਨ ਜਾਣਦੇ ਹਨ ਤਾਂ ਸਾਹਮਣੇ ਆਉਣ। ਅੱਧੀ ਰਾਤ ਆਪਣੇ ਖ਼ੇਮੇ ਵਿਚ ਲੇਟਿਆਂ ਹੀ ਸੈਦਖ਼ਾਨ ਨੇ ਇਹ ਸੋਚਣੀ ਸੋਚੀ :

**"ਅੰਤਰਜਾਮੀ ਪੀਰਨ ਪੀਰ।**
**ਉਹ ਕੀ ਲਖਹਿ ਪਰੇਮ ਕੀ ਧੀਰ।**
**ਤੌ ਆਬਿ ਤੇਜ ਤੁਰੰਗ ਕੁਦਾਵਹਿ।**
**ਕਲਗੀ ਝੂਲਤ ਰੂਪ ਦਿਖਾਵਹਿ।**
**ਅਬ ਉਤਕੰਠਾ ਲਖਿ ਚਿਤ ਮੇਰੀ।**
**ਏਕ ਬਾਤ ਇਤ ਪਾਵਹਿ ਫੇਰੀ।"**

ਮਹਾਰਾਜ ਨੇ ਵੀ ਉਸ ਦੀਆਂ ਦਿਲ ਤਰੰਗਾਂ ਸੁਣੀਆਂ ਤੇ ਉਸ ਦੇ ਪਾਸ ਘੋੜੇ ਤੇ ਇਕੱਲੇ ਹੀ ਚੱਲ ਪਏ :

**ਧਨਖ ਬਾਨ ਨਿਜ ਪਾਨ ਸੰਭਾਰਾ।**
**ਭਏ ਤੁਰੰਗਮ ਪਰ ਅਸਵਾਰਾ।**
**ਕਰਤਿ ਸ਼ੀਘ੍ਰਤਾ ਹਯ ਚਪਲਾਏ।**
**ਤਤ ਛਿਨ ਖਾਨ ਅਗ੍ਰ ਕੋ ਆਏ।**

ਦਰਸ਼ਨ ਕਰਦਿਆਂ ਹੀ ਸੈਦ ਖ਼ਾਨ ਪੁਕਾਰ ਉੱਠਿਆ :

**ਖ਼ੁਦਾ ਆਇਦ ਖ਼ੁਦਾ ਆਇਦ।**
**ਮੈਂ ਆਇਦ, ਖ਼ੁਦਾ ਬੰਦਾ।**
**ਹਕੀਕਤ ਦਰ ਮਿਜਾਜ਼ ਆਇਦ**
**ਕਿ ਮੁਰਦਹ ਰਾ ਕੁਨਦ ਜ਼ਿੰਦਾ।**

ਗੁਰੂ ਜੀ ਨੇ ਕਿਹਾ, 'ਖ਼ਾਨ ਵਾਰ ਤਾਂ ਕਰੋ।' ਉਹ ਘੋੜੇ ਤੋਂ ਥੱਲੇ ਉਤਰ ਆਇਆ ਅਤੇ ਸੀਸ ਰਕਾਬ ਵਿਚ ਪਏ ਚਰਨਾਂ ਤੇ ਰੱਖ ਦਿੱਤਾ ਅਤੇ ਕੁਝ ਨਾ ਬੋਲਿਆ। ਗੁਰੂ ਜੀ ਨੇ, 'ਕਿਰਪਾ ਦ੍ਰਿਸ਼ਟੀ ਤੇ ਧਰਿ ਸਿਰ ਹਾਥਾ, ਤਤ ਛਿਨ ਸੇਵਕ ਕੀਨਿ ਸਨਾਥਾ।'

ਸੈਦ ਖ਼ਾਨ ਉਥੋਂ ਹੀ ਅਬਾਦਤ ਲਈ ਕਿਧਰੇ ਨਿਕਲ ਗਿਆ। ਇਹ ਸਭ ਵਾਰਤਾ ਮੁਗ਼ਲ ਫ਼ੌਜਾਂ ਸਾਹਮਣੇ ਹੋਈ ਸੀ।

ਔਰੰਗਜ਼ੇਬ ਨੂੰ ਜਦ ਸਾਰੀ ਖ਼ਬਰ ਪੁੱਜੀ ਤਾਂ ਉਸ ਨੇ ਸਪੱਸ਼ਟ ਲਿਖਿਆ ਕਿ 'ਜਾਂ ਤਾਂ ਗੁਰੂ ਆਰਾਮ ਨਾਲ ਬੈਠੇ ਜਾਂ ਆਤਮ ਸਮਰਪਣ ਕਰ ਦੇਵੇ।' ਆਪ ਜੀ ਨੂੰ ਅਨੰਦਪੁਰ ਛੱਡਣਾ ਪਿਆ। ਪੀਰ ਬੁੱਧੂ ਸ਼ਾਹ ਨੂੰ ਮਿਲਣ ਲਈ ਸਾਢੌਰਾ ਆਏ, ਤਾਂ ਸਾਢੌਰਾ ਦੇ ਹਾਕਮ ਉਸਮਾਨ ਖ਼ਾਨ ਨੇ ਪੀਰ ਬੁੱਧੂ ਸ਼ਾਹ ਨੂੰ ਗੁਰੂ ਗੋਬਿੰਦ ਸਿੰਘ ਜੀ ਉਸ ਦੇ ਹਵਾਲੇ ਕਰਨ ਲਈ ਕਹਿਆ। ਉਸ ਨੇ ਸਾਫ਼ ਇਨਕਾਰ ਕੀਤਾ। ਉਸ ਨੂੰ ਪੀਰ ਜੀ ਨੇ ਇਤਨਾ ਮੰਨਵਾ ਲਿਆ ਕਿ ਜੇ ਗੁਰੂ ਜੀ ਦਾ ਖ਼ੂਨ ਤੈਨੂੰ ਦੇ ਦਿੱਤਾ ਜਾਏ ਤਾਂ ਉਹ ਔਰੰਗਜ਼ੇਬ ਦੇ ਦਰਬਾਰ ਦੀ ਤਸੱਲੀ ਕਰਾ ਸਕਦਾ ਹੈ। ਗੁਰੂ ਜੀ ਨੂੰ ਤਾਂ ਪੀਰ ਜੀ ਨੇ ਹਿਫ਼ਾਜ਼ਤ ਨਾਲ ਭੇਜ ਦਿੱਤਾ ਅਤੇ ਇਧਰ ਪੁੱਤਰ (ਸੱਯਦ ਮੁਹੰਮਦ ਬਖ਼ਸ਼) ਨੇ ਸਲਾਹ ਦਿੱਤੀ ਕਿ ਉਸ ਦਾ ਸਿਰ ਕੱਟ ਕੇ ਖ਼ੂਨ ਦੇ ਦਿੱਤਾ ਜਾਏ। ਐਸਾ ਹੀ ਕੀਤਾ ਗਿਆ ਅਤੇ ਲਾਸ਼ ਹਵੇਲੀ ਵਿਚ ਹੀ ਦਬਾ ਦਿੱਤੀ। ਖ਼ੂਨ ਲੈ ਕੇ ਜਦ ਉਸਮਾਨ ਖ਼ਾਨ ਦਿੱਲੀ ਪੁੱਜਾ ਤਾਂ ਢੱਕਣ ਉਤਾਰਦਿਆਂ ਹੀ ਸ਼ਾਹੀ ਹਕੀਮ ਨੇ ਕਹਿ ਦਿੱਤਾ ਕਿ ਇਹ ਗੁਰੂ ਦਾ ਖ਼ੂਨ ਨਹੀਂ। ਉਹ ਵਲੀ ਤੇ ਪਾਕ ਹਨ। ਉਸਮਾਨ ਖ਼ਾਨ ਨੇ ਗੁੱਸੇ ਵਿਚ ਭਰੇ ਉਥੇ ਹੀ ਪੀਰ ਜੀ ਦੇ ਖ਼ਾਨਦਾਨ ਨੂੰ ਤਬਾਹ ਕਰਨ ਦੀ ਗੱਲ ਆਖ ਦਿੱਤੀ। ਪੀਰ ਜੀ ਨੂੰ ਖ਼ਬਰਾਂ ਪੁੱਜ ਗਈਆਂ। ਉਨ੍ਹਾਂ ਨੇ ਆਪਣੀ ਪਤਨੀ ਅਤੇ ਇਕ ਬੇਟੇ ਤੇ ਪੋਤਰਿਆਂ ਨੂੰ ਨਾਹਨ ਮੇਦਨੀ ਪ੍ਰਕਾਸ਼ ਪਾਸ ਭੇਜ ਦਿੱਤਾ।

ਉਸਮਾਨ ਖ਼ਾਨ ਨੇ ਸਾਢੌਰਾ ਪੁੱਜਦੇ ਹੀ ਹਵੇਲੀ ਨੂੰ ਅੱਗ ਲਗਾ ਦਿੱਤੀ ਅਤੇ ਪੀਰ ਬੁੱਧੂ ਸ਼ਾਹ ਨੂੰ ਪਕੜ ਕੇ ਜੰਗਲਾਂ ਨੂੰ ਲੈ ਗਿਆ ਅਤੇ ਉਨ੍ਹਾਂ ਦੇ ਸਰੀਰ ਦੇ ਟੋਟੇ-ਟੋਟੇ ਕਰ ਦਿੱਤੇ। ਪੀਰ ਜੀ ਨੇ ਗੁਰੂ ਜੀ ਨੇ ਨਾਲ ਪਏ ਪਿਆਰ ਦੇ ਪੂਰਨਿਆਂ ਤੇ ਸਰਬੰਸ ਵਾਰ ਕੇ ਲਿਖਿਆ। ਇਹ ਅਕੀਦਤ ਦੀ ਇੰਤਹਾ ਸੀ। ਉਸਮਾਨ ਖ਼ਾਨ ਨੇ ਸਰਹੰਦੀ ਫ਼ੌਜਾਂ ਦੀ ਮਦਦ ਨਾਲ ਨਾਹਨ 'ਤੇ ਵੀ ਹਮਲਾ ਕਰਨਾ ਚਾਹਿਆ, ਪਰ ਉਸ ਨੂੰ ਖ਼ਬਰ ਪੁੱਜ ਗਈ ਕਿ ਬਾਲ ਬੱਚੇ ਉੱਥੇ ਨਹੀਂ ਹਨ। ਨਸੀਰਾਂ ਇਕ ਲੜਕੇ ਅਤੇ ਪੋਤਰਿਆਂ ਨੂੰ ਲੈ ਕੇ ਸਮਾਣਾ ਪੁੱਜ ਗਈ, ਜਿੱਥੇ ਉਸਮਾਨ ਖ਼ਾਨ ਦੀ ਮਾਰ ਨਹੀਂ ਸੀ। ਹੁਣ ਉਨ੍ਹਾਂ ਦੀ ਔਲਾਦ ਦੇ ਕੁਝ ਆਦਮੀ ਝੰਗ (ਪਾਕਿਸਤਾਨ) ਵਿਚ ਹਨ। ਜਦ ਮੈਂ ਪਾਕਿਸਤਾਨ ਗਿਆ ਤਾਂ ਉਨ੍ਹਾਂ ਵਿਚੋਂ ਇਕ ਨੇ ਮੇਰੇ ਤੇ ਗਿਲਾ ਵੀ ਕੀਤਾ ਕਿ ਬਾਕੀ ਤਾਂ ਬੇਸ਼ਕ ਤੁਸੀਂ ਸਭ ਕੁਝ ਭੁੱਲ ਜਾਂਦੇ ਪਰ ਪੀਰ ਬੁੱਧੂ ਸ਼ਾਹ ਦੀ ਔਲਾਦ


www.sikhbookclub.com

ਨੂੰ ਨਹੀਂ ਸੀ ਭੁਲਾਉਣਾ ਚਾਹੀਦਾ।

ਗੁਰੂ ਗੋਬਿੰਦ ਸਿੰਘ ਜੀ ਨੇ ਜਦ ਬਾਬਾ ਬੰਦਾ ਸਿੰਘ ਜੀ ਨੂੰ ਪੰਜਾਬ ਭੇਜਿਆ ਸੀ ਤਾਂ ਇਕ ਹੁਕਮ ਇਹ ਦਿੱਤਾ ਸੀ ਕਿ ਜਿਨ੍ਹਾਂ ਨੇ ਉਨ੍ਹਾਂ ਦੇ ਮੁਰੀਦ ਪੀਰ ਬੁੱਧੂ ਸ਼ਾਹ ਤੇ ਉਸ ਦੇ ਪਰਵਾਰ ਨੂੰ ਕਸ਼ਟ ਦਿੱਤੇ ਹਨ, ਸਜ਼ਾਵਾਂ ਦਿੱਤੀਆਂ ਜਾਣ। ਇਹ ਹੀ ਕਾਰਨ ਹੈ ਕਿ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹੰਦ ਦੇ ਹਮਲੇ ਤੋਂ ਪਹਿਲਾਂ ਸਮਾਣਾ ਤੇ ਫਿਰ ਸਾਢੌਰਾ ਨੂੰ ਜਿੱਤ ਕੇ ਹੀ ਅੱਗੇ ਕਦਮ ਚੁੱਕਿਆ ਸੀ। ਪੀਰ ਜੀ ਦੀ ਕੁਰਬਾਨੀ ਦਾ ਬਾਬਾ ਜੀ 'ਤੇ ਬਹੁਤ ਹੀ ਪ੍ਰਭਾਵ ਪਿਆ ਸੀ।

SIKHBOOKCLUB.COM

੧੮

# ਭਾਈ ਨੰਦ ਲਾਲ ਜੀ

ਔਰੰਗਜ਼ੇਬ ਨੇ ਰਾਗ ਦੀ ਮਨਾਹੀ ੧੬੭੦ ਈ: ਨੂੰ ਕਰ ਦਿੱਤੀ ਸੀ। ਸਭ ਰਾਗੀ ਜਾਣਦੇ ਸਨ ਕਿ ਗੁਰੂ ਨਾਨਕ ਦੇ ਘਰ ਕੀਰਤਨ ਪ੍ਰਧਾਨ ਹੈ। ਗੁਰੂ ਨਾਨਕ ਦੇਵ ਜੀ ਨੇ ਜਦ ਬਲਵੰਡ ਜੀ ਦੀ ਸੌਂਪਣੀ ਗੁਰੂ ਅੰਗਦ ਦੇਵ ਜੀ ਨੂੰ ਕੀਤੀ ਸੀ ਤਾਂ ਨਾਲ ਹੀ ਫ਼ਰਮਾਇਆ ਸੀ : 'ਬਲਵੰਡ ਨੂੰ ਇਸ ਤਰ੍ਹਾਂ ਰੱਖਣਾ ਜਿਵੇਂ ਬੱਤੀ ਦੰਦਾਂ ਵਿਚ ਜੀਭ ਰੱਖੀਦੀ ਹੈ।' ਬਾਬਕ ਜੀ, ਅਬਦੁੱਲਾ ਤੇ ਨਥ ਮਲ ਨੇ ਗੁਰੂ ਹਰਿਗੋਬਿੰਦ ਜੀ ਸਮੇਂ ਸਨਮਾਨ ਪਾਇਆ ਸੀ। ਸੋ ਜਦ ਰਾਜ-ਕੇਂਦਰਾਂ ਤੇ ਰਾਜ-ਦਰਬਾਰਾਂ ਵਿਚ ਰਾਗ ਸੁਣਨ ਤੇ ਗਾਉਣ ਦੀ ਮਨਾਹੀ ਹੋ ਗਈ ਤਾਂ ਸਾਰਿਆਂ ਗੁਰੂ ਗੋਬਿੰਦ ਸਿੰਘ ਜੀ ਅਤੇ ਅਨੰਦਪੁਰ ਵੱਲ ਮੂੰਹ ਕੀਤਾ। ਗੁਰੂ ਗੋਬਿੰਦ ਸਿੰਘ ਜੀ ਕੀਰਤਨ ਨੂੰ ਬਹੁਤ ਉੱਚੀ ਥਾਂ ਦਿੰਦੇ ਸਨ। ਸਾਖੀ ਵੀ ਆਉਂਦੀ ਹੈ ਕਿ ਇਕ ਵਾਰੀ ਇਕ ਸਿੱਖ ਨੇ ਆ ਕੇ ਸ਼ਿਕਾਇਤ ਕੀਤੀ ਕਿ ਉਹ ਪਿਛਲ ਰਾਤ ਤੇਈਵੀਂ ਅਸ਼ਟਪਦੀ ਦੀ ਸਮਾਪਤੀ ਉਪਰੰਤ ਆਖ਼ਰੀ ਅਸ਼ਟਪਦੀ ਆਰੰਭ ਹੀ ਕਰਨ ਲੱਗਾ ਸੀ ਕਿ "ਰਬਾਬੀਆਂ ਦੁਤਾਰਾ ਆਣ ਖੜਕਾਇਆ। ਮੈਂ ਬਹੁਤੇਰਾ ਕਿਹਾ ਕਿ ਭੋਗ ਪਾ ਲੈਣ ਦਿਓ ਪਰ ਇਹ ਸ਼ਬਦ ਪੜ੍ਹਨ ਲੱਗ ਪਏ।" ਦਸਮੇਸ਼ ਪਿਤਾ ਨੇ ਕਿਹਾ, "ਇਸ ਵਿਚ ਰਬਾਬੀਆਂ ਦਾ ਕੋਈ ਦੋਸ਼ ਨਹੀਂ ਬਣਦਾ। ਤੂੰ ਸੰਗਤ ਕਉ ਚਾਬ ਚਬਾਇਦਾ ਸਾਇ ਤੇ ਰਬਾਬੀ ਸੰਗਤ ਕਉ ਪ੍ਰਸ਼ਾਦੀਆਂ ਲੱਗੇ ਛਕਾਉਣ। ਸੰਗਤ ਕਉ ਜਬ ਸ਼ਬਦਿ ਕਾ ਬੀਚਾਰ ਕਰਿ ਸੁਣਾਵਦਾ ਹੈ ਤਬ ਓਹ ਪਰਮ ਪਦ ਕਉ ਪਾਵਦਾ ਹੈ।" ਗੁਰੂ ਗੋਬਿੰਦ ਸਿੰਘ ਜੀ ਆਪੂੰ ਮ੍ਰਿਦੰਗ ਅਤੇ ਸਿਰੰਦਾ ਕਮਾਲ ਦਾ ਵਜਾਉਂਦੇ ਸਨ। ਰਵਾਲਸਰ ਗੁਰੂ ਜੀ ਦਾ ਸਿਰੰਦਾ ਅਤੇ ਕ੍ਰਿਪਾਨ ਇਕੱਠੇ ਹੀ ਪਏ ਹੋਏ ਹਨ।

ਜਦ ਫਿਰ ੧੬੯੦ ਈਸਵੀ ਨੂੰ ਔਰੰਗਜ਼ੇਬ ਨੇ ਸੰਸਕ੍ਰਿਤ ਪੜ੍ਹਨ ਪੜ੍ਹਾਉਣ ਦੇ ਸਭ ਕੇਂਦਰ ਤੇ ਪਾਠਸ਼ਾਲਾਵਾਂ ਇਕ ਫ਼ਰਮਾਨ ਰਾਹੀਂ ਬੰਦ ਕਰਵਾ ਦਿੱਤੀਆਂ ਤਾਂ ਬਹੁਤੇ ਵਿਦਵਾਨਾਂ ਅਨੰਦਪੁਰ ਦੀ ਓਟ ਲਈ। ਉਨ੍ਹਾਂ ਦਾ ਪਾਲਣ, ਪੋਸ਼ਣ ਅਤੇ ਉਹਨਾਂ ਦੀ ਰੱਖਿਆ ਅਨੰਦਪੁਰ ਬਗ਼ੈਰ ਹੋਣੀ ਮੁਸ਼ਕਲ ਸੀ। ਪੁਰਾਤਨ ਸਾਹਿਤ ਖੋਜਣ ਅਤੇ ਸੋਧਣ ਲਈ ਵਿਦਵਾਨ ਨਿਯਤ ਕੀਤੇ ਗਏ। ਲੋਕ-ਭਾਸ਼ਾ ਵਿਚ ਪ੍ਰਾਚੀਨ ਗ੍ਰੰਥਾਂ ਨੂੰ ਉਲਥਾਉਣ ਲਈ ਵਿਦਵਾਨਾਂ ਨੂੰ ਪ੍ਰੇਰਤ ਕੀਤਾ ਗਿਆ। ਸ਼ੀਆ ਤੇ ਸੂਫ਼ੀ ਖ਼ਿਆਲ ਰੱਖਣ ਵਾਲੇ ਮੁਸਲਮਾਨਾਂ ਉੱਤੇ ਜਦ ਔਰੰਗਜ਼ੇਬ ਦਾ ਅਤਾਬ ਗਿਰਿਆ ਤਾਂ ਉਨ੍ਹਾਂ ਵੀ ਅਨੰਦਪੁਰ ਵਿਚ ਹੀ ਸ਼ਰਨ ਦੇਖੀ। ਪਾਉਂਟਾ ਸਾਹਿਬ ਸਾਰੇ ਵਿਦਵਾਨ ਟਿਕ ਕੇ ਅਰੰਭ ਕੀਤੇ ਕੰਮਾਂ ਨੂੰ ਆਖ਼ਰੀ ਸ਼ਕਲ ਦੇਣ ਲੱਗੇ। ਸਿੱਖ ਇਤਿਹਾਸ

ਨੇ ਬਵੰਜਾ ਵਿਦਵਾਨਾਂ ਦਾ ਜ਼ਿਕਰ ਕੀਤਾ ਹੈ :

**ਬਾਵਨ ਕਵੀ ਹਜ਼ੂਰ ਗੁਰੂ ਰਹਿਤ ਸਦਾ ਹੀ ਪਾਸ।**
**ਆਵੇ ਜਾਹਿ ਅਨੇਕ ਹੀ ਕਹਿ ਜਸ ਲੇ ਧੰਨ ਰਾਸ।** (ਰੁਤ ੫, ਅੰਸ਼ ਸ ੫੨)

ਬਾਬਾ ਸੁਮੇਰ ਸਿੰਘ ਨੇ ਲਿਖਿਆ ਹੈ :

**ਪ੍ਰਥਮ ਨੰਦ ਲਾਲ ਸੁ ਬਿਸਾਲਾ।**
**ਸਤਿਗੁਰ ਪ੍ਰਿਆ ਪੂਰਨ ਮਤਿਵਾਲਾ।**

ਉਹਨਾਂ ਵਿਚ ਹਰ ਜਾਤੀ, ਧਰਮ, ਬੋਲੀ ਅਤੇ ਇਲਾਕੇ ਦੇ ਵਿਦਵਾਨ ਸਨ। ਇਨ੍ਹਾਂ ਵਿਦਵਾਨਾਂ ਦੇ ਕੀਤੇ ਉਪਰਾਲਿਆਂ ਨਾਲ ਅਨੰਦਪੁਰ ਵਿਚ ਇਕ ਵੀ ਅਨਪੜ੍ਹ ਨਾ ਰਿਹਾ :

**"ਬਾਲ ਬਿਰਧ ਸਭ ਸੋਧ ਪਠਾਵਾ।**
**ਕੋਊ ਅਨਪਢ ਰਹਿਣ ਨ ਪਾਵਾ।"**

ਉਹਨਾਂ ਸਭ ਵਿਦਵਾਨਾਂ ਦੇ ਸ਼੍ਰੋਮਣੀ ਸਨ ਭਾਈ ਨੰਦ ਲਾਲ ਜੀ।

ਮਹਾਨ ਕੋਸ਼ ਦੇ ਲਿਖਾਰੀ ਦਾ ਲਿਖਣਾ ਹੈ ਕਿ ੧੬੮੨ ਈ: ਵਿਚ ਭਾਈ ਨੰਦ ਲਾਲ ਜੀ ਮੁਲਤਾਨ ਤੋਂ ਤੁਰ ਕੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਕਰਦੇ ਹੋਏ, ਸ੍ਰੀ ਕਲਗੀਧਰ ਦੀ ਸੇਵਾ ਵਿਚ ਅਨੰਦਪੁਰ ਪੁੱਜੇ। ਉਹਨਾਂ ਦਰਸ਼ਨ ਕਰਦਿਆਂ ਹੀ ਦਸਮੇਸ਼ ਦੇ ਚਰਨਾਂ ਤੇ ਬੰਦਗੀ-ਨਾਮਾ ਨਾਂ ਦੀ ਪੁਸਤਕ ਭੇਟ ਕੀਤੀ ਅਤੇ ਖੜੋ ਕੇ ਸਾਰਾ ਸੁਣਾਇਆ, ਜਿਸ ਨੂੰ ਸੁਣ ਕੇ ਕਲਗੀਆਂ ਵਾਲੇ ਬਹੁਤ ਖ਼ੁਸ਼ ਹੋਏ ਅਤੇ ਆਪਣੀ ਪਾਵਨ ਕਲਮ ਨਾਲ ਪੁਸਤਕ ਦੇ ਅੰਤ ਵਿਚ ਲਿਖਿਆ :

**"ਆਬੇ ਹੈਵਾਂ ਪੁਰ ਸ਼ੁਦਹ ਚੂੰ ਜਾਮੇ ਊ।**
**ਜ਼ਿੰਦਗੀ ਨਾਮਹ ਸ਼ੁਦਹ ਜ਼ਾਂ ਨਾਮੇ ਊ।"**

**ਭਾਵ**—ਜਿਸ ਦਾ ਜਾਮ ਅੰਮ੍ਰਿਤ ਨਾਮ ਨਾਲ ਭਰ ਜਾਏ ਤਾਂ ਉਹ ਜ਼ਿੰਦਗੀ ਦਾ ਭੇਦ ਜਾਣ ਜਾਂਦਾ ਹੈ।

ਪੁਸਤਕ ਦਾ ਨਾਂ ਹੀ ਜ਼ਿੰਦਗੀ-ਨਾਮਾ ਰੱਖ ਦਿੱਤਾ ਅਤੇ ਵਰ ਦਿੱਤਾ ਕਿ ਜੋ ਵੀ ਇਹ ਰਚਨਾ ਪ੍ਰੇਮ ਤੇ ਵਿਚਾਰ ਨਾਲ ਪੜ੍ਹੇਗਾ ਉਸ ਦਾ ਜਨਮ ਸਫ਼ਲ ਹੋਵੇਗਾ। ਗੱਲ ਬਿਲਕੁਲ ਠੀਕ ਹੈ, ਬੰਦਗੀ ਵਿਚ ਹੀ ਜ਼ਿੰਦਗੀ ਹੈ ਅਤੇ ਬੰਦਗੀ-ਰਹਿਤ ਜੀਵਨ ਗੰਦਗੀ ਹੈ, ਹੋਰ ਕੁਝ ਨਹੀਂ।

ਅਰਸ਼ੀ ਛੁਹ ਪ੍ਰਾਪਤ ਕਰ ਕੇ 'ਪਰਦਾ' ਹਟ ਗਿਆ। ਵਿਦਵਾਨ ਸਨ, ਅੰਦਰਲਾ ਸਰਲ ਸੀ। ਗੁਣਾਂ ਦੇ ਗਾਹਕ ਸਨ। ਖੋਜੀ ਵੀ ਸਨ ਪਰ ਅਨੰਦਪੁਰ ਆ ਕੇ ਨਵਾਂ ਟਿਕਾਅ ਮਿਲਿਆ।

ਇੰਝ ਪ੍ਰਤੀਤ ਹੁੰਦਾ ਹੈ ਕਿ ਆਪ ਜੀ ਬਹੁਤੀ ਦੇਰ ਅਨੰਦਪੁਰ ਨਹੀਂ ਠਹਿਰੇ ਤੇ ਮੁਅਜ਼ਮ (ਬਹਾਦਰ ਸ਼ਾਹ) ਕੋਲ ਆਗਰੇ ਚਲੇ ਗਏ ਅਤੇ ਉਥੋਂ ਉਸ ਦੇ ਨਾਲ ਹੀ ਦੱਖਣ। ਆਪਣੀ ਵਿਦਵਤਾ ਤੇ ਪਿਛਲੇ ਰਸੂਖ਼ ਸਦਕਾ ਮੁਅਜ਼ਮ ਦੇ ਮੀਰ ਮੁਨਸ਼ੀ ਬਣ ਗਏ।

ਦੱਖਣ ਵਿਚ ਹੀ ਇਕ ਵਾਰੀ ਬਹਾਦਰ ਸ਼ਾਹ ਨੇ ਕੁਰਾਨ ਦੀ ਆਇਤ ਦੇ ਇਤਨੇ ਸਪੱਸ਼ਟ ਅਰਥ ਕੀਤੇ ਤਾਂ ਔਰੰਗਜ਼ੇਬ ਨੂੰ ਹੈਰਾਨੀ ਹੋਈ। ਸ਼ੱਕੀ ਮਿਜ਼ਾਜ ਦਾ ਤਾਂ ਹੈ ਹੀ ਸੀ ਦਰਬਾਰੀਆਂ ਨੂੰ ਕਹਿ ਬੈਠਾ ਕਿ ਇਸ ਵਿਚ ਇਤਨੀ ਅਕਲ ਕਿੱਥੋਂ ਆਈ :

**"ਇਸ ਮੋਹਿ ਅਕਲ ਨ ਏਤੀ ਆਹੇ।**
**ਜਥਾ ਬਨਾਇ ਬਦਨ ਤੇ ਕਹੈ।"**

ਜਦ ਬਹਾਦਰ ਸ਼ਾਹ ਨੇ ਦੱਸਿਆ ਕਿ ਇਹ ਅਰਥ ਭਾਈ ਨੰਦ ਲਾਲ ਨੇ ਕੀਤੇ ਹਨ ਤਾਂ ਔਰੰਗਜ਼ੇਬ ਨੇ ਦਿਲ ਦੀ ਗੱਲ ਆਖ ਹੀ ਦਿੱਤੀ ਕਿ ਐਸੇ ਵਿਦਵਾਨ ਨੂੰ ਤਾਂ ਇਸਲਾਮ ਦੇ ਵਿਚ ਹੋਣਾ ਚਾਹੀਦਾ ਹੈ। ਉਸ ਕਿਹਾ ਸੀ :

**ਇਹ ਤੌ ਹਿੰਦੂ ਹੈ ਮਤਿਵੰਦਾ।**
**ਹੈ ਅਨੀਤ ਮੁਝ ਨਹੀਂ ਸੁਹੰਦਾ।**
**ਦੀਨ ਬਿਧੈ ਇਸ ਕੋ ਲੈ ਆਵਹੁ।**
**ਜਿਉਂ ਕਿਉਂ ਕਰ ਨੀਕੇ ਸਮਝਾਵਹੁ।** (ਸੂਰਜ ਪ੍ਰਕਾਸ਼)

ਭਾਈ ਨੰਦ ਲਾਲ ਜੀ ਵੀ ਮੌਕਾ ਤਾੜ ਕੇ ਪੰਜਾਬ ਆ ਗਏ ਤੇ ਫਿਰ ਲਾਹੌਰ ਪੁੱਜੇ। ਲਾਹੌਰ ਉਹਨਾਂ ਦਾ ਇਕ ਸ਼ਾਗਿਰਦ ਗਿਆਸ-ਦੀਨ ਰਹਿੰਦਾ ਸੀ ਜੋ ਆਗਰੇ ਦਾ ਦਰੋਗਾ ਸੀ ਅਤੇ ਛੁੱਟੀ ਤੇ ਲਾਹੌਰ ਆਇਆ ਹੋਇਆ ਸੀ। ਦੋਵੇਂ ਅਨੰਦਪੁਰ ਪੁੱਜ ਗਏ। ਗਿਆਸ-ਦੀਨ ਤਾਂ ਕੁਝ ਚਿਰ ਬਾਅਦ ਲਾਹੌਰ ਪਰਤ ਆਇਆ, ਪਰ ਭਾਈ ਸਾਹਿਬ ਨੇ ਅਨੰਦਪੁਰ ਰਹਿਣ ਦਾ ਮਨ ਬਣਾ ਲਿਆ। ੧੬੮੮ ਈ: ਤੋਂ ੧੭੦੪ ਈ: ਤਕ ਜਦ ਗੁਰੂ ਜੀ ਨੇ ਅਨੰਦਪੁਰ ਛੱਡਿਆ, ਆਪ ਅਨੰਦਪੁਰ ਹੀ ਰਹੇ।

੫ ਮਾਰਚ, ੧੬੮੮ ਈ: ਨੂੰ ਔਰੰਗਜ਼ੇਬ ਨੇ ਬਹਾਦਰ ਸ਼ਾਹ ਨੂੰ ਉਸ ਦੇ ਚਾਰ ਪੁੱਤਰਾਂ ਸਮੇਤ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਦੇ ਕਾਰਨਾਂ ਵਿਚ ਇਕ ਭਾਈ ਨੰਦ ਲਾਲ ਜੀ ਨੂੰ ਛੁਪਾ ਕੇ ਨਸਾ ਦੇਣਾ ਵੀ ਸੀ। ਬਹਾਦਰ ਸ਼ਾਹ ਜਾਣਦਾ ਸੀ ਕਿ ਪਿਤਾ ਅੱਗੇ ਜ਼ਰਾ ਵੀ ਚੂੰ ਕੀਤੀ ਤਾਂ ਜਾਨ ਤੋਂ ਹੱਥ ਧੋਣੇ ਪੈਣਗੇ। ਚੁੱਪ-ਕਣੀ ਕਰਨੀ ਹੀ ਠੀਕ ਨੀਤੀ ਸੀ। 'ਗੁਰੂ ਸੋਭਾ' ਦੀ ਗਵਾਹੀ ਹੈ ਕਿ ਜਦ ਬਹਾਦਰ ਸ਼ਾਹ ਕੈਦ ਵਿਚ ਸੀ ਤਾਂ ਉਸ ਨੇ ਫ਼ਕੀਰ, ਪੀਰ ਅਤੇ ਔਲੀਆ ਮਨਾਏ। ਭਾਈ ਨੰਦ ਲਾਲ ਜੀ, ਜੋ ਅਨੰਦਪੁਰ ਪੁੱਜ ਗਏ ਸਨ, ਨੇ ਗੁਰੂ ਪਾਤਸ਼ਾਹ ਪਾਸ ਬਹਾਦਰ ਸ਼ਾਹ ਦੇ ਖੁੱਲ੍ਹੇ ਸੁਭਾਅ ਦੀ ਉਪਮਾ ਕੀਤੀ ਅਤੇ ਉਸ ਲਈ ਅਰਦਾਸ ਕਰਨ ਲਈ ਵੀ ਮਹਾਰਾਜ ਅੱਗੇ ਬੇਨਤੀ ਕੀਤੀ। ਨਿਓਟਿਆਂ ਦੀ ਓਟ ਕਲਗੀਆਂ ਵਾਲੇ ਨੇ ਨਾ ਸਿਰਫ਼ ਉਸ ਦੀ ਰਿਹਾਈ ਲਈ ਹੀ ਅਰਦਾਸ ਕੀਤੀ, ਸਗੋਂ ਬਖ਼ਸ਼ਿਸ਼ ਦੇ ਦਰ ਫ਼ਰਮਾਇਆ ਕਿ "ਬਾਪ ਦੀ ਗੱਦੀ ਤੇ ਵੀ ਬੈਠੇਗਾ।"

ਮਾਰਚ, ੧੬੯੫ ਨੂੰ ਔਰੰਗਜ਼ੇਬ ਨੇ ਸੱਤ ਸਾਲਾਂ ਉਪਰੰਤ ਬਹਾਦਰ ਸ਼ਾਹ ਨੂੰ ਰਿਹਾਅ ਕਰ ਦਿੱਤਾ। ਉਸ ਨੇ ਰਿਹਾਅ ਹੁੰਦੇ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਈ ਕੀਮਤੀ ਭੇਟਾਂ ਭੇਜੀਆਂ। 'ਗੁਰੂ ਸੋਭਾ' ਵਾਲੇ ਨੇ ਇਹ ਵੀ ਲਿਖਿਆ ਹੈ ਕਿ ਗੁਰੂ ਜੀ ਅਤੇ ਸ਼ਹਿਜ਼ਾਦਾ ਵਿਚ ਬਾਕਾਇਦਾ ਚਿੱਠੀ-ਪੱਤਰ ਵੀ ਹੁੰਦਾ ਸੀ।

੨੪ ਮਈ, ੧੬੯੫ ਨੂੰ ਔਰੰਗਜ਼ੇਬ ਨੇ ਬਹਾਦਰ ਸ਼ਾਹ ਨੂੰ ਆਗਰੇ ਦਾ ਗਵਰਨਰ ਬਣਾ ਕੇ ਉੱਤਰੀ ਹਿੰਦੁਸਤਾਨ ਭੇਜ ਦਿੱਤਾ। ਇਕ ਸਾਲ ਦੇ ਕਰੀਬ ਉਸ ਆਗਰੇ ਦੇ ਪ੍ਰਬੰਧ ਨੂੰ ਸੰਭਾਲਿਆ ਅਤੇ ੨੪ ਜੁਲਾਈ, ੧੬੯੫ ਨੂੰ ਉਸ ਨੂੰ ਮੁਲਤਾਨ, ਉੱਚ, ਲਾਹੌਰ ਤੇ ਕਾਬਲ ਦਾ ਗਵਰਨਰ ਥਾਪ ਦਿੱਤਾ। ਤਿੰਨ ਸਾਲ ਉਸ ਨੇ ਰਾਜਿਆਂ ਨੂੰ ਈਨ ਮਨਾਉਣ ਅਤੇ ਉਹਨਾਂ ਪਾਸੋਂ ਕਰ ਵਸੂਲ ਕਰਨ ਵਿਚ ਲਗਾਏ। ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ

Page 171 www.sikhbookclub.com

ਟੂਕ ਦਿੱਤੀ ਹੈ ਕਿ ਸ਼ਹਿਜ਼ਾਦਾ ਮੁਅੱਜ਼ਮ ਆਪਣੇ ਬਾਪ ਦੇ ਕਹਿਣ ਤੇ ਹੀ ਪੰਜਾਬ ਆਇਆ ਸੀ। ਪਹਾੜੀ ਰਾਜਿਆਂ ਕਰ ਨਾ ਪਹੁੰਚਾਣ ਦੀ ਜ਼ਿੰਮੇਵਾਰੀ ਗੁਰੂ ਗੋਬਿੰਦ ਸਿੰਘ ਜੀ ਤੇ ਪਾਉਣੀ ਚਾਹੀ ਤਾਂ ਉਸ ਸੁਣਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਭਾਈ ਨੰਦ ਲਾਲ ਜੀ ਨੇ ਆਪੂੰ ਬਹਾਦਰ ਸ਼ਾਹ ਨੂੰ ਮਿਲ ਕੇ ਪਹਾੜੀਆਂ ਵਲੋਂ ਪਾਏ ਹੋਏ ਭੁਲੇਖੇ ਦੂਰ ਕੀਤੇ।

ਔਰੰਗਜ਼ੇਬ ਦੀ ਮ੍ਰਿਤੂ ਵੇਲੇ ਬਹਾਦਰ ਸ਼ਾਹ ਜਮਰੌਦ ਸੀ। ਉਸ ਵੇਲੇ ਜੇ ਉਸ ਨੂੰ ਕਿਸੇ ਦਾ ਚੇਤਾ ਆਇਆ ਤਾਂ ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਨੰਦ ਲਾਲ ਜੀ ਦਾ ਹੀ ਸੀ। ਭਾਈ ਨੰਦ ਲਾਲ ਜੀ ਨੂੰ ਉਚੇਚੇ ਤੌਰ ਤੇ ਉਸ ਨੇ ਮੁਲਤਾਨ ਤੋਂ ਬੁਲਵਾਇਆ ਅਤੇ ਗੁਰੂ ਜੀ ਪਾਸ ਇਮਦਾਦ ਲਈ ਬੇਨਤੀ ਕੀਤੀ। ਮਹਾਰਾਜ ਨੇ ੮ ਜੂਨ, ੧੭੦੭ ਨੂੰ ਜਾਜਓ ਦੇ ਅਸਥਾਨ ਤੇ ਤਖ਼ਤ-ਨਸ਼ੀਨੀ ਦੀ ਹੋਈ ਜੰਗ ਵਿਚ ਬਹਾਦਰ ਸ਼ਾਹ ਨੂੰ ਸਹੀ ਹੱਕਦਾਰ ਜਾਣ ਕੇ ਮਦਦ ਲਈ ਤਿੰਨ ਸੌ ਨੇਜ਼ਾ-ਬਰਦਾਰ ਸਰਦਾਰਾਂ ਨੂੰ ਭੇਜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰੋਧ ਅਤੇ ਬਦਲੇ ਤੋਂ ਉੱਚੇ ਹੋ ਕੇ ਜੋ ਔਰੰਗਜ਼ੇਬ ਦੇ ਪੁੱਤਰ ਦੀ ਇਮਦਾਦ ਕੀਤੀ, ਉਸ ਤੇ ਹੀ ਹੇਠ ਲਿਖਿਆ ਸ਼ੇਅਰ ਢੁੱਕਦਾ ਹੈ :

**ਕੁਫ਼ਰ ਅਸਤ ਦਰ ਤਰੀਕਤਿ ਮਾ ਕੀਨਾ ਦਾਸ਼ਤਨ।**
**ਆਈਨਿ-ਮਾ-ਅਸਤ ਸੀਨਾ ਚੋ ਆਈਨਾ ਦਾਸ਼ਤਨ।**

**ਭਾਵ**—ਕਿਸੇ ਨਾਲ ਵੈਰ ਰੱਖਣਾ ਸਾਡੇ ਧਰਮ ਦੇ ਵਿਰੁੱਧ ਹੈ।
ਸਾਡਾ ਧਰਮ ਹੈ ਦਿਲ ਨੂੰ ਸ਼ੀਸ਼ੇ ਵਾਂਗ ਸਾਫ਼ ਰੱਖਣਾ।

ਤੱਖ਼ਤ ਸੰਭਾਲਦੇ ਸਾਰ ਹੀ ਬਹਾਦਰ ਸ਼ਾਹ ਨੇ ਸੱਠ ਹਜ਼ਾਰ ਦੀ ਜੜਾਊ-ਧੁਖਧੁਖੀ, ਕਲਗੀ, ਸਿਰੋਪਾਓ, ਨਗਾਰਾ ਤੇ ਸਰਾਇਪਰਦਾ ਦੇ ਕੇ ਆਦਰ ਕੀਤਾ। ਨਾਲ ਹੀ ਧਾਰਮਿਕ ਆਗੂ ਹੋਣ ਦੀ ਹੈਸੀਅਤ ਵਿਚ ਸਾਰੀਆਂ ਵਸਤੂਆਂ ਮਹਾਰਾਜ ਦੇ ਕੈਂਪ ਵਿਚ ਪਹੁੰਚਾਉਣ ਦਾ ਹੁਕਮ ਦਿੱਤਾ। ਵੈਸੇ ਰਾਜ ਦਰਬਾਰ ਦੀ ਮਿਥੀ ਮਰਯਾਦਾ ਅਨੁਸਾਰ ਸਿਰੋਪਾਓ ਬਾਦਸ਼ਾਹ ਦੇ ਸਾਹਮਣੇ ਪਹਿਨਣਾ ਪੈਂਦਾ ਸੀ। ਢਾਡੀ ਨਥ ਮਲ ਨੇ ਆਪਣੀ ਸਮਕਾਲੀ ਰਚਨਾ 'ਅਮਰ-ਨਾਮਾ' ਵਿਚ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਨਾਂਦੇੜ ਵਿਖੇ ਭਾਈ ਨੰਦ ਲਾਲ ਜੀ ਬਹਾਦਰ ਸ਼ਾਹ ਦੇ ਨਾਲ ਹੀ ਸਨ :

**'ਜਿ ਵੁਜ਼ਰਾਇ ਸੁਲਤਾਨ ਖ਼ੁਦਾ ਨੰਦ ਲਾਲ।**
**ਸ਼ੁਦਾਹਮਰਹਿ ਸ਼ਾਹਿ ਵਾਲਾ ਕਮਾਲ।'**

**ਅਰਥਾਤ**—ਨੰਦ ਲਾਲ ਬਾਦਸ਼ਾਹ ਦੇ ਵਜ਼ੀਰਾਂ ਵਿਚੋਂ ਸੀ ਅਤੇ ਉਹ ਵੱਡੇ ਕਮਾਲ ਵਾਲੇ ਬਾਦਸ਼ਾਹ ਦੇ ਸਫ਼ਰ ਦਾ ਸੰਗੀ ਸੀ।

ਜਦ ਬਹਾਦਰ ਸ਼ਾਹ ੧੭੧੦ ਈ: ਵਿਚ ਪੰਜਾਬ ਆਇਆ ਤਾਂ ਭਾਈ ਜੀ ਉਸ ਦੇ ਨਾਲ ਹੀ ਸਨ। ਬਹਾਦਰ ਸ਼ਾਹ ਦੀ ਲਾਹੌਰ ਮੌਤ ਹੋ ਜਾਣ ਨਾਲ ਆਪ ਜੀ ਮੁਲਤਾਨ ਚਲੇ ਗਏ ਅਤੇ ਉਥੇ ਹੀ ੧੭੧੩ ਈ: ਨੂੰ ਅਕਾਲ ਚਲਾਣਾ ਕਰ ਗਏ।

ਭਾਈ ਨੰਦ ਲਾਲ ਜੀ ਦਾ ਜਨਮ ਸੰਨ ੧੬੩੩ ਈ: ਵਿਚ ਮੁਨਸ਼ੀ ਛੱਜੂ ਰਾਮ ਦੇ ਘਰ ਗਜ਼ਨੀ ਵਿਖੇ ਹੋਇਆ ਸੀ। ਆਪ ਜੀ ਦੇ ਪਿਤਾ ਦਾਰਾ ਸ਼ਿਕੋਹ ਦੇ ਨਾਲ ਕਾਬਲ ਗਏ ਸਨ। ਮੁਨਸ਼ੀ ਛੱਜੂ ਰਾਮ ਜੀ ਦੀ ਕੋਈ ਔਲਾਦ ਬਚਪਨ ਤੋਂ ਅੱਗੇ ਨਹੀਂ ਟੱਪਦੀ ਸੀ। ਇਸੇ ਲਈ

 www.sikhbookclub.com

ਹਰ ਬੱਚੇ ਦੇ ਅਰੰਭ ਦੇ ਸਾਲ ਚਿੰਤਾ ਤੇ ਝੋਰਿਆਂ ਵਿਚ ਹੀ ਗੁਜ਼ਾਰਦੇ ਸਨ। ਪਰਮਾਤਮਾ ਦੀ ਮਿਹਰ ਸਦਕਾ ਉਹ ਚਿੰਤਾ ਵਾਲਾ ਸਾਲ ਲੰਘ ਗਿਆ, ਜਿਸ ਵਰ੍ਹੇ ਆਮ ਤੌਰ ਤੇ ਬੱਚੇ ਮਰ ਜਾਂਦੇ ਸਨ। ਮੁਨਸ਼ੀ ਜੀ ਨੇ ਪੂਰੇ ਧਿਆਨ ਨਾਲ ਬਾਲ ਨੰਦ ਲਾਲ ਜੀ ਦੀ ਵਿੱਦਿਆ ਦਾ ਪ੍ਰਬੰਧ ਕੀਤਾ। ਗ਼ਜ਼ਨੀ ਉਸ ਸਮੇਂ ਦੀ ਪ੍ਰਸਿੱਧ ਦਰਸਗਾਹ ਵੀ ਸੀ, ਪਰ ਫਿਰ ਵੀ ਪਿਤਾ ਨੇ ਉਚੇਚੇ ਤੌਰ ਤੇ ਫ਼ਾਰਸੀ ਦੇ ਮਾਹਿਰ ਪੜ੍ਹਾਈ ਕਰਾਉਣ ਤੇ ਲਗਾ ਦਿੱਤੇ। ਕੁਝ ਚਿਰ ਵਿਚ ਹੀ ਭਾਈ ਨੰਦ ਲਾਲ ਜੀ ਨੇ ਵਿੱਦਿਆ ਵਿਚ ਕਮਾਲ ਹਾਸਲ ਕਰ ਲਿਆ।

ਗੁਰੂ ਨਾਨਕ ਜੀ ਦੇ ਸਮੇਂ ਤੋਂ ਹੀ ਅਫ਼ਗਾਨਿਸਤਾਨ ਵਿਚ ਥਾਂ-ਥਾਂ ਸੰਗਤਾਂ ਬਣ ਗਈਆਂ ਸਨ। ਗ਼ਜ਼ਨੀ ਵਿਚ ਵੀ ਧਰਮਸਾਲਾ ਕਾਇਮ ਹੋ ਸਿੱਖ ਸੰਗਤਾਂ ਰੋਜ਼ ਇਕੱਠਿਆਂ ਹੋ ਕੇ ਸ਼ਬਦ ਕੀਰਤਨ ਕਰਦੀਆਂ ਸਨ। ਗੁਰਮਤਿ ਦੀਆਂ ਵਿਚਾਰਾਂ ਵੀ ਹੁੰਦੀਆਂ ਸਨ। ਮੁਹਸਨ ਫ਼ਾਨੀ (ਜ਼ੁਲਫ਼ੀਕਾਰ ਅਲੀ ਅਰਦਸਤਾਨੀ) ਨੇ ਕਾਬਲ ਦੇ ਕਈ ਇਕ ਸਿਰੜੀ ਸਿੱਖਾਂ ਦਾ ਜ਼ਿਕਰ ਕੀਤਾ ਹੈ।

ਉਸ ਨੇ ਗੁਰੂ ਹਰਿਗੋਬਿੰਦ ਜੀ ਦੇ ਇਕ ਸਿੱਖ ਸਾਧ ਬਾਰੇ ਲਿਖਿਆ ਹੈ ਕਿ ਜਦ ਉਹ ਗੁਰੂ ਜੀ ਲਈ ਘੋੜੇ ਖ਼ਰੀਦਣ ਲਈ ਟੁਰ ਪਿਆ ਤਾਂ ਪਿੱਛੋਂ ਖ਼ਬਰ ਪੁੱਜੀ ਕਿ ਉਸ ਦਾ ਪੁੱਤਰ ਸਖ਼ਤ ਬੀਮਾਰ ਹੈ, ਇਸ ਲਈ ਵਾਪਸ ਮੁੜ ਆਏ ਤਾਂ ਉਸ ਸਿਰੜੀ ਸਿੱਖ ਨੇ ਉੱਤਰ ਦਿੱਤਾ ਕਿ ਹੁਣ ਮੈਂ ਗੁਰੂ ਦੀ ਆਗਿਆ ਮੰਨ ਕੇ ਟੁਰ ਪਿਆ ਹਾਂ, ਮੈਂ ਪਿੱਛੇ ਨਹੀਂ ਮੁੜ ਸਕਾਂਗਾ। ਘਰ ਲੱਕੜੀਆਂ ਬਹੁਤ ਹਨ, ਸੋ ਲੜਕੇ ਦੀ ਮੌਤ ਹੋਣ ਦੀ ਸੂਰਤ ਵਿਚ ਉਸ ਦਾ ਸੰਸਕਾਰ ਕਰ ਦੇਣਾ। ਸਿੱਖਾਂ ਵਿਚ ਦ੍ਰਿੜ੍ਹਤਾ ਸਿਖਰਾਂ ਦੀ ਆ ਗਈ ਸੀ। ਬਾਲਕ ਨੰਦ ਲਾਲ ਤੇ ਸਿੱਖੀ ਪ੍ਰਭਾਵ ਪੈ ਰਹਿਆ ਸੀ।

ਦੀਵਾਨ ਛੱਜੂ ਮਲ ਆਪੂੰ ਰਾਮਾਨੰਦੀ ਵੈਸ਼ਨੂੰ ਵੈਰਾਗੀਆਂ ਦਾ ਚੇਲਾ ਸੀ। ਜਦ ਬੈਰਾਗੀਆਂ ਵਾਲੀ ਕੰਠੀ ਪਾਉਣ ਲਈ 'ਗੁਰੂ' ਆਏ ਤਾਂ ਭਾਈ ਜੀ ਨੇ ਕੰਠੀ ਪਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਸ ਨੂੰ ਅਜਿਹੀ ਮਾਲਾ ਪਹਿਨਾਈ ਜਾਵੇ ਜਿਹੜੀ ਕਦੇ ਨਾ ਟੁੱਟੇ ਅਤੇ ਜੀਵਨ ਦਾ ਸੁਖ ਲਿਆਉਣ ਲਈ ਸਹਾਈ ਹੋਵੇ। ਭਾਈ ਜੀ ਦਾ ਐਸਾ ਕਹਿਣਾ ਗੁਰੂ ਨਾਨਕ ਜੀ ਦੇ ਪੂਰਨੇ ਤੇ ਹੀ ਟੁਰਨਾ ਸੀ, ਜਿਨ੍ਹਾਂ ਪੰਡਿਤ ਗੁਰਦਿਆਲ ਨੂੰ ਸਾਫ਼ ਆਖ ਦਿੱਤਾ ਸੀ ਕਿ ਉਸ ਦਾ ਪਾਇਆ ਜਾ ਰਿਹਾ ਜੰਞੂ ਜੀਉ ਲਈ ਨਹੀਂ ਹੈ। ਦੀਵਾਨ ਛੱਜੂ ਮਲ ਜੀ ਦੀ ਮ੍ਰਿਤੂ ੧੫੫੩ ਈ: ਨੂੰ ਗ਼ਜ਼ਨੀ ਵਿਖੇ ਹੀ ਹੋ ਗਈ ਅਤੇ ਦੂਰ ਪ੍ਰਦੇਸ਼ਾਂ ਵਿਚ ਭਾਈ ਜੀ ਲਾ-ਵਾਰਿਸ ਰਹਿ ਗਏ। ਆਪ ਜੀ ਦੇ ਦੋ ਛੋਟੇ ਹੋਰ ਭਰਾ ਵੀ ਸਨ, ਜਿਨ੍ਹਾਂ ਦੀ ਜ਼ਿੰਮੇਵਾਰੀ ਆਪ ਤੇ ਹੀ ਸੀ। ਸੋ ਗ਼ਜ਼ਨੀ ਰਹਿਣਾ ਉਚਿਤ ਨਾ ਜਾਣ ਕੇ ਆਪ ਜੀ ਹਿੰਦੁਸਤਾਨ ਮੁੜ ਆਏ ਤੇ ਟਿਕਾਣਾ ਮੁਲਤਾਨ ਕੀਤਾ।

ਮੁਲਤਾਨ ਚਿਰਾਂ ਤੋਂ ਭਾਰਤ ਦੇ ਪ੍ਰਸਿੱਧ ਸ਼ਹਿਰਾਂ ਵਿਚੋਂ ਗਿਣਿਆ ਜਾਂਦਾ ਸੀ। ਇਸ ਨੂੰ 'ਪ੍ਰਹਿਲਾਦਪੁਰੀ' ਵੀ ਕਹਿੰਦੇ ਸਨ। 'ਪੀਰ ਪੁਰ ਮੁਲਤਾਨ' ਵੀ ਆਖਿਆ ਜਾਂਦਾ ਸੀ। ਮੁਲਤਾਨ ਦੀ ਪ੍ਰਸਿੱਧੀ ਨਿਰੋਲ ਧਾਰਮਿਕ ਜਾਂ ਰਾਜਨੀਤਕ ਨਹੀਂ ਸੀ, ਸਗੋਂ ਤਜਾਰਤੀ ਸ਼ਹਿਰ ਕਰਕੇ ਵੀ ਸੀ। ਅਫ਼ਗਾਨਿਸਤਾਨ, ਈਰਾਨ, ਬਲੋਚਿਸਤਾਨ ਅਤੇ ਹਿੰਦੁਸਤਾਨ ਦਾ ਮੁਲਤਾਨ ਇਕ ਵੱਡਾ ਤਜਾਰਤੀ ਕੇਂਦਰ ਬਣ ਚੁੱਕਾ ਸੀ। ਵੱਡੇ-ਵੱਡੇ ਵਪਾਰੀਆਂ ਨੇ ਉਥੇ

ਆਪਣੇ ਟਿਕਾਣੇ ਵੀ ਬਣਾਏ ਹੋਏ ਸਨ। ਦਿੱਲੀ ਦਰਵਾਜ਼ੇ ਦੇ ਬਾਹਰ ਕੁਝ ਅਮੀਰ ਖੱਤਰੀਆਂ ਦੇ ਘਰ ਸਨ। ਭਾਈ ਨੰਦ ਲਾਲ ਨੇ ਵੀ ਉਥੇ ਹੀ ਮਕਾਨ ਲੈ ਲਿਆ। ਹੌਲੀ-ਹੌਲੀ ਇਕ ਵੱਡਾ ਮਹੱਲਾ ਬਣ ਗਿਆ। ਗ਼ਜ਼ਨੀ ਤੋਂ ਨਾਲ ਹੀ ਆਏ ਅਫ਼ਗਾਨ ਨੌਕਰ ਆਪ ਜੀ ਨੂੰ ਆਦਰ ਨਾਲ (ਆਕਾ, ਮਾਲਕ) ਕਹਿ ਕੇ ਬੁਲਾਂਦੇ ਸਨ, ਇਸ ਕਾਰਨ ਸਾਰੇ ਹੀ ਆਪ ਜੀ ਨੂੰ 'ਆਗ਼ਾ' ਕਹਿਣ ਲੱਗ ਪਏ। ਮਹੱਲੇ ਦਾ ਨਾਂ ਵੀ 'ਆਗ਼ਾਪੁਰਾ' ਪੈ ਗਿਆ।

ਜਦ ਆਪ ਜੀ ਦੀ ਲਿਆਕਤ ਤੇ ਈਮਾਨਦਾਰੀ ਦੀਆਂ ਸੋਆਂ ਫੈਲੀਆਂ ਤਾਂ ਮੁਲਤਾਨ ਦੇ ਹਾਕਮ ਨਵਾਬ ਵਸਾਫ਼ ਖ਼ਾਨ ਦੇ ਦਫ਼ਤਰ ਵਿਚ ਮੁਨਸ਼ੀ ਦੇ ਅਹੁਦੇ ਤੇ ਨਿਯੁਕਤ ਹੋਏ। ਆਪ ਛੇਤੀ ਹੀ ਮੀਰ ਮੁਨਸ਼ੀ ਬਣ ਗਏ। ਪਿਛੋਂ ਆਪ ਜੀ ਭੱਕਰ ਦੇ ਕਿਲ੍ਹੇਦਾਰ ਅਤੇ ਫ਼ੌਜਦਾਰ ਵੀ ਬਣਾ ਦਿੱਤੇ ਗਏ। ਇੰਨਾ ਸੁੰਦਰ ਪ੍ਰਬੰਧ ਕੀਤਾ ਕਿ ਆਪ ਜੀ ਨੂੰ ਦੀਨਾ, ਕਹਿਰੋੜ, ਫ਼ਤਹਿਪੁਰ ਅਤੇ ਪਰਗਨਾ ਮਹੀਓ-ਦੀਨ ਪੁਰ ਦਾ ਨਾਜ਼ਮ ਨਿਯਤ ਕਰ ਦਿੱਤਾ ਗਿਆ। ਆਪ ਜੀ ਨੂੰ ਇਸ ਪਿਛੋਂ ਮੁਲਤਾਨ ਦੀ ਨਾਇਬ ਸੂਬੇਦਾਰੀ ਦਿੱਤੀ ਗਈ। 'ਦਸਤੂਰੁਲ-ਇਨਸ਼ਾ' ਅਨੁਸਾਰ ਆਪ ਜੀ ਇਕ ਸੁਚੱਜੇ ਤੇ ਨਿਡਰ ਜਰਨੈਲ ਵੀ ਸਨ। ਦੱਰਾ ਸੁਲਤਾਨ ਸਰਵਰ ਦੇ ਆਲੇ-ਦੁਆਲੇ ਦੀਆਂ ਪਹਾੜੀਆਂ ਵਿਚ ਸ਼ਾਹੂ ਨਾਮੀ ਇਕ ਡਾਕੂ ਨੇ ਆਪਣੀ ਫ਼ੌਜ ਜਮ੍ਹਾਂ ਕਰ ਰੱਖੀ ਸੀ ਅਤੇ ਇਕ ਕਿਸਮ ਦਾ ਆਪਣਾ ਰਾਜ ਬਣਾਇਆ ਹੋਇਆ ਸੀ। ਭਾਈ ਜੀ ਫ਼ੌਜਾਂ ਦੀ ਅਗਵਾਈ ਕਰ ਕੇ ਉਸ ਦੇ ਟਾਕਰੇ ਪੁੱਜੇ। ਆਪ ਨੇ ਐਸੀ ਰਣਨੀਤੀ ਅਪਣਾਈ ਕਿ ਸ਼ਾਹੂ ਹਾਰ ਖਾ ਗਿਆ ਤੇ ਉਸ ਦੇ ਤਿੰਨ ਹਜ਼ਾਰ ਸਾਥੀ ਰਣ ਵਿਚ ਹੀ ਮਾਰੇ ਗਏ। ਆਪ ਜੀ ਨੇ ਸਾਰੇ ਇਲਾਕੇ ਕੋਲੋਂ ਲਿਖਤੀ ਈਨ ਮੰਨਵਾਈ। ਦੂਜੇ ਦੇਸ਼ਾਂ ਤੋਂ ਆਉਣ ਵਾਲੇ ਕਾਫ਼ਲਿਆਂ ਦੇ ਰਾਹਾਂ ਵਿਚ ਹੁਣ ਕੋਈ ਵੀ ਰੁਕਾਵਟ ਪਾਉਣ ਵਾਲਾ ਨਹੀਂ ਸੀ। ਇਸ ਤਰ੍ਹਾਂ ਹਿੰਦੁਸਤਾਨ ਦੇ ਦੂਜੇ ਮੁਲਕਾਂ ਨਾਲ ਚੰਗੇ ਤਜਾਰਤੀ ਸੰਬੰਧ ਕਾਇਮ ਹੋ ਗਏ।

ਔਰੰਗਜ਼ੇਬ ਦੇ ਪੁੱਤਰ ਸ਼ਹਿਜ਼ਾਦਾ ਮੁਹੰਮਦ ਅਕਬਰ ਨੇ ਆਪ ਨੂੰ ਇਕ ਸਾਲ (੧੬੭੮-੭੯) ਆਪਣੇ ਪਾਸ ਰੱਖਿਆ। ਆਪ ਜੀ ਨੇ ਕੋਸ਼ਿਸ਼ ਕੀਤੀ ਕਿ ਪਿਤਾ ਵਾਲੀ ਮੀਰ ਮੁਨਸ਼ੀ ਦੀ ਪਦਵੀ ਉਹਨਾਂ ਨੂੰ ਮਿਲ ਜਾਏ, ਪਰ ਸਮੇਂ ਹੋਰ ਆ ਗਏ ਸਨ, ਇਸ ਲਈ ਕਾਮਯਾਬੀ ਨਾ ਹੋਈ।

ਮੁਲਤਾਨ ਵਿਖੇ ਹੀ ਆਪ ਜੀ ਨੇ ਗੁਰਮਤਿ ਦਾ ਅਧਿਐਨ ਅਰੰਭ ਕਰ ਦਿੱਤਾ। ਮੁਲਤਾਨ ਦੇ ਪੀਰਾਂ ਦਾ ਗੁਰੂ ਨਾਨਕ ਦੇਵ ਜੀ ਨੇ ਨਿਮਰਤਾ ਦੀ ਹੱਦ ਦੱਸ ਕੇ ਮਾਣ ਤੋੜਿਆ ਸੀ ਤੇ ਉਨ੍ਹਾਂ ਨੂੰ ਅਭਿਮਾਨ ਦੇ ਕਿੰਗਰੇ ਤੋਂ ਥੱਲੇ ਉਤਰਨ ਦਾ ਉਪਦੇਸ਼ ਦੁੱਧ ਤੇ ਚੰਬੇਲੀ ਰੱਖ ਕੇ ਦਿੱਤਾ ਸੀ। 'ਮਹਿਮਾ ਪ੍ਰਕਾਸ਼' ਵਾਰਤਕ ਦੇ ਕਥਨ ਅਨੁਸਾਰ 'ਪਤਾਸੇ ਵੀ ਰਲਾਏ' ਸਨ ਤਾਂ ਕਿ ਖ਼ੁਸ਼ਬੂ ਨਾਲ ਮਿਠਾਸ ਵੀ ਆਏ। ਭਾਈ ਕਾਹਨ ਸਿੰਘ ਜੀ ਦਾ ਕਥਨ ਹੈ ਕਿ ਮੁਲਤਾਨ ਵਿਖੇ ਹੀ ਸਿੱਖ ਘਰ ਦੀ ਪੁੱਤਰੀ ਨਾਲ ਭਾਈ ਜੀ ਦੀ ਸ਼ਾਦੀ ਹੋਈ। ਉਥੋਂ ਗੁਰੂ-ਸਿੱਖੀ ਦੀ ਪ੍ਰੀਤ ਹੋਰ ਵਧੀ। ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਤੜਪ ਵਧੀ ਅਤੇ ਆਪ ਜੀ ਅੰਮ੍ਰਿਤਸਰ ਤੇ ਫਿਰ ਅਨੰਦਪੁਰ ਆਏ।

ਦੂਜੀ ਵਾਰ ਜਦ ੧੬੯੮ ਈ: ਵਿਚ ਅਨੰਦਪੁਰ ਆਏ ਤਾਂ ਆਪ ਜੀ ਨੇ ਲੰਗਰ ਦੀ ਸੇਵਾ ਸੰਭਾਲੀ। ਅਨੰਦਪੁਰ ਵਿਚ ਕਿਸੇ ਨੂੰ ਵੀ ਵੱਖਰਾ ਚੁੱਲ੍ਹਾ ਬਾਲਣ ਦੀ ਆਗਿਆ ਨਹੀਂ

ਸੀ। ਸਾਂਝੇ ਲੰਗਰ ਸਨ। ਆਪ ਜੀ ਨੇ ਇਕ ਲੰਗਰ ਦੀ ਸੇਵਾ ਤੇ ਦੇਖ–ਭਾਲ ਦਾ ਕੰਮ ਆਪਣੇ ਜ਼ਿੰਮੇਂ ਲੈ ਲਿਆ। ਜਿਸ ਸ਼ਰਧਾ ਨਾਲ ਉਹਨਾਂ ਲੰਗਰ ਦਾ ਪ੍ਰਬੰਧ ਚਲਾਇਆ, ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ। ਪਹਿਲੀ ਵਾਰੀ ਜਦ ਉਹ ਅਨੰਦਪੁਰ ਆਏ ਸਨ ਤਾਂ ਸੰਗਤਾਂ ਨੇ ਉਹਨਾਂ ਦਾ ਨਿਰੋਲ ਵਿਦਵਾਨ ਵਾਲਾ ਰੂਪ ਹੀ ਡਿੱਠਾ ਸੀ, ਇਕ ਸੇਵਾਦਾਰ ਵਾਲਾ ਰੂਪ ਦੇਖ ਕੇ ਸਾਰਿਆਂ ਦਾ ਸਿਰ ਹੋਰ ਸ਼ਰਧਾ ਨਾਲ ਝੁਕ ਗਿਆ।

ਇਕ ਵਾਰੀ ਗੁਰੂ ਦਰਬਾਰ ਵਿਚ ਜਦ ਹਰ ਕਿਸੇ ਨੇ ਆਪਣੇ ਲੰਗਰ ਦੀ ਸਿਫ਼ਤ ਕੀਤੀ ਤਾਂ ਦਸਮੇਸ਼ ਪਿਤਾ ਨੇ ਆਪੂੰ ਅਭਿਆਗਤ ਵਾਲਾ ਭੇਸ ਬਣਾ ਕੇ ਲੰਗਰਾਂ ਦੀ ਪਰਖ ਕੀਤੀ ਤਾਂ ਉਹਨਾਂ ਡਿੱਠਾ ਕਿ ਕੇਵਲ ਇਕ ਲੰਗਰ ਭਾਈ ਨੰਦ ਲਾਲ ਜੀ ਦਾ ਹੀ ਸੀ ਜਿੱਥੇ ਬਿਨਾਂ ਵਿਤਕਰੇ ਦੇ ਊਚ–ਨੀਚ, ਰਾਜਾ–ਰੰਕ ਦੀ ਹਰ ਸਮੇਂ ਇਕੋ ਜਿਹੀ ਸੇਵਾ ਸੰਭਾਲ ਹੁੰਦੀ ਸੀ। ਸੂਰਜ ਪ੍ਰਕਾਸ਼ ਨੇ ਲਿਖਿਆ ਹੈ ਕਿ ਜਦ ਕਲਗੀਧਰ ਨੇ ਅਭਿਆਗਤ ਬਣ ਪੁਕਾਰ ਪਾਈ ਸੀ ਤਾਂ ਲੰਗਰ ਵਿਚ ਜੋ ਕੁਝ ਅੱਧ ਰਿੱਝਾ–ਪੱਕਾ ਸੀ, ਲੈ ਕੇ ਹਾਜ਼ਰ ਹੋ ਗਏ ਸਨ ਤੇ ਕਹਿਆ ਸੀ ਕਿ ਜੇ ਥੋੜ੍ਹੀ ਦੇਰ ਰੁਕ ਸਕੋ ਤਾਂ ਤ੍ਰਿਆਰ ਕਰ ਕੇ ਹਾਜ਼ਰ ਕਰਾਂ :

**"ਗੁਧਯੋ ਆਟਾ, ਭੀਗੀ ਦਾਲ।**
**ਲੌਣ ਘੀਅਲੇ ਸਮਧਾ ਨਾਲ।**
**ਆਨ ਸਿਖ ਕੇ ਆਗੇ ਧਰੀ।**
**ਬਹੁਰ ਖਰੇ ਹੋਏ ਬਿਨਤੀ ਕਰੀ।**
**ਲੇਹੁ ਅਬੈ ਇਹ ਹਾਜਰ ਹੈ।**
**ਅਪਰ ਤਿਆਰ ਹੋਵਤਿ ਜੇ ਬਹੈ।"**

ਬਖ਼ਸ਼ਿਸ਼ ਕਰਦੇ ਹੋਏ ਬਖ਼ਸ਼ਿਸ਼ ਦਾਤਾ ਨੇ ਫ਼ਰਮਾਇਆ ਸੀ—*ਲੋੜਵੰਦ ਦੀ ਲੋੜ ਨੂੰ ਲੋੜਵੰਦ ਵਾਂਗ ਹੀ ਮਹਿਸੂਸ ਕਰਨਾ ਆਤਮ ਦ੍ਰਵਤਾ ਦੀ ਨਿਸ਼ਾਨੀ ਹੈ।* ਬਖ਼ਸ਼ਿਸ਼ ਕਰਦੇ ਆਖਿਆ ਸੀ :

**ਨੰਦ ਲਾਲ ਭੋ ਹਮਰੋ ਦਾਤਾ।**
**ਭਗਤਿ ਭਾਵ ਸੰਤਨ ਮਨ ਰਾਤਾ।**
**ਛਦਤਿ ਨ ਦੇਖ ਸਕੈ ਚਿਤ ਭਾਰੋ।**
**ਦੇਗ ਕਰਨ ਮਮ ਜੋਇ ਪਿਆਰੋ।** (ਗੁਰਪ੍ਰਤਾਪ ਸੂਰਜ)

ਜਿਵੇਂ ਭਾਈ ਕਨ੍ਹਿਆ ਜੀ ਹਰ ਦੋਸਤ–ਦੁਸ਼ਮਣ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਦੇਖ ਕੇ ਜਲ ਛਕਾਂਦੇ ਸਨ, ਇਸੇ ਤਰ੍ਹਾਂ ਭਾਈ ਨੰਦ ਲਾਲ ਜੀ ਹਰ ਪੰਗਤ ਵਿਚ ਬੈਠੇ ਗੁਰੂ ਗੋਬਿੰਦ ਸਿੰਘ ਜੀ ਹੀ ਦੇਖਦੇ ਸਨ। ਕੋਈ ਕੁਰਬਾਨ ਹੋਣਾ ਤਾਂ ਭਾਈ ਨੰਦ ਲਾਲ ਤੋਂ ਸਿੱਖੇ।

ਵਿਸਾਖੀ ਉਪਰੰਤ ਜਦ ਹਰ ਕਿਸੇ ਨੂੰ ਕ੍ਰਿਪਾਨ ਰੱਖਣ ਦਾ ਹੁਕਮ ਹੋਇਆ ਤਾਂ ਭਾਈ ਨੰਦ ਲਾਲ ਜੀ ਨੇ ਪਹਿਣ ਲਈ ਤਾਂ ਹਜ਼ੂਰ ਨੇ ਭਾਈ ਜੀ ਨੂੰ ਕਿਹਾ, "ਤੁਹਾਡੇ ਲਈ ਮੈਂ ਜੁ ਪਹਿਣ ਰੱਖੀ ਹੈ।" ਗੁਰੂ ਗੋਬਿੰਦ ਸਿੰਘ ਜੀ ਨੇ ਕਈ ਧਰਮ ਤੱਤ ਤੇ ਰਹੱਸ ਭਾਈ ਜੀ ਨੂੰ ਸਮਝਾਏ, ਜੋ ਉਹਨਾਂ ਰਹਿਮਤ ਕਰਕੇ ਲਿਖੇ ਤੇ ਸਾਡੇ ਲਈ ਛੱਡ ਗਏ :

**ਜੋ 'ਰਾਜ ਕਰੇਗਾ ਖ਼ਾਲਸਾ, ਆਕੀ ਰਹੈ ਨਾ ਕੋਇ।**
**ਖੁਆਰ ਹੋਇ ਸਭ ਮਿਲਣਗੇ, ਬਚੇ ਸ਼ਰਨ ਜੋ ਹੋਇ।'**

ਅਸੀਂ ਨਿੱਤ ਪੜ੍ਹਦੇ ਹਾਂ, ਭਾਈ ਜੀ ਨੇ ਹੀ ਰਹਿਤਨਾਮਾ ਦੇ ਅੰਤ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਉਚਾਰਿਆ ਲਿਖਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਨੰਦ ਲਾਲ ਜੀ ਨੂੰ 'ਭਾਈ ਸਾਹਿਬ' ਆਖ ਕੇ ਸੰਬੋਧਨ ਕਰਦੇ ਸਨ ਅਤੇ ਉਹਨਾਂ ਦੀਆਂ ਰਚਨਾਵਾਂ ਦੀ ਕਥਾ ਆਮ ਤੌਰ ਤੇ ਦਰਬਾਰ ਵਿਖੇ ਹੁੰਦੀ ਸੀ। ਜਿਵੇਂ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਭਾਈ ਗੁਰਦਾਸ ਜੀ ਦੇ ਜ਼ਿੰਮੇਂ ਸੀ ਕਿ ਸੰਗਤਾਂ ਦੇ ਸ਼ੰਕੇ ਤੇ ਭੁਲੇਖੇ ਦੂਰ ਕਰਨ, ਤਿਵੇਂ ਦਸਮੇਸ਼ ਦੇ ਦਰਬਾਰ ਵਿਚ ਸੰਗਤਾਂ ਦੇ ਸੰਸੇ ਦੂਰ ਕਰਨ ਲਈ ਆਪ ਜੀ ਨੂੰ ਕਿਹਾ ਜਾਂਦਾ ਸੀ।

ਕੈਸੇ ਕਮਾਲ ਦੇ ਬੋਲ ਉਨ੍ਹਾਂ ਲਿਖੇ ਹਨ ਜੋ ਆਤਮ ਜਗਿਆਸੂਆਂ ਲਈ ਨੁਸਖ਼ੇ ਸਮਾਨ ਹਨ। ਕੈਸਾ ਸੁਹਣਾ ਇਕ ਥਾਂ ਕਿਹਾ ਕਿ ਸਿਰ ਤੋਂ ਪੈਰਾਂ ਤੱਕ ਗੁਰੂ ਦੇ ਸਿੱਖ ਸਦਾ ਹੋਸ਼ ਵਿਚ ਰਹਿੰਦੇ ਹਨ। ਉਹ ਜਗਤ ਵਾਂਗੂੰ ਖਰਮਸਤੀਆਂ ਨਹੀਂ ਕਰਦੇ :

**"ਧਰਤਾ ਯਕਦਮ ਬਹੋਸ਼ ਮਸਤੀ ਨ ਕੁਨੰਦ।"**

ਇਕ ਹੋਰ ਗ਼ਜ਼ਲ ਵਿਚ 'ਆਤਮ ਸੁਖ' ਦਾ ਰਾਜ਼ ਇਹ ਦੱਸਦੇ ਹਨ ਕਿ ਜਿਨ੍ਹਾਂ ਸਵੇਰ ਦੀ ਨੀਂਦ ਹਰਾਮ ਕੀਤੀ ਉਨ੍ਹਾਂ ਨੂੰ ਪ੍ਰਤੱਖ ਦੀਦਾਰੇ ਹੋ ਗਏ। ਘੁੰਡ ਲਾਹ ਸੁੱਟਿਆ ਪ੍ਰਭੂ ਨੇ :

**"ਬੇਦਾਰ ਅਸਤ ਜ਼ਿੰਦਗੀਏ ਸਾਹਿਬਾਨੇ ਸ਼ੌਕ,**
**ਗੋਯਾ ਹਰਾਮ ਕਰਦਮ ਅਜ਼ ਆਇੰਦਾ ਖ਼੍ਵਾਬੇ ਸੁਬਾਹ।"**

ਨਿਮਰਤਾ ਇਤਨੀ ਸੀ ਕਿ ਸਦਾ ਕਹਿੰਦੇ ਸਨ :

**ਵਸ ਚਲਦੇ ਦਾਸ ਬਣ,**
**ਸਾਹਿਬ ਨ ਬਣ।**
**"ਤਾ ਤਵਾਨਾ ਬੰਦਹ, ਤੋ ਸਾਹਿਬ ਮਬਾਸ਼।"**

ਬੇਨਤੀ ਇਹ ਹੀ ਕਰਦੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੂਠੇ ਥਾਲ ਤੋਂ ਟੁੱਕ ਮਿਲੇ :

**"ਰੋਜ਼ਾ ਚੀਨੇ ਖਵਾਨਿ ਗੁਰੂ ਗੋਬਿੰਦ ਸਿੰਘ।"**

ਆਪ ਜੀ ਦੀ ਬਹੁਤੀ ਰਚਨਾ ਫ਼ਾਰਸੀ ਵਿਚ ਹੈ। ਪ੍ਰਸਿੱਧ ਰਚਨਾਵਾਂ 'ਜ਼ਿੰਦਗੀ-ਨਾਮਾ' ਗਜ਼ਲੀਆਤ-ਦੀਵਾਨਿ-ਗੋਯਾ, ਤੌਸੀਫ-ਓ-ਸਨਾ ਅਤੇ ਖ਼ਾਤਿਮਾ, ਗੰਜ-ਨਾਮਾ, ਜੋਤ ਬਿਗਾਸ ਫ਼ਾਰਸੀ ਤੇ ਪੰਜਾਬੀ, ਰਹਿਤ-ਨਾਮਾ ਤੇ ਤਨਖ਼ਾਹ-ਨਾਮਾ, ਦਸਤੂਰ ਇਨਸ਼ਾ (ਵਾਰਤਕ) ਅਤੇ ਅਰਜ਼ੁਲ-ਅਲਫ਼ਾਜ਼ ਹਨ।

 www.sikhbookclub.com

# ੧੯

## ਸ਼ਕਤੀਆਂ ਦਾ ਪ੍ਰਤੀਕ ਹੋਲਾ-ਮਹੱਲਾ

ਗੁਰੂ ਗੋਬਿੰਦ ਸਿੰਘ ਜੀ ਨਿਰੇ ਆਤਮਿਕ ਸ਼ਕਤੀ ਦੇ ਪੁੰਜ ਨਹੀਂ ਹਨ, ਸਗੋਂ ਐਟਾਮਿਕ ਸ਼ਕਤੀ ਦੇ ਵੀ ਭੰਡਾਰ ਹਨ। ਜਿਵੇਂ ਵਿਗਿਆਨੀਆਂ ਨੇ ਅਣਡਿੱਠ ਐਟਮ ਨੂੰ ਤੋੜ ਕੇ ਇਕ ਅਥਾਹ ਬਲ ਹਾਸਲ ਕਰ ਲਿਆ ਹੈ ਤੇ ਉਸ ਹਾਸਲ ਕੀਤੇ ਬੱਲ ਤੋਂ ਸੰਸਾਰ ਥੱਰ-ਥੱਰ ਕੰਬ ਰਿਹਾ ਹੈ, ਕੁਝ ਇਸੇ ਤਰ੍ਹਾਂ ਮਨੋਵਿਗਿਆਨੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਦੀ ਰਹਿੰਦ-ਖੂੰਹਦ ਵਿਚ ਆਤਮਿਕ ਵਿਸ਼ਵਾਸ ਭਰ ਕੇ, ਉਸ ਨੂੰ ਪਰੰਪਰਾ ਨਾਲੋਂ ਤੋੜ ਸੁਤੰਤਰ ਕਰ ਕੇ ਅੰਮ੍ਰਿਤ ਸ਼ਕਤੀ ਨੂੰ ਜਨਮ ਦੇ ਦਿੱਤਾ। "ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸ। ਕਾਟੀ ਬੇੜੀ ਪਗਹਿ ਤੇ ਗੁਰੂ ਕੀਨੀ ਬੰਦਿ ਖਲਾਸ", ਦੇ ਮਹਾਂ-ਵਾਕ ਅਨੁਸਾਰ ਕੈਦ ਕੀਤੀ ਜਨਤਾ, ਖੁਲ੍ਹੇ ਅਕਾਸ਼ਾਂ ਵਿਚ ਤਾਰੀਆਂ ਲਗਾਉਣ ਲੱਗੀ। ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਤਰ੍ਹਾਂ ਇਹ ਮਾਨਵ ਬਲ ਹਾਸਲ ਕੀਤਾ ਤੇ ਜਿਵੇਂ ਮੁਰਦਾ ਹੋ ਚੁੱਕੇ ਦਿਲਾਂ ਵਿਚ ਜਾਨ ਪਾ ਸੁਰਜੀਤ ਕੀਤਾ, ਉਹ ਹਿੰਦੁਸਤਾਨ ਦੇ ਇਤਿਹਾਸ ਵਿਚ ਪੜ੍ਹੇ ਜਾਣ ਵਾਲੀ ਰੁਮਾਂਚਿਕ ਦਾਸਤਾਨ ਹੈ। ਗੁਰੂ ਨਾਨਕ ਜੀ ਨੇ ਸਭ ਤੋਂ ਪਹਿਲਾਂ ਇਸ ਊਣਤਾਈ ਵੱਲ ਸੰਕੇਤ ਕੀਤਾ ਸੀ ਕਿ ਜਨਤਾ ਮੁਰਦਿਆਂ ਵਾਕੁਰ ਹਕੂਮਤ ਦੀ ਵਫ਼ਾਦਾਰੀ ਕਰ ਰਹੀ ਹੈ ਤੇ ਬੇ-ਅਣਖ ਹੋ ਗ਼ੁਲਾਮਾਂ ਵਾਲੀ ਜ਼ਿੰਦਗੀ ਗੁਜ਼ਾਰ ਰਹੀ ਹੈ। 'ਅੰਧੀ ਰਈਯਤ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ।' ਲੋਕਾਂ ਦੀ ਨਾ ਰਹਿਣੀ ਕਾਇਮ ਰਹੀ ਹੈ ਤੇ ਨਾ ਹੀ ਬਹਿਣੀ। ਗੁਰੂ ਨਾਨਕ ਜੀ ਨੇ ਰਹਿਣੀ ਸੁਤੰਤਰ ਕੀਤੀ ਤੇ ਬਹਿਣੀ ਸੁਥਰੀ। ਉਨ੍ਹਾਂ ਦੇ ਨਵੇਂ ਵਿਚਾਰਾਂ ਦਾ ਸਦਕਾ ਐਸੀ ਸੰਗਤ ਬਣੀ ਜਿੱਥੇ ਮਰਦ ਘਾਲਾਂ ਘਾਲਦੇ ਸਨ। ਭਾਈ ਲਹਿਣਾ ਜੀ ਨੇ ਇਕ ਐਸੀ ਹੀ ਘਾਲ ਘਾਲੀ ਕਿ ਉਹ ਖ਼ਸਮ ਨੂੰ ਕਬੂਲ ਹੋਏ ਤੇ ਗੁਰੂ ਦਾ ਅੰਗ ਹੀ ਬਣ ਗਏ। "ਪਏ ਕਬੂਲ ਖ਼ਸਮ ਨਾਲ ਜਾ ਘਾਲਿ ਮਰਦੀ ਘਾਲੀ", ਉਸੇ ਖ਼ਿਆਲ ਦੀ ਵਿਆਖਿਆ ਹੈ। ਫਿਰ ਦੀਪ ਨਾਲ ਦੀਪ ਜਗੇ ਤੇ ਸਿੱਖੀ ਲਹਿਰ ਇਕ ਤਗੜੀ ਜਥੇਬੰਦੀ ਹੋ ਨਿਬੜੀ। ਨਿਸਚੇ ਅਤੇ ਯਕੀਨ ਦੀ ਆਜ਼ਾਦੀ ਲਈ ਗੁਰੂ ਅਰਜਨ ਜੀ ਨੇ ਸ਼ਹਾਦਤ ਦੇ ਕੇ ਕੌਮ ਵਿਚ ਵਿਚਾਰ ਦ੍ਰਿੜ੍ਹ ਕਰਾ ਦਿੱਤੀ ਕਿ ਸਰੀਰ ਤੋਂ ਉਤਾਂਹ ਦੇਖਣਾ ਹੀ ਸਿੱਖੀ ਹੈ। ਇਸੇ ਸਬੰਧ ਵਿਚ ਗੁਰੂ ਹਰਿਗੋਬਿੰਦ ਜੀ ਨੇ ਤੱਖ਼ਤ ਉੱਤੇ ਬੈਠ ਕੇ ਪਹਿਲਾ ਬਚਨ ਹੀ ਇਹ ਕੀਤਾ, "ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ, ਚੰਗੀ ਜਵਾਨੀ ਹੈ। ਮੇਰੀ ਖ਼ੁਸ਼ੀ ਲੈਣੀ ਜੇ ਤਾਂ ਕਸਰਤਾਂ ਕਰੋ, ਜੰਗਲਾਂ ਵਿਚ ਜਾਓ, ਸ਼ਿਕਾਰ ਖੇਡੋ। ਕਮਜ਼ੋਰੀ ਇਕ ਕੌਮੀ ਗੁਨਾਹ ਹੈ ਜੋ ਕਿਸੇ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ। ਤੁਸੀਂ


www.sikhbookclub.com

ਤਲਵਾਰ ਇਸ ਲਈ ਫੜਨੀ ਹੈ ਅਤੇ ਮੈਂ ਵੀ ਤਾਂ ਪਹਿਣੀ ਹੈ ਕਿ ਜ਼ਾਲਮ ਜ਼ੁਲਮ ਦੀ ਤਲਵਾਰ ਅੱਗੇ ਤੋਂ ਚਲਾਉਣੀ ਬੰਦ ਕਰ ਦੇਣ।" ਇਹਨਾਂ ਬਚਨਾਂ ਦਾ ਸਿੱਟਾ ਇਹ ਨਿਕਲਿਆ ਕਿ ਨਿਸਚਾ ਤੇ ਯਕੀਨ ਪਰਪੱਕ ਹੋ ਗਿਆ। ਸਭ ਨੂੰ ਪਤਾ ਲੱਗ ਗਿਆ ਕਿ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਅੰਞਾਈ ਨਹੀਂ ਜਾਣ ਲੱਗੀ। ਜੁਆਨੀਆਂ ਭੇਟ ਹੋਣ ਲੱਗ ਪਈਆਂ। ਪੰਜਾਬ ਦੇ ਕੇਂਦਰੀ ਅਸਥਾਨ ਮਾਝੇ ਵਿਚ, ਤਾਂ ਇਹ ਰਿਵਾਜ ਹੀ ਪੈ ਗਿਆ ਕਿ ਹਰ ਘਰ ਆਪਣੀ ਪਹਿਲੀ ਸੰਤਾਨ ਗੁਰੂ ਹਰਿਗੋਬਿੰਦ ਜੀ ਦੇ ਨਮਿਤ ਕੱਢਣ ਲੱਗ ਪਿਆ। ਨਾਲ ਹੀ ਉਸ ਨਮਿਤ ਕੱਢੇ ਬੱਚੇ ਲਈ ਵੱਖ ਗੋਲਕ ਲਗਾ ਦਿੱਤੀ ਜਾਂਦੀ ਅਤੇ ਆਪਣੀ ਕਮਾਈ ਵਿਚੋਂ ਉਸ ਗੋਲਕ ਵਿਚ ਪਾਈ ਜਾਂਦੇ। ਜਵਾਨ ਹੋਣ ਤੇ ਉਸ ਲੜਕੇ ਨੂੰ ਗੁਰੂ ਪਾਸ 'ਧਰਮ ਹਿਤ' ਭੇਟ ਦੇਂਦੇ ਤੇ ਨਾਲ ਹੀ ਸਾਲਾਂ ਵਿਚ ਇਕੱਠੀ ਕੀਤੀ ਗੋਲਕ ਵੀ ਦੇ ਜਾਂਦੇ, ਖ਼ਰਚ ਪੱਠੇ ਲਈ। ਉਹ ਨੌਜਵਾਨ ਵੀ ਸਿਰਫ਼ ਗੁਰੂ ਕੋਲੋਂ ਛੇ ਮਹੀਨੇ ਬਾਅਦ ਇਕ ਕਮੀਜ਼ ਤੇ ਦੋ ਡੰਗਾਂ ਦਾ ਪਰਸ਼ਾਦਾ ਮੰਗਦਾ ਅਤੇ ਜੁਆਨੀ ਭੇਟ ਬਦਲੇ ਆਤਮਿਕ ਉਪਦੇਸ਼ ਦੀ ਯਾਚਨਾ। ਸਾਲਾਂ ਵਿਚ ਹੀ ਗੁਰੂ ਵੱਲ ਵਹੀਰਾਂ ਹੀ ਚੱਲ ਪਈਆਂ। ਮੈਕਾਲਫ਼ ਦੇ ਕਹਿਣ ਅਨੁਸਾਰ ਵਹੀਰਾਂ ਨੂੰ ਸਾਂਭਣਾ ਵੀ ਮੁਸ਼ਕਲ ਹੋ ਗਿਆ। ਇਤਿਹਾਸਕਾਰ ਅਜੇ ਤੱਕ ਸਮਝ ਨਹੀਂ ਸਕੇ ਕਿ ਇਤਨੇ ਵੱਡੇ ਮੁਗ਼ਲ ਸਾਮਰਾਜ ਦੇ ਵਿਰੁੱਧ ਗੁਰੂ ਹਰਿਗੋਬਿੰਦ ਜੀ ਕਾਮਯਾਬ ਕਿਵੇਂ ਹੁੰਦੇ ਰਹੇ। ਉਹ ਸਭ ਭੁੱਲ ਜਾਂਦੇ ਹਨ ਕਿ ਗੁਰੂ ਪਾਸ *'ਜ਼ਰ ਖ਼ਰੀਦ'* ਨਹੀਂ ਸਨ ਸਗੋਂ *"ਗੁਰੂ ਕੀ ਬਚਨੀ ਮਿਟਣ ਵਾਲੇ ਮੁਰੀਦ"* ਸਨ। ਗੁਰੂ ਕੀ ਬਚਨੀ ਮਿਟਣ ਦੀਆਂ ਕਈ ਇਕ ਹੈਰਾਨ-ਕੁਨ ਪਰ ਸੁੰਦਰ ਮਿਸਾਲਾਂ ਗੁਰੂ ਹਰਿਗੋਬਿੰਦ ਜੀ ਦੇ ਸਮਕਾਲੀ ਵਿਦਵਾਨ ਇਤਿਹਾਸਕਾਰ ਮੁੱਲਾਂ ਮਹਿਸਨ ਫ਼ਾਨੀ ਨੇ ਦਿੱਤੀਆਂ ਹਨ। ਇਥੇ ਇਕ ਹੀ ਲਿਖਣੀ ਕਾਫ਼ੀ ਹੋਵੇਗੀ।

ਇਕ ਵਾਰੀ ਹਰਿਗੋਬਿੰਦ ਜੀ ਨੇ ਘੋੜੇ ਤੇ ਚੜ੍ਹੇ ਜਾਂਦੇ ਬਾਗ਼ ਵਿਚ ਇਕ ਤੋਤੇ ਨੂੰ ਬੋਲਦਿਆਂ ਡਿੱਠਾ। ਸੁਭਾਵਕ ਹੀ ਗੁਰੂ ਮਹਾਰਾਜ ਨੇ ਕਿਹਾ: "ਕਿਤਨਾ ਸੋਹਣਾ ਹੈ।" ਇਕ ਸਿੱਖ ਨੇ ਇਹ ਜਾਣ ਕਿ ਗੁਰੂ ਜੀ ਨੂੰ ਤੋਤਾ ਪਸੰਦ ਆਇਆ ਹੈ, ਤੋਤੇ ਦੇ ਮਾਲਕ ਕੋਲ ਗਿਆ। ਤੋਤੇ ਦਾ ਮਾਲਕ ਬਦ-ਕਿਸਮਤੀ ਨੂੰ ਮੁਗ਼ਲ ਫ਼ੌਜ ਵਿਚ ਸਿਪਾਹੀ ਸੀ। ਸਿੱਖ ਨੇ ਗੁਰੂ ਲਈ ਤੋਤਾ ਖ਼ਰੀਦਣ ਦੀ ਗੱਲ ਕਹੀ ਤਾਂ ਉਸ ਸਿਪਾਹੀ ਨੇ ਸਿੱਖ ਨੂੰ ਕਿਹਾ ਕਿ ਉਹ ਆਪਣੀ ਲੜਕੀ ਉਸ ਦੇ ਹਵਾਲੇ ਕਰੇ ਤਾਂ ਉਹ ਤੋਤਾ ਦੇਵੇਗਾ। ਸਿੱਖ ਇਹ ਸੌਦਾ ਕਰਨ ਲਈ ਤਿਆਰ ਹੋ ਗਿਆ। ਜਦ ਉਸ ਸਿਪਾਹੀ ਦੀ ਔਰਤ ਨੂੰ ਸਿੱਖ ਦੇ ਸਿਦਕ ਦੀ ਗੱਲ ਦਾ ਪਤਾ ਲੱਗਾ ਤਾਂ ਉਸ ਔਰਤ ਨੇ ਆਪਣੇ ਖਾਵੰਦ ਨੂੰ ਬਹੁਤ ਬੁਰਾ ਭਲਾ ਕਿਹਾ ਤੇ ਤੋਤਾ ਸਤਿਕਾਰ ਸਹਿਤ ਗੁਰੂ ਨੂੰ ਭੇਟ ਕੀਤਾ। ਸੱਚੀ ਗੱਲ ਤਾਂ ਇਹ ਹੈ ਕਿ ਜੀਅ ਦਾਨ ਦੇਣ ਵਾਲਿਆਂ ਦੀ ਇਕ ਜਥੇਬੰਦੀ ਬਣ ਗਈ ਸੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਨਵਾਂ ਉਤਸ਼ਾਹ ਫੂਕ ਦਿੱਤਾ। ਨੌਵੇਂ ਪਿਤਾ ਦੀ ਸ਼ਹਾਦਤ ਨਿਰੋਲ ਪਰਉਪਕਾਰ ਲਈ ਸੀ, ਸੋ ਸਿੱਖ ਵੀ ਪਰਉਪਕਾਰ ਦੀ ਮੂਰਤ ਕਰ ਕੇ ਸਤਿਕਾਰੇ ਜਾਣ ਲੱਗ ਪਏ। ਰਣਜੀਤ ਨਗਾਰੇ ਵੱਜਣ ਲੱਗੇ ਤੇ ਘੋੜਿਆਂ ਦੀ ਸਵਾਰੀ ਨਿੱਤ ਕਰਮ ਬਣ ਗਿਆ। ਜੁਆਨੀਆਂ ਉਸੇ ਤਰ੍ਹਾਂ ਭੇਟ ਹੁੰਦੀਆਂ ਸਨ। ਗੁਰੂ ਗੋਬਿੰਦ (ਸਿੰਘ) ਜੀ ਨੇ ਇਸ ਰਿਵਾਜ ਨੂੰ ਹੋਰ ਉਤਸ਼ਾਹ ਬਖਸ਼ਣ ਲਈ ਇਕ ਦਿਨ ਨਿਯਤ ਕਰ ਦਿੱਤਾ ਤੇ ਉਸ ਦਿਨ ਹੋਲਗੜ੍ਹ ਮੇਲਾ ਲੱਗ ਜਾਂਦਾ। ਪਹਿਲਾ ਤਾਰੀਖ਼ੀ ਮੇਲਾ ਸਾਹਿਬ

ਨੇ ਚੇਤ ਵਦੀ ਪਹਿਲੀ, ਸੰਨ ੧੬੮੦ ਵਿਚ ਕੀਤਾ ਤੇ ਉਸ ਦੀ ਪਰਪਾਟੀ ਪੈ ਗਈ। ਹੋਲਾ ਮਹੱਲਾ ਉਤਸ਼ਾਹ ਦਾ ਦਿਹਾੜਾ ਬਣ ਗਿਆ ਤੇ ਸ਼ਕਤੀ ਦਾ ਪ੍ਰਤੀਕ। ਹੋਲਾ-ਮਹੱਲਾ ਦੇ ਅਰਥ ਹਨ, ਹਮਲਾ ਅਤੇ ਜਾਇ ਹਮਲਾ ਜਾਂ ਹੱਲਾ ਤੇ ਹੱਲੇ ਦੀ ਥਾਂ। ਮਹਾਨ ਕੋਸ਼ ਦਾ ਲਿਖਾਰੀ ਲਿਖਦਾ ਹੈ : "ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸ਼ਸਤ੍ਰ ਵਿੱਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੱਖਾਂ ਦੇ ਹੇਠ ਇਕ ਖ਼ਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (ਮੈਨੂਵਰ) ਦੇਖਦੇ ਅਤੇ ਦੋਵਾਂ ਦਲਾਂ ਨੂੰ ਸ਼ੁੱਭ ਸਿੱਖਿਆ ਦੇਂਦੇ ਅਰ ਜੋ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।" ਕ੍ਰਿਸ਼ਨਾਵਤਾਰ ਵਿਚ ਹੀ ਕਲਗੀਧਰ ਨੇ ਲਿਖਿਆ ਹੈ ਕਿ ਕ੍ਰਿਸ਼ਨ ਜੀ ਗਵਾਲਿਆਂ ਨਾਲ ਰਲ ਕੇ ਹੋਲੀ ਮਨਾਂਦੇ ਸਨ। ਉਸ ਸਮੇਂ ਊਚ-ਨੀਚ ਦਾ ਭੇਦ-ਭਾਵ ਮੁੱਕ ਜਾਂਦਾ ਸੀ, ਪਰ ਦੇਖਦੇ ਹੀ ਦੇਖਦੇ ਇਸ ਦੀ ਥਾਂ ਖਰੂਦ, ਛੇੜ-ਛਾੜ ਤੇ ਵਿਲਾਸ ਨੇ ਲੈ ਲਈ। ਸੋ ਗੁਰੂ ਨਾਨਕ ਦੇਵ ਜੀ ਨੇ 'ਹੋਲੀ ਕੀਨੀ ਸੰਤ ਸੇਵ' ਦਾ ਆਦਰਸ਼ ਰੱਖਿਆ ਅਤੇ ਸਮਝਾਇਆ ਕਿ ਸੇਵਾ ਕਰਦਿਆਂ ਜੋ ਰੰਗ ਚੜ੍ਹਦਾ ਹੈ, ਉਹ ਅਸਲ ਲਾਲੀ ਹੈ' :

**'ਰੰਗੁ ਲਾਗਾ ਅਤਿ ਲਾਲ ਦੇਵ।'**

ਗੁਰੂ ਗੋਬਿੰਦ ਸਿੰਘ ਜੀ ਨੇ "ਸੇਵਾ ਤੇ ਸ਼ਹੀਦੀ" ਦਾ ਅਜਿਹਾ ਸੁਮੇਲ ਕਰ ਦਿੱਤਾ ਕਿ ਨੀਵੀਆਂ ਰੁਚੀਆਂ ਉਪਜਾਉਣ ਵਾਲੀ ਹੋਲੀ ਦਾ ਤਿਆਗ ਹੋ ਗਿਆ।

ਕ੍ਰਿਸ਼ਨਾਵਤਾਰ ਦੇ ੩੮੫ ਅੰਕ ਵਿਚ ਅਨੰਦਪੁਰ ਦੀ ਹੋਲੀ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :

**ਬਾਨ ਚਲੇ ਤੇਈ ਕੁੰਕਮ ਮਾਨਹੁ**
**ਮੂਠ ਗੁਲਾਲ ਕੀ ਸਾਂਗ ਪਰਹਾਰੀ।**
**ਢਾਲ ਮਨੋ ਡਫ ਮਾਲ ਬਨੀ।**
**ਹੱਥ ਨਾਲ ਬੰਦੂਕ ਛੂਟੈ ਪਿਚਕਾਰੀ।**
**ਸਉਨ ਭਰੇ ਪਟ ਬੀਰਨ ਕੇ**
**ਉਪਮਾ ਜਨ ਘੋਰਿ ਕੈ ਕੇਸਰ ਡਾਰੀ।**
**ਖੇਲਤ ਫਾਗ ਕਿ ਬੀਰ ਲਰੈਂ**
**ਨਵਲਾਸੀ ਲੀਏ ਕਰਵਾਰ ਕਟਾਰੀ। ੩੮੫।**

ਸੋ ਆਤਮਿਕ ਸ਼ਕਤੀ ਨੇ ਚਮਤਕਾਰ ਦਿਖਲਾਣੇ ਅਰੰਭ ਕਰ ਦਿੱਤੇ। ਗ਼ੁਲਾਮੀ ਵਿਚ ਮਸਤ ਖ਼ਰੂਦ ਮਚਾਉਣ ਵਾਲਿਆਂ ਨੂੰ ਖ਼ੂਨ ਦੇ ਕੇ ਹੋਲੀ ਖੇਡਣ ਦਾ ਚਾਅ ਭਰ ਦਿੱਤਾ। ਜਿਥੇ ਸਭ ਕੁਝ ਦਿੱਤਾ ਜਾਏ ਉਥੇ ਹੀ ਅਨੰਦ ਹੈ ਤੇ ਜਿੱਥੇ ਸਭ ਕੁਝ ਨਿੱਜ ਲਈ ਰੱਖਿਆ ਜਾਏ ਉਥੇ ਅਸ਼ਾਂਤੀ ਹੈ, ਦੁੱਖ ਹੈ, ਬਿਖੇੜੇ ਹਨ, ਝੇੜੇ ਹਨ। ਕਨਿੰਘਮ ਨੇ ਠੀਕ ਲਿਖਿਆ ਹੈ : 'ਇਹ ਮਹਾਨ ਕੰਮ ਗੁਰੂ ਨਾਨਕ ਦੇਵ ਜੀ ਦਾ ਹੀ ਸੀ ਜਿਨ੍ਹਾਂ ਨੇ ਸੁਧਾਰ ਦੇ ਸੱਚੇ, ਸੁੱਚੇ ਅਸੂਲ ਲੱਭੇ, ਵਰਤੇ ਅਤੇ ਉਹ ਚੌੜੀਆਂ ਬੁਨਿਆਦਾਂ ਰੱਖੀਆਂ, ਬਣਾਈਆਂ ਜਿਨ੍ਹਾਂ ਸਦਕਾ ਗੁਰੂ ਗੋਬਿੰਦ (ਸਿੰਘ) ਜੀ ਨੇ ਆਪਣੇ ਹਮਵਤਨਾਂ ਦੇ ਦਿਲਾਂ ਵਿਚ ਇਕ ਨਵੀਂ ਕੌਮੀਅਤ ਦਾ ਭਾਂਬੜ ਮਚਾ ਦਿੱਤਾ ਤੇ ਅਮਲੀ ਤੌਰ ਤੇ ਇਸ ਉੱਤੇ ਮਜ਼ਹਬੀ ਸਿਧਾਂਤ ਨੂੰ ਸਮਾਜੀ ਤੇ ਰਾਜਨੀਤਕ

 www.sikhbookclub.com

ਸ਼ਕਲ ਦਿੱਤੀ ਕਿ ਨਸਲ ਤੇ ਧਰਮ ਧਾਰਮਕ ਆਸ਼ਾਵਾਂ ਤੇ ਸਿਆਸੀ ਰਾਜਨੀਤਕ, ਸਮਾਜਕ ਹੱਕਾਂ ਦੇ ਸਬੰਧ ਵਿਚ ਗ਼ਰੀਬ ਤੋਂ ਗ਼ਰੀਬ ਤੇ ਨੀਵੇਂ ਤੋਂ ਨੀਵੇਂ, ਅਮੀਰ ਤੋਂ ਅਮੀਰ ਤੇ ਉੱਚੇ ਤੋਂ ਉੱਚੇ ਦੇ ਬਰਾਬਰ ਹੈ।"

ਹੋਲੀ ਤਹਿਵਾਰ ਸੀ ਸ਼ੂਦਰ ਦਾ, ਪਰ ਗੁਰੂ ਮਾਲਕ ਨੇ ਇਸ ਨੂੰ ਚੁਣਿਆ ਤੇ ਜੀਵਨ-ਭੇਟ ਦਾ ਦਿਨ ਬਣਾ ਦਿੱਤਾ। ਕਸ਼ੱਤਰੀ ਦੁਸਹਿਰੇ ਵਾਲੇ ਦਿਨ ਹਥਿਆਰਾਂ ਦੇ ਕਰਤਬ ਦਿਖਾਉਂਦੇ ਸਨ, ਪਰ ਗੁਰੂ ਜੀ ਨੇ ਹਥਿਆਰਾਂ ਦੀ ਵਰਤੋਂ ਕਿਸੇ ਸ਼੍ਰੇਣੀ ਲਈ ਰਾਖਵੀਂ ਨਾ ਦੱਸ ਕੇ ਹੋਲਾ ਮਹੱਲਾ ਨੂੰ ਕਰਤਬ ਦਾ ਦਿਨ ਨੀਯਤ ਕਰ ਦਿੱਤਾ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਗੁਰੂ ਗੋਬਿੰਦ (ਸਿੰਘ) ਜੀ ਇਕ ਜ਼ਬਰਦਸਤ ਸ਼ਹਿਨਸ਼ਾਹੀ ਦੇ ਚੌਗਿਰਦੇ ਅੰਦਰ ਘਿਰੇ ਹੋਏ ਸਨ। ਉਹਨਾਂ ਆਪਣਾ ਮਿਸ਼ਨ ਇਹ ਬਣਾਇਆ ਕਿ ਮੈਂ ਇਸ ਅਨਿਆਈ ਰਾਜ ਨੂੰ ਉੱਥਲ-ਪੁੱਥਲ ਕਰ ਕੇ ਹੀ ਰਹਾਂਗਾ। ਆਮ ਲੋਕਾਂ, ਮਰਦਾਂ, ਤੀਵੀਆਂ ਦੀ ਸਮਾਜੀ ਇਖ਼ਲਾਕੀ ਗਿਰਾਵਟ ਦੇ ਮਜ਼ਹਬੀ ਵੱਢੀ-ਖੋਰੀ ਦੇ ਬਾਵਜੂਦ ਕੁਝ ਐਸੇ ਬੰਦੇ ਚੁਣ ਕੇ ਢਾਲ ਲਵਾਂਗਾ, ਜਿਨ੍ਹਾਂ ਵਿਚ ਇਕ ਆਦਰਸ਼ ਹੋਵੇ, ਜਿਨ੍ਹਾਂ ਦੇ ਸਿੱਧੇ-ਸਾਦੇ ਜੀਵਨ ਢੰਗ ਹੋਣ ਤੇ ਜਿਨ੍ਹਾਂ ਦੇ ਦਿਲ ਵਿਚ ਜੋਸ਼ ਲਹਿਰਾਂਦਾ ਹੋਵੇ। ਗੁਰੂ ਜੀ ਜਿਤਨੇ ਸੂਰਮੇ ਤੇ ਜੋਧੇ ਸਨ, ਉਤਨੇ ਹੀ ਮਰਯਾਦਾਸ਼ੀਲ, ਉਤਨੇ ਹੀ ਆਸ਼ਾਵਾਦੀ ਤੇ ਨਿਸ਼ਚੇ ਵਾਲੇ ਸਨ। ਗੁਰੂ ਨਾਨਕ ਜੀ ਨੇ ਸੁੱਚੀ ਪੂਜਾ ਦਾ ਵੱਲ ਦਰਸਾਇਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜੀ ਸੁਤੰਤਰਤਾ ਤੇ ਕੌਮੀ ਉਚਿਆਈ ਬਖ਼ਸ਼ੀ। ਕਨਿੰਘਮ ਦੇ ਹੀ ਸ਼ਬਦਾਂ ਵਿਚ "ਦਸਮੇਸ਼ ਗੁਰੂ ਨੇ ਨਾ ਕੇਵਲ ਮਨਾਂ ਨੂੰ ਬਦਲਾਇਆ, ਉਚਿਆਇਆ, ਸਗੋਂ ਸਰੀਰਾਂ ਨੂੰ ਵੀ ਇਕ ਅਮੁੱਕ ਬਲ ਦਿੱਤਾ।" ਸਿੱਖ ਦੀ ਸ਼ਾਨ ਨਿਰਾਲੀ ਹੈ। ਹੋਲਾ ਮਹੱਲਾ ਇਸ ਦੀ ਇਕ ਗਵਾਹੀ ਹੈ। ਇਸੇ ਖ਼ਿਆਲ ਨੂੰ ਮੁੱਖ ਰੱਖਦਿਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਆਤਮਿਕ ਤੇ ਐਟਾਮਿਕ ਸ਼ਕਤੀ ਦਾ ਭੰਡਾਰ ਤੇ ਪੁੰਜ ਆਖਿਆ ਹੈ। ਗੁਰੂ ਨੇ ਇਤਨਾ ਹੌਸਲਾ ਬਖ਼ਸ਼ ਦਿੱਤਾ ਕਿ ਕੌਮ ਹਰ ਮੁਸ਼ਕਲ ਵਿਰੁੱਧ ਤਤਪਰ ਦਿੱਸਣ ਲੱਗੀ। ਬ੍ਰਾਊਨ ਦੇ ਸ਼ਬਦਾਂ ਵਿਚ : "ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਇਕ ਖ਼ਾਸ ਵੱਖਰੀ (ਡਿਸਟਿੰਕਟ ਪੁਲੀਟੀਕਲ ਐਗਜ਼ਿਸਟੈਂਸ) ਬਖ਼ਸ਼ੀ ਅਤੇ ਰੂਹ ਭਰੀ ਰਾਜਨੀਤਕ ਹੋਂਦ ਸਮਾਜੀ ਤੌਰ ਤੇ ਆਜ਼ਾਦ ਅਤੇ ਕੌਮੀ ਤੌਰ ਤੇ ਮੁਖ਼ਤਿਆਰ ਹੋਣ ਦੀ।" ਇਕ ਪ੍ਰੇਰਨਾ ਦਾ ਹੜ੍ਹ ਵਗਾ ਦਿੱਤਾ ਗਿਆ ਤੇ ਇਕ ਚੱਲਣ-ਹਿੱਲਣ ਵਾਲਾ ਸਿਧਾਂਤ ਸਿੱਖਾਂ ਨੂੰ ਮਿਲ ਗਿਆ। ਜੋ ਪਹਿਲਾਂ ਇਕ ਬੇ-ਤਰਤੀਬਾ ਜਿਹਾ ਅਹਿਸਾਸ ਸੀ, ਉਹ ਹੁਣ ਇਕ ਸੰਗਠਤ ਘੋਲ ਬਣ ਗਿਆ। ਇਸ ਗੁਰੂ ਨਿਸ਼ਚੇ ਦਾ ਅਸਰ ਜਾਦੂ ਭਰਿਆ ਹੋਇਆ। ਜਨਰਲ ਸਰ ਉਮਰ ਕਰੇ ਨੇ ਇੰਡੀਅਨ ਸਟੱਡੀਜ਼ ਵਿਚ ਠੀਕ ਲਿਖਿਆ ਹੈ ਕਿ "ਗੁਰੂ ਗੋਬਿੰਦ ਸਿੰਘ ਜੀ ਵਿਚ ਵਿਧਾਨ ਘੜਨ (ਲੈਜਿਸਲੇਟਰ), ਇਕ ਸਿਪਾਹੀ ਅਤੇ ਵਾਹਿਗੁਰੂ ਦੇ ਅਨੰਦ ਭਗਤ ਵਾਲੇ ਸਭ ਗੁਣ ਸਨ। ਉਹਨਾਂ ਨੇ ਆਪਣੇ ਪੁੱਤਰਾਂ-ਸਿੰਘਾਂ ਵਿਚ ਅਥਾਹ ਪਵਿੱਤ੍ਰ ਜੋਸ਼ (ਨੋਬਲ ਆਰਡਰ) ਭਰ ਦਿੱਤਾ। ਉਹਨਾਂ ਸਿੰਘਾਂ ਵਿਚ ਆਪਾ-ਵਾਰਨ ਦਾ ਜਜ਼ਬਾ, ਫ਼ਰਜ਼ ਅਦਾ ਕਰਨਾ ਦਾ ਡਾਢਾ ਫੌਰੀ ਅਹਿਸਾਸ ਜਗਾਇਆ। ਇਹ ਦੋਵੇਂ "ਫ਼ਰਜ਼ ਤੇ ਜਜ਼ਬਾ" ਸਦਾ ਤੋਂ ਸੱਚੇ ਮਜ਼ਹਬ ਤੇ ਫ਼ਤਹਿ ਦੀ ਬੁਨਿਆਦ ਰਹੇ ਹਨ। ਮਹਾਰਾਜ ਨੇ ਲੁਕੀਆਂ ਕਲਾਂ ਜਗਾਈਆਂ। ਮੂੰਹ, ਠੀਕ ਲੀਹ ਵੱਲ ਮੋੜ ਦਿੱਤਾ ਅਤੇ ਸਿੱਖਾਂ ਨੂੰ ਇਕ ਧਾਰਮਿਕ ਸਾਂਝੀਵਾਲਤਾ ਵਿਚ ਗੁੰਦ ਦਿੱਤਾ।

ਗੁਰੂ ਜੀ ਨੇ ਹੋਲਾ-ਮਹੱਲਾ ਚਾੜ੍ਹ ਕੇ ਦੱਸਿਆ ਕਿ ਜ਼ਾਲਮਾਂ ਦੀ ਬੇ-ਰਹਿਮੀ ਦਾ ਟਾਕਰਾ

Page 180 www.sikhbookclub.com

ਹੋ ਸਕਦਾ ਹੈ। ਗੁਰੂ ਜੀ ਨੇ ਸਫ਼ਲਤਾ ਨਾਲ ਦਿਖਾ ਦਿੱਤਾ ਕਿ ਇਸ ਤਰ੍ਹਾਂ (ਹੋਲੇ ਮਹੱਲੇ ਵਾਂਗ) ਖ਼ੁਦਗ਼ਰਜ਼ੀਆਨਾ ਤੇ ਸੁਆਰਥੀ ਜੰਗ ਛੱਡ ਕੇ ਇਕ ਮੁੱਠ ਹੋ ਕੇ ਕੌਮ ਦੀ ਬੇਹਤਰੀ ਤੇ ਖ਼ੁਸ਼ਹਾਲੀ ਵਾਸਤੇ ਲੜਨਾ ਹੁੰਦਾ ਹੈ। ਇਹ ਕੰਮ ਕੋਈ ਪਰਮ ਮਨੁੱਖ ਹੀ ਕਰ ਸਕਦਾ ਸੀ ਤੇ ਉਹ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਡਾਕਟਰ ਹਰੀ ਰਾਮ ਗੁਪਤਾ ਨੇ ਆਪਣੀ ਕਿਰਤ ਸਿੱਖ ਇਤਿਹਾਸ ਦੇ ਮੁੱਖ-ਬੰਦ ਵਿਚ ਲਿਖਿਆ ਹੈ ਕਿ "ਲੋਕੀਂ ਪੁੱਛਦੇ ਹਨ ਕਰਾਮਾਤ ਕੀ ਹੈ, ਤੇ ਕਿਵੇਂ ਹੁੰਦੀ ਹੈ ? ਮੇਰਾ ਉੱਤਰ ਹੈ ਕਿ ਸਿੱਖ ਇਤਿਹਾਸ ਨੂੰ ਪੜ੍ਹਨਾ ਅਰੰਭ ਕਰ ਦਿਓ।" ਫਿਰ ਪੁਸਤਕ ਦੇ ਅੰਤਲੇ ਪੈਰੇ ਵਿਚ ਹਰੀ ਰਾਮ ਗੁਪਤਾ ਲਿਖਦੇ ਹਨ : "ਪਿਆਰੇ ਪਾਠਕ, ਅਜੇ ਵੀ ਲੋੜ ਕੋਈ ਦੱਸਣ ਦੀ ਰਹਿ ਗਈ ਹੈ ਕਿ ਕਰਾਮਾਤ ਕੀ ਹੁੰਦੀ ਹੈ ਤੇ ਕਿਵੇਂ ਹੁੰਦੀ ਹੈ।" ਕਰਾਮਾਤ ਹੈ, ਨਿਰਜਿੰਦ ਲੋਕਾਂ ਨੂੰ ਜਾਨ ਵਾਲਾ ਬਣਾ ਦੇਣਾ, ਮਨੁੱਖ ਸ਼੍ਰੇਣੀ ਵਿਚੋਂ ਪਿਕਾਰੇ ਨੂੰ ਮਨੁੱਖ ਤੇ ਫਿਰ ਦੇਵਤਾ ਤੇ ਦੇਵਤਿਆਂ ਦੇ ਹੱਥ ਤਲਵਾਰ ਦੇ ਕੇ ਧਰਮ ਦਾ ਜੈਕਾਰਾ ਬੁਲਾਉਣਾ ਤੇ ਸਤਿ ਨੂੰ ਸਿਰੇ ਤੱਕ ਪਹੁੰਚਾਣਾ ਤੇ ਹਲੀਮੀ ਰਾਜ ਕਾਇਮ ਕਰ ਕੇ ਆਪ ਸੇਵਾਦਾਰ ਬਣ ਜਾਣਾ। "ਭੂਰਿਆਂ ਵਾਲੇ ਰਾਜੇ ਕੀਤੇ ਤੇ ਮੁਗ਼ਲਾਂ ਜ਼ਹਿਰ ਪਿਆਲੇ ਪੀਤੇ" ਦਾ ਅਖਾਣ ਹੀ ਕਰਾਮਾਤ ਹੈ। ਗਾਂਧੀ ਜੀ ਨੂੰ ਵੀ ਆਖ਼ਰ ਮੰਨਣਾ ਪਿਆ ਕਿ *"ਗੁਰੂ ਤੇਗ਼ ਬਹਾਦਰ ਵਰਗਾ ਪਿਆਰ ਲੈ ਕੇ ਜਨਮੇ ਸਿੱਖਾਂ ਨੂੰ ਹੱਕ ਹੈ ਕਿ ਉਹ ਤਲਵਾਰ ਫੜਨ।* ਅਜਿਹੇ ਪਿਆਰ ਤੋਂ ਬਿਨਾਂ ਆਪਣੇ ਬੁਰੇ ਤੋਂ ਬੁਰੇ ਵੈਰੀ ਵਿਰੁੱਧ ਵੀ ਤਲਵਾਰ ਚੁੱਕਣਾ ਇਖ਼ਲਾਕੀ ਜੁਰਮ ਹੈ।" ਕੀ ਇਹ ਕਰਾਮਾਤ ਨਹੀਂ ਕਿ ਭੰਗਾਣੀ ਦੇ ਯੁੱਧ ਵਿਚ ਭਾਈ ਲਾਲ ਚੰਦ ਹਲਵਾਈ ਨੂੰ ਜੰਗ ਵਿਚ ਸੂਰਮਿਆਂ ਦੇ ਟਾਕਰੇ ਉੱਤੇ ਟਕਰਾ ਦੇਣਾ ਤੇ ਕਾਮਯਾਬੀ ਲੈ ਦੇਣੀ। ਹਲਵਾਈ ਦਾ ਖ਼ਿਆਲ ਆਉਂਦਿਆਂ ਹੀ ਇਕ ਢਿੱਲੜ, ਪੇਟੂ, ਬੇਡੌਲ ਤੇ ਨਿਰਜਿੰਦ ਪੁਰਸ਼ ਦਾ ਚਿੱਤਰ ਸਾਹਮਣੇ ਆ ਜਾਂਦਾ ਹੈ, ਪਰ ਇਤਿਹਾਸ ਕਹਿੰਦਾ ਹੈ ਕਿ ਪਾਉਂਟਾ ਸਾਹਿਬ ਦੇ ਹਲਵਾਈ ਲਾਲ ਚੰਦ ਨੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਲਈ। ਮੀਰ ਖ਼ਾਂ ਨੂੰ ਅੱਗੇ ਵਧਦਾ ਵੇਖ ਕੇ ਉਹ ਵਧਿਆ। ਘੋੜਾ ਵੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਸੀ। ਘੋੜੇ ਨੂੰ ਅੱਡੀ ਲਗਾ ਕੇ ਮੀਰ ਖ਼ਾਂ ਉੱਤੇ ਜਾ ਪਿਆ। ਦੂਰੋਂ ਹੀ ਜਰਨੈਲ ਨਜਾਬਤ ਖ਼ਾਂ ਨੇ ਆਵਾਜ਼ ਦਿੱਤੀ "ਮੀਰ ਖ਼ਾਂ ਤਕੜਾ ਹੋ, ਇਸ (ਹਲਵਾਈ) ਉੱਤੇ ਵਾਰ ਕਰ, ਮਾਰ ਦੇਹ ਤੇ ਘੋੜਾ ਖੋਹ ਲੈ।" ਮੀਰ ਖ਼ਾਂ, ਘੋੜੇ ਦੀ ਸੇਧ ਬੰਨ੍ਹ ਕੇ ਉਸ ਨੂੰ ਭਜਾ ਕੇ ਹਲਵਾਈ ਦੇ ਨਾਲੋਂ ਖਹਿ ਕੇ ਲੰਘਣ ਲਈ ਉੱਮਡਿਆ ਅਤੇ ਮਿਲ ਕੇ ਤਲਵਾਰ ਚਲਾਈ। ਪਰ ਲਾਲ ਚੰਦ ਨੇ ਤਲਵਾਰ ਦਾ ਵਾਰ ਢਾਲ ਉੱਤੇ ਲੈ ਲਿਆ। ਮੀਰ ਖ਼ਾਂ ਦਾ ਵਾਰ ਖ਼ਾਲੀ ਗਿਆ। ਮੀਰ ਖ਼ਾਂ ਨੇ ਫੇਰ ਯਤਨ ਕੀਤੇ ਵਾਰ ਕਰਨ ਦੇ, ਪਰ ਸਭ ਅਸਫ਼ਲ। ਇਤਨੇ ਨੂੰ ਭਾਈ ਲਾਲ ਚੰਦ ਨੇ ਅਚਾਨਕ ਘੋੜਾ ਵਧਾ ਕੇ ਬਲ ਨਾਲ ਐਸੀ ਤਲਵਾਰ ਵਾਹੀ ਕਿ ਮੀਰ ਖ਼ਾਂ ਦਾ ਸਿਰ ਧਰਤੀ ਤੇ ਜਾ ਪਿਆ ਤੇ ਉਸ ਦਾ ਘੋੜਾ ਭੱਜ ਗਿਆ। ਹਲਵਾਈ ਦੇ ਹੱਥੋਂ ਸਮੇਂ ਦੇ ਸੂਰਮੇਂ ਮੀਰ ਖ਼ਾਂ ਦਾ ਮਰਨਾ ਦੇਖ ਸਾਰੇ ਹੈਰਾਨ ਹੋਏ। ਕਹਿੰਦੇ ਹਨ ਕਿ ਭੀਖਨ ਖ਼ਾਂ, ਨਜਾਬਤ ਖ਼ਾਂ ਤੇ ਰਾਜਾ ਹਰੀ ਚੰਦ ਨੂੰ ਬਹੁਤ ਸ਼ਰਮ ਆਈ ਸੀ। ਇਹ ਹੀ ਹੈ ਸ਼ਕਤੀ ਹੋਲਾ-ਮਹੱਲਾ ਦੀ, ਜਿਸ ਨੇ ਸਿਰਫ਼ ਨਜਾਬਤ ਖ਼ਾਂ, ਭੀਖਨ ਖ਼ਾਂ, ਹਰੀ ਚੰਦ, ਨਾਦਰ ਸ਼ਾਹ, ਅਬਦਾਲੀ, ਲਾਰਡ ਹਾਰਡਿੰਗ ਨੂੰ ਹੀ ਨਹੀਂ, ਬਲਕਿ ਹੁਣ ਤਕ ਸਾਰੇ ਸੰਸਾਰ ਨੂੰ ਹੈਰਾਨ ਕੀਤਾ ਹੋਇਆ ਹੈ।

# ੨੦

# ਮੁਲਾਕਾਤ ਬਹਾਦਰ ਸ਼ਾਹ—ਗੁਰੂ ਗੋਬਿੰਦ ਸਿੰਘ

ਆਗਰੇ ਵਿਖੇ ੨ ਅਗਸਤ, ੧੭੦੭ ਨੂੰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨਾਲ ਬਹਾਦਰ ਸ਼ਾਹ ਦੀ ਮੁਲਾਕਾਤ ਨਿਰੀ ਇਤਿਹਾਸਕ ਘਟਨਾ ਹੀ ਨਹੀਂ, ਸਗੋਂ ਇਕ ਮਹੱਤਵਪੂਰਨ ਪ੍ਰਸੰਗ ਹੈ। ਉਸ ਦੇ ਪੁੱਤਰ ਨਾਲ ਆਗਰੇ ਜਾ ਮਿਲਣਾ, ਜਿਸ ਨੇ ਖੁਰਾ ਖੋਜ ਮੁਕਾਉਣ ਦਾ ਬੀੜਾ ਚੁੱਕਿਆ ਹੋਇਆ ਸੀ ਅਤੇ ਉਸ ਦੀ ਸਹਾਇਤਾ ਵੀ ਕਰਨੀ ਕਿ ਰਾਜ-ਗੱਦੀ ਮਿਲ ਜਾਏ, ਗੁਰੂ ਜੀ ਦੀ ਰਾਜਨੀਤੀ ਤੇ ਖੁਲ੍ਹ-ਦਿਲੀ ਪ੍ਰਗਟਾਉਣ ਲਈ ਇਕ ਆਈਨਾ ਹੈ। ਗੁਰੂ ਦਾ ਤਾਂ ਆਦਰਸ਼ ਹੀ ਹੈ ਕਿ "ਤਖ਼ਤੈ ਰਾਜਾ ਸੋ ਬਹੈ ਜੋ ਤਖ਼ਤੈ ਲਾਇਕ ਹੋਈ" ਤੇ ਜਿਸ ਨੂੰ ਉਹ ਲਾਇਕ ਸਮਝਦੇ ਸਨ, ਉਸ ਦੀ ਪੂਰੀ ਤਰ੍ਹਾਂ ਇਮਦਾਦ ਕੀਤੀ ਤੇ ਜਿਸ ਨੂੰ ਫ਼ਰੇਬੀ ਜਾਂ ਪਾਖੰਡੀ ਗਿਣਦੇ ਸਨ, ਉਸ ਨੂੰ ਸਪੱਸ਼ਟ ਅੱਖਰਾਂ ਵਿਚ ਲਿਖਿਆ ਕਿ :

> **"ਨ ਜ਼ੇਬਦ ਤੁਰਾ ਨਾਮੇ ਔਰੰਗਜ਼ੇਬ।**
> **ਕਿ ਔਰੰਗਜ਼ੇਬਾਂ ਨ ਆਇਦ ਫ਼ਰੇਬ।"**

SIKHBOOKCLUB.COM

ਇਸੇ ਜ਼ਫ਼ਰਨਾਮੇ ਵਿਚ ਪਹਿਲਾਂ ਤਿੰਨ ਸਵਾਲ ਪੁੱਛੇ : ਕੀ ਤੂੰ ਈਮਾਨ-ਪ੍ਰਸਤ ਹੈਂ ? ਕੀ ਤੈਨੂੰ ਆਪਣਾ ਖ਼ੁਦਾ ਯਾਦ ਹੈ ? ਕੀ ਤੈਨੂੰ ਹਜ਼ਰਤ ਮੁਹੰਮਦ ਸਾਹਿਬ ਵਿਚ ਵਿਸ਼ਵਾਸ ਹੈ ? ਅਤੇ ਜ਼ਫ਼ਰਨਾਮਾ ਦੇ ਅੰਤਲੇ ਸ਼ਬਦ ਸਨ—ਤੁਰੰਤ ਹੰਭਲਾ ਮਾਰ, ਸਚਾਈ ਦਾ ਪੱਲਾ ਫੜ, ਸੰਸਾਰ ਨਾਸ਼ਮਾਨ ਹੈ ਤੇ ਉਸ ਨੇ ਨਾਸ਼ਮਾਨ ਹੋ ਜਾਣਾ ਹੈ। ਇਸ ਜ਼ਫ਼ਰਨਾਮੇ ਦਾ ਅਸਰ ਉਸ ਦੇ ਆਖਰੀ ਅਹਿਕਾਮਾ ਤੋਂ ਮਿਲਦਾ ਹੈ।

ਬਹਾਦਰ ਸ਼ਾਹ ਦੀ ਗੁਰੂ ਜੀ ਨੇ ਹਰ ਪ੍ਰਕਾਰ ਦੀ ਸਹਾਇਤਾ ਕੀਤੀ। ਇਸ ਮੁਲਾਕਾਤ ਦਾ ਪਿੱਛਾ ਦੇਖਣਾ ਜ਼ਰੂਰੀ ਹੈ, ਕਿਉਂਕਿ ਕੁਝ ਅਣਜਾਣੇ ਤੇ ਕੁਝ ਜਾਣੇ ਐਸਾ ਲਿਖਿਆ ਜਾਂਦਾ ਰਿਹਾ ਹੈ ਜੋ ਗੁਰੂ ਪਾਤਸ਼ਾਹ ਦੀ ਸ਼ਖ਼ਸੀਅਤ ਦੇ ਅਨੁਕੂਲ ਤਾਂ ਇਕ ਪਾਸੇ, ਉਨ੍ਹਾਂ ਦੀ ਸਿੱਖਿਆ ਦੇ ਵੀ ਵਿਰੁੱਧ ਹੈ।

ਬਹਾਦਰ ਸ਼ਾਹ ਦਾ ਜਨਮ ਦੱਖਣ ਵਿਚ ੨੪ ਅਕਤੂਬਰ, ੧੬੪੩ ਨੂੰ ਹੋਇਆ ਸੀ। ਉਸ ਦੀ ਮਾਂ ਦਾ ਨਾਂ ਨਵਾਬ ਬਾਈ ਸੀ ਜੋ ਰਾਜੌਰੀ ਦੇ ਰਾਜਾ ਦੀ ਲੜਕੀ ਸੀ। ੪ ਮਾਰਚ, ੧੬੮੭ ਨੂੰ ਔਰੰਗਜ਼ੇਬ ਨੇ ਬਹਾਦਰ ਸ਼ਾਹ ਨੂੰ ਉਸ ਦੇ ਚਾਰ ਪੁੱਤਰਾਂ ਸਮੇਤ ਗ੍ਰਿਫ਼ਤਾਰ ਕਰ ਲਿਆ। ਬਹਾਦਰ ਸ਼ਾਹ (ਸ਼ਹਿਜ਼ਾਦਾ ਮੁਅੱਜ਼ਮ) ਬਾਪ ਦੇ ਸੁਭਾਅ ਨੂੰ ਜਾਣਦਾ ਸੀ ਕਿ ਉਹ ਕਿਸੇ ਵੀ ਹੱਦ ਤਕ ਜਾ ਸਕਦਾ ਹੈ। ਜੋ ਔਰੰਗਜ਼ੇਬ ਬਾਪ ਨੂੰ ਕੈਦ ਪਾ ਕੇ ਪਾਣੀ ਤਕ ਦੇਣ


www.sikhbookclub.com

ਤੋਂ ਤਰਸਾ ਸਕਦਾ ਹੈ ਤਾਂ ਪੁੱਤਰ ਨੂੰ ਤਸੀਹੇ ਦੇ ਦੇ ਮਾਰਨਾ ਉਸ ਲਈ ਕੋਈ ਵੱਡੀ ਗੱਲ ਨਹੀਂ ਸੀ। ਜਦ ਸ਼ਹਿਜ਼ਾਦੇ ਮੁਅੱਜ਼ਮ ਨੇ ਕਾਬਲ ਦੀ ਗਵਰਨਰੀ ਦੀ ਜ਼ਿੰਮੇਵਾਰੀ ਸੰਭਾਲਣ ਸਮੇਂ ਚਾਰ ਨਗਾਰ ਵਜਾਏ ਸਨ ਤਾਂ ਔਰੰਗਜ਼ੇਬ ਨੇ ਤੁਰੰਤ ਲਿਖਿਆ ਸੀ ਕਿ ਤੂੰ ਐਸਾ ਕਰ ਕੇ ਬਹੁਤ ਗ਼ਲਤ ਕੀਤਾ ਹੈ। ਸਿਰਫ਼ ਚਾਰ ਢੋਲ ਹੀ ਵਜਾਉਣੇ ਚਾਹੀਦੇ ਸਨ। ਨਗਾਰੇ ਦਾ ਹੱਕ ਨਿਰੋਲ ਬਾਦਸ਼ਾਹ ਨੂੰ ਹੈ। ਸੋ ਸ਼ਹਿਜ਼ਾਦਾ ਨੇ ਕੈਦ ਵਿਚ ਹੁਕਮ ਮੰਨਣ ਦੀ ਹੱਦ ਵਿਖਾ ਦਿੱਤੀ। ਸਮਾਂ ਟਪਾਉਣਾ ਜ਼ਰੂਰੀ ਸੀ।

ਗੁਰ-ਸੋਭਾ ਦੀ ਗਵਾਹੀ ਹੈ ਕਿ ਜਦ ਬਹਾਦਰ ਸ਼ਾਹ ਕੈਦ ਵਿਚ ਸੀ ਤਾਂ ਉਸ ਨੇ ਕਈ ਫ਼ਕੀਰ, ਪੀਰ ਤੇ ਔਲੀਏ ਮਨਾਏ। ਭਾਈ ਨੰਦ ਲਾਲ ਜੀ, ਜੋ ਬਹਾਦਰ ਸ਼ਾਹ ਦੇ ਮੀਰ-ਮੁਨਸ਼ੀ ਰਹਿ ਚੁੱਕੇ ਸਨ ਤੇ ਉਸ ਦੇ ਧਰਮ ਵਿਚ ਖੁੱਲ੍ਹੇ ਸੁਭਾਅ ਤੋਂ ਵਾਕਫ਼ ਸਨ, ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਦਾਸ ਕਰਨ ਲਈ ਬੇਨਤੀ ਕੀਤੀ। ਮਹਾਰਾਜ ਨੇ ਬਖ਼ਸ਼ਿਸ਼ ਕਰਦੇ ਹੋਏ ਨਾ ਸਿਰਫ਼ ਬਹਾਦਰ ਸ਼ਾਹ ਦੀ ਰਿਹਾਈ ਦਾ ਹੀ ਜ਼ਿਕਰ ਕੀਤਾ, ਸਗੋਂ ਫ਼ਰਮਾਇਆ ਕਿ ਉਹ ਬਾਪ ਦੀ ਗੱਦੀ ਉੱਤੇ ਬੈਠੇਗਾ।

ਮਾਰਚ, ੧੬੯੫ ਈ: ਨੂੰ ਔਰੰਗਜ਼ੇਬ ਨੇ ਸੱਤ ਸਾਲਾਂ ਉਪਰੰਤ ਬਹਾਦਰ ਸ਼ਾਹ ਨੂੰ ਰਿਹਾਅ ਕਰ ਦਿੱਤਾ। ਉਸ ਨੇ ਰਿਹਾਅ ਹੁੰਦੇ ਸਾਰ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਈ ਕੀਮਤੀ ਭੇਟਾਵਾਂ ਭੇਜੀਆਂ। ਗੁਰੂ ਸੋਭਾ ਵਾਲਾ ਲਿਖਦਾ ਹੈ ਕਿ ਗੁਰੂ ਤੇ ਸ਼ਹਿਜ਼ਾਦੇ ਵਿਚ ਬਾਕਾਇਦਾ ਚਿੱਠੀ-ਪੱਤਰ ਵੀ ਅਰੰਭ ਹੋ ਗਿਆ। ੨੪ ਮਈ, ੧੬੯੫ ਈ: ਨੂੰ ਔਰੰਗਜ਼ੇਬ ਨੇ ਸ਼ਹਿਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਨੂੰ ਆਗਰੇ ਦਾ ਗਵਰਨਰ ਬਣਾ ਕੇ ਭੇਜਿਆ। ਇਕ ਸਾਲ ਉਸ ਆਗਰੇ ਦੇ ਪ੍ਰਬੰਧ ਨੂੰ ਸੰਭਾਲਿਆ ਤੇ ੨੪ ਜੁਲਾਈ, ੧੬੯੬ ਈ: ਨੂੰ ਸ਼ਹਿਜ਼ਾਦੇ ਨੂੰ ਮੁਲਤਾਨ, ਉੱਚ, ਲਾਹੌਰ ਤੇ ਕਾਬਲ ਦਾ ਗਵਰਨਰ ਥਾਪ ਦਿੱਤਾ ਗਿਆ। ਤਿੰਨ ਸਾਲ ਉਸ ਨੇ ਪਹਾੜੀ ਰਾਜਿਆਂ ਨੂੰ ਈਨ ਮਨਾਉਣ ਤੇ ਕਰ ਵਸੂਲ ਕਰਨ ਵਿਚ ਲਗਾਏ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਚਿੱਤ੍ਰ ਨਾਟਕ ਵਿਚ ਲਿਖਿਆ ਹੈ ਕਿ ਸ਼ਹਿਜ਼ਾਦਾ, ਪਿਉ ਦੇ ਕਹਿਣ ਉੱਤੇ ਹੀ ਪੰਜਾਬ ਆਇਆ ਸੀ। ਪਹਾੜੀ ਰਾਜਿਆਂ ਕਰ ਨਾ ਦੇਣ ਦੀ ਸਾਰੀ ਜ਼ਿੰਮੇਵਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਉੱਤੇ ਪਾਉਣੀ ਚਾਹੀ ਪਰ ਮੁਅੱਜ਼ਮ ਗੁਰੂ ਜੀ ਦੇ ਕਰਮ, ਸੁਭਾਅ ਤੋਂ ਜਾਣੂੰ ਸੀ। ਉਹ ਪਰਤੱਖ ਵੇਖ ਰਿਹਾ ਸੀ ਕਿ ਇਤਨੀਆਂ ਜੰਗਾਂ ਜਿੱਤਣ ਉਪਰੰਤ ਵੀ ਗੁਰੂ ਜੀ ਨੇ ਕੋਈ ਮੱਲ ਨਹੀਂ ਮਾਰੀ ਤੇ ਨਾ ਹੀ ਕਿਸੇ ਰਿਆਸਤ ਉੱਤੇ ਕਬਜ਼ਾ ਕੀਤਾ ਹੈ। ਭਾਈ ਨੰਦ ਲਾਲ ਜੀ ਨੇ ਜਾ ਕੇ ਪਹਾੜੀ ਰਾਜਿਆਂ ਵਲੋਂ ਪਾਏ ਭੁਲੇਖੇ ਉੱਕਾ ਹੀ ਦੂਰ ਕਰ ਦਿੱਤੇ। ਬਹਾਦਰ ਸ਼ਾਹ ਨੇ ਸਾਰੇ ਪਹਾੜੀ ਰਾਜਿਆਂ ਕੋਲੋਂ ਕਰ ਵਸੂਲ ਕਰ ਲਿਆ। ਗੁਰੂ ਜੀ ਲਿਖਦੇ ਹਨ ਕਿ ਸ਼ਹਿਜ਼ਾਦੇ ਦਾ ਆਉਣਾ ਸੁਣ ਕੇ ਕਈ ਉਹਨਾਂ ਦਾ ਸਾਥ ਛੱਡ ਗਏ ਸਨ, ਪਰ ਸਾਥ ਛੱਡਣ ਵਾਲਿਆਂ ਉੱਤੇ ਹੀ ਬਹੁਤੀ ਕਰੋਪੀ ਹੋਈ।

ਪੰਜਾਬ ਵਿਚ ਔਰੰਗਜ਼ੇਬ ਵਲੋਂ ਸੌਂਪੇ ਕੰਮਾਂ ਨੂੰ ਨੇਪਰੇ ਚਾੜ੍ਹ ਕੇ ਬਹਾਦਰ ਸ਼ਾਹ ੪ ਜੂਨ, ੧੬੯੯ ਈ: ਨੂੰ ਝੰਗ, ਪੇਸ਼ਾਵਰ, ਖ਼ੈਰਾਬਾਦ, ਜਲਾਲਾਬਾਦ ਤੋਂ ਕਾਬਲ ਪੁੱਜਾ। ਅਗਲੇ ਅੱਠਾਂ ਸਾਲਾਂ ਦਾ ਉਸ ਨੇਮ ਬਣਾ ਲਿਆ ਕਿ ਗਰਮੀਆਂ ਕਾਬਲ ਤੇ ਸਰਦੀਆਂ ਪੇਸ਼ਾਵਰ ਗੁਜ਼ਾਰੀਆਂ ਜਾਣ। ੧੭੦੬ ਦੀਆਂ ਸਰਦੀਆਂ ਉਹ ਪੇਸ਼ਾਵਰ ਦੇ ਲਾਗੇ ਜਮਰੌਦ, ਜੋ

ਪੇਸ਼ਾਵਰ ਤੋਂ ੧੨ ਮੀਲ ਹੈ, ਗੁਜ਼ਾਰ ਰਿਹਾ ਸੀ ਅਤੇ ੨੫ ਨਵੰਬਰ, ੧੭੦੬ ਈ: ਨੂੰ ਉਸ ਆਪਣਾ ਕੈਂਪ ਜਮਰੌਦ ਲਗਾ ਦਿੱਤਾ। ਉਹ ਜਮਰੌਦ ਹੀ ਸੀ ਕਿ ਉਸ ਨੂੰ ੨੩ ਮਾਰਚ, ੧੭੦੭ ਈ: ਨੂੰ ੨੦ ਦਿਨਾਂ ਬਾਅਦ ਔਰੰਗਜ਼ੇਬ ਦੀ ਮ੍ਰਿਤੂ ਦੀ ਖ਼ਬਰ ਪੁੱਜੀ। ਗੁਰੂ ਗੋਬਿੰਦ ਸਿੰਘ ਜੀ ਉਸ ਸਮੇਂ ਦਮਦਮਾ ਸਾਹਿਬ ਹੀ ਸਨ। ਗੁਰੂ ਸੋਭਾ ਵਾਲਾ ਲਿਖਦਾ ਹੈ ਕਿ ਭਾਈ ਦਇਆ ਸਿੰਘ ਜੀ ਔਰੰਗਜ਼ੇਬ ਨੂੰ ਮਹਾਰਾਜ ਦਾ ਲਿਖਿਆ ਜ਼ਫ਼ਰਨਾਮਾ ਦੇ ਕੇ ਵਾਪਸ ਦਮਦਮਾ ਸਾਹਿਬ ਪੁੱਜੇ ਹੀ ਸਨ। ਜ਼ਫ਼ਰਨਾਮਾ ਪੜ੍ਹ ਕੇ ਹੀ ਔਰੰਗਜ਼ੇਬ ਨੇ ਆਪਣੇ ਲੜਕਿਆਂ ਨੂੰ ਵਸੀਅਤ ਵਜੋਂ 'ਸ਼ਿਕਸਤ-ਨਾਮਾ' ਲਿਖਿਆ ਸੀ। ਉਸ ਦੀ ਛੇਤੀ ਹੀ ੩ ਮਾਰਚ, ੧੭੦੭ ਈ: ਨੂੰ ਮ੍ਰਿਤੂ ਹੋ ਗਈ। ਗੁਰੂ ਮਹਾਰਾਜ ਨੇ ਦੱਖਣ ਵੱਲ ਟੁਰਨ ਦਾ ਵਿਚਾਰ ਬਣਾ ਲਿਆ ਸੀ, ਪਰ ਮ੍ਰਿਤੂ ਦੀ ਖ਼ਬਰ ਸੁਣ ਕੇ ਨਵਾਂ ਪ੍ਰੋਗਰਾਮ ਬਣਾਉਣਾ ਜ਼ਰੂਰੀ ਸੀ।

ਬਹਾਦਰ ਸ਼ਾਹ ਨੇ ਭਾਵੇਂ ਕਿਤਨੀ ਛੇਤੀ ਕੀਤੀ ਪਰ ਫਿਰ ਵੀ ਬੜੀ ਮੁਸ਼ਕਲ ਨਾਲ ੩ ਮਈ, ੧੭੦੭ ਨੂੰ ਰਾਵੀ ਪਾਰ ਕਰ ਸਕਿਆ। ਦੋ ਦਿਨ ਲਾਹੌਰ ਰਹਿ ਕੇ ੫ ਮਈ ਨੂੰ ਲਾਹੌਰ ਤੋਂ ਚਲਿਆ। ਸਤਲੁਜ ਉਸ ਨੇ ੧੧ ਮਈ ਨੂੰ ਪਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦਾ ਉਸੇ ਇਲਾਕੇ ਵਿਚ ਹੋਣਾ ਸੁਣ ਕੇ ਉਸ ਨੇ ਮੁਲਾਕਾਤ ਦੀ ਇੱਛਾ ਪ੍ਰਗਟ ਕੀਤੀ। ਆਪਣੇ ਖਾਸ ਨੁਮਾਇੰਦੇ ਰਾਹੀਂ ਭਾਈ ਨੰਦ ਲਾਲ ਜੀ ਨੂੰ ਮੁਲਤਾਨ ਤੋਂ ਬੁਲਵਾ ਕੇ ਗੁਰੂ ਜੀ ਵੱਲ ਭੇਜਿਆ। ਤਾਰੀਖ਼-ਇ-ਪੰਜਾਬ ਦਾ ਲਿਖਾਰੀ ਕਨ੍ਹਈਆ ਲਾਲ ਲਿਖਦਾ ਹੈ, ਕਿ ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਦਾ ਕਾਸਦ ਮੁਨਸ਼ੀ ਨੰਦ ਲਾਲ ਦੇ ਵਸੀਲੇ ਨਾਲ ਗੁਰੂ ਜੀ ਦੀ ਸੇਵਾ ਵਿਚ ਪੁੱਜਾ ਤੇ ਬੇਨਤੀ ਕੀਤੀ ਕਿ ਦਿੱਲੀ ਦੇ ਤਖ਼ਤ ਲਈ ਬਹਾਦਰ ਸ਼ਾਹ ਦੀ ਸ਼ਹਿਜ਼ਾਦਾ ਆਜ਼ਮ ਨਾਲ ਲੜਾਈ ਹੋ ਰਹੀ ਹੈ, ਆਪ ਸਹਾਇਤਾ ਕਰੋ ਤੇ ਸਤਲੁਜ ਦੇ ਕੰਢੇ ਹੀ ਦਰਸ਼ਨ ਦਿਓ। ਦੋਵਾਂ ਦੀ ਮੁਲਾਕਾਤ ਉਥੇ ਹੀ ਹੋਈ। ਬਹਾਦਰ ਸ਼ਾਹ ਨੇ ਗੁਰੂ ਜੀ ਕੋਲੋਂ ਅਸ਼ੀਰਵਾਦ ਤੇ ਫ਼ੌਜੀ ਇਮਦਾਦ ਮੰਗੀ। ਗੁਰੂ ਜੀ ਉਸ ਸਮੇਂ ਉਸ ਇਲਾਕੇ ਵਿਚ ਸਨ, ਜਿਸ ਨੂੰ ਲੱਖੀ ਜੰਗਲ ਤੇ ਕਾਂਗੜ ਆਖਿਆ ਜਾਂਦਾ ਹੈ। ਸਾਰਾ ਕਾਂਗੜ ਦੇਸ਼ ਦਸਮੇਸ਼ ਪਿਤਾ ਦਾ ਸਿੱਖ ਸੀ ਤੇ ਲੱਖੀ ਜੰਗਲਾਂ ਵਿਚ ਤਾਂ ਉਹਨਾਂ ਦਾ ਹੋਣਾ ਸੁਣ ਕੇ ਸੰਗਤਾਂ ਨੇ ਵਹੀਰਾਂ ਹੀ ਪਾ ਦਿੱਤੀਆਂ ਸਨ। ਮਹਾਰਾਜ ਦੇ ਆਪਣੇ ਹੀ ਸ਼ਬਦਾਂ ਵਿਚ : "ਲੱਖੀ ਜੰਗਲ ਜਦ ਸਿੱਖਾਂ ਨੇ ਉਨ੍ਹਾਂ ਦਾ ਆਉਣਾ ਸੁਣਿਆ ਤਾਂ ਇਸ ਤਰ੍ਹਾਂ ਦਰਸ਼ਨਾਂ ਨੂੰ ਆਏ ਜਿਵੇਂ ਮੱਝੀਆਂ ਆਪਣੇ ਮਾਹੀ ਮਾਲਕ ਦੀ ਆਵਾਜ਼ ਸੁਣ ਕੇ ਘਾਹ ਛੱਡ ਆਉਂਦੀਆਂ ਹਨ। ਇਕ ਦੂਜੇ ਨਾਲੋਂ ਅੱਗੇ ਲੰਘਣ ਦੀ ਦੌੜ ਹੀ ਚੱਲ ਪਈ ਅਤੇ ਉਸ ਸਮੇਂ ਤੱਕ ਸਿੱਖਾਂ ਆਰਾਮ ਨਾ ਕੀਤਾ ਜਦ ਤੱਕ ਉਹਨਾਂ ਨੂੰ ਖੁਲ੍ਹੇ ਦੀਦਾਰ ਨਾ ਹੋਏ।

**"ਲੱਖੀ ਜੰਗਲ ਖਾਲਸਾ, ਆਇ ਦੀਦਾਰ ਕੀਤੋ ਨੇ।**
**ਸੁਣ ਕੇ ਸਦ ਮਾਹੀ ਦਾ, ਮੈਂਹੀ ਪਾਣੀ ਘਾਹ ਮੁਤੋ ਨੇ।**
**ਕਿਸੇ ਨਾਲ ਨ ਰਲੀਆ ਕਾਈ, ਕੋਈ ਸ਼ਉਂਕ ਪਿਯੋ ਨੇ।**
**ਗਿਆ ਫਿਰਾਕ ਮਿਲਿਆ ਮਿਤ ਮਾਹੀ, ਤਾਂ ਸ਼ੁਕਰ ਕੀਤੋ ਨੇ।"**

ਇਹ ਇਤਿਹਾਸਕ ਸਚਾਈ ਹੈ ਕਿ ਦਮਦਮਾ ਸਾਹਿਬ ਤੋਂ ਖ਼ਾਲਸੇ ਨੂੰ ਫਿਰ ਜਥੇਬੰਦ ਕਰਨ ਵੇਲੇ ੮੦,੦੦੦ ਨੇ ਅੰਮ੍ਰਿਤ ਪਾਨ ਕੀਤਾ ਸੀ। ਬੰਦੂਕ ਦੀ ਪਰਖ ਵੇਲੇ ਸੀਨੇ ਤਾਣ ਸਿੱਖ


www.sikhbookclub.com

ਇਥੇ ਹੀ ਨਿਤਰੇ ਸਨ। ਸੋ ਗੁਰੂ ਮਹਾਰਾਜ ਨੇ ਵਿਚਾਰ ਕਰਕੇ ਕੁਝ ਚੋਣਵੇਂ ਸਿਪਾਹੀ ਤੇ ਸਵਾਰ ਦਿੱਤੇ। ਭਾਈ ਧਰਮ ਸਿੰਘ ਜੀ ਨੂੰ ਜਥੇਦਾਰ ਬਣਾ ਕੇ ਨਾਲ ਭੇਜਿਆ। ਅਸ਼ੀਰਵਾਦ ਵੀ ਦਿੱਤੀ ਤੇ ਆਪਣੇ ਅੰਗ ਰੱਖਿਅਕ ਕੁਲਦੀਪਕ ਸਿੰਘ ਨੂੰ ਵੀ ਨਾਲ ਭੇਜਿਆ। ਕੁਲਦੀਪਕ ਸਿੰਘ ਹਰਕਾਰਿਆਂ ਰਾਹੀਂ ਗੁਰੂ ਜੀ ਤੱਕ ਖ਼ਬਰਾਂ ਪੁਚਾਂਦਾ ਰਹਿੰਦਾ ਸੀ।

ਜਦ ਇਸ ਮੁਲਾਕਾਤ ਦਾ ਵਜ਼ੀਦ ਖ਼ਾਨ ਨੂੰ ਪਤਾ ਲੱਗਾ ਤਾਂ ਉਹ ਬਹਾਦਰ ਸ਼ਾਹ ਪਾਸ ਸਰਹੰਦ ਸਫ਼ਾਈਆਂ ਪੇਸ਼ ਕਰਨ ਆਇਆ ਤੇ ਕਈ ਤੁਹਫ਼ੇ ਦਿੱਤੇ। ਮਿਰਜ਼ਾ ਆਸਦਉਲਾ ਫ਼ੌਜਦਾਰ ਸੋਨੀਪਤ ਨੇ ਹਥਿਆਰ ਤੇ ਰਸਦ ਭੇਟ ਕੀਤੀ। ਇਸ ਤਰ੍ਹਾਂ ਲੰਮੇ ਪੈਂਡੇ ਕੱਟਦਾ ਬਹਾਦਰ ਸ਼ਾਹ ਪਹਿਲੀ ਜੂਨ, ੧੭੦੭ ਨੂੰ ਦਿੱਲੀ ਪੁੱਜਾ। ਤਿੰਨ ਜੂਨ ਨੂੰ ਆਗਰੇ ਲਈ ਟੁਰ ਪਿਆ। ੧੨ ਜੂਨ, ੧੭੦੭ ਨੂੰ ਉਹ ਆਗਰੇ ਪੁੱਜਾ ਤੇ ਆਪਣਾ ਕੈਂਪ ਬਾਗੇ ਦਹਿਰ ਆਰਾ, ਸੁਲਤਾਨ ਗੰਜ ਲਗਾਇਆ। ਇਧਰ ਗੁਰੂ ਮਹਾਰਾਜ ਨੇ ਵੀ ਇਹ ਸੰਕਲਪ ਪੇਸ਼ ਕੀਤਾ ਕਿ "ਚਲੀਏ ਤੇ ਸ਼ਾਹ (ਔਰੰਗਜ਼ੇਬ) ਦੇ ਪੁੱਤਰਾਂ ਵਿਚਕਾਰ ਜੋ ਤਖ਼ਤ ਨਸ਼ੀਨੀ ਦੀ ਜੰਗ ਹੋਣੀ ਹੈ, ਦੇਖੀਏ!" ਗੁਰੂ ਜੀ ਰਾਜਪੂਤਾਨੇ ਵਿਚ ਵਿਚਰਨ ਲੱਗ ਪਏ ਸਨ। ਕੁਲਦੀਪਕ ਸਿੰਘ ਥਾਂ-ਥਾਂ ਤੋਂ ਖ਼ਬਰਾਂ ਪੁਚਾਈ ਜਾਂਦਾ ਸੀ।

ਜੈਜੂ ਵਿਖੇ ਮੁਹੰਮਦ ਆਜ਼ਮ ਆਪਣੀਆਂ ਫ਼ੌਜਾਂ ਲੈ ਕੇ ਪੁੱਜ ਗਿਆ। ਆਜ਼ਮ ਕੋਲ ਬਹੁਤ ਵੱਡੀ ਫ਼ੌਜ ਸੀ। ਬਹਾਦਰ ਸ਼ਾਹ ਬੜੀ ਮੁਸ਼ਕਲ ਨਾਲ ਹੀ ਕੁਝ ਫ਼ੌਜ ਇਕੱਠੀ ਕਰ ਸਕਿਆ। ਪਰ ਬਹਾਦਰ ਸ਼ਾਹ ਨੇ ਇਸ ਫੁਰਤੀ ਨਾਲ ਹੱਲਾ ਬੋਲਿਆ ਕਿ ੩੦,੦੦੦ ਘੋੜਿਆਂ ਵਿਚੋਂ ਮਸਾਂ ਚਾਰ ਪੰਜ ਸੌ ਹੀ ਟਿਕ ਸਕੇ। ਆਜ਼ਮ ਦੇ ਕੈਂਪਾਂ ਨੂੰ ਵੀ ਅੱਗ ਲਗਾ ਦਿੱਤੀ ਗਈ। ਗਰਮੀ ਜ਼ੋਰਾਂ ਉੱਤੇ ਸੀ। ਮੈਦਾਨ ਰੇਤਲਾ ਸੀ ਤੇ ਮਿੱਟੀ ਘੱਟਾ ਇਤਨੀ ਤੇਜ਼ੀ ਨਾਲ ਉੱਡਦਾ ਸੀ ਕਿ ਉੱਡ-ਉੱਡ ਆਜ਼ਮ ਦੇ ਸਿਪਾਹੀਆਂ ਉੱਤੇ ਪੈਂਦਾ ਸੀ। ਹਵਾ ਦਾ ਰੁੱਖ ਆਜ਼ਮ ਲਈ ਉਲਟਾ ਸੀ ਤੇ ਬਹਾਦਰ ਸ਼ਾਹ ਲਈ ਸੁਖਾਵਾਂ। ਜੋ ਤੀਰ ਆਜ਼ਮ ਦੀ ਫ਼ੌਜ ਛੱਡੇ ਉਹ ਰਾਹ ਵਿਚ ਹੀ ਰਹਿ ਜਾਏ ਤੇ ਜੋ ਬਹਾਦਰ ਸ਼ਾਹ ਦੇ ਸਿਪਾਹੀ ਛੱਡਣ ਉਹ ਸਗੋਂ ਹੋਰ ਤਿੱਖੇ ਹੋ ਕੇ ਵਿਰੋਧੀਆਂ ਨੂੰ ਵੱਜੇ। ਸਿੱਖ ਰਵਾਇਤ ਵੀ ਹੈ ਕਿ ਜਦ ਬਹਾਦਰ ਸ਼ਾਹ ਨੇ ਆਜ਼ਮ ਦੀ ਵੱਡੀ ਫ਼ੌਜ ਦੇਖੀ ਤਾਂ ਉਸ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕੀਤਾ। ਫਿਰ ਇਕ ਐਸਾ ਤੂਫ਼ਾਨ ਆਇਆ ਕਿ ਆਜ਼ਮ ਦੀ ਫ਼ੌਜ ਨੂੰ ਕੁਝ ਸੁਝੇ ਹੀ ਨਾ। ਆਜ਼ਮ ਦਾ ਪੁੱਤਰ ਬੇਦਾਰ ਬਖਤ ਮਾਰਿਆ ਗਿਆ ਤੇ ਇਸੇ ਰੌਲੇ ਗੌਲੇ ਵਿਚ ਲੱਖੀ ਜੰਗਲ ਦੇ ਇਕ ਸਿਪਾਹੀ, ਈਸਾ ਖ਼ਾਨ ਨੇ ਨਿਸ਼ਾਨਾ ਸੇਧ, ਐਸਾ ਤੀਰ ਮਾਰਿਆ ਕਿ ਆਜ਼ਮ ਦੇ ਮੱਥੇ ਵਿਚ ਲੱਗਾ ਤੇ ਉਹ ਉਥੇ ਹੀ ਢੇਰ ਹੋ ਗਿਆ। ਈਸਾ ਖ਼ਾਨ ਭਾਈ ਧਰਮ ਸਿੰਘ ਜੀ ਦੇ ਜਥੇ ਵਿਚ ਇਕ ਸਿਪਾਹੀ ਸੀ। ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਜੀ ਦੇ ਜਥੇ ਪੂਰੀ ਇਮਦਾਦ ਕਰ ਰਹੇ ਸਨ। ਇਹ ਜੰਗ ੧੮ ਜੂਨ, ੧੭੦੭ ਨੂੰ ਹੋਈ ਤੇ ਜਿੱਤ ਦੇ ਡੰਕੇ ਵਜਾਉਂਦਾ ਬਹਾਦਰ ਸ਼ਾਹ ੧੯ ਜੂਨ ਨੂੰ ਆਗਰੇ ਦਾਖਲ ਹੋਇਆ।

ਗੁਰੂ ਗੋਬਿੰਦ ਸਿੰਘ ਜੀ ਨੂੰ ਬਹਾਦਰ ਸ਼ਾਹ ਦੀ ਜਿੱਤ ਦੀ ਖ਼ਬਰ ਦਿੱਲੀ ਵਿਖੇ ਮਿਲੀ। ਬਹਾਦਰ ਸ਼ਾਹ ਨੇ ਭਾਈ ਧਰਮ ਸਿੰਘ ਜੀ ਹੱਥ ਸੁਨੇਹਾ ਭੇਜਿਆ ਕਿ ਉਹ ਆਗਰੇ ਆ ਕੇ ਦਰਸ਼ਨ ਦੇਣ। ਉਹ ਚੰਗੀ ਤਰ੍ਹਾਂ ਜਾਣਦਾ ਸੀ ਤੇ ਉਸ ਨੂੰ ਇਹ ਅਹਿਸਾਸ ਸੀ ਕਿ ਗੁਰੂ ਗੋਬਿੰਦ

ਸਿੰਘ ਜੀ ਦੀ ਮਦਦ ਬਿਨਾਂ ਇਹ ਜੰਗ ਜਿੱਤੀ ਨਹੀਂ ਸੀ ਜਾ ਸਕਦੀ। ਗੁਰੂ ਗੋਬਿੰਦ ਸਿੰਘ ਜੀ ੩੧ ਜੁਲਾਈ ਨੂੰ ਆਗਰੇ ਕੋਲ ਪੁੱਜੇ ਤੇ ਉਹਨਾਂ ਆਪਣਾ ਕੈਂਪ ਬਹਾਦਰ ਸ਼ਾਹ ਦੇ ਕੈਂਪ ਤੋਂ ੫ ਮੀਲ ਦੂਰ ਲਗਾਇਆ। ਬਹਾਦਰ ਸ਼ਾਹ ਨੇ ਖ਼ਾਨ ਖ਼ਾਨਾ ਨੂੰ ਅੱਗੋਂ ਸਵਾਗਤ ਲਈ ਭੇਜਿਆ ਤੇ ਮੁਲਾਕਾਤ ਦੀ ਤਾਰੀਖ਼ ੨ ਅਗਸਤ ਨਿਯਤ ਹੋਈ।

ਪੂਰੇ ਸਨਮਾਨ ਨਾਲ ਆਗਰੇ ਦੇ ਸ਼ਾਹੀ ਕਿਲ੍ਹੇ ਵਿਚ ਬਹਾਦਰ ਸ਼ਾਹ ਨੇ ਆਪੂੰ ਅੱਗੇ ਵਧ ਕੇ ਸਵਾਗਤ ਕੀਤਾ ਤੇ ਸਤਿਕਾਰ ਵਜੋਂ ਧੁਖ ਧੁਖੀ, ਖ਼ੈਮਾ, ਸਰਾਇ-ਪਰਦਾ, ਝੰਡਾ ਤੇ ਨਗਾਰਾ ਭੇਟ ਕੀਤਾ। ਇਹ ਚਾਰੇ ਵਸਤੂਆਂ ਇਸ ਗੱਲ ਦਾ ਪ੍ਰਗਟਾਵਾ ਕਰਦੀਆਂ ਹਨ ਕਿ ਉਹ ਗੁਰੂ ਜੀ ਨੂੰ ਦੀਨ ਦਾ ਆਗੂ ਗਿਣਦਾ ਸੀ ਤੇ ਉਹ ਸਨਮਾਨ ਦੇਣਾ ਉਚਿਤ ਸਮਝਿਆ ਜੋ ਇਕ ਬਾਦਸ਼ਾਹ ਦੂਜੇ ਸੁਤੰਤਰ ਰਾਜ ਦੇ ਮਾਲਕ ਨੂੰ ਦਿੰਦਾ ਹੈ। ਝੰਡਾ, ਨਗਾਰਾ ਤੇ ਸਰਾਇ-ਪਰਦਾ ਸੁਤੰਤਰ ਰਾਜ ਦੀਆਂ ਨਿਸ਼ਾਨੀਆਂ ਹਨ।

ਗੁਰ ਸੋਭਾ ਦੇ ਲਿਖਾਰੀ ਸੈਨਾਪਤੀ ਦੇ ਸ਼ਬਦ ਹਨ :

**ਕਲਗੀ ਅਉਰ ਧੁਖ ਧੁਖ ਮਹਾਨੀ,**
**ਖਿਲਤ ਏਕ ਸ਼ਾਹ ਮਨ ਮਾਨੀ।**
**ਸ਼ਾਹ ਪ੍ਰਭੂ ਕੋ ਭਏ ਚੜਾਈ,**
**ਖ਼ੁਸ਼ੀ ਕਰੋ ਤੁਮ ਸੋ ਬਨਿਆਈ। ੩੫। ੨੨੩।**
**ਤਹਿ ਸਮੇਂ ਪ੍ਰਭੁ ਨੇ ਫ਼ਰਮਾਯੋ।**
**ਅੰਦਰ ਸ਼ਾਹਿ ਪੈ ਸਿੰਘ ਬੁਲਾਯੋ।**
**ਬਸਤਰ ਤਹਿ ਧਾਸ ਉਠਵਾਏ।**
**ਬਿਦਾ ਭਏ ਪ੍ਰਭੂ ਡੇਰੇ ਆਏ। ੩੬। ੨੩੪।**

ਤਖ਼ਤ ਪ੍ਰਾਪਤ ਕਰਨ ਦਾ ਬਹਾਦਰ ਸ਼ਾਹ ਨੇ ਗੁਰੂ ਜੀ ਦਾ ਧੰਨਵਾਦ ਵੀ ਕੀਤਾ :

**ਦਯਾ ਧਾਰ ਹਮਰੇ ਘਰਿ ਆਏ,**
**ਤ਼ਖ਼ਤ ਬਖ਼ਤ ਤੁਮ ਕੋ ਪ੍ਰਭ ਪਾਏ। ੩੪। ੨੨੨।**

ਅਹਿਮਦ ਸ਼ਾਹ ਬਟਾਲਵੀ ਨੇ ਵੀ ਲਿਖਿਆ ਹੈ ਕਿ ਜਦ ਗੁਰੂ ਜੀ ਦਰਬਾਰ ਆਏ ਤਾਂ ਬਹਾਦਰ ਸ਼ਾਹ ਨੇ ਕਿਹਾ :

'ਹੱਕ ਦੇ ਜਾਣੂ ਅਤੇ ਉਸ ਦੀ ਪੂਜਾ ਕਰਨ ਵਾਲਿਆਂ ਦੇ ਆਗੂ, ਖ਼ੁਦਾ ਨੂੰ ਪਹੁੰਚੇ ਹੋਏ, ਆਰਫਾਂ ਦੇ ਮੋਢੀ ਰਾਮ ਦਾਸ ਜੀਓ, ਆਸ ਹੈ ਕਿ ਆਪ ਜੀ ਦਾ ਪਰਉਪਕਾਰੀ ਸਰੀਰ ਨਰੋਆ ਹੈ, ਆਪ ਜੀ ਦੇ ਦਰਸ਼ਨ ਕਰਨ ਨਾਲ ਸਾਰੇ ਰੋਗ ਦੂਰ ਹੋ ਗਏ ਹਨ।'

**ਅਜ਼ ਦੀਦਾਰੇ ਫ਼ੈਜ਼ ਆਸਰੇ ਏਸ਼ਾਂ ਤਮਾਮ।**
**ਗ਼ੰਮ ਅਜ਼ ਜਾਮ ਦੂਰ ਸ਼ੁਦਹ।** (ਉਮਦਾਤ-ਉਲ-ਤਾਰੀਖ਼, ਪੰਨਾ ੬੨)

ਐਸਾ ਸਨਮਾਨ ਦੇਖ ਕੱਟੜਪ੍ਰਸਤਾਂ ਨੇ ਰੋਸ ਮਨਾਇਆ ਤੇ ਬਹਾਦਰ ਸ਼ਾਹ ਨੂੰ ਕਿਹਾ ਕਿ ਜੇ ਗੁਰੂ, ਦੀਨੀ ਆਗੂ, ਪੈਗ਼ੰਬਰ ਹੈ ਤਾਂ ਕੋਈ ਕਰਾਮਾਤ ਦਿਖਲਾਏ। ਮਹਾਰਾਜ ਅੱਗੇ ਜਦ ਬਹਾਦਰ ਸ਼ਾਹ ਨੇ ਕੁਝ ਲੋਕਾਂ ਦੀ ਤਰਕ ਦਾ ਜ਼ਿਕਰ ਕੀਤਾ ਤਾਂ ਉਹਨਾਂ ਕਿਹਾ ਕਿ ਕਰਾਮਾਤ ਦਾ ਮਾਲਕ ਤਾਂ ਸਿਰਫ਼ ਅੱਲਾਹ ਹੈ ਅਤੇ ਅੱਲਾਹ ਦੇ ਬੰਦਿਆਂ ਨੂੰ ਐਸਾ ਕਰਨਾ ਸੋਭਦਾ ਨਹੀਂ। ਇਕ ਵਾਰ ਅਨੰਦਪੁਰ ਵੀ ਐਸੀ ਘਟਨਾ ਹੋਈ ਸੀ। ਸ਼ਾਹੀ ਫੌਜਾਂ ਦੇ ਜਰਨੈਲ

ਚੌਪੜ ਖੇਡ ਰਹੇ ਸਨ ਤਾਂ ਗੁਰੂ ਜੀ ਨੇ ਦੂਰੋਂ ਕਿਲ੍ਹੇ ਵਿਚੋਂ ਇਕ ਤੀਰ ਚਲਾ ਕੇ ਉਹਨਾਂ ਦੀ ਖੇਡ ਵਿਚਕਾਰ ਵਿਛੀ ਚੌਪੜ ਵਿਚ ਮਾਰਿਆ ਸੀ ਤੇ ਸਾਰੇ ਹੀ ਬੋਲ ਉਠੇ 'ਕਰਾਮਾਤ।' ਤਾਂ ਮਹਾਰਾਜ ਨੇ ਦੂਜਾ ਤੀਰ ਦੇਹ ਮਾਰਿਆ, ਜਿਸ ਨਾਲ ਕਾਗ਼ਜ਼ ਦਾ ਇਕ ਟੁਕੜਾ ਲੱਗਾ ਹੋਇਆ ਸੀ, ਜਿਸ ਉੱਤੇ ਲਿਖਿਆ ਸੀ, "ਕਰਾਮਾਤ ਨਹੀਂ, ਕਰਤਬ।" ਪਰ ਜਦ ਸਾਰਿਆਂ ਜ਼ਿੱਦ ਹੀ ਪਕੜ ਲਈ ਤਾਂ ਮਹਾਰਾਜ ਨੇ ਆਪਣੀ ਉਂਗਲੀ ਦਾ ਇਸ਼ਾਰਾ ਬਹਾਦਰ ਸ਼ਾਹ ਵੱਲ ਕਰਕੇ ਕਿਹਾ, "ਤੂੰ ਹੀ ਕਰਾਮਾਤ ਹੈਂ।" ਸਿਆਸੀ ਤਾਕਤ ਹੋਣਾ ਹੀ ਕਰਾਮਾਤ ਹੈ। ਜਿਸ ਦਾ ਸ਼ਾਹ ਚਾਹੇ ਹੁਕਮ ਦੇ ਕੇ ਸਿਰ ਕਲਮ ਕਰ ਦੇਵੇ ਤੇ ਜਿਸ ਦੀ ਮਰਜ਼ੀ ਜਾਨ ਬਖ਼ਸ਼ੀ ਕਰ ਦੇਵੇ, ਪਰ ਮੌਲਾਨਿਆਂ ਦੀ ਤਸੱਲੀ ਨਾ ਹੋਈ। ਉਹਨਾਂ ਕਰਾਮਾਤ ਦਿਖਲਾਉਣ ਲਈ ਫਿਰ ਕਿਹਾ। ਮਹਾਰਾਜ ਨੇ ਇਕ ਮੁਹਰ ਜ਼ਮੀਨ ਉੱਤੇ ਸੁੱਟ ਕੇ ਇਸ਼ਾਰੇ ਨਾਲ ਕਿਹਾ ਕਿ "ਇਹ ਕਰਾਮਾਤ ਹੈ।" ਇਸ ਵਿਚ ਇਤਨੀ ਸ਼ਕਤੀ ਹੈ ਕਿ ਇਹ ਸਿਆਸਤ ਤੱਕ ਖ਼ਰੀਦ ਸਕਦੀ ਹੈ ਤੇ ਕਈਆਂ ਨੂੰ ਪਿੱਛੇ ਲਗਾਈ ਫਿਰਦੀ ਹੈ। ਪਰ ਉਹ ਤਾਂ ਗੁਰੂ ਜੀ ਕੋਲੋਂ ਕਰਾਮਾਤ ਦੇਖਣਾ ਚਾਹੁੰਦੇ ਸਨ। ਪਾਤਸ਼ਾਹ ਨੇ ਆਪਣੀ ਕ੍ਰਿਪਾਨ ਮਿਆਨ ਵਿਚੋਂ ਕੱਢ ਕੇ ਗਰਜ ਕੇ ਆਖਿਆ ਕਿ : "ਜੋ ਨਾ ਸੁਣੇ, ਨਾ ਸਮਝੇ, ਉਸ ਲਈ ਇਹ ਹੀ ਕਰਾਮਾਤ ਹੈ।" ਸਾਰੇ ਚੁੱਪ ਹੋਏ। ਕਿਰਪਾਨ ਹੀ ਆਖ਼ਰੀ ਤੇ ਠੀਕ ਕਰਾਮਾਤ ਹੈ। ਮੁਫ਼ਤੀ ਨੇ ਪ੍ਰਸ਼ਨ ਕੀਤਾ, 'ਪੀਰ, ਮਜ਼ਹਬ ਤੁਮਹਾਰਾ ਖ਼ੂਬ ਕਿ ਹਮਾਰਾ ਖ਼ੂਬ।' ਸਮ ਦ੍ਰਿਸ਼ਟੀ ਨਦਰ ਵਾਲੇ ਸੱਚੇ ਪਾਤਸ਼ਾਹ ਨੇ ਫ਼ਰਮਾਇਆ "ਤੁਮਕੋ ਤੁਮਾਰਾ ਖ਼ੂਬ, ਹਮਕੋ ਹਮਾਰਾ ਖ਼ੂਬ।"

ਇਸ ਉਪਰੰਤ ਮੁਲਾਕਾਤਾਂ ਦਾ ਸਿਲਸਿਲਾ ਜਾਰੀ ਰਿਹਾ। ਇਕ ਮੁਲਾਕਾਤ ਵਿਚ ਬਹਾਦਰ ਸ਼ਾਹ ਨੇ ਇਹ ਵਿਚਾਰ ਪ੍ਰਗਟ ਕੀਤੀ ਕਿ "ਜੋ ਵੀ ਹਜ਼ਰਤ ਮੁਹੰਮਦ ਸਾਹਿਬ ਉੱਤੇ ਈਮਾਨ ਲਿਆਉਣਗੇ, ਭਾਵੇਂ ਉਹਨਾਂ ਜ਼ਿੰਦਗੀ ਕਿਵੇਂ ਗੁਜ਼ਾਰੀ ਹੈ, ਬਚ ਜਾਣਗੇ ਤੇ ਅੱਲਾਹ ਦੇ ਦਰਬਾਰ ਪ੍ਰਵਾਨ ਗਿਣੇ ਜਾਣਗੇ।" ਮਹਾਰਾਜ ਨੇ ਦੂਜੇ ਦਿਨ ਉਸ ਦੇ ਇਕ ਕਰਮਚਾਰੀ ਨੂੰ ਇਕ ਖੋਟਾ ਸਿੱਕਾ ਜਿਸ ਤੇ ਬਹਾਦਰ ਸ਼ਾਹ ਦੀ ਮੁਹਰ ਲੱਗੀ ਹੋਈ ਸੀ, ਬਾਜ਼ਾਰ ਵਸਤੂ ਖਰੀਦਣ ਲਈ ਭੇਜਿਆ। ਉਸ ਕਰਮਚਾਰੀ ਨੇ ਮੁੜ ਕੇ ਬਹਾਦਰ ਸ਼ਾਹ ਸਾਹਮਣੇ ਆ ਕੇ ਦੱਸਿਆ ਕਿ ਸਿੱਕਾ ਖੋਟਾ ਹੈ, ਕੋਈ ਪ੍ਰਵਾਨ ਨਹੀਂ ਕਰਦਾ। ਗੁਰੂ ਮਹਾਰਾਜ ਨੇ ਆਖਿਆ ਕਿ ਮੁੱਲ ਤਾਂ ਧਾਤ ਦਾ ਹੈ, ਮੁਹਰ ਵੱਲ ਤਾਂ ਕੋਈ ਦੇਖਦਾ ਨਹੀਂ। *"ਅਮਲ ਜੋ ਕੀਤੇ ਦੁਨੀ ਵਿਚ ਸੋ ਦਰਗਹ ਆਵਹਿ ਕੰਮ।"* ਧਾਤ ਸ਼ੁੱਧ ਹੈ ਤਾਂ ਇਸ ਦਾ ਮੁੱਲ ਸਦੀਆਂ ਤਕ ਕਾਇਮ ਹੈ ਤੇ ਕਿਸੇ ਵੀ ਬਾਜ਼ਾਰ ਵਿਚ ਧੋਖਾ ਨਹੀਂ ਖਾਣਾ ਪੈਂਦਾ।

ਕਈ ਦਿਨ ਹੋਰ ਡੂੰਘੀਆਂ ਵੀਚਾਰਾਂ ਹੁੰਦੀਆਂ ਰਹੀਆਂ। ਇੰਝ ਪ੍ਰਤੀਤ ਹੋਣ ਲੱਗਾ ਕਿ ਚਿਰਾਂ ਦੇ ਵਿਤਕਰੇ ਮੁੱਕ ਜਾਣਗੇ। ਉਨ੍ਹਾਂ ਵਿਚਾਰਾਂ ਦਾ ਸਿੱਟਾ ਇਕ ਸਮਝੌਤੇ ਵਿਚ ਨਿਕਲਿਆ। ਉਸ ਸਮਝੌਤੇ ਦੀਆਂ ਚਾਰ ਮੋਟੀਆਂ ਧਾਰਾਵਾਂ ਸਨ :

੧. ਬਾਦਸ਼ਾਹ ਹਿੰਦੂ ਮੁਸਲਮਾਨ ਨੂੰ ਤੁੱਲ ਜਾਣੇਗਾ।

੨. ਇਨਸਾਫ਼ ਕਰੇਗਾ।

੩. ਦੂਜੇ ਦੇ ਧਰਮ ਵਿਚ ਦਖ਼ਲ ਨਹੀਂ ਦੇਵੇਗਾ।

੪. ਜਿਨ੍ਹਾਂ ਨੇ ਬੇਦੋਸ਼ਿਆਂ ਨੂੰ ਮਾਰਿਆ ਹੈ, ਉਹਨਾਂ ਨੂੰ ਤੁਰੰਤ ਸਜ਼ਾਵਾਂ ਦੇਵੇਗਾ।

 www.sikhbookclub.com

ਗੱਲਬਾਤ ਦੀ ਕਾਮਯਾਬੀ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਹੁਕਮਨਾਮੇ ਵਿਚ, ਜੋ ਉਹਨਾਂ ਧੌਲਪੁਰ ਦੀ ਸੰਗਤ ਦੇ ਨਾਂ ਲਿਖਿਆ, ਵੀ ਕੀਤਾ। ਉਹਨਾਂ ਲਿਖਿਆ ਕਿ ਗੱਲਬਾਤ ਮੁੱਕਣ ਉੱਤੇ ਉਹ ਅਨੰਦਪੁਰ ਮੁੜਨਗੇ ਤੇ ਖ਼ਾਲਸਾ ਹਥਿਆਰਬੰਦ ਹੋ ਕੇ ਪੁੱਜੇ। ਉਥੋਂ ਅਗਲਾ ਪ੍ਰੋਗਰਾਮ ਟੋਰਿਆ ਜਾਵੇਗਾ। ਹੁਕਮਨਾਮੇ ਦੇ ਅੱਖਰ ਹਨ :

*੧੦ ਸਤਿਗੁਰ ਜੀ*

"ਸਰਬਤ ਸੰਗਤਿ ਧਉਲ ਕੀ, ਤੁਸੀਂ ਮੇਰਾ ਖਾਲਸਾ ਹੋ, ਗੁਰੂ ਰੱਖੇਗਾ। ਗੁਰੂ ਗੁਰੂ ਜਪਣਾ, ਜਨਮ ਸਵਰੈਗਾ। ਸਰਬ ਸੁਖ ਨਾਲ ਪਾਤਸ਼ਾਹ ਪਾਸਿ ਆਏ, ਸਿਰਪਾਓ ਅਰੁ ਸਤਿ ਹਜ਼ਾਰ ਕੀ ਧੁਖ ਧੁਖੀ ਜੜਾਓ ਇਨਾਮ ਹੋਇ। ਹੋਰ ਭੀ ਕੰਮ ਗੁਰੂ ਕਾ ਸਦਕਾ ਸਭ ਹੋਤੇ ਹੈਂ, ਅਸੀਂ ਭੀ ਥੋੜ੍ਹੇ ਹੀ ਦਿਨਾਂ ਨੂੰ ਆਵਤੇ ਹਾਂ, ਸਰਬਤ ਸੰਗਤ ਖ਼ਾਲਸੇ ਕੋ ਮੇਰਾ ਹੁਕਮ ਹੈ। *ਆਪਸ ਮੇ ਮੇਲ ਕਰਣਾ*, ਜਦ ਅਸੀਂ ਕਹਿਲੂਰ ਆਵਤੇ, ਤਦਿ ਸੁਬਤਿ ਖਾਲਸੇ ਹਥਿਆਰ ਬਨਿ ਕੈ ਹਜ਼ੂਰਿ ਆਵਣਾ—

ਸੰਮਤ ੧੭੬੪, ਕੱਤਕ ੧ ਮਹਲ।"

ਇਸ ਹਿਸਾਬ ਨਾਲ ੨ ਅਕਤੂਬਰ ੧੭੦੭ ਬਣਦਾ ਹੈ ਤੇ ਇਹ ਪ੍ਰਗਟ ਹੁੰਦਾ ਹੈ ਕਿ ਆਗਰੇ ਵਿਖੇ ਹੀ ਹਿੰਦੁਸਤਾਨ ਦਾ ਇਤਿਹਾਸ ਪਲਟ ਜਾਣਾ ਸੀ। ਪਰ ਸਮਝੌਤੇ ਉੱਤੇ ਅਮਲ ਕਰਾਉਣ ਦੀਆਂ ਵਿਚਾਰਾਂ ਚਲ ਹੀ ਰਹੀਆਂ ਸਨ ਕਿ ਜੋਧਪੁਰ ਤੋਂ ਖ਼ਬਰ ਪੁੱਜੀ ਕਿ ਅਜੀਤ ਸਿੰਘ ਨੇ ਮੁਗ਼ਲ ਨੁਮਾਇੰਦੇ ਮੁਹਕਮ ਦੀਨ ਨੂੰ ਨਠਾ ਦਿੱਤਾ ਹੈ ਤੇ ਰਾਜਪੂਤਾਨੇ ਵਿਚ ਬਗ਼ਾਵਤ ਵੱਡੇ ਪੈਮਾਨੇ ਦੀ ਹੋਣ ਦੀ ਸੰਭਾਵਨਾ ਹੈ। ਸੋ ੧੦ ਨਵੰਬਰ, ੧੭੦੭ ਨੂੰ ਬਹਾਦਰ ਸ਼ਾਹ ਸਾਰੀਆਂ ਵਿਚਾਰਾਂ ਵਿਚੇ ਛੱਡ ਕੇ ਰਾਜਪੂਤਾਨੇ ਵੱਲ ਚਲ ਪਿਆ ਤੇ ਗੁਰੂ ਜੀ ਨੂੰ ਨਾਲ ਹੀ ਟੁਰਨ ਲਈ ਆਖਿਆ। ਗੁਰੂ ਮਹਾਰਾਜ ਸਾਰੀ ਗੱਲਬਾਤ ਮੁਕਾ ਕੇ ਹੀ ਵਾਪਸ ਆਉਣਾ ਚਾਹੁੰਦੇ ਸਨ, ਪਰ ਇਸ ਝਗੜੇ ਨੇ ਗੱਲ ਅਗੇਰੇ ਪਾ ਦਿੱਤੀ। ਅਜਮੇਰ ਵਿਚ ਹੀ ਬਹਾਦਰ ਸ਼ਾਹ ਨੇ ਇਹ ਸੁਨੇਹਾ ਵੀ ਭੇਜ ਦਿੱਤਾ ਕਿ ਜੋਧਪੁਰ ਤੋਂ ਉਹ ਕਾਮ ਬਖ਼ਸ਼ ਦੇ ਵਿਦਰੋਹ ਨੂੰ ਖ਼ਤਮ ਕਰਨ ਦੱਖਣ ਜਾਵੇਗਾ। ਸੋ ਗੁਰੂ ਜੀ ਦੱਖਣ ਵੱਲ ਟੁਰ ਪਏ। ਬਹਾਦਰ ਸ਼ਾਹ ਪੂਰਾ ਸਤਿਕਾਰ ਦਿੰਦਾ ਰਿਹਾ, ਪਰ ਵਜ਼ੀਰ ਖ਼ਾਨ ਨੇ ਜ਼ਰ ਖ਼ਰੀਦ ਪਿਛੇ ਲਗਾ ਦਿੱਤੇ ਕਿ ਸਮਾਂ ਦੇਖ ਗੁਰੂ ਗੋਬਿੰਦ ਸਿੰਘ ਜੀ ਉੱਤੇ ਵਾਰ ਕਰ ਖ਼ਤਮ ਕਰ ਦਿੱਤਾ ਜਾਏ। ਵਜ਼ੀਰ ਖ਼ਾਨ ਦੇ ਭੇਜੇ, ਗੁਲ ਖ਼ਾਨ ਅਤੇ ਜਮਸ਼ੈਦ ਖ਼ਾਨ ਨੇ ੧੫ ਸਤੰਬਰ, ੧੭੦੮ ਨੂੰ ਮਾਰੂ ਹੱਲਾ ਕੀਤਾ। ਮਾਧੋ ਦਾਸ ੩ ਸਤੰਬਰ, ੧੭੦੮ ਨੂੰ ਅੰਮ੍ਰਿਤ ਛਕ ਕੇ ਬੰਦਾ ਸਿੰਘ ਬਣ ਗਿਆ ਸੀ। ਉਸ ਵਾਰ ਦੇ ਘਾਉ ਤੋਂ ਭਾਵੇਂ ਆਪ ਨਰੋਏ ਹੋ ਗਏ, ਪਰ ਕੁਝ ਦਿਨ ਬਾਅਦ ਉਹ ਹੀ ਸੀਤੇ ਹੋਏ ਜ਼ਖ਼ਮ ਖੁੱਲ੍ਹ ਗਏ ਤੇ ਆਪ ਜੀ ਅਕਤੂਬਰ ੭, ੧੭੦੮ ਨੂੰ ਜੋਤੀ ਜੋਤ ਸਮਾ ਗਏ।

ਬਹਾਦਰ ਸ਼ਾਹ ਨੇ ਜੋ ਸਤਿਕਾਰ ਤੇ ਸਨਮਾਨ ਗੁਰੂ ਗੋਬਿੰਦ ਸਿੰਘ ਜੀ ਨੂੰ ਦਿੱਤਾ ਸੀ ਉਸ ਦੀ ਪੁਸ਼ਟੀ ਉਸ ਹੁਕਮ ਵਿਚੋਂ ਦੇਖੀ ਜਾ ਸਕਦੀ ਹੈ, ਜੋ ਬਹਾਦਰ ਸ਼ਾਹ ਨੇ ੧ ਨਵੰਬਰ, ੧੭੦੮ ਦੇ ਫ਼ਰਮਾਨ ਵਿਚ ਦਿੱਤਾ। "ਬਹਾਦਰ ਸ਼ਾਹ ਪਾਸ ਇਸ ਪ੍ਰਕਾਰ ਦੀ ਰਿਪੋਰਟ ਪੁੱਜੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮਨਕੂਲਾ ਜਾਇਦਾਦ ਬਾਰੇ ਹੁਕਮ ਕੀਤਾ ਜਾਏ। ਰਿਵਾਜ ਅਨੁਸਾਰ ਜੋ ਉਸ ਸਮੇਂ ਸ਼ਾਹੀ ਨੌਕਰਾਂ, ਅਫ਼ਸਰਾਂ ਤੇ ਜਗੀਰਦਾਰਾਂ ਲਈ ਵਰਤਿਆ ਜਾਂਦਾ

ਸੀ, ਜਾਇਦਾਦ ਜ਼ਬਤ ਹੋ ਜਾਣੀ ਚਾਹੀਦੀ ਸੀ। ਬਾਦਸ਼ਾਹ ਨੇ ਇਹ ਆਖ ਕੇ ਕਿ ਉਸ ਨੂੰ ਇਕ ਦਰਵੇਸ਼ ਦੀਆਂ ਚੀਜ਼ਾਂ ਦੀ ਲੋੜ ਨਹੀਂ, ਹੁਕਮ ਦਿੱਤਾ ਕਿ ਉਸ ਨੂੰ ਹੱਥ ਨਾ ਲਗਾਇਆ ਜਾਏ।" ਕਨ੍ਹਈਆ ਲਾਲ ਦਾ ਖ਼ਿਆਲ ਹੈ ਕਿ ਜਿਸ ਥਾਂ ਮਾਤਾ ਸੁੰਦਰੀ ਜੀ ਦਿੱਲੀ ਵਿਖੇ ਰਹੇ, ਉਸ ਨੂੰ ਬਹਾਦਰ ਸ਼ਾਹ ਨੇ ਹੀ ੫੫ ਹਜ਼ਾਰ ਦੀ ਲਾਗਤ ਨਾਲ ਉਸਾਰਿਆ ਸੀ। ਉਹ ਵੀ ਸਤਿਕਾਰ ਦਰਸਾਉਣ ਲਈ ਹੀ ਸੀ :

**ਹੱਕ ਹੱਕ ਆਦੇਸ਼ ਗੁਰੂ ਗੋਬਿੰਦ ਸਿੰਘ।**
**ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ॥ ੨੧॥**

SIKHBOOKCLUB.COM

## ੨੧

# ਭਾਈ ਤਾਰਾ ਸਿੰਘ ਵਾਂ

ਪਾਕਿਸਤਾਨ ਦੀ ਪੱਛਮੀ ਸੀਮਾ ਲਾਗੇ 'ਡਲ' ਤੇ 'ਵਾਂ' ਦੋ ਉੱਘੇ ਪਿੰਡ ਹਨ। ਦੋਵੇਂ ਇਤਨੇ ਨੇੜੇ ਹਨ ਕਿ ਬਹੁਤੀ ਵਾਰੀ ਲੋਕੀਂ ਇਕੱਠਾ 'ਡਲ-ਵਾਂ' ਵੀ ਆਖ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤਿੰਨਾਂ ਭਰਾਵਾਂ ਮਾਹੀ, ਜੈਤਾ ਤੇ ਗੁਰਦਾਸ ਵਿਚੋਂ ਛੋਟੇ ਗੁਰਦਾਸ ਨੇ ਅੰਮ੍ਰਿਤ ਛਕ ਕੇ ਸਿੱਖੀ ਬਾਣਾ ਸਜਾ ਲਿਆ। ਪਹਿਲਾਂ ਗੁਰੂ ਜੀ ਦਾ ਜੰਗਾਂ ਵਿਚ ਸਾਥ ਦਿੰਦਾ ਰਿਹਾ ਤੇ ਫਿਰ ਪਿੱਛੋਂ ਮਾਝੇ ਵਿਚ ਬੰਦਾ ਸਿੰਘ ਵੇਲੇ ਸਿੰਘਾਂ ਨੂੰ ਜਥੇਬੰਦ ਕਰਦਾ ਰਿਹਾ। ਇਸ ਦੇ ਘਰ ਪੰਜ ਪੁੱਤਰ ਹੋਏ। ਤਾਰਾ ਸਿੰਘ ਸਭ ਤੋਂ ਵਡੇਰਾ ਸੀ ਤੇ ਉਹਨਾਂ ਦਾ ਜਨਮ ੧੭੦੨ ਈ: ਵਿਚ ਹੋਇਆ ਲਿਖਿਆ ਜਾਂਦਾ ਹੈ। ਭਾਈ ਮਨੀ ਸਿੰਘ ਜੀ ਹੱਥੋਂ ਅੰਮ੍ਰਿਤ ਛਕ ਕੇ ਇਸ ਨੇ ਸਿੰਘਾਂ ਦੀ ਸੇਵਾ ਦਾ ਬੀੜਾ ਚੁੱਕ ਲਿਆ। ਆਪ ਜੀ ਜਿੱਥੇ ਆਚਰਨ ਦੇ ਉੱਚੇ ਤੇ ਸੁਭਾਅ ਤੇ ਮਿੱਠੇ ਸਨ, ਉਥੇ ਇਕ ਚੰਗੇ ਘੋੜ ਸਵਾਰ, ਤਲਵਾਰੀਏ ਤੇ ਤੀਰ-ਅੰਦਾਜ਼ ਵੀ ਸਨ। ਹਠੀ, ਜਪੀ, ਜਤੀ, ਪੂਰੇ ਰਹਿਤਵਾਨ, ਸਿਦਕੀ, ਬਸਤ੍ਰ ਨੀਲੇ, ਤਨ ਤੇ ਸ਼ਸਤਰ, ਗੁਰਬਾਣੀ ਨਾਲ ਬੜਾ ਹਿਤ ਸੀ। ਜਦ ਵੀ ਕਿਸੇ ਵੰਗਾਰ ਪਾਈ ਸਭ ਤੋਂ ਅੱਗੇ ਹੀ ਦੇਖੇ ਗਏ। ਸਾਡਾ ਇਤਿਹਾਸ ਕਹਿੰਦਾ ਹੈ :

**'ਸੀਰ ਧਰੇ ਹੱਥ ਪੁਰ ਫਿਰੈ, ਮਰਨੋਂ ਨ ਸੰਕਾਇ।'**

ਇਨ੍ਹਾਂ ਆਪਣੇ ਪਿੰਡ 'ਵਾਂ' ਵੀ ਆਪਣਾ ਵਾੜਾ ਬਣਾ ਲਿਆ ਸੀ। ਇਤਨੇ ਉੱਚੇ-ਉੱਚੇ ਜੰਡ ਤੇ ਕਰੀਰ ਲਗਾ ਲਏ ਸਨ ਕਿ ਕੋਈ ਘੋੜਾ ਛਾਲ ਮਾਰ ਕੇ ਵਾੜ ਨਹੀਂ ਟੱਪ ਸਕਦਾ ਸੀ। ਮਕਾਨਾਂ ਲਾਗੇ ਇਕ ਵੱਡਾ ਟੋਆ ਵੀ ਪੁੱਟ ਛੱਡਿਆ ਸੀ। ਸਰਦੀ ਆਉਂਦਿਆਂ ਹੀ ਉਸ ਵਿਚ ਵੱਡੇ ਮੁੱਢ ਸੁੱਟ ਦਿੱਤੇ ਜਾਂਦੇ ਸਨ ਤੇ ਸਿੱਖ ਥੱਕੇ ਟੁੱਟੇ ਉਥੇ ਪੁੱਜ ਅੱਗ ਸੇਕਦੇ ਤੇ ਰਾਤ ਪ੍ਰਸ਼ਾਦੇ ਛਕ ਆਰਾਮ ਕਰ ਪੈਂਡੇ ਪੈ ਜਾਂਦੇ। ਇਹ ਵਾਂ ਸਿੰਘਾਂ ਦੀ ਆਰਾਮਗਾਹ ਹੀ ਸੀ। ਭਾਈ ਤਾਰਾ ਸਿੰਘ ਜੀ ਦਾ ਇਤਨਾ ਪ੍ਰਤਾਪ ਸੀ ਕਿ ਸਭ ਹਿੰਦੂ, ਸਿੱਖ, ਮੁਸਲਮਾਨ ਆਪ ਜੀ ਦਾ ਆਦਰ ਕਰਦੇ ਸਨ। ਅਬਦੁਸਸਮਦ ਖ਼ਾਨ ਵੇਲੇ ਇਹ ਵਾੜਾ ਸਿੰਘਾਂ ਦਾ ਇਕ ਸਹਾਰਾ ਹੀ ਸੀ। ਇਨ੍ਹਾਂ ਦੀ ਸੇਵਾ ਨੂੰ ਦੇਖਦੇ ਹੋਏ, ਕਿਸੇ ਪਿੰਡ ਦੇ ਜੱਸੋ ਨਾਂ ਦੇ ਸਿੱਖ ਦੇ ਤਿੰਨਾਂ ਪੁੱਤਰਾਂ, ਅੰਮ੍ਰਿਤ ਛਕ ਕੇ ਅਮਰ ਸਿੰਘ, ਅਮੀਂ ਸਿੰਘ ਤੇ ਕੌਇਰ ਸਿੰਘ ਨਾਂ ਧਰਾਇਆ। ਕੌਇਰ ਸਿੰਘ ਤਾਰਾ ਸਿੰਘ ਦਾ ਨਾ ਸਿਰਫ਼ ਗੂੜ੍ਹਾ ਮਿੱਤਰ ਬਣ ਗਿਆ ਸਗੋਂ ਸਦਾ ਨਾਲ ਹੀ ਰਹਿਣ ਲੱਗਾ। ਇਸੇ ਪਿੰਡ ਦੇ ਬਿਹਾਰੀ ਨਾਂ ਦੇ ਜ਼ਿਮੀਂਦਾਰ ਦੇ ਦੋ ਪੁੱਤਰਾਂ ਵਿਚੋਂ ਦੇਸੂ ਨੇ ਗੁਰਦਾਸ


www.sikhbookclub.com

ਸਿੰਘ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਛਕਿਆ ਸੀ। ਉਸ ਦੇ ਇਕੋ-ਇਕ ਪੁੱਤਰ ਵਧਾਵਾ ਸਿੰਘ ਨੇ ਵੀ ਤਾਰਾ ਸਿੰਘ ਜੀ ਦੀ ਕਿਰਤ ਕਾਰ ਤੇ ਰਹਿਣੀ-ਬਹਿਣੀ ਦੇਖ ਪੂਰਾ ਸਾਥ ਦੇਣ ਦਾ ਫ਼ੈਸਲਾ ਹੀ ਕਰ ਲਿਆ। ਕਈ ਵਾਰੀ ਹਕੂਮਤ ਨੇ ਵਰਜਣਾ ਚਾਹਿਆ, ਪਰ 'ਨਾਹਿ ਮਨੈ ਵੈ ਤੁਰਕਨ ਆਣ।"

ਸੰਨ ੧੭੨੬ ਈ: ਵਿਚ ਨੌਸ਼ਹਿਰਾ ਦੇ ਚੌਧਰੀ ਸਾਹਿਬ ਰਾਇ ਨੇ ਜਦ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਹਾਕਮ ਬਣਦੇ ਸੁਣਿਆ ਤਾਂ ਉਸ ਨੇ ਸਿੰਘਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਹ ਜਾਣਦਾ ਸੀ ਕਿ ਨਵੀਂ ਨੀਤੀ ਅਪਨਾਉਣ ਨਾਲ ਲਾਹੌਰ ਦੇ ਹੋਰ ਫ਼ੌਜਦਾਰ ਉਸ ਦੇ ਹਰ ਮਾੜੇ ਕਰਮ ਦੀ ਸਹਾਇਤਾ ਕਰਨਗੇ। ਭੜਾਣੇ ਪਿੰਡ ਦੇ ਦੋ ਸਿੰਘਾਂ ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਦੇ ਖੇਤਾਂ ਵਿਚ ਸਾਹਿਬ ਰਾਇ ਘੋੜੀਆਂ ਛੱਡਣ ਲੱਗ ਪਿਆ। ਸਿੰਘਾਂ ਬੜਾ ਰੋਕਿਆ ਕਿ ਮਿਹਨਤ ਨਾਲ ਕੀਤੀ ਖੇਤੀ ਨੂੰ ਇਸ ਬੇਦਰਦੀ ਨਾਲ ਨਾ ਉਜਾੜੇ, ਪਰ ਉਸ ਨੇ ਸੁਣੀ ਅਣਸੁਣੀ ਕਰ ਦਿੱਤੀ, ਸਗੋਂ ਇਕ ਦਿਨ ਲਵੀਆਂ ਕਣਕਾਂ ਵਿਚ ਆਪਣੀਆਂ ਘੋੜੀਆਂ ਛੱਡ ਦਿੱਤੀਆਂ। ਸਿੰਘਾਂ ਨੇ ਚੌਧਰੀ ਨੂੰ ਆਪਣੀਆਂ ਘੋੜੀਆਂ ਸਾਂਭ ਰੱਖਣ ਲਈ ਕਿਹਾ ਤਾਂ ਸਾਹਿਬ ਰਾਏ ਨੇ ਅੱਗੋਂ ਰੋਹ ਵਿਚ ਆ ਕੇ ਕਿਹਾ, "ਮੈਂ ਤੁਹਾਡਾ ਲਿਹਾਜ਼ ਕਰਦਾ ਰਿਹਾ, ਜੋ ਤੁਹਾਨੂੰ ਕਤਲ ਨਹੀਂ ਕਰਵਾ ਦਿੱਤਾ। ਤੁਹਾਡੇ ਕੇਸਾਂ ਦੇ ਰੱਸੇ ਬਣਾ ਕੇ ਇਨ੍ਹਾਂ ਹੀ ਘੋੜੀਆਂ ਨੂੰ ਬੰਨ੍ਹਾਂਗਾ।"

ਉਨ੍ਹਾਂ ਨੇ ਲਾਗਲੇ ਪਿੰਡ 'ਭੂਸੇ' ਦੇ ਸਰਦਾਰ ਬਘੇਲ ਸਿੰਘ ਤੇ ਅਮਰ ਸਿੰਘ ਨੂੰ ਸਾਰੀ ਵਿਥਿਆ ਸੁਣਾਈ। ਉਨ੍ਹਾਂ ਨੇ ਉਸੇ ਸਮੇਂ ਸਾਹਿਬ ਰਾਇ ਦੀਆਂ ਘੋੜੀਆਂ ਖੋਹ ਲਈਆਂ ਤੇ ਵਲਟੋਹੇ ਪਿੰਡ ਦੇ ਲਾਗਲੇ ਘਰਿਆਲ ਦੇ ਸ: ਲਖਮੀਰ ਸਿੰਘ ਨੂੰ ਦੇ ਦਿੱਤੀਆਂ। ਲਖਮੀਰ ਸਿੰਘ ਘੋੜੀਆਂ ਮਾਲਵੇ ਲੈ ਗਿਆ ਤੇ ਸਰਦਾਰ ਆਲਾ ਸਿੰਘ ਪਾਸ ਪਟਿਆਲਾ ਵੇਚ ਆਇਆ ਤੇ ਰਕਮ ਦੀ ਰਸਦ ਲੈ ਕੇ ਸਰਦਾਰ ਤਾਰਾ ਸਿੰਘ ਦੇ ਲੰਗਰ ਵਿਚ ਪਾ ਦਿੱਤੀ।

ਸਿੰਘ ਇਹ ਜਾਣ ਗਏ ਸਨ ਕਿ ਇਹ ਗੱਲ ਬਹੁਤ ਹੀ ਵਧਣੀ ਹੈ, ਸੋ ਸਭ ਤਾਰਾ ਸਿੰਘ ਦੇ ਵਾੜੇ ਵਾਂ ਹੀ ਆ ਗਏ। ਉਹ ਜਾਣਦੇ ਸਨ ਜੇ ਕੁਝ ਬਚਾਅ ਜਾਂ ਟਾਕਰਾ ਹੋ ਸਕਦਾ ਹੈ ਤਾਂ ਉਥੇ ਹੀ ਹੋ ਸਕਦਾ ਹੈ।

ਚੌਧਰੀ ਸਾਹਿਬ ਰਾਇ ਵੀ ਪਿੱਛੇ-ਪਿੱਛੇ 'ਵਾਂ' ਆਇਆ ਤੇ ਤਾਰਾ ਸਿੰਘ ਨੂੰ ਕਹਿਣ ਲੱਗਾ ਕਿ ਚੋਰ ਉਸ ਦੇ ਹਵਾਲੇ ਕੀਤੇ ਜਾਣ। ਤਾਰਾ ਸਿੰਘ ਜੀ ਨੇ ਕਿਹਾ ਕਿ ਜ਼ੁਲਮ ਤੇ ਆਪ ਕਰਦਾ ਹੈਂ ਤੇ ਚੋਰ ਇਥੇ ਲੱਭਣ ਆਇਆ ਹੈਂ। ਇਥੇ ਕੋਈ ਚੋਰ ਨਹੀਂ। ਲੜਾਈ ਵਧਦੀ ਦੇਖ ਕੇ ਸਾਹਿਬ ਰਾਇ ਭੱਜ ਗਿਆ ਤੇ ਸਿੱਧਾ ਪੱਟੀ ਦੇ ਫ਼ੌਜਦਾਰ ਕੋਲ ਗਿਆ ਤੇ ਕਹਿਣ ਲੱਗਾ ਕਿ ਜਿੱਥੇ ਵੀ ਅਸੀਂ ਮਾਮਲਾ ਉਗਰਾਹੁਣ ਜਾਂਦੇ ਹਾਂ, ਲੋਕੀਂ ਕਹਿੰਦੇ ਹਨ ਕਿ ਮਾਮਲਾ ਤਾਂ ਤਾਰਾ ਸਿੰਘ ਲੈ ਗਿਆ ਹੈ। ਉਸ ਨੇ ਫ਼ੌਜਦਾਰ ਨੂੰ ਕਿਹਾ ਕਿ ਜੇ ਤਾਰਾ ਸਿੰਘ ਪਕੜ ਲਿਆ ਜਾਏ ਤਾਂ ਸਾਰੇ ਮਾਝੇ ਵਿਚ ਹੀ ਸ਼ਾਂਤੀ ਵਰਤ ਜਾਏਗੀ ਅਤੇ ਨਵਾਂ ਹਾਕਮ ਜ਼ਕਰੀਆ ਖ਼ਾਨ ਖ਼ੁਸ਼ ਹੋਵੇਗਾ।

ਫ਼ੌਜਦਾਰ ਨੇ ਇਹ ਮੌਕਾ ਰੱਬੋਂ ਆਂਦਾ ਡਿੱਠਾ ਤੇ ਕੁਝ ਸਵਾਰਾਂ ਨਾਲ ਮੂੰਹ ਹਨੇਰੇ ਹੀ ਵਾਂ ਪੁੱਜ ਗਿਆ। ਸਰਦਾਰ ਬਘੇਲ ਸਿੰਘ ਇਕ ਹੱਥ ਗੜਵਾ ਤੇ ਦੂਜੇ ਹੱਥ ਨੇਜ਼ਾ ਲਈ ਜੰਗਲ


www.sikhbookclub.com

ਪਾਣੀ ਜਾਣ ਲਈ ਵਾੜੇ ਤੋਂ ਬਾਹਰ ਨਿਕਲੇ ਹੀ ਸਨ ਕਿ ਉਨ੍ਹਾਂ ਸਵਾਰ ਦੇਖ ਕੇ ਉੱਚੀ ਆਵਾਜ਼ ਨਾਲ ਪੁੱਛਿਆ ਕਿ ਤੁਸੀਂ ਕੌਣ ਹੋ ? ਸਾਹਿਬ ਰਾਏ ਨੇ ਆਵਾਜ਼ ਪਛਾਣ ਕੇ ਕਿਹਾ : ਸਾਰੇ ਪੁਆੜੇ ਦੀ ਜੜ੍ਹ ਇਹ ਹੀ ਹੈ। ਸਰਦਾਲ ਬਘੇਲ ਸਿੰਘ ਜੀ ਨੂੰ ਵੀ ਸਾਰੀ ਗੱਲ ਸਮਝਦਿਆਂ ਕੋਈ ਢਿੱਲ ਨਾ ਲੱਗੀ। ਸਾਹਮਣੇ ਪੰਜਾਹ ਸਵਾਰ ਦੇਖ ਕੇ ਪਹਿਲਾਂ ਤਾਂ ਉਹਨਾਂ ਦਾ ਚਿੱਤ ਆਇਆ ਕਿ ਵਾਪਸ ਮੁੜਿਆ ਜਾਏ ਤੇ ਬਾਕੀ ਸਿੰਘਾਂ ਨੂੰ ਇਤਲਾਹ ਦਿੱਤੀ ਜਾਏ, ਪਰ ਉਸ ਸਮੇਂ ਹੀ ਸੋਚਿਆ, ਵਾਪਸ ਜਾਣਾ ਕਾਇਰਤਾ ਹੈ :

**'ਵੇਖ ਸਿੰਘ ਚਿਤ ਮਤਾ ਮਤਾਯਾ।**
**ਅਬ ਖਬਰ ਕਰਨ ਜਾਉ ਪਿਛਲੇ ਦਾਯਾ।**
**ਸਿੰਘ ਕਹੇਂਗੇ ਡਰ ਮੁੜ ਆਯਾ।'**

ਲੜਾਈ ਤੇ ਗੋਲੀਆਂ ਦੀ ਆਵਾਜ਼ ਤੋਂ ਉਨ੍ਹਾਂ ਨੂੰ ਆਪੇ ਹੀ ਖ਼ਬਰ ਹੋ ਜਾਏਗੀ। ਨੇਜ਼ਾ ਹੱਥ ਸੰਭਾਲ ਵਾੜੇ ਦੇ ਉੱਚੇ ਜੰਡਾਂ ਦਾ ਪਿੱਛਾ ਰੱਖ ਘੋੜ ਸਵਾਰਾਂ ਨੂੰ ਉਡੀਕਣ ਲੱਗਾ। ਸਵਾਰ ਅੱਗੇ ਵਧ ਨਾ ਸਕਣ ਤੇ ਪਿੱਛੇ ਹਟਦੇ ਆਪਣੀ ਜਾਨ ਗਵਾ ਲੈਣ। ਪੰਜਾਹ ਦੇ ਪੰਜਾਹ ਸਵਾਰ ਹੀ ਬਘੇਲ ਸਿੰਘ ਢਾਹ ਲਏ। ਪਿਆਦਿਆਂ ਨੇ ਆਉਂਦਿਆਂ ਹੀ ਬੰਦੂਕਾਂ ਦੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਇਕ ਗੋਲੀ ਬਘੇਲ ਸਿੰਘ ਜੀ ਦੇ ਪੱਟ ਵਿਚ ਲੱਗੀ, ਪਰ ਉਹ ਨੇਜ਼ੇ ਨਾਲ ਹਰ ਸਾਹਮਣੇ ਆਉਣ ਵਾਲੇ ਨੂੰ ਵਿੰਨ੍ਹਦੇ ਗਏ। ਬੰਦੂਕਾਂ ਦੀ ਆਵਾਜ਼ ਸੁਣ ਕੇ ਵਾੜੇ ਵਿਚੋਂ ਸਿੰਘ ਬਾਹਰ ਆ ਗਏ। ਸਿੰਘਾਂ ਨੂੰ ਬਾਹਰ ਆਂਦਾ ਦੇਖ ਸਭ ਹੀ ਨੱਸ ਗਏ, ਪਰ ਇਕ ਭੱਜਦੇ ਪਿਆਦੇ ਨੇ ਬਘੇਲ ਸਿੰਘ ਜੀ ਨੂੰ ਗੋਲੀ ਮਾਰ ਹੀ ਦਿੱਤੀ ਤੇ ਕੁਝ ਚਿਰ ਬਾਅਦ ਉਹ ਸ਼ਹੀਦ ਹੋ ਗਏ। ਭੱਜਦੇ ਫ਼ੌਜਦਾਰ ਨੇ ਮਾੜੀ ਕੰਬੋ ਹੀ ਜਾ ਕੇ ਸਾਹ ਲਿਆ।

ਉਥੋਂ ਸਾਰੀ ਢਾਣੀ ਲਾਹੌਰ ਆਈ ਤੇ ਜ਼ਕਰੀਆ ਖ਼ਾਨ ਨੂੰ ਸਿੰਘਾਂ ਦੀ ਵਧੀ ਹੋਈ ਤਾਕਤ ਦਾ ਚਰਚਾ ਐਸੇ ਢੰਗ ਨਾਲ ਕੀਤਾ ਕਿ ਜ਼ਕਰੀਆ ਖ਼ਾਨ ਨੇ ਆਪਣੇ ਚੋਣਵੇਂ ਜਰਨੈਲ ਮੋਮਨ ਖਾਨ ਨੂੰ ੨੨੦੦ ਸਵਾਰ, ੪੦ ਜੰਬੂਰੇ, ੪ ਰਹਕਲੇ ਤੇ ਪੰਜ ਹਾਥੀ ਦਿੱਤੇ ਕਿ ਉਹ ਤਾਰਾ ਸਿੰਘ ਨੂੰ ਪਕੜ ਲਿਆਵੇ। ਮੋਮਨ ਨੇ ਵੀ ਜਹਾਦ ਦਾ ਝੰਡਾ ਦਿੱਲੀ ਦਰਵਾਜ਼ੇ ਖੜ੍ਹਾ ਕਰ ਦਿੱਤਾ। ਫ਼ੌਜਾਂ ਨੂੰ ਦੋ ਹਿੱਸਿਆਂ ਵਿਚ ਵੰਡ ਉਹ ਵਾਂ ਵੱਲ ਚੱਲ ਪਿਆ।

ਇਧਰ ਤਾਰਾ ਸਿੰਘ ਜੀ ਜਾਣਦੇ ਸਨ ਕਿ ਗੱਲ ਮੁੱਕੀ ਨਹੀਂ ਸਗੋਂ ਅਰੰਭ ਹੋਈ ਹੈ। ਸੋ ਉਹਨਾਂ ਇਲਾਕੇ ਵਿਚ ਸਿੰਘ ਦੌੜਾ ਦਿੱਤੇ ਕਿ ਜਿਨ੍ਹਾਂ ਨੂੰ ਸ਼ਹੀਦੀਆਂ ਪਾਉਣ ਦਾ ਚਾਅ ਹੈ, ਉਹ ਵਾਂ ਪੁੱਜ ਜਾਣ। ਕਾਫੀ ਸਿੰਘ ਇਕੱਠੇ ਹੋ ਗਏ ਤਾਂ ਕਈ ਸਿਆਣਿਆਂ ਵਿਚਾਰ ਕੀਤੀ ਕਿ ਜ਼ਕਰੀਆ ਖ਼ਾਨ ਦਾ ਨਵਾਂ-ਨਵਾਂ ਜੋਸ਼ ਹੈ, ਸੋ ਇਸ ਲਈ ਸਮਾਂ ਟਪਾਉਣਾ ਹੀ ਸਿਆਣਪ ਹੈ ਤੇ ਮਾਲਵੇ ਵੱਲ ਵਹੀਰ ਚਲੀ ਜਾਏ ਤੇ ਜਦ ਫ਼ੌਜ ਪੁੱਜ ਕੇ ਵਾੜਾ ਖ਼ਾਲੀ ਦੇਖੇਗੀ ਤਾਂ ਮਾਯੂਸ ਹੋ ਕੇ ਮੁੜ ਜਾਏਗੀ। ਸੋ ਸਾਰਿਆਂ ਨੇ ਕੂਚ ਦੀ ਸਲਾਹ ਦਿੱਤੀ, ਪਰ ਸਰਦਾਰ ਤਾਰਾ ਸਿੰਘ ਜੀ ਨੇ ਕਿਹਾ ਕਿ ਤੁਰਨ ਤੋਂ ਪਹਿਲਾਂ ਵਾਕ ਤਾਂ ਲੈ ਲਈਏ ਕਿ ਮਹਾਰਾਜ ਦਾ ਕੀ ਹੁਕਮ ਹੈ। ਸੋ ਉਨ੍ਹਾਂ ਜਦ ਕਮਰ ਕੱਸੇ ਦੀ ਦਸਮ ਗ੍ਰੰਥੀ ਤੋਂ ਵਾਕ ਲਿਆ ਤਾਂ ਵਾਕ ਆਇਆ :

**"ਜੌ ਕਹੂੰ ਕਾਲ ਤੇ ਭਾਜ ਕੇ ਬਾਚੀਅਤ,**
**ਤੋ ਕਹਿ ਕੁੰਟ ਕਹੋ ਭਜ ਜਈਯੈ।**

 www.sikhbookclub.com

**ਆਗੈ ਹੂੰ ਕਾਲ ਧਰੇ ਅਸਿ ਗਾਜ਼ਤ,**
**ਛਾਜਤ ਹੈ ਜੈਹ ਤੇ ਨਸ ਅਈਐ।**
**ਐਸੋ ਨਾ ਕੈ ਗਯੋ ਕੋਈ ਸੁ ਦਾਵ ਰੇ,**
**ਜਾਹਿ ਉਪਾਵ ਸੁ ਘਾਵ ਬਚਈਐ।**
**ਜਾ ਤੇ ਨਾ ਛੂਟੀਐ ਮੂੜ੍ਹ ਕਹੂੰ,**
**ਹੱਸ ਤਾਕੀ ਨਾ ਕਿਊ ਸਰਣਾਗਤਿ ਜਈਐ॥ ੯੬॥** (ਬਚਿੱਤਰ ਨਾਟਕ)

ਭਾਈ ਤਾਰਾ ਸਿੰਘ ਜੀ ਨੇ ਕਿਹਾ ਕਿ ਹੁਕਮ ਸ਼ਹੀਦੀਆਂ ਦਾ ਹੈ, ਜਾਨ ਪਿਆਰੀ ਕਰਨਾ ਸੋਭਦਾ ਨਹੀਂ। ਜਿਸ ਨੇ ਮਾਲਵੇ ਵੱਲ ਜਾਣਾ ਹੈ ਬੇਸ਼ੱਕ ਚਲਾ ਜਾਏ, ਸਾਨੂੰ ਤਾਂ ਗੁਰੂ ਦਾ ਹੁਕਮ ਇਥੇ ਟਿਕਣ ਦਾ ਹੈ :

**'ਜਿਨ ਹੋਣਾ ਹੈ ਇਹਾਂ ਸ਼ਹੀਦ।**
**ਰਹੋ ਸੋਊ, ਔਰ ਜਾਹੁ ਵਗੀਦ।'**

ਵਹੀਰ ਤਾਂ ਮਾਲਵੇ ਵੱਲ ਚਲੀ ਗਈ, ਪਰ ਅਠਾਰਾਂ ਸਿੰਘ ਭਾਈ ਜੀ ਨਾਲ ਰਹੇ। ਉਨ੍ਹਾਂ ਦੇ ਪਾਵਨ ਨਾਂ ਇਹ ਹਨ :

ਭਾਈ ਵਸਾਵਾ ਸਿੰਘ, ਭਾਈ ਕੋਇਰ ਸਿੰਘ 'ਵਾਂ', ਭਾਈ ਸ਼ਾਹੀ ਸਿੰਘ ਝਲੀਆਂ, ਭਾਈ ਸੂਰਾ ਸਿੰਘ ਖਾਲੜਾ, ਭਾਈ ਲਖਮੀਰ ਸਿੰਘ ਘਰਿਆਲਾ, ਭਾਈ ਮਾਲੀ ਸਿੰਘ ਤੇ ਭਾਈ ਗੁਰਬਖ਼ਸ਼ ਸਿੰਘ ਭੜਾਣੇ, ਭਾਈ ਬਾਦਲ ਸਿੰਘ ਰੱਤੋਕੇ, ਭਾਈ ਮੇਘ ਸਿੰਘ ਮਦਰਾਂ, ਭਾਈ ਹਤਾ ਸਿੰਘ ਚੰਘਾ, ਭਾਈ ਬੁਲਾਕਾ ਸਿੰਘ ਸੰਘਣੇ, ਭਾਈ ਜੋਧ ਸਿੰਘ ਨਾਰੋਵਾਲ, ਭਾਈ ਬਘੇਲ ਸਿੰਘ ਜੀ (ਸ਼ਹੀਦ) ਦੇ ਛੋਟੇ ਭਰਾ ਭਾਈ ਅਮਰ ਸਿੰਘ, ਭਾਈ ਸਮੁੰਦ ਸਿੰਘ ਤੇ ਲਾਭ ਸਿੰਘ ਮੁਲਤਾਨ, ਭਾਈ ਜੋਧ ਸਿੰਘ ਤੇ ਭਾਈ ਸਲ ਸਿੰਘ ਪਸ਼ੌਰੀਏ।

'ਵਾਂ' ਵਿਚ ਸਿੰਘਾਂ ਇਕ ਥੰਮ੍ਹ ਗੱਡ ਦਿੱਤਾ ਤੇ ਨਵੇਂ ਝਟਕੇ ਬੱਕਰੇ ਦੀ ਖੱਲ ਨੂੰ ਮੜ੍ਹ ਕੇ ਨਗਾਰਾ ਵੀ ਬਣਾ ਲਿਆ ਤਾਂ ਕਿ ਦੂਰ ਸਿੰਘਾਂ ਨੂੰ ਨਗਾਰੇ ਦੀ ਆਵਾਜ਼ ਨਾਲ ਸੁਚੇਤ ਕੀਤਾ ਜਾ ਸਕੇ।

ਲਾਹੌਰ ਵਿਚ ਤਾਂ ਖ਼ਬਰ ਘਰ-ਘਰ ਉੱਡ ਗਈ ਸੀ ਕਿ ਵਾਂ ਕੇ ਤਾਰਾ ਸਿੰਘ ਤੇ ਹਮਲਾ ਹੋਣ ਵਾਲਾ ਹੈ। ਸ਼ਾਹੀ ਫ਼ੌਜ ਵਿਚ ਇਕ ਨੌਕਰ ਹਜ਼ੂਰਾ ਸਿੰਘ ਨੇ ਰਾਤੋ ਰਾਤ ਘੋੜਾ ਛੱਡਿਆ ਤੇ ਤਾਰਾ ਸਿੰਘ ਨੂੰ ਆ ਕੇ ਪੂਰੀ ਖ਼ਬਰ ਦਿੱਤੀ ਕਿ ਚੜ੍ਹਾਈ ਤਗੜੀ ਹੋ ਰਹੀ ਹੈ, ਸੋ ਕੁਝ ਚਿਰ ਉਰੇ ਪਰੇ ਹੋ ਜਾਣਾ ਹੀ ਸਿਆਣਪ ਹੈ। ਪਰ ਭਾਈ ਸਾਹਿਬ ਨੇ ਸਾਰੀ ਵਾਰਤਾ ਸੁਣ ਕੇ ਕਿਹਾ : ਤੁਸੀਂ ਖ਼ਬਰ ਪਹੁੰਚਾਈ, ਧੰਨਵਾਦ ਪਰ ਉਹ ਸ਼ਹੀਦੀਆਂ ਲੈਣ ਲਈ ਤਿਆਰ ਬੈਠੇ ਹਨ। ਉਥੋਂ ਜਾਣਾ ਬੁਜ਼ਦਿਲੀ ਹੈ। ਹਜ਼ੂਰਾ ਸਿੰਘ ਵਾਪਸ ਮੁੜ ਆਇਆ।

ਮੋਮਨ ਖ਼ਾਨ ਨੇ ਇਹ ਨਿਸ਼ਚਾ ਕੀਤਾ ਕਿ ਤਾਰਾ ਸਿੰਘ ਨੂੰ ਸੁੱਤਿਆਂ ਹੀ ਪਕੜਨਾ ਠੀਕ ਹੈ। ਰਾਤ ਚਲਦੇ ਆਪਣੀ ਫ਼ੌਜ ਸਮੇਤ ਪਿੰਡ ਘਵਿਡ ਪੁੱਜ ਗਿਆ। ਉਥੋਂ ਉਸ ਨੇ ਵਿਉਂਤ ਬਣਾਈ ਕਿ ਕੋਈ ਸੂਹੀਆ ਲੈ ਕੇ ਹੀ ਤਾਰਾ ਸਿੰਘ ਵੱਲ ਜਾਣਗੇ, ਤਾਂ ਕਿ ਰਾਤ ਦੇ ਹਨ੍ਹੇਰੇ ਵਿਚ ਖੱਜਲ ਖੁਆਰੀ ਨਾ ਹੋਵੇ। ਪਿੰਡ ਦੇ ਨੰਬਰਦਾਰ ਸੂਜੇ ਨੇ ਜਦ ਬਲਾ ਟਲਦੀ ਨਾ ਦੇਖੀ ਤਾਂ ਆਪ ਤਾਂ ਸੂਹੀਆ ਬਣ ਗਿਆ ਤੇ ਆਪਣੇ ਛੋਟੇ ਭਰਾ ਨੂੰ ਤਾਰਾ ਸਿੰਘ ਜੀ ਵੱਲ ਨਸਾਇਆ ਕਿ ਉਨ੍ਹਾਂ ਨੂੰ ਸਮਝਾਉਣ ਕਿ ਇਕ ਦੋ ਦਿਨ ਆਸੇ ਪਾਸੇ ਹੋ ਜਾਏ। ਆਪ ਸੂਜਾ

ਫ਼ੌਜ ਇਧਰ-ਉਧਰ ਘੁਮਾਉਣ ਲੱਗਾ ਤਾਂ ਕਿ ਤਾਰਾ ਸਿੰਘ ਨੂੰ ਨੱਸਣ ਦਾ ਸਮਾਂ ਮਿਲ ਜਾਏ। ਛੋਟੇ ਭਰਾ ਨੇ ਫ਼ੌਜ ਦੀ ਪਹੁੰਚ ਤੇ ਨੱਸਣ ਦੀ ਗੱਲ ਆਖੀ ਤਾਂ ਉਨ੍ਹਾਂ ਧੰਨਵਾਦ ਕਰਕੇ ਉਸ ਨੂੰ ਵਾਪਸ ਮੋੜ ਦਿੱਤਾ। ਉਨ੍ਹਾਂ ਫਿਰ ਆਪਣਾ ਸੰਕਲਪ ਦੁਹਰਾਇਆ ਕਿ ਉਨ੍ਹਾਂ ਨੂੰ ਮੌਕਾ ਮਿਲਿਆ ਸੀ, ਪਰ ਜਿਨ੍ਹਾਂ ਦੀਆਂ ਹੱਡੀਆਂ ਵਿਚ ਬੀਰਤਾ ਨਿਵਾਸ ਕਰ ਗਈ ਹੋਵੇ ਉਹ ਦ੍ਰਿੜ੍ਹਤਾ ਨੂੰ ਕਦੇ ਨਹੀਂ ਛੱਡਦੇ। ਨੰਬਰਦਾਰ ਸੂਜਾ ਫ਼ੌਜ ਨੂੰ ਡਲ ਪਿੰਡ ਹੀ ਛੱਡ ਕੇ ਆਪ ਵਾਪਸ ਆ ਗਿਆ।

ਸਵੇਰੇ ਜਦ ਪਿੰਡ ਦੇ ਮੁੱਖ ਬੁਲਾਕੀ ਨੇ ਫ਼ੌਜ ਨੂੰ ਪਿੰਡ ਘੇਰੇ ਹੋਏ ਡਿੱਠਾ ਤਾਂ ਉਸ ਨੇ ਗੱਲ ਸੁਣ ਕੇ ਦੱਸਿਆ ਕਿ ਤਾਰਾ ਸਿੰਘ ਦਾ ਪਿੰਡ ਤਾਂ ਦੋ ਕੋਹ ਦੂਰ ਹੈ। ਫ਼ੌਜ ਰਾਤ ਭਰ ਭੁੱਖੀ ਸੀ। ਸੋ ਉਹਨਾਂ ਲਈ ਖਾਣਾ ਆਦਿ ਤਿਆਰ ਹੋਣ ਲੱਗਾ ਤੇ ਇਕ ਬਿਰਧ ਤੁਰਕ ਅੱਖ ਬਚਾ ਕੇ ਤਾਰਾ ਸਿੰਘ ਪਾਸ ਗਿਆ ਕਿ ਉਹ ਉਥੋਂ ਕੁਝ ਚਿਰ ਲਈ ਚਲੇ ਜਾਣ। ਜਦ ਫ਼ੌਜਾਂ ਆਉਣਗੀਆਂ, ਖ਼ਾਲੀ ਵਾੜਾ ਦੇਖ ਕੇ ਵਾਪਸ ਮੁੜ ਜਾਣਗੀਆਂ। ਭਾਈ ਤਾਰਾ ਸਿੰਘ ਜੀ ਨੇ ਬਿਰਧ ਤੁਰਕ ਦਾ ਵੀ ਧੰਨਵਾਦ ਕੀਤਾ, ਪਰ ਆਪਣੇ ਇਰਾਦੇ ਅਟੱਲ ਦੱਸੇ :

**'ਹਮਹ ਸਹੀਦੀ ਚਿਤ ਧਰੀ,**
**ਹਮ ਨਠ ਨਹਿ ਕਤ ਜਾਤ।'**

ਇਥੋਂ ਇਕ ਗੱਲ ਦਾ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਪਿੰਡ ਜਾਂ ਨਗਰ ਨਿਵਾਸੀਆਂ ਵਿਚ ਸਿੱਖਾਂ ਪ੍ਰਤੀ ਕਿਤਨੀ ਸ਼ਰਧਾ ਸੀ।

ਭਾਈ ਤਾਰਾ ਸਿੰਘ ਜੀ ਨੇ ਸਾਰੇ ਸਿੰਘਾਂ ਨੂੰ ਹੱਥੀਂ ਇਸ਼ਨਾਨ ਕਰਾਇਆ ਅਤੇ ਜਦ ਸਿੰਘਾਂ ਨੇ ਭਾਈ ਤਾਰਾ ਸਿੰਘ ਜੀ ਨੂੰ ਇਸ਼ਨਾਨ ਕਰਾਉਣਾ ਚਾਹਿਆ ਤਾਂ ਉਹਨਾਂ ਕਿਹਾ :

**'ਦੇਹਿ ਪਵਿਤ੍ਰ ਹੋਇ ਸ਼ਸਤ੍ਰ ਲਗਾਇ।'**

ਅਤੇ ਫਿਰ ਮੋਰਚੇ ਮੱਲ ਕੇ ਹਰ ਕੋਈ ਸਿੰਘ ਬੈਠ ਗਿਆ। ਧੌਂਸੇ ਤੇ ਚੋਟਾਂ ਪੈਣ ਲੱਗੀਆਂ। ਮੋਮਨ ਖ਼ਾਨ ਨੂੰ ਗਿਆਨ ਹੋ ਗਿਆ ਕਿ ਸਿੰਘ ਜੂਝਣ ਲਈ ਤਿਆਰ ਹਨ। ਮੋਮਨ ਖ਼ਾਨ ਦੀਆਂ ਫ਼ੌਜਾਂ ਵੀ ਨੇੜੇ ਆ ਗਈਆਂ।

ਫ਼ੌਜਾਂ ਨੂੰ ਲਾਗੇ ਆਉਂਦਾ ਦੇਖ ਬੁਲਾਕਾ ਸਿੰਘ ਜੀ ਨੇ ਨੇੜੇ ਹੋ ਕੇ ਤੀਰਾਂ ਦੀ ਵਾਛੜ ਅਰੰਭ ਕਰ ਦਿੱਤੀ। ਜਦ ਤੀਰਾਂ ਦਾ ਭੱਥਾ ਖ਼ਾਲੀ ਹੋ ਗਿਆ ਤਾਂ ਤਲਵਾਰ ਧੂਹ ਲਈ ਤੇ ਕਈਆਂ ਨੂੰ ਮਾਰਦੇ ਸ਼ਹੀਦ ਹੋ ਗਏ। ਸਿੰਘਾਂ ਪਾਸ ਕੋਈ ਬੰਦੂਕਾਂ ਤਾਂ ਨਹੀਂ ਸਨ, ਜੋ ਦੂਰੋਂ ਵਾਰ ਕਰਦੇ। ਟਿੰਡਾਂ ਵਿਚ ਬਾਰੂਦ ਪਾ ਕੇ ਮੋਢੇ ਤੇ ਸੁੱਟ ਲੈਂਦੇ ਅਤੇ ਪਲੀਤਾ ਲੱਗਾ ਫ਼ੌਜਾਂ ਵੱਲ ਜ਼ੋਰ ਦੀ ਬਾਰੂਦ ਵਾਲੀ ਟਿੰਡ ਛੱਡ ਦਿੰਦੇ। ਧਮਾਕੇ ਨਾਲ ਹੀ ਫ਼ੌਜਾਂ ਡਰ ਜਾਂਦੀਆਂ ਤੇ ਤਰਥੱਲੀ ਮੱਚ ਜਾਂਦੀ। ਮੱਚੀ ਭਗਦੜ ਵਿਚ ਸਿੰਘ ਤਲਵਾਰਾਂ ਲੈ ਕੇ ਪੈ ਜਾਂਦੇ। ਤਾਰਾ ਸਿੰਘ ਜੀ ਵੀ ਅੱਗੇ ਆ ਖਲੋਤੇ। ਆਪ ਜੀ ਨੂੰ ਅੱਗੇ ਹੁੰਦਾ ਦੇਖ ਮੋਮਨ ਖ਼ਾਨ ਦੀਆਂ ਫ਼ੌਜਾਂ ਨੇ ਵਾਰ ਕੀਤਾ। ਆਪ ਜੀ ਨੇ ਫ਼ੁਰਤੀ ਨਾਲ ਤੱਕੀਯ ਖ਼ਾਨ ਦੇ ਘੋੜੇ ਦੀਆਂ ਵਾਗਾਂ ਫੜ ਲਈਆਂ। ਤੱਕੀਯ ਖ਼ਾਨ ਨੇ ਆਪਣੇ ਆਪ ਨੂੰ ਸਾਰਾ ਹੀ ਸੰਜੋਅ ਨਾਲ ਢੱਕਿਆ ਹੋਇਆ ਸੀ। ਸਿਰਫ਼ ਮੂੰਹ ਹੀ ਨੰਗਾ ਸੀ। ਤਾਰਾ ਸਿੰਘ ਜੀ ਨੇ ਖੁੱਲ੍ਹੇ ਮੂੰਹ ਦਾ ਤਾਨ ਕੇ ਐਸਾ ਨੇਜ਼ੇ ਦਾ ਨਿਸ਼ਾਨਾ ਬੰਨ੍ਹਿਆ ਕਿ ਨੇਜ਼ਾ ਖਾਂਦੇ ਸਾਰ ਹੀ ਲਹੂ ਦਾ ਫੁਹਾਰਾ ਛੁੱਟ ਪਿਆ। ਐਸੀ ਮਾਰ

ਖਾ ਕੇ ਤੱਕੀਜ ਖ਼ਾਨ ਪਿੱਛੇ ਹਟਿਆ। ਅੱਗੋਂ ਮੋਮਨ ਖ਼ਾਨ ਘੋੜਾ ਦੌੜਾਈ ਆ ਰਿਹਾ ਸੀ। ਉਸ ਲਹੂ ਵਗਦਾ ਦੇਖ ਪੁੱਛਿਆ, "ਕਿਉਂ ਤੱਕੀਜ ਖ਼ਾਨ ਪਾਨ ਖਾਂਦੇ ਹੋ ?" ਤਾਂ ਤੱਕੀਯ ਖ਼ਾਨ ਨੇ ਕਿਹਾ, ਹਾਂ ਜੀ, ਤਾਰਾ ਸਿੰਘ ਵੰਡਦਾ ਪਇਆ ਹੈ :

**'ਹੁਇ ਹਿੰਮਤ ਤੋ ਅਗੈ ਹੁਇ ਖਾਵੇ।**
**ਦੂਰ ਖੜੇ ਕਯਾ ਬਾਤ ਬਨਾਵੇ।'**

ਮੋਮਨ ਖ਼ਾਨ ਉਸੇ ਸਮੇਂ ਜਾਣ ਗਿਆ ਕਿ ਹੁਣ ਘੋੜਿਆਂ ਵਾਲਾ ਵਾੜਾ ਨਹੀਂ ਲਿਤਾੜਿਆ ਜਾ ਸਕੇਗਾ, ਹਾਥੀਆਂ ਨੂੰ ਅੱਗੇ ਵਧਾਉਣਾ ਚਾਹੀਦਾ ਹੈ, ਸੋ ਉਸ ਚੇਲੇ ਦਾ ਹਾਥੀ ਅੱਗੇ ਕੀਤਾ।

ਭਾਈ ਭੀਮ ਸਿੰਘ ਜੀ ਨੇ ਜਦੋਂ ਅੱਗੋਂ ਹਾਥੀ ਨੂੰ ਆਉਂਦਿਆਂ ਦੇਖਿਆ ਤਾਂ ਉਹ ਸ਼ੇਰ ਵਾਂਗੂ ਝਪਟੇ। ਭੀਮ ਸਿੰਘ ਹਾਥੀ ਨੂੰ ਰੋਕ ਕੇ ਉਸ ਦੇ ਕੰਨ ਫੜ ਕੇ ਸੁੰਡ ਦੇ ਆਸਰੇ ਹਾਥੀ ਦੀ ਗਰਦਨ ਤੇ ਚੜ੍ਹ ਗਿਆ ਅਤੇ ਤਲਵਾਰ ਖਿੱਚ ਕੇ ਮਹਾਵਤ ਨੂੰ ਮਾਰੀ। ਮਹਾਵਤ ਨੇ ਅੱਗੇ ਅੰਕਸ਼ ਕੀਤਾ ਜਿਸ ਕਾਰਨ ਤਲਵਾਰ ਦੇ ਟੋਟੇ ਹੋ ਗਏ। ਟੁੱਟੀ ਹੋਈ ਤਲਵਾਰ ਨਾਲ ਹੀ ਭੀਮ ਸਿੰਘ ਜੀ ਨੇ ਮਹਾਵਤ ਦਾ ਸਿਰ ਉਤਾਰ ਦਿੱਤਾ। ਇਧਰੋਂ ਤਾਰਾ ਸਿੰਘ ਜੀ ਨੇ ਲਖਬੀਰ ਸਿੰਘ ਨੂੰ ਵੰਗਾਰ ਪਾਈ ਤੇ ਉਸ ਨੇ ਛਾਲ ਮਾਰ ਕੇ ਹੁੱਦੇ ਵਿਚ ਹੀ ਚੇਲੇ ਨੂੰ ਮਾਰ ਦਿੱਤਾ ਤੇ ਹਾਥੀ ਨੂੰ ਸ਼ਾਹੀ ਫ਼ੌਜਾਂ ਵੱਲ ਧੱਕ ਦਿੱਤਾ ਅਤੇ ਆਪੂੰ ਛਾਲ ਮਾਰ ਕੇ ਹੇਠਾਂ ਆ ਗਏ।

SIKHBOOKCLUB.COM

ਇਥੇ ਹੀ ਕੁਰਬਾਨ ਪਿੰਡ ਦੇ ਦੋ ਸਿੰਘ ਆਪਣੀਆਂ ਪੈਲੀਆਂ ਲਈ ਕੱਲਰ ਰੂੜੀ ਲੈਣ ਲਈ ਆਏ ਸਨ, ਜਦ ਉਹ ਪਿੰਡ ਨੇੜੇ ਪੁੱਜੇ ਤਾਂ ਸਿੰਘਾਂ ਨੂੰ ਸ਼ਹੀਦ ਹੁੰਦਾ ਦੇਖ, ਇਕ ਭਰਾ ਨੇ ਦੂਜੇ ਨੂੰ ਕਿਹਾ : 'ਲੈ ਵੀਰ ਗੱਡਾ ਸੰਭਾਲ, ਮੈਂ ਤਾਂ ਚੱਲ ਕੇ ਭਰਾਵਾਂ ਨਾਲ ਸ਼ਹੀਦ ਹੁੰਦਾ ਹਾਂ।' ਵੀਰ ਨੇ ਕਿਹਾ : 'ਮੈਂ ਕੀ ਕਰਨਾ ਹੈ ਪਿੱਛੋਂ ਜ਼ਿੰਦਾ ਰਹਿ ਕੇ। ਮੈਂ ਵੀ ਸ਼ਹੀਦ ਹੋਣਾ ਹੈ।' ਦੋਵਾਂ ਭਰਾਵਾਂ ਨੇ ਤਲਵਾਰਾਂ ਧੂਹ ਲਈਆਂ ਤੇ ਪਿਛਲੇ ਪਾਸਿਉਂ ਤੁਰਕਾਂ ਦੀ ਫ਼ੌਜ ਨੂੰ ਚੀਰਦੇ ਤੇ ਮਾਰਦੇ ਸਿੰਘਾਂ ਨਾਲ ਆ ਰਲੇ ਅਤੇ ਬੀਰਤਾ ਦੇ ਨਵੇਂ ਪੂਰਨੇ ਪਾ ਦਿੱਤੇ।

ਮੋਮਨ ਖ਼ਾਨ ਨੇ ਡਿੱਠਾ ਕਿ ਤੱਕੀਯ ਖ਼ਾਨ ਤਾਂ ਪਿੱਛੇ ਹੀ ਹਟ ਗਿਆ ਹੈ, ਤਾਂ ਉਸ ਦਇਆ ਰਾਮ, ਮਨਸਾ ਰਾਮ ਤੇ ਹੋਰ ਸਾਰੇ ਦਸਤਿਆਂ ਨੂੰ ਇਕੋ ਵਾਰ ਹੀ ਸਿੱਖਾਂ ਤੇ ਟੁੱਟ ਪੈਣ ਲਈ ਹੁਕਮ ਦਿੱਤਾ। ਸਿੰਘਾਂ ਦੇ ਜੋਸ਼ ਅੱਗੇ ਸਾਰੇ ਹੀ ਨੱਠ ਗਏ। ਰਾਤ ਪੈ ਗਈ। ਅਗਲੇ ਦਿਨ ਫਿਰ ਜੂਝੇ।

ਗਿਣਤੀ ਦੇ ੨੧ ਸਿੰਘ ਕਿਥੋਂ ਤੱਕ ਟਾਕਰਾ ਕਰ ਸਕਦੇ ਸਨ, ਸੋ ਸਵੇਰੇ ਸਭ ਸ਼ਹੀਦੀਆਂ ਪ੍ਰਾਪਤ ਕਰ ਗਏ। ਸਭ ਸਿੰਘਾਂ ਦੇ ਸੀਸ ਕੱਟ ਕੇ, ਜਿੱਤ ਦੇ ਡੰਕੇ ਵਜਾਂਦਿਆਂ ਬਚੀਆਂ ਖੁਚੀਆਂ ਫ਼ੌਜਾਂ ਲਾਹੌਰ ਪੁੱਜੀਆਂ, ਪਰ ਸਿੰਘਾਂ ਨੇ ਇਹ ਸਾਬਤ ਕਰ ਦਿੱਤਾ ਕਿ ਮਰਦਾਨਗੀ ਕਿਸ ਨੂੰ ਕਹਿੰਦੇ ਹਨ ਤੇ ਡਟਣਾ ਕੈਸਾ ਹੁੰਦਾ ਹੈ।

 www.sikhbookclub.com

# ੨੨

# ਨਵਾਬ ਕਪੂਰ ਸਿੰਘ

ਸਿੱਖ ਪੰਥ ਵਿਚ ਨਵਾਬ ਕਪੂਰ ਸਿੰਘ ਇਕ ਸਤਿਕਾਰੀ ਹੋਈ ਹਸਤੀ ਹੈ। ਸੂਰ, ਸਤੀ, ਦਾਤਾ, ਹਠੀ ਤੇ ਜਪੀ ਲਿਖ ਕੇ ਸਾਡੇ ਇਤਿਹਾਸਕਾਰਾਂ ਨੇ ਆਦਰ ਦਿੱਤਾ ਹੈ। ਕਈ ਤਾਂ ਇਥੋਂ ਤੱਕ ਲਿਖਦੇ ਹਨ ਕਿ ਉਹਨਾਂ ਜਿਹਾ ਕੋਈ ਘੱਟ ਹੀ ਮਿਲਦਾ ਸੀ। ਉਹਨਾਂ ਪਿਛੋਂ ਮਨਮਾਨੀ ਬੜੀ ਵਧੀ ਸੀ। ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਹਾਮੀ ਭਰੀ ਹੈ ਕਿ ਸਿੰਘ ਬਹੁਤ ਹੀ ਆਦਰ ਕਰਦੇ ਸਨ। ਡਾਕਟਰ ਸਿਨਹਾ ਇਸ ਨੂੰ ਇਕ 'ਅਦੁੱਤੀ-ਸ਼ਖਸੀਅਤ' ਲਿਖਦਾ ਹੈ। ਲੇਪਲ ਗ੍ਰਿਫਨ ਨੇ ਲਿਖਿਆ ਹੈ ਕਿ ਉਹ ਇਕ ਐਸਾ ਮਹਾਨ ਪੁਰਸ਼ ਸੀ ਜਿਸ ਨੇ ਪੰਥ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਇਆ। ਕਨ੍ਹਈਆ ਲਾਲ ਦਾ ਕਹਿਣਾ ਹੈ ਕਿ ਸਿੱਖ ਨਵਾਬ ਕਪੂਰ ਸਿੰਘ ਨੂੰ ਆਗੂ ਮੰਨਣ ਵਿਚ ਖ਼ੁਸ਼ੀ ਪ੍ਰਤੀਤ ਕਰਦੇ ਸਨ। ਉਸ ਹੱਥੋਂ ਅੰਮ੍ਰਿਤ ਛਕਣਾ ਫ਼ਖਰ ਸਮਝਦੇ ਸਨ। ਉਹਨਾਂ ਬਿਨਾਂ ਵਿਤਕਰੇ ਹਜ਼ਾਰਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਮੌਲਵੀ ਸ਼ਾਹ ਨੇ ਨਵਾਬ ਕਪੂਰ ਸਿੰਘ ਨੂੰ ਬੜਾ ਪ੍ਰਤਾਪੀ, ਸੁੰਦਰ ਤੇ ਨਿਹਾਇਤ ਦਾਨੀ ਲਿਖਿਆ ਹੈ। ਉਸ ਦੇ ਲੰਗਰ ਵਿਚ ਹਰ ਵਕਤ ਭੁੱਖਿਆਂ ਨੂੰ ਪਰਸ਼ਾਦ ਤੇ ਨੰਗਿਆਂ ਨੂੰ ਪਹਿਨਣ ਲਈ ਵਸਤ੍ਰ ਮਿਲਦੇ ਸਨ। ਜੋ ਵੀ ਇਕ ਵਾਰੀ ਉਹਨਾਂ ਨੂੰ ਮਿਲਦਾ ਉਸ ਦਾ ਦਿਲ ਉਹਨਾਂ ਤੋਂ ਵਿਛੜਨ ਦਾ ਨਾ ਕਰਦਾ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਧਨ ਤੇ ਇਲਾਕੇ ਦੀ ਮਾਲੀ ਹਾਲਤ ਕਰਕੇ ਕਈ ਮਿਸਲਾਂ ਨਵਾਬ ਕਪੂਰ ਸਿੰਘ ਦੀ ਮਿਸਲ ਨਾਲੋਂ ਵੱਡੀਆਂ ਸਨ, ਪਰ ਉਹਨਾਂ ਦੀ ਬਜ਼ੁਰਗੀ ਤੇ ਪਾਵਨ ਆਚਰਨ ਹੋਣ ਦੇ ਕਾਰਨ ਸਾਰੇ ਹੀ ਉਨ੍ਹਾਂ ਨੂੰ ਆਗੂ ਸਮਝਦੇ ਸਨ ਅਤੇ ਸਾਰੀਆਂ ਮਿਸਲਾਂ ਨਵਾਬ ਕਪੂਰ ਸਿੰਘ ਦਾ ਹਰ ਤਰ੍ਹਾਂ ਨਾਲ ਅਦਬ ਤੇ ਸਤਿਕਾਰ ਕਰਦੀਆਂ ਰਹਿੰਦੀਆਂ ਸਨ। ਫ਼ਤਹਿ ਨੇ ਸਦਾ ਹੀ ਉਹਨਾਂ ਦੇ ਪੈਰ ਚੁੰਮੇ।

ਇਸ ਅਦੁੱਤੀ ਮਨੁੱਖ ਦਾ ਜਨਮ ੧੬੯੭ ਨੂੰ ਪਿੰਡ ਕਾਲੇਕੇ ਪਰਗਨਾ ਸ਼ੇਖ਼ੂਪੁਰੇ ਵਿਖੇ ਚੌਧਰੀ ਦਲੀਪ ਸਿੰਘ ਵਿਰਕ ਦੇ ਘਰ ਹੋਇਆ। ਘਰ ਵਿਚ ਸਿੱਖੀ ਵਾਤਾਵਰਣ ਹੋਣ ਕਾਰਨ ਮਨ ਉੱਤੇ ਡੂੰਘੇ ਪ੍ਰਭਾਵ ਪੈ ਰਹੇ ਸਨ। ਬਚਪਨ ਤੋਂ ਹੀ ਆਪ ਜੀ ਦੀਆਂ ਰੁਚੀਆਂ ਜੰਗੀ ਸਨ। ਆਪਣੇ ਸਾਥੀਆਂ ਨਾਲ ਢਾਣੀਆਂ ਬਣਾ ਕੇ ਲੜਦੇ। ਕੱਦ ਬਹੁਤ ਉੱਚਾ ਸੀ। ਹਜ਼ਾਰਾਂ ਵਿਚ ਵੀ ਵੱਖਰੇ ਲੱਗਦੇ ਸਨ। ਇਕ ਵਾਰੀ ਖੇਡਾਂ ਖੇਡਾਂ ਵਿਚ ਸੱਜੇ ਮੋਢੇ ਉੱਤੇ ਭਾਰੀ ਸੱਟ ਲੱਗੀ। ਇਹ ਭਾਸਣ ਲੱਗਾ ਕਿ ਮਤੇ ਅੰਗ ਹੀ ਨਕਾਰਾ ਨਾ ਹੋ ਜਾਏ, ਪਰ ਗੁਰੂ ਕਿਰਪਾ

ਨਾਲ ਅੰਗ ਨਰੋਆ ਹੋ ਗਿਆ। ਆਪਣੇ ਬੇਟੇ ਕਪੂਰ ਸਿੰਘ ਨੂੰ ਪਿਤਾ ਗੁਰੂ ਗੋਬਿੰਦ ਸਿੰਘ ਜੀ ਪਾਸ ਦਰਸ਼ਨਾਂ ਲਈ ਦਮਦਮਾ ਸਾਹਿਬ ਲਿਆਏ। ਕਲਗੀਧਰ ਦੀ ਅਸੀਸ ਲਈ। ਮਾਤਾ ਪਿਤਾ ਪਿੰਡ ਫ਼ੈਜ਼ਲਪੁਰ ਆ ਵਸੇ। ਫ਼ੈਜ਼ਲਪੁਰ ਮੁਗ਼ਲ ਜਰਨੈਲ ਫ਼ੈਜ਼ਲ ਉੱਲਾ ਨੇ ਵਸਾਇਆ ਸੀ। ਉਸ ਨਾਲ ਜ਼ਕਰੀਆ ਦੀ ਭੈਣ ਵਿਆਹੀ ਗਈ ਸੀ। ਉਸ ਨੇ ਪਤੀ ਨੂੰ ਚੁੱਕ ਚੁਕਾ ਚੈਨ ਨਾਲ ਵੱਸਦੇ ੧੫੦੦ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਕਪੂਰ ਸਿੰਘ ਜੀ ਬਚ ਬਚਾ ਕੇ ਸ੍ਰੀ ਅੰਮ੍ਰਿਤਸਰ ਆ ਗਏ।

ਬਾਬਾ ਬੰਦਾ ਸਿੰਘ ਦੀ ਸ਼ਹਾਦਤ ਉਪਰੰਤ ਜਦ ਝਗੜੇ ਵਧ ਗਏ ਤਾਂ ਭਾਈ ਮਨੀ ਸਿੰਘ ਜੀ ਨੇ ਸੁਚੱਜੀ ਅਗਵਾਈ ਕਰ ਕੇ ਵਿੱਥਾਂ ਮੇਟੀਆਂ। ਆਪ ਜੀ ਨੇ ਭਾਈ ਬਿਨੋਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਛਕਿਆ ਸੀ। ਹਰ ਵੇਲੇ ਸੇਵਾ ਵਿਚ ਜੁਟੇ ਰਹਿੰਦੇ ਸਨ। ਲੰਗਰ ਲਈ ਜਲ ਲੱਕੜੀ ਲਿਆਂਦੇ। ਸੰਗਤਾਂ ਦੇ ਜੂਠੇ ਬਰਤਨ ਸਾਫ਼ ਕਰਦੇ। ਸਿੰਘਾਂ ਨੂੰ ਇਸ਼ਨਾਨ ਕਰਾਂਦੇ ਅਤੇ ਖ਼ਾਸ ਕਰ ਘੋੜਿਆਂ ਦੀ ਲਿੱਦ ਚੁੱਕ ਬਾਹਰ ਸੁੱਟਦੇ। ਕਿਸੇ ਸੇਵਾ ਨੂੰ ਤੁੱਛ ਨਾ ਗਿਣਦੇ। ਜ਼ਰਾ ਵੀ ਈਰਖਾ ਨਾ ਕਰਦੇ :

**'ਲੀਦ ਹਟਾਵਤ ਅਸੁਨ ਸਾਰੀ।**
**ਔਰ ਟਹਲ ਇਤਬਾਦਕ ਭਾਰੀ। ੭੭।**
**ਕਰਤ ਰਹਿਤ ਨਿਸ ਦਿਨ ਧਰਿ ਸ਼ਰਧਾ।**
**ਕਬੀ ਨ ਕਰਹੀ ਕਾਹਿ ਸਪਰਧਾ।'**

ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ (੧੭੨੬) ਉਪਰੰਤ ਪੰਥ ਵਿਚ ਇਕ ਜੋਸ਼ ਉੱਭਰਿਆ। ਉਸ ਜੋਸ਼ ਨੇ ਕਪੂਰ ਸਿੰਘ ਨੂੰ ਪਹਿਲੀ ਕਤਾਰ ਵਿਚ ਲਿਆ ਖੜ੍ਹਾ ਕੀਤਾ। ਪੰਥ ਨੇ ਗੁਰਮਤਾ ਕੀਤਾ ਕਿ ਹੁਣ ਚੁੱਪ ਕਟੀ ਕਰਨੀ ਠੀਕ ਨਹੀਂ। ਉਸ ਗੁਰਮਤੇ ਅਨੁਸਾਰ ਦੋਸ਼ੀਆਂ ਨੂੰ ਸਜ਼ਾਵਾਂ ਅਤੇ ਸ਼ਾਹੀ ਖ਼ਜ਼ਾਨੇ ਲੁੱਟੇ ਗਏ।

ਜਥੇਦਾਰ ਦਰਬਾਰਾ ਸਿੰਘ ਦੀ ਅਗਵਾਈ ਹੇਠਾਂ ਸਰਦਾਰ ਕਪੂਰ ਸਿੰਘ ਨੇ ਕਈ ਮੱਲਾਂ ਮਾਰੀਆਂ।

ਪੱਕਾ ਹੱਥ ਪਾਉਣ ਲਈ ਅਬਦੁਸਸਮਦ ਦੀ ਥਾਂ ਦਿੱਲੀ ਦੀ ਹਕੂਮਤ ਨੇ ਜ਼ਕਰੀਆ ਖ਼ਾਨ ਨੂੰ ਪੰਜਾਬ ਦਾ ਗਵਰਨਰ ਨਿਯਤ ਕਰ ਦਿੱਤਾ। ਉਸ ਨੇ ਸਖ਼ਤੀ ਆਰੰਭੀ। ਕਪੂਰ ਸਿੰਘ ਜੀ ਅੱਗੇ ਹੋ ਕੇ ਲੜਦੇ ਰਹੇ। ਲਗਾਤਾਰ ਛੇ ਸਾਲ ਦੇ ਸਬਰ ਬਾਅਦ ਜ਼ਕਰੀਆ ਖ਼ਾਨ ਨੇ ਮਹਿਸੂਸ ਕੀਤਾ ਕਿ ਨਵੀਂ ਪਾਲਿਸੀ ਅਪਨਾਉਣ ਦੀ ਲੋੜ ਹੈ। ਉਸ ਤਜਵੀਜ਼ ਕੀਤਾ :

(੧) "ਸਿੰਘਾਂ ਤੋਂ ਬੰਦਸ਼ਾਂ ਉਠਾ ਲਈਆਂ ਜਾਣ, (੨) ਸਿੰਘਾਂ ਨੂੰ ਵੱਡੀਆਂ ਜਗੀਰਾਂ ਦਿੱਤੀਆਂ ਜਾਣ, (੩) ਆਗੂਆਂ ਨੂੰ ਉੱਚ ਪਦਵੀਆਂ ਦਿੱਤੀਆਂ ਜਾਣ।"

ਜ਼ਕਰੀਆ ਖ਼ਾਨ ਨੇ ਭਾਈ ਸੁਬੇਗ ਸਿੰਘ ਨੂੰ ਭੇਜਿਆ। ਕੋਈ ਨਵਾਬੀ ਤੇ ਜਗੀਰਾਂ ਲੈਣ ਲਈ ਤਿਆਰ ਨਹੀਂ ਸੀ :

**ਟਹਲ ਮਹਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲ।**
**ਸਾਧੁ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ।**

ਦਾ ਵਾਕ ਸੁਣ ਕੇ ਜਾਗੀਰ ਤੇ ਨਵਾਬੀ ਸਰਦਾਰ ਕਪੂਰ ਸਿੰਘ ਨੂੰ ਦਿੱਤੀ ਗਈ।

ਨਵਾਬੀ ਸਵੀਕਾਰ ਕਰਨ ਉਪਰੰਤ ਆਪ ਜੀ ਨੇ ਪੰਥਕ ਜਥੇਬੰਦੀ ਨੂੰ ਮਜ਼ਬੂਤ ਕਰਨਾ ਆਰੰਭਿਆ। ਆਪ ਜੀ ਦਾ ਸਤਿਕਾਰ ਬਹੁਤ ਹੀ ਵਧ ਗਿਆ। ਮੁਖੋਂ ਨਿਕਲਿਆ ਹਰ ਸ਼ਬਦ ਰੱਬੀ ਹੁਕਮ ਸਮਝਿਆ ਜਾਣ ਲੱਗਾ। ਜੱਸਾ ਸਿੰਘ ਆਹਲੂਵਾਲੀਆ ਨੂੰ ਸੁਭਾਵਕ 'ਪਾਤਸ਼ਾਹ' ਆਖਿਆ ਤਾਂ ਸਾਰੀ ਕੌਮ ਨੇ ਪਾਤਸ਼ਾਹ ਜੱਸਾ ਸਿੰਘ ਆਖਣਾ ਸ਼ੁਰੂ ਕਰ ਦਿੱਤਾ। ਜਗੀਰ ਭਾਵੇਂ ੧੭੩੫ ਵਿਚ ਜ਼ਕਰੀਆ ਖ਼ਾਨ ਨੇ ਜ਼ਬਤ ਕਰ ਲਈ, ਪਰ ਨਵਾਬੀ ਪਦ ਆਪ ਜੀ ਦੇ ਨਾਮ ਨਾਲ ਅਨਿੱਖੜਵਾਂ ਅੰਗ ਹੋ ਗਿਆ ਸੀ। ਜੰਗਾਂ ਯੁੱਧਾਂ ਵਿਚ ਵੀ ਆਪ ਧਰਮ ਪ੍ਰਚਾਰ ਨੂੰ ਓਹਲੇ ਨਹੀਂ ਕਰਦੇ ਸਨ। ਬਾਬਾ ਆਲਾ ਸਿੰਘ ਨੇ ਵੀ ਸਤੰਬਰ, ੧੭੩੬ ਨੂੰ ਆਪ ਦੇ ਹੱਥੋਂ ਹੀ ਅੰਮ੍ਰਿਤ ਛਕਿਆ। ਨਾਦਰ ਦੇ ਹਮਲੇ ਸਮੇਂ ਕੌਮ ਦੀ ਸੁੰਦਰ ਅਗਵਾਈ ਕਰ ਕੇ ਹਮਲੇ ਤੋਂ ਪੂਰੇ ਲਾਭ ਉਠਾਏ। ਯੁੱਧ ਨੀਤੀ ਵਿਚ ਆਪ ਨਿਪੁੰਨ ਸਨ। ਨਾਦਰ ਵਰਗੇ ਜਰਨੈਲ ਨੂੰ ਹੈਰਾਨ ਕਰ ਦੇਣਾ ਆਪ ਦੀ ਸੁਚੱਜੀ ਅਗਵਾਈ ਦਾ ਹੀ ਸਦਕਾ ਸੀ। ਜੰਗ ਵਿਚ ਮਸਤ ਹਾਥੀ ਵਾਂਗੂੰ ਅੱਗੇ ਨਿਕਲ ਜਾਂਦੇ ਤੇ ਕਦੇ ਜਾਨ ਦੀ ਪ੍ਰਵਾਹ ਨਾ ਕਰਦੇ। ਉਹਨਾਂ ਦੇ ਸਾਰੇ ਸਰੀਰ ਤੇ ਫੱਟਾਂ ਦੇ ਨਿਸ਼ਾਨ ਸਨ। ਉਹ ੧੭੪੮ ਤਕ, ਬਿਖੜੇ ਸਮੇਂ ਅਗਵਾਈ ਦੇਂਦੇ ਰਹੇ। ਵੈਸਾਖੀ (੧੭੪੮) ਨੂੰ ਵਾਗਡੋਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦੇ ਕੇ ਅੰਮ੍ਰਿਤ ਪ੍ਰਚਾਰ ਵੱਲ ਪੂਰਾ ਧਿਆਨ ਦੇਣਾ ਆਰੰਭਿਆ। ੧੭੫੩ ਈ: ਨੂੰ ਆਪ ਜੀ ਦਾ ਅਕਾਲ ਚਲਾਣਾ ਹੋਇਆ। ਅੰਤਮ ਸਮੇਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਿਰਪਾਨ ਅਤੇ ਗੁਰਜ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦੇ ਦਿੱਤਾ। ਆਪ ਜੀ ਦਾ ਸਸਕਾਰ ਬਾਬਾ ਅਟੱਲ ਜੀ ਪਾਸ ਕੀਤਾ ਗਿਆ। ਆਪ ਜੀ ਦੀ ਸਮਾਧ ਵੀ ਉਥੇ ਹੀ ਬਣਾਈ ਗਈ।

ਨਵਾਬ ਕਪੂਰ ਸਿੰਘ ਸਿੱਖੀ ਆਚਰਣ ਦੀ ਮੂਰਤ, ਨਿਮਰਤਾ ਵਿਚ ਸਭ ਤੋਂ ਅੱਗੇ, ਨਿਰਭੈਤਾ ਵਿਚ ਸਿਖ਼ਰ ਉੱਤੇ ਅਤੇ ਇਕ ਤਗੜੇ ਜਥੇਦਾਰ, ਪ੍ਰਬੰਧਕ ਤੇ ਸਭ ਦੇ ਸਾਂਝੇ ਆਗੂ ਸਨ। ਜੁਰਅਤਿ ਦੀ ਇਕ ਉਦਾਹਰਣ ਸਾਡੇ ਇਤਿਹਾਸ ਨੇ ਦਿੱਤੀ ਹੈ ਕਿ ਇਕ ਦਿਨ ਮੌਜ ਚਿੱਤ ਵਿਚ ਆਇਆ ਕਿ ਕਾਹਦੇ ਅਸੀਂ ਨਵਾਬ ਹਾਂ, ਨਵਾਬੀ ਤਾਂ ਲਾਹੌਰ ਤਖ਼ਤ ਉੱਤੇ ਬੈਠ ਕੇ ਹੁੰਦੀ ਹੈ। ਉਸ ਵੇਲੇ ਵੀਹ ਸਿਰਲੱਥ ਸਿੰਘਾਂ ਨਾਲ ਲਾਹੌਰ ਸ਼ਾਹੀ ਕਿਲ੍ਹੇ ਤੇ ਜਾ ਚੜ੍ਹੇ। ਕਚਹਿਰੀ ਲਗਾਈ। ਹੁਕਮ ਦਿੱਤੇ। ਫ਼ਰਮਾਨ ਕੱਢੇ :

**'ਪਹਰ ਦੋਇ ਤਹਿ ਹੁਕਮ ਚਲਾਇ।'**

ਮੁਗ਼ਲ ਫ਼ੌਜਾਂ ਦੇ ਪੁੱਜਦੇ ਤੱਕ ਨਗਾਰੇ ਵਜਾਂਦੇ :

**ਹੁਇ ਬਾਹਰ ਸਿੰਘ ਰਲ ਗਯੇ ਝਾੜੀਂ।**
**ਗਯੋ ਖੇਡ ਕਰ ਐਸ ਖਿਡਾਰੀ।**

ਬੁੱਢਾ ਦਲ ਤੇ ਤਰੁਨਾ ਦਲ ਵਾਲੇ ਦੋਵੇਂ ਹੀ ਆਪ ਜੀ ਨੂੰ ਆਗੂ ਮੰਨਦੇ। ਸਰੀਰ ਭਰਵਾਂ ਤੇ ਕੱਦ ਕਾਠ ਬਹੁਤ ਉੱਚਾ ਸੀ। ਸਿੱਖੀ ਪਰਚਾਰ ਦੀ ਲਗਨ ਹਿਰਦੇ ਵਿਚ ਠਾਠਾਂ ਮਾਰਦੀ ਰਹਿੰਦੀ ਸੀ। ਆਪ ਜੀ ਦੀ ਕਥਨੀ ਇਤਨੀ ਪ੍ਰਭਾਵਤ ਸੀ ਕਿ ਲਤੀਫ਼ ਲਿਖਦਾ ਹੈ, 'ਕੋਈ ਵੀ ਪ੍ਰਭਾਵਤ ਹੋਏ ਬਗ਼ੈਰ ਨਹੀਂ ਸੀ ਰਹਿ ਸਕਦਾ। ਹਜ਼ਾਰਾਂ ਦੀ ਗਿਣਤੀ ਵਿਚ ਜੱਟਾਂ, ਤਰਖਾਣਾਂ, ਜੁਲਾਹਿਆਂ, ਝੀਵਰਾਂ ਤੇ ਖੱਤਰੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਪੰਥ ਵਿਚ ਪ੍ਰਵੇਸ਼ ਕਰਵਾਇਆ। ਇਸ ਦੀ ਯੋਗ ਅਗਵਾਈ ਸਦਕਾ ਪੰਥ ਚੋਟੀ ਉੱਤੇ ਜਾ ਪੁੱਜਾ। ਇਸ ਦੀ


www.sikhbookclub.com

ਵਡਿਆਈ ਦਾ ਕਾਰਨ ਇਹ ਸੀ ਕਿ ਉਹਨਾਂ ਨੇ ਸਿੱਖਾਂ ਲਈ ਐਸਾ ਰਸਤਾ ਬਣਾ ਦਿੱਤਾ ਜਿਸ ਉੱਤੇ ਟੁਰ ਕੇ ਉਹ ਪੰਜਾਬ ਰਾਜ ਦੇ ਮਾਲਕ ਹੋ ਸਕਣ।' ਡਾਕਟਰ ਗੋਕਲ ਚੰਦ ਨਾਰੰਗ ਦਾ ਕਹਿਣਾ ਹੈ ਕਿ "ਸਾਰੇ ਸਿੰਘਾਂ ਵਿਚ ਉਹ ਮਹਾਨ ਪਵਿੱਤਰ ਜੀਵਨ ਵਾਲਾ ਸੰਤ ਮੰਨਿਆ ਜਾਂਦਾ ਹੈ। ਇਸ ਲਈ ਸਾਰਾ ਪੰਥ ਇਸ ਨੂੰ ਸਤਿਕਾਰਦਾ ਸੀ।" ਜਨਰਲ ਗਾਰਡਨ ਨੇ ਵੀ ਬੜੇ ਸੁੰਦਰ ਅੱਖਰਾਂ ਵਿਚ ਯਾਦ ਕੀਤਾ ਹੈ : "ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਖਾਲਸਾ ਕੌਮ ਖਿੰਡ ਗਈ। ਮੈਦਾਨੇ ਜੰਗਾਂ ਵਿਚ ਇਸ ਦੀ ਅਗਵਾਈ ਕਰਨ ਵਾਲਾ ਕੋਈ ਆਗੂ ਨਹੀਂ ਸੀ ਰਿਹਾ। ਇਸ ਵਰਿਆਮ ਸੂਰਮੇ ਨੇ ਅਗਵਾਈ ਕਰ ਕੇ ਸਭ ਦਾ ਦੁੱਖ-ਸੁਖ ਸਾਂਝਾ ਅਤੇ ਕਮਾਈ ਸਾਂਝੀ ਕਰਵਾਈ।" ਮੈਗਰੇਗਰ, ਨਵਾਬ ਕਪੂਰ ਸਿੰਘ ਨੂੰ ਇਕ ਨਿਡਰ, ਬਹਾਦਰ ਤੇ ਨੀਤੀਵਾਨ ਸੂਰਮਾ ਲਿਖਦਾ ਹੈ। ਸੱਚੀ ਗੱਲ ਇਹ ਹੈ ਕਿ ਇਸ ਵਿਅਕਤੀ ਨੇ ਪੰਥ ਦੀ ਬਿਖੜੇ ਸਮੇਂ ਅਗਵਾਈ ਕਰ ਕੇ ਇਤਿਹਾਸ ਵਿਚ ਵੱਡਮੁੱਲੀ ਥਾਂ ਪ੍ਰਾਪਤ ਕਰ ਲਈ ਹੈ।

**ਸਿੱਖਾਂ ਵਿਚ ਉਤਸ਼ਾਹ ਤੇ ਜਥੇਬੰਦੀ :**

ਨਵਾਬੀ ਮਿਲਣ ਕਾਰਨ ਕੁਝ ਸੁਖ ਦਾ ਸਾਹ ਸਿੱਖਾਂ ਨੂੰ ਆਇਆ। ਸਿੱਖਾਂ ਵਿਚ ਉਤਸ਼ਾਹ ਦੀ ਲਹਿਰ ਵਧੀ। ਰਾਜ ਵੱਲ ਪਹਿਲਾ ਕਦਮ ਸਮਝ ਕੇ ਸਿੱਖ ਹੋਰ ਚੜ੍ਹਦੀ ਕਲਾ ਵਿਚ ਹੋ ਗਏ। ਇਤਨੀ ਖ਼ੁਸ਼ੀ ਹੋਈ ਕਿ ਕੁਝ ਸਿੰਘ ਆਰਾਮ ਕਰਨ ਦੀ ਸੋਚਣ ਲੱਗ ਪਏ। ਕਈ ਘਰਾਂ ਵੱਲ ਸੰਬੰਧੀਆਂ ਨੂੰ ਮਿਲਣ ਚਲੇ ਗਏ। ਕਈ ਅੰਮ੍ਰਿਤਸਰ ਹੀ ਡੇਰੇ ਲਗਾ ਕੇ ਬੁੰਗੇ ਬਣਾਉਣ ਲੱਗੇ। ਕਈਆਂ ਗੁਰਦੁਆਰਿਆਂ ਨੂੰ, ਜੋ ਢਾਹ ਦਿੱਤੇ ਗਏ ਸਨ, ਉਸਾਰਨਾ ਆਰੰਭਿਆ। ਕਈ ਖੇਤੀਬਾੜੀ ਵਿਚ ਲੱਗ ਪਏ। ਕਈ ਪਿੰਡਾਂ ਵਿਚ ਜਾ ਕੇ ਸਿੰਘ ਸਜਾਉਣ ਲੱਗੇ। ਕੁਝ ਦਿਨਾਂ ਵਿਚ ਹੀ ਹੋਰ ਕਿਤਨੇ ਸਿੱਖ ਬਣਾ ਲਏ ਗਏ। ਸਭ ਤੋਂ ਵੱਡੀ ਗੱਲ ਜੋ ਵੀ ਜਾਗੀਰ ਦੀ ਰਕਮ ਆਉਂਦੀ, ਪੰਥ ਦੇ ਹਵਾਲੇ ਕਰ ਦਿੱਤੀ ਜਾਂਦੀ। ਪੰਥ ਵਿਚ ਵੰਡ ਕੇ ਖ਼ੁਸ਼ੀ ਲੈਂਦੇ। ਇਕ ਲਾਂਗਰੀ ਭਾਈ ਹਰੀ ਸਿੰਘ ਜੀ ਦਾ ਜ਼ਿਕਰ ਸਾਡੇ ਇਤਿਹਾਸ ਨੇ ਕੀਤਾ ਹੈ, ਜਿਸ ਦੇ ਹੱਥਾਂ ਵਿਚ ਬੜੀ ਬਰਕਤ ਸੀ। ਮੋਦੀ ਦੇ ਇੰਚਾਰਜ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਸਨ। ਗੱਲ ਕੀ :

**"ਇਕ ਥਾਂਇ ਸਭ ਰਖਹਿ ਕਮਾਈ।**
**ਰਖੈ ਨਹੀ ਕੋਊ ਤਿਸੇ ਛੁਪਾਈ॥"**

ਛੇਤੀ ਹੀ ਇਤਨੀ ਤਾਕਤ ਹੋ ਗਈ ਕਿ ਪੰਥ ਦੇ ਮੁਖੀ ਜਥੇਬੰਦੀ ਨੂੰ ਪੱਕਿਆਂ ਪੈਰਾਂ ਉੱਤੇ ਕਰਨ ਦੀ ਸੋਚਣ ਲੱਗੇ। ਨਵਾਬ ਕਪੂਰ ਸਿੰਘ ਜੀ ਨੂੰ ਭਾਈ ਬਿਨੋਧ ਸਿੰਘ ਤੇ ਭਾਈ ਕਾਹਨ ਸਿੰਘ ਨੇ ਸਲਾਹ ਦਿੱਤੀ ਕਿ ਜਥੇ ਬਣਾਉਣੇ ਜ਼ਰੂਰੀ ਹਨ। ਭਾਈ ਮਨੀ ਸਿੰਘ ਜੀ ਦੀ ਅਗਵਾਈ ਹੇਠਾਂ ਜਥੇ ਬਣਾਉਣ ਦਾ ਕੰਮ ਆਰੰਭ ਕੀਤਾ ਗਿਆ। ਸਲਾਹ ਇਹ ਬਣੀ ਕਿ ਜੇ "ਜਥਾ ਇਕ ਹੀ ਰੱਖੀਏ ਤਾਂ ਜਾਗੀਰ ਤੇ ਹੋਰ ਇੰਤਜ਼ਾਮ ਕਰਨਾ ਕਠਿਨ ਹੈ। ਸਿੱਖ ਪੰਥ ਵੱਧ ਗਿਆ ਹੈ। ਜਥੇ ਬਣਾਉਣੇ ਚਾਹੀਦੇ ਹਨ। ਇਕ ਥਾਵੇਂ ਲੰਗਰ ਕਰਨਾ ਵੀ ਮੁਸ਼ਕਲ ਹੈ।" ਸੋ ਨਵਾਬ ਕਪੂਰ ਸਿੰਘ ਨੇ ਸਰਬੱਤ ਖਾਲਸਾ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਇਕ ਦਾ ਨਾਮ 'ਬੁੱਢਾ ਦਲ' ਰੱਖਿਆ ਤੇ ਦੂਜੇ ਦਾ ਨਾਂ 'ਤਰੁਨਾ ਦਲ'। ਬੁੱਢਾ ਦਲ ਦੇ ਜਥੇਦਾਰ

ਨਵਾਬ ਕਪੂਰ ਸਿੰਘ, ਸਰਦਾਰ ਗੁਰਬਖ਼ਸ਼ ਸਿੰਘ, ਸਰਦਾਰ ਸ਼ਾਮ ਸਿੰਘ ਨਾਰੋਕੇ, ਭਾਈ ਬਾਘ ਸਿੰਘ ਆਹਲੂਵਾਲੀਆ, ਕੁਬੇਰ ਸਿੰਘ, ਭੂਮੀਆ ਸਿੰਘ ਸਨ। 'ਤਰੁਨਾ ਦਲ' ਪਹਿਲਾਂ ਤਾਂ ਜਥੇਦਾਰ ਬਾਗ ਸਿੰਘ ਦੀ ਅਗਵਾਈ ਹੇਠਾਂ ਟੁਰਦਾ ਰਿਹਾ, ਪਰ ਦਰਬਾਰਾ ਸਿੰਘ ਜੀ ਦੇ ਚੜ੍ਹਾਈ ਕਰਨ ਉਪਰੰਤ ਇਕ ਥਾਵੇਂ ਰੱਖਣਾ ਮੁਸ਼ਕਲ ਹੋ ਗਿਆ। ਪੰਜ ਜਥੇ ਬਣਾਏ ਗਏ। ਪੰਜੇ ਸਰ (ਰਾਮਸਰ, ਬਬੇਕਸਰ, ਲਛਮਨਸਰ, ਕੌਲਸਰ ਅਤੇ ਸੰਤੋਖਸਰ) ਟਿਕਾਣਾ ਬਣਾ ਲਿਆ। ਅੰਮ੍ਰਿਤਸਰ ਤੇ ਅਕਾਲ ਤਖ਼ਤ ਬੁੱਢਾ ਦਲ ਟਿਕਿਆ। ਪੰਜ ਜਥਿਆਂ ਦੇ ਜਥੇਦਾਰ ਇਹ ਸਨ : ਪਹਿਲੇ ਜਥੇ ਦੇ ਜਥੇਦਾਰ ਬਾਬਾ ਦੀਪ ਸਿੰਘ ਸਨ ; ਦੂਜੇ ਦੇ ਭਾਈ ਕਰਮ ਸਿੰਘ ਅਤੇ ਮੀਤ ਜਥੇਦਾਰ ਧਰਮ ਸਿੰਘ; ਤੀਜੇ ਦੇ ਮਾਹਨ ਸਿੰਘ ਅਤੇ ਮੀਤ ਜਥੇਦਾਰ ਬਿਨੋਧ ਸਿੰਘ; ਚੌਥੇ ਦੇ ਭਾਈ ਦਸਵੰਧਾ ਸਿੰਘ ਜੀ ਕੋਟ ਬੁੱਢਾ ਵਾਲੇ; ਪੰਜਵੇਂ ਦੇ ਬੀਰੂ ਸਿੰਘ ਰੰਘਰੇਟੇ ਸਨ। ਹਰ ਜਥੇ ਵਿਚ ਤਕਰੀਬਨ ੧੨੦੦ ਤੋਂ ੨੦੦੦ ਤਕ ਸਿੱਖ ਸਨ, ਪਰ ਇਹ ਗਿਣਤੀ ਵਧਦੀ ਘਟਦੀ ਰਹਿੰਦੀ ਸੀ। ਹਰ ਜਥੇ ਵਾਲੇ ਇਕ ਥਾਵੇਂ ਖਾਂਦੇ, ਪਹਿਨਦੇ ਤੇ ਰਹਿੰਦੇ ਸਨ। ਕੋਈ ਜਥਾ ਆਪਣੇ ਕੋਲ ਕੁਝ ਨਹੀਂ ਸੀ ਰੱਖਦਾ। ਸਾਰੇ 'ਬੁੱਢਾ ਦਲ' ਦੇ ਆਗੂ ਕੋਲ ਲਿਆਂਦੇ ਸਨ। ਨਵਾਬ ਕਪੂਰ ਸਿੰਘ ਹੀ ਸਮੁੱਚੀ ਅਗਵਾਈ ਕਰ ਰਹੇ ਸਨ। 'ਬੁੱਢਾ ਦਲ' ਵਾਲੇ ਆਮ ਤੌਰ 'ਤੇ ਅੰਮ੍ਰਿਤਸਰ ਹੀ ਟਿਕਦੇ ਪਰ ਤਰੁਨਾ ਦਲ ਵਾਲੇ ਦੂਰ-ਦੂਰ ਤਕ ਮਾਰ ਕਰਦੇ। ਹਿਸਾਰ ਤੇ ਹਾਂਸੀ ਤੱਕ 'ਤਰੁਨਾ ਦਲ' ਦੇ ਜਥੇ ਮਾਰ ਕਰ ਆਉਂਦੇ ਸਨ। ਜਿਸ ਪਿੰਡ ਵਿਚ ਪੁੱਜਦੇ, ਪਿੰਡਵਾਸੀ ਸ਼ੁਕਰ ਕਰਦੇ ਤੇ ਧੰਨ ਭਾਗ ਕਹਿ ਆਦਰ ਦੇਂਦੇ। ਉਹ ਜਾਣਦੇ ਸਨ ਕਿ ਸਿੰਘਾਂ ਦੀ ਰਾਖੀ ਵਿਚ ਆਇਆਂ ਸਭ ਡਰ ਲੱਥ ਜਾਂਦੇ ਹਨ। ਇਸ ਤਰ੍ਹਾਂ ਦੇ ਕੰਮਾਂ ਦੀ ਕਾਰਗੁਜ਼ਾਰੀ ਦਾ ਚਿੱਠਾ, ਲਿਖਤ ਪੜ੍ਹਤ ਅਤੇ ਹੋਰ ਹਿਸਾਬ ਸਰਦਾਰ ਜੱਸਾ ਸਿੰਘ (ਕਲਾਲ) ਕੋਲ ਸੀ।

# ੨੩

# ਬਾਬਾ ਦੀਪ ਸਿੰਘ ਜੀ

ਬਾਬਾ ਦੀਪ ਸਿੰਘ ਜੀ ਦਾ ਜਨਮ ੨੭ ਜਨਵਰੀ, ਸੰਨ ੧੬੮੨ ਪਿੰਡ ਪਹੂ ਵਿੰਡ ਭਾਈ ਭਗਤ ਸੰਧੂ ਜ਼ਿਮੀਂਦਾਰ ਦੇ ਘਰ ਮਾਤਾ ਜੀਉਣੀ ਦੀ ਕੁੱਖ ਤੋਂ ਹੋਇਆ ਸੀ। ਜਦ ਮਾਤਾ ਪਿਤਾ ਸ੍ਰੀ ਅਨੰਦਪੁਰ ਦਰਸ਼ਨਾਂ ਲਈ ਆਏ ਤਾਂ ਦੀਪ ਸਿੰਘ ਉਥੇ ਹੀ ਗੁਰੂ ਚਰਨਾਂ ਵਿਚ ਟਿਕ ਕੇ ਸੇਵਾ ਕਰਦੇ ਰਹੇ। ਆਪ ਨੇ ਗੁਰੂ ਜੀ ਪਾਸੋਂ ਹੀ ਸ਼ਸਤ੍ਰ ਵਿੱਦਿਆ, ਗੁਰਬਾਣੀ ਦਾ ਅਧਿਐਨ ਤੇ ਹੋਰ ਸਿੱਖਿਆ ਪ੍ਰਾਪਤ ਕੀਤੀ। ਅੰਮ੍ਰਿਤ ਵੀ ਕਲਗੀਧਰ ਹੱਥੋਂ ਛਕਿਆ। ਜਦ ਦਸਮ ਪਿਤਾ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਭਾਵ ਅਰਥ ਟੀਕਾ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਉਹਨਾਂ ੪੮ ਸਿੱਖਾਂ ਵਿਚੋਂ ਇਕ ਸਨ ਜਿਨ੍ਹਾਂ ਸਭ ਤੋਂ ਪਹਿਲੇ ਅਰਥ ਸੁਣੇ। ਆਪ ਜੀ ਦੇ ਸਹਿਪਾਠੀ ਹੀ ਭਾਈ ਮਨੀ ਸਿੰਘ, ਬਾਬਾ ਰਾਮ ਸਿੰਘ ਕੁਇਰ, ਭਾਈ ਧੀਰ ਸਿੰਘ ਰੰਘਰੇਟੇ, ਭਾਈ ਬਿਸ਼ੰਬਰ ਸਿੰਘ ਉਜੈਨ, ਭਾਈ ਧਰਮ ਸਿੰਘ ਭਿੰਡਰਾਂ ਵਾਲੇ ਤੇ ਭਾਈ ਮਲਿਆਗਰ ਸਿੰਘ ਸੰਤੋਖੀ ਸਨ। ੧੭੦੪ ਵਿਚ ਜਦ ਅਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਨੇ ਛੱਡਿਆ ਤਾਂ ਆਪ ਆਪਣੇ ਪਿੰਡ ਪਹੂ ਵਿੰਡ ਸਨ। ਸੋ ਗੁਰੂ ਜੀ ਦਾ ਦਮਦਮਾ ਸਾਹਿਬ ਪੁੱਜਣਾ ਸੁਣ ਕੇ ਦਮਦਮਾ ਸਾਹਿਬ ਦਰਸ਼ਨਾਂ ਲਈ ਗਏ। ਦਮਦਮਾ ਸਾਹਿਬ ਹੀ ਭਾਈ ਮਨੀ ਸਿੰਘ ਜੀ ਨਾਲ ਰਲ ਕੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਫਿਰ ਲਿਖੀ। ਪਿੱਛੋਂ ਆਪ ਜੀ ਨੇ ਹੋਰ ਬੀੜਾਂ ਲਿਖੀਆਂ ਜੋ ਚਾਰ ਤਖ਼ਤਾਂ ਉੱਤੇ ਭੇਜੀਆਂ ਗਈਆਂ। ਆਪਸ ਵਿਚ ਸਿੰਘਾਂ ਦਾ ਕਿਤਨਾ ਪਿਆਰ ਸੀ, ਉਸ ਦੀ ਉਦਾਹਰਣ ਉਹ ਸਮਾਂ ਹੈ ਜਦ ਬਾਬਾ ਦੀਪ ਸਿੰਘ ਜੀ ਲਿਖੀ ਬੀੜ ਦੀ ਸੁਧਾਈ ਹਿਤ ਕਰਤਾਰਪੁਰ ਆਏ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਨਾ ਸਿਰਫ਼ ਰੱਖਿਆ ਦਾ ਪ੍ਰਬੰਧ ਕੀਤਾ, ਸਗੋਂ ਲੰਗਰ ਵੀ ਆਪ ਬਣਾ ਕੇ ਪਹੁੰਚਾਂਦੇ। ਬਾਬਾ ਜੀ ਉੱਘੇ ਵਿਦਵਾਨ ਸਨ। ਫ਼ਾਰਸੀ ਅੱਖਰਾਂ ਵਿਚ ਵੀ ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖੀ। ਆਪ ਭਾਵੇਂ ਬਹੁਤ ਸਮਾਂ ਦਮਦਮਾ ਸਾਹਿਬ ਹੀ ਰਹੇ, ਪਰ ਬਾਬਾ ਬੰਦਾ ਸਿੰਘ ਦਾ ਪੰਜਾਬ ਆਉਣਾ ਸੁਣ ਕੇ ਸਰਹੰਦ ਦੀ ਮਾਰ ਵੇਲੇ ਨਾਲ ਸਨ। ਬਾਬਾ ਬੰਦਾ ਸਿੰਘ ਜੀ ਬੜਾ ਆਦਰ ਦੇਂਦੇ ਸਨ। ਪੰਥ ਦੀ ਅਗਵਾਈ ਦਮਦਮਾ ਸਾਹਿਬ ਟਿਕ ਕੇ ਕਰਦੇ ਰਹੇ। ਆਪ ਐਸੇ ਵਿਅਕਤੀ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤੋਂ ਪੰਥ ਦੀ ਅਗਵਾਈ ਕਰ ਰਹੇ ਸਨ। ਜਦ ਅਹਿਮਦ ਸ਼ਾਹ ਅਬਦਾਲੀ ਦੇ ਜਰਨੈਲ ਜਹਾਨ ਖ਼ਾਨ ਦਾ ਦਰਬਾਰ ਸਾਹਿਬ ਨੂੰ ਢਾਹੁਣਾ ਤੇ ਪੂਰਨਾ ਸੁਣਿਆ ਤਾਂ ਆਪ ਜੀ ਨੇ ੭੫ ਸਾਲ ਦੀ ਉਮਰ ਵਿਚ ਖੰਡਾ ਹੱਥ ਲਿਆ ਤੇ ਬਚਨ ਕੀਤਾ :

**"ਸੀਸ ਸੁਧਾਸਰ ਹੇਤ ਕਰ ਦੇਵੇਂਗੇ ਹਮ ਜਾਇ,**
**ਕਰ ਅਰਦਾਸਾ ਤੁਰ ਪਏ ਸਿੰਘ ਜੀ ਫਤਹਿ ਗਜਾਇ।"**

ਅਖੰਡ ਪਾਠ ਕਰਾਉਣ ਦਾ ਜ਼ਿਕਰ ਵੀ ਗਿਆਨੀ ਗਿਆਨ ਸਿੰਘ ਜੀ ਨੇ ਕੀਤਾ ਹੈ :

**ਸੁਨ ਸਿੰਘ ਪਾਠ-ਅਖੰਡ ਕਰਾਯੋ ॥ ੧੩ ॥**

ਦਮਦਮਾ ਸਾਹਿਬ ਤੋਂ ਟੁਰਨ ਵੇਲੇ ਆਪ ਜੀ ਨਾਲ ਕੇਵਲ ੮ ਸਿੰਘ ਸਨ। ਰਸਤੇ ਵਿਚ ਹੀ ਜਥੇਦਾਰ ਗੁਰਬਖਸ਼ ਸਿੰਘ ਅਨੰਦਪੁਰ ਵਾਲੇ ਆ ਰਲੇ। ਹੋਰ ਵੀ ਜਿਸ ਕਿਸੇ ਸੁਣਿਆ, ਉਹ ਨਾਲ ਹੋ ਟੁਰਿਆ। ਬਾਬਾ ਜੀ ਵੰਗਾਰ ਹੀ ਅਜਿਹੀ ਪਾਂਦੇ ਸਨ ਕਿ ਹਰ ਕੋਈ ਨਿਜ ਦਾ ਖ਼ਿਆਲ ਛੱਡ ਨਾਲ ਹੋ ਤੁਰਦਾ ਸੀ।

ਬਹਮਨ, ਨੀਹਾਂ ਵਾਲੀ, ਗੁਰੂ ਕੇ ਚੋਤਰੇ, ਲੱਖੀ ਜੰਗਲ, ਫੂਲ ਮਹਾਰਾਜ, ਭੁਚੂ, ਗੋਬਿੰਦਪੁਰਾ, ਕੋਟ ਦਰਾਜ਼ ਵਿਚੋਂ ਕਿਤਨੇ ਹੀ ਸਿੰਘ ਨਾਲ ਹੋ ਰਲੇ, ਹਰੀਕੇ ਪਤਨ ਤੱਕ ੪੦੦੦ ਸਿਰ-ਲੱਥ ਸਿੰਘਾਂ ਦਾ ਵੱਡਾ ਜਥਾ ਬਣ ਗਿਆ। ਤਰਨ ਤਾਰਨ ਹੋਰ ਕਿਤਨੇ ਸਿੱਖ ਉਹਨਾਂ ਦੀ ਅਗਵਾਈ ਹੇਠਾਂ ਇਕੱਠੇ ਹੋ ਗਏ। ਉਥੇ ਹੀ ਬਾਬਾ ਦੀਪ ਸਿੰਘ ਜੀ ਨੇ ਸ਼ਹੀਦੀ ਗਾਨਾ ਬੰਨ੍ਹ ਲਿਆ। ਆਪਣੇ ਖੰਡੇ ਨਾਲ ਲਕੀਰ ਸੰਗਰਾਣਾ ਸਾਹਿਬ (ਇਥੇ ਹੁਣ ਗੁਰਦੁਆਰਾ ਲਕੀਰ ਸਾਹਿਬ ਹੈ) ਨੇੜੇ ਖਿੱਚੀ। ਦੇਖਦੇ ਹੀ ਸਾਰੇ ਸਿੰਘ ਸ਼ਹੀਦੀਆਂ ਲਈ ਤਿਆਰ ਹੋ ਗਏ ਅਤੇ ਅਰਦਾਸ ਕੀਤੀ ਕਿ 'ਮਰਾਂ ਤਾਂ ਹਰਿ ਕੈ ਦੁਆਰਿ'। ਆਪ ਜੀ ਅੰਮ੍ਰਿਤਸਰ ਜਹਾਨ ਖ਼ਾਨ ਦਾ ਪੁੱਜਣਾ ਸੁਣ ਕੇ ਅੰਮ੍ਰਿਤਸਰ ਵੱਲ ਚੱਲ ਪਏ। ਜਹਾਨ ਖ਼ਾਨ ਤਾਂ ਅਜੇ ਹਾਜੀ ਅਤਾ ਖ਼ਾਨ ਨੂੰ ਉਡੀਕਦਾ ਪਿਆ ਸੀ। ਯਕੂਬ ਖ਼ਾਨ ਤੇ ਸਾਬਕ ਅਲੀ ਖ਼ਾਨ ਨੇ ਰਾਹ ਵਿਚ ਹੀ ਰੋਕ ਲਿਆ। ਯਕੂਬ ਖ਼ਾਨ ਤੇ ਬਾਬਾ ਜੀ ਵਿਚਕਾਰ ਦੁਵੱਲੀ ਜੰਗ ਹੋ ਗਈ। ਪਹਿਲਾਂ ਦੋਵਾਂ ਦੇ ਘੋੜੇ ਜ਼ਖ਼ਮੀ ਹੋਏ ਤੇ ਦੋਵੇਂ ਹੀ ਧਰਤੀ ਤੇ ਆ ਡਿੱਗੇ। ਫਿਰ ਇਕ ਦੂਜੇ ਨਾਲ ਗੁਥਮ-ਗੁੱਥਾ ਹੋ ਗਏ। ਯਕੂਬ ਖ਼ਾਨ ਦੇ ਸਿਰ ਵਿਚ ਬਾਬਾ ਜੀ ਨੇ ਇਤਨੇ ਜ਼ੋਰ ਦੀ ਗੁਰਜ ਮਾਰਿਆ ਕਿ ਉਹ ਥਾਂ ਹੀ ਖ਼ਤਮ ਹੋ ਗਿਆ। ਬਾਬਾ ਸੂਰ ਸਿੰਘ ਨੇ ਦੂਜੇ ਅਫ਼ਗਾਨ ਸਰਦਾਰ ਮੀਰ ਜਹਾਨ ਨੂੰ ਥਾਂ ਹੀ ਰੱਖ ਲਿਆ। ਯਕੂਬ ਖ਼ਾਨ ਨੂੰ ਡਿੱਗਦਾ ਦੇਖ ਕੇ ਇਕ ਹੋਰ ਪਠਾਨ ਅਮਾਨ ਖ਼ਾਨ ਸਾਹਮਣੇ ਆਇਆ। ਦੋਹਾਂ ਨੇ ਇਸ ਫ਼ੁਰਤੀ ਨਾਲ ਤਲਵਾਰਾਂ ਚਲਾਈਆਂ ਕਿ ਦੋਵਾਂ ਦੇ ਸਿਰ ਲੱਥ ਗਏ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

**ਚਲੀ ਤੇਗ ਅਤਿ ਬੇਗ ਸੈਂ, ਦੋਹੂ ਕੇਰ ਬਲ ਧਾਰ।**
**ਉਤਰ ਗਏ ਸਿਰ ਦੋਹਾਂ ਕੇ, ਪਰਸ ਪਰੇ ਇਕ ਸਾਰ। ੫੬।**

ਅਜੇ ਬਾਬਾ ਜੀ ਡਿੱਗੇ ਹੀ ਸਨ ਕਿ ਇਕ ਸਿੱਖ ਨੇ ਪੁਕਾਰਿਆ :

**ਫਿਰ ਤੈ ਇਕ ਸਿਖ ਪਿਖਿ ਕਹਯੋ।**
**ਪ੍ਰਣ ਤੁਮ੍ਹਾਰਾ ਦੀਪ ਸਿੰਘ ਰਹਯੋ।**
**ਗੁਰਪੁਰ ਜਾਏ ਸੀਸ ਮੈ ਦੇ ਹਉ।**
**ਸੋ ਤੇ ਦੋਏ ਕੋਸ ਇਸ ਨੇ ਹਉ ॥ ੫੭ ॥**
(ਸੰਗਰਾਣਾ ਸਾਹਿਬ ਦਰਬਾਰ ਸਾਹਿਬ ਤੋਂ ਢਾਈ ਮੀਲ ਹੀ ਹੈ)
**ਸੁਣ ਸਿੰਘ ਜੀ ਨਿਜ ਪ੍ਰਣ ਸੰਭਾਰਾ।**
**ਨਿਜ ਸਿਰ ਬਾਮ ਹਾਥ ਨਿਜ ਧਾਰਾ।**
**ਦਹਿਨੇ ਹਾਥ ਤੇਗ ਖਰ ਧਾਰਾ।**

 www.sikhbookclub.com

**ਵਜ਼ਨ ਜਾਹਿ ਥਾਂ ਸੇਰ ਅਠਾਰਾ ॥ ੫੮ ॥**
**ਲਰਤ ਕਬੰਧ ਤੁਰਕ ਗਨ ਸੰਗੈਂ ।**
(ਅਣਗਿਣਤ ਤੁਰਕਾਂ ਨਾਲ ਧੜ ਲੜਦਾ ਹੈ)
**ਓਰ ਸੁਧਾ ਸਿਰ ਚਲਿਉ ਨਿਸੰਗੇ ।**
**ਗਰਜਤ ਤਰਜਤ ਭਨ ਘਨ ਨਯਾਈ ।**
(ਬੱਦਲ ਵਾਂਗ ਗੱਜ ਕੇ ਚਮਕ ਰਹੇ ਹਨ) ,
**ਤੁਰਕ ਚਲੇ ਭਗ ਡਰਿ ਅਗਵਾਈ ॥ ੫੯ ॥**

ਇਸ ਤਰ੍ਹਾਂ ਹੀ ਭਾਈ ਮਹਿਤਾ ਸਿੰਘ ਵੀ ਬਗ਼ੈਰ ਸੀਸ ਤੋਂ ਲੜੇ।

ਸਾਰੇ ਵੈਰੀ ਹੈਰਾਨ ਹੋਏ ਅਤੇ 'ਸਿੱਖਾਂ ਦੀਆਂ ਲਾਸ਼ਾਂ ਲੜਦੀਆਂ ਨੇ', ਆਖ ਕੇ ਭੱਜ ਉੱਠੇ :

**ਹੋਰ ਹੈਰਾਨ ਤੁਰਾਨੀ ਰਹੇ ।**
**ਹੈ ਭੈ-ਭੀਤ ਚਲੇ ਭਗ ਵਹੇ ।**
**ਏਮ ਭਟ-ਭੇਰ ਕਰਤ ਸਿੰਘ ਸੂਰੇ ।**
**ਪਹੁੰਚੇ ਜਬੈ ਗੁਰੂ ਚਕ ਸੂਰੇ ॥ ੬੪ ॥**
**ਤਬ ਇਕ ਸਿੰਘ ਨੇ ਐਸ ਉਬਾਚਾ ॥**
**ਧਨ ਦੀਪ ਸਿੰਘ ਪ੍ਰਣ ਕੀਯੋ ਸਾਚਾ ।**
**ਗੁਰਪੁਰਿ, ਤੀਰ ਰਾਮ ਸਰ ਆਏ ।**
**ਯਹਿ ਸੁਨ ਸਿੰਘ ਜੀ ਤਹਾਂ ਥਿਰਾਏ ॥ ੬੫ ॥**
**ਨਿਜ ਸਰ ਨਿਜ ਸੁਧਲ ਪਰ ਧਰ ਕੇ ।**
**ਫਤਹਿ ਗਜਾਈ ਊਚ ਉਚਰ ਕੇ ।**

(ਗਿਆਨੀ ਗਿਆਨ ਸਿੰਘ ਜੀ, ਪੰਥ ਪ੍ਰਕਾਸ਼ ਉਤ੍ਰਾਰਧ, ਬਿਸ੍ਰਾਮ ੫੦)

ਆਪ ਜੀ ਦਾ ਸਿਰ ਧੜ ਨਾਲੋਂ ਉਤਰ ਹੀ ਚੁੱਕਾ ਸੀ।ਆਪ ਜੀ ਖੰਡਾ ਹੱਥ ਸੰਭਾਲੇ ਵਧਦੇ ਹੀ ਗਏ ਅਤੇ ਜੂਝਦੇ ਲੜਦੇ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਅੰਦਰ ਪੁੱਜੇ।(ਉਥੇ ਅੱਜਕਲ੍ਹ ਬਾਬਾ ਦੀਪ ਸਿੰਘ ਜੀ ਦੀ ਸਮਾਧੀ ਹੈ ਤੇ ਸ਼ਹੀਦੀ ਅਸਥਾਨ ਬਾਹਰ ਰਾਮਸਰ ਕੋਲ ਹੈ।)

ਬਾਬਾ ਨੌਧ ਸਿੰਘ ਜੀ ਚੱਬੇ ਦੇ ਲਾਗੇ ਸ਼ਹੀਦ ਹੋ ਗਏ।ਭਾਈ ਹਰੀ ਸਿੰਘ, ਭਾਈ ਬੀਰ ਸਿੰਘ ਸੰਗਰਾਣਾ ਸਾਹਿਬ ਸ਼ਹੀਦ ਹੋਏ।ਜਹਾਨ ਖ਼ਾਨ ਤਾਂ ਹਾਰ ਹੀ ਚੁੱਕਾ ਸੀ, ਪਰ ਹਾਜੀ ਅੱਤਾ ਖ਼ਾਨ ਨੇ ਤਾਜ਼ਾ ਦਮ ਹਮਲਾ ਕਰ ਕੇ ਸਿੱਖਾਂ ਨੂੰ ਸ਼ਹੀਦ ਕੀਤਾ ਤੇ ਫਿਰ ਦਰਬਾਰ ਸਾਹਿਬ ਦੀ ਬੇਪਤੀ ਕੀਤੀ। ਸਿੰਘ ਗਿਣਤੀ ਵਿਚ ਭਾਵੇਂ ਥੋੜ੍ਹੇ ਸਨ, ਪਰ ਉਹਨਾਂ ਗੁਰੂ ਕੇ ਬਾਗ਼ ਵਿਚ ਸਰਦਾਰ ਅੱਘੜ ਸਿੰਘ, ਸਰਦਾਰ ਸੰਤ ਸਿੰਘ, ਸਰਦਾਰ ਸੱਜਨ ਸਿੰਘ, ਸਰਦਾਰ ਹੀਰਾ ਸਿੰਘ, ਸਰਦਾਰ ਨਿਹਾਲ ਸਿੰਘ, ਸਰਦਾਰ ਬਹਾਦਰ ਸਿੰਘ ਸਮੇਤ ਬਾਬਾ ਬਾਲਾ ਸਿੰਘ, ਬਾਬਾ ਖਿਆਲਾ ਸਿੰਘ ੧੧ ਨਵੰਬਰ, ੧੭੫੭ ਨੂੰ ਸ਼ਹਾਦਤਾਂ ਦਿੱਤੀਆਂ (ਇਹਨਾਂ ਸਿੰਘਾਂ ਦਾ ਸ਼ਹੀਦੀ ਅਸਥਾਨ ਗੁਰੂ ਕੇ ਬਾਗ, ਗੁਰਦੁਆਰਾ ਮੰਜੀ ਸਾਹਿਬ ਲਾਗੇ ਬਣਿਆ ਹੋਇਆ ਹੈ। ਚਾਟੀਵਿੰਡ—ਭਾਈ ਮਹਿਤਾਬ ਸਿੰਘ, ਬਿਬੇਕਸਰ—ਬਾਬਾ ਕੌਰ ਸਿੰਘ, ਬਾਬਾ ਮੰਨਾ ਸਿੰਘ)। ਸਿੰਘ ਜਲੰਧਰ ਦੁਆਬ ਵਿਚ ਚਲੇ ਗਏ। ਕੋਟ ਬੁੱਢਾ ਰਾਮ ਦਾਸ ਦੇ ਚੌਧਰੀ ਨੂੰ ਵੀ ਬਹਾਨਾ ਬਣਾ ਕੇ ਜਹਾਨ ਖ਼ਾਨ ਨੇ ਤਸੀਹੇ ਦੇ ਕੇ ਮਾਰਿਆ। ਸਿੱਖਾਂ ਨੇ ਉਸ ਚੌਧਰੀ ਦੇ ਮਾਰੇ ਜਾਣ ਤੇ ਬਹੁਤ ਗੁੱਸਾ ਮਨਾਇਆ।

 www.sikhbookclub.com

# ੨੪

# *ਸੁਲਤਾਨ-ਉਲ-ਕੌਮ ਸ: ਜੱਸਾ ਸਿੰਘ ਆਹਲੂਵਾਲੀਆ*

ਸਿੱਖ ਇਤਿਹਾਸ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੋਂ ਸਿਵਾ ਕੋਈ ਹੋਰ ਅਜਿਹਾ ਵਿਅਕਤੀ ਦੇਖਣ ਨੂੰ ਨਹੀਂ ਮਿਲਦਾ, ਜਿਸ ਨੇ ਚਾਲੀ ਸਾਲ ਦਿਨ ਰਾਤ ਇਕ ਕਰ ਬਿਖੜੇ ਸਮੇਂ ਕੌਮ ਦੀ ਅਗਵਾਈ ਤੇ ਸੇਵਾ ਕੀਤੀ ਹੋਏ। ਕੌਮ ਦਾ ਪਿਆਰ ਲਿਆ ਤੇ ਸਤਿਕਾਰ ਮਾਣਿਆ ਹੋਵੇ। ਫਿਰ ਉਹ ਹੀ ਇਕੋ ਇਕ ਸਿੱਖ ਹੈ, ਜਿਸ ਨੂੰ ਸਮੁੱਚੀ ਕੌਮ ਨੇ 'ਸੁਲਤਾਨ-ਉਲ-ਕੌਮ' ਕਹਿਆ। ਠੀਕ ਗੱਲ ਤਾਂ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਵੀ ਸਮੁੱਚੀ ਕੌਮ ਦਾ ਮਾਣ ਲੈਣ ਤੋਂ ਅਸਮਰਥ ਰਹੇ, ਕਿਉਂਕਿ ਕੁਝ ਰਿਆਸਤਾਂ ਨੇ ਅੰਗਰੇਜ਼ੀ ਸਰਪ੍ਰਸਤੀ ਹੇਠਾਂ ਜਾਣਾ ਠੀਕ ਜਾਣ ਲਿਆ ਸੀ। ਫਿਰ ਸਰਦਾਰ ਜੱਸਾ ਸਿੰਘ ਐਸੀ ਸ਼ਖ਼ਸੀਅਤ ਹੈ, ਜਿਸ ਦਾ ਜਨਮ ਹੀ ਦਸਮੇਸ਼ ਪਿਤਾ ਦੇ ਵਰ-ਅਸੀਸ ਨਾਲ ਹੋਇਆ। ਉਹ ਭਾਵੇਂ ੪ ਸਾਲ ਦੇ ਹੀ ਯਤੀਮ ਹੋ ਗਏ ਪਰ ਮਾਂ ਨੇ, ਜਿਸ ਵਿਚ ਸਿੱਖੀ ਕੁੱਟ-ਕੁੱਟ ਕੇ ਭਰੀ ਹੋਈ ਸੀ, ਬੱਚੇ ਨੂੰ ਓਝੜੇ ਨੂੰ ਪੈਣ ਦਿੱਤਾ। ਮਾਂ ਨੇ ਬੱਚੇ ਨੂੰ ਗੁਰਬਾਣੀ ਦੀ ਐਸੀ ਗੁੜ੍ਹਤ ਦਿੱਤੀ ਤੇ ਕੀਰਤਨ ਦੀ ਅਜਿਹੀ ਘੁੱਟੀ ਪਿਲਾਈ ਕਿ ਸਾਰੀ ਉਮਰ ਗੁਰਬਾਣੀ ਉਸ ਦਾ ਆਧਾਰ ਬਣੀ ਰਹੀ। ਗੁਰਬਾਣੀ ਰਾਹੀਂ ਉਨ੍ਹਾਂ ਵਿਚ ਇਤਨੀ ਰਵਾਦਾਰੀ ਭਰੀ ਗਈ ਕਿ ਮੁਸਲਮਾਨਾਂ ਤੱਕ ਨੂੰ ਉਠਾਲਣ ਵੇਲੇ ਇਹ ਹੀ ਕਹਿੰਦੇ : *'ਉਠੋ, ਸੁਬਹ ਸੌਣ ਲਈ ਨਹੀਂ, ਉਸ ਦੀ ਯਾਦ ਵਿਚ ਜੁੜਨ ਲਈ ਹੈ।'* ਸਰਦਾਰ ਜੱਸਾ ਸਿੰਘ ਐਸੇ ਖ਼ੁਸ਼-ਕਿਸਮਤ ਹਨ ਜਿਨ੍ਹਾਂ ਨੂੰ ਮਾਤਾ ਸੁੰਦਰੀ ਜੀ ਨੇ ਆਪਣੇ ਪਾਸ ਦਿੱਲੀ ਸੱਤ ਸਾਲ ਰੱਖ ਸਵਾਰਿਆ ਤੇ ਗੋਦ ਲੈ 'ਬਾਦਸ਼ਾਹਿ-ਪੰਥ ਤੇ ਹਰ ਸਮੇਂ ਤੇਰੇ ਗਿਰਦ ਆਸਿਆਂ ਵਾਲੇ ਫਿਰਨਗੇ' ਦਾ ਵਰ ਦਿੱਤਾ। ਫਿਰ ਉਹ ਹੀ ਐਸੇ ਜਰਨੈਲ ਹਨ, ਜਿਨ੍ਹਾਂ ਨੂੰ ਨਵਾਬ ਕਪੂਰ ਸਿੰਘ ਜੀ ਨੇ ਘੜ ਅਜਿਹਾ ਸੰਵਾਰਿਆ ਕਿ ਸਮੁੱਚੀ ਕੌਮ ਦੀ ਵਾਗਡੋਰ ਹੀ ਸੰਨ ੧੭੪੮ ਨੂੰ ਉਹਨਾਂ ਦੇ ਹੱਥ ਸੌਂਪ ਦਿੱਤੀ। ਸਰਦਾਰ ਜੱਸਾ ਸਿੰਘ ਨੇ ਵੀ ਜ਼ਿੰਮੇਵਾਰੀ ਨੂੰ ਅੰਤਮ ਸਵਾਸਾਂ ਤੱਕ ਅਜਿਹਾ ਨਿਭਾਇਆ ਕਿ ਉਨ੍ਹਾਂ ਦੇ ਅਕਾਲ ਚਲਾਣੇ ਤੇ ਭਾਵੇਂ ਉਹਨਾਂ ਦੇ ਹੁਕਮ ਮੁਤਾਬਿਕ ਕਿਸੇ ਅੱਥਰੂ ਨਾ ਵਗਾਇਆ ਪਰ ਸਸਕਾਰ ਹੋ ਜਾਣ ਉਪਰੰਤ ਕੋਈ ਸਿੱਖ ਅਜਿਹਾ ਨਹੀਂ ਸੀ, ਜਿਸ ਦੀ ਅੱਖ ਸੱਜਲ ਨਾ ਹੋਈ ਹੋਵੇ ਤੇ ਕੋਈ ਅਜਿਹਾ ਪੁਰਸ਼ ਨਹੀਂ ਸੀ ਜੋ ਇਹ ਨਾ ਕਹਿ ਰਿਹਾ ਹੋਵੇ ਕਿ 'ਧਰਮ ਰਾਜ! ਇਹ ਤੂੰ ਕੀ ਕੀਤਾ?'

**ਜਨਮ**—ਸਰਦਾਰ ਜੱਸਾ ਸਿੰਘ ਜੀ ਦਾ ਜਨਮ ੩ ਮਈ, ੧੭੧੮ ਈ: ਸਰਦਾਰ ਬਦਰ


www.sikhbookclub.com

ਸਿੰਘ ਜੀ ਦੇ ਘਰ ਪਿੰਡ ਆਹੂਲ ਜ਼ਿਲ੍ਹਾ ਲਾਹੌਰ ਵਿਖੇ ਹੋਇਆ ਸੀ। ਕਈ ਸਾਲ ਲੰਘ ਜਾਣ ਤੇ ਵੀ ਜਦ ਬਦਰ ਸਿੰਘ ਦੇ ਘਰ ਸੰਤਾਨ ਨਾ ਹੋਈ ਤਾਂ ਜੋੜੀ ਗੁਰੂ ਚਰਨਾਂ ਵਿਚ ਅਨੰਦਪੁਰ ਆਈ ਤੇ ਮਨ—ਦਸ਼ਾ ਦਸਮੇਸ਼ ਪਿਤਾ ਨੂੰ ਦੱਸੀ। ਕਲਗੀ ਵਾਲੇ ਨੇ ਬਖ਼ਸ਼ਿਸ਼ ਦੇ ਘਰ ਆ ਕੇ ਕਿਹਾ—"ਸੇਵਾ ਵਿਚ ਜੁਟੇ ਰਹੋ, ਨਾਮ ਨਾ ਵਿਸਾਰੋ! ਤੁਹਾਡੇ ਘਰ ਗੁਰੂ ਕਾ ਲਾਲ ਜਨਮ ਲੇਵੇਗਾ।"

ਇਹ ਗੁਰੂ ਕਾ ਲਾਲ ਹੀ ਜੱਸਾ ਸਿੰਘ ਸੀ। ਜੱਸਾ ਸਿੰਘ ਅਜੇ ਚਾਰ ਸਾਲਾਂ ਦਾ ਹੀ ਸੀ ਕਿ ਪਿਤਾ ਭਾਈ ਬਦਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ਐਸੀ ਘਾਤਕ ਸੱਟ ਪੈਣ ਤੇ ਵੀ ਮਾਤਾ ਗੁਜਰੀ ਜੀ ਜ਼ਰਾ ਨਾ ਡੋਲੇ। ਮਾਤਾ ਜੀ ਸਿੱਖੀ ਦਾ ਪੂਰਾ ਰੂਪ ਸਨ। ਗੁਰਬਾਣੀ ਬਹੁਤ ਕੰਠ ਸੀ। ਕੀਰਤਨ ਇਤਨਾ ਸੁੰਦਰ ਕਰਦੇ ਕਿ ਸੰਗਤਾਂ ਸਦਾ ਸੁਣਨਾ ਲੋਚਦੀਆਂ। ਬੇਟੇ ਜੱਸਾ ਸਿੰਘ ਨੂੰ ਨਾਲ ਲੈ ਕੇ, ਜਿੱਥੇ ਵੀ ਸਿੰਘਾਂ ਦਾ ਦੀਵਾਨ ਲੱਗਦਾ, ਸੁਣਦੇ, ਆਪੂੰ ਜਫ਼ਰ ਜਾਲ ਪੁੱਜਦੇ। ਆਸਾ ਦੀ ਵਾਰ ਦੀ ਚਉਕੀ ਲਗਾਂਦੇ। ਇਹ ਯਾਦ ਰਵ੍ਹੇ ਕਿ ਇਹ ਉਹ ਸਮਾਂ ਸੀ ਜਦ ਪੱਤਾ-ਪੱਤਾ, ਝਾੜ-ਝਾੜ ਸਿੰਘਾਂ ਦਾ ਵੈਰੀ ਸੀ। ਸਿੱਖ ਹੋਣਾ ਹੀ ਮੌਤ ਸਹੇੜਨਾ ਸੀ। ਆਪਣੇ ਬੱਚੇ ਨੂੰ ਨਾਲ ਲੈ ਕੇ ਜੰਗਲਾਂ ਤੇ ਜੂਹਾਂ ਵਿਚ ਜਾ ਕੇ ਕੀਰਤਨ ਕਰਨਾ ਮੌਤ ਨੂੰ ਹੀ ਆਵਾਜ਼ਾਂ ਮਾਰਨੀਆਂ ਸਨ। ਇਕ ਸਮੇਂ ਸਰਦਾਰ ਬਾਘ ਸਿੰਘ ਜੀ ਨੇ ਆਪਣੀ ਭੈਣ ਨੂੰ ਕਿਹਾ ਕਿ ਜੱਸਾ ਸਿੰਘ ਦਾ ਜਨਮ ਕਲਗੀਧਰ ਦੀ ਬਖਸ਼ਿਸ਼ ਸਦਕਾ ਹੋਇਆ ਹੈ ਅਤੇ ਅਜੇ ਤੱਕ ਉਹ 'ਸ਼ੁਕਰ' ਵੀ ਨਹੀਂ ਕਰ ਸਕੇ। ਚੰਗਾ ਇਹ ਹੀ ਬਣ ਆਉਂਦਾ ਹੈ ਕਿ ਹੁਣ ਮਾਤਾ ਸੁੰਦਰੀ ਜੀ ਪਾਸ ਜਾ ਕੇ ਅਸੀਸ ਲਈ ਜਾਏ।

SIKHBOOKCLUB.COM

**ਦਿੱਲੀ ਵਿਚ 7 ਸਾਲ**—ਜਦ ਅਸੀਸਾਂ ਲੈਣ ਅਤੇ ਸ਼ੁਕਰ ਮਨਾਉਣ ਲਈ ਦਿੱਲੀ ਮਾਤਾ ਸੁੰਦਰੀ ਜੀ ਪਾਸ ਮਾਂ-ਪੁੱਤ ਤੇ ਮਾਮਾ ਪੁੱਜੇ ਤਾਂ ਉਥੇ ਇਕ ਦਿਨ ਮਾਂ ਪੁੱਤਰ ਨੇ ਰਲ ਕੇ ਜਦ ਕੀਰਤਨ ਕੀਤਾ ਤਾਂ ਮਾਤਾ ਸੁੰਦਰੀ ਜੀ ਨੇ ਉਥੇ ਹੀ ਟਿਕਣ ਲਈ ਕਿਹਾ। 'ਇਸ ਤੋਂ ਵੱਧ ਵੱਡੇ ਭਾਗ ਸਾਡੇ ਕੀ ਹੋ ਸਕਦੇ ਹਨ' ਕਹਿ ਕੇ ਮਾਮਾ ਬਾਘ ਸਿੰਘ ਮਾਂ-ਬੇਟਾ ਨੂੰ ਦਿੱਲੀ ਟਿਕਾ ਗਏ। ਮਾਂ-ਬੇਟਾ ਕੀਰਤਨ ਕਰਦੇ। ਸੰਗਤਾਂ ਦੀ ਸੇਵਾ ਕਰ ਖ਼ੁਸ਼ੀਆਂ ਲੈਂਦੇ। ਮਾਤਾ ਜੀ ਨੇ ਬਾਲਕ ਜੱਸਾ ਸਿੰਘ ਦੀ ਪੜ੍ਹਾਈ-ਲਿਖਾਈ ਦਾ ਪ੍ਰਬੰਧ ਇਕ ਪ੍ਰਸਿੱਧ ਮਕਤਬ ਵਿਚ ਕਰਾ ਦਿੱਤਾ। ਫ਼ਾਰਸੀ ਤੇ ਗਣਿਤ ਵਿੱਦਿਆ ਜੱਸਾ ਸਿੰਘ ਨੇ ਛੇਤੀ ਹੀ ਸਿੱਖ ਲਈ। ਗੁਰਬਾਣੀ ਦੇ ਰਹੱਸ ਮਾਤਾ ਜੀ ਦੇ ਚਰਨਾਂ ਵਿਚ ਬੈਠ ਕੇ ਸਮਝੇ। ਪੁੱਤਰਾਂ ਵਾਂਗ ਹੀ ਮਾਤਾ ਸੁੰਦਰੀ ਜੀ ਪਾਲ ਰਹੇ ਸਨ ਅਤੇ ਲੋਕਾਂ ਵਿਚ ਇਹ ਪ੍ਰਸਿੱਧ ਵੀ ਹੋਇਆ ਕਿ ਜੱਸਾ ਸਿੰਘ ਮਾਤਾ ਸੁੰਦਰੀ ਜੀ ਦਾ 'ਪੁਤਰੈਲਾ' ਹੈ। ਮੁਗ਼ਲ ਨੀਤੀ ਨੂੰ ਵੀ ਜੱਸਾ ਸਿੰਘ ਨੇੜੇ ਤੋਂ ਤੱਕ ਰਹੇ ਸਨ। ਐਸੀਆਂ ਸੁਲਝੀਆਂ ਵਿਚਾਰਾਂ ਕਰਦੇ ਕਿ ਮਾਤਾ ਸੁੰਦਰੀ ਜੀ ਨੇ ਇਕ ਵਾਰੀ ਗੋਦ ਵਿਚ ਲੈ ਕੇ ਫ਼ਰਮਾਇਆ ਵੀ : 'ਯਹਿ ਬਾਦਸ਼ਾਹਿ-ਪੰਥ' ਹੈ।

**ਵਾਪਿਸ ਪੰਜਾਬ**—ਸੱਤ ਕੁ ਸਾਲ ਦਿੱਲੀ ਰਾਜ-ਸਾਜ, ਧਰਮ-ਕਰਮ ਦੀ ਸਿੱਖਿਆ ਲੈਣ ਉਪਰੰਤ ਮਾਮਾ ਬਾਘ ਸਿੰਘ ਜੀ ਪੰਜਾਬ ਆਪਣੇ ਕੋਲ ਲੈ ਆਏ। ਮਾਤਾ ਸੁੰਦਰੀ ਜੀ ਨੇ ਰੁੱਖ਼ਸਤੀ ਵੇਲੇ ਜੱਸਾ ਸਿੰਘ ਨੂੰ ਲਿਬਾਸ-ਫ਼ਾਖਰਹ (ਕੀਮਤੀ ਪੋਸ਼ਾਕਾਂ) ਆਪਣੇ ਹੱਥੀਂ ਪਹਿਨਾਇਆ ਤੇ ਫਿਰ ਅਸੀਸਾਂ ਦਿੱਤੀਆਂ ਕਿ 'ਬੇਟਾ ਸਾਹਿਬ-ਇਕਬਾਲ ਹੋਗਾ' ਅਤੇ

 www.sikhbookclub.com

ਆਪਣੇ ਕੋਲੋਂ ਇਕ ਚਾਂਦੀ ਦਾ ਆਸਾ ਦੇਂਦੇ ਫਿਰ ਕਿਹਾ—ਤੇਰੇ ਤੇ ਤੇਰੀ ਸੰਤਾਨ ਗਿਰਦੇ ਆਸਿਆਂ ਵਾਲੇ ਸਦਾ ਰਹਿਣਗੇ। ਪੰਜਾਬ ਪੁੱਜ ਸ਼ਸਤਰ ਵਿਦਿਆ, ਘੋੜ ਸਵਾਰੀ ਤੇ ਤੀਰ ਅੰਦਾਜ਼ੀ ਦੇ ਜੌਹਰ ਸਿੱਖੇ। ਕੱਦ ਕਾਠ ਚੰਗਾ ਨਿਕਲ ਆਇਆ ਸੀ। ਅਵਾਜ਼ ਵੀ ਭਰਵੀਂ ਸੀ। ਫੁਰਤੀਲੇ ਬੜੇ ਸਨ। ਕਦੇ ਸੰਜੋਅ ਜਾਂ ਜ਼ਰਹ-ਬਕਤਰ ਤੱਕ ਸਾਰੀ ਉਮਰ ਨਹੀਂ ਪਹਿਨਿਆ। ਪਿਛੋਂ ਰਣਨੀਤੀ ਸਮਝਾਂਦੇ ਸਿੱਖਾਂ ਨੂੰ ਕਿਹਾ ਵੀ ਕਰਦੇ ਸਨ ਕਿ *ਸੰਜੋਅ ਪਹਿਨਣ ਨਾਲ ਲੜਨ ਵਿਚ ਦਿੱਕਤ ਹੁੰਦੀ ਹੈ। ਵਾਰ ਕਰਨ ਵਿਚ ਔਖਿਆਈ ਹੁੰਦੀ ਹੈ। ਸੰਜੋਅ ਤਾਂ ਬੱਚ ਕੇ ਲੜਨ ਵਾਲਿਆਂ ਲਈ ਹੁੰਦਾ ਹੈ। ਸਿੰਘ ਲਲਕਾਰ ਲੜਦਾ ਹੈ।'* ਕਿਤਨੇ ਹੀ ਜ਼ਖ਼ਮ ਸਰੀਰ ਤੇ ਸਨ ਪਰ ਰਤਾ ਭਰ ਪ੍ਰਵਾਹ ਨਹੀਂ ਸਨ ਕਰਦੇ। ਪੁਰਾਤਨ ਸਿੰਘ ਤਾਂ ਕਹਿੰਦੇ ਹੀ ਇਹ ਸਨ ਕਿ 'ਸਰੀਰ ਪਵਿੱਤਰ ਹੀ ਤਾਂ ਹੁੰਦਾ ਹੈ, ਜਦ ਸ਼ਸਤਰ ਸਰੀਰ ਨੂੰ ਲੱਗੇ।'

**ਨਵਾਬ ਕਪੂਰ ਸਿੰਘ ਦੀ ਛੱਤਰ ਛਾਇਆ ਹੇਠ**—ਪੰਜਾਬ ਵਿਚ ਰਾਜ ਨਵਾਬ ਜ਼ੱਕਰੀਆ ਖ਼ਾਨ ਦਾ ਸੀ, ਜਿਸ ਦੋ-ਅਮਲੀ ਅਪਣਾਈ ਹੋਈ ਸੀ। ਇਕ ਪਾਸੇ ਤਾਂ ਸਿੱਖਾਂ ਤੇ ਅਤਿ ਦੇ ਜ਼ੁਲਮ ਢਾਹ ਰਿਹਾ ਸੀ ਤੇ ਦੂਜੇ ਪਾਸੇ ਆਦਰ ਵਾਲੀਆਂ ਥਾਵਾਂ ਦੇਂਦਾ ਸੀ। ਨਵਾਬੀ ਵੀ ਉਸ ਨੇ ਇਸੇ ਦੋ-ਅਮਲੀ ਮੁਤਾਬਿਕ ਭੇਜੀ ਸੀ। ਨਵਾਬੀ ਆਉਣ ਤੇ ਪਹਿਲਾਂ ਤਾਂ ਸਿੰਘਾਂ ਨੇ ਖ਼ਰਾਬੀ ਆਖ ਪਰਤਾ ਦਿੱਤੀ, ਪਰ ਸਰਦਾਰ ਸੁਬੇਗ ਸਿੰਘ ਜੀ ਦੇ ਕਹਿਣ ਤੇ ਕਿ 'ਦਾਅਵਾ ਪਾਤਸ਼ਾਹੀ ਕਾਇਮ ਰੱਖੋ ਤੇ ਇਸ ਨੂੰ ਵਰਤ ਕੇ ਲੋਕਾਂ ਨੂੰ ਦੱਸੋ ਕਿ ਜੇ ਸਾਡਾ ਰਾਜ ਆਇਆ ਤਾਂ ਐਸਾ ਹਲੀਮੀ ਰਾਜ ਹੋਵੇਗਾ, ਜਿੱਥੇ ਸਭ ਸੁਖੀ ਵਿਚਰਨਗੇ।'

ਇਸੇ ਦੌਰਾਨ ਮਾਂ, ਮਾਮਾ ਬਾਘ ਸਿੰਘ ਤੇ ਜੱਸਾ ਸਿੰਘ ਜਦ ਇਕ ਵਾਰੀ ਵੈਸਾਖੀ ਦੇ ਮੇਲੇ ਸ੍ਰੀ ਅੰਮ੍ਰਿਤਸਰ ਆਏ ਤੇ ਸੰਗਤ ਵਿਚ ਕੀਰਤਨ ਕੀਤਾ ਤਾਂ ਨਵਾਬ ਕਪੂਰ ਸਿੰਘ ਜੀ ਨੂੰ ਐਸਾ ਭਾਹਿਆ ਕਿ ਮਾਂ—ਮਾਮਾ ਅੱਗੇ ਜੱਸਾ ਸਿੰਘ ਨੂੰ ਕੋਲ ਹੀ ਰੱਖਣ ਲਈ ਇੱਛਾ ਪ੍ਰਗਟਾਈ। ਉਨ੍ਹਾਂ ਨੇ ਖ਼ੁਸ਼ੀ ਨਾਲ ਸਵੀਕਾਰ ਕੀਤਾ। ਨਵਾਬ ਕਪੂਰ ਸਿੰਘ ਜੀ ਨੇ ਦਿਨਾਂ ਵਿਚ ਹੀ ਤੱਕ ਲਿਆ ਕਿ ਨੌਜੁਆਨ ਵਿਚ ਜ਼ਿੰਮੇਵਾਰੀ ਦਾ ਅਹਿਸਾਸ ਹੈ। ਪੜ੍ਹਿਆ-ਲਿਖਿਆ ਜਾਣ ਸਿੰਘਾਂ ਨੂੰ ਰਸਦ ਅਤੇ ਘੋੜਿਆਂ ਨੂੰ ਦਾਣਾ ਫੱਕਾ ਆਦਿ ਦੇਣ ਤੇ ਲਗਾ ਦਿੱਤਾ।

ਜੱਸਾ ਸਿੰਘ ਦੀ ਬੋਲੀ ਵਿਚ, ਦਿੱਲੀ ਵਿਖੇ ਸਿੱਖਿਆ ਪ੍ਰਾਪਤ ਕਰਨ ਕਾਰਨ, ਹਿੰਦੀ ਦੀ ਮਿਲਾਵਟ ਸੀ ਤੇ ਗੱਲਾਂ-ਗੱਲਾਂ ਵਿਚ 'ਹਮ ਕੋ ਤੁਮ ਕੋ' ਵੀ ਕਹਿ ਜਾਂਦਾ ਸੀ। ਸਿੰਘਾਂ ਅੱਲ ਹੀ 'ਹਮ ਕੋ ਤੁਮ ਕੋ' ਪਾ ਦਿੱਤੀ। ਜੱਸਾ ਸਿੰਘ ਨੇ ਰੋਣ-ਹਾਕਾ ਹੋ ਜਦ ਨਵਾਬ ਸਾਹਿਬ ਨੂੰ ਦੱਸਿਆ ਕਿ ਸਿੰਘ ਧੌਲ-ਧੱਪਾ ਕਰਦੇ ਹਨ ਤੇ 'ਹਮ ਕੋ ਤੁਮ ਕੋ' ਕਹਿ ਛੇੜਦੇ ਹਨ ਤਾਂ ਦਿਲਾਸਾ ਦੇਂਦੇ, ਨਵਾਬ ਕਪੂਰ ਸਿੰਘ ਜੀ ਨੇ ਕਿਹਾ—

> **"ਇਸ ਤੋਂ ਨਾਂਹ ਘਬਰਾਈਂ। ਇਹ ਗੁਰ-ਖ਼ਾਲਸਾ ਹੈ ਜੋ ਮੇਰੇ ਵਰਗੇ,**
> **ਲਿੱਦ ਚੁਕਣ ਵਾਲੇ ਨੂੰ ਨਵਾਬ ਬਣਾ ਸਕਦੇ ਹਨ ਤਾਂ ਤੇਰੇ ਵਰਗੇ**
> **ਦਾਣਾ-ਫੱਕਾ ਵੰਡਣ ਵਾਲੇ ਨੂੰ ਪਾਤਸ਼ਾਹ ਬਣਾਉਣਾ ਇਨ੍ਹਾਂ ਲਈ ਕੀ ਔਖਾ ਹੈ।"**

ਨਵਾਬ ਕਪੂਰ ਸਿੰਘ ਨੇ ਪੰਜਾਂ ਪਿਆਰਿਆਂ ਵਿਚ ਆਪ ਸ਼ਾਮਿਲ ਹੋ ਕੇ ਅੰਮ੍ਰਿਤ ਛਕਾਇਆ। ਫਿਰ ਦਸਤਾਰ ਵੀ ਹੱਥੀਂ ਬੱਧੀ।

**ਹੋਰ ਨਿਮਰਤਾ**—ਸਰਦਾਰ ਜੱਸਾ ਸਿੰਘ ਨੇ ਨਿਮਰਤਾ ਨਾਲ ਸਿੰਘਾਂ ਦੀ ਸੇਵਾ ਜਾਰੀ ਰੱਖੀ ਤੇ ਕਦੇ ਉਲਾਹਮਾ ਆਉਣ ਨਾ ਦਿੱਤਾ ਤੇ ਆਪੂੰ ਫੇਰ ਕਦੇ ਗਿਲਾ ਨਾ ਕੀਤਾ। ਰਸਦ ਵਰਤਾਉਣ ਦਾ ਪ੍ਰਬੰਧ ਵੀ ਅਜਿਹਾ ਕੀਤਾ ਕਿ ਜੁਦਾ ਜੁਦਾ ਮੋਦੀਖਾਨੇ ਬਣਾ ਦਿੱਤੇ। ਦੋਹਾਂ ਤਰਫ਼ ਪਹਿਰਾ ਲਗਾ ਦਿੱਤਾ ਅਤੇ ਕਿਹਾ ਕਿ ਹਰ ਇਕ ਜਥਾ ਇਕ ਕਤਾਰ ਵਿਚ ਆਵੇ ਤੇ ਦੂਜੀ ਕਤਾਰ ਵਿਚ ਵਾਪਸ ਜਾਵੇ। ਜਿਹੜਾ ਰਸਦ ਲੈਣ ਲਈ ਪਹਿਲੇ ਆਵੇਗਾ, ਉਸ ਨੂੰ ਪਹਿਲਾਂ ਮਿਲੇਗੀ। ਕੋਈ ਪੇਸ਼ ਦਸਤੀ ਨਾ ਕਰੇ। ਐਸਾ ਇੰਤਜ਼ਾਮ ਹੋਇਆ ਕਿ ਸਭ ਰਾਜ਼ੀ ਹੋਏ। ਸਿੰਘ ਹੈ ਹੀ ਸਨ ਜਤੀ ਸਤੀ, ਭੋਲੇ ਭੰਡਾਰੇ, ਸਬਰ ਦੀਆਂ ਮੂਰਤਾਂ। ਇਤਨਾ ਇਕ ਦੂਜੇ ਨਾਲ ਪਿਆਰ ਕਰਦੇ ਕਿ ਸਭ ਸਕੇ ਭਰਾ ਲੱਗਦੇ। ਸ਼ਿਕਵੇ-ਸ਼ਿਕਾਇਤ ਤੇ ਗਿਲੇ-ਗੁਜ਼ਾਰੀਆਂ ਦਾ ਨਾਂ ਤੱਕ ਨਹੀਂ ਸੀ :

**ਕੋ ਨਾ ਕਰੇ ਕਿਸੇ ਸ਼ਰੀਕਾ।**
**ਕੋਈ ਨਾ ਸੁਣਾਵੈ ਦੁਖ ਨਿਜ ਜੀ ਕਾ।**

**ਜਾਗਤ ਸੁਭਾਅ**—ਇਤਨੇ ਸੁਚੇਤ ਤੇ ਜਾਗਤ ਸੁਭਾਅ ਵਾਲੇ ਜੱਸਾ ਸਿੰਘ ਬਣ ਗਏ ਸਨ ਕਿ ਇਕ ਵਾਰੀ ਰਾਤ ਨੂੰ ਨਵਾਬ ਕਪੂਰ ਸਿੰਘ ਜੀ ਨੇ ਕਈ ਵਾਰੀ ਆਵਾਜ਼ ਦਿੱਤੀ ਕਿ ਕੋਈ ਹਾਜ਼ਰ ਹੈ ਤਾਂ ਹਰ ਵਾਰੀ ਜੱਸਾ ਸਿੰਘ 'ਜੀ ਆਇਆਂ' ਆਖ ਕੇ ਝੱਟ-ਫੱਟ ਸਾਹਮਣੇ ਆ ਖੜ੍ਹੇ ਹੁੰਦੇ। ਇਸ ਲਗਨ ਦੀ ਅਗਲੇ ਦਿਨ ਨਵਾਬ ਸਾਹਿਬਾਨ ਨੇ ਭਰੇ ਦੀਵਾਨ ਵਿਚ ਪ੍ਰਸੰਸਾ ਕੀਤੀ।

**ਮੁਹਿੰਮਾਂ**—ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਹੇਠਾਂ ਕੌਮ ਦੇ ਜਥੇ ਬਣ ਗਏ ਸਨ ਤੇ ਐਸੀ ਸੁਚੱਜੀ ਅਗਵਾਈ ਮਿਲ ਗਈ ਸੀ ਕਿ ਹਰ ਘਰੋਂ ਸਿਰ ਤੁਰਨੇ ਲੋਕ ਸਿੰਘ ਸਜ ਰਹੇ ਸਨ। ਇਤਨੇ ਨੂੰ ਨਾਦਰ ਦਾ ਹੱਲਾ ਹੋ ਗਿਆ। ਨਾਦਰ ਦੇ ਹੱਲੇ ਵੇਲੇ ਸਰਦਾਰ ਜੱਸਾ ਸਿੰਘ ਆਪਣੇ ਹੱਥ ਦਿਖਲਾਉਣ ਲੱਗ ਪਏ ਸਨ। ਭਾਵੇਂ ੨੦ ਕੁ ਸਾਲਾਂ ਦੇ ਮੁਸਾਂ ਹੋਏ ਸਨ, ਪਰ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠਾਂ ਜੱਸਾ ਸਿੰਘ ਨੇ ਨਾਦਰ ਦੀ ਮੁੜਦੀ ਫ਼ੌਜ ਨੂੰ ਹਰ ਪੜਾਅ ਤੇ ਮਜਬੂਰੀ ਦਾ ਅਹਿਸਾਸ ਕਰਾਇਆ। ਨਾਦਰ ਨੇ ਗੁੱਸੇ ਵਿਚ, ਆਪਣੇ ਸੁਭਾਅ ਮੁਤਾਬਿਕ, ਜਦ ਜ਼ਕਰੀਆ ਖ਼ਾਨ ਨੂੰ ਕਿਹਾ 'ਕਿ ਇਨ੍ਹਾਂ ਦੇ ਘਰ ਘਾਟ ਫੂਕ ਦਿਓ' ਤਾਂ ਜ਼ਕਰੀਆ ਖ਼ਾਨ ਨੇ ਕਿਹਾ, 'ਹਜ਼ੂਰ ! ਇਨ੍ਹਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਤੇ ਹਨ।'

**"ਖ਼ਾਨਾਇ ਉਸ਼ਾਂ ਜ਼ੀਨ ਅਸਤ।"**

ਤਾਂ ਨਾਦਰ ਨੇ ਮੰਦ-ਮੰਦ ਮੁਸਕਰਾ ਕੇ ਕਿਹਾ : 'ਅਜਿਹੇ ਲੋਕਾਂ ਤੋਂ ਡਰਨਾ ਚਾਹੀਦਾ ਹੈ। ਉਹ ਸਮਾਂ ਦੂਰ ਨਹੀਂ ਜਦ ਸਿਰ ਉਠਾਉਣਗੇ ਤੇ ਇਸ ਮੁਲਕ ਦੇ ਮਾਲਕ ਬਣਨਗੇ।'

**"ਈਂ ਮੁਲਕ ਰਾ ਖ਼ਵਾਹੰਦ ਗ੍ਰਿਫ਼ਤ"**

ਪ੍ਰਾਚੀਨ ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ ਨਾਦਰ ਨੇ ਕਿਹਾ :

**ਮਾਰਤ ਹੈ ਤੁਮ ਆਪ-ਹੀ ਆਪਣੇ ਪੈਰ ਕੁਠਾਰ।**
**ਕੁਛ ਦਿਨ ਕੋ ਸਿੰਘ ਹੋਇ ਹੈ ਭੂਪਤਿ ਮੁਲਕ ਮਝਾਰ।**

**ਸਖ਼ਤੀ ਦਾ ਦੌਰ-ਦੌਰਾ**—ਜ਼ਕਰੀਆ ਖ਼ਾਨ ਨੇ ਇਸ਼ਾਰਾ ਉਲਟ ਸਮਝਿਆ। ਜਗੀਰ ਜ਼ਬਤ ਕਰ ਲਈ। ਸਖ਼ਤੀ ਦਾ ਦੌਰ ਫਿਰ ਚਲਿਆ। ਭਾਈ ਮਨੀ ਸਿੰਘ ਜੀ, ਭਾਈ ਤਾਰੂ

ਸਿੰਘ ਜੀ, ਭਾਈ ਹਕੀਕਤ ਰਾਇ ਜੀ ਅਤੇ ਹੋਰ ਅਨੇਕਾਂ ਸ਼ਹੀਦ ਕੀਤੇ ਗਏ। ਸਿੰਘਾਂ ਨੂੰ ਘਰ ਬਾਰ ਛੱਡ ਮਾਲਵੇ ਵੱਲ ਤੇ ਪਹਾੜਾਂ ਵੱਲ ਜਾਣਾ ਪਿਆ। ਜ਼ਕਰੀਆ ਖ਼ਾਨ ਦੀ ਮੌਤ ਪਿਛੋਂ ਸ਼ਾਹ ਨਿਵਾਜ਼ ਨੇ ਕੁਝ ਚਿਰ ਨਵਾਬੀ ਕੀਤੀ, ਪਰ ਯਾਹੀਆ ਖ਼ਾਨ ਨੇ ਲਖਪਤ ਰਾਇ ਨੂੰ ਨਾਲ ਲੈ ਕੇ ਕਰੜਾ ਹੱਲਾ ਬੋਲ ਦਿੱਤਾ।

ਇਥੇ ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਜਦ ਜਸਪਤ ਰਾਇ ਨੂੰ ਰੋੜੀ ਸਾਹਿਬ, ਭਾਈ ਬੀਰੂ ਸਿੰਘ ਨੇ ਹਾਥੀ ਦੇ ਹੁੱਦੇ ਵਿਚ ਹੀ ਮਾਰ ਮੁਕਾਇਆ ਸੀ ਤਾਂ ਕੋਈ ਛੁਪ ਕੇ ਨਹੀਂ, ਦਿਨ ਦਿਹਾੜੇ ਉਸ ਨੂੰ ਕਹੇ ਕੁਬੋਲਾਂ ਦੀ ਸਜ਼ਾ ਦੇਣ ਲਈ। ਜਸਪਤ ਦੇ ਭਰਾ ਲੱਖਪਤ ਰਾਇ ਨੇ ਬਦਲੇ ਦੀ ਨੀਅਤ ਨਾਲ ਬੇ-ਦੋਸ਼ਿਆਂ ਸਿੰਘਾਂ ਦਾ ਕਤਲ-ਇ-ਆਮ ਲਾਹੌਰ ਵਿਚ ਆਰੰਭ ਕਰ ਦਿੱਤਾ। ਜਦ ਸਰਦਾਰ ਜੱਸਾ ਸਿੰਘ ਨੇ ਸੁਣਿਆ ਤਾਂ ਉਸ ਵੇਲੇ ਨਵਾਬ ਲਾਹੌਰ ਨੂੰ ਲਿਖਿਆ, ਜਿਸ ਨੂੰ ਸਿੱਖਾਂ ਦੀ ਜੰਗ ਨੀਤੀ ਵੀ ਕਹਿ ਸਕਦੇ ਹਾਂ। ਸਰਦਾਰ ਜੱਸਾ ਸਿੰਘ ਨੇ ਲਿਖਿਆ :

*"ਸਾਨੂੰ ਮਾਤਾ ਸੁੰਦਰੀ ਜੀ ਨੇ ਮੱਤ ਦਿੱਤੀ ਸੀ ਕਿ ਕਿਸੇ ਨੂੰ ਬਿਨਾਂ ਵਜਹ ਤਕਲੀਫ਼ ਨਹੀਂ ਦੇਣੀ।* ਅਸੀਂ ਰੋੜੀ ਸਾਹਿਬ ਅਬਾਦਤ ਲਈ ਗਏ ਸਾਂ ਲੱਖਪਤ ਰਾਇ ਦੇ ਭਾਈ ਨੇ ਬੇ-ਸ਼ੁਮਾਰ ਫ਼ੌਜ ਭੇਜ ਦਿੱਤੀ ਤੇ ਸਿੰਘਾਂ ਨੂੰ ਤੰਗ ਕਰਨਾ ਅਰੰਭਿਆ। ਜੰਗ ਉਸ ਨੇ ਅਰੰਭੀ। ਫ਼ਤਹ ਅਖ਼ਤਯਾਰ ਅਕਾਲ ਪੁਰਖ ਦੇ ਹੈ। ਜਸਪਤ ਰਾਇ ਨੂੰ ਸ਼ਿਕਸਤ ਹੋਈ ਤੇ ਉਹ ਮਾਰਿਆ ਗਿਆ। ਜੰਗ ਵਿਚ ਕਿਸੇ ਨੂੰ ਮਾਰਨਾ ਕੋਈ ਗੁਨਾਹ ਨਹੀਂ ਹੈ ਅਤੇ ਖ਼ਾਸ ਕਰ ਉਸ ਨੂੰ ਜੋ ਪੇਸ਼-ਦਸਤੀ ਕਰੇ। ਲੱਖਪਤ ਰਾਇ ਨੂੰ ਆਖ ਕਿ—

**ਖ਼ੂਨ ਬੇ-ਗੁਨਾਹੋਂ ਕੇ ਬਾਜ਼ ਆਵੇ।**

*"ਜੇ ਉਸ ਨੂੰ ਆਪਣੇ ਭਾਈ ਦੇ ਮਰਨ ਦਾ ਰੰਜ ਹੈ ਤਾਂ ਉਹ ਮੇਰੇ ਹੱਥੋਂ ਮਰਿਆ ਹੈ। ਮੇਰੇ ਨਾਲ ਮੁਕਾਬਲੇ ਲਈ ਆਵੇ ਤੇ ਭਾਈ ਦਾ ਬਦਲਾ ਲਵੇ। ਮਗਰ ਆਜਿਜ਼, ਬੇ-ਗੁਨਾਹ ਸਿੱਖਾਂ ਦਾ ਕਤਲ ਕਰਨਾ ਕਿਸੀ ਤਰ੍ਹਾਂ ਵਾਜਬ ਨਹੀਂ।"*

ਇਹ ਚਿੱਠੀ ਨਵਾਬ ਨੇ ਪੜ੍ਹ ਕੇ ਲੱਖਪਤ ਰਾਇ ਨੂੰ ਸੁਣਾਈ, ਪਰ ਉਹ ਤਾਂ ਕੀਨੇ ਤੇ ਹੰਕਾਰ ਦੀ ਅੱਗ ਵਿਚ ਇਤਨਾ ਸੜ ਰਿਹਾ ਸੀ ਕਿ ਸਗੋਂ ਸਿਰੋਂ ਪਗੜੀ ਉਤਾਰ ਕਹਿਣ ਲੱਗਾ ਕਿ ਹੁਣ ਤੱਦ ਹੀ ਬੰਨ੍ਹਾਂਗਾ ਜਦ ਸਿੰਘਾਂ ਦਾ ਖੁਰਾ ਖੋਜ ਮਿਟਾ ਲਵਾਂਗਾ, ਪਰ ਉਹ ਭੁੱਲ ਗਿਆ :

**"ਕਿਸੈ ਨ ਬਦੈ ਆਪਿ ਹੰਕਾਰੀ॥**
**ਧਰਮ ਰਾਇ ਤਿਸੁ ਕਰੇ ਖੁਆਰੀ॥"** (ਗੁਰੂ ਗਰੰਥ ਸਾਹਿਬ, ਪੰਨਾ ੨੭੮)

**ਛੋਟਾ ਘੱਲੂਘਾਰਾ (੧੭੪੬)**—ਛੋਟਾ ਘੱਲੂਘਾਰਾ ਆਰੰਭ ਹੋਇਆ। ਇਸ ਛੋਟੇ ਘੱਲੂਘਾਰੇ ਵਿਚ ਸਿੰਘਾਂ ਦਾ ਇਹ ਹਾਲ ਸੀ ਕਿ ਸਿੰਘ ਚਾਰੇ ਪਾਸਿਓਂ ਹੀ ਘੇਰੇ ਗਏ। ਸੱਜੇ ਪਾਸੇ ਰਾਵੀ, ਪਿਛੇ ਮੁਗਲਈ ਫ਼ੌਜ, ਅੱਗੋ ਪਹਾੜੀਏ ਅਤੇ ਪਹਾੜ। ਨਾ ਰਸਦ, ਨਾ ਆਬ, ਨਾ ਤੋਪਾਂ, ਨਾ ਬਾਰੂਦ, ਘੋੜੇ ਥੱਕੇ-ਮਾਂਦੇ, ਸ਼ਸਤਰ ਖੁੰਢੇ, ਕਮਾਨਾਂ ਕਮਜ਼ੋਰ, ਤੀਰ ਤੱਕ ਮੁੱਕ ਗਏ। ਨੇਜ਼ਿਆਂ ਦੇ ਫਾਲੇ ਲਾਸ਼ਾਂ ਦੇ ਤਨਾਂ ਵਿਚ ਰਹਿ ਗਏ ਤੇ ਹੋਰ ਘੜੇ ਨਹੀਂ ਸਨ ਜਾ ਸਕਦੇ, ਪਰ ਫਿਰ ਵੀ ਸਿੰਘ ਚੜ੍ਹਦੀਆਂ ਕਲਾਂ ਵਿਚ ਸਨ।

 www.sikhbookclub.com

**ਅੱਧੀ ਮੌਤ ਮੁਸਾਫ਼ਰੀ, ਅੱਧੀ ਮੌਤ ਭੁੱਖ।**

ਪਰ ਸਿੰਘਾਂ ਨੂੰ ਦੋਵੇਂ ਆ ਪਈਆਂ। ਅਗਵਾਈ ਨਵਾਬ ਕਪੂਰ ਸਿੰਘ ਜੀ ਆਪੂੰ ਕਰ ਰਹੇ ਸਨ। ਸਰਦਾਰ ਜੱਸਾ ਸਿੰਘ ਜੀ ਇਕ ਸਿਰੇ ਨੂੰ ਸਾਂਭੀ ਬੈਠੇ ਸਨ। ਸਰਦਾਰ ਸੁੱਖਾ ਸਿੰਘ ਜੀ ਅੱਗੇ ਹੋ ਕੇ ਲੜ ਰਹੇ ਸਨ। ਨੇੜੇ ਹੀ ਸੀ ਕਿ ਸਰਦਾਰ ਸੁੱਖਾ ਸਿੰਘ ਲੱਖਪਤ ਨੂੰ ਮਾਰ ਮੁਕਾਂਦੇ, ਪਰ ਤੋਪ ਦਾ ਗੋਲਾ ਅਜਿਹਾ ਲੱਗਾ ਕਿ ਉਨ੍ਹਾਂ ਦੀ ਲੱਤ ਉੱਡ ਗਈ। ਸਰਦਾਰ ਜੱਸਾ ਸਿੰਘ ਜੀ ਦੇ ਪੱਟ ਤੇ ਵੀ ਗੋਲੀ ਲੱਗੀ। ਉਨ੍ਹਾਂ ਪੱਟ ਨੂੰ ਹੰਨੇ ਨਾਲ ਬੰਨ੍ਹ ਲਿਆ ਤੇ ਲੜਦੇ ਰਹੇ। ਜਦ ਕੋਈ ਰਾਹ ਨਿਕਲਣ ਦਾ ਨਾ ਦਿੱਸਿਆ ਤਾਂ ਇਹ ਵਿਚਾਰ ਕੇ ਜਿੱਥੇ ਵੀ ਜਾ ਸਕਦੇ ਹੋ, ਚਲੇ ਜਾਓ, ਪਰ ਅਜਾਈਂ ਮੌਤ ਨਹੀਂ ਮਰਨਾ। 'ਮੁੜ ਮੁੜ ਲੜੋ, ਔਰ ਤੁਰਦੇ ਜਾਵੋ' ਦਾ ਤਰੀਕਾ ਅਪਣਾਇਆ। ਜੇਠ-ਹਾੜ ਦੀ ਧੁੱਪ ਪਿੰਡਿਆਂ ਤੇ ਸਹਾਰ, ਭੁੱਖੇ ਤ੍ਰਿਹਾਏ ਦੁਆਬੇ ਪੁੱਜ ਗਏ।

**ਜਥੇਦਾਰ ਜੱਸਾ ਸਿੰਘ ਆਹਲੂਵਾਲੀਆ**—ਉਧਰ ਸ਼ਾਹ ਨਿਵਾਜ਼ ਤੇ ਯਾਹੀਆ ਖ਼ਾਨ ਦੀ ਐਸੀ ਲੜਾਈ ਛਿੜੀ ਕਿ ਸਿੰਘਾਂ ਨੇ ਅੰਮ੍ਰਿਤਸਰ ਅਗਲੇ ਸਾਲ ਕਬਜ਼ਾ ਕਰ ਲਿਆ ਤੇ ਰਾਮ-ਰੌਣੀ ਬਣਾ ਲਈ। ਨਾਦਰ ਸ਼ਾਹ ਦੇ ਕਤਲ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦਾ ਹੋਣਾ ਸੁਣ ਕੇ ਨਵਾਬ ਕਪੂਰ ਸਿੰਘ ਜੀ ਨੇ ਸਰਬੱਤ ਖਾਲਸੇ ਦਾ ਇਕੱਠ ਸੱਦ ਕੇ, 'ਦਲ ਖਾਲਸਾ' ਬਣਾਇਆ ਤੇ ਜਥੇਦਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪੀ। ਗੁਰੂ ਗੋਬਿੰਦ ਸਿੰਘ ਜੀ ਦਾ ਗੁਰਜ ਤੇ ਕ੍ਰਿਪਾਨ, ਜੋ ਨਵਾਬ ਕਪੂਰ ਸਿੰਘ ਜੀ ਸਦਾ ਆਪਣੇ ਪਾਸ ਰੱਖਦੇ ਸਨ, ਸਰਦਾਰ ਜੱਸਾ ਸਿੰਘ ਜੀ ਨੂੰ ਸੌਂਪ ਦਿੱਤੀਆਂ। ਇਹ ਵੀ ਕਿਹਾ, ਜਦ, ਵਾਹਿਗੁਰੂ ਦਾ ਫ਼ਜ਼ਲ ਸ਼ਾਮਲ ਹਾਲ ਹੈ ਤਾਂ ਕਿੱਲਤ ਕੱਸ਼ਤ ਕਾ ਕਿਆ ਖ਼ਿਆਲ ਹੈ। ਜੋ ਕਸ਼ੀਰ ਹੈ, ਵੁਹ ਹਕੀਰ ਹੈ।'

ਸਰਬੱਤ ਖਾਲਸੇ ਨੇ ਅਕਾਲ ਤਖ਼ਤ ਤੇ ਪਹਿਲਾ ਮਤਾ ਕੀਤਾ ਕਿ :

'ਪੰਜਾਬ ਨੂੰ ਨਾ ਮੁਗ਼ਲ ਸਾਮਰਾਜ ਦਾ ਹਿੱਸਾ ਰਹਿਣ ਦੇਣਾ ਹੈ ਅਤੇ ਨਾ ਹੀ ਅਫ਼ਗਾਨ ਸਾਮਰਾਜ ਦਾ ਬਣਨ ਦੇਣਾ ਹੈ।'

ਇਹ ਵੀ ਫ਼ੈਸਲਾ ਲਿਆ ਕਿ :

'ਜੋ ਹੁਣ ਸਿੱਖਾਂ ਨੂੰ ਸਤਾਏ ਉਸ ਨੂੰ ਸਜ਼ਾ ਦੇਵੋ। ਹਰ ਹਮਲੇ ਦਾ ਮੂੰਹ ਤੋੜ ਉੱਤਰ ਦੇਣ ਲਈ ਤਿਆਰ ਹੋ ਜਾਓ।'

ਗਾਰਡਨ ਨੇ ਠੀਕ ਲਿਖਿਆ ਹੈ ਕਿ ਸਰਬੱਤ ਖਾਲਸਾ ਬੁਲਾ ਕੇ ਸਰਦਾਰ ਜੱਸਾ ਸਿੰਘ ਜੀ ਨੂੰ ਸਾਰਿਆਂ ਸਾਹਮਣੇ ਜਥੇਦਾਰ ਥਾਪਣਾ ਸਿੱਖਾਂ ਦੀ ਸਭ ਤੋਂ ਵੱਡੀ ਸਿਆਣਪ ਸੀ। ਇਸ ਤਰ੍ਹਾਂ ਲੋਕ ਰਾਜ ਵਾਲੀ ਸ਼ਕਤੀ ਵੀ ਸਿੱਖਾਂ ਵਿਚ ਆ ਗਈ ਤੇ ਇਕ ਦਾ ਹੁਕਮ ਮੰਨਣ ਵਾਲੀ ਕ੍ਰਿਆ ਵੀ। ਇਸ ਤਰ੍ਹਾਂ ਕੌਮ ਵਿਚ ਕੁਰੀਤੀਆਂ ਵੀ ਨਹੀਂ ਆ ਸਕਦੀਆਂ ਸਨ। ਗ਼ਲਤ ਕਾਰਜ ਕਰਨ ਵਾਲੇ ਨੂੰ ਟੋਕ ਦਿੱਤਾ ਜਾਂਦਾ ਸੀ। ਗੰਗਾ-ਜਮਨੀ ਖ਼ਿਆਲਾਂ ਵਾਲੇ ਢਿੱਲੜ ਪੈਦਾ ਨਹੀਂ ਸਨ ਹੋ ਸਕਦੇ। ਐਸਾ ਦਲ ਤਿਆਰ ਹੋ ਗਿਆ ਸੀ ਜੋ ਰਾਵਾਂ ਦੇ ਲੈ ਕੇ, ਸੋਧ ਕਰ ਕੇ, ਅਗਵਾਈ ਦੇ ਕੇ, ਕੌਮ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਸੁਚੇਤ ਕਰਕੇ ਧਰਮ ਦਾ ਚਾਅ ਪੈਦਾ ਕਰਦਾ ਸੀ।


www.sikhbookclub.com

**ਮੀਰ ਮੰਨੂੰ ਦਾ ਕਮਾਨ ਸੰਭਾਲਣਾ**—ਮੀਰ ਮੰਨੂੰ ਦੇ ਗਵਰਨਰ ਬਣਨ ਵੇਲੇ ਅਰੰਭ ਵਿਚ ਉਸ ਨੇ ਸਿੰਘਾਂ ਨਾਲ ਵਿਗਾੜਨੀ ਠੀਕ ਨਾ ਸਮਝੀ। ਦੀਵਾਨ ਲੱਖਪਤ ਰਾਇ ਨੂੰ ਸਿੰਘਾਂ ਦੇ ਹਵਾਲੇ ਕਰ ਕੇ ਦੀਵਾਨ ਕੌੜਾ ਮੱਲ ਨੂੰ ਭੇਜਿਆ। ਸਰਦਾਰ ਜੱਸਾ ਸਿੰਘ ਜੀ ਨੇ ਕਿਹਾ ਸੀ ਕਿ ਅਸੀਂ ਮਦਦ ਕਰਨ ਨੂੰ ਤਿਆਰ ਹਾਂ, ਪਰ ਗੁਰਦੁਆਰਾ ਨਨਕਾਣਾ ਸਾਹਿਬ ਤੇ ਬਾਲ ਲੀਲ੍ਹਾ ਦੇ ਗੁਰਦੁਆਰੇ ਉਸਾਰਨ ਦੀ ਆਗਿਆ ਹੋਵੇ। ਇਹ ਸਾਰਾ ਜ਼ਿੰਮਾ ਦੀਵਾਨ ਕੌੜਾ ਮੱਲ ਨੇ ਆਪਣੇ ਤੇ ਲਿਆ। ਸਰਦਾਰ ਜੱਸਾ ਸਿੰਘ ਜੀ ਨੇ ਪੰਥ ਵਲੋਂ ਉਹਨਾਂ ਨੂੰ 'ਮਿੱਠਾ ਮੱਲ' ਦਾ ਖ਼ਿਤਾਬ ਦਿੱਤਾ।

**ਜੁਅਰਤਿ ਭਰਿਆ ਉੱਤਰ**—ਇਧਰ ਇਹ ਗੱਲਾਂ ਹੋ ਰਹੀਆਂ ਸਨ ਕਿ ਅਦੀਨਾ ਬੇਗ ਨੇ ਸਾਂਝਾ ਮੁਹਾਜ਼ ਬਣਾਉਣ ਲਈ ਸਰਦਾਰ ਜੱਸਾ ਸਿੰਘ ਨੂੰ ਲਿਖਿਆ ਕਿ ਉਹ ਵੀ ਆਪਣਾ ਵੱਖ ਰਾਜ ਬਣਾ ਲਵੇ ਤੇ ਮਨਜ਼ੂਰੀ ਦਿੱਲੀ ਤੋਂ ਲੈ ਦਿਆਂਗੇ, ਤਾਂ ਉਸੇ ਵੇਲੇ ਜੁਰਅਤਿ ਭਰਿਆ ਉੱਤਰ ਦੇਂਦੇ ਸਰਦਾਰ ਜੱਸਾ ਸਿੰਘ ਨੇ ਕਿਹਾ :

"ਸਮਝੌਤਾ ਕਿਸੇ ਸੂਰਤ ਨਹੀਂ ਹੋ ਸਕਦਾ ਕਿਉਂਕਿ ਦੋਵਾਂ ਵਿਚ ਖ਼ਿਆਲਾਂ ਦਾ ਅੰਤਰ ਹੈ। *ਸਿੱਖ ਉਸੇ ਹੀ ਤਲਵਾਰ ਨਾਲ ਰਾਜ ਬਣਾਉਣਗੇ, ਜਿਸ ਨਾਲ ਮੁਗ਼ਲਾਂ ਬਣਾਇਆ ਹੈ। ਮੁਲਾਕਾਤ ਮੈਦਾਨਿ-ਇ-ਜੰਗ ਵਿਚ ਹੀ ਹੋਵੇਗੀ। ਸ਼ਹੀਦੀਆਂ ਲਏ ਤੇ ਖ਼ੂਨ ਬਹਾਏ ਬਗ਼ੈਰ ਆਜ਼ਾਦੀਆਂ ਨਹੀਂ ਮਿਲਦੀਆਂ।* ਸਿੱਖਾਂ ਦੀ ਚਮਕਦੀ ਤਲਵਾਰ ਦੇਖ ਕੇ ਮੁਗਲ ਸਮਝੌਤੇ ਦੀਆਂ ਗੱਲਾਂ ਕਰਨ ਲੱਗੇ ਹਨ, ਜਦ ਇਹ ਕ੍ਰਿਪਾਨ ਚੱਲ ਪਈ ਤਾਂ ਰਾਜ ਕਦਮਾਂ ਵਿਚ ਹੋਵੇਗਾ। 'ਰਾਜ ਕਰੇਗਾ ਖਾਲਸਾ' ਕਿਸੇ ਦੇ ਰਹਿਮ-ਕਰਮ ਨਾਲ ਨਹੀਂ, ਵਾਹਿਗੁਰੂ ਦੀ ਰਹਿਮਤ ਤੇ ਬਖ਼ਸ਼ਿਸ਼ ਨਾਲ ਹੋਵੇਗਾ। ਜਿਨ੍ਹਾਂ ਦੇ ਮੱਥੇ ਤੇ ਰੱਬ ਆਪੂੰ ਮੁਲਖ ਲਿਖ ਦੇਵੇ ਉਹ ਹੋਰਨਾਂ ਪਾਸੋਂ ਕਾਗ਼ਜ਼ ਤੇ ਕੀ ਲਿਖਵਾਏ, ਜਿਸ ਤੇ ਦੋਹਾਂ ਜਹਾਨਾਂ ਦਾ ਪਾਤਸ਼ਾਹ ਪ੍ਰਸੰਨ ਹੋਵੇ। ਉਸ ਨੂੰ ਹੋਰ ਕਿਸੇ ਖੁਸ਼ੀ ਦੀ ਲੋੜ ਨਹੀਂ।"

ਆਦੀਨਾ ਬੇਗ ਦੀ ਚਾਲ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆ ਗਏ, ਪਰ ਰਾਮ-ਰੌਣੀ ਦੇ ਹਮਲੇ ਵੇਲੇ ਉਹ ਫਿਰ ਦਲ ਖਾਲਸਾ ਵਿਚ ਸ਼ਾਮਲ ਹੋਏ। ਦੀਵਾਨ ਕੌੜਾ ਮੱਲ ਦੀ ਮ੍ਰਿਤੂ ਉਪਰੰਤ ਅਤੇ ਮੰਨੂੰ ਦਾ ਅਬਦਾਲੀ ਦੇ ਕੈਂਪ ਵਿਚ ਜਾ ਕੇ ਈਨ ਮੰਨ ਲੈਣ ਨਾਲ ਅਤਿਆਚਾਰਾਂ ਦੇ ਚੱਕਰ ਫਿਰ ਸ਼ੁਰੂ ਹੋ ਗਏ। ਮੰਨੂੰ ਨੇ ਸਿੰਘਾਂ ਨੂੰ ਸ਼ਹੀਦ ਕਰਕੇ ਸ਼ਹੀਦ ਗੰਜ ਹੀ ਉਸਾਰ ਦਿੱਤਾ। ਪਰ ਕੌਮ ਇਹ ਹੀ ਪੜ੍ਹਦੀ ਰਹੀ :

**"ਮੰਨੂੰ ਅਸਾਂ ਦੀ ਦਾਤਰੀ ਅਸੀਂ ਮੰਨੂੰ ਦੇ ਸੋਏ।**
**ਜਿਉਂ-ਜਿਉਂ ਮੰਨੂੰ ਵੱਢਦਾ ਅਸੀਂ ਦੂਣੇ ਚੌਣੇ ਹੋਏ।"**

ਸਰਦਾਰ ਜੱਸਾ ਸਿੰਘ ਜੀ ਨੇ ਅਜਿਹੀ ਅਗਵਾਈ ਦਿੱਤੀ ਕਿ ਕੌਮ ਅੱਗੇ-ਅੱਗੇ ਹੀ ਵਧਦੀ ਗਈ। ਬਹਾਦਰੀ, ਜਵਾਂ-ਮਰਦੀ ਤੇ ਸਖ਼ਾਵਤ ਵਿਚ ਸਰਦਾਰ ਜੱਸਾ ਸਿੰਘ ਦੇ ਟਾਕਰੇ ਤੇ ਕੋਈ ਨਹੀਂ ਸੀ। ਰਹਿਮ-ਦਿਲ, ਬੇ-ਤਅੱਸਬ ਤੇ ਹਰ ਵੇਲੇ ਪੰਥ ਦੇ ਵਾਧੇ ਲਈ ਤੜਪਚ ਅਤੇ ਜੰਗ ਵਿਚ ਹਮੇਸ਼ਾ ਸਭ ਤੋਂ ਅੱਗੇ।

**ਨੁਹਾਰ ਤੇ ਸੁਭਾਅ**—ਉਨ੍ਹਾਂ ਦਾ ਕੱਦ ਲੰਮਾ, ਰੰਗ ਨਿਖ਼ਰਿਆ ਹੋਇਆ ਗੰਦਮ ਵਰਗਾ, ਚੌੜਾ ਮੱਥਾ, ਭਰਵੇਂ ਭਰਵੱਟੇ, ਖੁੱਲ੍ਹੀਆਂ ਅੱਖਾਂ, ਲੰਮੀਆਂ ਬਾਹਵਾਂ ਜੋ ਗੋਡਿਓਂ ਹੇਠਾਂ ਤੱਕ


www.sikhbookclub.com

ਜਾਂਦੀਆਂ ਸਨ। ਦਸਤਾਰ ਦੀ ਬਣਾਵਟ ਹਿੰਦੁਸਤਾਨੀ ਸੀ। ਖੁਰਾਕ ਵੀ ਬੜੀ ਸੀ। ਇਕ ਸੇਰ ਪੱਕਾ ਮੱਖਣ ਤੇ ਮਿਸ਼ਰੀ ਤਾਂ ਕੇਵਲ ਨਾਸ਼ਤਾ ਹੀ ਸੀ। ਸਿਹਤ ਇਤਨੀ ਸੀ ਕਿ ਇਕੱਲੇ ਹੀ ਅੱਧਾ ਬੱਕਰਾ ਖਾ ਕੇ ਹਜ਼ਮ ਕਰ ਜਾਂਦੇ ਸਨ। ਤੀਰ ਅੰਦਾਜ਼ ਬੜੇ ਸਨ। ਸੁਰਮਈ ਬਸਤਰ ਸਦਾ ਪਹਿਨਦੇ ਸਨ। ਜੰਗਾਂ ਲੜਦੇ ਇਹ ਤੱਕ ਲਿਆ ਸੀ ਕਿ ਵੱਡੀਆਂ ਤੋਪਾਂ ਜੰਗ ਵਿਚ ਕੰਮ ਨਹੀਂ ਆਉਂਦੀਆਂ। ਜੇ ਪਿਛੇ ਛੱਡ ਜਾਈਏ ਤਾਂ ਨਮੋਸ਼ੀ ਹੁੰਦੀ ਹੈ ਤੇ ਅਤੇ ਜੇ ਨਾਲ ਲੈ ਜਾਈਏ ਤਾਂ ਫ਼ੌਜ-ਕਸ਼ੀ ਨਹੀਂ ਹੋ ਸਕਦੀ। ਇਸ ਲਈ ਫ਼ੌਜ ਨਾਕਾ ਸਵਾਰਾਂ (ਊਠਣੀਆਂ ਦਾ ਜਥਾ ਬਣਾਇਆ) ਜਿਸ ਤੇ ਹਲਕੀਆਂ ਤੋਪਾਂ ਹੁੰਦੀਆਂ, ਜੋ ਹਰ ਥਾਂ ਪੁੱਜ ਜਾਂਦੀਆਂ ਸਨ।

ਆਪ ਦੀ ਸ਼ਾਦੀ ਵੀ ੧੭੪੫ ਈਸਵੀ ਨੂੰ ਫਤਿਆਬਾਦ ਹੋ ਗਈ ਸੀ।

ਬਹਾਦਰੀ ਤੇ ਬਹਾਦਰਾਂ ਦੇ ਬੜੇ ਕਦਰਦਾਨ ਸਨ। ਕਾਦੀਆਂ ਵਿਖੇ ਇਕ ਝੜਪ ਵਿਚ ਜਦ ਦੀਵਾਨ ਬਿਸ਼ੰਭਰ ਦਾਸ ਤੇ ਰਾਜਾ ਭੂਪ ਚੰਦ ਪਹਾੜੀਏ, ਆਪ ਜੀ ਦੇ ਹੱਥੋਂ ਮਾਰੇ ਗਏ ਤਾਂ ਅੱਗੇ ਵਧ ਕੇ ਆਪਣੇ ਵਲੋਂ ਦੁਸ਼ਾਲਾ ਬਿਸ਼ੰਭਰ ਦਾਸ ਤੇ ਪਾਇਆ ਤੇ ਕਿਹਾ ਕਿ ਬੜੀ ਬਹਾਦਰੀ ਨਾਲ ਲੜਦੇ ਉਸ ਜਾਨ ਦਿੱਤੀ ਹੈ।

**ਅੰਮ੍ਰਿਤ ਪ੍ਰਚਾਰ ਵੱਲ ਖਾਸ ਧਿਆਨ**—ਸਰਦਾਰ ਜੱਸਾ ਸਿੰਘ ਜੀ ਭਾਵੇਂ ਜੰਗਾਂ ਜੁੱਧਾਂ ਵਿਚ ਰੁਝੇ ਰਹਿੰਦੇ ਸਨ, ਪਰ ਪੂਰਾ ਧਿਆਨ ਅੰਮ੍ਰਿਤ ਪ੍ਰਚਾਰ ਵੱਲ ਦੇਂਦੇ। ਕੀਰਤਨ ਹੁਣ ਵੀ ਆਪੂੰ ਕਰਦੇ। ਆਸਾ ਦੀ ਵਾਰ ਕਦੇ ਖੁੰਝਾਈ ਨਹੀਂ ਸੀ। ਲੰਗਰ ਸਦਾ ਵਰਤਦਾ ਰਹਿੰਦਾ। ਕੋਈ ਆਵੇ ਛਕੇ। ਕਿਧਰੇ ਕਾਲ ਪਿਆ ਸੁਣਦੇ ਤਾਂ ਆਪੂੰ ਜਾ ਕੇ ਲੰਗਰ ਲਗਾਉਂਦੇ।

ਬਾਬਾ ਦੀਪ ਸਿੰਘ ਜੀ ਜਦ ਬੀੜ ਦੀ ਸੁਧਾਈ ਲਈ ਕਰਤਾਰਪੁਰ ਆਏ ਤਾਂ ਆਪੂੰ ਹੱਥੀਂ ਉਹਨਾਂ ਦੀ ਸੇਵਾ ਕਰਦੇ ਰਹੇ ਅਤੇ ਰਾਖੀ ਦੇ ਪੂਰੇ ਇੰਤਜ਼ਾਮ ਵੀ ਕੀਤੇ। ਉਹਨਾਂ ਦੇ ਇਸ ਵਤੀਰੇ ਵਿਹਾਰ ਕਰ ਕੇ ਬਹੁਤੇ ਲੋਕੀਂ ਅੰਮ੍ਰਿਤਪਾਨ ਕਰਨ ਲਈ ਪੁੱਜਦੇ। ਕੱਛ, ਕੁਰਤਾ, ਦਸਤਾਰ, ਚਾਦਰ ਤੇ ਕਿਰਪਾਨ ਆਪਣੇ ਵਲੋਂ ਦੇਂਦੇ। ਇਥੋਂ ਤੱਕ ਕੜਾਹ ਪ੍ਰਸ਼ਾਦ ਤੇ ਹੋਰ ਅਰਦਾਸੇ ਵੀ ਆਪਣੇ ਵਲੋਂ ਹੀ ਕਰਦੇ। ਅੰਮ੍ਰਿਤ ਛਕਣ ਤੋਂ ਬਾਅਦ ਕੋਈ ਜਥੇ ਵਿਚ ਰਹਿਣਾ ਲੋਚਦਾ ਜਾਂ ਘਰ ਜਾਣਾ ਚਾਹੁੰਦਾ ਤਾਂ ਪੂਰੀ ਆਗਿਆ ਸੀ, ਪਰ ਜੇ ਕੋਈ ਹੋਰ ਕਿਸੇ ਜਥੇ ਵਿਚ ਸ਼ਾਮਲ ਹੋਣਾ ਲੋੜਦਾ ਜਾਂ ਘਰ ਮੁੜਨ ਦੀ ਖ਼ਾਹਿਸ਼ ਕਰਦਾ ਤਾਂ ਵੀ ਨਾ ਰੋਕਦੇ।

ਸਿੰਘਾਂ ਦੇ ਕਮਾਲ ਦੇ ਆਚਰਨ ਕਾਰਨ ਇਤਨੀ ਇੱਜ਼ਤ ਸੀ, ਜਿੱਥੇ ਵੀ ਸਿੰਘ ਜਾਂਦੇ ਲੋਕੀਂ ਆਦਰ ਦੀ ਨਿਗਾਹ ਨਾਲ ਤੱਕਦੇ। ਸਿੰਘ ਸਭਨਾਂ ਦੀ ਇੱਜ਼ਤ ਦੇ ਰਾਖੇ ਜੂ ਗਿਣੇ ਜਾਂਦੇ ਸਨ।

**ਸੁਚੱਜੀ ਅਗਵਾਈ**—ਅਬਦਾਲੀ ਦਾ ਹਰ ਹਮਲਾ, ਜੋ ਸਿੰਘਾਂ ਦੀ ਤਾਕਤ ਵਧਾਉਣ ਦਾ ਕਾਰਨ ਬਣਿਆ ਤਾਂ ਇਹ ਸਰਦਾਰ ਜੱਸਾ ਸਿੰਘ ਦੀ ਸੂਝ ਦਾ ਸਦਕਾ ਸੀ।

**ਅੰਗ ਨਹੀਂ ਤੋੜਨੇ**—ਪੰਥ ਵਿਚ ਕਦੇ ਪਾੜ ਨਹੀਂ ਪੈਣ ਦਿੱਤਾ। ਇਕ ਵਾਰੀ ਜਦ ਪੰਥ ਨੇ ਫ਼ੈਸਲਾ ਕਰ ਦਿੱਤਾ ਕਿ ਬਾਬਾ ਆਲਾ ਸਿੰਘ ਨੂੰ ਅਬਦਾਲੀ ਦੀ ਮਦਦ ਕਾਰਨ ਸਜ਼ਾ ਦੇਣੀ ਹੈ ਤਾਂ ਆਪ ਜੀ ਨੇ ਵਿਚ ਪੈ ਕੇ ਸਮਝਾਇਆ ਕਿ ਉਸ ਨੇ ਜੋ ਕੀਤਾ ਸੀ ਉਹ ਸਮਾਂ ਟਾਲਣ ਲਈ ਸੀ। ਜੇ ਅਬਦਾਲੀ ਨੂੰ ਆਲਾ ਸਿੰਘ ਪਾਨੀਪਤ ਰਸਦ ਪਹੁੰਚਾਂਦਾ ਰਿਹਾ ਹੈ

 www.sikhbookclub.com

ਤਾਂ ਤੁਹਾਨੂੰ ਉਹ ਗੋਲਾ-ਬਾਰੂਦ ਤੇ ਘੋੜੇ ਵੀ ਭੇਜਦਾ ਰਿਹਾ ਹੈ। ਇਸ ਤਰ੍ਹਾਂ ਅੰਗ ਨਿਖੇੜਨੇ ਠੀਕ ਨਹੀਂ। ਇਥੋਂ ਤੱਕ ਕਿਹਾ : *'ਇਹ ਗੁਰੂ ਕਾ ਸਿੱਖ ਹੈ, ਕੋਈ ਸ਼ਬਦ ਹੱਤਕ ਵਾਲਾ ਵੀ ਇਨ੍ਹਾਂ ਨੂੰ ਨਹੀਂ ਕਹਿਣਾ। ਚੰਗਾ ਇਹ ਹੈ ਕਿ ਤਨਖ਼ਾਹ ਲਗਾ ਕੇ ਫਿਰ ਨਵੇਂ ਸਿਰਿਓਂ ਅੰਮ੍ਰਿਤ ਛਕਾ ਕੇ ਨਾਲ ਰਲਾ ਲਿਆ ਜਾਏ।'* ਫਿਰ ਅੰਮ੍ਰਿਤ ਵੀ ਜੱਸਾ ਸਿੰਘ ਨੇ ਆਪੂੰ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਛਕਾਇਆ। ਬਾਬਾ ਆਲਾ ਸਿੰਘ ਜੀ ਹੱਥੀਂ ਕੜਾਹ ਪ੍ਰਸ਼ਾਦ ਵਰਤਾਇਆ ਤੇ ਇਕੱਠਿਆਂ ਸਭ ਸਰਦਾਰਾਂ ਨੇ ਲੰਗਰ ਛਕਿਆ। ਆਪੂੰ ਇਤਨੀ ਦੇਰ ਢੀਂਗਾ ਮਾਜਰਾ ਪਟਿਆਲਾ ਦੀ ਰਿਆਸਤ ਰਹੇ ਤਾਂ ਕਿ ਕੋਈ ਉਨ੍ਹਾਂ ਨੂੰ ਨੁਕਸਾਨ ਨਾ ਪਹੁੰਚਾਏ। ਇਸੇ ਤਰ੍ਹਾਂ ਸਾਰੇ ਪੰਥ ਨੂੰ ਨਵਾਂ ਰਾਹ ਦਰਸਾਇਆ ਕਿ *ਜੋ ਭੁਲ ਮੰਨ, ਪੰਥ ਦੀ ਸ਼ਰਨ ਆਵੇ ਉਸ ਨੂੰ ਬਖ਼ਸ਼ ਦੇਣਾ ਚਾਹੀਦਾ ਹੈ।*

ਇਸ ਤਰ੍ਹਾਂ ਜਦ ਕਰਤਾਰਪੁਰ ਇਕੱਠ ਕੀਤਾ ਤਾਂ ਸਰਬੱਤ ਖਾਲਸੇ ਨੂੰ ਕਿਹਾ ਕਿ ਹੁਕਮ ਗੁਰੂ ਗੋਬਿੰਦ ਸਿੰਘ ਜੀ ਦਾ ਸੀ ਕਿ ਧੀਰ ਮੱਲੀਆਂ ਨਾਲ ਨਹੀਂ ਵਰਤਣਾ, ਪਰ ਹੁਣ ਇਨ੍ਹਾਂ ਲੋਕਾਂ ਖੰਡੇ ਦੀ ਪਾਹੁਲ ਲੈ ਸਿੰਘ ਬਣਨਾ ਕਬੂਲ ਕਰ ਲਿਆ ਹੈ। ਇਸੇ ਤਰ੍ਹਾਂ ਮਹਾਰਾਜ ਦੀ ਆਗਿਆ ਅਨੁਸਾਰ ਇਹ ਲਾਇਕ ਸ਼ਮੂਲੀਅਤ ਪੰਥ ਹੈ। ਆਪਣੀ ਹੱਥੀਂ ਅੰਮ੍ਰਿਤ ਛਕਾਇਆ। ਫਿਰ ਉਨ੍ਹਾਂ ਨੂੰ ਕਿਹਾ ਕਿ ਲੰਗਰ ਤਿਆਰ ਕਰੋ ਅਤੇ ਸਾਰਿਆਂ ਨੇ ਪੰਗਤ ਵਿਚ ਬੈਠ ਕੇ ਉਨ੍ਹਾਂ ਦੇ ਹੱਥੀਂ ਛਕਿਆ।

**ਵੱਡੇ ਘੱਲੂਘਾਰੇ ਵੇਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਕਰਤਬ**—ਵੱਡੇ ਘੱਲੂਘਾਰੇ ਵੇਲੇ ਜਦ ਅਹਿਮਦ ਸ਼ਾਹ ਅਬਦਾਲੀ ਨੇ ਅਚਾਨਕ ਹਮਲਾ ਕੀਤਾ ਤੇ ਵਹੀਰ ਦਾ ਬਚਣਾ ਮੁਸ਼ਕਿਲ ਹੋ ਗਿਆ ਤਾਂ ਸਰਦਾਰ ਜੱਸਾ ਸਿੰਘ ਨੇ ਕੌਮ ਦੇ ਸਭ ਜਥੇਦਾਰਾਂ ਦਾ ਇਕੱਠ ਕੀਤਾ ਤੇ ਗੋਲਾਕਾਰ ਬਣਾ ਕੇ ਵਹੀਰ ਨੂੰ ਬਚਾਅ ਲੈ ਜਾਣ ਲਈ ਕਿਹਾ। ਉਸ ਸਮੇਂ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਤਜਵੀਜ਼ ਰੱਖੀ ਕਿ ਵੱਖ-ਵੱਖ ਮਿਸਲਾਂ ਦੇ ਝੰਡੇ ਹੇਠਾਂ ਟਾਕਰਾ ਕਰਨਾ ਚਾਹੀਦਾ ਹੈ, ਤਾਂ ਉਸ ਵੇਲੇ ਡਾਂਟ ਕੇ ਸਰਦਾਰ ਆਹਲੂਵਾਲੀਆ ਨੇ ਕਿਹਾ :

**ਮਿਸਲ ਵੰਡ ਅਬ ਕਬਹੂੰ ਨ ਪਾਵੋ।**
**ਰਲ ਮਿਲ ਖੜ ਤੁਰ ਪੰਥ ਬਚਾਵੋ ॥ ੫੨ ॥** (ਪ੍ਰਾਚੀਨ ਪੰਥ ਪ੍ਰਕਾਸ਼)

ਆਪੂੰ ਅੱਗੇ ਹੋ ਅਗਵਾਈ ਕੀਤੀ। ਸਰਦਾਰ ਚੜ੍ਹਤ ਸਿੰਘ ਜੀ ਨੇ ਵੀ ਸਭ ਤੋਂ ਅੱਗੇ ਹੋ ਅਫ਼ਗਾਨ ਫ਼ੌਜਾਂ ਨੂੰ ਰੋਕਾਂ ਪਾਈਆਂ।

ਇਕ ਸਮੇਂ ਘੱਲੂਘਾਰੇ ਵਿਚ ਹੀ ਸਰਦਾਰ ਜੱਸਾ ਸਿੰਘ ਜੀ ਐਸੇ ਘਿਰੇ ਕਿ ਉਨ੍ਹਾਂ ਦੇ ਅੰਗ ਪਾਲਕ ਭਾਈ ਗੁਰਮੁਖ ਸਿੰਘ ਨੇ ਚਾਬਕ ਚੁੱਕੀ ਤਾਂ ਕਿ ਘੋੜਾ ਦੌੜ ਕੇ ਪਾਸੇ ਹੋ ਜਾਏ, ਤਾਂ ਉਸ ਸਮੇਂ ਬੜੀ ਉੱਚੀ ਆਵਾਜ਼ ਵਿਚ ਸਰਦਾਰ ਜੱਸਾ ਸਿੰਘ ਨੇ ਕਿਹਾ—"ਐਸੀ ਨਾ ਕਰੀਂ, ਨੱਸ-ਭੱਜ ਦਾਗ਼ ਲੱਗ ਜਾਣ ਨਾਲੋਂ ਤਾਂ ਸ਼ਹੀਦ ਹੋ ਜਾਣਾ ਬਿਹਤਰ ਹੈ।'

**ਪੰਥ ਸੁਨੈ ਹਮ ਕੋ ਕਰੈ ਠੱਠਾ।**
**ਘੋੜਾ ਭੁਟਾਇ ਜੱਸਾ ਸਿੰਘ ਨੱਠਾ।**
**ਕਯਾ ਮੁਖ ਲੈ ਮੈਂ ਬਹੌ ਦਿਵਾਨ।**
**ਕਰੈਂ ਮਸਕਰੀ ਹਮ ਕੋ ਆਨ ॥ ੮੬ ॥**

 www.sikhbookclub.com

**ਮੈਂ ਖਾਲਸੈ ਪਾਤਿਸ਼ਾਹੁ ਕਹਾਯੋ।**
**ਭੁਮ ਚਾਹਤ ਹਮ ਗੀਦੀ ਬਨਾਯੋ।**
**ਇਸ ਜੀਵਣ ਤੇ ਮਰਨੋ ਬੇਸ਼।**
**ਰਹੈ ਜੱਸ ਜਿਸ ਜਗ ਮੈਂ ਲੇਸ਼॥ ੮੭॥** (ਪ੍ਰਾਚੀਨ ਪੰਥ ਪ੍ਰਕਾਸ਼, ੩੬੭)

ਆਪ ਜੀ ਹਮੇਸ਼ਾ ਬੜੇ ਚੰਗੇ ਤੇ ਕੀਮਤੀ ਘੋੜੇ ਤੇ ਸਵਾਰੀ ਕਰਦੇ ਸਨ। ਕਈ ਵਾਰ ਸਰਦਾਰਾਂ ਨੇ ਕਿਹਾ ਕਿ ਅਜਿਹਾ ਨਾ ਕੀਤਾ ਕਰੋ ਕਿਉਂਕਿ ਘੋੜੇ ਤੋਂ ਝੱਟ ਪਛਾਣੇ ਜਾਂਦੇ ਹੋ। ਪਰ ਜੇ ਅਜਿਹੇ ਘੋੜੇ ਦੀ ਸਵਾਰੀ ਨਹੀਂ ਛੱਡ ਸਕਦੇ ਤਾਂ ਘੱਟ ਤੋਂ ਘੱਟ ਜੰਗ ਸਮੇਂ ਤਾਂ ਨਾ ਕੀਤਾ ਕਰੋ। ਪਰ ਆਪ ਜੀ ਨੇ ਕਿਹਾ :

"ਮੇਰਾ ਅਜਿਹੇ ਘੋੜੇ ਰੱਖਣ ਦਾ ਮੰਤਵ ਹੀ ਇਹ ਹੈ ਕਿ
ਝਟ ਪਛਾਣਿਆ ਜਾਵਾਂ ਤਾਂ ਕਿ ਸਿੱਧਾ ਟਾਕਰਾ ਹੋਵੇ।"

ਸਰਦਾਰ ਜੱਸਾ ਸਿੰਘ ਨੇ ਇਸੇ ਘੱਲੂਘਾਰੇ ਵਿਚ ਅਹਿਮਦ ਸ਼ਾਹ ਨੂੰ ਵੀ ਵੰਗਾਰਿਆ। ਵੰਗਾਰ ਦੇ ਸ਼ਬਦ ਇਹ ਸਨ :

'ਅਗਰ ਬਹਾਦਰੀ ਦਾ ਰਤਾ ਕੁ ਮਾਣ ਸਿਰ ਵਿਚ ਹੈ (ਗੁਰੂਰਿ-ਸ਼ੁਜਾਹ) ਤਾਂ ਅੱਗੇ ਵਧ ਦੋ-ਦੋ ਹੱਥ ਤਲਵਾਰ ਦਿਖਲਾ। ਕਿਉਂਕਿ ਇਹ ਸਮਾਂ ਬਹਾਦਰਾਂ ਦੀ ਬਹਾਦਰੀ ਦਿਖਲਾਨੇ ਕਾ ਹੈ।'

ਪਰ ਕੁਝ ਅਜਿਹਾ ਅਸਰ ਅਹਿਮਦ ਸ਼ਾਹ ਤੇ ਪਿਆ ਕਿ ਉਸ ਪਿੱਛੇ ਹਟ ਜਾਣਾ ਹੀ ਠੀਕ ਸਮਝਿਆ। ਉਧਰੋਂ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਵੀ ਘੋੜਾ ਦੌੜਾ ਅਹਿਮਦ ਸ਼ਾਹ ਪਿੱਛੇ ਲੱਗ ਪਏ।

**ਸਰਹੰਦ ਦੀ ਜਿੱਤ**—ਭਾਵੇਂ ਪੰਜਾਹ ਹਜ਼ਾਰ ਸਿੰਘ ਇਕੋ ਦਿਨ ਇਸ ਘੱਲੂਘਾਰੇ ਵਿਚ ਸ਼ਹੀਦ ਹੋ ਗਿਆ ਸੀ, ਪਰ ਸਰਦਾਰ ਜੱਸਾ ਸਿੰਘ ਦੀ ਅਗਵਾਈ ਨੇ ਕੌਮ ਵਿਚ ਬੇ-ਦਿਲੀ ਨਾ ਆਉਣ ਦਿੱਤੀ ਤੇ ਸਰਹੰਦ ਤੇ ਹਮਲਾ ਕਰਕੇ ਜ਼ੈਨ ਖ਼ਾਨ ਨੂੰ ਮਾਰ ਮੁਕਾਇਆ। ਉਸ ਨੂੰ ਵੀ ਆਪੂੰ ਦਫ਼ਨਾਇਆ। ਉਸ ਦੀ ਤਲਵਾਰ ਤੋਹਫੇ ਦੇ ਤੌਰ ਤੇ ਪਾਸ ਰੱਖੀ ਤੇ ਸ਼ਹਿਰ ਦੀ ਅਹਲਕਾਰੀ ਬਾਬਾ ਆਲਾ ਸਿੰਘ ਜੀ ਦੇ ਹਵਾਲੇ ਕੀਤੀ। ਗੁਰਦੁਆਰੇ ਦੀ ਉਸਾਰੀ ਆਪੂੰ ਕਰਵਾਈ ਤੇ ਗੁਰਦੁਆਰੇ ਦੀ ਸੰਭਾਲ ਲਈ ਮੁਆਮਲਾ ਵੀ ਮੁਕੱਰਰ ਕਰਾਇਆ।

**ਮੁੜ ਉਸਾਰੀ ਦਰਬਾਰ ਸਾਹਿਬ**—ਸ੍ਰੀ ਅੰਮ੍ਰਿਤਸਰ ਵੀ ਉਸੇ ਸਾਲ ੧੭੬੨ ਜਾ ਲਿਆ ਤੇ ਪਹਿਲਾ ਕੰਮ ਅਰਦਾਸ ਕਰਨ ਉਪਰੰਤ ਇਹ ਕੀਤਾ ਕਿ ਚਾਦਰ ਵਿਛਾਈ ਤੇ ਨਵੇਂ ਸਿਰਿਓਂ ਉਸਾਰੀ ਕਰਨ ਦਾ ਸੁਝਾਅ ਦਿੱਤਾ। ਆਪਣੇ ਵਲੋਂ ਪਹਿਲਾਂ ੯ ਲੱਖ ਰੁਪਿਆ, ਜਿਤਨਾ ਕੁਝ ਖ਼ਜ਼ਾਨੇ ਵਿਚ ਸੀ, ਚਾਦਰ ਤੇ ਰੱਖਿਆ ਤੇ ਪੰਜ ਲੱਖ ਰੁਪਏ ਉਸੇ ਸਮੇਂ ਹੋਰ ਇਕੱਠੇ ਹੋਏ । ਚੌਦਾਂ ਲੱਖ ਰੁਪਏ ਭਾਈ ਦੇਸ ਰਾਜ ਨੂੰ ਦੇ ਕੇ ਨੀਅਤ ਕੀਤਾ ਕਿ ਉਸਾਰੀ ਦੇ ਕੰਮ ਨੂੰ ਸਿਰੇ ਚਾੜ੍ਹਨ। ਹੁਕਮ ਦਿੱਤਾ ਕਿ ਬਗੈਰ ਅੰਮ੍ਰਿਤਧਾਰੀ ਤੋਂ ਕੋਈ ਕਾਰ ਸੇਵਾ ਵਿਚ ਹਿੱਸਾ ਨਾ ਲਵੇ। ਜਿੱਥੇ ਗੁਰੂ ਰਾਮਦਾਸ ਜੀ ਬੈਠ ਸਰੋਵਰ ਦੀ ਸੇਵਾ ਕਰਾਂਦੇ ਸਨ, ਉਹ ਅਠਸਠ ਤੀਰਥ ਪਹਿਲਾਂ ਬਣਵਾਇਆ। ਦਰਬਾਰ ਸਾਹਿਬ ਦਾ ਉਹ ਹੀ ਦਸਤੂਰ-ਅਮਲ ਜਾਰੀ ਕੀਤਾ, ਜੋ ਭਾਈ ਮਨੀ ਸਿੰਘ ਜੀ ਨੇ ਜਾਰੀ ਕੀਤਾ ਸੀ। ਬਾਣੀ ਦੇ ਸਤਿਕਾਰ ਤੇ ਸਿੱਖੀ

 www.sikhbookclub.com

ਪਿਆਰ ਲਈ ਪੂਰਨੇ ਪਾਏ। ਇਸੇ ਤਰ੍ਹਾਂ ਸੁਲਤਾਨਪੁਰ ਦੇ ਸਭ ਗੁਰਦੁਆਰੇ ਹੱਟ ਸਾਹਿਬ, ਬੇਰ ਸਾਹਿਬ, ਬਾਗ਼ ਮਹਲ ਅਤੇ ਬੇਬੇ ਨਾਨਕੀ ਉਸਾਰੇ। ਜਦ ਇਹ ਪਤਾ ਲੱਗਾ ਕਿ ਭਾਈ ਧਿਆਨ ਸਿੰਘ ਛੀਂਬੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਯਾਦ ਹੈ ਤਾਂ ਉਚੇਚੇ ਉਸ ਪਾਸ ਜਾ ਆਦਰ ਦਿੱਤਾ।

**ਇਨਸਾਫ਼ ਪਸੰਦ**—ਇਨਸਾਫ਼ ਪਸੰਦ ਇਤਨੇ ਕਿ ਸਾਹਿਬ ਰਾਇ ਨੂੰ ਤਿੰਨ ਲੱਖ ਰੁਪਿਆ ਆਪਣੇ ਖ਼ਜ਼ਾਨੇ ਵਿਚੋਂ ਦਿੱਤਾ। ਇਹ ਸਾਹਿਬ ਰਾਇ ਉਹ ਹੀ ਸੀ ਜਿਸ ਨੇ ਦਰਬਾਰ ਸਾਹਿਬ ਨੂੰ ਹੋਰ ਨੁਕਸਾਨ ਤੋਂ ਬਚਾਉਣ ਲਈ ਅਬਦਾਲੀ ਨੂੰ ਤਿੰਨ ਲੱਖ ਰੁਪਏ ਦੇ ਕੇ ਆਪਣੇ ਪਾਸ ਰਹਿਣ ਰੱਖ ਲਿਆ ਸੀ ਅਤੇ ਹੁਣ ਚੜ੍ਹਤ ਲੈ ਰਿਹਾ ਸੀ। ਸਿੰਘਾਂ ਨੇ ਹੁਣ ਜਦ ਚੜ੍ਹਤ ਨਾ ਦੇਣ ਦੀ ਗੱਲ ਕਹੀ ਤਾਂ ਸਰਦਾਰ ਜੱਸਾ ਸਿੰਘ ਨੇ ਕਿਹਾ ਕਿ ਜੋ ਸਾਹਿਬ ਰਾਇ ਦਾ ਬਣਦਾ ਏ, ਦੇ ਦਿਉ, ਇਸ ਵਿਚਾਰੇ ਦਾ ਕੀ ਕਸੂਰ ਹੈ, ਉਸ ਕੋਲੋਂ ਤਾਂ ਸਗੋਂ ਧਰਮ ਦਾ ਕੰਮ ਹੋਇਆ ਹੈ। ਤਿੰਨ ਲੱਖ ਰੁਪਏ ਦੇ ਕੇ ਰਹਿਣ ਛੁੜਵਾਇਆ।

**ਉਦਾਰ ਚਿੱਤ**—ਉਦਾਰ ਚਿੱਤ ਇਤਨੇ ਕਿ ਜਦ ਵੈਰੋਵਾਲ ਦੇ ਯਤੀਮ ਬੱਚੇ, ਜੀਵਨ ਖ਼ਾਨ ਪਠਾਣ ਦੀ ਬੇਵਾ ਮਾਈ ਲੈ ਕੇ ਸਰਦਾਰ ਜੱਸਾ ਸਿੰਘ ਪਾਸ ਆਈ ਕਿ ਵੈਰੀ ਪਠਾਣ ਉਸ ਨੂੰ ਲਾਚਾਰ ਜਾਣ ਕੇ ਉਸ ਦੇ ਪਿੰਡ ਤੇ ਕਬਜ਼ਾ ਕਰਨਾ ਲੋੜਦੇ ਹਨ ਤਾਂ ਵੈਰੋਵਾਲ ਤੋਂ ਬਾਹਰ ਕਿਲ੍ਹਾ ਬਣਵਾ ਦਿੱਤਾ। ਇਸੇ ਤਰ੍ਹਾਂ ਜਦ ਦੇਖਿਆ ਕਿ ਰਾਜਾ ਜਵਾਹਰ ਸਿੰਘ ਭਰਤ ਗੜ੍ਹੀਆ ਨੇ ਪ੍ਰਣ ਕਰ ਰੱਖਿਆ ਹੈ ਕਿ ਜਦ ਤੱਕ ਆਪਣੇ ਬਾਪ ਸੂਰਜ ਮੱਲ ਦੇ ਕਾਤਲ ਸ਼ੇਰ ਖ਼ਾਨ ਨੂੰ ਉਹ ਨਹੀਂ ਮੁਕਾਂਦਾ, ਦਸਤਾਰ ਨਹੀਂ ਬੰਨ੍ਹੇਗਾ ਤਾਂ ਉਸ ਨੂੰ ਢਾਰਸ ਦਿੱਤੀ ਕਿ ਇਹ ਕਾਰਜ ਉਨ੍ਹਾਂ ਤੇ ਛੱਡੇ। ਆਪਣੇ ਹੱਥੀਂ ਜਵਾਹਰ ਮੱਲ ਨੂੰ ਪਗੜੀ ਬੰਨ੍ਹੀ ਤੇ ਨਜੀਬ-ਉਦ-ਦੌਲਾ ਨੂੰ ਵਕੀਲ ਰਾਹੀਂ ਲਿਖ ਭੇਜਿਆ ਕਿ ਸ਼ੇਰ ਖ਼ਾਨ ਨੂੰ ਹਵਾਲੇ ਕਰੇ, ਨਹੀਂ ਤੇ ਇਲਾਕਾ ਉਜਾੜ ਦਿੱਤਾ ਜਾਵੇਗਾ। ਨਜੀਬ ਖ਼ਾਨ ਦੇ ਯਕੀਨ ਦਿਲਵਾਉਣ ਤੇ ਕਿ ਸ਼ੇਰ ਖ਼ਾਨ ਦੀ ਜੰਗ ਵਿਚ ਮ੍ਰਿਤੂ ਹੋ ਗਈ ਹੈ ਤੇ ਉਹ ਰਿਆਸਤ ਵਿਚ ਨਹੀਂ, ਤਸੱਲੀ ਹੋ ਜਾਣ ਤੇ ਹੀ ਪੰਜਾਬ ਮੁੜੇ।

**ਅਕਾਲ ਬਖ਼ਸ਼**—ਅਬਦਾਲੀ ਦੇ ਕਾਬਲ ਮੁੜਨ ਤੇ ਉਸ ਦੇ ਨੀਅਤ ਕੀਤੇ ਜਰਨੈਲ ਜਹਾਨ ਖ਼ਾਨ ਨੂੰ ਮਾਰ ਨਸਾਇਆ। ਜਹਾਨ ਖ਼ਾਨ ਹਾਥੀ ਤੋਂ ਉਤਰ ਘੋੜੇ ਤੇ ਚੜ੍ਹ ਅਜਿਹਾ ਭੱਜਿਆ ਕਿ ਆਪਣੀ ਬੇਗਮ ਵੀ ਪਿਛੇ ਛੱਡ ਗਿਆ। ਸਰਦਾਰ ਜੱਸਾ ਸਿੰਘ ਜੀ ਨੇ ਬੇਗਮ ਨੂੰ ਪੁੱਛਿਆ ਕਿ ਉਹਨਾਂ ਨੂੰ ਕਿੱਥੇ ਪਹੁੰਚਾਇਆ ਜਾਵੇ ? ਤਾਂ ਉਸ ਕਿਹਾ ਕਿ ਜੰਮੂ ਦੇ ਰਾਜੇ ਦੀ ਰਾਣੀ ਉਸ ਦੀ ਮੂੰਹ ਬੋਲੀ ਭੈਣ ਹੈ, ਉਸ ਪਾਸ ਪਹੁੰਚਾਣ ਤੇ ਉਹ ਆਪੇ ਘਰ ਪੁੱਜ ਜਾਵੇਗੀ। ਬੜੇ ਆਦਰ ਨਾਲ ਚੋਣਵੇਂ ਸਰਦਾਰਾਂ ਨਾਲ ਬੇਗਮ ਨੂੰ ਜੰਮੂ ਪਹੁੰਚਾਇਆ। ਉਹ ਹਾਥੀ, ਜਿਸ ਨੂੰ ਮਰਹੱਟਾ ਜਰਨੈਲ ਹੋਲਕਰ ਪਾਣੀਪਤ ਦੇ ਮੈਦਾਨ ਛੱਡ ਗਏ ਸਨ ਅਤੇ ਕਬਜ਼ਾ ਕਰ ਪਹਿਲਾਂ ਅਬਦਾਲੀ ਸਵਾਰੀ ਕਰਦਾ ਰਿਹਾ ਤੇ ਫਿਰ ਜਹਾਨ ਖ਼ਾਨ ਨੂੰ ਦੇ ਗਿਆ ਸੀ, ਉਸ ਨੂੰ ਸਰਦਾਰ ਜੱਸਾ ਸਿੰਘ ਨੇ ਪਾਸ ਰੱਖਿਆ ਤੇ ਹੁਣ ਨਾਮ ਅਕਾਲ ਬਖ਼ਸ਼ ਰੱਖਿਆ। ਦੇਸ਼ ਦੀ ਜਾਂਦੀ ਇੱਜ਼ਤ ਦੇ ਰਾਖੇ ਸਿੰਘ ਹੀ ਹਨ। ਇਹ ਯਾਦ ਰਵ੍ਹੇ ਕਿ ਪਾਣੀਪਤ ਦੇ ਮੈਦਾਨ ਵਿਚੋਂ ਮਰਹੱਟਣਾਂ ਨੂੰ ਵੀ ਦੂਰ ਮਹਾਂਰਾਸ਼ਟਰ ਵਿਚ ਆਪਣੇ ਘਰਾਂ ਤੱਕ ਸਿੰਘਾਂ ਨੇ ਜਫ਼ਰ ਜਾਲ

ਪਹੁੰਚਾਇਆ ਸੀ। ਬਾਈ ਸੌ ਬੱਚੀ, ਜੋ ਅਬਦਾਲੀ ਨਾਲ ਲੈ ਜਾ ਰਿਹਾ ਸੀ, ਉਸ ਦੀ ਪੱਤ ਵੀ ਖਾਲਸੇ ਨੇ ਰੱਖੀ ਸੀ।

ਇਹ ਸੁਣਨ ਵਿਚ ਆਇਆ ਹੈ ਕਿ ਸ੍ਰੀ ਤਪਾਸੇ ਰਹਿ ਚੁਕੇ ਗਵਰਨਰ, ਹਰਿਆਣਾ ਨੇ ਉਥੇ, ਜਿੱਥੇ ਮਰਹੱਟੇ ਪਾਣੀਪਤ ਦੇ ਮੈਦਾਨਿ-ਜੰਗ ਵਿਚ ਕੰਮ ਆਏ ਸਨ, ਮੈਮੋਰੀਅਲ ਬਣਾਏ ਜਾਣ ਦੀ ਤਜਵੀਜ਼ ਰੱਖੀ ਹੈ। ਘੱਟ ਤੋਂ ਘੱਟ ਯਾਦਗਾਰ ਤਾਂ ਉਸ ਜਰਨੈਲ ਦੀ ਬਣਾਉ ਜਿਸ ਨੇ ਮਾਧੋ ਰਾਉ ਦਾ ਹਾਥੀ ਵਾਪਸ ਲਿਆ ਤੇ ਹਰ ਮਰਹੱਟੀ ਔਰਤ ਦੀ ਪੱਤ ਰੱਖੀ। ਇਹ ਅਕਾਲ ਬਖ਼ਸ਼ ਹਾਥੀ ਸ਼ਾਨ-ਸ਼ੌਕਤ ਵਿਚ ਬੇਮਿਸਾਲ ਸੀ।

ਗਊ-ਕਸ਼ੀ ਹੁੰਦੇ ਸੁਣ ਕੇ ਲਾਹੌਰ ਦੇ ਬੁੱਚੜਾਂ ਨੂੰ ਕਈ ਵਾਰੀ ਸਜ਼ਾ ਦਿੱਤੀ ਅਤੇ ਜਦ ਜ਼ਲਾਲਾਬਾਦ ਦੇ ਇਕ ਬ੍ਰਾਹਮਣ ਨੇ ਆ ਕੇ ਫ਼ਰਯਾਦ ਕੀਤੀ ਕਿ ਸੱਯਦ ਮੁਹੰਮਦ ਖ਼ਾਨ ਹਾਕਮ ਜਲਾਲਾਬਾਦ ਲਾਹੌਰੀ ਨੇ ਕਵਾਰੀ ਬੱਚੀ ਨੂੰ ਹਰਮ ਪਾ ਲਿਆ ਹੈ ਤਾਂ ਹਮਲਾ ਕਰ ਕੇ ਲੜਕੀ ਨੂੰ ਬ੍ਰਾਹਮਣ ਘਰ ਪਹੁੰਚਾਇਆ ਤੇ ਸੱਯਦ ਖ਼ਾਨ ਨੂੰ ਕੁਕਰਮਾਂ ਦੀ ਸਜ਼ਾ ਦਿੱਤੀ। ਸਭ ਰਾਹਜ਼ਨਾਂ ਨੂੰ ਪਕੜ ਮਾਰਿਆ ਤਾਂ ਕਿ ਉੱਤਰੀ ਹਿੰਦੁਸਤਾਨ ਵਿਚ ਕਿਸੇ ਦੇ ਆਉਣ ਜਾਣ ਤੇ ਕੋਈ ਹੱਥ ਨਾ ਉਠਾਏ।

ਜਦ ਦਿੱਲੀ ਦੇ ਤਖ਼ਤ ਤੇ ੧੧ ਮਾਰਚ, ੧੭੮੩ ਨੂੰ ਲਾਲ ਕਿਲ੍ਹੇ ਤੇ ਬੈਠੇ ਤਾਂ ਉਸੇ ਸਮੇਂ ਹੀ ਉਤਰ ਆਏ, ਕਿਉਂਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਕਿਹਾ ਸੀ ਕਿ ਉਸ ਦਾ ਹੱਕ ਹੈ, ਕਿਉਂਕਿ ਗੰਗਾ ਜਮਨਾ ਦੁਆਬ ਵਿਚ ਉਹ ਡੇਰਾਂ ਮਾਰਦੇ ਰਹੇ ਸਨ।

SIKHBOOKCLUB.COM

ਜ਼ਰਾ ਮੂੰਹ ਨ ਵਟਾਇਆ, ਸਿਰਫ਼ ਇਤਨਾ ਕਿਹਾ :

*ਮੈਂ ਤਾਂ ਮਾਤਾ ਸੁੰਦਰੀ ਜੀ ਅਤੇ ਪੰਥ ਦੇ ਹੁਕਮ ਦਾ ਬੱਝਾ ਬੈਠਾ ਸਾਂ। ਇਥੇ ਝਗੜਨਾ ਜ਼ੇਬ ਨਹੀਂ ਦਿੰਦਾ।*

ਸਦਾ ਇਤਨੀ ਨਿਮਰਤਾ ਦੱਸੀ ਕਿ ਕਦੇ ਆਪਣੇ ਨਾਮ ਨਾਲ ਕੋਈ ਲਕਬ ਰਾਜਾ, ਨਵਾਬ ਜਾਂ ਪਾਤਸ਼ਾਹ ਨਾ ਲਗਾਇਆ। ਕੇਵਲ 'ਅਕਾਲ ਸਹਾਇ, ਜੱਸਾ ਸਿੰਘ' ਹੀ ਲਿਖਦੇ।

**ਅਕਾਲ ਚਲਾਣਾ**—ਦੀਵਾਲੀ ਦੇ ਮੇਲੇ ਸ੍ਰੀ ਅੰਮ੍ਰਿਤਸਰ ਪੁੱਜੇ ਹੀ ਸਨ ਕਿ ਪੇਟ ਵਿਚ ਸੂਲ ਉੱਠਿਆ। ਜਦ ਦੇਖਿਆ ਕਿ ਇਲਾਜ ਦੇ ਬਾਵਜੂਦ ਤਬੀਅਤ ਠੀਕ ਨਹੀਂ ਹੋ ਰਹੀ ਤਾਂ ਸਭ ਸਰਦਾਰਾਂ ਨੂੰ ਬੁਲਾ ਕੇ ਕਿਹਾ ਕਿ—

"ਅੰਤਮ ਸਮਾਂ ਨੇੜੇ ਆ ਗਿਆ ਹੈ, ਹੁਣ ਉਹਨਾਂ ਦਾ ਧਿਆਨ ਹੋਰ ਕਿਸੇ ਪਾਸੇ ਨਾ ਖਿੱਚਣਾ। ਕੋਈ ਦੁਨਿਆਵੀ ਗੱਲ ਕੰਨਾਂ ਤੱਕ ਨਾ ਪਹੁੰਚਾਣੀ।"

ਸਾਰਾ ਸਮਾਂ ਗੁਰਬਾਣੀ ਸੁਣਨ ਤੇ ਪੜ੍ਹਨ ਵਿਚ ਹੀ ਲਗਾਉਂਦੇ ਸਨ। ਸਾਰੇ ਸਰਦਾਰ ਦੀਵਾਲੀ ਕਾਰਨ ਪੁੱਜੇ ਹੋਏ ਸਨ। ਸਭ ਨੂੰ ਪਾਸ ਬਿਠਲਾ ਆਖਿਆ :

*"ਤੁਸਾਂ ਬੜਾ ਪਿਆਰ ਦਿੱਤਾ ਹੈ। ਮੇਰੇ ਜਿਹੇ ਨਾਚੀਜ਼ ਨੂੰ ਪਾਤਸ਼ਾਹ ਬਣਾਇਆ। ਇਹ ਪੰਥ ਦੀ ਗਰੀਬ-ਨਿਵਾਜ਼ੀ ਹੈ। ਮੇਰੀ ਇਕੋ ਹੀ ਬੇਨਤੀ ਹੈ ਕਿ ਸਸਕਾਰ ਹੋਣ ਤੱਕ ਕੋਈ ਅਰਥੀ ਨਾਲ ਹੰਝੂ ਨਾ ਵਗਾਏ। ਸਾਰੇ 'ਵਾਹਿਗੁਰੂ-ਵਾਹਿਗੁਰੂ' ਕਰਦੇ ਜਾਣ। ਸਸਕਾਰ ਨਵਾਬ ਕਪੂਰ ਸਿੰਘ ਜੀ ਦੇ ਲਾਗੇ ਬਾਬਾ ਅਟੱਲ ਸਾਹਿਬ ਹੀ ਕਰਨਾ।"*

 www.sikhbookclub.com

ਸਾਰਿਆਂ ਨੇ ਯਕੀਨ ਦਿਲਵਾਇਆ ਅਤੇ ਕਿਹਾ ਕਿ—'ਅਜਿਹਾ ਹੀ ਹੋਵੇਗਾ।'

ਆਪ ਜੀ ੨੦ ਅਕਤੂਬਰ, ੧੭੮੩ ਨੂੰ ਅਕਾਲ ਚਲਾਣਾ ਕਰ ਗਏ। ਸੁਖਮਨੀ ਸਾਹਿਬ ਦੇ ਪਾਠ ਤੇ ਕੀਰਤਨ ਹੁੰਦੇ ਰਹੇ।

ਕੌਮ ਨੇ ਉਵੇਂ ਹੀ ਕੀਤਾ, ਜਿਵੇਂ ਕਹਿ ਗਏ ਸਨ। ਸਾਰੇ ਸਰਦਾਰ, ਸਿੰਘ, ਸੰਗਤਾਂ ਸਿਰਫ ਫੁੱਲਾਂ ਦੀ ਬਾਰਸ਼ ਕਰ ਰਹੇ ਸਨ ਤੇ ਕਿਸੇ ਨੇ ਅੱਥਰੂ ਤੱਕ ਨਾ ਵਗਾਇਆ ਪਰ ਸਸਕਾਰ ਹੋ ਜਾਣ ਉਪਰੰਤ ਕਿਸੇ ਦੇ ਹੰਝੂ ਨਾ ਰੁਕੇ। ਸਭ ਇਹ ਕਹਿ ਰਹੇ ਸਨ ਕਿ :

"ਬਾਬਾ ਬੰਦਾ ਸਿੰਘ ਤੇ ਨਵਾਬ ਕਪੂਰ ਸਿੰਘ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਦੇ ਲਗਾਏ ਬਾਗ਼ 'ਖਾਲਸਾ' ਨੂੰ ਮਾਲੀ ਹੋ ਕੇ ਅਜਿਹਾ ਸਰਸਬਜ਼ ਕੀਤਾ ਹੈ, ਜਿਸ ਦੀ ਖੁਸ਼ਬੂ ਸ਼ਜਾਹਤ, ਪੂਰਬ ਤੋਂ ਪੱਛਮ ਤੱਕ, ਉੱਤਰ ਤੋਂ ਦੱਖਣ ਤੱਕ ਫ਼ੈਲੀ ਹੈ।"

ਉਨ੍ਹਾਂ ਦੀ ਤੇਗ਼ ਨੇ ਦਿੱਲੀ ਝੁਕਾਈ, ਕਾਬਲ ਨਿਵਾਇਆ ਅਤੇ ਪੰਜਾਬ ਉਤੇ ਖ਼ਾਲਸਾ ਰਾਜ ਸਥਾਪਤ ਕੀਤਾ। ਜਿਧਰ ਤੇਗ਼ ਲੈ ਕੇ ਨਿਕਲੇ ਦੁਸ਼ਮਣ ਖ਼ਰਗੋਸ਼ ਦੀ ਤਰ੍ਹਾਂ ਨੱਸੇ। ਐਸਾ ਰਾਜ-ਪ੍ਰਬੰਧ ਕੀਤਾ ਕਿ ਸ਼ੇਰ-ਬੱਕਰੀ ਇਕ ਘਾਟ ਪਾਣੀ ਪੀਂਦੇ ਰਹੇ।

ਗਿਆਨੀ ਗਿਆਨ ਸਿੰਘ ਜੀ ਨੇ ਉਨ੍ਹਾਂ ਦੇ ਅਕਾਲ ਚਲਾਣੇ ਦਾ ਦ੍ਰਿਸ਼ ਦੇਂਦੇ ਖ਼ੂਬ ਲਿਖਿਆ ਹੈ :

**ਦਸ ਅਠ ਚਾਲੀਏ ਮੈਂ ਦਰਦ ਸ਼ਿਕਮ ਸੰਗ,**
**ਆਪ ਗੁਰੂ ਪੁਰਿ ਗਯੋ ਸੁਧਾਸਰ ਮਾਂਹਿ ਹੈ।**
**ਤਾਂਹਿ ਕਾ ਮਰਨ ਸੁਨਿ ਰੋਇ ਸਭਿ ਸਿੰਘ ਕੇਹੈਂ,**
**ਏ ਰੇ ਜਮ ਰਾਜ! ਤੈ ਅਕਾਜ ਕੀਨੋ ਕਾਂਹਿ ਹੈ?**
**ਪਰਉਪਕਾਰੀ ਸੂਰੋ ਪੂਰੋ ਬੀਰ ਅਤਿ ਭਾਰੀ,**
**ਪੰਥ ਖਾਲਸੇ ਕਾ ਪਾਗੀ ਥਾ ਉਦਾਰੀ ਵਾਹਿ ਹੈ।**
**ਕੌਨ ਕੋ ਕਹੇਂਗੇ ਬਾਦਸ਼ਾਹਿ ਹਮ ਚਾਹਿ ਨਿਜ,**
**ਕੌਨ ਦੇਗ ਤੇਗ਼ ਫ਼ਤੇ ਸੁਜਸ ਲਹਾਹਿ ਹੈ॥ ੯੪॥** (ਪੰਥ ਪ੍ਰਕਾਸ਼, ੨੭੦੭)

# ੨੫

## ਬਾਬਾ ਸਾਹਿਬ ਸਿੰਘ ਜੀ

ਇਤਿਹਾਸ ਕਹਿੰਦਾ ਹੈ ਕਿ 'ਸਾਹਿਬ ਹੋਏ ਦਇਆਲ' ਦਾ ਗੁਰਵਾਕ ਉਸ ਸਮੇਂ ਆਇਆ ਸੀ ਜਦ ਬਾਬਾ ਅਜੀਤ ਸਿੰਘ ਜੀ ਨੇ ਆਪਣੇ ਨਵ-ਜਨਮੇ ਸਪੁੱਤਰ ਲਈ ਗੁਰੂ ਗ੍ਰੰਥ ਸਾਹਿਬ ਤੋਂ ਨਾਂ ਦੀ ਜਾਚਨਾ ਕੀਤੀ ਸੀ। ਆਏ ਹੁਕਮ ਅਨੁਸਾਰ ਉਸ ਬਾਲਕ ਦਾ ਨਾਂ 'ਸਾਹਿਬ ਸਿੰਘ' ਰੱਖਿਆ ਗਿਆ ਪਰ ਮੈਨੂੰ ਇੰਵ ਮਹਿਸੂਸ ਹੁੰਦਾ ਹੈ ਕਿ ਸੱਚਾ ਪਾਤਸ਼ਾਹ ਸੱਚਮੁੱਚ ਸਿੱਖ ਕੌਮ ਉਤੇ ਦਇਆਲ ਹੋਇਆ ਤੇ ਉਹਨਾਂ ਇਸ ਮਹਾਨ ਸ਼ਖ਼ਸੀਅਤ ਨੂੰ ਪੰਥ ਦੀ ਅਗਵਾਈ ਕਰਨ ਲਈ ਭੇਜਿਆ। ਲੈਪਨ ਗ੍ਰਿਫ਼ਨ ਬਾਬਾ ਸਾਹਿਬ ਸਿੰਘ ਜੀ ਨੂੰ 'ਨਾਮਵਰ ਸ਼ਖ਼ਸ' ਕਹਿੰਦਾ ਹੈ, ਜਿਸਨੇ ਬੇਦੀ ਕੁਲ ਦਾ ਨਾਂ ਉਜਾਗਰ ਕੀਤਾ ਪਰ ਇਹ ਉਸ ਦਾ ਭਰਮ ਸੀ। ਬਾਬਾ ਜੀ ਐਸੇ ਨਾਮਵਰ ਵਿਅਕਤੀ ਸਨ, ਜਿਨ੍ਹਾਂ ਨਾ ਸਿਰਫ਼ ਹਰ ਬਿਖੜੇ ਸਮੇਂ ਸਿੱਖ ਕੌਮ ਦੀ ਅਗਵਾਈ ਹੀ ਕੀਤੀ ਸਗੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਯੋਗ ਬਣਾਇਆ ਕਿ ਉਹ ਸਭ 'ਗਹਿਣਿਆਂ ਨੂੰ ਭੰਨ ਤੋੜ ਇਕ ਵੱਡਮੁੱਲਾ ਗੋਖੜੂ ਬਣਾ ਸਕਣ।' ਜੇ ਬਾਬਾ ਸਾਹਿਬ ਸਿੰਘ ਜੀ ਦਾ ਵੱਸ ਚੱਲਦਾ ਤਾਂ ਅੰਗਰੇਜ਼ ਕਦੇ ਲੁਧਿਆਣਾ ਉਤੇ ਪੈਰ ਨਾ ਜਮਾ ਸਕਦਾ ਤੇ ਉਸ ਦੀ ਛਾਉਣੀ ਦਿੱਲੀਓਂ ਪਾਰ ਅਲੀਗੜ੍ਹ ਹੀ ਰਹਿੰਦੀ।

ਬਾਬਾ ਸਾਹਿਬ ਸਿੰਘ ਜੀ ਦਾ ਜਨਮ ੧੭੫੬ ਈ: ਨੂੰ ਉਸ ਸਮੇਂ ਹੋਇਆ ਜਦ ਅਬਦਾਲੀ ਹਿੰਦੁਸਤਾਨ ਉੱਤੇ ਚੌਥੇ ਹਮਲੇ (ਨਵੰਬਰ ੧੭੫੬ ਈ:) ਦੀ ਤਿਆਰੀ ਕਰ ਰਹਿਆ ਸੀ। ਪੰਜਾਬ ਨੂੰ ਮੀਰ ਮੰਨੂੰ ਦੇ ਅੱਤਿਆਚਾਰ ਅਜੇ ਭੁੱਲੇ ਨਹੀਂ ਸਨ ਕਿ ਅਬਦਾਲੀ ਨੇ ਇੱਟ ਨਾਲ ਇੱਟ ਵਜਾਉਣੀ ਆਰੰਭ ਕਰ ਦਿਤੀ। ਸਿੱਖ ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠਾਂ ਹਰ ਟਾਕਰੇ ਦਾ ਮੁਕਾਬਲਾ ਕਰ ਰਹੀ ਸੀ। ਪਾਨੀਪਤ ਦੇ ਮੈਦਾਨ ਵਿਚ ਮਰਹੱਟਿਆਂ ਨੂੰ ਅਬਦਾਲੀ ਨੇ ਇਕ ਚਪੇੜ ਮਾਰੀ ਤੇ ਉਹਨਾਂ ਨੂੰ ਵੀਹ ਸਾਲ ਹੋਸ਼ ਨਾ ਆਈ, ਪਰ ਜਦ ਉਸ ਨੇ ਕਰਾਰੀ ਸੱਟ ਸਿੰਘਾਂ ਨੂੰ ੧੭੬੨ ਈ: ਦੀ ਪੰਜ ਫ਼ਰਵਰੀ ਨੂੰ ਕੁੱਪ ਦੇ ਮੈਦਾਨ ਵਿਚ ਮਾਰੀ ਤਾਂ ਬਹੁਤਿਆਂ ਦਾ ਖ਼ਿਆਲ ਸੀ ਕਿ ਸ਼ਾਇਦ ਸਿੱਖ ਕੌਮ ਉਸ ਮਾਰ ਤੋਂ ਬਾਅਦ ਕਦੇ ਉੱਠ ਹੀ ਨਾ ਸਕੇ, ਪਰ ਦੁਨੀਆਂ ਨੇ ਦੇਖਿਆ ਤੇ ਇਤਿਹਾਸਕਾਰਾਂ ਨੇ ਗਵਾਹੀ ਦਿੱਤੀ ਕਿ ਤਿੰਨ ਮਹੀਨਿਆਂ ਉਪਰੰਤ ਹੀ ਸਿੱਖਾਂ ਦੇ ਜਥਿਆਂ ਨੇ ਅਬਦਾਲੀ ਨੂੰ ਜਾ ਲਿਆ ਤੇ ਉਸ ਦੇ ਕੈਂਪਾਂ ਵਿਚ ਜਾ ਜਾ ਲਾਹੌਰ ਲਾਗੇ ਹਮਲੇ ਕੀਤੇ। ਅਬਦਾਲੀ ਐਸਾ ਘਬਰਾਇਆ ਕਿ ਉਸ ਨੇ ਮਾਰੋ-ਨੀਤੀ ਛੱਡ ਕੇ ਪਾੜੋ-ਨੀਤੀ ਦਾ ਸਹਾਰਾ ਲਿਆ। ਪਰ ਸਿੱਖ ਕੌਮ ਗੁਰੂ ਗੋਬਿੰਦ


www.sikhbookclub.com

ਸਿੰਘ ਜੀ ਦੇ ਸਕੂਲ ਵਿਚ ਪੜ੍ਹੇ ਸਭ ਸਬਕ ਸਿੱਖ ਚੁੱਕੀ ਸੀ। ਅਬਦਾਲੀ ਨੇ ਜਦ ਭਾਈ ਗੁੱਜਰ ਸਿੰਘ ਜੀ ਭੰਗੀ ਨੂੰ ਸੂਬੇਦਾਰੀ ਦਾ ਫ਼ਰਮਾਨ, ਦੋਸ਼ਾਲਾ ਤੇ ਕਾਬਲ ਦੇ ਮੇਵੇ ਭੇਜੇ ਤਾਂ ਉਹਨਾਂ ਨੇ ਮੋੜਵੇਂ ਉੱਤਰ ਵਿਚ ਇਕ ਲੀਰਾਂ ਲੱਥਾ ਭੂਰਾ, ਗੋਂਗਲੂ ਤੇ ਛੋਲੇ ਅਤੇ ਕਾਗਜ਼ ਦੇ ਪੁਰਜ਼ੇ ਉੱਤੇ 'ਸਿੰਘ ਹੋਇ ਰਾਖੈ ਕਿਮ ਕਾਨ। ਐਰੇ-ਗੈਰੇ ਕਾ ਮੰਗੇ ਫ਼ਰਮਾਨ' ਲਿਖ ਕੇ ਭੇਜ ਦਿੱਤਾ। ਉਹਨਾਂ ਦਾ ਭਾਵ ਸੀ ਕਿ ਪਰਾਏ ਧੁੱਸਿਆਂ ਨਾਲੋਂ ਸਾਨੂੰ ਪਾਟੇ ਹੋਏ ਭੂਰੇ ਚੰਗੇ ਹਨ। ਇਲਾਕੇ ਦੇ ਗੋਂਗਲੂ ਹੀ ਸਾਡੇ ਲਈ ਸੇਬ ਹਨ ਤੇ ਮੇਵਿਆਂ ਦੇ ਟਾਕਰੇ ਛੋਲੇ ਪਿਆਰੇ ਹਨ। ਸਿੰਘਾਂ ਨੂੰ ਪਾਤਸ਼ਾਹੀ ਧੁਰ ਦਰਗਾਹ ਤੋਂ ਮਿਲੀ ਹੈ ਤੇ ਉਸ ਲਈ ਕਿਸੇ ਐਰੇ-ਗੈਰੇ ਦੇ ਫ਼ਰਮਾਨ ਦੀ ਲੋੜ ਨਹੀਂ ਹੈ।

ਅਬਦਾਲੀ ਉਪਰੰਤ ਉਸ ਦੇ ਪੁੱਤਰ ਤੈਮੂਰ ਦੀ ਜੁਰਅਤਿ ਨਾ ਹੋ ਸਕੀ ਕਿ ਪੰਜਾਬ ਉੱਤੇ ਹੱਲਾ ਕਰ ਸਕੇ। ਜਦ ਉਸ ਦੇ ਕੁਝ ਦੀਨੀ ਭਰਾਵਾਂ ਲਿਖਿਆ ਵੀ ਕਿ ਉਹ ਪੰਜਾਬ ਉੱਤੇ ਆਪਣੇ ਬਾਪ ਅਹਿਮਦ ਸ਼ਾਹ ਅਬਦਾਲੀ ਵਾਂਗੂੰ ਹੱਲਾ ਕਰੇ ਤਾਂ ਤੈਮੂਰ ਨੇ ਲਿਖਿਆ ਕਿ *"ਮੇਰੇ ਪਿਓ ਨੇ ਕੀ ਖੱਟਿਆ ਸਿੱਖਾਂ ਉਤੇ ਹਮਲਾ ਕਰ-ਕਰ ਕੇ।"* ਸਿੱਖ ਉਸ ਸਮੇਂ (ਸੰਨ ੧੭੭੩ ਤੋਂ ੧੭੯੩ ਈ:) ਸੱਚਮੁੱਚ ਹੀ ਦੇਸ਼ ਦੇ ਮਾਲਕ ਸਨ। ਪੱਛਮ ਵਲੋਂ ਕਿਸੇ ਅਫ਼ਗਾਨੀ ਹਮਲੇ ਦੀ ਆਸ ਨਹੀਂ ਸੀ ਤੇ ਅੰਗਰੇਜ਼ ਦੂਰ ਪੂਰਬ ਵਿਚ ਬੈਠਾ ਵਿਉਂਤਾਂ ਹੀ ਬਣਾ ਰਿਹਾ ਸੀ। ਮਰਹੱਟੇ ਅਜੇ ਪਈਆਂ ਸੱਟਾਂ ਨੂੰ ਹੀ ਸੇਕ ਰਹੇ ਸਨ। ਰਾਜਪੂਤ ਨਾਂ ਦੀ ਕੋਈ ਚੀਜ਼ ਹਿੰਦੁਸਤਾਨ ਵਿਚ ਨਹੀਂ ਸੀ ਰਹੀ। ਮੁਗਲਾਂ ਤਾਂ ਸੱਚਮੁੱਚ ਹੀ ਜ਼ਹਿਰ ਪਿਆਲੇ ਪੀ ਕੇ ਔਰੰਗਜ਼ੇਬੀ ਕੁਲ ਨੂੰ ਖ਼ਤਮ ਕਰ ਦਿੱਤਾ ਸੀ। ਜੇ ਉਸ ਸਮੇਂ ਸਿੱਖ ਕੌਮ ਇਕ ਝੰਡੇ ਹੇਠਾਂ ਇਕਮੁੱਠ ਹੋ ਜਾਂਦੀ ਤਾਂ ਸਮੁੱਚਾ ਦੇਸ਼ ਸਿੱਖਾਂ ਦੀਆਂ ਤਲੀਆਂ ਹੇਠਾਂ ਹੋਣਾ ਸੀ। ਸਭ ਪਾਸੇ ਆਪੋ ਧਾਪੀ ਪੈ ਗਈ। ਅੱਗੇ ਤਾਂ ਬਾਹਰਲਾ ਖ਼ਤਰਾ ਇਹਨਾਂ ਨੂੰ ਇਕੱਠਾ ਕਰ ਦਿੰਦਾ ਸੀ। ਉਸ ਦੀ ਅਣਹੋਂਦ ਵਿਚ ਕਿਸੇ ਅੰਦਰੂਨੀ ਆਤਮਿਕ ਸ਼ਕਤੀ ਦੀ ਲੋੜ ਸੀ। ਬਾਬਾ ਸਾਹਿਬ ਸਿੰਘ ਜੀ ਨੇ ਉਹ ਆਤਮਿਕ ਰੌਸ਼ਨੀ ਦਿਤੀ ਤੇ ਕੌਮ ਬਿਲਕੁਲ ਖੇਰੂੰ-ਖੇਰੂੰ ਹੋਣ ਤੋਂ ਬਚ ਗਈ।

ਬਾਬਾ ਸਾਹਿਬ ਸਿੰਘ ਜੀ ਨੇ ਛੋਟੀ ਉਮਰ ਵਿਚ ਹੀ ਨਾ-ਸਿਰਫ਼ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਸਹਿਤ ਅਰਥ ਹੀ ਪੜ੍ਹ ਲਏ, ਸਗੋਂ ਸਾਰੇ ਸਿੱਖ ਇਤਿਹਾਸ ਅਤੇ ਪੁਰਾਣਿਕ ਮਿਥਿਹਾਸ ਦਾ ਅਧਿਐਨ ਵੀ ਕਰ ਲਿਆ। ਕੌਮ ਦੀਆਂ ਰਵਾਇਤਾਂ ਨੂੰ ਮੁੜ ਉਜਾਗਰ ਕਰਨ ਦਾ ਬੀੜਾ ਵੀ ਉਠਾ ਲਿਆ। ਉਹ ਦੇਖ ਰਹੇ ਸਨ ਕਿ ਰਾਜ-ਰੌਲੇ ਕਰਕੇ ਦੋਖੀਆਂ ਨੇ ਕੀਮਤੀ ਰਵਾਇਤਾਂ ਹੀ ਮਿਟਾ ਦਿੱਤੀਆਂ ਸਨ ਤੇ ਸ਼ਬਦ ਬਾਣੀ ਦਾ ਸਤਿਕਾਰ ਬਹੁਤੇ ਲੋਕਾਂ ਵਿਚ ਅਲੋਪ ਹੋ ਰਿਹਾ ਸੀ। ਉਹਨਾਂ ਆਪ ਅਨੰਦਪੁਰ ਜਾ ਕੇ ਖੰਡੇ ਦਾ ਅੰਮ੍ਰਿਤਪਾਨ ਕੀਤਾ ਤੇ ਲੋਕਾਂ ਨੂੰ ਐਸਾ ਕਰਨ ਲਈ ਪ੍ਰੇਰਿਆ। ਪਹਾੜੀ ਇਲਾਕਿਆਂ ਵਿਚ ਸਿੱਖੀ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰ ਕੇ ਮੈਦਾਨਾਂ ਵਿਚ ਨਿਤਰੇ। ਸ੍ਰੀ ਅੰਮ੍ਰਿਤਸਰ ਆ ਕੇ ਕੀਰਤਨ ਦੀ ਮਹੱਤਤਾ ਨੂੰ ਦ੍ਰਿੜ੍ਹ ਕਰਾਇਆ। ਰਬਾਬੀਆਂ ਦੇ ਜਥੇ ਬਣਾਏ ਤੇ ਇਕ ਰਬਾਬੀ ਦਾ ਜਥਾ ਆਪਣੇ ਨਾਲ ਰੱਖ ਪਿੰਡ-ਪਿੰਡ ਪ੍ਰਚਾਰ ਕੀਤਾ। ਜਿੱਥੇ ਕੋਈ ਪਾਖੰਡੀ ਦੇਖਿਆ ਉਸ ਦਾ ਪਾਖੰਡ ਜਾਲ ਤੋੜਿਆ ਤੇ ਮਨਮਤ ਤੋਂ ਵਰਜ ਕੇ ਗੁਰਮਤਿ ਨਾਲ ਜੋੜਿਆ। ਸਿਮਰਨ, ਕੀਰਤਨ ਦੇ ਨਾਮ ਨਾਲ ਸੇਵਾ ਦਾ ਮਹੱਤਵ ਵੀ ਸਮਝਾਇਆ। ਇਕ ਵਾਰੀ ਆਪੂੰ ਘਰ ਦੀਆਂ ਸਾਰੀਆਂ ਬਾਰੀਆਂ


www.sikhbookclub.com

ਤੇ ਦਰਵਾਜ਼ਿਆਂ ਦੀ ਲੱਕੜ ਆਏ ਸੰਤਾਂ ਦੇ ਲੰਗਰ ਬਣਾਉਣ ਲਈ ਝੋਂਕ ਕੇ "ਜੇ ਮੈਂ ਹੋਦਾ ਵਾਰਿਆ ਮਿਤਾ ਆਇੜਿਆਂ। ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ" ਵਾਲੀ ਬਾਬਾ ਫ਼ਰੀਦ ਜੀ ਦੀ ਤੁਕ ਦੇ ਅਮਲੀ ਅਰਥ ਦਰਸਾ ਦਿੱਤੇ। ਇਨ੍ਹਾਂ ਕਾਰਨਾਮਿਆਂ ਸਦਕਾ ਪੰਥ ਵਿਚ ਆਪ ਜੀ ਦਾ ਆਦਰ ਵਧਿਆ ਤੇ ਸਾਰੇ ਆਪ ਜੀ ਨੂੰ ਕੌਮ ਦਾ ਬਾਬਾ ਆਖ ਕੇ ਮਾਣ ਦੇਣ ਲੱਗ ਪਏ। ਜਿਸ ਵੇਲੇ ਵੀ ਪੰਥ ਵਿਚ ਦੁਚਿਤਾਪਣ ਆਇਆ ਆਪ ਜੀ ਨੇ ਪੁੱਜ ਕੇ ਸੋਧ ਦਿੱਤੀ। ਪੰਥ ਨੂੰ ਦੁਬਿਧਾ ਵਿਚੋਂ ਕੱਢਿਆ। ਆਪ ਤਲਵਾਰ ਦੇ ਵੀ ਧਨੀ ਸਨ ਤੇ ਜਦ ਵੀ ਅਣਖ ਉਤੇ ਹੱਲਾ ਹੁੰਦਾ ਸੁਣਿਆ, ਬਗੈਰ ਕਿਸੇ ਦੀ ਮਦਦ ਦੇ ਉਸ ਨੂੰ ਸੋਧਣ ਲਈ ਪਹੁੰਚ ਗਏ।

ਬਾਬਾ ਸਾਹਿਬ ਸਿੰਘ ਜੀ ਦਾ ਸਾਰਾ ਜਤਨ ਇਹ ਸੀ ਕਿ ਪੰਥ ਨੂੰ ਕੋਈ ਐਸਾ ਆਗੂ ਮਿਲ ਜਾਵੇ ਜੋ ਮਿਸਲਾਂ ਦੀਆਂ ਲਕੀਰਾਂ ਨੂੰ ਮੇਟ ਕੇ "ਸਰਕਾਰ ਖਾਲਸਾ" ਬਣਾਏ। ਆਖਿਰ ਉਨ੍ਹਾਂ ਦੀ ਨਜ਼ਰ ਬਾਲਕ ਰਣਜੀਤ ਸਿੰਘ ਉੱਤੇ ਜਾ ਟਿਕੀ। ਉਨ੍ਹਾਂ ਦੀ ਦੂਰਦਰਸ਼ੀ ਅੱਖ ਨੇ ਦੇਖ ਲਿਆ ਕਿ ਉਸ ਬਾਲਕ ਵਿਚ ਉਹ ਸਾਰੇ ਗੁਣ ਹਨ, ਜਿਨ੍ਹਾਂ ਦੀ ਕਿਸੇ ਆਗੂ ਵਿਚ ਲੋੜ ਹੁੰਦੀ ਹੈ। ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਵਾਲਿਆਂ ਨੇ ਬਾਬਾ ਜੀ ਦਾ ਨਾਂ "ਖਾਲਸਾ ਰਾਜ ਦੇ ਉਸਰਈਏ" ਦੀ ਲਿਸਟ ਵਿਚ ਲਿਖਿਆ ਹੈ, ਪਰ ਠੀਕ ਗੱਲ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੀ ਹੋਂਦ ਹੀ ਉਨ੍ਹਾਂ ਕਰ ਕੇ ਰਹੀ। ਜਦ ਸਰਦਾਰ ਮਹਾਂ ਸਿੰਘ ੧੭੯੨ ਈ: ਨੂੰ ਚੜ੍ਹਾਈ ਕਰ ਗਏ ਤਾਂ ਇਹ ਡਰ ਸੀ ਕਿ ਵਿਰੋਧੀ ਰਣਜੀਤ ਸਿੰਘ ਨੂੰ ਬਾਲਕ ਜਾਣ ਕੇ ਮੂਲੋਂ ਹੀ ਨਾ ਮੁਕਾ ਦੇਣ। ਵਿਰੋਧੀਆਂ ਸਾਜ਼ਿਸ਼ ਵੀ ਬਣਾਈ, ਪਰ ਬਾਬਾ ਸਾਹਿਬ ਸਿੰਘ ਜੀ ਨੇ ਆਪ ਦਖ਼ਲ ਦੇ ਕੇ ਦੋਖੀਆਂ ਦੀ ਸਾਜ਼ਿਸ਼ ਕਾਮਯਾਬ ਨਾ ਹੋਣ ਦਿੱਤੀ, ਸਗੋਂ ਉੱਥੇ ਹੀ ਵਰ ਦਿੱਤੇ ਕਿ ਇਹ ਬਾਲਕ ਇਕ ਪ੍ਰਤਾਪੀ ਮਹਾਰਾਜਾ ਹੋਵੇਗਾ ਤੇ ਸਿੱਖੀ ਸ਼ਾਨ ਉਜਾਗਰ ਕਰੇਗਾ।

ਮਹਾਰਾਜਾ ਰਣਜੀਤ ਸਿੰਘ ਨੇ ਉਹ ਬਚਨ ਸਤ ਕਰ ਦਿਖਾਏ ਤੇ ੧੮ ਸਾਲ ਦੀ ਉਮਰ ਵਿਚ ਹੀ ਸ਼ਾਹ ਜ਼ਮਾਨ ਨੂੰ ਜਾ ਲਲਕਾਰਿਆ। ਸ਼ਾਹ ਜ਼ਮਾਨ ਲਾਹੌਰ ਦੇ ਸ਼ਾਹੀ ਕਿਲ੍ਹੇ ਬੈਠਾ ਹੋਇਆ ਇਹ ਬੜ ਹਾਂਕ ਰਹਿਆ ਸੀ ਕਿ "ਦੇਖੇ ਹੋਏ ਨੇ ਸਿੱਖ ਜੋ ਮੇਰੇ ਘੋੜਿਆਂ ਦੇ ਸੁੰਮਾਂ ਦੀ ਆਵਾਜ਼ ਸੁਣ ਕੇ ਭੱਜ ਜਾਂਦੇ ਹਨ।" ਇਹ ਸਰੋਤ ਜਦ ਮਹਾਰਾਜਾ ਰਣਜੀਤ ਸਿੰਘ ਨੂੰ ਮਿਲੀ ਤਾਂ ਉਹ ਕੇਵਲ ਵੀਹ ਸਵਾਰ ਲੈ ਕੇ ਸਿੱਧਾ ਸੁੰਮਨ ਬੁਰਜ ਹੇਠਾਂ ਪੁੱਜ ਗਇਆ ਤੇ ਗੋਲੀਆਂ ਚਲਾ ਲਲਕਾਰ ਕੇ ਬੋਲਿਆ, "ਓ, ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ! ਦੇਖ, ਸਰਦਾਰ ਚੜ੍ਹਤ ਸਿੰਘ ਦਾ ਪੋਤਰਾ ਆਇਆ ਈ। ਬਾਹਰ ਆ ਤੇ ਇਸ ਨਾਲ ਦੋ-ਦੋ ਹੱਥ ਕਰ ਲੈ।" ਮੁਨਸ਼ੀ ਸੋਹਣ ਲਾਲ ਲਿਖਦਾ ਹੈ ਕਿ ਅੰਦਰੋਂ ਕੋਈ ਉੱਤਰ ਨਾ ਆਇਆ ਤੇ ਰਣਜੀਤ ਸਿੰਘ ਸੂਰਮਗਤੀ ਦੀ ਛਾਪ ਲਗਾ ਕੇ ਮੁੜ ਗਇਆ। ਕਿਲ੍ਹੇ ਵਿਚ ਬੈਠੇ ਸ਼ਾਹ ਜ਼ਮਾਨ ਦਾ ਅੰਦਰਲਾ ਕੰਬ ਗਇਆ। ਉਸ ਨੇ ਆਪਣੇ ਏਲਚੀ ਸ੍ਰੀ ਅੰਮ੍ਰਿਤਸਰ ਭੇਜੇ ਕਿ ਉਹ ਲਾਹੌਰ ਤੇ ਪੰਜਾਬ ਦੀ ਨਵਾਬੀ ਸਿੱਖਾਂ ਨੂੰ ਦੇਣਾ ਚਾਹੁੰਦਾ ਹੈ। ਇਹ ਖਬਰ ਪਾ ਕੇ ਕਈ ਸਿੱਖ ਸਰਦਾਰ ਤਿਆਰ ਹੋ ਗਏ। ਇਥੋਂ ਤੱਕ ਕਿ ਰਣਜੀਤ ਸਿੰਘ ਨੇ ਵੀ ਆਪਣਾ ਮਸ਼ੀਰ ਲਾਹੌਰ ਭੇਜ ਦਿੱਤਾ। ਜਦ ਬਾਬਾ ਸਾਹਿਬ ਸਿੰਘ ਜੀ ਨੂੰ ਪਤਾ ਲੱਗਾ ਤਾਂ ਉਹ ਬਹੁਤ ਗੁੱਸੇ

 www.sikhbookclub.com

ਵਿਚ ਆਏ। ਫੱਟ ਲਾਹੌਰ ਪੁੱਜੇ ਤੇ ਸਿੱਖ ਸਰਦਾਰਾਂ ਨੂੰ ਇਕੱਠਿਆਂ ਕਰ ਕੇ ਝਾੜਾਂ ਪਾਈਆਂ। ਸਿੱਖੀ ਇਤਿਹਾਸ ਦੁਹਰਾ ਕੇ ਕਹਿਆ : "ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ। ਉਸ ਅੱਗੇ ਹੱਥ ਅੱਡਦੇ ਹੋ, ਜੋ ਆਪ ਤੁਹਾਡੇ ਤੋਂ ਥਰ-ਥਰ ਕੰਬ ਰਹਿਆ ਹੈ। ਇਹ ਦੀਨ ਵਾਲਾ ਰਾਹ ਤੁਹਾਨੂੰ ਕਿਸ ਦੱਸਿਆ ? ਸਰਦਾਰੋ, ਭਿੱਖ-ਮੰਗੇ ਕਿਸ ਦਿਨ ਤੋਂ ਹੋਏ ਹੋ ? ਖ਼ਾਲਸਾ ਕੋਈ ਚੀਜ਼ ਝੋਲੀ ਅੱਡ ਕੇ ਨਹੀਂ ਮੰਗਦਾ। ਉਹ ਆਪਣੇ ਬਲ ਨਾਲ ਹਾਸਲ ਕਰਦਾ ਹੈ। ਤੁਹਾਡੀ ਅਣਖ ਕਿੱਥੇ ਗਈ ਹੈ ? ਖਾਲਸਾ ਵਾਹਿਗੁਰੂ ਦਾ ਹੈ, ਉਹ ਕਿਸੇ ਕੋਲੋਂ ਖ਼ੈਰ ਨਹੀਂ ਮੰਗਦਾ।" ਜਦ ਸ਼ਾਹ ਜ਼ਮਾਨ ਦਾ ਏਲਚੀ ਆਇਆ ਤਾਂ ਸਭ ਸਰਦਾਰਾਂ ਵਲੋਂ ਬੋਲਦੇ ਹੋਏ ਬਾਬਾ ਜੀ ਨੇ ਕਹਿਆ : "ਕਹਿ ਦਿਓ ਸ਼ਾਹ ਜ਼ਮਾਨ ਨੂੰ ਕਿ ਧਰਤੀ ਸਾਡੀ ਆਪਣੀ ਹੈ। ਉਹ ਵਾਪਸ ਆਪਣੇ ਦੇਸ਼ ਤੁਰ ਜਾਏ। ਪੰਜਾਬ ਨੂੰ ਤਲਵਾਰ ਦੇ ਜ਼ੋਰ ਨਾਲ ਜਿੱਤਿਆ ਹੈ ਤੇ ਤਲਵਾਰ ਦੇ ਜ਼ੋਰ ਨਾਲ ਹੀ ਰੱਖਾਂਗੇ।" ਸ਼ਾਹ ਜ਼ਮਾਨ ਨੇ ਜਦ ਇਹ ਸੁਣਿਆ ਤਾਂ ਬਹੁਤ ਸਟਪਟਾਇਆ ਤੇ ਧਮਕੀਆਂ ਦਿੱਤੀਆਂ ਕਿ ਉਹ ਸਿੱਖਾਂ ਨੂੰ ਸਬਕ ਸਿਖਾਏਗਾ, ਪਰ ਸਭ ਉਸ ਦੀਆਂ ਫੋਕੀਆਂ ਗੱਲਾਂ ਸਨ। ਉਸ ਨੂੰ ਮੁੜਨ ਦੀ ਕਾਹਲੀ ਸੀ। ਅਫ਼ਗਾਨਿਸਤਾਨ ਵਿਚ ਉਸ ਦਾ ਭਰਾ ਮਹਿਮੂਦ ਫਤੂਰ ਪਾ ਰਹਿਆ ਸੀ ਤੇ ਫ਼ੌਜਾਂ ਕਈ ਮਹੀਨਿਆਂ ਤੋਂ ਤਨਖ਼ਾਹ ਨਾ ਮਿਲਣ ਕਰ ਕੇ ਆਕੀ ਹੋ ਰਹੀਆਂ ਸਨ। ਸੋ ਇਹ ਆਖ ਕੇ ਵਾਪਸ ਮੁੜ ਗਇਆ ਕਿ ਮਹਿਮੂਦ ਨਾਲ ਨਿਬੜ ਕੇ ਉਹ ਛੇਤੀ ਪੰਜਾਬ ਮੁੜੇਗਾ। ਪੰਜਾਬ ਉਹ ਜ਼ਰੂਰ ਮੁੜਿਆ, ਪਰ ਪੂਰੇ ਬਾਰਾਂ ਸਾਲ ਬਾਅਦ, ਜਦ ਉਸ ਦੀਆਂ ਅੱਖਾਂ ਦੀ ਜੋਤ ਉਸ ਦੇ ਭਰਾ ਮਹਿਮੂਦ ਨੇ ਕੱਢ ਲਈ ਤੇ ਮਹਾਰਾਜਾ ਰਣਜੀਤ ਸਿੰਘ ਕੋਲ ਸ਼ਰਨ ਲੈਣ ਲਈ ਆਇਆ। ਹੱਥ ਵਿਚ ਬੰਦੂਕ ਨਹੀਂ, ਟੋਹਣੀ ਲੈ, ਫ਼ੌਜਾਂ ਨਹੀਂ, ਬੇਨਤੀ ਲੈ। ਬਾਬਾ ਸਾਹਿਬ ਸਿੰਘ ਦੀ ਸੁਚੱਜੀ ਅਗਵਾਈ ਨੇ ਪੰਜਾਬ ਤੇ ਕੌਮ ਦੀ ਅਣਖ ਬਚਾ ਲਈ।

ਇਸੇ ਤਰ੍ਹਾਂ ਸ਼ਾਹ ਜ਼ਮਾਨ ਨੇ ਕਾਬਲ ਤੋਂ ਭੰਗੀ ਸਰਦਾਰਾਂ ਨੂੰ ਵੱਸ ਕਰਨ ਲਈ ਜਾਲ ਸੁੱਟੇ। ਭੰਗੀ ਸਰਦਾਰ (ਮਹਾਰਾਜਾ) ਰਣਜੀਤ ਸਿੰਘ ਨਾਲ ਲੜਨ ਲੱਗੇ ਤੇ ਸ਼ਾਹ ਜ਼ਮਾਨ ਦੀ ਉਡੀਕ (੧੮੦੧) ਕਰਨ ਲੱਗੇ। ਬਾਬਾ ਸਾਹਿਬ ਸਿੰਘ ਜੀ ਸਮਝਦੇ ਸਨ ਕਿ ਲਾਹੌਰ ਦੀ ਪਾਈ ਝਾੜ ਕਾਫ਼ੀ ਹੈ, ਸੋ ਉਹ ਸਤਲੁਜੋਂ ਪਾਰ ਦੀਆਂ ਸਿੱਖ ਰਿਆਸਤਾਂ ਨੂੰ ਸੰਗਠਤ ਕਰਨ ਲਈ ਚੱਲ ਪਏ। ਬਾਬਾ ਜੀ ਇਹ ਮਹਿਸੂਸ ਕਰ ਰਹੇ ਸਨ ਕਿ ਜਾਰਜ ਥਾਮਸ ਨੂੰ ਜੇ ਰੋਕ ਨਾ ਪਾਈ ਗਈ ਤਾਂ ਸਤਲੁਜ ਪਾਰ ਦਾ ਇਲਾਕਾ ਸਿੱਖਾਂ ਹੱਥੋਂ ਨਿਕਲ ਜਾਏਗਾ। ਸਿੱਖ ਰਿਆਸਤਾਂ ਦੇ ਮੁਖੀਆਂ ਨੇ ਜਨਰਲ ਪੈਰਨ ਕੋਲੋਂ ਮਦਦ ਮੰਗੀ। ਉਸ ਨੇ ਸਹਾਇਤਾ ਦੇਣ ਦੇ ਮੁੱਲ ਵਜੋਂ ਪੰਜਾਬ ਦਾ ਇਕ ਹਿੱਸਾ ਮੰਗਿਆ। ਸਿੱਖ ਸਰਦਾਰ ਤਿਆਰ ਬੈਠੇ ਸਨ ਕਿ ਖ਼ਬਰ ਬਾਬਾ ਸਾਹਿਬ ਸਿੰਘ ਜੀ ਕੋਲ ਪੁੱਜੀ। ਉਨ੍ਹਾਂ ਨੇ ਕੋਈ ਐਸਾ ਕਦਮ ਚੁੱਕਣ ਤੋਂ ਰੋਕਿਆ ਤੇ ਆਪਣੇ ਬਲ ਉਤੇ ਭਰੋਸਾ ਰੱਖਣ ਲਈ ਕਿਹਾ। "ਇਕੱਠ ਵਿਚ ਸਾਰੀਆਂ ਸ਼ਕਤੀਆਂ ਹਨ" ਤੇ ਸਿੱਖ ਰਿਆਸਤਾਂ ਨੂੰ ਇਕ ਝੰਡੇ ਹੇਠਾਂ ਥਾਮਸ ਦਾ ਟਾਕਰਾ ਕਰਨ ਲਈ ਕਹਿਆ। ਇਹ ਦੇਣ ਵੀ ਬਾਬਾ ਜੀ ਦੀ ਹੀ ਹੈ ਕਿ ਸਿੱਖ ਰਿਆਸਤਾਂ ਵਿਚ ਸਿੱਖੀ ਅਹਿਸਾਸ ਜਾਗਿਆ। ਪਰ ਅਜੇ ਉਹ ਇਕੱਠ ਕਰਾ ਹੀ ਰਹੇ ਸਨ ਕਿ ਇਹ ਖ਼ਬਰ ਪੁੱਜੀ ਕਿ ਭੰਗੀ ਸਰਦਾਰ ਅਤੇ (ਮਹਾਰਾਜਾ) ਰਣਜੀਤ ਸਿੰਘ ਦੀ ਘਰੇਲੂ ਜੰਗ ਖ਼ਤਰਨਾਕ ਸੂਰਤ ਧਾਰਨ ਕਰ ਗਈ ਹੈ।

ਭੰਗੀ ਸਰਦਾਰ ਛਿਥੇ ਪੈ ਕੇ ਸ਼ਾਹ ਜ਼ਮਾਨ ਦੀ ਅਧੀਨਗੀ ਸਵੀਕਾਰ ਕਰ ਰਹੇ ਹਨ। ਆਪ ਜੀ ਪੈਂਡਾ ਮੁਕਾ ਕੇ ਗੁਜਰਾਤ ਆਏ ਤੇ ਆਪਸ ਵਿਚ ਲੜਨ ਲਈ ਤਿਆਰ ਬੈਠੇ ਸਰਦਾਰਾਂ ਵਿਚ ਨਿਸ਼ੱਕ ਹੋ ਕੇ ਪੁੱਜ ਗਏ। ਬਾਬਾ ਜੀ ਨੂੰ ਦੇਖਦੇ ਸਾਰ ਹੀ ਸਭ ਤੋਂ ਪਹਿਲਾਂ (ਮਹਾਰਾਜਾ) ਰਣਜੀਤ ਸਿੰਘ ਨੇ ਆਪਣੀ ਤਲਵਾਰ ਉਤਾਰ ਕੇ ਬਾਬਾ ਜੀ ਦੇ ਸਾਹਮਣੇ ਰੱਖ ਦਿੱਤੀ ਤੇ ਚੁੱਪ ਕਰ ਕੇ ਖਲੋ ਗਏ। ਐਸਾ ਪ੍ਰਕਾਸ਼ਮਈ ਚਿਹਰਾ ਸੀ ਬਾਬਾ ਜੀ ਦਾ ਤੇ ਕੁਝ ਅਜਿਹਾ ਪ੍ਰਭਾਵ ਸੀ ਉਨ੍ਹਾਂ ਦੀ ਸ਼ਖ਼ਸੀਅਤ ਦਾ ਕਿ ਬਾਕੀ ਸਭ ਆਕੀ ਹੋਏ ਸਰਦਾਰਾਂ ਨੇ ਵੀ ਤਲਵਾਰਾਂ ਉਤਾਰ ਕੇ ਰੱਖ ਦਿੱਤੀਆਂ। ਮੁਨਸ਼ੀ ਸੋਹਣ ਲਾਲ ਲਿਖਦਾ ਹੈ ਕਿ ਸਭ ਤਲਵਾਰਾਂ ਤਕਰੀਬਨ ਇਕ ਘੰਟਾ ਉਸੇ ਤਰ੍ਹਾਂ ਪਈਆਂ ਰਹੀਆਂ ਤੇ ਕਿਸੇ ਦੀ ਇਹ ਜੁਰਅਤਿ ਨਾ ਹੋ ਸਕੀ ਕਿ ਤਲਵਾਰ ਨੂੰ ਹੱਥ ਪਾਏ। ਆਖ਼ਰ ਬਾਬਾ ਜੀ ਨੇ ਆਪਣੀ ਤਲਵਾਰ ਰਣਜੀਤ ਸਿੰਘ ਦੇ ਲੱਕ ਨਾਲ ਬੰਨ੍ਹੀ ਤੇ ਵਰ ਦਿੱਤਾ ਕਿ ਛੇਤੀ ਹੀ ਇਹ ਸਾਰੇ ਪੰਜਾਬ ਦਾ ਮਹਾਰਾਜਾ ਹੋਵੇਗਾ। ਕਿਸੇ ਵੀ ਨਾ ਟੋਕਿਆ ਅਤੇ ਨਾ ਕੁਝ ਕਹਿਆ ਤੇ ਰਾਜ-ਗੱਦੀ ਦਾ ਦਿਨ ਵੀ ਉਥੇ ਹੀ ਨਿਯਤ ਕਰ ਦਿੱਤਾ ਗਿਆ।

੧੮੦੧ ਦੀ ਵਿਸਾਖੀ ਨੂੰ ਸ਼ਾਹੀ ਕਿਲ੍ਹੇ ਵਿਚ ਬਾਬਾ ਜੀ ਨੇ ਅਰਦਾਸ ਕਰ ਕੇ "ਸਿੰਘ ਸਾਹਿਬ, ਮਹਾਰਾਜਾ ਰਣਜੀਤ ਸਿੰਘ" ਆਖ ਕੇ ਵਰ ਦਿੱਤਾ ਤੇ ਮੱਥੇ ਉਤੇ ਕੇਸਰ ਦਾ ਤਿਲਕ ਲਗਾਇਆ। "ਸਤਿ ਸ੍ਰੀ ਅਕਾਲ" ਦੇ ਜੈਕਾਰੇ ਛੱਡੇ ਗਏ। ਬਾਬਾ ਸਾਹਿਬ ਸਿੰਘ ਜੀ ਦਾ ਕਿਤਨਾ ਕੁ ਪ੍ਰਭਾਵ ਮਹਾਰਾਜਾ ਰਣਜੀਤ ਸਿੰਘ ਉੱਤੇ ਸੀ, ਉਸ ਦੀ ਮੁੱਖ ਉਦਾਹਰਣ "ਨਾਨਕ ਸ਼ਾਹੀ ਸਿੱਕਾ" ਹੈ। ਰੁਪਏ ਦਾ ਨਾਂ ਨਾਨਕ ਸ਼ਾਹੀ ਰੁਪਿਆ ਤੇ ਪੈਸੇ ਨੂੰ ਨਾਨਕ ਸ਼ਾਹੀ ਪੈਸਾ ਆਖਿਆ ਗਿਆ। ਸਿੱਕੇ ਉਤੇ ਵੀ ਉਹ ਤੁਕ ਲਿਖੀ ਜਾਣੀ ਪ੍ਰਵਾਨ ਹੋਈ ਜਿਹੜੀ ਬਾਬਾ ਬੰਦਾ ਸਿੰਘ ਜੀ ਦੀ ਸੀਲ ਮੋਹਰ ਸੀ। ਤੁਕ ਦੇ ਸ਼ਬਦ ਸਨ :

**"ਦੇਗ ਤੇਗ ਫਤਹ ਨੁਸਰਤ ਬੇਦਰੰਗ।**
**ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।"**

ਉਸ ਦਿਨ ਜਿਤਨੇ ਵੀ ਸਿੱਕੇ ਢਾਲੇ ਗਏ, ਸਭ ਧਰਮ ਅਰਥ ਵੰਡ ਦਿੱਤੇ ਗਏ। ਇਕ ਗੱਲ ਹੋਰ ਚੇਤੇ ਰੱਖਣ ਵਾਲੀ ਹੈ ਕਿ ਮਹਾਰਾਜਾ ਭਾਵੇਂ ਪੂਰਨ ਮਾਲਕ ਸੀ, ਪਰ ਉਸ ਨੇ ਆਪਣੇ ਸਿਰ ਉੱਤੇ ਤਾਜ ਰੱਖੇ ਜਾਣਾ ਪ੍ਰਵਾਨ ਨਾ ਕੀਤਾ ਤੇ ਨਾ ਹੀ ਬੈਠਣ ਲਈ ਤਖ਼ਤ ਬਣਵਾਇਆ। ਇਥੋਂ ਤੱਕ ਕਿ ਉਸ ਦੀ ਆਪਣੀ ਮੋਹਰ, ਜੋ ਸਰਕਾਰੀ ਮੋਹਰ ਕਰ ਕੇ ਪ੍ਰਸਿੱਧ ਸੀ, ਉੱਤੇ ਆਮ ਸਿੱਖ ਤੇ ਸਿਪਾਹੀਆਂ ਵਾਂਗ ਕੇਵਲ 'ਅਕਾਲ ਸਹਾਇ' ਦੇ ਸ਼ਬਦ ਉੱਕਰੇ ਹੋਏ ਸਨ। ਦੂਜੀਆਂ ਸਰਕਾਰਾਂ ਨਾਲ ਚਿੱਠੀ ਪੱਤਰ ਤੇ ਇਕਰਾਰਨਾਮੇ ਕਰਨ ਲੱਗਿਆਂ ਵੀ ਰਣਜੀਤ ਸਿੰਘ ਦਾ ਨਾਂ ਨਹੀਂ ਵਰਤਿਆ ਜਾਂਦਾ ਸੀ। ਸਗੋਂ ਸਰਕਾਰ ਖਾਲਸਾ ਦਾ ਨਾਂ ਲਿਖਿਆ ਜਾਂਦਾ ਸੀ। ਬਾਬਾ ਸਾਹਿਬ ਸਿੰਘ ਜੀ ਨੇ ਉਸ ਨੂੰ ਚੰਗੀ ਤਰ੍ਹਾਂ ਇਹ ਦ੍ਰਿੜ੍ਹ ਕਰਾ ਦਿੱਤਾ ਸੀ ਕਿ ਖਾਲਸਾ ਪੰਥ ਦੀ ਨੀਂਹ ਬਰਾਬਰੀ ਦੇ ਅਸੂਲਾਂ ਤੇ ਰੱਖੀ ਗਈ ਹੈ। ਇਸ ਵਿਚ ਬਾਦਸ਼ਾਹ ਤੇ ਪਰਜਾ ਵਾਲਾ ਸੰਬੰਧ ਉੱਕਾ ਹੀ ਨਹੀਂ ਹੈ। ਉਸ ਨੂੰ ਕੋਈ ਐਸਾ ਕਰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਉਸ ਦੀ ਹਸਤੀ ਖ਼ਾਲਸਾ ਪੰਥ ਤੋਂ ਵੱਧ ਵੱਖ ਜਾਪੇ।

ਤਕਰੀਬਨ ਪਿਛਲੇ ਸੌ ਸਾਲਾਂ ਤੋਂ ਗੁਰਦੁਆਰਿਆਂ ਦੀ ਸੰਭਾਲ ਦਾ ਕੰਮ ਜਥੇਬੰਦਕ ਤੌਰ

ਉੱਤੇ ਨਹੀਂ ਸੀ ਹੋ ਰਿਹਾ। ਕੁਝ ਗੁਰਦੁਆਰਿਆਂ ਨੂੰ ਛੱਡ ਕੇ ਬਾਕੀ ਗੁਰਦੁਆਰਿਆਂ ਦੇ ਮੁਸ਼ਕਲ ਨਾਲ ਨਿਸ਼ਾਨ ਹੀ ਮਿਲਦੇ ਸਨ। ਬਾਬਾ ਸਾਹਿਬ ਸਿੰਘ ਜੀ ਆਪ ਤੀਰਥ ਅਸਥਾਨਾਂ ਉੱਤੇ ਜਾ ਕੇ ਉਹਨਾਂ ਗੁਰਦੁਆਰਿਆਂ ਦੀ ਮਾੜੀ ਹਾਲਤ ਦੇਖ ਆਏ ਸਨ। ਸੋ ਉਹਨਾਂ ਮਹਾਰਾਜਾ ਰਣਜੀਤ ਸਿੰਘ ਨੂੰ ਸਭ ਤੋਂ ਪਹਿਲਾਂ ਧਰਮ ਅਸਥਾਨਾਂ ਨੂੰ ਆਤਮ-ਨਿਰਭਰ ਕਰਨ ਲਈ ਪ੍ਰੇਰਨਾ ਕੀਤੀ। ਮਹਾਰਾਜਾ ਨੇ ਤਕਰੀਬਨ ਹਰ ਵੱਡੇ ਗੁਰਦੁਆਰੇ ਦੇ ਨਾਂ ਜਾਗੀਰ ਲਗਾ ਦਿੱਤੀ ਤੇ ਛੋਟੇ ਗੁਰਦੁਆਰਿਆਂ ਦਾ ਮਹੀਨੇ-ਵਾਰ ਬੰਨ੍ਹ ਦਿੱਤਾ। ਜਦ ਬਾਬਾ ਸਾਹਿਬ ਸਿੰਘ ਜੀ ਨੇ ਗੁਰੂ ਨਾਨਕ ਦੇ ਜਨਮ ਅਸਥਾਨ ਉੱਤੇ ਯੋਗ ਗੁਰਦੁਆਰਾ ਨਾ ਬਣਨ ਦੀ ਗੱਲ ਕਹੀ ਤਾਂ ਮਹਾਰਾਜਾ ਨੇ ਨਾਟਕੀ ਢੰਗ ਨਾਲ ਕਿਹਾ ਕਿ ਉਹ ਆਪਣੇ ਘੋੜੇ ਉੱਤੇ ਸਵਾਰ ਹੋ ਕੇ ਸੂਰਜ ਚੜ੍ਹਨ ਤੋਂ ਸੂਰਜ ਛਿਪਣ ਤੱਕ ਜਿਤਨੀ ਜ਼ਮੀਨ ਵੱਲ ਲੈਣ, ਉਹ ਜਾਗੀਰ ਦੇ ਤੌਰ ਤੇ ਗੁਰਦੁਆਰਾ ਜਨਮ-ਅਸਥਾਨ ਦੇ ਨਾਂ ਲਗਾ ਦਿੱਤੀ ਜਾਏਗੀ। ਬਾਬਾ ਜੀ ਆਪਣੇ ਘੋੜੇ ਉੱਤੇ ਸਵਾਰ ਹੋ ਕੇ ਸਰਘੀ ਖਾ ਕੇ ਨਿਕਲ ਪਏ ਤੇ ਬਗੈਰ ਘੋੜੇ ਤੋਂ ਉਤਰੇ ਹੀ ਸਾਰਾ ਦਿਨ ਨਿਸ਼ਾਨ ਲਗਾ ਕੇ ਜਦ ਉਹ ਵਾਪਿਸ਼ ਮੁੜੇ ਤਾਂ ਸੂਰਜ ਛਿਪਣ ਨੂੰ ਤਕਰੀਬਨ ਇਕ ਘੰਟਾ ਬਾਕੀ ਸੀ। ਸਾਰਿਆਂ ਨੇ ਬਾਬਾ ਜੀ ਦੀ ਘਾਲ ਨੂੰ ਵਧਾਈ ਦਿੱਤੀ ਤੇ ਮਹਾਰਾਜਾ ਰਣਜੀਤ ਸਿੰਘ ਨੇ ਜ਼ਮੀਨ ਦਾ ਪਟਾ ਗੁਰਦੁਆਰਾ ਜਨਮ-ਅਸਥਾਨ ਦੇ ਨਾਂ ਕਰ ਦਿੱਤਾ। ਇਕ ਹਿਸਾਬ ਨਾਲ ਉਨ੍ਹਾਂ ਸੱਤ ਸੌ ਮੁਰੱਬੇ ਵਲ ਲਏ ਸਨ। ਗੁਰਦੁਆਰਿਆਂ ਵੱਲ ਧਿਆਨ ਦਿਲਵਾਉਣਾ ਬਾਬਾ ਜੀ ਦਾ ਇਕ ਹੋਰ ਮਹਾਨ ਉਪਕਾਰ ਸੀ।

ਬਾਬਾ ਸਾਹਿਬ ਸਿੰਘ ਜੀ ਨੂੰ ਜਦ ੧੮੦੮ ਈ: ਵਿਚ ਪਤਾ ਲੱਗਾ ਕਿ ਮੈਟਕਾਫ਼ ਨਾਂ ਦਾ ਅੰਗਰੇਜ਼ਾਂ ਦਾ ਸਫ਼ੀਰ ਸਿੱਖ ਰਿਆਸਤਾਂ ਉਤੇ ਜਾਲ ਸੁੱਟ ਰਿਹਾ ਹੈ ਤੇ ਲਾਹੌਰ ਤੇ ਪਟਿਆਲਾ ਦੇ ਝਗੜਿਆਂ ਦਾ ਲਾਭ ਉਠਾ ਕੇ ਸਿੱਖ ਰਿਆਸਤਾਂ ਨਾਲ ਐਸੀ ਸੰਧੀ ਉੱਤੇ ਦਸਤਖ਼ਤ ਕਰਾਉਣਾ ਚਾਹੁੰਦਾ ਹੈ, ਜਿਸ ਨਾਲ ਪੰਥ ਵਿਚ ਸਦੀਵੀ ਫੁੱਟ ਪੈਣ ਦਾ ਡਰ ਹੈ ਤਾਂ ਆਪ ਜੀ ਪਟਿਆਲੇ ਦੇ ਰਾਜਾ ਸਾਹਿਬ ਸਿੰਘ ਕੋਲ ਪੁੱਜੇ ਤੇ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਮਿੱਤਰਤਾ ਕਰਨ ਲਈ ਕਿਹਾ। ਆਪਣੇ ਸਾਹਮਣੇ ਦੋਵਾਂ ਦੀਆਂ ਪੱਗਾਂ ਵਟਾਈਆਂ। ਮੈਟਕਾਫ਼ ਸਮਝ ਗਿਆ ਕਿ ਉਸ ਏਕੇ ਸਾਹਮਣੇ ਅਤੇ ਬਾਬਾ ਸਾਹਿਬ ਸਿੰਘ ਦੇ ਹੁੰਦਿਆਂ ਇਕ ਨਹੀਂ ਚਲੇਗੀ। ਸੋ ਉਸ ਸਮਾਂ ਟਪਾਉਣਾ ਯੋਗ ਜਾਣਿਆ। ਇਕ ਤਾਂ ਮਹਾਰਾਜਾ ਰਣਜੀਤ ਸਿੰਘ ਵਾਪਿਸ ਅੰਮ੍ਰਿਤਸਰ ਪੁੱਜ ਗਏ, ਦੂਜੇ ਅਖ਼ਤਰਲੋਨੀ ਨੇ ਦਿੱਲੀ ਤੋਂ ਤੁਰ ਕੇ ਫਿਰ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ। ਏਕੇ ਦੀਆਂ ਖੁਸ਼ੀਆਂ ਅੰਮ੍ਰਿਤਸਰ ਮਨਾਈਆਂ ਹੀ ਜਾ ਰਹੀਆਂ ਸਨ ਕਿ ਮਿੰਟੋ ਦੇ ਪੱਤਰ ਉਤੇ ਸਿੱਖ ਰਿਆਸਤਾਂ ਨੇ ਦਸਤਖ਼ਤ ਕਰ ਦਿੱਤੇ। ਮਹਾਰਾਜਾ ਰਣਜੀਤ ਸਿੰਘ ਜੀ ਲੜਨ ਲਈ ਤਿਆਰ ਹੋ ਗਏ, ਪਰ ਬਾਬਾ ਸਾਹਿਬ ਸਿੰਘ ਜੀ ਨੇ ਆ ਕੇ ਇਹ ਹੀ ਸਮਝਾਇਆ ਕਿ ਲੜਾਈ ਵਿਚ ਭਰਾਵਾਂ ਦਾ ਹੀ ਕਤਲ ਹੈ ਅਤੇ ਅੰਗਰੇਜ਼ ਵਿਰੁੱਧ ਉਸ ਸਮੇਂ ਲੜਾਈ ਵੀ ਮਹਿੰਗੀ ਪਵੇਗੀ। ਸੋ ਮਜਬੂਰਨ ਅੰਗਰੇਜ਼ਾਂ ਨਾਲ ਸੰਧੀ ਕਰਨੀ ਪਈ। ਮਹਾਰਾਜਾ ਰਣਜੀਤ ਸਿੰਘ ਜੀ ਤਾਂ ਕਈ ਰਾਤਾਂ ਸੌਂ ਨਾ ਸਕੇ। ਬਾਬਾ ਜੀ ਨੇ ਵੀ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ, "ਸਤਿਗੁਰਾਂ ਨੇ ਸਮੇਂ-ਸਮੇਂ ਸੱਤ ਸੀਸ ਕੁਰਬਾਨ ਕਰ ਕੇ ਵਿਦੇਸ਼ੀ ਰਾਜਾਂ ਦੇ ਤਪ ਤੇ ਤੇਜ ਨੂੰ ਖ਼ਤਮ ਕੀਤਾ। ਬਖ਼ਸ਼ਿਸ਼

ਦੇ ਦਾਤੇ ਨੇ ਅੰਮ੍ਰਿਤ ਦੀ ਦਾਤ ਨਾਲ ਗਿੱਦੜਾਂ ਜੇਹੇ ਲੋਕਾਂ ਨੂੰ ਸਿੰਘ ਸਜਾ ਕੇ ਰਾਜ ਬਖ਼ਸ਼ਿਆ ਹੈ। ਪਰ ਅਫ਼ਸੋਸ! ਗੁਰੂ ਦੀਆਂ ਰਹਿਮਤਾਂ ਨੂੰ ਇਹ ਸਿੱਖ, ਭੰਗ ਦੇ ਭਾੜੇ ਗਵਾ ਰਹੇ ਹਨ। ਇਹ ਮੁੜ ਜਾਟ ਕੇ ਜਾਟ, ਝੀਵਰ ਕੇ ਝੀਵਰ, ਨਾਈ ਕੇ ਨਾਈ ਬਣ ਕੇ ਰਹਿਣਾ ਚਾਹੁੰਦੇ ਹਨ। ਇਹ ਗੁਰੂ ਦੀ ਦਾਤ ਨੂੰ ਸੰਭਾਲ ਨਹੀਂ ਸਕੇ। ਦੇਖਣ ਨੂੰ ਤਾਂ ਇਹ ਜ਼ਰੂਰ ਖ਼ਾਲਸਾ ਹਨ, ਪਰ ਚੰਚਲ ਮੱਤ, ਪਰਤ੍ਰਿਯਾ ਗਾਮੀ, ਸ਼ਰਧਾ ਹੀਨ ਤੇ ਕਠੋਰ ਹਿਰਦੇ ਰੱਖਦੇ ਹੋਏ ਗੁਰਮਤਿ ਤਿਆਗ ਕੇ ਮਨ ਮਤੀਏ ਅਤੇ ਹੰਕਾਰੀ ਬਣਦੇ ਜਾ ਰਹੇ ਹਨ। ਐਸ਼੍ਵਰਜ ਵਿਚ ਡੁੱਬ ਰਸਾਤਲ ਵਿਚ ਜਾ ਰਹੇ ਹਨ। ਇਹ ਦੂਰ ਦੀਆਂ ਗੱਲਾਂ ਨੂੰ ਸੋਚਣਾ ਹੀ ਭੁੱਲ ਬੈਠੇ ਹਨ। ਇਨ੍ਹਾਂ ਨੂੰ ਇਹ ਨਹੀਂ ਦਿੱਸਦਾ ਕਿ ਅੰਗਰੇਜ਼ ਕਿਵੇਂ ਵਧਦਾ ਆ ਰਿਹਾ ਹੈ। ਵੱਖਰੇ-ਵੱਖਰੇ ਹੋ ਕੇ ਆਪਣਾ ਗੌਰਵ ਵੀ ਗਵਾ ਲੈਣਗੇ। ਪਰ-ਅਧੀਨਤਾ ਵਿਚ ਦੁੱਖ ਪਾਉਣਗੇ।" ਕੌਮ ਨੇ ਅੱਗੇ ਬਾਬਾ ਸਾਹਿਬ ਸਿੰਘ ਜੀ ਦੀ ਆਵਾਜ਼ ਨਾ ਸੁਣੀ ਤੇ ਦੁੱਖਾਂ ਨੂੰ ਫੜੀ ਗਈ। ਅੱਜ ਫਿਰ ਇਹ ਹੀ ਆਵਾਜ਼ ਘਰ-ਘਰ ਪਹੁੰਚਾਣ ਦੀ ਲੋੜ ਹੈ ਤਾਂਕਿ ਉਨ੍ਹਾਂ ਆਗੂਆਂ ਨੂੰ ਮਤਾਂ ਮੱਤ ਆ ਜਾਵੇ ਤੇ ਕੌਮ ਨੂੰ ਰਾਹ ਮਿਲੇ।

ਅਣਖ ਉਤੇ ਸੱਟ ਪੈਂਦੀ ਦੇਖ ਕੇ ਬਾਬਾ ਜੀ ਕੋਲੋਂ ਚੁੱਪ ਨਹੀਂ ਸੀ ਰਹਿਣ ਹੁੰਦਾ। ਇਕ ਵਾਰੀ ਜਦ ਸ੍ਰੀ ਅੰਮ੍ਰਿਤਸਰ ਕਥਾ ਕਰ ਰਹੇ ਸਨ ਤਾਂ ਕਿਸੇ ਦੱਸਿਆ ਕਿ ਰਾਏਕੋਟ ਦੇ ਸਾਲਾਰ ਰੋਸ਼ਨ ਖ਼ਾਨ ਨੇ ਸ਼ਬਦ, ਕੀਰਤਨ ਤੇ ਸੰਗਤ ਦੇ ਇਕੱਠ ਉਤੇ ਪਾਬੰਦੀ ਲਗਾ ਦਿੱਤੀ ਹੈ ਤਾਂ ਉਸ ਸਮੇਂ ਕਥਾ ਉਪਰੰਤ ਸੰਗਤਾਂ ਨੂੰ ਵੰਗਾਰ ਪਾ ਕੇ ਘੋੜੇ ਉੱਤੇ ਸਵਾਰ ਹੋ ਕੇ ਰਾਇ ਕੋਟ ਵੱਲ ਚੱਲ ਪਏ। ਉਨ੍ਹਾਂ ਦੀ ਅਦੁੱਤੀ ਕੁਰਬਾਨੀ ਦਾ ਸੁਣ ਕੇ ਰਾਹ ਵਿਚ ਹੀ ੮੦੦੦ ਸਿਰ-ਲੱਥ ਨਾਲ ਹੋ ਪਏ।

ਬਾਬਾ ਜੀ ਨੇ ਰਾਇਕੋਟ ਪਹੁੰਚਦੇ ਸਾਰ ਐਸਾ ਹੱਲਾ ਬੋਲਿਆ ਕਿ ਸਾਲਾਰ ਰੌਸ਼ਨ ਖ਼ਾਨ ਦੀ ਫ਼ੌਜ ਹੱਲੇ ਅੱਗੇ ਰੁਕ ਹੀ ਨਾ ਸਕੀ। ਜ਼ੋਰ ਲਗਾ ਕੇ ਉਸ ਨੇ ਲਸ਼ਕਰ ਇਕੱਠਾ ਕੀਤਾ, ਪਰ ਬਾਬਾ ਜੀ ਉਸ ਉੱਤੇ ਐਸੇ ਟੁੱਟੇ ਜਿਵੇਂ ਕੋਈ ਸ਼ੇਰ ਲਲਕਾਰਾ ਮਾਰ ਆਪਣੇ ਸ਼ਿਕਾਰ ਉੱਤੇ ਲਪਕਦਾ ਹੈ। ਇਕੋ ਵਾਰ ਵਿਚ ਸਾਲਾਰ ਖ਼ਾਨ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਬਾਬਾ ਜੀ ਦਾ ਸਾਰੇ ਇਲਾਕੇ ਉਤੇ ਕਬਜ਼ਾ ਸੀ ਪਰ ਉਹ ਕੋਈ ਮੱਲ ਮਾਰਨ ਨਹੀਂ ਗਏ ਸਨ, ਉਹ ਤਾਂ ਕੇਵਲ ਆਪਣੇ ਭਰਾਵਾਂ ਨੂੰ ਧਾਰਮਿਕ ਆਜ਼ਾਦੀ ਦਿਲਵਾਉਣ ਗਏ ਸਨ। ਸੋ ਸਾਲਾਰ ਦੇ ਟੱਬਰ ਨੂੰ ਹੀ ਜਿੱਤਿਆ ਇਲਾਕਾ ਮੋੜ ਦਿੱਤਾ। ਫਿਰ ਕਿਸੇ ਦੀ ਜੁਰਅਤਿ ਨਾ ਹੋ ਸਕੀ ਕਿ ਉਹ ਸਿੱਖਾਂ ਦੇ ਧਾਰਮਿਕ ਅਕੀਦਿਆਂ ਵਿਚ ਦਖ਼ਲ ਦੇਵੇ।

ਇਸ ਅਣਖ ਦੇ ਪੁਤਲੇ, ਜੋਧੇ, ਰਾਗੀ, ਕੀਰਤਨ ਦੇ ਰਸੀਏ, ਦੂਰ-ਦ੍ਰਿਸ਼ਟੀ ਦੇ ਮਾਲਕ ਨੇ ਸੰਨ ੧੮੩੪ ਈ: ਦੇ ਅਰੰਭ ਵਿਚ ਚੜ੍ਹਾਈ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਦੇ ਅਕਾਲ ਚਲਾਣੇ ਨੂੰ ਕੌਮ ਦਾ ਨਾ ਪੂਰਿਆ ਜਾਣ ਵਾਲਾ ਘਾਟਾ ਕਿਹਾ।

ਬਾਬਾ ਸਾਹਿਬ ਸਿੰਘ ਜੀ ਇਤਨੀ ਸ਼ਕਤੀ, ਮਾਣਤਾ ਤੇ ਸੇਵਕੀ ਹੁੰਦਿਆਂ ਵੀ ਨਿਮਰਤਾ ਦੇ ਪੁੰਜ ਸਨ। ਇਤਿਹਾਸ ਵਿਚ ਆਉਂਦਾ ਹੈ ਕਿ ਪਿੰਡ ਦਾਦਨ ਖ਼ਾਨ ਦੇ ਇਕ ਫ਼ਕੀਰ 'ਹਰੀ ਹਰ' ਨੇ ਉਨ੍ਹਾਂ ਦੀ ਨਿਮਰਤਾ ਦੀ ਪਰਖ ਕਰਨ ਲਈ, ਉਨ੍ਹਾਂ ਸਾਹਮਣੇ ਭਰੇ ਹੋਏ ਦੀਵਾਨ ਵਿਚ, ਉਨ੍ਹਾਂ ਤੋਂ ਉੱਚੀ ਥਾਂ ਮੱਲ ਲਈ ਤੇ ਐਸੀਆਂ ਹਰਕਤਾਂ ਕੀਤੀਆਂ ਜੋ ਸੰਗਤਾਂ ਨੂੰ

 www.sikhbookclub.com

ਚੰਗੀਆਂ ਨਾ ਲੱਗੀਆਂ।ਸੰਗਤ ਵਿਚੋਂ ਕੁਝ ਟਹਿਲੂਆਂ ਨੇ ਜ਼ਬਰਦਸਤੀ 'ਹਰੀ ਹਰ' ਨੂੰ ਹੇਠਾਂ ਉਤਰਨ ਲਈ ਕਿਹਾ। ਕਈ ਲਾਠੀਆਂ ਲੈ ਕੇ ਵੀ ਪੁੱਜ ਗਏ। ਬਾਬਾ ਜੀ ਨੇ ਸਾਰਾ ਕੌਤਕ ਦੇਖ ਕੇ ਕਿਹਾ, "ਕੋਈ ਜਬਰ ਨਾ ਕਰੇ। ਸੰਤ ਆਪਣੀ ਮੌਜ ਵਿਚ ਬੈਠੇ ਹਨ। ਜਿੱਥੇ ਮੌਜ ਹੈ ਬੈਠਣ, ਸਭ ਪਿਛੇ ਹਟ ਜਾਣ।" 'ਹਰੀ ਹਰ' ਜੀ ਥੱਲੇ ਉਤਰ ਆਏ ਤੇ ਸਿਰ ਝੁਕਾਇਆ ਅਤੇ ਕਿਹਾ, "ਜਿਹਾ ਸੁਣੀਦਾ ਸੀ, ਤੈਸਾ ਹੀ ਡਿੱਠਾ।'

ਬਾਬਾ ਜੀ ਦੀ ਪਰਖ ਵਾਲੀ ਅੱਖ ਕਿਤਨੀ ਉੱਜਲ ਸੀ, ਇਸ ਦੀ ਵੀ ਇਕ ਸਾਖੀ ਸੰਤ ਰਤਨ ਮਾਲਾ ਵਿਚ ਆਉਂਦੀ ਹੈ। ਭਾਈ ਵਸਤੀ ਰਾਮ ਜੀ, ਬਾਬਾ ਸਾਹਿਬ ਸਿੰਘ ਜੀ ਦੇ ਦਰਸ਼ਨਾਂ ਨੂੰ ਊਨਾ ਗਏ। ਉੱਥੇ ਇਕ ਬ੍ਰਾਹਮਣ ਆਪਣੀ ਲੜਕੀ ਦੀ ਸ਼ਾਦੀ ਲਈ ਰੁਪਏ ਦੀ ਜਾਚਨਾ ਕਰ ਰਿਹਾ ਸੀ। ਭਾਈ ਵਸਤੀ ਰਾਮ ਜੀ ਨੇ ਡਿੱਠਾ ਕਿ ਇਕ ਸਰਦਾਰ ਨੇ ਪੰਜ ਸੌ ਰੁਪਿਆ ਤੇ ਅਨੇਕ ਹੋਰ ਵਸਤਾਂ ਭੇਟ ਕੀਤੀਆਂ। ਬਾਬਾ ਜੀ ਨੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਬ੍ਰਾਹਮਣ ਨੂੰ ਬੜੀ ਕਰਿਝ ਆਈ ਕਿ 'ਜੇ ਆਪ ਨਹੀਂ ਰੱਖਣੀ ਨੇ ਤਾਂ ਮੈਨੂੰ ਹੀ ਦਿਲਵਾ ਦੇਣ।' ਉਸ ਆਖ ਵੀ ਦਿੱਤਾ, ਪਰ ਬਾਬਾ ਜੀ ਇਨਕਾਰ ਹੀ ਕਰਦੇ ਰਹੇ।ਉਥੇ ਹੀ ਭਾਈ ਵਸਤੀ ਰਾਮ ਜੀ ਨੇ ਇਕ ਸੌ ਰੁਪਿਆ ਤੇ ਹੋਰ ਵਸਤੂਆਂ ਭੇਟ ਕੀਤੀਆਂ ਤਾਂ ਫੱਟ ਬਾਬਾ ਸਾਹਿਬ ਸਿੰਘ ਜੀ ਨੇ ਕਿਹਾ ਕਿ ਸੱਦੋ ਉਸ ਬ੍ਰਾਹਮਣ ਨੂੰ। ਭਾਈ ਜੀ ਵਾਲੀ ਰਕਮ ਦੇ ਕੇ ਆਖਣ ਲੱਗੇ ਕਿ "ਇਹ ਭੇਟਾ ਲਵੋ, ਵਾਹਿਗੁਰੂ ਬਰਕਤ ਪਾਵੇਗਾ। ਇਹ ਮਹਾਂ ਪਵਿੱਤਰ ਕੌਡੀ ਹੈ।" ਅੱਜ ਕੌਣ ਦੇਖਦਾ ਹੈ ਕਿ ਪਾਵਨ ਕੌਡੀ ਕਿਹੜੀ ਹੈ ਤੇ ਪਲੀਤ ਕਿਹੜੀ। ਕੀ ਸਾਡੇ ਨਿਘਰਨ ਦਾ ਕਾਰਨ ਇਹ ਤਾਂ ਨਹੀਂ ਕਿ ਸਾਡੀ ਕਿਰਤ ਸੁੱਚੀ ਨਹੀਂ ਰਹੀ? ਬਾਬਾ ਜੀ ਨੇ ਪੂਰਨੇ ਪਾਏ ਪਰ ਅਸੀਂ ਉਨ੍ਹਾਂ ਉੱਤੇ ਲਿਖ ਨਹੀਂ ਸਕੇ। ਹੁਣ ਦਾਤਾ ਹੀ ਮਿਹਰ ਕਰੇ।

# ੨੬

# ਸੇਵਾ, ਸਿਮਰਨ, ਸਬਰ, ਸਿਦਕ, ਸੰਤੋਖ ਤੇ ਸਾਹਸ ਦੇ ਪੁਤਲੇ

ਭਾਈ ਗੁਰਦਾਸ ਜੀ ਨੇ ਸਿੱਖ ਦੀ ਰਹਿਣੀ-ਬਹਿਣੀ ਲਈ ਜਿਥੇ ਮੁਰਦਾ ਹੋਇ ਮੁਰੀਦ ਦੀ ਸ਼ਰਤ ਲਿਖੀ ਹੈ, ਉੱਥੇ ਉਸ ਦਾ ਸਬਰ, ਸਿਦਕ, ਸ਼ਹੀਦ ਹੋਣਾ ਲਾਜ਼ਮੀ ਗੁਣ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਿਦਕੀਆਂ ਕੋਲ ਭਰੋਸੇ ਤੇ ਸ਼ੁਕਰ ਦੀ ਅਤੇ ਦੇਵਤਿਆਂ ਪਾਸ ਸਬਰ ਤੇ ਸੰਤੋਖ ਦੀ ਰਾਸ ਦਾ ਹੋਣਾ ਲਿਖਿਆ ਹੈ। ਇਸੇ ਖ਼ਜ਼ਾਨੇ ਨਾਲ ਉਹ ਪ੍ਰਭੂ ਪੂਰੇ ਦਾ ਦਰਸ਼ਨ ਕਰ ਲੈਂਦੇ ਹਨ। ਠੀਕ ਗੱਲ ਇਹ ਹੈ ਕਿ ਨਿਰੀਆਂ ਗੱਲਾਂ ਕਰਨ ਵਾਲਿਆਂ ਨੂੰ ਕੋਈ ਢੋਈ ਨਹੀਂ ਮਿਲਦੀ :

> **"ਸਿਦਕ ਸਬੂਰੀ ਸਾਦਿਕਾ,**
> **ਸਬਰ ਤੋਸਾ ਮਲਾਇਕਾ॥**
> **ਦੀਦਾਰ ਪੂਰੇ ਪਾਇਸਾ,**
> **ਥਾਉ ਨਾਹੀ ਖਾਇਕਾ।"**

SIKHBOOKCLUB.COM

ਬਾਬਾ ਫ਼ਰੀਦ ਜੀ ਨੇ ਸਬਰ ਨੂੰ ਕਮਾਨ ਅਤੇ ਸਬਰ ਦਾ ਹੀ ਚਿੱਲਾ ਚੜ੍ਹਾਉਣ ਵਾਲੇ ਮਨੁੱਖ ਦੀ ਕਾਮਯਾਬੀ, ਅਵੱਸ਼ਕ ਦੱਸੀ ਹੈ। ਫਿਰ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ ਕਿ ਬਿਨਾਂ ਸੰਤੋਖ ਕੋਈ ਰੱਜਿਆ ਨਹੀਂ। ਜਦ ਸੰਤੋਖ ਦੀ ਚੂਲ ਹਿੱਲ ਜਾਏ ਤਾਂ ਦਰਵਾਜ਼ੇ ਖੜਖੜਾਉਣ ਲੱਗ ਪੈਂਦੇ ਹਨ ਤੇ ਸਮਾਂ ਪਾ ਕੇ ਦੀਵਾਰਾਂ ਹੀ ਹਿੱਲਣ ਲੱਗ ਪੈਂਦੀਆਂ ਹਨ। ਸੱਚੀ ਗੱਲ ਇਹ ਹੀ ਹੈ ਕਿ ਸੰਤੋਖ ਰਹਿਤ ਮਨੁੱਖ ਹੀ ਦਰ-ਦਰ ਭਟਕਦਾ ਤੇ ਛੋਟੀ-ਛੋਟੀ ਔਕੜ ਦੇਖ ਕੇ ਡੋਲਣ ਲੱਗ ਪੈਂਦਾ ਹੈ। ਸ਼ਹੀਦ ਉਹ ਹੀ ਹੈ ਜਿਸ ਕੋਲ ਸਬਰ ਤੇ ਸਿਦਕ ਹੈ। ਸਾਹਸ (ਜੁਰਅਤਿ) ਉਹ ਹੀ ਪ੍ਰਗਟਾਅ ਸਕਦਾ ਹੈ, ਜਿਸ ਨੇ ਪਹਿਲਾਂ ਸਰੀਰ ਦਾ ਤਿਆਗ ਕੀਤਾ ਹੈ, ਹਉਮੈ ਨੂੰ ਮਾਰ ਕੇ ਨਿਮਰਤਾ ਦਾ ਚੋਲਾ ਸੀਤਾ ਹੈ। ਸੇਵਾ ਵੀ ਉਹ ਹੀ ਕਰ ਸਕਦਾ ਹੈ, ਜਿਸ ਨੇ ਸੰਤੋਖ ਦੀਆਂ ਉਚਾਈਆਂ ਛੋਹੀਆਂ ਹੋਣ। ਸਿਮਰਨ ਨੂੰ ਪ੍ਰਤੱਖ ਕੀਤਾ ਹੋਵੇ। ਸੀਸ ਉਹ ਹੀ ਤਲੀ ਤੇ ਰੱਖ ਸਕਦਾ ਹੈ, ਜਿਸ ਨੇ ਸੇਵਾ ਰਾਹੀਂ ਆਪਣੀ ਦੇਹੀ ਨੂੰ ਨਿਰਮਲ ਕਰ ਲਿਆ ਹੋਵੇ। ਸਾਰਾ ਸਿੱਖ ਇਤਿਹਾਸ ਸੇਵਾ, ਸਿਮਰਨ, ਸਬਰ, ਸਿਦਕ, ਸੰਤੋਖ ਤੇ ਸਾਹਸ ਦਾ ਹੀ ਇਤਿਹਾਸ ਹੈ। ਇਸ ਦੇ ਕਿਸੇ ਪੰਨੇ ਨੂੰ ਖੋਲ੍ਹ ਕੇ ਦੇਖੋ, ਕੋਈ ਨਾ ਕੋਈ ਵਿਅਕਤੀ ਕਾਰਨਾਮਾ ਕਰਦਾ ਦਿਖਾਈ ਦੇ ਰਿਹਾ ਹੋਵੇਗਾ। ਪਰ ਜੇ ਇਕਸੁਰ, ਲਗਾਤਾਰ ਲੜੀਵਾਰ ਕਿਸੇ ਸਿੱਖ ਸ਼ਰੇਣੀ ਵਿਚੋਂ ਸੇਵਾ, ਸਬਰ ਤੇ ਸਿਦਕ ਦੀਆਂ ਉਦਾਹਰਨਾਂ ਲੈਣੀਆਂ ਹੋਣ ਤਾਂ

ਉਹ ਸੇਵਾ ਪੰਥੀ ਹੀ ਹੋਣਗੇ।

ਸੇਵਾ ਪੰਥੀਆਂ ਨੇ ਬਖ਼ਸ਼ਿਸ਼ ਗੁਰੂ ਤੇਗ਼ ਬਹਾਦਰ ਜੀ ਕੋਲੋਂ ਲਈ ਤੇ ਇਸ ਬਖ਼ਸ਼ਿਸ਼ ਰੂਪੀ ਬੀਜ ਨੂੰ ਕ੍ਰਿਪਾ ਦਾ ਜਲ ਦਸਮੇਸ਼ ਪਿਤਾ ਜੀ ਨੇ ਪਾਇਆ। ਇਸ ਬੀਜ ਤੋਂ ਪਹਿਲਾਂ ਅੰਕੁਰ ਭਾਈ ਕਨ੍ਹਈਆ ਜੀ ਫੁਟੇ ਅਤੇ ਇਸ ਡਾਲੀ ਤੇ ਭਾਈ ਸੇਵਾ ਰਾਮ ਝੂਲਦੇ ਰਹੇ। ਫਿਰ ਹੋਰ ਡਾਲੀਆਂ ਵੀ ਲੱਗੀਆਂ, ਜਿਨ੍ਹਾਂ ਵਿਚੋਂ ਪ੍ਰਮੁੱਖ ਭਾਈ ਅੱਦਣ ਜੀ, ਭਾਈ ਆਇਆ ਰਾਮ, ਭਾਈ ਭਲਾ ਰਾਮ, ਭਾਈ ਦੁਖ ਭੰਜਨ ਤੇ ਹੋਰ ਅਨੇਕਾਂ ਹੋਏ ਹਨ। ਇਕ ਕਬਿਤ ਵਿਚ ਇਨ੍ਹਾਂ ਦਾ ਇਤਿਹਾਸ ਸੰਖੇਪ ਕਰ ਕੇ ਇਸ ਤਰ੍ਹਾਂ ਮਿਲਦਾ ਹੈ :

**ਸ੍ਰੀ ਗੁਰੂ ਤੇਗ ਬਹਾਦਰ ਕੀ ਬਖਸ਼ੀਸ਼ ਬੀਜ ਭਯੋ,**
**ਸ੍ਰੀ ਦਸਮੇਸ਼ ਕ੍ਰਿਪਾ ਜਲ ਪਹਿਚਾਨੀਐ।**
**ਅੰਕੁਰ ਕਨਯਾ ਲਾਲ, ਮੂਲ ਭਾਈ ਸੇਵਾ ਰਾਮ,**
**ਆਲਬਾਲ ਸੰਤ ਭਾਈ ਅੱਦਣ ਪ੍ਰਮਾਨੀਐ।**
**ਡਾਲਗੁਰ ਆਇਆ ਰਾਮ ਭਾਈ ਭਲਾ ਰਾਮ ਆਦਿ,**
**ਭਾਈ ਦੁੱਖ ਭੰਜਣ, ਪਰਸ ਰਾਮ ਡਾਨੀਐ।**
**ਔਰ ਸਾਧ ਸੰਤ ਸਾਖ, ਫੂਲ ਫਲ ਮਤ ਆਦਿ,**
**ਸੁਜਸ ਬਖਾਨਯੋ ਪੰਥ ਦੇਵਤਰ ਜਾਨੀਐ।**

ਇਤਿਹਾਸ ਵਿਚ ਆਉਂਦਾ ਹੈ ਕਿ ਜਦ ਗੁਰੂ ਤੇਗ਼ ਬਹਾਦਰ ਜੀ ਨੇ ਭਾਈ ਕਨ੍ਹਈਆ ਜੀ ਨੂੰ ਦੇਖਿਆ, ਤਾਂ ਉਸ ਸਮੇਂ ਉਨ੍ਹਾਂ ਦੀ ਦੇਹੀ ਸ਼ਾਂਤ ਚਿਤ ਹੋ ਗਈ, 'ਸਰੀਰ ਮੈਂ ਅਸਰੀਰ ਭਾਸ ਆਇਆ।' ਭਾਵ ਸਰੀਰ ਦੀ ਸੁਧ ਭੁੱਲ ਗਈ ਅਤੇ ਆਤਮ ਪ੍ਰਗਾਸ ਹੋ ਗਿਆ। ਇਹ ਲਿਖਿਆ ਮਿਲਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਪਾਣੀ ਦੇ ਘੜੇ ਭਾਈ ਕਨ੍ਹਈਆ ਜੀ ਕੋਲੋਂ ਮੰਗਵਾਉਂਦੇ ਤੇ ਡੋਲ੍ਹਦੇ ਰਹੇ, ਪਰ ਕੀ ਮਜਾਲ, ਜੋ ਕਦੇ ਉਨ੍ਹਾਂ ਮੱਥੇ ਤੇ ਵੱਟ ਪਾਇਆ ਹੋਵੇ ਜਾਂ ਕਦੇ ਢਿਲ ਦਿਖਾਈ ਹੋਵੇ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇਖ ਰਹੇ ਸਨ ਕਿ ਜੇ ਇਸ ਨੇ ਗੁਰੂ ਹੁਕਮ ਨਾਲ ਪਾਣੀ ਡੁਲ੍ਹਦਾ ਦੇਖ ਕੇ ਸ਼ਿਕਵਾ-ਸ਼ਿਕਾਇਤ ਕੀਤੀ ਤਾਂ ਆਉਣ ਵਾਲੇ ਸਮੇਂ ਵਿਚ ਸ਼ਤਰੂਆਂ ਨੂੰ ਕਿਵੇਂ ਜਲ ਛਕਾ ਸਕਣਗੇ? ਸੂਰਜ ਪ੍ਰਕਾਸ਼ ਦੇ ਮਹਾਨ ਲਿਖਾਰੀ ਦੇ ਕਥਨ ਅਨੁਸਾਰ ਉਹ ਰਣ ਤੱਤੇ ਵਿਚ ਸੀਤਲ ਜਲ ਦੀ ਮਸ਼ਕ ਨਾਲ :

**"ਜਿਮ ਸਿੰਘਨ ਕੋ ਜਾਏ ਪਿਲਾਵਤ।**
**ਤਿਮ ਤੁਰਕਣ ਕੋ ਨਿਸ ਤ੍ਰਿਪਤਾਵਤ।"**

ਸੰਤੋਖ ਦੇ ਟਾਕਰੇ ਉਨ੍ਹਾਂ ਦਾ ਬਦਲ ਲੱਭਣਾ ਕਠਿਨ ਜਿਹੀ ਸਮੱਸਿਆ ਹੈ। ਸਹਿਜ ਹਿੰਡੋਲੇ ਉਹ ਸਦਾ ਹੀ ਝੂਲਦੇ ਅਤੇ ਇਕ ਵਾਰੀ ਜਦ ਇਕ ਗ੍ਰਹਿਸਤੀ ਨੇ ਉਨ੍ਹਾਂ ਨੂੰ ਬਹੁਤ ਧਨ ਪਦਾਰਥ ਦੇ ਕੇ ਮੱਥਾ ਟੇਕਿਆ ਤਾਂ ਉਨ੍ਹਾਂ ਸਾਰੀ ਭੇਟ ਵਾਪਸ ਕਰ ਦਿੱਤੀ ਤੇ ਫ਼ਰਮਾਇਆ ਕਿ ਤੈਨੂੰ ਮੇਰੇ ਨਾਲੋਂ ਵੱਧ ਲੋੜ ਹੈ ਅਤੇ ਇਸ ਧਨ ਨਾਲ ਕਾਰ ਨੂੰ ਵਧਾ ਤੇ ਲਾਭ ਮਿਲਣ ਵੇਲੇ ਲੋੜਵੰਦਾਂ ਨੂੰ ਆਪਣੀ ਕਮਾਈ ਵਿਚੋਂ ਵੰਡ ਦੇ, ਮੈਨੂੰ ਆਪੇ ਪੁੱਜ ਜਾਏਗੀ।

ਕਨ੍ਹਈਆ ਜੀ ਕੋਲੋਂ ਸੇਵਾ ਮਿਲੀ ਸੇਵਾ ਰਾਮ ਨੂੰ, ਫਿਰ ਸਹਿਜ ਆਇਆ ਸਹਿਜ ਰਾਮ ਜੀ ਕੋਲ ਅਤੇ ਅੜ ਖਲੋਣ ਦੀ ਸ਼ਕਤੀ ਕਿਸੇ ਭਾਈ ਅੱਦਣ ਸ਼ਾਹ ਨੇ ਦਿਖਲਾਈ ਤੇ ਸੰਤੋਖ ਦੱਸਿਆ ਭਾਈ ਸੰਤੋਖ ਜੀ ਤੇ ਫਿਰ ਹਰਿ ਦਰਬਾਰ ਵਿਚ ਸੋਭਾ ਪਾਈ ਭਾਈ ਦਰਬਾਰੀ ਜੀ ਨੇ।

ਭਾਈ ਸੇਵਾ ਰਾਮ ਜੀ ਦੇ ਸੁਭਾਅ ਬਾਰੇ ਸਾਖੀਕਾਰ ਲਿਖਦੇ ਹਨ ਕਿ ਉਹ ਸ਼ਾਂਤ ਆਤਮਾ, ਧੀਰਜ ਦੀ ਖਾਣ, ਐਸੇ ਮਹਾਤਮਾ ਪੁਰਸ਼ ਸਨ, ਜਿਨ੍ਹਾਂ ਨੂੰ ਸ਼ਤਰੂ ਮਿੱਤਰ ਸਮਾਨ ਸਨ, ਹਰਖ ਸੋਗ ਇਕੋ ਜਿਹਾ, ਮਾਨ ਅਪਮਾਨ ਸਾਵਾਂ ਅਤੇ ਸੋਨਾ ਮਾਟੀ ਸੱਚਮੁੱਚ ਇਕ ਸੀ। ਪਰਮ ਨਿਰਚਾਹੀ ਸਨ, ਪਰਉਪਕਾਰ ਦੀ ਮੂਰਤ ਸਨ ਤੇ ਹੱਥ ਵਿਚ ਤੂੰਬਾ ਲਈ ਕੀਰਤਨ ਦੀ ਧੁਨੀ ਸਦਾ ਛੇੜੀ ਫਿਰਦੇ ਸਨ। ਇਕ ਵਾਰ ਉਨ੍ਹਾਂ ਅੱਗੇ ਕਿਸੇ ਨੇ ਛੱਤੀ ਪਦਾਰਥ ਲਿਆ ਰੱਖੇ, ਪਰ ਆਪ ਨੇ ਰੁੱਖਾ ਫੁਲਕਾ ਤੇ ਸਾਗ ਲੈ ਕੇ ਛਕ ਲਿਆ ਤਾਂ ਕੋਲ ਬੈਠੇ ਇਕ ਗਵਾਲ ਨਾਂ ਦੇ ਭਗਤ ਨੇ ਸ਼ੰਕਾ ਕੀਤੀ ਕਿ ਜਿਸ ਦੇ ਹਿਰਦੇ ਵਿਚ ਠਾਕਰ ਹੈ, ਉਸ ਨੂੰ ਛੱਤੀ ਪਦਾਰਥ ਖਾਂਦਿਆਂ ਕੀ ਡਰ ਹੈ ? ਤਾਂ ਭਾਈ ਸੇਵਾ ਰਾਮ ਜੀ ਨੇ ਕਿਹਾ, "ਭਲੇ ਪੁਰਸ਼! ਜਦ ਕਿਸੇ ਕਿਲ੍ਹੇ ਨੂੰ ਦੂਜਾ ਰਾਜਾ ਘੇਰ ਲੈਂਦਾ ਹੈ ਤਾਂ ਉਸ ਦਾ ਰਸਦ ਪਾਣੀ ਬੰਦ ਕਰ ਦਿੰਦਾ ਹੈ। ਲਗਾਤਾਰ ਰਸਦ ਪਾਣੀ ਨਾ ਮਿਲਣ ਕਰ ਕੇ ਗੜ੍ਹ ਜਿੱਤਿਆ ਜਾਂਦਾ ਹੈ। ਸੋ ਕਿਲ੍ਹਾ ਜਿੱਤਣ ਤੱਕ ਘੇਰਾ ਪਾਉਣਾ ਠੀਕ ਹੈ, ਰਸਦ ਅਤੇ ਸੁਆਦ ਰੋਕਣਾ ਹੀ ਜਚਦਾ ਹੈ। ਅਸਾਂ ਵੀ ਇਸ ਪੱਕੇ ਕਿਲ੍ਹੇ ਨੂੰ ਘੇਰਾ ਪਾਇਆ ਹੈ ਅਤੇ ਰਸਦ-ਪਾਣੀ ਬੰਦ ਕੀਤਾ ਹੈ ਤਾਂ ਕਿ ਇਸ ਸਰੀਰ ਨੂੰ ਜਿੱਤ ਸਕੀਏ।" ਐਸੀ ਨਿਮਰਤਾ ਤੇ ਨਿਰ-ਹੰਕਾਰ ਦੇ ਵਾਕ ਸੁਣ ਕੇ ਭਗਤ ਨੇ ਫਿਰ ਕਿਹਾ "ਭਾਈ ਜੀ ਤੁਸਾਂ ਤਾਂ ਕਿਲ੍ਹਾ ਸਰ ਕਰ ਲਿਆ ਹੈ, ਪਰ ਸਾਡੇ ਅਣਜਾਣ ਪੁਰਸ਼ਾਂ ਨੂੰ ਸਿੱਖ ਮਤ ਦੇਣ ਲਈ ਐਸਾ ਆਚਰਣ ਧਾਰਿਆ ਹੈ। ਧੰਨ ਹੈ ਤੁਹਾਡਾ ਸੰਤੋਖ, ਧੰਨ ਹੈ ਤੁਹਾਡਾ ਸਬਰ।" ਭਾਈ ਜੀ ਬਹੁਤੇ ਭੋਜਨ ਪਰੋਸ ਦੇਖ ਕੇ ਆਖਿਆ ਕਰਦੇ ਸਨ, 'ਹਾਸਲੇ ਦੁਨੀਆ, ਹਮੀਂ ਦਰਦੇ ਸਰ ਅਸਤ।' ਭਾਵ ਦੁਨੀਆਂ ਦੇ ਧੰਦਿਆਂ ਤੋਂ ਸਿਰ ਦਰਦ ਹੀ ਪ੍ਰਾਪਤ ਹੁੰਦਾ ਹੈ। ਐਸਾ ਤੰਦੂਰ ਵੀ ਕੀ ਬਾਲਣਾ ਹੋਇਆ ਕਿ ਚੰਦਨ ਦੀ ਲੱਕੜੀ ਜਲਾਈ ਜਾਓ। ਤੰਦੂਰ ਦੀ ਅੱਗ ਬੁਝਾਉਣ ਲਈ ਥੋੜ੍ਹੇ ਜਿਹੇ ਕਿੱਕਰ ਦੇ ਝੁਲਕੇ ਦੀ ਲੋੜ ਹੈ। "ਏਤੀ ਖੁਆਰੀ ਧੰਧਿਆ ਕੀ ਕਾਹੇ ਕੋ ਖੋਂਚਨੀ।"

ਇਸੇ ਤਰ੍ਹਾਂ ਇਕ ਵਾਰੀ ਜਦ ਸੇਵਾ ਰਾਮ ਜੀ ਕੋਲੋਂ ਭਾਈ ਰਾਣਾ ਜੀ ਨੇ ਪੁੱਛਿਆ ਕਿ ਕੋਈ ਐਸਾ ਵੀ ਸੰਤ ਹੈ ਜੋ ਸੰਸਾਰ ਰੂਪੀ ਖੂਹ ਵਿਚੋਂ ਕੱਢ ਕੇ ਪਰਮ ਸੁਖ ਨੂੰ ਪ੍ਰਾਪਤ ਕਰਾਏ ਤਾਂ ਭਾਈ ਸੇਵਾ ਰਾਮ ਜੀ ਨੇ ਸਹਿਜੇ ਹੀ ਬਚਨ ਕੀਤਾ : 'ਸੁਣ ਭਰਾਵਾ, ਪੱਗ ਲਾਹੁਣ ਦੀ ਦੇਰ ਹੈ ਅਤੇ ਪਰਮ ਸੁਖ ਮਿਲਿਆ ਕਿ ਮਿਲਿਆ।' ਰਾਣਾ ਜੀ ਨੇ ਸੁਣਦੇ ਸਾਰ ਪੱਗ ਲਾਹ ਕੇ ਸੁੱਟ ਦਿੱਤੀ ਅਤੇ ਕਿਹਾ ਪਰਮ ਸੁਖ ਦੇ ਵਿਚਕਾਰ ਪੱਗ ਦਾ ਹੀ ਪਰਦਾ ਹੈ ਤਾਂ ਇਹ ਲਵੋ ਪੱਗ ਸੁੱਟ ਦਿੱਤੀ। ਭਾਈ ਜੀ ਨੇ ਪਾਈ, ਰਾਣਾ ਜੀ ਨੇ ਬੁੱਝੀ। ਪਰ ਅਸੀਂ ਨਾ ਜਾਣ ਸਕੇ, ਨਾ ਬੁੱਝ ਸਕੇ। ਮਨੁੱਖ ਸਭ ਕੁਝ ਨੱਕ ਨਮੂਜ਼ ਤੇ ਪੱਗ ਲਈ ਹੀ ਦਿਖਾਵਾ ਕਰ ਰਿਹਾ ਹੈ। ਹੰਕਾਰ ਵਿਚ ਵਿਚਰਦਾ ਹੈ, ਕੁੜ੍ਹਦਾ ਤੇ ਸੜਦਾ ਹੈ, ਫਿਰ ਕਹਿੰਦਾ ਹੈ ਕਿ ਮੈਨੂੰ ਸੁਖ ਨਹੀਂ, ਸ਼ਾਂਤੀ ਨਹੀਂ, ਸਬਰ ਨਹੀਂ, ਸੰਤੋਖ ਨਹੀਂ, ਸਹਿਜ ਨਹੀਂ। ਇਕ ਵਾਰੀ ਪੱਗ ਦਾ ਭੁਲਾਵਾ ਹਟਾ ਕੇ ਅਤੇ ਮੈਲੇ ਹੋਣ ਤੋਂ ਨਾ ਘਬਰਾਏ, ਫਿਰ ਦੇਖੋ ਕਿ ਸੁਖ ਕਿਵੇਂ ਉਸ ਦੀ ਦਾਸੀ ਬਣਦੀ ਹੈ।

ਭਾਈ ਸੇਵਾ ਰਾਮ ਜੀ ਨੇ ਇਸ ਤਰ੍ਹਾਂ ਕਈ ਜੀਵਾਂ ਨੂੰ ਜ਼ਿੰਦਗੀ ਦੀਆਂ ਸੇਧਾਂ ਦੇ ਕੇ ਮੁਜ਼ੱਫਰ ਨਗਰ ਪੁੱਜ ਕੇ ਗੁਰਮਤਿ ਪ੍ਰਚਾਰ ਦਾ ਕੇਂਦਰ ਬਣਾਇਆ। ਸੇਵਾ ਦੀ ਇਤਨੀ ਲਗਨ

 www.sikhbookclub.com

ਸੀ ਕਿ ਸੜਕ ਦੇ ਕਿਨਾਰੇ ਰੋਟੀਆਂ ਦਾ ਟੋਕਰਾ ਲੈ ਕੇ ਬੈਠ ਜਾਂਦੇ ਤੇ ਉੱਚੀ ਆਵਾਜ਼ ਨਾਲ ਕਹਿੰਦੇ 'ਲੈ ਲੌ ਟੁਕੜਾ—ਲੈ ਲੌ ਟੁਕੜਾ।' ਉਸ ਥਾਂ ਜਿੱਥੇ ਬੈਠ ਕੇ ਰਾਹੀਆਂ ਨੂੰ ਪ੍ਰਸ਼ਾਦ ਛਕਾਉਂਦੇ, ਉਸ ਦੀ ਇਤਨੀ ਪ੍ਰਸਿੱਧੀ ਹੋਈ ਕਿ ਪਿੰਡ ਦਾ ਨਾਂ ਹੀ 'ਟੁਕੜਾ' ਪੈ ਗਿਆ, ਪਰ ਸੇਵਾ ਰਾਮ ਜੀ ਮਾਨ ਤੇ ਆਦਰ ਹੁੰਦਾ ਦੇਖ ਕੇ ਵਿਚੋਂ ਹੀ ਛੱਡ, ਕਿਧਰੇ ਹੋਰ ਚਲੇ ਗਏ। ਸੇਵਾ ਰਾਮ ਜੀ ਨੇ ਸਹਿਜ ਰਾਮ ਜੀ ਨੂੰ ਸਹਿਜ ਦੀ ਪੱਟੀ ਪੜ੍ਹਾ ਕੇ ਸਬਰ ਸਿਦਕ ਦੀ ਪਟੜੀ ਤੇ ਚਾੜ੍ਹ ਦਿੱਤਾ।

ਭਾਈ ਸਹਿਜ ਰਾਮ ਜੀ ਬਾਰੇ ਲਿਖਿਆ ਮਿਲਦਾ ਹੈ ਕਿ ਕੀਰਤਨ ਸਦਾ ਹੀ ਪ੍ਰੇਮ ਨਾਲ ਕਰਦੇ। ਕਈ ਵਾਰੀ ਐਸਾ ਹੋਇਆ ਕਿ ਡੂਢ ਪਹਿਰ ਬੀਤਣ ਤੱਕ ਕੀਰਤਨ ਵਿਚ ਜੁੜੇ ਰਹਿੰਦੇ। ਪਰਮ ਸ਼ਾਂਤ ਸਰੂਪ ਤੇ ਗੁਣਾਂ ਦਾ ਕਦੇ ਅਭਿਮਾਨ ਨਾ ਕਰਨ ਵਾਲੇ ਸਨ। ਕਈਆਂ ਦਾ ਤਾਂ ਖ਼ਿਆਲ ਸੀ ਕਿ ਪਿਛਲੇ ਜਨਮ ਗੁਰੂ ਹਰਿਗੋਬਿੰਦ ਜੀ ਦੇ ਉਹ ਨਿਸ਼ਾਨਚੀ ਸਨ। ਕੀਰਤਨ ਕਰਨ ਬੈਠਦੇ ਤਾਂ ਇਕ ਸਲੋਕ ਦੀ ਵਿਆਖਿਆ ਕਰਦੇ-ਕਰਦੇ ਘੰਟਿਆਂ ਬੱਧੀ ਬਾਣੀ ਬੋਲਦੇ ਰਹਿੰਦੇ। ਬਾਣੀ ਪੜ੍ਹਦਿਆਂ ਸ਼ਬਦ ਰੂਪ ਹੀ ਹੋ ਜਾਂਦੇ। ਬਾਣੀ ਪੜ੍ਹਾਉਣ ਦੀ ਲਗਨ ਵੀ ਕਮਾਲ ਦੀ ਸੀ। ਜੇ ਕੋਈ ਬਾਣੀ ਕੰਠ ਕਰੇ ਤਾਂ ਬਹੁਤ ਹੀ ਖ਼ੁਸ਼ ਹੁੰਦੇ ਸਨ। ਇਕ ਵਾਰੀ ਇਕ ਪਿੰਡ ਦੀ ਸੰਗਤ ਨੇ ਬਹੁਤ ਵਾਰੀ ਬੇਨਤੀ ਕੀਤੀ ਕਿ ਭਾਈ ਸਾਹਿਬ ਰੁਕ ਜਾਣ ਤੇ ਕੁਝ ਚਿਰ ਹੋਰ ਟਿਕਣ ਪਰ ਭਾਈ ਜੀ ਟਿਕਣ ਨਾਹੀਂ।' ਸਿੱਖਾਂ ਰੋਕਣ ਦਾ ਉਪਾਓ ਸੋਚਿਆ ਤੇ ਇਕ ਬਾਲਕ ਨੂੰ ਉਹਨਾਂ ਸਾਹਮਣੇ ਪੇਸ਼ ਕਰ ਬੇਨਤੀ ਕੀਤੀ ਕਿ ਇਸ ਬਾਲਕ ਨੂੰ ਸੁਖਮਨੀ ਕੰਠ ਕਰਾਉਣੀ ਹੈ, ਸੁਖਮਨੀ ਦਾ ਗੁਟਕਾ ਲਿਖ ਦੇਵੋ। ਸੰਗਤ ਦਾ ਖ਼ਿਆਲ ਸੀ ਕਿ ਸੁਖਮਨੀ ਦਾ ਗੁਟਕਾ ਲਿਖਦਿਆਂ ਸਮਾਂ ਲੱਗੇਗਾ ਤੇ ਇਸ ਤਰ੍ਹਾਂ ਭਾਈ ਜੀ ਦੇ ਦਰਸ਼ਨ ਬਹੁਤ ਸਮੇਂ ਤੱਕ ਹੋ ਜਾਣਗੇ। ਭਾਈ ਜੀ ਹੋਰ ਸਭ ਕੁਝ ਭੁੱਲ ਗਏ ਤੇ ਉਸ ਸਮੇਂ ਕਾਗਜ਼ ਦਵਾਤ ਮੰਗਵਾਈ ਤੇ ਸਵੇਰ ਦੇ ਬੈਠੇ ਹੋਏ ਸ਼ਾਮ ਤੱਕ ਸੁਖਮਨੀ ਲਿਖ ਕੇ ਬਾਲਕ ਦੇ ਹਵਾਲੇ ਕਰ ਦਿੱਤੀ। ਕੈਸੇ ਸਿਦਕੀ ਸਨ ਭਾਈ ਸਹਿਜ ਰਾਮ ਜੀ। ਕੈਸਾ ਬਾਣੀ ਪ੍ਰੇਮ ਸੀ, ਸੇਵਾ-ਪੰਥੀਆਂ ਦਾ।

ਨਿਰਭਉ ਦੀ ਮੂਰਤ ਸਨ, ਭਾਈ ਅੱਢਣ ਸ਼ਾਹ ਜੀ। ਉਨ੍ਹਾਂ ਦਾ ਜਨਮ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਇਆ ਸੀ। ਬਹਾਦਰ ਸ਼ਾਹ ਅਤੇ ਹੋਰ ਕੱਟੜ-ਪ੍ਰਸਤ, ਗੁਰੂ ਜੀ ਨੂੰ ਮਰ੍ਹੇਲਾ ਕਹਿ ਕੇ ਪੁਕਾਰਦੇ ਸਨ। ਉਹ ਕੇਸਧਾਰੀ ਸਿੱਖਾਂ ਨੂੰ ਦੇਖ ਕੇ ਨਾ ਸਿਰਫ਼ ਕ੍ਰੋਧ ਹੀ ਕਰਦਾ ਸੀ, ਸਗੋਂ ਬਹੁਤ ਵਾਰੀ ਸ਼ਹੀਦ ਵੀ ਕਰਾ ਦਿੰਦਾ ਸੀ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਕੇਸ ਰੱਖਣ ਦਾ ਹੁਕਮ ਦਿੱਤਾ ਤਾਂ ਇਨ੍ਹਾਂ ਸੇਵਾ ਪੰਥੀਆਂ ਨੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਣ ਦਾ ਪ੍ਰਣ ਕਰ ਦਿਖਾਇਆ। ਭਾਈ ਅੱਢਣ ਸ਼ਾਹ ਜੀ ਲਾਹੌਰ ਵਿਚ ਹੀ ਸਨ ਕਿ ਬਹਾਦਰ ਸ਼ਾਹ ਦਾ ਲਾਹੌਰ ਵਿਚ ਆਉਣਾ ਹੋਇਆ। ਬਹਾਦਰ ਸ਼ਾਹ ਆਪਣੇ ਪੀਰ ਨੂੰ ਮਿਲਣ ਲਈ ਗਇਆ। ਉਥੇ ਪੀਰ ਤੇ ਭਾਈ ਅੱਢਣ ਸ਼ਾਹ ਦੀ ਧਰਮ ਚਰਚਾ ਹੋ ਰਹੀ ਸੀ। ਜਿਸ ਵੇਲੇ ਬਹਾਦਰ ਸ਼ਾਹ ਨੇ ਪੀਰ ਦੇ ਪਾਸ ਬੈਠੇ ਇਕ ਸਾਥੀ ਦੇ ਸਿਰ ਉਤੇ ਕੇਸ ਦੇਖੇ ਤਾਂ ਉਸ ਸਮੇਂ ਉਸ ਨੇ ਪੁਛਿਆ ਕਿ ਕੀ ਇਹ ਸਿੱਖ ਮਰ੍ਹੇਲੇ ਦਾ ਸਿੱਖ ਹੈ? ਤਾਂ ਪੀਰ ਨੇ ਡਰਦੇ-ਡਰਦੇ ਕਹਿਆ, "ਨਹੀਂ, ਇਹ ਬਾਬੇ ਫ਼ਕੀਰ ਨਾਨਕ ਦਾ ਸਿੱਖ ਹੈ।" ਭਾਈ ਅੱਢਣ ਸ਼ਾਹ ਉਸ ਵੇਲੇ ਗਰਜ ਕੇ ਬੋਲੇ ਨਹੀਂ! ਨਹੀਂ!! ਮੈਂ ਮਰ੍ਹੇਲੇ ਗੁਰੂ ਦਾ ਹੀ ਸਿੱਖ ਹਾਂ।' ਹਰ ਕੋਈ ਜਾਣਦਾ ਸੀ

 www.sikhbookclub.com

ਕਿ ਮਰ੍ਹੇਲੇ (ਗੁਰੂ ਗੋਬਿੰਦ ਸਿੰਘ ਜੀ) ਦਾ ਸਿੱਖ ਕਹਿਣ ਦਾ ਸਿੱਟਾ ਸ਼ਹਾਦਤ ਸੀ, ਪਰ ਜਿਨ੍ਹਾਂ ਦੀਆਂ ਹੱਡੀਆਂ ਵਿਚ ਨਿਰਭਉ ਰਚਿਆ ਹੋਵੇ, ਉਹ ਕਿਸੇ ਦੀ ਕੀ ਪ੍ਰਵਾਹ ਕਰਦੇ ਹਨ, ਕਿਸੇ ਪੀਰ ਦੀ, ਕਿਸੇ ਸ਼ਾਹ ਦੀ।

ਬਹਾਦਰ ਸ਼ਾਹ ਦੇ ਜਾਣ ਪਿਛੋਂ ਪੀਰ ਨੇ ਕਹਿਆ ਕਿ ਉਸ ਨੇ ਜਾਣ-ਬੁੱਝ ਕੇ ਬਾਬੇ ਨਾਨਕ ਫਕੀਰ ਦਾ ਸਿੱਖ ਕਹਿਆ ਸੀ, ਨੀਤੀ ਇਹ ਹੀ ਮੰਗ ਕਰਦੀ ਸੀ। ਫਿਰ ਬਾਬਾ ਨਾਨਕ ਤੇ ਗੁਰੂ ਗੋਬਿੰਦ ਸਿੰਘ ਇਕ ਹੀ ਸਨ, ਪਰ ਤੁਸਾਂ ਅੰਤਰ ਕਿਉਂ ਕੀਤਾ ? ਭਾਈ ਅੱਢਣ ਸ਼ਾਹ ਜੀ ਨੇ ਕਿਹਾ ਭੇਦ ਤਾਂ ਅਸੀਂ ਵੀ ਨਹੀਂ ਜਾਣਦੇ, ਪਰ ਇਹ ਜੋ ਕਹਿਣਾ ਕਿ ਬਾਬੇ ਨਾਨਕ ਦੇ ਸਿੱਖ ਹਾਂ, ਗੁਰੂ ਗੋਬਿੰਦ ਸਿੰਘ ਦੇ ਨਹੀਂ, ਇਹ ਸਰੀਰ ਬਚਾਉਣ ਲਈ ਸੀ ਅਤੇ ਇਹ ਸਰੀਰ ਬਚਾਉਣ ਲਈ ਇਹ ਬਚਨ ਕਹਿਣਾ ਕਿਥੋਂ ਤੱਕ ਠੀਕ ਹੈ ? ਖਿੰਨ-ਪਲ ਤੁੱਛ ਪਲ ਲਈ ਐਸੇ ਸਮਰੱਥ ਗੁਰੂ ਤੋਂ ਮੁੱਖ ਮੋੜ ਲੈਣਾ ਮਹਾਨ ਨੀਚਤਾਈ ਹੈ। ਗੁਰੂ ਗੋਬਿੰਦ ਸਿੰਘ ਜੀ ਜੰਗ ਯੁੱਧ ਕਰਦੇ ਵੀ ਨਿਰਲੇਪ ਰਹੇ। ਹਰਖ-ਸੋਗ ਤੋਂ ਉੱਚੇ ਐਸੇ ਗੁਰੂ ਨੂੰ ਡਰ ਕਾਰਨ ਲੋਪ ਕਰਨਾ ਕੋਹੜਾ-ਪਣ ਹੈ।

ਇਸੇ ਤਰ੍ਹਾਂ ਇਕ ਵਾਰੀ ਸ਼ਹਿਰ ਵਿਚ ਹੀ ਚੁਬਾਰੇ ਉਤੇ ਗਲੀ ਵਿਚ ਬੈਠੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਰਹੇ ਸਨ ਕਿ ਉਧਰੋਂ ਕਿਸੇ ਨੇ ਸਰੋਤ ਪਾਈ ਕਿ ਜੋ ਕੋਈ ਕਿਸੇ ਸਿੰਘ ਦਾ ਸਿਰ ਲਿਆਵੇਗਾ ਤਾਂ ਉਸ ਨੂੰ ਪੰਜ ਰੁਪਏ ਮਿਲਣਗੇ ਦਾ ਢੰਡੋਰਾ ਦਿੱਤਾ ਗਿਆ ਹੈ, ਤੁਸੀਂ ਬਾਰੀ ਵਿਚੋਂ ਹਟ ਜਾਵੋ, ਮਤੇ ਕੋਈ ਦੇਖ ਲਵੇ। ਭਾਈ ਜੀ ਨੇ ਉਸ ਠਰ੍ਹੰਮੇ ਨਾਲ ਬਚਨ ਕੀਤਾ ਕਿ ਬਾਣੀ ਪੜ੍ਹਦਿਆਂ ਚਿੰਤਾ ਨਹੀਂ ਕਰਨੀ ਚਾਹੀਦੀ ਅਤੇ ਫਿਰ ਬਾਣੀ ਪੜ੍ਹਦਿਆਂ ਜਿੰਦ ਨਿਕਲ ਜਾਏ ਤਾਂ ਉਸ ਤੋਂ ਵੱਧ ਸ਼ੁੱਭ ਘੜੀ ਕਿਹੜੀ ਹੈ ?

ਸੰਤੋਖ ਨੂੰ ਕਿਸ ਤਰ੍ਹਾਂ ਹਿਰਦੇ ਵਿਚ ਵਸਾਇਆ ਹੋਇਆ ਸੀ ਤੇ ਦੁਨੀਆਂ ਦੇ ਲਾਲਚ ਤੋਂ ਕਿਤਨੇ ਕੁ ਉੱਚੇ ਸਨ, ਇਸ ਦੀ ਉਦਾਹਰਣ ਉਹ ਘਟਨਾ ਹੈ ਜਦ ਇਕ ਦੀਵਾਨ ਨੇ ਦਸ ਹਰਟਾਂ ਦੀ ਮੁਆਫ਼ੀ ਦਾ ਪ੍ਰਵਾਨਾ ਲਿਆ ਕੇ ਦਿੱਤਾ। ਆਪ ਜੀ ਨੇ ਪ੍ਰਵਾਨਾ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਹਿਆ : "ਸੁੱਖ ਥੋੜ੍ਹਾ ਤੇ ਦੁੱਖ ਬਹੁਤ ਹੈ।" ਫਿਰ ਸਮਝਾਂਦੇ ਹੋਏ ਕਿਹਾ ਕਿ ਦੁਨੀਆਂ ਇਹ ਆਖੇਗੀ ਕਿ ਦੇਖੋ ਭਈ, ਸਾਨੂੰ ਤਾਂ ਇਕ ਮੁਆਫ਼ੀ ਨਹੀਂ ਮਿਲੀ ਇਸ ਨੂੰ ਦਸ ਮਿਲ ਗਈਆਂ ਹਨ। ਨਾਲ ਹੀ ਮੇਰਾ ਤੌਖ਼ਲਾ ਬਣਿਆ ਰਹੇਗਾ ਕਿ ਕੋਈ ਵਾਪਸ ਹੀ ਨਾ ਖੋਹ ਲਵੇ। ਦੂਜੇ ਜੋ ਇਹ ਆਖੇਗਾ ਕਿ ਪਟਾ ਵਾਪਸ ਲਵੋ, ਉਸ ਨੂੰ ਦੁਸ਼ਮਣ ਗਿਣਨ ਲੱਗ ਪਵਾਂਗੇ। ਤੀਜੇ, ਹੁਣ ਜੋ ਆਉਂਦਾ ਹੈ, ਸਤਿਕਾਰ ਤੇ ਪਿਆਰ ਨਾਲ ਆਉਂਦਾ ਹੈ, ਫਿਰ ਸਾਨੂੰ ਇਹ ਡਰ ਬਣਿਗਾ ਰਹੇਗਾ, ਮਤੇ ਬਾਹਰੋਂ ਆਇਆ ਪੁਰਸ਼ ਚੁਗਲੀ ਕਰੇ, ਅਸੀਂ ਬਹੁਤਾ ਧਿਆਨ ਦੇਵਾਂਗੇ, ਸੇਵਾ ਭਾਵ ਵਿਚੋਂ ਨਿਕਲ ਜਾਏਗਾ ਅਤੇ ਪਿਆਰ ਤੋਂ ਬਗ਼ੈਰ ਸੇਵਾ ਵਿਅਰਥ ਹੈ। ਚੌਥੇ, ਹਰ ਇਕ ਦਾ ਧਿਆਨ ਲੰਗਰ ਵੱਲ ਹੈ। ਹਰ ਕੋਈ ਸੇਵਾ ਕਰ ਕੇ ਖੁਸ਼ ਹੁੰਦਾ ਹੈ, ਫਿਰ ਸਾਡਾ ਧਿਆਨ ਲੋਕਾਂ ਵੱਲ ਹੋ ਜਾਵੇਗਾ ਤੇ ਦੁਨੀਆਂਦਾਰਾਂ ਵਾਂਗੂ ਵਿਚਰਾਂਗੇ। ਫਿਰ ਧਨ ਦੌਲਤ ਦੇਖ ਕੇ ਚੋਰ ਆਦਿ ਵੀ ਆਉਣੇ ਅਰੰਭ ਹੋ ਜਾਣਗੇ ਤੇ ਸਾਡਾ ਸਾਰਾ ਧਿਆਨ ਰਾਖੀ ਵਿਚ ਲੱਗਾ ਰਹੇਗਾ ਅਤੇ ਹੁਣ ਤਾਂ ਅਸੀਂ ਲੋਕਾਂ ਨੂੰ ਗ਼ਰੀਬੀ ਸਿਖਾਉਂਦੇ ਹਾਂ, ਫਿਰ ਉਹ ਸਾਡੇ ਵੱਲ ਦੇਖ ਮੰਗਿਆ ਕਰਨਗੇ। ਸੋ ਭਾਈ ਸਾਡੀ ਬਿਰਤੀ ਤੇ ਸੁਰਤ ਨੀਵੀਂ


www.sikhbookclub.com

ਹੋ ਜਾਏਗੀ ਅਤੇ ਧਾਨ-ਕੁਧਾਨ ਦਾ ਵੀਚਾਰ ਵੀ ਮੁੱਕ ਜਾਏਗਾ।

ਭਾਈ ਅੱਢਣ ਸ਼ਾਹ ਜੀ ਜਿੱਥੇ ਬੇਬਾਕ ਸਨ, ਉੱਥੇ ਨਿਰਵੈਰ ਦੀ ਵੀ ਮੂਰਤ ਸਨ। ਹੋਵੇਗਾ ਕਿਸੇ ਵਿਕਟਰ ਹਿਊਗੋ ਦੇ ਨਾਵਲ ਵਿਚ ਲਿਖਿਆ ਕਿ ਪਾਦਰੀ ਨੇ ਜੀਨ ਵਲਜੀਨ ਚੋਰ ਨੂੰ ਚੋਰੀ ਕੀਤੇ ਬਰਤਨ ਹੀ ਦੇ ਦਿੱਤੇ, ਪਰ ਸਾਡੇ ਤਾਂ ਇਤਿਹਾਸ ਵਿਚ ਲਿਖਿਆ ਹੈ ਕਿ ਜਦ ਗਊਆਂ ਨੂੰ ਚੋਰ ਲੈ ਗਏ ਤਾਂ ਭਾਈ ਜੀ ਪਿਛੇ ਵੱਛੇ ਦੇਣ ਵੀ ਚਲੇ ਗਏ। ਜਾਣਦੇ ਹੋਏ ਵੀ ਚੋਰ ਦਾ ਨਾਮ ਨਾਂਹ ਲੈਣਾ, ਮਤੇ ਸਰਕਾਰ ਪਕੜ ਕੇ ਕਸ਼ਟ ਦੇਵੇ। ਐਸੇ ਨਿਰਮਲ ਮਨ ਵਾਲੇ ਸਨ ਭਾਈ ਅੱਢਣ ਜੀ।

ਸੱਚਮੁੱਚ ਬੁਰੇ ਨਾਲ ਭਲਾਈ ਕਰਨ ਦੀ ਜਾਚ ਗੁਰੂ ਨਾਨਕ ਦਾ ਸਿੱਖ ਹੀ ਜਾਣਦਾ ਹੈ। ਜੇ ਕਿਸੇ ਨੇ ਸ਼ਰਾਰਤ ਕਰ ਕੇ ਪ੍ਰਸ਼ਾਦ ਦੀ ਥਾਂ ਤਿਨਕੇ, ਮਿੱਟੀ ਤੇ ਰੋੜੇ ਇਕੱਠੇ ਕਰ ਕੇ ਅੱਗੇ ਰੱਖੇ ਤਾਂ ਵੀ ਆਪ ਨੇ ਮੱਥੇ ਤੇ ਵੱਟ ਨਾ ਪਾਇਆ। ਜੇ ਕਿਸੇ ਨੇ ਤਿਆਗੀ ਹੋਣ ਦਾ ਹੰਕਾਰ ਕੀਤਾ ਤਾਂ ਆਪ ਜੀ ਨੇ ਬੜੀ ਨਿਮਰਤਾ ਨਾਲ ਸਮਝਾਇਆ ਕਿ ਤਿਆਗ ਨੇ ਤਾਂ ਨਿੰਮ੍ਰਤਾ ਲਿਆਉਣੀ ਸੀ ਤੇ ਨਿਮਰਤਾ ਦੇ ਘਰ ਪ੍ਰਭੂ ਆਉਂਦਾ ਹੈ। 'ਹਉਮੈ ਜਾਈ ਤਾਂ ਕੰਤ ਸਮਾਈ।' ਜੇ ਤਿਆਗ ਵਿਚੋਂ ਹੰਕਾਰ ਹੀ ਪੈਦਾ ਹੋਣਾ ਹੈ ਤਾਂ ਉਸ ਤਿਆਗ ਦਾ ਕੀ ਲਾਭ? ਇਸੇ ਤਰ੍ਹਾਂ ਇਕ ਵਾਰੀ ਭਾਈ ਦੁੱਖ ਭੰਜਨ, ਜਿਸ ਨੇ ਥੋੜ੍ਹੀ ਜਿਹੀ ਕਿਰਤ ਕਰ ਕੇ ਪੰਦਰਾਂ ਰੁਪਏ ਲਿਆ ਕੇ ਭੇਟ ਕੀਤੇ, ਨੂੰ ਸਮਝਾਉਂਦੇ ਹੋਏ ਕਿਹਾ, "ਮਾਇਆ ਦੀ ਚਤੁਰਾਈ ਤੋਂ ਜੋ ਅੰਞਾਣ ਹੋਵੇ, ਉਹ ਹੀ ਮੇਰੇ ਪਾਸ ਆਵੇ। ਪ੍ਰਮੇਸ਼ਰ ਦੇ ਪਿਆਰ ਵਾਲਿਆਂ ਦਾ ਰਾਹ ਜਗਤ ਤੋਂ ਉਲਟਾ ਹੈ। ਜਿਸ ਦਾ ਚਿੱਤ ਮਾਇਆ ਇਕੱਤ੍ਰ ਕਰਨ ਲਈ ਲੋਚਦਾ ਹੈ, ਉਹ ਬੇਸ਼ੱਕ ਮੇਰੇ ਪਾਸ ਨਾ ਆਵੇ।" ਅੱਢਣ ਸ਼ਾਹ ਜੀ ਦਾ ਸੰਜਮ ਦੇਖਣ ਵਾਲਾ ਸੀ। ਜਦ ਕਿਸੇ ਨੇ ਕੋਈ ਦਿਲ ਚੀਰਵਾਂ ਬਚਨ ਕਹਿਆ ਵੀ ਤਾਂ ਆਪ ਜੀ ਨੇ ਸ਼ਾਂਤੀ ਦੀ ਹੱਦ ਦੱਸ ਕੇ ਉਸ ਨੂੰ ਸੀਤਲਤਾ ਬਖ਼ਸ਼ੀ।

ਪ੍ਰਚਾਰ ਬੜੇ ਮਿੱਠੇ ਤੇ ਸੁਖਾਵੇਂ ਢੰਗ ਨਾਲ ਕਰਦੇ ਹਨ। ਇਕ ਆਦਮੀ ਜੋ ਆਪਣੇ ਨਾਂ ਨਾਲ ਮਹਾਂ ਤਪੱਸਵੀ ਲਗਾਂਦਾ ਸੀ, ਉਸ ਨੂੰ ਸਿਰਫ਼ ਇਤਨਾ ਆਖ ਕੇ ਕਿ ਭਾਈ ਤੇਰੇ ਵਿਚ ਇਕ ਘਾਟ ਹੈ, ਐਸਾ ਕ੍ਰੋਧ ਚੜ੍ਹਾਇਆ ਕਿ ਉਹ ਡੰਡਾ ਲੈ ਕੇ ਮਾਰਨ ਲਈ ਹੀ ਆ ਗਿਆ, ਪਰ ਭਾਈ ਜੀ ਤਾਂ ਇਹ ਸਮਝਾ ਰਹੇ ਸਨ ਕਿ ਮਹਾਂ-ਤਪੱਸਵੀ ਕੀ ਤੇ ਕ੍ਰੋਧ ਕੀ? ਤਪੱਸਵੀ ਤਾਂ 'ਹਿਵੈ ਘਰ' (ਬਰਫ਼) ਹੁੰਦਾ ਹੈ। ਇਸੇ ਤਰ੍ਹਾਂ ਇਕ ਨਾਸਤਕ ਨੂੰ, ਜੋ ਹਰ ਗੱਲ ਦਲੀਲ ਦੀ ਕਸਵੱਟੀ ਉਤੇ ਪਰਖਦਾ ਸੀ, ਅਮਲੀ ਉਦਾਹਰਣ ਨਾਲ ਧਰਮ ਪਾਸੇ ਪ੍ਰੇਰਿਆ। ਆਪਣੇ ਹੀ ਇਕ ਸੇਵਕ ਕੋਲੋਂ ਇਹ ਅਖਵਾਇਆ ਕਿ ਦਰਿਆ ਪਾਰ ਕਰਦੇ ਉਸ ਨੇ ਇਕ ਅਸਚਰਜ ਕੌਤਕ ਡਿੱਠਾ ਕਿ ਬੇੜੀ ਪਾਰ ਮਲਾਹ ਦੇ ਆਰ ਪਾਰ ਜਾ ਰਹੀ ਸੀ। ਉਹ ਉਸੇ ਬੇੜੀ ਬੈਠ ਆਇਆ ਹੈ। ਇਹ ਸੁਣਦੇ ਸਾਰ ਨਾਸਤਕ ਪੁਕਾਰ ਉੱਠਿਆ, "ਇਹ ਕਿਵੇਂ ਹੋ ਸਕਦਾ ਹੈ?" ਉਸ ਵੇਲੇ ਭਾਈ ਸਾਹਿਬ ਨੇ ਕਹਿਆ, 'ਅਸੀ ਤਾਂ ਜ਼ਰੂਰ ਮੰਨਦੇ ਹਾਂ, ਤੈਨੂੰ ਵੀ ਮੰਨਣਾ ਚਾਹੀਦਾ ਹੈ, ਤੇਰਾ ਤਾਂ ਮਤ ਹੀ ਇਹ ਹੈ। ਕਈ ਦਿਨਾਂ ਤੋਂ ਤੂੰ ਇਸੇ ਦਾ ਪ੍ਰਚਾਰ ਕਰ ਰਹਿਆ ਹੈਂ ਕਿ ਸੰਸਾਰ ਨੂੰ ਚਲਾਉਣ ਵਾਲਾ ਕੋਈ ਨਹੀਂ। ਜੇ ਭਾਈ, ਬੇੜੀ ਨੂੰ ਨਦੀ ਪਾਰ ਕਰਾਉਣ ਲਈ ਕਿਸੇ ਖੇਵਟ ਦੀ ਲੋੜ ਹੈ ਤਾਂ ਸੰਸਾਰ ਦੀ ਮਰਿਆਦਾ ਵੀ ਕੋਈ ਚਲਾ ਰਹਿਆ ਹੈ।'

ਐਸੀ ਸੂਛ ਆਤਮਾ ਹੋ ਗਈ ਸੀ, ਸੇਵਾ-ਪੰਥੀਆਂ ਦੀ ਕਿ ਇਕ ਵਾਰੀ ਭਾਈ ਆਇਆ

 www.sikhbookclub.com

ਰਾਮ ਜੀ ਨੇ ਪ੍ਰਸ਼ਾਦ ਛਕਿਆ ਤਾਂ ਉਸ ਸਮੇਂ ਪੁਕਾਰ ਉੱਠੇ, "ਅੱਜ ਮਨ ਨਹੀਂ ਟਿਕਦਾ, ਇੰਝ ਪ੍ਰਤੀਤ ਹੁੰਦਾ ਹੈ ਕਿ ਕੋਈ ਚੀਜ਼ ਚੋਰੀ ਦੀ ਖਾ ਲਈ ਹੈ।" ਪਤਾ ਕਰਨ ਤੇ ਸੂਹ ਲੱਗੀ ਕਿ ਜਿਸ ਗੋਹੇ ਦੀਆਂ ਬਣੀਆਂ ਪਾਥੀਆਂ ਉਤੇ ਖਾਣਾ ਪਕਾਇਆ ਗਿਆ ਸੀ, ਉਹ ਚੋਰੀ ਦੀਆਂ ਸਨ। ਹੁਣ ਤਾਂ ਸਾਡੀ ਆਦਤ ਇਤਨੀ ਪੱਕ ਗਈ ਹੈ ਕਿ ਸਾਨੂੰ ਭੱਖ ਅਭੱਖ ਦਾ ਪਤਾ ਹੀ ਨਹੀਂ ਲਗਦਾ।

ਭਾਈ ਜਗਤਾ ਜੀ ਚੋਰਾਂ ਨੂੰ ਗਊਆਂ ਨਾਲ ਬਛੜੇ ਆਪ ਪਹੁੰਚਾ ਆਏ ਸਨ ਕਿ ਬੱਛੜੇ ਮਾਵਾਂ ਬਿਨਾਂ ਨਾ ਕੁਰਲਾਉਣ।

ਕੈਸੀ ਜੁਗਤ ਨਾਲ ਭਾਈ ਧਰਮ ਦਾਸ ਜੀ ਨੇ ਇਕ ਸਾਥੀ ਦੇ ਔਗੁਣ ਛੁਡਵਾਏ ਉਹ ਤਾਂ ਅਖਾਣ ਹੀ ਬਣ ਗਇਆ ਹੈ। ਇਕ ਵਾਰੀ ਉਹਨਾਂ ਪਾਸ ਇਕ ਸਾਧੂ ਆਇਆ ਤੇ ਉਸ ਦੇ ਪਹੁੰਚਦੇ ਸਾਰ ਹੀ ਇਕ ਪੱਤਰ ਪੁੱਜਾ ਕਿ ਜੋ ਸਾਧੂ ਆਪ ਪਾਸ ਪੁੱਜਾ ਹੈ, ਉਸ ਵਿਚ ਤਿੰਨ ਔਗੁਣ ਹਨ।ਐਸਾ ਪੜ੍ਹਦੇ ਸਾਰ ਭਾਈ ਧਰਮ ਦਾਸ ਜੀ, ਉਸ ਆਏ ਸਾਧੂ ਦੇ ਚਰਨਾਂ ਨੂੰ ਪਰਸਨ ਲੱਗ ਪਏ ਤੇ ਕਹਿਣ ਲੱਗੇ, ਧੰਨ ਹੋ ਤੁਸੀਂ ਜਿਨ੍ਹਾਂ ਵਿਚ ਦੋ ਤਿੰਨ ਔਗੁਣ ਨਿਕਲੇ ਹਨ, ਅਸੀਂ ਤਾਂ ਔਗੁਣਾਂ ਨਾਲ ਹੀ ਭਰੇ ਹੋਏ ਹਾਂ। ਇਸ ਤਰ੍ਹਾਂ ਔਗੁਣਾਂ ਵਾਲਿਆਂ ਦੇ ਔਗੁਣ ਵੀ ਛੁਡਵਾਏ। ਜੇ ਕਿਸੇ ਧਨ ਲਿਆ ਕੇ ਪੇਸ਼ ਕੀਤਾ ਤਾਂ ਧਰਮ ਦਾਸ ਜੀ ਨੇ ਇਕ ਕੌਡੀ ਵੀ ਪਾਸ ਨਾ ਰੱਖੀ। ਕਿਧਰੇ ਤਾਲਾਬ, ਕਿਧਰੇ ਖੂਹ, ਕਿਧਰੇ ਪਸ਼ੂਆਂ ਦੇ ਅਸਥਾਨ ਬਣਵਾ ਦਿੱਤੇ। 'ਜਿਹ ਪ੍ਰਸਾਦਿ ਤੇਰੇ ਸਗਲ ਛਿਦਰ ਢਾਕੇ' ਇਕ ਵਾਰੀ ਪੜ੍ਹਦਿਆਂ ਉੱਚੇ-ਉੱਚੇ ਹਉਕੇ ਲੈ ਕੇ ਰੋਣ ਲੱਗ ਪਏ। ਜਦ ਕਿਸੇ ਪੁੱਛਿਆ ਭਾਈ ਜੀ ਇਸ ਤੁਕ ਵਿਚ ਇਤਨਾ ਕੀ ਰਹਸਿ ਹੈ ? ਤਾਂ ਆਖਣ ਲੱਗੇ ਵਾਹਿਗੁਰੂ ਜਹਿਆ ਪਰਦੇ ਕੱਜਨਹਾਰ ਹੋਰ ਕੋਈ ਨਹੀਂ। ਉਹ ਸਾਡੇ ਅਨੇਕਾਂ ਔਗੁਣ ਦੇਖ ਕੇ ਪਰਦਾ ਪਾਉਂਦਾ ਹੈ, ਪਰ ਜੇ ਕੋਈ ਅਸਾਡਾ ਇਕ ਔਗੁਣ ਵੀ ਦੇਖ ਲਵੇ ਤਾਂ ਪਾਸ ਹੀ ਨਾ ਬੈਠਣ ਦੇਵੇ।

ਕੈਸੀ ਸੰਤੋਖ ਦੀ ਅਵਸਥਾ ਪੈਦਾ ਹੋ ਚੁੱਕੀ ਸੀ ਹਰ ਕੋਈ ਸੁਣ ਕੇ ਹੀ ਆਖ ਦਿੰਦਾ ਸੀ, ਸੇਵਾ ਪੰਥੀ ਹੋਣਗੇ। ਇਕ ਵਾਰੀ ਭਾਈ ਧਰਮ ਦਾਸ ਜੀ ਪਿੰਡ ਵਿਚ ਗਏ, ਰਸਦ ਪਾਣੀ ਖ਼ਰੀਦਣ ਲੱਗੇ ਤਾਂ ਦੁਕਾਨਦਾਰ ਨੇ ਕਹਿਆ, ਸਾਨੂੰ ਰਸਦ ਦੇਣ ਦੀ ਆਗਿਆ ਨਹੀਂ, ਕਿਉਂਕਿ ਸਾਧ-ਸੰਤਾਂ ਲਈ ਲੰਗਰ ਇਕ ਮਾਈ ਨੇ ਲਗਾਇਆ ਹੋਇਆ ਹੈ। ਮਾਈ ਇਸ਼ਨਾਨ ਕਰਨ ਗਈ ਹੋਈ ਹੈ, ਜਦ ਆਵੇਗੀ ਤਾਂ ਆਪ ਜੀ ਨੂੰ ਮਾਇਆ ਰਹਿਤ ਲੰਗਰ ਛਕਾਇਆ ਜਾਵੇਗਾ। ਜਦ ਧਰਮ ਦਾਸ ਜੀ ਨੇ ਸੁਣਿਆ ਤਾਂ ਚੁੱਪ ਕਰ ਕੇ ਉਥੋਂ ਟੁਰ ਗਏ। ਜਦ ਮਾਈ ਵਾਪਸ ਆਈ ਤਾਂ ਦੁਕਾਨਦਾਰ ਨੇ ਸਾਰੀ ਵਾਰਤਾ ਸੁਣਾ ਦਿੱਤੀ ਤਾਂ ਮਾਈ ਨੇ ਝੱਟ ਕਹਿਆ ਕਿ ਐਸੀ ਸੰਤੋਖ ਦੀ ਬਿਰਤੀ ਵਾਲਾ ਕੋਈ ਸੇਵਾ ਪੰਥੀ ਹੀ ਹੋਵੇਗਾ।

ਭਾਈ ਦਰਬਾਰੀ ਵਰਗੇ ਸੇਵਾ-ਪੰਥੀ ਕਿੱਥੋਂ ਮਿਲਣਗੇ ਜੋ ਗ਼ਰੀਬਾਂ ਦੇ ਘਰ ਪੀਸਣ ਲਈ ਅਨਾਜ ਭੇਜਦੇ ਤੇ ਨਾਲ ਕਹਿਲਾ ਭੇਜਦੇ ਕਿ ਦਾਣੇ ਛਾਣਨੀ ਨਾਲ ਛਾਣ ਕੇ ਪੀਸਣੇ ਅਤੇ ਬੋਰੀਆਂ ਵਿਚ ਅਨਾਜ ਨਾਲ ਦਿਖਾਲੇ ਰਹਿਤ ਰੁਪਏ ਭੇਜ ਦਿੰਦੇ, ਚੁੱਪ ਚੁਪਾਤੇ ਲੋੜਵੰਦ ਦੇ ਘਰ ਬਸਤਰ ਰੱਖ ਜਾਂਦੇ। ਇਕ ਵਾਰੀ ਸਾਵਨ ਮੱਲ ਨੇ, ਜੋ ਮੁਲਤਾਨ ਦਾ ਸੂਬਾ ਸੀ ਤੇ ਦੀਵਾਨ ਕੌੜਾ ਮਲ ਦੀ ਸੰਤਾਨ ਵਿਚੋਂ ਸੀ, ਪਿੰਡ ਤੇ ਖੂਹ ਪੇਸ਼ ਕੀਤੇ। ਆਪ ਜੀ ਨੇ ਸਭ


www.sikhbookclub.com

ਕੁਝ ਇਹ ਕਹਿ ਕੇ ਮੋੜ ਦਿੱਤਾ ਕਿ ਪਰਜਾ ਨੂੰ ਖ਼ੁਸ਼ ਰੱਖੋ, ਇਹ ਹੀ ਸਾਡੀ ਭੇਟਾ ਹੈ। ਇਕ ਵਾਰੀ ਕਿਸੇ ਨੇ ਰੁਪਿਆਂ ਦੀ ਥੈਲੀ ਪੇਸ਼ ਕੀਤੀ ਤਾਂ ਇਹ ਆਖ ਕੇ ਮੋੜ ਦਿੱਤੀ ਕਿ ਸਾਧ ਨੂੰ ਇਤਨਾ ਹਲਕਾ ਹੋਣਾ ਚਾਹੀਦਾ ਹੈ ਕਿ ਉਸ ਨੂੰ ਬਹੁਤਾ ਭਾਰ ਨਾ ਚੁੱਕਣਾ ਪਵੇ।

ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਗੜ੍ਹ ਸ਼ੰਕਰ ਦੇ ਕਿਲ੍ਹੇ ਨੂੰ ਫ਼ਤਹਿ ਕਰਨ ਲਈ ਚੜ੍ਹੇ। ਰਾਹ ਵਿਚ ਸੇਵਾ-ਪੰਥੀਆਂ ਦਾ ਡੇਰਾ ਦੇਖ ਕੇ, ਭਾਈ ਸਾਹਿਬ ਨੂੰ ਅਰਦਾਸ ਕਰਨ ਲਈ ਕਹਿਆ। ਭਾਈ ਸਾਹਿਬ ਜੀ ਨੇ ਫ਼ਤਹਿ ਦੀ ਅਰਦਾਸ ਕੀਤੀ। ਵਾਹਿਗੁਰੂ ਦੀ ਕ੍ਰਿਪਾ ਨਾਲ ਗੜ੍ਹ ਸ਼ੰਕਰ ਜਿੱਤਿਆ ਗਿਆ। ਜਦ ਮਹਾਰਾਜਾ ਰਣਜੀਤ ਸਿੰਘ ਵਾਪਸ ਮੁੜੇ ਤਾਂ ਕਹਿਣ ਲੱਗੇ, "ਭਾਈ ਜੀ ਜੇ ਚਾਹੋ ਤਾਂ ਡੇਰੇ ਦੇ ਨਾਂ ਜਾਗੀਰ ਲਗਵਾ ਦੇਵਾਂ।" ਭਾਈ ਜੀ ਨੇ ਬੜੇ ਸਹਿਜ ਨਾਲ ਕਹਿਆ, "ਰਣਜੀਤ ਸਿੰਘ! ਜਾਂਦੀ ਵਾਰੀ ਤਾਂ ਮੰਗਤਾ ਸੈਂ, ਇਹ ਦਾਤਾ ਕਿਵੇਂ ਬਣ ਗਇਓਂ?" ਕੈਸੀ ਮਿੱਠੀ ਚੋਟ ਸੀ ਭਾਈ ਸਾਹਿਬ ਦੀ।

ਸਤਿ ਬਚਨ ਦੀ ਹੱਦ ਭਾਈ ਮੂਲਾ ਜੀ ਨੇ ਦੱਸੀ। ਕੜਾਹ ਪ੍ਰਸ਼ਾਦਿ ਕਰ ਰਹੇ ਸਨ, ਤਾਂ ਭਾਈ ਦਰਬਾਰੀ ਜੀ ਨੇ ਬੁਲਾ ਘਲਿਆ। ਆਪ ਵਿਚੋਂ ਹੀ ਛੱਡ ਕੇ ਚਲੇ ਗਏ। ਵਾਪਿਸ ਮੁੜੇ ਤਾਂ ਆਟਾ ਸੜ ਚੁੱਕਾ ਸੀ। ਆਪ ਜੀ ਨੇ ਹੋਰ ਆਟਾ ਪਾ ਕੇ ਕੜਾਹ ਪ੍ਰਸ਼ਾਦ ਪਾ ਕੇ ਤਿਆਰ ਕਰ ਦਿੱਤਾ ਤੇ ਪੇਸ਼ ਕੀਤਾ। ਜਦ ਪਹਿਲੇ ਆਟੇ ਦੇ ਸੜਨ ਦਾ ਕਾਰਨ ਪੁੱਛਿਆ ਤਾਂ ਇਹ ਨਾ ਕਿਹਾ ਕਿ ਤੁਸਾਂ ਬੁਲਵਾਇਆ ਸੀ। ਇਸੇ ਤਰ੍ਹਾਂ ਇਕ ਦਿਨ ਅੱਗ ਤੇ ਘਿਉ ਬਣਾਉਣ ਲਈ ਧਰਿਆ, ਉਧਰੋਂ ਕਾਹਲੀ ਨਾਲ ਗੋਹੇ ਲੈਣ ਲਈ ਗਏ। ਅੱਗੋਂ ਭਾਈ ਦਰਬਾਰੀ ਜੀ ਮਿਲ ਗਏ, ਉਹਨਾਂ ਕਿਹਾ ਕਿ ਇਤਨੀ ਕਾਹਲੀ ਨਾ ਟੁਰਿਆ ਕਰੋ ਤਾਂ ਉਸ ਸਮੇਂ ਹੀ ਹੌਲੀ-ਹੌਲੀ ਤੁਰਨ ਲੱਗ ਪਏ, ਸਿਆਣਪ ਨਾ ਦਿਖਾਈ। ਇਕ ਵਾਰੀ ਆਪ ਜੀ ਕੋਲੋਂ ਭਾਈ ਦਰਬਾਰੀ ਜੀ ਨੇ ਪੁੱਛਿਆ ਕਿ ਕੁਝ ਪੈਸੇ ਹਨ ਤਾਂ ਆਪ ਜੀ ਨੇ ਸਾਰਾ ਪੈਸਿਆਂ ਦਾ ਝੋਲਾ ਹੀ ਉਹਨਾਂ ਅੱਗੇ ਉਲਟ ਧਰਿਆ। ਭਾਈ ਦਰਬਾਰੀ ਜੀ ਨੇ ਕਿਹਾ ਕਿ ਹੋਰਨਾਂ ਪਾਸੋਂ ਮੰਗਦੇ ਤਾਂ ਪਹਿਲਾਂ ਨਾਂਹ ਹੁੰਦੀ ਤੇ ਫਿਰ ਪੁੱਛ ਕੇ ਲੋੜ ਲਈ ਹੀ ਲਿਆਂਦੇ। ਜੇ ਕੋਈ ਭਾਈ ਮੂਲਾ ਜੀ ਪਾਸ ਕਾਮ ਕਰ ਕੇ ਆਏ ਤਾਂ ਗੁਰੂ ਗ੍ਰੰਥ ਸਾਹਿਬ ਦੀ ਚਰਨੀਂ ਲਗਾਉਂਦੇ ਤੇ ਕਹਿੰਦੇ ਕਿ ਗੁਰੂ ਗ੍ਰੰਥ ਸਾਹਿਬ ਜੀ ਕੋਲ ਹੀ ਸਭ ਬਰਕਤਾਂ ਹਨ, ਦੀਨ ਤੇ ਅਧੀਰ ਹੋ ਕੇ ਦਰ ਢਹਿਣ ਨਾਲ ਸਭੋ ਕੁਝ ਮਿਲ ਜਾਂਦਾ ਹੈ, ਇਨ੍ਹਾਂ ਮਨੁੱਖਾਂ ਪਾਸ ਕਿਆ ਹੈ? ਜੇ ਕਿਸੇ ਮੰਗਤੇ ਨੇ ਕੱਪੜੇ ਮੰਗਣੇ ਤਾਂ ਆਪਣੇ ਹੀ ਉਤਾਰ ਦੇਣੇ। ਜੋ ਕੁਝ ਪਾਸ ਹੋਵੇ ਲੋੜਵੰਦਾਂ ਨੂੰ ਵੰਡ ਦੇਣਾ, ਜੇ ਕਿਸੇ ਗੁਰੂ ਦਾ ਵਾਸਤਾ ਪਾਉਣਾ ਤਾਂ ਉਸ ਦੀ ਲੋੜ, ਕੋਸ਼ਿਸ਼ ਕਰ ਕੇ ਵੀ ਪੂਰੀ ਕਰਨੀ। 'ਸਭੋ ਬੋਲੋ ਵਾਹਿਗੁਰੂ' ਦੀ ਧੁਨੀ ਸਦਾ ਲਗਾਉਂਦੇ ਤੇ ਇਹ ਧੁਨੀ ਸਾਰੇ ਅੰਮ੍ਰਿਤਸਰ ਵਿਚ ਪ੍ਰਸਿੱਧ ਸੀ। ਇਕ ਵਾਰੀ ਮੁਲਤਾਨ ਪੁੱਜੇ। ਉੱਥੇ ਇਕ ਪੁਰਸ਼ ਨੇ ਆਪਣੇ ਆਪ ਨੂੰ ਸੰਤ ਕਹਿ ਕੇ ਪ੍ਰਸਿੱਧ ਕੀਤਾ ਹੋਇਆ ਸੀ। ਭਾਈ ਜੀ ਨੇ ਪੁੱਛਿਆ ਕਿ ਤੂੰ ਕੌਣ ਹੈਂ? ਤਾਂ ਉਹ ਅਹੰਕਾਰੀ ਨੇ ਕਹਿਆ ਕਿ ਉਹ ਬ੍ਰਹਮ ਹੈ। ਮੂਲਾ ਜੀ ਨੇ ਨਿਮਰਤਾ ਨਾਲ ਸਮਝਾਂਦੇ ਹੋਏ ਕਿਹਾ ਕਿ ਤੁਸਾਂ ਨੰਗੀ ਤਲਵਾਰ ਆਪਣੇ ਪਾਸ ਰੱਖੀ ਹੋਈ ਹੈ। ਗੁਰੂ ਨਾਨਕ ਦਾ ਮੱਤ ਤਾਂ ਮਿਆਨ ਵਿਚ ਤਲਵਾਰ ਪਾ ਕੇ ਰੱਖਦਾ ਹੈ। ਨਿਮਰਤਾ ਤੋਂ ਬਗੈਰ ਟੁਰਨਾ ਕਠਿਨ ਹੈ। *ਮੁੱਖ ਭਗਤੀ, ਹਿਰਦੇ ਗਿਆਨ ਤੇ ਵਰਤਨ ਵੈਰਾਗ*, ਇਹੋ ਗਾਡੀ ਰਾਹ ਹੈ ਜਿਸ ਤੇ ਟੁਰਦੇ ਸਭ ਦਾ ਉਧਾਰ ਹੋਣਾ ਹੈ।

ਸੇਵਾ ਪੰਥੀਆਂ ਦੀਆਂ ਲਿਖਤਾਂ ਵੀ ਜੀਵਨ-ਜਾਚ ਸਿਖਾਉਣ ਵਾਲੀਆਂ ਹਨ। ਥੋੜ੍ਹੇ ਬ਼ਚਨਾਂ ਵਿਚ ਵੱਡੀਆਂ ਗੁੰਝਲਾਂ ਖੋਲ੍ਹ ਦਿੰਦੇ ਸਨ ਇਹ ਸੇਵਾ ਪੰਥੀ ਮਹਾਤਮਾ। ਇਹ ਮਹਾਂਪੁਰਸ਼ ਕਿਹਾ ਕਰਦੇ ਸਨ ਕਿ ਰੋਗ ਫ਼ਕੀਰਾਂ ਮਾਇਆ ਧਾਰੀਓਂ ਸਾਥ ਪ੍ਰੀਤ ਹੈ ਅਤੇ ਦੁੱਖ ਫ਼ਕੀਰ ਕੋ ਕਰਾਮਾਤ ਦਿਖਾਉਂਦਾ ਹੈ। ਦੁਸ਼ਮਣ ਫ਼ਕੀਰਾਂ ਦਾ ਮਨ ਆਪਣਾ ਹੈ। ਬਹਾਦਰੀ ਹੈ। ਚਿੱਤ ਭਜਨ ਵਿਖੇ ਇਸਥਿਤ ਤੇ ਮਰਦਾਨਗੀ ਹੈ, ਜਿਸ ਕਾ ਹਾਥ ਪਕੜੇ ਛੱਡੇ ਨਾਹੀ ਅਤੇ ਪਾਤਸ਼ਾਹੀ ਫ਼ਕੀਰ ਦੀ ਹੈ 'ਬੇ-ਪ੍ਰਵਾਹੀ ਜਗਤ ਸਿਉਂ।'

ਬਸ! ਸੇਵਾ ਸਿਮਰਨ, ਸਿਦਕ, ਸਬਰ ਤੇ ਸੰਤੋਖ ਦੀਆਂ ਇਹ ਉਦਾਹਰਣਾਂ ਸਾਡੇ ਰਾਹਾਂ ਨੂੰ ਰੁਸ਼ਿਆਣ ਲਈ ਸਦਾ ਜਾਗਦੀਆਂ ਮਸ਼ਾਲਾਂ ਹਨ। ਸੇਵਾ-ਪੰਥੀ ਉਹ ਸੇਵਾ ਕਰ ਗਏ ਹਨ, ਜਿਨ੍ਹਾਂ ਦੀ ਯਾਦ ਹੀ ਇਕ ਝਰਨਾਟ ਛੇੜ ਦਿੰਦੀ ਹੈ।

SIKHBOOKCLUB.COM